# ਰੰਨਾਂ ਵਿੱਚ ਧੰਨਾ

*ਖੁਸ਼ਵੰਤ ਸਿੰਘ*

ਅਨੁਵਾਦ

ਦਲਬੀਰ ਸਿੰਘ





logo and Imprint is owned by Unistar Books Pvt. Ltd.

First published in Viking by Penguin Books India 1999

Copyright © Khushwant Singh

**First Punjabi Edition 2004, 2010, 2012**

All rights reserved

# Ranna Vich Dhanna

*by* **Khushwant Singh** *Translated by* **Dalbir Singh**

*(Punjabi translation of 'The Company of Women')*

Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

©, *2012*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


- ਲੇਖਕ ਵਲੋਂ 7
- ਅਨੁਵਾਦ ਬਾਰੇ 9

**I.** ਮੋਹਨ ਕੁਮਾਰ ਦੀ ਗੁਪਤ ਜ਼ਿੰਦਗੀ

ਨਵੀਂ ਸ਼ੁਰੂਆਤ 13
ਧੰਨੋ 24
ਰੇਵਾੜੀ ਤੋਂ ਖ਼ਤ 34
ਸਰੋਜਨੀ 50
ਸਰੋਜਨੀ ਤੋਂ ਬਾਅਦ 80

**II.** ਮੋਹਨ ਕੁਮਾਰ ਦੀਆਂ ਯਾਦਾਂ

ਮੈਂ, ਮੋਹਨ ਕੁਮਾਰ 89
ਜੈਸਿਕਾ ਬਰਾਊਨ 92
ਯਾਸਮੀਨ 99
ਘਰ ਵਾਪਸੀ 114
ਸ਼ਾਦੀ 123
ਸ਼ਿਵਾਲਿਕ ਪਹਾੜੀਆਂ 'ਚ ਹਨੀਮੂਨ 147
ਮੇਰੀ ਜੋਸਿਫ 164
ਸ਼ਾਦੀ ਦਾ ਅੰਤ 177
ਮੌਲੀ ਗੋਮਜ਼ 200
ਸੁਸਾਂਥਿਕਾ 236

**III.** ਮੋਹਣ ਕੁਮਾਰ ਦੇ ਆਖਰੀ ਦਿਨ

ਬੰਬਈ ਵਿਚ ਇਕ ਬਾਈ 263
ਘਾਤਕ ਬੀਮਾਰੀ 268
ਮੋਹਨ ਕੁਮਾਰ ਦੀ ਮੌਤ 277

# ਲੇਖਕ ਵਲੋਂ

ਜਿਉਂ-ਜਿਉਂ ਆਦਮੀ ਦੀ ਉਮਰ ਵਧਦੀ ਜਾਂਦੀ ਹੈ, ਸੈਕਸ ਬਾਰੇ ਉਸ ਦੀਆਂ ਭਾਵਨਾਵਾਂ ਸਰੀਰ ਦੇ ਮੱਧ ਜਾਂ ਕੇਂਦਰ ਤੋਂ ਚੱਲ ਕੇ ਸਿਰ ਵਲ ਵਧਣ ਲਗਦੀਆਂ ਹਨ। ਜੋ ਕੁਝ ਉਹ ਜਵਾਨੀ ਵਿਚ ਕਰਨਾ ਚਾਹੁੰਦਾ ਸੀ, ਪਰ ਘਬਰਾਹਟ ਕਰਕੇ, ਹੁੰਗਾਰਾ ਨਾ ਮਿਲਣ ਕਰਕੇ ਜਾਂ ਮੌਕਾ ਨਾ ਮਿਲਣ ਕਰਕੇ ਨਾ ਕਰ ਸਕਿਆ ਹੋਵੇ, ਉਹ ਕੁਝ ਇਸ ਉਮਰੇ ਆਪਣੇ ਮਨ ਵਿਚ ਕਰਦਾ ਹੈ।

ਮੈਂ ਨਾਵਲ ਉਦੋਂ ਲਿਖਣਾ ਸ਼ੁਰੂ ਕੀਤਾ ਜਦੋਂ ਮੈਂ 83 ਸਾਲ ਦਾ ਸੀ। ਜਦੋਂ ਖਤਮ ਕੀਤਾ ਉਦੋਂ ਮੈਂ 85 ਦਾ ਹੋ ਚੁੱਕਾ ਸਾਂ। ਇਸ ਦਾ ਨਾਂ ਹੋ ਸਕਦਾ ਸੀ: 'ਅੱਸੀਆਂ ਸਾਲਾਂ ਦੇ ਬੁੱਢੇ ਦੇ ਸੁਪਨੇ'।

ਇਸ ਕਿਤਾਬ ਦਾ ਕੋਈ ਪਾਤਰ ਅਸਲੀ ਨਹੀਂ ਹੈ। ਸਾਰੇ ਹੀ ਪਾਤਰ ਮੇਰੀਆਂ ਬੁਢਾਪੇ ਦੀਆਂ ਕਲਪਨਾਵਾਂ ਦੀ ਉਪਜ ਹਨ।

# ਧੰਨਵਾਦੀ ਹਾਂ

ਮੈਂ ਚਾਰ ਔਰਤਾਂ ਪ੍ਰਤੀ ਆਪਣਾ ਰਿਣ ਪ੍ਰਗਟ ਕਰਨਾ ਚਾਹੁੰਦਾ ਹਾਂ। ਇਹ ਚਾਰੇ ਹੀ ਆਪੋ ਆਪਣੀ ਥਾਂ ਬਹੁਤ ਖ਼ੂਬਸੂਰਤ ਹਨ। ਇਨ੍ਹਾਂ ਚਾਰਾਂ ਤੋਂ ਮੈਂ ਸਲਾਹ ਲੈਂਦਾ ਰਿਹਾ ਹਾਂ। ਇਹ ਹਨ-ਸ਼ਾਰਦਾ ਕੌਸ਼ਕ, ਮ੍ਰਿਨਾਲ ਪਾਂਡੇ, ਊਸ਼ਾ ਅਲਬਰੀਕ ਅਤੇ ਸ਼ੀਲਾ ਰੈਡੀ। ਸ਼ੀਲਾ ਦਾ ਖਾਸ ਤੌਰ ਤੇ ਧੰਨਵਾਦੀ ਹਾਂ ਕਿ ਉਹਨੇ ਉਚੇਚੇ ਤੌਰ ਤੇ ਖਰੜੇ ਉਤੇ ਨਜ਼ਰ ਮਾਰੀ।

ਮੈਂ ਨੈਨਾ ਦਿਆਲ ਪ੍ਰਤੀ ਵੀ ਰਿਣੀ ਹਾਂ ਕਿ ਉਹਨੇ ਮੇਰੀ ਮਦਦ ਕੀਤੀ ਅਤੇ ਰਵੀ ਸਿੰਘ ਦਾ ਵੀ ਜਿਸਨੇ ਨਾਵਲ ਵਿਚਲੀਆਂ ਬੇਤਰਤੀਬ ਘਟਨਾਵਾਂ ਨੂੰ ਤਰਤੀਬ ਦੇ ਕੇ ਇਸਨੂੰ ਨਾਵਲ ਦਾ ਰੂਪ ਦਿੱਤਾ।

# ਅਨੁਵਾਦ ਬਾਰੇ

'ਰੰਨਾਂ ਵਿੱਚ ਧੰਨਾ' ਖ਼ੁਸ਼ਵੰਤ ਸਿੰਘ ਦੇ ਅੰਗ੍ਰੇਜ਼ੀ ਵਿਚ ਛਪੇ ਚੌਥੇ ਤੇ ਆਖਰੀ ਨਾਵਲ 'ਦ ਕੰਪਨੀ ਆਫ ਵਿਮੱਨ'ਦਾ ਪੰਜਾਬੀ ਅਨੁਵਾਦ ਹੈ। ਮੈਨੂੰ ਉਸ ਦੇ ਪ੍ਰਥਮ ਨਾਵਲ 'ਟ੍ਰੇਨ ਟੂ ਪਾਕਿਸਤਾਨ' ਦਾ ਪੰਜਾਬੀ ਰੂਪ 'ਪਾਕਿਸਤਾਨ ਮੇਲ' ਪੰਜਾਬੀ ਪਾਠਕਾਂ ਦੀ ਭੇਟ ਕਰਨ ਦਾ ਮਾਣ ਪ੍ਰਾਪਤ ਹੈ। ਇਹ ਗੱਲ ਸਾਢੇ ਚਾਰ ਦਹਾਕੇ ਪਹਿਲਾਂ ਦੀ ਹੈ। ਖ਼ੁਸ਼ਵੰਤ ਸਿੰਘ ਦੀ ਉਪਨਿਆਸੀ ਵਿਧੀ ਵਿਚ ਕੋਈ ਫ਼ਰਕ ਨਹੀਂ ਆਇਆ। 'ਪਾਕਿਸਤਾਨ ਮੇਲ' ਰਚਦੇ ਸਮੇਂ ਉਸਨੇ ਸਥਾਨਕ ਰੰਗ, ਰਾਜਨੀਤੀ, ਧਰਮ ਤੇ ਸੈਕਸ ਨੂੰ ਬਰੋ ਬਰਾਬਰ ਮਿਕਦਾਰ ਵਿਚ ਘੋਲ ਕੇ ਪੇਸ਼ ਕੀਤਾ ਸੀ। ਹਥਲੇ ਨਾਵਲ ਵਿਚ ਇਸ ਨੁਸਖੇ ਦੀ ਤਰਤੀਬ ਤੇ ਮਾਤਰਾ ਬਦਲ ਗਈ ਹੈ। ਏਥੇ ਪਹਿਲ ਸੈਕਸ ਨੇ ਲੈ ਲਈ ਹੈ। ਸਥਾਨਕ ਰੰਗ ਤੇ ਧਰਮ ਬਾਅਦ ਵਿਚ ਆਉਂਦੇ ਹਨ। ਤੇ ਰਾਜਨੀਤੀ ਦੀ ਥਾਂ ਸਮਾਜਕ ਵਰਤਾਰਾ ਆ ਗਿਆ ਹੈ। ਖ਼ੁਸ਼ਵੰਤ ਸਿੰਘ ਦੇ ਪ੍ਰਾਰੰਭਕ ਸ਼ਬਦਾਂ ਅਨੁਸਾਰ ਜਿਉਂ–ਜਿਉਂ ਆਦਮੀ ਦੀ ਉਮਰ ਵਧਦੀ ਜਾਂਦੀ ਹੈ, ਸੈਕਸ ਬਾਰੇ ਉਸਦੀਆਂ ਭਾਵਨਾਵਾਂ ਸਰੀਰ ਦੇ ਕੇਂਦਰ ਤੋਂ ਚਲ ਕੇ ਸਿਰ ਵਲ ਵਧਣ ਲਗਦੀਆਂ ਹਨ। ਏਥੋਂ ਤੱਕ ਕਿ ਜੋ ਕੁਝ ਵੀ ਕਿਸੇ ਕਾਰਨ ਉਹ ਜਵਾਨੀ ਵਿਚ ਨਹੀਂ ਸੀ ਕਰ ਸਕਿਆ, ਉਮਰਾ ਦੇ ਵਧਣ ਨਾਲ ਉਹ ਮਨ ਵਿਚ ਕਰਨ ਲਗਦਾ ਹੈ। ਉਸਨੇ ਜਦੋਂ ਇਹ ਨਾਵਲ ਲਿਖਿਆ ਸੀ ਤਾਂ ਇਸਦਾ ਨਾਂ 'ਅੱਸੀ ਸਾਲਾ ਬੁਢੇ ਦੇ ਸੁਪਨੇ' ਰੱਖਣਾ ਚਾਹਿਆ ਸੀ ਜਿਹੜਾ ਬਾਅਦ ਵਿਚ ਬਦਲ ਦਿੱਤਾ ਗਿਆ। ਇਹ ਨਾਵਲ ਬੁਢੇ ਬੰਦਿਆਂ ਦੀਆਂ ਜਵਾਨ ਰੀਝਾਂ ਦਾ ਦਿਮਾਗੀ ਮੰਥਨ ਹੈ।

ਅਪਣੇ ਸੁਪਨਿਆਂ ਨੂੰ ਸਾਕਾਰ ਕਰਨ ਹਿੱਤ ਲੇਖਕ ਨੇ ਅਮਰੀਕਾ ਦੀ ਪ੍ਰਿੰਸਟਨ ਯੂਨੀਵਰਸਿਟੀ ਦਾ ਪੜ੍ਹਿਆ ਤੇ ਬਿਜਲੀ ਦੀ ਰਫਤਾਰ ਨਾਲ ਅਮੀਰ ਹੋਇਆ ਨੌਜਵਾਨ ਨਾਇਕ ਮੋਹਨ ਕੁਮਾਰ ਸਿਰਜਿਆ ਹੈ। ਉਹ ਹੱਟਾ ਕੱਟਾ, ਬਣਦਾ ਫਬਦਾ, ਖੁਲ੍ਹ ਦਿਲਾ, ਬੇਪ੍ਰਵਾਹ ਤੇ ਔਰਤਾਂ ਦਾ ਸਾਥ ਮਾਨਣ ਦਾ ਸ਼ੌਕੀਨ ਹੈ। ਪਹਿਲਾਂ ਪ੍ਰਿੰਸਟਨ ਤੇ ਫੇਰ ਦਿੱਲੀ ਵਿਚ ਰਹਿੰਦਿਆਂ ਉਸਨੂੰ ਹਰ ਰੰਗ ਤੇ ਹਰ ਨਸਲ ਦੀਆਂ ਔਰਤਾਂ ਨਾਲ ਸੌਣ ਦੇ ਵਸੀਲੇ ਪ੍ਰਾਪਤ ਸਨ। ਆਜ਼ਾਦ ਕਸ਼ਮੀਰ, ਮਹਾਰਾਸ਼ਟਰ, ਸ੍ਰੀ ਲੰਕਾ, ਤਾਮਿਲਨਾਡ, ਗੋਆ ਦੀਆਂ ਹਿੰਦੂ, ਮੁਸਲਮ, ਬੋਧੀ, ਈਸਾਈ ਤੇ ਘਰਾਂ ਵਿਚ ਕੰਮ ਕਰਨ ਵਾਲੀਆਂ ਜਾਂ ਵੱਡੇ ਹੋਟਲਾਂ ਵਿਚ ਧੰਦਾ ਕਰਦੀਆਂ ਔਰਤਾਂ ਉਸਦੀ ਪਕੜ ਤੋਂ ਬਾਹਰ ਨਹੀਂ ਸਨ।

ਲੇਖਕ ਵਲੋਂ ਅਪਣਾਈ ਵਿਧੀ ਅਨੁਸਾਰ ਮੋਹਨ ਕੁਮਾਰ ਲਗਪਗ ਸਾਰੀ ਦੀ ਸਾਰੀ

ਕਹਾਣੀ ਆਪ ਹੀ ਦੱਸਦਾ ਹੈ। ਅਜਿਹਾ ਕਰਦਿਆਂ ਉਹ ਸੰਪਰਕ ਵਿਚ ਆਈਆਂ ਔਰਤਾਂ ਵਲੋਂ ਸਲਾਹੇ ਗਏ ਅਪਣੇ ਲਿੰਗ ਤੇ ਲਿੰਗ ਨਾਲ ਸਬੰਧਤ ਅਮਲਾਂ ਦੀ ਵਿਥਿਆ ਦੱਸਣ ਵਿਚ ਖ਼ੂਬ ਮਜ਼ਾ ਲੈਂਦਾ ਹੈ। ਨਾਵਲ ਦੀ ਕਹਾਣੀ ਵਿਚ ਰਵਾਨੀ ਹੈ ਜਿਸ ਵਿਚ ਕੋਕ ਸ਼ਾਸਤ੍ਰੀ ਰਸ ਪ੍ਰਧਾਨ ਹੈ। ਧਰਮ, ਰਾਜਨੀਤੀ ਤੇ ਭਾਈਚਾਰਕ ਪਾਖੰਡਾਂ ਦੇ ਪਰਦੇ ਫੋਲਣਾ ਉੱਝ ਹੀ ਲੇਖਕ ਦਾ ਮਨ ਭਾਉਂਦਾ ਵਿਸ਼ਾ ਹੈ। ਏਥੇ ਵੀ ਲੇਖਕ ਅਪਣੇ ਮਨ ਭਾਉਂਦੇ ਵਿਸ਼ਿਆਂ ਨਾਲ ਖੇਡਿਆ ਹੈ ; ਵਾਸਨਾ ਦੇ ਪਾਣੀਆਂ ਨਾਲ ਬਹੁਤਾ।

ਖ਼ੁਸ਼ਵੰਤ ਸਿੰਘ ਕੁਝ ਵੀ ਲਿਖੇ, ਉਸਦਾ ਨਿਸ਼ਾਨਾ ਪਾਠਕ ਹੁੰਦਾ ਹੈ। ਉਹ ਅਪਣੀ ਵਲੋਂ ਹਰ ਗੱਲ ਪਾਠਕ ਦੀ ਭਾਵਨਾ ਨੂੰ ਮੁਖ ਰੱਖ ਕੇ ਲਿਖਦਾ ਹੈ ਤੇ ਇਹੀਓ ਗੱਲ ਉਸਦੇ ਉਪਨਿਆਸਾਂ ਦੀ ਪੜ੍ਹਨ ਯੋਗਤਾ ਦਾ ਕਾਰਨ ਬਣਦੀ ਹੈ। ਖ਼ੁਸ਼ਵੰਤ ਸਿੰਘ ਦੇ ਬਹੁਤੇ ਬ੍ਰਿਤਾਂਤ ਪੜ੍ਹ ਕੇ ਥੋੜ੍ਹਾ ਗੁੱਸਾ ਤਾਂ ਆਉਂਦਾ ਹੈ ਪਰ ਜੀਅ ਲੱਗਿਆ ਰਹਿੰਦਾ ਹੈ। ਉਸ ਦੀਆਂ ਲਿਖਤਾਂ ਨੂੰ ਨਾਪਸੰਦ ਕਰਨ ਵਾਲੇ ਲੋਕ ਇਨ੍ਹਾਂ ਨੂੰ ਚੋਰੀ ਚੋਰੀ ਪੜ੍ਹਦੇ ਹਨ।

ਨੰਗੀਆਂ ਸੈਕਸੀ ਗੱਲਾਂ ਦੇ ਬਾਵਜੂਦ ਇਸ ਨਾਵਲ ਵਿਚ ਕਿਸੇ ਕਿਸਮ ਦੀਆਂ ਗਲਤ ਕੀਮਤਾਂ ਤੇ ਪਹਿਰਾ ਦਿੱਤਾ ਨਹੀਂ ਮਿਲਦਾ। ਨਾਵਲ ਲਿਖਣ ਵਿਚ ਲੇਖਕ ਨੇ ਜਿਨ੍ਹਾਂ ਛੇ ਔਰਤਾਂ ਪ੍ਰਤੀ ਅਪਣਾ ਰਿਣ ਪ੍ਰਗਟ ਕੀਤਾ, ਉਹ ਚੇਤੰਨ ਬੁੱਧੀ ਦੀਆਂ ਮਾਲਕ ਹਨ, ਖ਼ੂਬਸੂਰਤ ਹਨ ਤੇ ਉਸਦੀਆਂ ਫੈਨ ਵੀ। ਇਨ੍ਹਾਂ ਵਿਚ ਉਸਦੀ ਦੋਹਤਰੀ ਨੈਨਾ ਦਿਆਲ ਵੀ ਹੈ। ਨਾਵਲ ਦੇ ਨੰਗੇਜ਼ ਨੂੰ ਕਿੰਨਾ ਕੁ ਨੰਗਾ ਮੰਨੀਏ? ਖ਼ੁਸ਼ਵੰਤ ਸਿੰਘ ਦੇ ਪਹਿਲੇ ਨਾਵਲ 'ਪਾਕਿਸਤਾਨ ਮੇਲ' ਤੋਂ ਹਥਲੇ ਨਾਵਲ ਦਾ ਸਫ਼ਰ ਦੱਸਦਾ ਹੈ ਕਿ ਉਸ ਵੇਲੇ ਦੇ ਵਰਜਿਤ ਵਿਸ਼ੇ ਪਿਛਲੀ ਅਧੀ ਸਦੀ ਵਿੱਚ ਕਿੰਨੇ ਨਿਵਰਜਿਤ ਹੋ ਗਏ ਹਨ।

ਖ਼ੁਸ਼ਵੰਤ ਸਿੰਘ ਨੂੰ ਸੁਰਮਾ ਪਾਉਣਾ ਵੀ ਆਉਂਦਾ ਹੈ ਤੇ ਮਟਕਾਉਣਾ ਵੀ। ਉਸਦੇ ਇਸ ਨਾਵਲ ਵਿਚ ਸੁਰਮਈ ਗੁਣ ਪ੍ਰਧਾਨ ਹਨ। ਅਨੁਵਾਦਕ ਦਲਬੀਰ ਸਿੰਘ ਦੀ ਸ਼ਬਦ ਸੂਝ ਨੇ ਸੁਰਮੇ ਦੀ ਲਾਜ ਰੱਖੀ ਹੈ।

ਚੰਡੀਗੜ੍ਹ,
15 ਜਨਵਰੀ, 2004

**ਗੁਲਜ਼ਾਰ ਸਿੰਘ ਸੰਧੂ**

# [ I ]

## ਮੋਹਨ ਕੁਮਾਰ ਦੀ ਗੁਪਤ ਜ਼ਿੰਦਗੀ

ਮੋਹਨ ਕੁਮਾਰ ਲਈ ਇਹ ਖ਼ੁਸ਼ੀਆਂ ਦਾ ਦਿਨ ਹੋਣਾ ਚਾਹੀਦਾ ਸੀ। ਪਰ ਇਹ ਨਹੀਂ ਸੀ।

ਉਹ ਇਸ ਦਿਨ ਦੀ 12 ਸਾਲ ਤੋਂ ਉਡੀਕ ਕਰਦਾ ਆ ਰਿਹਾ ਸੀ। ਉਹਦੀ ਪਤਨੀ ਨੇ ਆਖਿਰਕਾਰ ਉਹਨੂੰ ਛੱਡਣ ਦਾ ਫ਼ੈਸਲਾ ਕਰ ਲਿਆ ਸੀ। ਭਾਵੇਂ ਇਸ ਫ਼ੈਸਲੇ ਤੋਂ ਪਹਿਲਾਂ ਕਈ ਮਹੀਨਿਆਂ ਤੱਕ ਦੋਵਾਂ ਵਿਚਾਲੇ ਬਹੁਤ ਤਿੱਖਾ ਝਗੜਾ ਚਲਦਾ ਰਿਹਾ ਸੀ, ਫਿਰ ਵੀ ਉਹ ਇਸ ਸ਼ਰਤ ਉਤੇ ਤਲਾਕ ਦੇਣ ਲਈ ਸਹਿਮਤ ਹੋ ਗਈ ਸੀ ਕਿ ਉਹਨਾਂ ਦੇ ਦੋਵੇਂ ਬੱਚੇ ਉਸ ਕੋਲ ਰਹਿਣਗੇ। ਮੋਹਨ ਕੁਮਾਰ ਆਪਣੀ ਆਜ਼ਾਦੀ ਲਈ ਏਨਾ ਕਾਹਲਾ ਸੀ ਕਿ ਬੱਚਿਆਂ ਨੂੰ ਉਹਦੇ ਹਵਾਲੇ ਕਰਨ ਦੇ ਨਾਲ ਨਾਲ ਉਹ ਇਸ ਗੱਲ ਲਈ ਵੀ ਤਿਆਰ ਹੋ ਗਿਆ ਸੀ ਕਿ ਉਸਦੀ ਪਤਨੀ ਖਰਚੇ ਦੇ ਤੌਰ ਤੇ ਜੋ ਕੁਝ ਵੀ ਲਿਜਾਣਾ ਚਾਹੁੰਦੀ ਹੈ ਲੈ ਜਾਵੇ। ਇਸ ਵਿਚ ਉਸ ਵਲੋਂ ਅਤੇ ਉਸਦੇ ਪਿਤਾ ਵਲੋਂ ਦਿੱਤੇ ਗਏ ਗਹਿਣੇ, ਫਰਨੀਚਰ, ਤਸਵੀਰਾਂ ਵਗੈਰਾ ਸ਼ਾਮਿਲ ਸਨ; ਅਰਥਾਤ ਜੋ ਕੁਝ ਵੀ ਉਹ ਚਾਹੇ ਲਿਜਾ ਸਕਦੀ ਸੀ। ਉਹ ਕੁਝ ਵੀ ਨਹੀਂ ਸੀ ਚਾਹੁੰਦੀ। ਐਂ ਲਗਦਾ ਸੀ ਕਿ ਜਿਵੇਂ ਉਹ ਵੀ ਉਸਨੂੰ ਛੱਡਣ ਲਈ ਓਨੀ ਹੀ ਕਾਹਲੀ ਹੋਵੇ, ਜਿੰਨਾ ਉਹ ਕਾਹਲਾ ਸੀ। ਉਸ ਦਿਨ ਉਹਨੇ ਆਪਣਾ ਸਮਾਨ ਬੰਨ੍ਹਿਆ ਸੀ ਅਤੇ ਆਪਣੇ ਬੱਚਿਆਂ ਨੂੰ ਲੈ ਕੇ ਮਾਪਿਆਂ ਦੇ ਘਰ ਰਵਾਨਾ ਹੋ ਗਈ ਸੀ। ਉਹਨੇ ਅਲਵਿਦਾ ਕਹਿਣ ਦੀ ਵੀ ਲੋੜ ਨਹੀਂ ਸੀ ਸਮਝੀ। ਬੱਚਿਆਂ ਨੂੰ ਇਹ ਪਤਾ ਲਗ ਗਿਆ ਸੀ ਕਿ ਇਸ ਵਾਰ ਉਨ੍ਹਾਂ ਦਾ ਨਾਨਕੇ ਜਾਣਾ ਪਹਿਲਾਂ ਨਾਲੋਂ ਵਖਰੀ ਕਿਸਮ ਦਾ ਹੈ। ਉਨ੍ਹਾਂ ਆਪਣੇ ਪਿਤਾ ਨੂੰ ਘੁੱਟ ਘੁੱਟ ਜੱਫੀਆਂ ਪਾਈਆਂ ਅਤੇ ਚੁੰਮਿਆਂ ਅਤੇ ਫਿਰ ਉਹ ਦੌੜ ਕੇ ਆਪਣੀ ਮਾਂ ਦੀ ਕਾਲੀ ਮਰਸਿਡਿਜ਼ ਗੱਡੀ ਵਿਚ ਜਾ ਬੈਠੇ। ਕਾਰ ਬੜੀ ਤੇਜ਼ ਰਫਤਾਰ ਨਾਲ ਗੇਟ ਤੋਂ ਬਾਹਰ ਨਿਕਲੀ। ਉਹਦੀ ਪਤਨੀ ਨੇ ਇਸ ਲਈ ਇੰਜ ਕੀਤਾ ਸੀ ਤਾਂ ਕਿ ਬੱਚਿਆਂ ਨੂੰ ਵਾਪਸ ਮੁੜ ਕੇ ਬਾਏ ਬਾਏ ਕਰਨ ਦਾ ਮੌਕਾ ਹੀ ਨਾ ਮਿਲ ਸਕੇ।

ਮੋਹਨ ਨੂੰ ਆਪਣੀ ਸਦਾ ਸ਼ਿਕਾਇਤ ਕਰਨ ਵਾਲੀ ਅਤੇ ਗੁੱਸੇਖੋਰ ਪਤਨੀ ਤੋਂ ਮਿਲੀ ਨਵੀਂ ਨਵੀਂ ਆਜ਼ਾਦੀ ਦੇ ਜਸ਼ਨ ਮਨਾਉਣੇ ਚਾਹੀਦੇ ਸਨ। ਹੁਣ ਉਹ ਆਪਣੇ ਦੋ ਮੰਜ਼ਲਾ ਬੰਗਲੇ ਦੀ ਬਾਲਕਨੀ ਵਿਚ ਬੈਠਾ ਸੀ। ਉਸਨੇ ਆਪਣੇ ਪੈਰ ਰੇਲਿੰਗ ਉਤੇ ਰਖੇ ਹੋਏ ਸਨ ਅਤੇ ਹਵਾਨਾ ਦਾ ਸਿਗਾਰ ਪੀ ਰਿਹਾ ਸੀ। ਉਸ ਮਹਿਸੂਸ ਕੀਤਾ ਕਿ ਅੰਦਰੋਂ ਪੂਰੀ ਤਰ੍ਹਾਂ ਖਾਲੀ ਸੀ ਅਤੇ ਬਹੁਤ ਇਕੱਲਾ। ਚਾਰੇ ਪਾਸੇ ਚੁੱਪ ਛਾਈ ਹੋਈ ਸੀ। ਬੱਚਿਆਂ ਦੇ ਆਪਸ ਵਿਚ ਲੜਨ ਦੀ ਆਵਾਜ਼ ਨਹੀਂ ਸੀ ਆ ਰਹੀ। ਉਸਦੀ ਛੇ ਸਾਲਾਂ ਦੀ ਧੀ ਉਸ ਕੋਲ ਆ ਕੇ ਸ਼ਿਕਾਇਤ ਨਹੀਂ ਸੀ ਕਰ ਰਹੀ ਕਿ ਉਸਦਾ ਵੱਡਾ ਭਰਾ ਉਹਨੂੰ ਤੰਗ ਕਰ ਰਿਹਾ ਹੈ। ਨਾ ਹੀ ਉਹ ਗੁੱਸੇ ਵਿਚ

ਆ ਕੇ ਉਹਨਾਂ ਨੂੰ ਡਾਂਟ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਤੰਗ ਨਾ ਕਰੋ। ਬੱਚਿਆਂ ਦੀ ਲੜਾਈ ਕਰਕੇ ਉਹ ਅਕਸਰ ਪਰੇਸ਼ਾਨ ਹੋ ਜਾਇਆ ਕਰਦਾ ਸੀ। ਹੁਣ ਉਸਨੂੰ ਉਨ੍ਹਾਂ ਦੀ ਕਮੀ ਮਹਿਸੂਸ ਹੋ ਰਹੀ ਸੀ। ਲਗਦਾ ਸੀ ਕਿ ਮਕਾਨ ਵਿਚ ਅਚਾਨਕ ਹੀ ਕਮਰਿਆਂ ਦੀ ਗਿਣਤੀ ਵੱਧ ਗਈ ਹੈ। ਇਹ ਵੀ ਕਿ ਰਾਤ ਦੇ ਘੰਟੇ ਵੀ ਵਧ ਗਏ ਹਨ। ਉਹ ਥੱਕਿਆ ਹੋਇਆ ਸੀ।

ਉਹਨੇ ਆਪਣੀ ਪਤਨੀ ਨਾਲ ਆਪਣੇ ਸਬੰਧਾਂ ਬਾਰੇ ਸੋਚਣਾ ਸ਼ੁਰੂ ਕੀਤਾ। ਉਸਦੀ ਸ਼ਾਦੀ ਕੁਝ ਉਸ ਤਰ੍ਹਾਂ ਸੀ ਜਿਸਨੂੰ ਆਮ ਤੌਰ ਤੇ ਲੋਕ 'ਲਵ ਕਮ ਅਰੇਂਜਡ' ਸ਼ਾਦੀ ਕਹਿੰਦੇ ਸਨ। ਪਰ ਇਹ ਇਸ ਤਰ੍ਹਾਂ ਦੀ ਸ਼ਾਦੀ ਨਹੀਂ ਸੀ। 13 ਸਾਲ ਪਹਿਲਾਂ ਜਦੋਂ ਉਹ ਕੰਪਿਊਟਰ ਅਤੇ ਬਿਜ਼ਨਸ ਮੈਨਜਮੈਂਟ ਵਿਚ ਡਿਗਰੀ ਕਰਕੇ ਅਮਰੀਕਾ ਤੋਂ ਪਰਤਿਆ ਸੀ, ਉਸਦੇ ਅਗਲੇ ਦਿਨ ਹੀ ਉਸਦੇ ਪਿਤਾ ਨੇ ਉਸਦੀਆਂ ਤਸਵੀਰਾਂ ਅਤੇ ਉਸਦੀਆਂ ਯੋਗਤਾਵਾਂ ਦਾ ਵੇਰਵਾ ਲੈ ਕੇ ਅਖ਼ਬਾਰਾਂ ਦੇ ਦਫਤਰਾਂ ਦੇ ਚੱਕਰ ਲਾਏ ਸਨ। ਉਸਦੇ ਪਿਤਾ ਨੂੰ ਉਸ ਉਤੇ ਬਹੁਤ ਮਾਣ ਸੀ। ਉਹ ਸਰਕਾਰੀ ਨੌਕਰੀ ਤੋਂ ਰਿਟਾਇਰ ਹੋਇਆ ਸੀ ਅਤੇ ਹਰ ਮਧ ਵਰਗੀ ਵਿਅਕਤੀ ਵਾਂਗ ਉਸ ਦੇ ਵੀ ਆਪਣੇ ਇਕੋ ਇਕ ਪੁੱਤਰ ਲਈ ਕਈ ਤਰ੍ਹਾਂ ਦੇ ਸੁਪਨੇ ਸਨ। ਅਗਲੇ ਦਿਨ ਦੇ ਕਈ ਅਖ਼ਬਾਰਾਂ ਵਿਚ ਵਿਆਹ ਵਾਲੇ ਇਸ਼ਤਿਹਾਰਾਂ ਦੇ ਪੰਨਿਆਂ ਉਤੇ ਮੋਹਨ ਦੀ ਤਸਵੀਰ ਛਾਪੀ ਗਈ ਸੀ, ਜਿਸ ਦੇ ਹੇਠਾਂ ਉਸਦੀ ਪੜ੍ਹਾਈ ਦੌਰਾਨ ਹਾਸਿਲ ਕੀਤੀਆਂ ਡਿਗਰੀਆਂ ਦਾ ਜ਼ਿਕਰ ਕੀਤਾ ਗਿਆ ਸੀ। ਕੁਆਰੀਆਂ ਕੁੜੀਆਂ ਦੇ ਮਾਪਿਆਂ ਵਲੋਂ ਟੈਲੀਫੋਨ ਆਉਣੇ ਸ਼ੁਰੂ ਹੋ ਗਏ। ਉਸਨੂੰ ਤੇ ਉਸਦੇ ਪਿਤਾ ਨੂੰ ਕਈ ਥਾਈਂ ਚਾਹ ਉਤੇ ਸੱਦਾ ਦਿੱਤਾ ਗਿਆ, ਕਈ ਸੁੰਦਰ ਕੁੜੀਆਂ ਨਾਲ ਮਿਲਾਇਆ ਗਿਆ, ਦਾਜ ਦੇ ਲਾਲਚ ਦਿੱਤੇ ਗਏ ਅਤੇ ਇਥੋਂ ਤਕ ਕਿ ਕਈਆਂ ਨੇ ਤਾਂ ਕਾਰੋਬਾਰ ਵਿਚ ਹਿੱਸੇਦਾਰੀ ਦੀ ਪੇਸ਼ਕਸ਼ ਕੀਤੀ। ਏਨੇ ਸਾਲਾਂ ਬਾਅਦ ਵੀ ਮੋਹਨ ਇਸ ਗੱਲ ਉਤੇ ਹੈਰਾਨ ਹੋਇਆ ਕਰਦਾ ਸੀ ਕਿ ਉਸਨੇ ਆਪਣੇ ਆਪ ਨੂੰ ਇਸ ਤਰ੍ਹਾਂ ਵਿਕਰੀ ਉਤੇ ਲਾਉਣਾ ਅਤੇ ਆਖਿਰਕਾਰ ਸੋਨੂ ਨਾਲ ਸ਼ਾਦੀ ਕਰਨਾ ਕਿਵੇਂ ਪ੍ਰਵਾਨ ਕਰ ਲਿਆ ਸੀ।

ਸੋਨੂ ਦੇ ਪਿਤਾ ਰਾਜ ਬਹਾਦਰ ਲਾਲਾ ਅਚਿੰਤ ਰਾਮ ਨੇ ਸਭ ਤੋਂ ਵੱਡੀ ਬੋਲੀ ਦਿੱਤੀ ਸੀ। ਉਨ੍ਹਾਂ ਦੀਆਂ ਕੁਝ ਖੰਡ ਮਿੱਲਾਂ ਦੇ ਇਲਾਵਾ ਦਿੱਲੀ ਵਿਚ ਕਾਫੀ ਸਾਰੀ ਜਾਇਦਾਦ ਵੀ ਸੀ। ਮੋਹਨ ਨੇ ਇਹ ਰਿਸ਼ਤਾ ਪ੍ਰਵਾਨ ਕਰਦੇ ਸਮੇਂ ਆਪਣੇ ਪਿਤਾ ਨੂੰ ਖੁਸ਼ ਕਰਨ ਨੂੰ ਤਰਜੀਹ ਦਿੱਤੀ ਸੀ। ਹਾਲਾਂਕਿ ਵਿਆਹ ਕਰਵਾ ਕੇ ਟਿੱਕ ਬੈਠਣ ਦਾ ਉਸਦਾ ਕੋਈ ਇਰਾਦਾ ਨਹੀਂ ਸੀ। ਸੋਨੂ ਗੁਜ਼ਾਰੇ ਜੋਗੀ ਗੋਰੀ, ਉਤਸ਼ਾਹ ਭਰੀ ਅਤੇ ਕਾਨਵੈਂਟ ਦੀ ਪੜ੍ਹੀ ਹੋਈ ਕੁੜੀ ਸੀ। ਉਹ ਅਜੇ ਤਕ ਕੁਆਰੀ ਵੀ ਸੀ ਅਤੇ ਆਪਣੀ ਕੁਆਰੀ ਜ਼ਿੰਦਗੀ ਨੂੰ ਖਤਮ ਕਰਨ ਲਈ ਬਹੁਤ ਉਤਾਵਲੀ। ਉਨ੍ਹਾਂ ਦੀ ਸ਼ਾਦੀ ਬੜੀ ਸ਼ਾਨ ਨਾਲ ਕੀਤੀ ਗਈ ਅਤੇ ਫਿਰ ਉਹ ਦੋਵੇਂ ਸੋਨੂ ਦੇ ਪਿਤਾ ਵਲੋਂ ਦਿੱਤੇ ਗਏ ਵੱਡੇ ਫਲੈਟ ਵਿਚ ਆ ਕੇ ਰਹਿਣ ਲੱਗੇ। ਮੋਹਨ ਦਾ ਪਿਤਾ ਵੀ ਉਨ੍ਹਾਂ ਦੇ ਨਾਲ ਹੀ ਆ ਗਿਆ। ਹਨੀਮੂਨ ਬਹੁਤ ਚੰਗਾ ਰਿਹਾ, ਜਿਵੇਂ ਕਿ ਨਵੇਂ ਵਿਆਹੇ ਜੋੜਿਆਂ

ਦੇ ਮਾਮਲੇ ਵਿਚ ਅਕਸਰ ਹੀ ਹੁੰਦਾ ਹੈ। ਉਨ੍ਹਾਂ ਕੋਲ ਇਨ੍ਹਾਂ ਦਿਨਾਂ ਵਿਚ ਇਸ ਗੱਲ ਦੀ ਆਜ਼ਾਦੀ ਹੁੰਦੀ ਹੈ ਕਿ ਉਹ ਇਕ ਦੂਜੇ ਦੇ ਸਰੀਰਾਂ ਨੂੰ ਟੋਹਣ ਅਤੇ ਉਨ੍ਹਾਂ ਦਾ ਆਨੰਦ ਮਾਣਨ। ਉਨ੍ਹਾਂ ਦਾ ਪਹਿਲਾ ਬੱਚਾ ਇਕ ਪੁੱਤਰ ਹੋਇਆ ਜਿਸਦਾ ਗਰਭ ਇਨ੍ਹਾਂ ਮੁਢਲਿਆਂ ਦਿਨਾਂ ਦੌਰਾਨ ਹੀ ਠਹਿਰਿਆ ਸੀ।

ਛੇਤੀ ਹੀ ਦੋਵਾਂ ਦੇ ਸੁਭਾਵਾਂ ਵਿਚਾਲੇ ਮਤਭੇਦਾਂ ਦਾ ਪਤਾ ਲਗਣਾ ਸ਼ੁਰੂ ਹੋ ਗਿਆ। ਸੋਨੂ ਨੂੰ ਬਹੁਤ ਗੁੱਸਾ ਆਉਂਦਾ ਸੀ, ਉਸ ਵਿਚ ਕਬਜ਼ੇ ਦੀ ਭਾਵਨਾ ਸੀ ਅਤੇ ਚਾਹੁੰਦੀ ਸੀ ਕਿ ਹਰ ਵੇਲੇ ਉਸ ਵੱਲ ਧਿਆਨ ਦਿੱਤਾ ਜਾਵੇ। ਉਹ ਈਰਖਾਲੂ ਵੀ ਬਹੁਤ ਸੀ। ਹਾਲਾਂਕਿ ਆਪਣੇ ਤੌਰ ਤੇ ਉਹ ਮੋਹਨ ਨੂੰ ਬਹੁਤਾ ਪਿਆਰ ਨਹੀਂ ਸੀ ਦਿੰਦੀ। ਇਸ ਤੋਂ ਬਿਨਾਂ ਉਹ ਆਪਣੇ ਘਰ ਵਿਚ ਮੋਹਨ ਦੇ ਪਿਤਾ ਦੀ ਮੌਜੂਦਗੀ ਨੂੰ ਵੀ ਪਸੰਦ ਨਹੀਂ ਸੀ ਕਰਦੀ। ਆਖਿਰ ਇਹ ਉਸਦਾ ਘਰ ਸੀ, ਜਿਸਨੂੰ ਉਸਦੇ ਪਿਤਾ ਨੇ ਤੋਹਫੇ ਵਜੋਂ ਦਿੱਤਾ ਸੀ। ਇਕ ਵਾਰ ਉਸਨੇ ਨਫਰਤ ਭਰੀ ਆਵਾਜ਼ ਵਿਚ ਪੁੱਛਿਆ ਸੀ, ''ਕੀ ਤੇਰਾ ਬੁੜ੍ਹਾ ਸਾਰੀ ਉਮਰ ਸਾਡੇ ਨਾਲ ਰਹੇਗਾ?'' ਉਸਨੂੰ ਚੰਗਾ ਨਹੀਂ ਸੀ ਲੱਗਾ ਕਿ ਉਹ ਉਸਦੇ ਪਿਤਾ ਨੂੰ 'ਬੁੜ੍ਹਾ' ਕਹੇ ਅਤੇ ਉਸਨੇ ਸੋਨੂ ਨੂੰ ਇਹ ਗੱਲ ਕਹੀ ਵੀ। ਅਗੋਂ ਉਸਦਾ ਜਵਾਬ ਸੀ, ''ਮੈਂ ਤੇਰੇ ਨਾਲ ਸ਼ਾਦੀ ਕੀਤੀ ਸੀ, ਤੁਹਾਡੇ ਦੋਹਾਂ ਨਾਲ ਨਹੀਂ।'' ਉਹਨੂੰ ਛੇਤੀ ਹੀ ਮਹਿਸੂਸ ਹੋਣ ਲੱਗ ਪਿਆ ਸੀ ਕਿ ਉਹਨਾਂ ਨੂੰ ਆਪਣੇ ਰਹਿਣ ਦੇ ਇੰਤਜ਼ਾਮ ਵਿਚ ਤਬਦੀਲੀ ਕਰਨੀ ਪੈਣੀ ਹੈ। ਉਸਨੇ ਅਮਰੀਕਾ ਤੋਂ ਪਰਤਦਿਆਂ ਸਾਰ ਕੱਪੜਿਆਂ ਨੂੰ ਬਾਹਰ ਭੇਜਣ ਦਾ ਜਿਹੜਾ ਕਾਰੋਬਾਰ ਕੀਤਾ ਸੀ ਉਸ ਤੋਂ ਕਾਫੀ ਪੈਸੇ ਆ ਰਹੇ ਸਨ, ਉਸ ਕੋਲ ਕਾਫੀ ਡਾਲਰ ਵੀ ਬਚੇ ਪਏ ਸਨ। ਸੋਨੂ ਨਾਲ ਉਸ ਦਿਨ ਹੋਈ ਇਸ ਤਕਰਾਰ ਦੇ ਦੋ ਮਹੀਨੇ ਵਿਚ ਹੀ ਉਹਨੇ ਦਿੱਲੀ ਦੇ ਮਹਿੰਗੇ ਇਲਾਕੇ ਮਹਾਰਾਣੀ ਬਾਗ ਵਿਚ ਇਕ ਬੰਗਲਾ ਖਰੀਦ ਲਿਆ ਸੀ। ਇਸ ਬੰਗਲੇ ਵਿਚ ਇਕ ਬਾਗ ਵੀ ਸੀ। ਨਵੇਂ ਘਰ ਵਿਚ ਕਾਫੀ ਥਾਂ ਸੀ ਅਤੇ ਮੋਹਨ ਦਾ ਵਿਚਾਰ ਸੀ ਕਿ ਸੋਨੂ ਅਤੇ ਉਸਦਾ ਪਿਤਾ ਇਕ ਦੂਜੇ ਤੋਂ ਲਾਂਭੇ ਰਹਿ ਸਕਣਗੇ। ਪਰ ਉਹ ਗ਼ਲਤ ਸੀ। ਉਸਦਾ ਪਿਤਾ ਉਦਾਸ ਅਤੇ ਨਿਰਾਸ਼ ਹੋ ਗਿਆ ਸੀ ਅਤੇ ਆਖਿਰਕਾਰ ਉਹ ਹਰਿਦੁਆਰ ਚਲਾ ਗਿਆ। ਮੋਹਨ ਨਹੀਂ ਸੀ ਚਾਹੁੰਦਾ ਕਿ ਇਸ ਤਰ੍ਹਾਂ ਹੋਵੇ, ਪਰ ਖਬਰੇ ਹੁਣ ਘਰ ਵਿਚ ਅਮਨ ਚੈਨ ਹੋ ਜਾਵੇ। ਉਹ ਇਸ ਗੱਲ ਤੇ ਖੁਸ਼ ਸੀ ਕਿ ਉਹ ਆਪਣੇ ਸੌਹਰੇ ਵਲੋਂ ਦਿਤੇ ਗਏ ਫਲੈਟ ਵਿਚੋਂ ਬਾਹਰ ਆ ਗਿਆ ਸੀ।

ਦੋ ਸਾਲ ਤੋਂ ਵੀ ਘੱਟ ਅਰਸੇ ਵਿਚ ਮੋਹਨ ਕੁਮਾਰ ਕੱਪੜਿਆਂ ਦੇ ਇਲਾਵਾ ਕੁਝ ਕੀਮਤੀ ਪੱਥਰ ਅਤੇ ਚਮੜੇ ਦੀਆਂ ਚੀਜ਼ਾਂ ਵੀ ਬਾਹਰ ਭੇਜਣ ਲੱਗ ਪਿਆ ਸੀ। ਉਹਦਾ ਮੁਨਾਫਾ ਦੁੱਗਣਾ ਹੋ ਗਿਆ ਸੀ ਅਤੇ ਛੇਤੀ ਹੀ ਉਹ ਦਿੱਲੀ ਦੇ ਸਭ ਤੋਂ ਅਮੀਰ ਲੋਕਾਂ ਵਿਚ ਸ਼ਾਮਲ ਹੋ ਗਿਆ ਸੀ।

ਇਸ ਸਭ ਕਾਸੇ ਨਾਲ ਵੀ ਉਸਦੀ ਪਤਨੀ ਨਾਲ ਉਸਦੇ ਸਬੰਧ ਨਹੀਂ ਸਨ ਸੁਧਰੇ। ਉਸਨੂੰ ਇਹ ਜਾਣ ਕੇ ਬੜੀ ਤਕਲੀਫ ਹੋਈ ਸੀ ਕਿ ਉਹ ਇਕ ਐਸੀ ਔਰਤ ਸੀ ਜਿਹੜੀ ਖੁਸ਼

ਨਹੀਂ ਸੀ ਹੋ ਸਕਦੀ। ਉਹ ਉਸਨੂੰ ਵੀ ਦੁਖੀ ਕਰਨ ਤੇ ਤੁਲੀ ਹੋਈ ਸੀ। ਉਸਨੇ ਆਪਣਾ ਮਨ ਬਣਾਇਆ ਹੋਇਆ ਸੀ ਕਿ ਉਹ ਹਰ ਗੱਲ ਵਿਚ ਹੀ ਆਪਣੇ ਪਤੀ ਦੀ ਨਿੰਦਾ ਕਰੇਗੀ। ਜੇ ਉਹ ਕਿਸੇ ਹੋਰ ਔਰਤ ਵਲ ਭੋਰਾ ਵੀ ਧਿਆਨ ਦਿੰਦਾ ਤਾਂ ਉਹਨੂੰ ਬੁਰੀ ਤਰ੍ਹਾਂ ਗਾਲ੍ਹ ਕੱਢਦੀ। ਪਹਿਲਾਂ ਪਹਿਲਾਂ ਉਹ ਸੋਚਦਾ ਸੀ ਕਿ ਉਨ੍ਹਾਂ ਵਿਚਾਲੇ ਸਬੰਧ ਕੁਝ ਸਮਾਂ ਪਾ ਕੇ ਠੀਕ ਹੋ ਜਾਣਗੇ। ਸ਼ਾਦੀ ਦੇ ਸੱਤਵੇਂ ਸਾਲ ਉਨ੍ਹਾਂ ਦੇ ਘਰ ਇਕ ਧੀ ਪੈਦਾ ਹੋਈ, ਪਰ ਇਸ ਬੱਚੇ ਦੀ ਆਮਦ ਨਾਲ ਵੀ ਉਹ ਇਕ ਦੂਜੇ ਦੇ ਨੇੜੇ ਨਾ ਆ ਸਕੇ। ਲੜਾਈਆਂ ਹੋਰ ਵਧ ਗਈਆਂ। ਐਸੀ ਕੋਈ ਵੀ ਸ਼ਾਮ ਨਹੀਂ ਸੀ ਹੁੰਦੀ ਜਦੋਂ ਉਹ ਲੜਾਈ ਨਾ ਕਰਦੇ ਅਤੇ ਲੜਾਈ ਕਰਨ ਤੋਂ ਬਾਅਦ ਦੋਵੇਂ ਜਣੇ ਬੁਰੀ ਤਰ੍ਹਾਂ ਹਫ ਜਾਂਦੇ। ਲੜਾਈ ਤੋਂ ਕਈ ਦਿਨ ਬਾਅਦ ਉਹ ਨਾ ਬੋਲਦੇ। ਇਸ ਤੋਂ ਬਾਅਦ ਸਰੀਰਕ ਮਜਬੂਰੀਆਂ ਹੀ ਇਸ ਝਗੜੇ ਨੂੰ ਖਤਮ ਕਰਦੀਆਂ। ਉਹ ਇਕ ਦੂਜੇ ਨਾਲ ਸਰੀਰਕ ਸਬੰਧ ਪੈਦਾ ਕਰਦੇ, ਜਿਸ ਵਿਚ ਅਕਸਰ ਹੀ ਪਿਆਰ ਦੀ ਅਣਹੋਂਦ ਹੁੰਦੀ ਸੀ ਅਤੇ ਆਪਸ ਵਿਚ ਗੱਲਾਂ ਕਰਨ ਲਗਦੇ। ਪਰ ਇਹ ਥੋੜ੍ਹੇ ਦਿਨ ਤਕ ਹੀ ਚਲਦਾ।

ਇਕ ਸ਼ਾਮ ਉਹਦੇ ਮਨ ਵਿਚ ਅਜੇ ਵੀ ਉਕਰੀ ਹੋਈ ਹੈ। ਸੋਨੂ ਨੇ ਸੁਣ ਲਿਆ ਸੀ ਕਿ ਉਹ ਟੈਲੀਫੋਨ ਉਤੇ ਆਪਣੀ ਕਿਸੇ ਔਰਤ ਮਿੱਤਰ ਨਾਲ ਗੱਲ ਕਰ ਰਿਹਾ ਸੀ। ਉਹਨੇ ਦੋਸ਼ ਲਾਇਆ ਕਿ ਉਹ ਉਸ ਰੰਡੀ ਨਾਲ ਇਸ਼ਕ ਲੜਾ ਰਿਹਾ ਹੈ। ਉਹਨੇ ਮੋਹਨ ਨੂੰ ਤੀਮੀਬਾਜ਼ ਕਿਹਾ। ਮੋਹਨ ਨੂੰ ਗੁੱਸਾ ਆ ਗਿਆ ਤੇ ਉਹਨੇ ਉਸਨੂੰ ਚਪੇੜ ਕੱਢ ਮਾਰੀ। ਇਕ ਪਲ ਲਈ ਤਾਂ ਉਹ ਸਦਮੇ ਨਾਲ ਚੁੱਪ ਹੋ ਗਈ, ਫਿਰ ਉਹ ਫੁੰਕਾਰੀ, ''ਤੇਰੀ ਹਿੰਮਤ ਕਿਵੇਂ ਪਈ ਕਿ ਤੂੰ ਮੇਰੇ ਚਪੇੜ ਮਾਰੇਂ। ਮੈਂ ਤੈਨੂੰ ਐਸਾ ਸਬਕ ਸਿਖਾਵਾਂਗੀ ਜਿਹੜਾ ਤੂੰ ਕਦੇ ਨਾ ਭੁਲ ਸਕੇਂਗਾ।'' ਫਿਰ ਉਹ ਘਰ ਤੋਂ ਬਾਹਰ ਨਿਕਲ ਗਈ। ਘੰਟੇ ਬਾਅਦ ਜਦੋਂ ਉਹ ਆਈ ਤਾਂ ਉਸਦਾ ਇਕ ਰਿਸ਼ਤੇਦਾਰ, ਜੋ ਪੁਲੀਸ ਇੰਸਪੈਕਟਰ ਸੀ, ਦੋ ਸਿਪਾਹੀਆਂ ਸਮੇਤ ਉਸ ਦੇ ਨਾਲ ਸੀ। ਮੋਹਨ ਨੂੰ ਇਕ ਸਾਧਾਰਨ ਮੁਜਰਮ ਵਾਂਗ ਥਾਣੇ ਲਿਜਾਇਆ ਗਿਆ। ਉਹਦਾ ਬਿਆਨ ਦਰਜ ਕੀਤਾ ਗਿਆ। ਕੁਝ ਘੰਟਿਆਂ ਮਗਰੋਂ ਇੰਸਪੈਕਟਰ ਉਸਨੂੰ ਘਰ ਛੱਡ ਕੇ ਗਿਆ। ਮੋਹਨ ਕੁਮਾਰ ਨੂੰ ਪੰਜ ਹਜ਼ਾਰ ਰੁਪਇਆ ਦੇ ਕੇ ਇੰਸਪੈਕਟਰ ਨੂੰ ਇਹ ਗੱਲ ਲਿਖਣ ਲਈ ਮਨਾਉਣਾ ਪਿਆ ਸੀ ਕਿ ਇਹ ਘਰੇਲੂ ਮਾਮਲਾ ਸੀ ਅਤੇ ਪੁਲੀਸ ਦੀ ਫਾਈਲ ਵਿਚ ਦਰਜ ਕੀਤੀ ਸ਼ਿਕਾਇਤ ਨੂੰ ਰਫਾ-ਦਫਾ ਕਰ ਦੇਣਾ ਚਾਹੀਦਾ ਸੀ। ਉਦੋਂ ਸੋਨੂ ਇਕ ਮਹੀਨੇ ਤੋਂ ਵੱਧ ਸਮਾਂ ਆਪਣੇ ਮਾਪਿਆਂ ਕੋਲ ਰਹੀ ਸੀ।

ਮੋਹਨ ਨੇ ਉਨ੍ਹਾਂ ਔਰਤਾਂ ਬਾਰੇ ਸੋਚਿਆ ਜਿਨ੍ਹਾਂ ਨਾਲ ਉਸਦੇ ਸੋਨੂ ਨਾਲ ਸ਼ਾਦੀ ਕਰਨ ਤੋਂ ਪਹਿਲਾਂ ਸਬੰਧ ਰਹੇ ਸਨ। ਉਹਨਾਂ ਵਿਚੋਂ ਬਹੁਤੀਆਂ ਅਮਰੀਕੀ ਜਾਂ ਯੂਰਪੀਅਨ. ਔਰਤਾਂ ਸਨ। ਬਸ ਇਕੋ ਇਕ ਪਾਕਿਸਤਾਨੀ ਸੀ। ਇਹ ਸਬੰਧ ਥੋੜ੍ਹ-ਚਿਰੇ ਹੋਣੇ ਸਨ। ਕਿਸੇ ਵਿਚ ਵੀ ਕਿਸੇ ਤਰ੍ਹਾਂ ਦੀ ਕੋਈ ਬੰਦਿਸ਼ ਨਹੀਂ ਸੀ। ਜਿੰਨੀ ਦੇਰ ਤਕ ਸਬੰਧ ਕਾਇਮ ਸਨ, ਉਨੀ ਦੇਰ



ਤਕ ਮੌਜ ਮੇਲਾ ਸੀ।
ਨਾਲੋਂ ਖੁਲ੍ਹੇ ਸਬੰਧ ਕਿ
ਦੇ ਸੰਗ ਤੋਂ ਵੀ ਵਿਰਵ
ਔਰਤ ਨੂੰ ਜਿਉਣ ਲ
ਬਿਹਤਰੀਨ ਸਾਲ ਕਿ
ਕਦੇ ਕਦੇ ਬਿਨਾਂ ਪਿਆ
ਨਾ ਹੋਵੇ। ਇਸ ਤਰ੍ਹਾਂ
ਅਜਿਹੀ ਸਥਿਤੀ ਵਿ
ਲਗ ਜਾਂਦੇ ਹਨ ਕਿ
ਹੀ ਮਾਪਾ ਹੋਵੇ, ਬਨਿ
ਲੜਾਈ ਕਰਦੇ ਹੋਣ

ਮੋਹਨ ਨੂੰ ਅ
ਪਰ ਉਸਦੀ ਸ਼ਾਦੀ ਦੇ
ਦੇ ਮਾਮਲੇ ਵਿਚ ਕੁ
ਵਿਆਹਾਂ ਦੇ ਫ਼ੈਸਲੇ
ਵਾਲੇ ਲੋਕਾਂ ਵਲੋਂ
ਪਹਿਲੀ ਲੋੜ ਪੈਸੇ
ਕਾਰੋਬਾਰ ਵਿਚ,
ਵਿਆਹ ਹੁੰਦਾ ਹੈ
ਕਰਦਾ ਕਿ ਜਿਸ ਨ
ਸਾਥੀ ਬਣਨ ਦੀ ਸ
ਕਿਹਾ ਜਾਂਦਾ ਹੈ ਉ
ਬਹੁਤ ਭਾਰੂ ਹੁੰਦੀ
ਕਾਹਲੇ ਹੁੰਦੇ ਹਨ
ਅਕਸਰ ਲਾੜੀ ਰ
ਹੁੰਦੀ ਹੈ। ਭਾਵੇਂ
ਦੀ ਇੱਛਾ ਘਟਣ
ਦੂਜੇ ਦੇ ਸਰੀਰਕ
ਹੌਲ਼ੀ ਉਨ੍ਹਾਂ ਦੀਆ
ਹੋਇਆ ਜੋੜਾ ਇ

ਤਕ ਮੌਜ ਮੇਲਾ ਸੀ। ਉਸ ਮਹਿਸੂਸ ਕੀਤਾ ਕਿ ਕਿਸੇ ਇਕ ਔਰਤ ਦੇ ਚੁੰਗਲ ਵਿਚ ਫਸਣ ਨਾਲੋਂ ਖੁਲ੍ਹੇ ਸਬੰਧ ਕਿਤੇ ਚੰਗੇ ਸਨ ਅਤੇ ਇਕ ਔਰਤ ਨਾਲ ਬੱਝਣ ਕਾਰਨ ਉਹ ਹੋਰਾਂ ਔਰਤਾਂ ਦੇ ਸੰਗ ਤੋਂ ਵੀ ਵਿਰਵਾ ਹੋ ਗਿਆ ਸੀ। ਇਹ ਗੱਲ ਮੰਨਣ ਵਾਲੀ ਹੈ ਕਿ ਕਿਸੇ ਵੀ ਮਰਦ ਜਾਂ ਔਰਤ ਨੂੰ ਜਿਉਣ ਲਈ ਇਕੋ ਹੀ ਜੀਵਨ ਮਿਲਿਆ ਹੈ। ਕਿਸੇ ਨੂੰ ਵੀ ਆਪਣੀ ਜ਼ਿੰਦਗੀ ਦੇ ਬਿਹਤਰੀਨ ਸਾਲ ਕਿਸੇ ਐਸੀ ਧਿਰ ਨਾਲ ਬੱਝ ਕੇ ਵਰਬਾਦ ਨਹੀਂ ਕਰਨੇ ਚਾਹੀਦੇ ਜਿਸ ਨਾਲ ਕਦੇ ਕਦੇ ਬਿਨਾਂ ਪਿਆਰ ਦੇ ਸਰੀਰਕ ਸਬੰਧ ਕਾਇਮ ਕਰਨ ਤੋਂ ਬਿਨਾਂ ਹੋਰ ਕੋਈ ਵੀ ਸਾਂਝ ਨਾ ਹੋਵੇ। ਇਸ ਤਰ੍ਹਾਂ ਦੇ ਵਿਆਹ-ਸਬੰਧ ਖਤਮ ਕਰਨ ਨਾਲ ਦੋਹਾਂ ਨੂੰ ਹੀ ਲਾਭ ਹੋਵੇਗਾ। ਅਜਿਹੀ ਸਥਿਤੀ ਵਿਚ ਸਭ ਤੋਂ ਵੱਧ ਤਕਲੀਫ ਬੱਚਿਆਂ ਨੂੰ ਹੁੰਦੀ ਹੈ। ਬੱਚੇ ਵੀ ਇਹ ਸੋਚਣ ਲਗ ਜਾਂਦੇ ਹਨ ਕਿ ਉਹ ਕਿਸੇ ਐਸੇ ਘਰ ਵਿਚ ਜ਼ਿਆਦਾ ਚੈਨ ਮਹਿਸੂਸ ਕਰਨਗੇ ਜਿਥੇ ਇਕੋ ਹੀ ਮਾਪਾ ਹੋਵੇ, ਬਨਿਸਪਤ ਐਸੇ ਘਰ ਦੇ ਜਿਥੇ ਮਾਤਾ ਪਿਤਾ ਹਰ ਵੇਲੇ ਹੀ ਇਕ ਦੂਜੇ ਨਾਲ ਲੜਾਈ ਕਰਦੇ ਹੋਣ।

ਮੋਹਨ ਨੂੰ ਅਕਸਰ ਪਿਛਲੀਆਂ ਗੱਲਾਂ ਉਤੇ ਝਾਤ ਮਾਰਨ ਦੀ ਆਦਤ ਨਹੀਂ ਸੀ। ਪਰ ਉਸਦੀ ਸ਼ਾਦੀ ਦੇ ਸਾਲਾਂ ਦੌਰਾਨ ਹੁੰਦੀਆਂ ਲੜਾਈਆਂ ਕਾਰਨ ਉਹ ਸ਼ਾਦੀ ਅਤੇ ਪਿਆਰ ਦੇ ਮਾਮਲੇ ਵਿਚ ਕੁਝ ਹੱਦ ਤੱਕ ਦਾਰਸ਼ਨਿਕ ਬਣ ਗਿਆ ਸੀ। ਉਸ ਇਹ ਸਿੱਟਾ ਕੱਢਿਆ ਕਿ ਵਿਆਹਾਂ ਦੇ ਫ਼ੈਸਲੇ ਸਵਰਗ ਵਿਚ ਨਹੀਂ ਕੀਤੇ ਜਾਂਦੇ, ਸਗੋਂ ਇਹ ਜ਼ਮੀਨ ਉਤੇ ਰਹਿਣ ਵਾਲੇ ਲੋਕਾਂ ਵਲੋਂ ਜ਼ਮੀਨ ਉਤੇ ਹੀ ਜ਼ਮੀਨੀ ਕਾਰਨਾਂ ਕਰਕੇ ਹੀ ਕੀਤੇ ਜਾਂਦੇ ਹਨ। ਸਭ ਤੋਂ ਪਹਿਲੀ ਲੋੜ ਪੈਸੇ ਦੀ ਹੈ। ਇਹ ਪੈਸਾ ਜਾਇਦਾਦ ਦੇ ਰੂਪ ਵਿਚ ਹੋ ਸਕਦਾ ਹੈ, ਇਕ ਚੰਗੇ ਕਾਰੋਬਾਰ ਵਿਚ, ਜਾਂ ਫਿਰ ਚੰਗੀ ਤਨਖਾਹ ਵਾਲੀ ਨੌਕਰੀ ਵਿਚ। ਜਦੋਂ ਕਿਸੇ ਜੋੜੇ ਦਾ ਵਿਆਹ ਹੁੰਦਾ ਹੈ ਤਾਂ ਉਨ੍ਹਾਂ ਵਿਚੋਂ ਕੋਈ ਵੀ ਇਸ ਗੱਲ ਦੀ ਖੋਜ ਕਰਨ ਦੀ ਚਿੰਤਾ ਨਹੀਂ ਕਰਦਾ ਕਿ ਜਿਸ ਬੰਦੇ ਨਾਲ ਉਹ ਸ਼ਾਦੀ ਕਰਨ ਜਾ ਰਹੇ ਹਨ ਉਹ ਜੀਵਨ ਭਰ ਦਾ ਚੰਗਾ ਸਾਥੀ ਬਣਨ ਦੀ ਸਮਰੱਥਾ ਵੀ ਰਖਦਾ ਹੈ ਕਿ ਨਹੀਂ। ਜਿਸ ਵੇਲੇ ਉਨ੍ਹਾਂ ਨੂੰ ਹਾਂ ਕਹਿਣ ਲਈ ਕਿਹਾ ਜਾਂਦਾ ਹੈ ਉਦੋਂ ਉਹ ਅਜੇ ਕਮਸਿਨ ਹੁੰਦੇ ਹਨ। ਸੈਕਸ ਪ੍ਰਤੀ ਉਨ੍ਹਾਂ ਦੀਆਂ ਭਾਵਨਾਵਾਂ ਬਹੁਤ ਭਾਰੂ ਹੁੰਦੀਆਂ ਹਨ ਅਤੇ ਦੋਵੇਂ ਹੀ ਇਕ ਦੂਜੇ ਦੇ ਸਰੀਰਾਂ ਦੇ ਭੇਤ ਜਾਣਨ ਲਈ ਕਾਹਲੇ ਹੁੰਦੇ ਹਨ। ਇਸ ਤਰ੍ਹਾਂ ਪਹਿਲੇ ਕੁਝ ਦਿਨ ਲੰਘ ਜਾਂਦੇ ਹਨ। ਇਸ ਸਮੇਂ ਦੌਰਾਨ ਹੀ ਅਕਸਰ ਲਾੜੀ ਗਰਭਵਤੀ ਹੋ ਜਾਂਦੀ ਹੈ। ਫਿਰ ਹੌਲ਼ੀ-ਹੌਲ਼ੀ ਸੈਕਸ ਦੀ ਇੱਛਾ ਘਟਣੀ ਸ਼ੁਰੂ ਹੁੰਦੀ ਹੈ। ਭਾਵੇਂ ਉਹ ਨਿਰੋਧਕ ਵਸਤਾਂ ਦੀ ਵਰਤੋਂ ਵੀ ਕਰਨ ਤਾਂ ਵੀ ਤੁਰਤ ਫੁਰਤ ਸੈਕਸ ਦੀ ਇੱਛਾ ਘਟਣ ਲਗਦੀ ਹੈ। ਇਹ ਇਕ ਸਾਧਾਰਨ ਮਾਮਲਾ ਬਣ ਕੇ ਰਹਿ ਜਾਂਦਾ ਹੈ। ਇਕ ਦੂਜੇ ਦੇ ਸਰੀਰਕ ਸਾਥ ਦੌਰਾਨ ਜਿਨ੍ਹਾਂ ਲੋਕਾਂ ਨੂੰ ਨਜ਼ਰ ਅੰਦਾਜ਼ ਕੀਤਾ ਹੁੰਦਾ ਹੈ ਉਹ ਹੌਲ਼ੀ ਹੌਲ਼ੀ ਉਨ੍ਹਾਂ ਦੀਆਂ ਸੈਕਸ ਕਲਪਨਾਵਾਂ ਦੇ ਪਾਤਰ ਬਣਨ ਲਗਦੇ ਹਨ। ਕੋਈ ਵਿਆਹਿਆ ਹੋਇਆ ਜੋੜਾ ਇਕ ਦੂਜੇ ਨਾਲ ਕਿੰਨਾ ਵੀ ਨੇੜੇ ਕਿਉਂ ਨਾ ਹੋਵੇ, ਇਸ ਗੱਲ ਦੀ ਸੰਭਾਵਨਾ

ਸਦਾ ਬਰਕਰਾਰ ਰਹਿੰਦੀ ਹੈ ਕਿ ਕਿਸੇ ਹੋਰ ਮਰਦ ਜਾਂ ਔਰਤ ਨਾਲ ਵਿਆਹ ਪਾਰ ਦੇ ਸੰਬੰਧ ਕਾਇਮ ਕੀਤੇ ਜਾ ਸਕਣ। ਜਦੋਂ ਕੋਈ ਐਸਾ ਮੌਕਾ ਆਵੇ ਕਿ ਸਬੰਧਾਂ ਨੂੰ ਗੁਪਤ ਰੱਖ ਸਕਣ ਦੀ ਗਾਰੰਟੀ ਹੋਵੇ ਤਾਂ ਉਹ ਇਸ ਤਰ੍ਹਾਂ ਦੇ ਸਬੰਧ ਬਣਾ ਵੀ ਲੈਂਦੇ ਹਨ।

ਮੋਹਨ ਦਾ ਵਿਚਾਰ ਸੀ ਕਿ ਕਦੇ ਕਦੇ ਬਾਹਰ ਮੂੰਹ ਮਾਰਨ ਨਾਲ ਵਿਆਹ ਦੀ ਸੰਸਥਾ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ, ਸਗੋਂ ਕਈ ਵਾਰੀ ਤਾਂ ਇਸ ਨਾਲ ਵਿਆਹ ਹੋਰ ਮਜ਼ਬੂਤ ਹੁੰਦਾ ਹੈ। ਖਾਸ ਕਰਕੇ ਐਸੇ ਮਾਮਲਿਆਂ ਵਿਚ ਜਿਥੇ ਪਤੀ ਆਪਣੀ ਪਤਨੀ ਨੂੰ ਇਨਾ ਸਰੀਰਕ ਸੁਖ ਨਹੀਂ ਦੇ ਸਕਦਾ ਜਿੰਨੀ ਉਸਨੂੰ ਲੋੜ ਹੁੰਦੀ ਹੈ, ਜਾਂ ਫਿਰ ਉਥੇ ਜਿਥੇ ਪਤਨੀ ਠੰਡੀ ਹੋਵੇ। ਇਸ ਤਰ੍ਹਾਂ ਦੇ ਸਬੰਧਾਂ ਨੂੰ ਨਾਜਾਇਜ਼ ਕਹਿਣਾ ਮੂਰਖਤਾ ਸੀ। ਅਕਸਰ ਹੀ ਇਨ੍ਹਾਂ ਸਬੰਧਾਂ ਕਾਰਨ ਵਿਆਹ ਟੁੱਟਣੋਂ ਬਚਦੇ ਹਨ। ਉਸਦਾ ਆਪਣਾ ਵਿਆਹ ਵੀ ਇਸੇ ਤਰ੍ਹਾਂ ਬਚ ਸਕਦਾ ਸੀ।

ਮੋਹਨ ਨੂੰ ਸਭ ਤੋਂ ਵੱਧ ਚਿੰਤਾ ਇਸ ਗੱਲ ਦੀ ਸੀ ਕਿ ਉਸਦੇ ਦੋਸਤਾਂ ਦੇ ਘੇਰੇ ਵਿਚ ਕਿਸ ਤਰ੍ਹਾਂ ਦੀ ਗੱਪ ਬਾਜ਼ੀ ਚਲਦੀ ਹੋਵੇਗੀ। ਉਨ੍ਹਾਂ ਵਿਚੋਂ ਬਹੁਤਿਆਂ ਨੂੰ ਪਤਾ ਸੀ ਕਿ ਉਸਦਾ ਵਿਆਹੁਤਾ ਜੀਵਨ ਠੀਕ ਤਰ੍ਹਾਂ ਨਹੀਂ ਸੀ ਚਲ ਰਿਹਾ। ਕਲੱਬ ਦੀ ਬਾਰ ਵਿਚ ਉਹ ਇੱਕਲਾ ਹੀ ਜਾਂਦਾ ਸੀ ਤਾਂ ਉਸਨੂੰ ਕਈ ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਸਨ। ਊਸ਼ਾ ਮਲਹੋਤਰਾ ਨੇ ਇਕ ਦਿਨ ਰਤਾ ਕੁ ਉਚੀ ਆਵਾਜ਼ ਵਿਚ ਕਿਹਾ ਸੀ, ''ਸੋਨੂ ਦਾ ਕੀ ਹਾਲ ਹੈ? ਉਹ ਸ਼ਹਿਰੋਂ ਬਾਹਰ ਗਈ ਹੋਈ ਹੈ?'' ਜਦੋਂ ਉਹ ਇਹ ਸਵਾਲ ਪੁੱਛ ਰਹੀ ਸੀ ਤਾਂ ਉਹਦੇ ਚਿਹਰੇ ਉਤੇ ਵਿਅੰਗਮਈ ਮੁਸਕਰਾਹਟ ਸੀ। ਉਹਨੂੰ ਪਤਾ ਲਗ ਗਿਆ ਸੀ ਕਿ ਊਸ਼ਾ ਕੀ ਕਹਿਣਾ ਚਾਹੁੰਦੀ ਹੈ। ਇਸ ਲਈ ਉਹਨੇ ਮੋੜਵਾਂ ਹਮਲਾ ਕੀਤਾ ਸੀ, ''ਤੇਰੇ ਪਤੀ ਦਾ ਕੀ ਹਾਲ ਹੈ? ਤੇਰੇ ਪਤੀ ਦੀ ਤੇਰੇ ਦੋਸਤ ਮੁੰਡੇ ਨਾਲ ਠੀਕ ਬਣਦੀ ਐ ਨਾ?'' ਅਜਿਹੀ ਗੱਲ ਨਾਲ ਉਹ ਚੁੱਪ ਹੋ ਗਈ। ਉਸ ਕਿਸਮ ਦੀਆਂ ਹੋਰ ਔਰਤਾਂ ਵੀ ਚੁੱਪ ਕਰ ਜਾਂਦੀਆਂ। ਉਹਨੂੰ ਪਤਾ ਸੀ ਕਿ ਉਸਨੂੰ ਜਾਣਨ ਵਾਲੇ ਲੋਕਾਂ ਵਿਚੋਂ ਕੋਈ ਵੀ, ਭਾਵੇਂ ਉਹ ਮਰਦ ਹੋਵੇ ਜਾਂ ਔਰਤ, ਆਪਣੀ ਸ਼ਾਦੀ ਤੋਂ ਪੂਰਾ ਖੁਸ਼ ਨਹੀਂ ਸੀ। ਉਹ ਦਿਨ ਕੱਟ ਰਹੇ ਸਨ ਅਤੇ ਇਕ ਦੂਜੇ ਪ੍ਰਤੀ ਸ਼ਿਕਾਇਤ ਵੀ ਕਰਦੇ ਸਨ। ਕਿਸੇ ਵਿਚ ਏਨਾ ਹੌਸਲਾ ਨਹੀਂ ਸੀ ਕਿ ਉਹ ਤੋੜ ਵਿਛੋੜਾ ਕਰ ਲੈਣ। ਢੱਠੇ ਖੂਹ ਵਿਚ ਪੈਣ ਸਾਰੇ! ਉਸਨੂੰ ਮਹਿਸੂਸ ਹੋਇਆ ਜਿਵੇਂ ਉਸ ਦੀਆਂ ਪੁੜਪੁੜੀਆਂ ਗੁੱਸੇ ਨਾਲ ਕੰਬ ਰਹੀਆਂ ਹੋਣ।

ਮੋਹਨ ਸੂਰਜ ਡੁੱਬਣ ਤੋਂ ਬਾਅਦ ਵੀ ਲੰਬਾ ਸਮਾਂ ਤਕ ਬਾਲਕਾਨੀ ਵਿਚ ਬੈਠਾ ਰਿਹਾ। ਉਸਦੇ ਨੌਕਰ ਨੇ ਬੈਠਕ ਵਾਲੇ ਕਮਰੇ ਵਿਚ ਰੌਸ਼ਨੀਆਂ ਜਗਾ ਦਿਤੀਆਂ ਅਤੇ ਉਸ ਲਈ ਵਿਸਕੀ, ਗਿਲਾਸ, ਸੋਡਾ ਅਤੇ ਬਰਫ ਰਖ ਦਿਤੀ। ਮੋਹਨ ਖਾਲੀ ਘਰ ਵਿਚ ਜਾਣ ਤੋਂ ਹਿਚਕਿਚਾ ਰਿਹਾ ਸੀ ਜਿਥੇ ਹੁਣ ਉਸਦੇ ਬੱਚੇ ਸ਼ੋਰ ਸ਼ਰਾਬਾ ਨਹੀਂ ਸਨ ਕਰ ਰਹੇ ਅਤੇ ਨਾ ਹੀ ਉਸਦੀ ਮੂੰਹ ਫੁਲਾ ਕੇ ਬੈਠੀ ਪਤਨੀ ਉਨ੍ਹਾਂ ਬਾਰੇ ਸ਼ਿਕਾਇਤਾਂ ਕਰ ਰਹੀ ਸੀ।

ਉਹ ਉਨੀ ਦੇਰ ਤਕ ਸਿਗਾਰ ਪੀਂਦਾ ਰਿਹਾ, ਜਦੋਂ ਤਕ ਇਸਦਾ ਆਖਰੀ ਸਿਰਾ ਹੀ ਬਚਿਆ ਸੀ। ਫਿਰ ਉਸਨੇ ਇਹ ਸਿਗਾਰ ਬਾਗ ਵਿਚ ਸੁੱਟ ਦਿੱਤਾ ਜਿਥੇ ਬੀਂਡੇ ਲਗਾਤਾਰ

ਬੋਲ ਰਹੇ ਸਨ। ਉਹ ਪੈਰ ਧਰੂੰਦਾ ਹੋਇਆ ਬੈਠਕ ਵਿਚ ਪਹੁੰਚਿਆ ਜਿਥੇ ਮੁਕੰਮਲ ਸਾਂਤੀ ਸੀ। ਉਸ ਟੈਲੀਵਿਜ਼ਨ ਚਲਾਇਆ ਅਤੇ ਖ਼ਬਰਾਂ ਸੁਣਨ ਲੱਗਾ। ਆਪਣੇ ਪਸੰਦੀਦਾ ਸੀਸੇ ਦੇ ਗਿਲਾਸ ਵਿਚ ਉਹਨੇ ਸਕਾਚ ਦਾ ਵੱਡਾ ਪੈਗ ਪਾਇਆ ਅਤੇ ਟੀ ਵੀ ਦੇ ਸਾਹਮਣੇ ਬੈਠ ਗਿਆ। ਉਹਦੀਆਂ ਅੱਖਾਂ ਤਾਂ ਤਸਵੀਰਾਂ ਦੇਖ ਰਹੀਆਂ ਸਨ, ਪਰ ਕੰਨ ਟੀ ਵੀ ਤੋਂ ਆਉਂਦੀ ਆਵਾਜ਼ ਨਹੀਂ ਸਨ ਸੁਣ ਰਹੇ।

ਉਸਨੇ ਪਹਿਲਾ ਦੂਜਾ ਪੈੱਗ ਪਾਇਆ ਅਤੇ ਫਿਰ ਤੀਜਾ। ਰਿਮੋਟ ਕੰਟਰੋਲ ਲੈ ਕੇ ਉਹ ਇਕ ਤੋਂ ਬਾਅਦ ਦੂਜੇ ਚੈਨਲ ਬਦਲਦਾ ਗਿਆ। ਕਿਤੇ ਗੀਤ ਅਤੇ ਗਾਣੇ ਸਨ, ਕਿਤੇ ਸੁਆਲ ਜੁਆਬ ਸਨ, ਕਿਤੇ ਕੋਈ ਚੀਤਾ, ਹਿਰਨ ਨੂੰ ਮਾਰ ਰਿਹਾ ਸੀ, ਕਿਤੇ ਸਿਆਸਤਦਾਨ ਬੇਸ਼ਰਮੀ ਨਾਲ ਝੂਠ ਬੋਲ ਰਹੇ ਸਨ ਅਤੇ ਇਕ ਦੂਜੇ ਨੂੰ ਗਾਲੀਆਂ ਦੇ ਰਹੇ ਸਨ, ਕਿਤੇ ਫਿਲਮ ਹੀਰੋਇਨਾਂ ਮੋਟੇ ਨਾਇਕਾਂ ਨਾਲ ਇਸ਼ਕ ਫਰਮਾ ਰਹੀਆਂ ਸਨ ਅਤੇ ਕਿਤੇ ਬੱਚੇ ਦੇਸ਼ ਭਗਤੀ ਦੇ ਗੀਤ ਗਾ ਰਹੇ ਸਨ। ਉਸਦੀ ਕਿਸੇ ਵਿਚ ਵੀ ਦਿਲਚਸਪੀ ਨਹੀਂ ਸੀ ਬਣੀ। ਉਸਨੇ ਸਕਾਚ ਦਾ ਚੌਥਾ ਪੈੱਗ ਪਾ ਲਿਆ। ਤਿੰਨ ਤੋਂ ਵੱਧ ਉਹ ਕਦੇ ਘੱਟ ਹੀ ਪੀਂਦਾ ਹੁੰਦਾ ਸੀ। ਉਹਨੂੰ ਲੱਗਾ ਕਿ ਉਹ ਰਤਾ ਕੁ ਸ਼ਰਾਬੀ ਹੋ ਗਿਆ ਹੈ। ਉਹਨੇ ਨੌਕਰ ਨੂੰ ਕਿਹਾ ਕਿ ਰਾਤ ਦਾ ਖਾਣਾ ਮੇਜ਼ ਤੇ ਲਾ ਦੇਵੇ ਅਤੇ ਨਾਲ ਇਹ ਵੀ ਕਿਹਾ ਕਿ ਉਹ ਅਤੇ ਰਸੋਈਆ ਆਪੋ ਆਪਣੇ ਕਮਰਿਆਂ ਵਿਚ ਜਾ ਕੇ ਸੌਂ ਜਾਣ। ਉਸਨੇ ਕੁਰਸੀ ਆਪਣੇ ਕੋਲ ਖਿੱਚੀ ਅਤੇ ਆਪਣੀਆਂ ਲੱਤਾਂ ਇਸ ਕੁਰਸੀ ਉਤੇ ਰੱਖ ਦਿਤੀਆਂ। ਟੈਲੀਵਿਜ਼ਨ ਅਤੇ ਕਮਰੇ ਦੀਆਂ ਰੌਸ਼ਨੀਆਂ ਬੰਦ ਕੀਤੇ ਬਗੈਰ ਹੀ ਉਹ ਬੈਠਾ ਬੈਠਾ ਸੌਂ ਗਿਆ। ਵੱਡੇ ਤੜਕੇ ਜਦੋਂ ਉਹ ਜਾਗਿਆ ਤਾਂ ਉਹਦੀ ਧੌਣ ਆਕੜੀ ਪਈ ਸੀ। ਉਹਨੇ ਟੈਲੀਵਿਜ਼ਨ ਤੇ ਮਕਾਨ ਅੰਦਰਲੀਆਂ ਰੌਸ਼ਨੀਆਂ ਬੰਦ ਕੀਤੀਆਂ। ਰਾਤ ਦਾ ਖਾਣਾ ਉਸਨੇ ਨਹੀਂ ਖਾਧਾ ਸੀ। ਉਠ ਕੇ ਉਹ ਬਿਸਤਰੇ ਵਿਚ ਲੰਮਾ ਪੈ ਗਿਆ। ਜਾਂਦੇ ਸਾਰ ਹੀ ਉਸਨੂੰ ਨੀਂਦ ਆ ਗਈ ਅਤੇ ਉਹ ਆਪਣੇ ਚਿਹਰੇ ਉਤੇ ਸਿਰਾਣਾ ਰਖ ਕੇ ਸੌਂ ਗਿਆ।

ਅਗਲੀ ਸਵੇਰੇ ਮੋਹਨ ਇਹ ਫ਼ੈਸਲਾ ਕਰਕੇ ਉੱਠਿਆ ਕਿ ਆਪਣੀ ਨਵੀਂ ਸਥਿਤੀ ਦੇ ਅਨੁਕੂਲ ਢਲ ਜਾਵੇਗਾ। ਜ਼ਿੰਦਗੀ ਵਿਚ ਉਹਨੇ ਬੜਾ ਕੁਝ ਹਾਸਿਲ ਕੀਤਾ ਸੀ। ਉਹਦੀ ਕੰਪਨੀ ਹਰ ਮਹੀਨੇ ਉਹਨੂੰ 20 ਲੱਖ ਤੋਂ ਵੱਧ ਦੀ ਕਮਾਈ ਕਰਕੇ ਦਿੰਦੀ ਸੀ। ਉਸਦੀ ਸ਼ਕਲ ਸੂਰਤ ਅਤੇ ਵਰਤੋਂ ਵਿਹਾਰ ਇਸ ਤਰ੍ਹਾਂ ਦਾ ਸੀ ਕਿ ਔਰਤਾਂ ਉਸ ਵੱਲ ਆਕਰਸ਼ਿਤ ਹੋ ਸਕਦੀਆਂ ਸਨ। ਉਹ ਦਿੱਲੀ ਦੀਆਂ ਤਿੰਨ ਅਮੀਰ ਕਲੱਬਾਂ ਦਾ ਮੈਂਬਰ ਸੀ-ਦਿੱਲੀ ਗੋਲਫ ਕਲੱਬ, ਜਿਮਖਾਨਾ ਕਲੱਬ ਅਤੇ ਇੰਡੀਆ ਇੰਟਰਨੈਸ਼ਨਲ ਸੈਂਟਰ। ਜੇ ਕਮੀ ਸੀ ਤਾਂ ਕਿਸੇ ਔਰਤ ਦੀ ਸੀ ਜਿਹੜੀ ਉਹਦਾ ਸਾਥ ਦੇ ਸਕਦੀ ਅਤੇ ਬਿਨਾਂ ਕਿਸੇ ਸ਼ਰਤ ਦੇ ਜਾਂ ਕਬਜ਼ੇ ਦੀ ਭਾਵਨਾ ਦੇ ਉਹਦੇ ਨਾਲ ਬਿਸਤਰਾ ਸਾਂਝਾ ਕਰ ਸਕਦੀ।

*****

ਉਸ ਫ਼ੈਸਲਾ ਕਰ ਲਿਆ ਸੀ ਕਿ ਉਹ ਸੋਨੂ ਨਾਲ ਕੋਈ ਸਬੰਧ ਨਹੀਂ ਰਖੇਗਾ, ਪਰ ਬੱਚਿਆਂ ਨਾਲ ਸੰਪਰਕ ਕਾਇਮ ਰਖੇਗਾ। ਉਹਨੂੰ ਪਤਾ ਸੀ ਕਿ ਉਹ ਲੰਮੇ ਸਮੇਂ ਤਕ ਕਿਸੇ ਔਰਤ ਦੇ ਸਾਥ ਤੋਂ ਬਿਨਾਂ ਨਹੀਂ ਰਹਿ ਸਕਦਾ। ਉਹ ਆਪਣੇ ਦੋਸਤਾਂ ਦੀਆਂ ਪਤਨੀਆਂ ਨਾਲ ਇਸ਼ਕ ਫ਼ਰਮਾਉਣ ਬਾਰੇ ਨਹੀਂ ਸੀ ਸੋਚ ਰਿਹਾ। ਨਾ ਹੀ ਕੁਆਰੀਆਂ ਕੁੜੀਆਂ ਨਾਲ ਸਬੰਧ ਬਣਾਉਣ ਦੇ ਉਸਦੇ ਇਰਾਦੇ ਸਨ, ਕਿਉਂਕਿ ਕੁਆਰੀਆਂ ਕੁੜੀਆਂ ਦੀ ਇਹ ਇੱਛਾ ਹੁੰਦੀ ਹੈ ਕਿ ਬਾਅਦ ਵਿਚ ਉਸ ਨਾਲ ਸ਼ਾਦੀ ਵੀ ਹੋ ਜਾਵੇ। ਇਸੇ ਕਾਰਨ ਉਹ ਨੌਜਵਾਨ ਵਿਧਵਾਵਾਂ ਦੇ ਨਾਂ ਵੀ ਆਪਣੀ ਸੂਚੀ ਵਿਚੋਂ ਕੱਟ ਰਿਹਾ ਸੀ। ਉਹ ਕਿਸੇ ਐਸੀ ਔਰਤ ਦੀ ਭਾਲ ਵਿਚ ਸੀ ਜਿਹੜੀ ਉਹਦੇ ਬਰਾਬਰ ਦੀ ਉਮਰ ਦੀ ਹੋਵੇ, 40 ਦੇ ਕਰੀਬ ਜਾਂ ਇਸ ਤੋਂ ਰਤਾ ਕੁ ਛੋਟੀ, ਚੰਗੇ ਸੁਭਾਅ ਵਾਲੀ ਅਤੇ ਐਸੀ ਜਿਹੜੀ ਕੁਝ ਹਫਤੇ ਜਾਂ ਮਹੀਨੇ ਉਹਦੇ ਨਾਲ ਰਹਿ ਸਕੇ। ਉਹ ਉਸ ਔਰਤ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਸੀ। ਇਨ੍ਹਾਂ ਲੋੜਾਂ ਵਿਚ ਡਰਾਈਵਰ ਵਾਲੀ ਕਾਰ, ਖਰੀਦੋ ਫਰੋਖਤ ਲਈ ਪੈਸੇ, ਘਰ, ਕਲੱਬ ਅਤੇ ਸਿਨੇਮਾ ਅਤੇ ਰੇਸਤਰਾਵਾਂ ਦੇ ਸੁੱਖ ਆਦਿ ਸ਼ਾਮਲ ਸਨ। ਕਿਸੇ ਔਰਤ ਨੂੰ ਇਸ ਤੋਂ ਵੱਧ ਕੀ ਚਾਹੀਦਾ ਹੈ? ਇਸ ਨੂੰ ਵੇਸਵਾਗਮਨੀ ਨਹੀਂ ਕਿਹਾ ਜਾ ਸਕਦਾ, ਨਾ ਹੀ ਇਸਨੂੰ ਰਖੇਲ ਰਖਣਾ ਹੀ ਕਿਹਾ ਜਾ ਸਕਦਾ ਹੈ। ਇਹ ਤਾਂ ਇਕ ਸਤਿਕਾਰਯੋਗ ਸਾਥ ਸੀ ਜਿਸ ਵਿਚ ਕਿਤੇ ਕਿਤੇ ਸੈਕਸ ਵੀ ਸ਼ਾਮਲ ਸੀ। ਜੋ ਕੁਝ ਉਹ ਮਨ ਵਿਚ ਸੋਚ ਰਿਹਾ ਸੀ, ਉਸ ਪੇਸ਼ਕਸ਼ ਨੂੰ ਪ੍ਰਵਾਨ ਕਰਨ ਵਾਲੀਆਂ ਔਰਤਾਂ ਕਿਥੋਂ ਮਿਲਣਗੀਆਂ? ਅਗਲੇ ਕੁਝ ਹਫਤੇ ਉਹ ਐਤਵਾਰਾਂ ਦੇ ਦਿਨ ਵੱਡੀਆਂ ਅਖ਼ਬਾਰਾਂ ਦੇ ਸ਼ਾਦੀ ਵਾਲੇ ਕਾਲਮ ਪੜ੍ਹਦਾ ਰਿਹਾ। ਉਹਨੇ 'ਦ ਟਾਈਮਜ਼ ਆਫ ਇੰਡੀਆ', 'ਦ ਇੰਡੀਅਨ ਐਕਸਪ੍ਰੈਸ', 'ਦ ਹਿੰਦੂ', 'ਦ ਟ੍ਰਿਬਿਊਨ' ਦੇ ਕਾਲਮ ਪੜ੍ਹ ਮਾਰੇ। ਪਰ ਇਨ੍ਹਾਂ ਵਿਚੋਂ ਉਸਨੂੰ ਉਸ ਤਰ੍ਹਾਂ ਦਾ ਕੁਝ ਨਾ ਲੱਭਾ ਜਿਸ ਤਰ੍ਹਾਂ ਦੀ ਉਸਨੂੰ ਭਾਲ ਸੀ। ਵਿਆਹ ਦੇ ਇਸ਼ਤਿਹਾਰਾਂ ਵਿਚ ਜਾਤ ਪਾਤ ਦੀਆਂ ਗੱਲਾਂ ਕੀਤੀਆਂ ਹੋਈਆਂ ਸਨ, ਗੋਰੀ ਚਮੜੀ ਦੀਆਂ ਗੱਲਾਂ ਸਨ, ਪੈਸਿਆਂ ਦਾ ਜ਼ਿਕਰ ਸੀ ਅਤੇ ਜਿਥੇ ਕਿਤੇ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਦਾ ਜ਼ਿਕਰ ਨਹੀਂ ਸੀ, ਉਥੇ ਕੁੜੀਆਂ ਦੇ ਕੁਆਰੇਪਣ ਉਤੇ ਜ਼ੋਰ ਦਿਤਾ ਗਿਆ ਸੀ। ਇਨ੍ਹਾਂ ਸਾਰੇ ਇਸ਼ਤਿਹਾਰਾਂ ਵਿਚ ਹੀ ਵਿਆਹ ਦੀ ਗੱਲ ਕੀਤੀ ਗਈ ਸੀ ਕੇਵਲ ਸਾਥ ਦੀ ਨਹੀਂ। ਇਥੋਂ ਹੀ ਉਸਨੂੰ ਇਕ ਖਿਆਲ ਆਇਆ ਕਿ ਉਹ ਆਪਣੀਆਂ ਲੋੜਾਂ ਦੱਸਦੇ ਹੋਏ ਅਖ਼ਬਾਰਾਂ ਵਿਚ ਇਸ਼ਤਿਹਾਰ ਦੇਵੇ। ਹੋ ਸਕਦਾ ਹੈ ਕਿ ਇਹ ਵਿਆਹ ਵਾਲੇ ਕਾਲਮਾਂ ਦੀਆਂ ਸ਼ਰਤਾਂ ਪੂਰੀਆਂ ਨਾ ਕਰੇ ਅਤੇ ਅਖ਼ਬਾਰਾਂ ਦੇ ਇਸ਼ਤਿਹਾਰਾਂ ਵਾਲੇ ਵਿਭਾਗ ਇਸਨੂੰ ਰੱਦ ਕਰ ਦੇਣ। ਪਰ ਕੋਸ਼ਿਸ਼ ਕਰਨ ਵਿਚ ਕੀ ਨੁਕਸਾਨ ਹੈ। ਹੋ ਸਕਦਾ ਹੈ ਕਿ ਕੋਈ ਅਖ਼ਬਾਰ ਪੈਸਿਆਂ ਦੀ ਖਾਤਰ ਇਸਨੂੰ ਪ੍ਰਵਾਨ ਕਰ ਲਵੇ। ਆਪਣੀ ਪਤਨੀ ਦੇ ਜਾਣ ਦੇ ਇਕ ਮਹੀਨੇ ਤੋਂ ਵੀ ਘੱਟ ਅਰਸੇ ਵਿਚ ਇਕ ਦਿਨ ਮੋਹਨ ਕੁਮਾਰ ਨੇ ਇਸ਼ਤਿਹਾਰ ਲਿਖਣਾ ਸ਼ੁਰੂ ਕੀਤਾ:

*ਇਵੀ ਲੀਗ ਕਾਲਜ (ਅਮਰੀਕਾ) ਦਾ ਪੜ੍ਹਿਆ ਲਿਖਿਆ 40 ਸਾਲਾ ਬੰਦਾ ਆਪਣੀ ਪਤਨੀ ਅਤੇ ਆਪਣੇ ਬੱਚਿਆਂ ਤੋਂ ਅਲੱਗ ਰਹਿ ਰਿਹਾ ਹੈ। ਤਲਾਕ ਦੀ ਅਰਜ਼ੀ ਅਦਾਲਤ ਵਿਚ ਚਲ ਰਹੀ ਹੈ। ਉਸਨੂੰ ਆਪਸੀ ਸਹਿਮਤੀ ਦੇ ਆਧਾਰ ਤੇ ਆਪਣੇ ਰਹਿਣ ਲਈ ਸਾਥ ਦੀ ਲੋੜ ਹੈ। ਦਿੱਲੀ ਤਕ ਆਉਣ ਅਤੇ ਵਾਪਸ ਜਾਣ ਦੇ ਹਵਾਈ ਕਿਰਾਏ ਤੋਂ ਬਿਨਾਂ ਖਰਚੇ ਲਈ 10 ਹਜ਼ਾਰ ਰੁਪਏ ਮਹੀਨਾ ਦਿੱਤੇ ਜਾਣਗੇ। ਇਕ ਆਰਾਮਦੇਹ ਘਰ ਵਿਚ ਮੁਫਤ ਖਾਣਾ ਤੇ ਰਿਹਾਇਸ਼ ਵੀ ਮਿਲੇਗੀ। ਤਿੰਨ ਨੌਕਰ ਤੇ ਡਰਾਈਵਰ ਵਾਲੀ ਕਾਰ ਵੀ। ਧਰਮ ਦੀ ਕੋਈ ਸ਼ਰਤ ਨਹੀਂ। ਇਨ੍ਹਾਂ ਸਬੰਧਾਂ ਵਿਚ ਦੋਵਾਂ ਪਾਸਿਆਂ ਤੋਂ ਹੀ ਕਿਸੇ ਕਿਸਮ ਦਾ ਵੀ ਕੋਈ ਬੰਧਨ ਨਹੀਂ ਹੋਵੇਗਾ। ਦਿਲਚਸਪੀ ਰਖਣ ਵਾਲੀਆਂ ਧਿਰਾਂ ਤਸਵੀਰ ਅਤੇ ਜੀਵਨ ਵੇਰਵੇ ਲਿਖ ਭੇਜਣ ਬਾਕਸ ਨੰਬਰ।*

ਉਹਨੇ ਇਹ ਖਰੜਾ ਇਕ ਦੋ ਵਾਰੀ ਪੜ੍ਹਿਆ ਅਤੇ ਸ਼ਬਦਾਂ ਦੀ ਗਿਣਤੀ ਕਰਕੇ ਹਿਸਾਬ ਲਾਇਆ ਕਿ ਇਕ ਵਾਰੀ ਛਪਣ ਦੇ ਕਿੰਨੇ ਪੈਸੇ ਲਗਣਗੇ। ਹਿੰਦੁਸਤਾਨ ਟਾਈਮਜ਼ ਦੇ ਦਰਾਂ ਮੁਤਾਬਕ ਇਸਦੇ ਕਾਫੀ ਪੈਸੇ ਬਣ ਜਾਣੇ ਸਨ। ਇਹ ਸਭ ਤੋਂ ਮਹਿੰਗਾ ਅਖ਼ਬਾਰ ਸੀ, ਉਸਨੂੰ ਇਹ ਵੀ ਪਤਾ ਸੀ ਕਿ ਇਸ ਅਖ਼ਬਾਰ ਦਾ ਕੋਈ ਵੀ ਪਾਠਕ ਹੁੰਗਾਰਾ ਨਹੀਂ ਭਰੇਗਾ। 'ਦ ਟਾਈਮਜ਼ ਆਫ ਇੰਡੀਆ' ਦੀ ਛਪਣ ਗਿਣਤੀ ਵੀ ਕਿਤੇ ਵੱਧ ਸੀ ਅਤੇ ਇਸਦੇ ਪਾਠਕ ਦੇਸ਼ ਭਰ ਵਿਚ ਫੈਲੇ ਹੋਏ ਸਨ। ਇਸਦੀਆਂ ਇਸ਼ਤਿਹਾਰਾਂ ਦੀਆਂ ਦਰਾਂ ਵੀ ਘੱਟ ਸਨ। ਇਹੀ ਹਾਲ 'ਦ ਇੰਡੀਅਨ ਐਕਸਪ੍ਰੈਸ' ਦਾ ਸੀ। ਜਿਨ੍ਹਾਂ ਕਾਰਨਾਂ ਕਰਕੇ ਉਹਨੇ 'ਦ ਹਿੰਦੁਸਤਾਨ ਟਾਈਮਜ਼' ਨੂੰ ਰੱਦ ਕੀਤਾ ਸੀ, ਉਨ੍ਹਾਂ ਕਰਕੇ ਹੀ 'ਦ ਹਿੰਦੂ' ਨੂੰ ਵੀ ਰੱਦ ਕਰ ਦਿੱਤਾ ਸੀ। ਇਨ੍ਹਾਂ ਦੀਆਂ ਦਰਾਂ ਕਾਫੀ ਉਚੀਆਂ ਸਨ ਤੇ ਪਾਠਕ ਬੜੇ ਪੁਰਾਣੇ ਖਿਆਲਾਂ ਦੇ। ਉਹਨੇ ਸ਼ੁਰੂਆਤ ਦੋ ਐਸੇ ਅਖ਼ਬਾਰਾਂ ਤੋਂ ਕਰਨ ਦਾ ਫ਼ੈਸਲਾ ਕੀਤਾ ਜਿਹੜੇ ਦੇਸ਼ ਭਰ ਵਿਚ ਕਈ ਥਾਵਾਂ ਤੋਂ ਛਪਦੇ ਸਨ। ਇਹ ਵੀ ਕਿ ਉਹ ਖ਼ੁਦ ਹੀ ਇਹ ਇਸ਼ਤਿਹਾਰ ਲੈ ਕੇ ਅਖ਼ਬਾਰਾਂ ਦੇ ਦਫਤਰ ਜਾਵੇਗਾ ਅਤੇ ਆਪਣੀ ਸਕੱਤਰ ਨੂੰ ਨਹੀਂ ਭੇਜੇਗਾ, ਕਿਉਂਕਿ ਅਖ਼ਬਾਰਾਂ ਦੇ ਦਫਤਰਾਂ ਵਿਚ ਉਸਨੂੰ ਕੋਈ ਵੀ ਨਹੀਂ ਸੀ ਜਾਣਦਾ।

ਮੋਹਨ ਆਮ ਵਾਂਗ ਹੀ ਮਿਥੇ ਸਮੇਂ ਤੇ ਦਫਤਰ ਗਿਆ। ਉਹ ਨੌ ਵਜੇ ਜਾਇਆ ਕਰਦਾ ਸੀ। ਉਹ ਸਮੇਂ ਸਿਰ ਪਹੁੰਚਦਾ ਸੀ ਅਤੇ ਆਸ ਕਰਦਾ ਸੀ ਕਿ 12 ਕਲਰਕਾਂ ਅਤੇ ਲੇਖਾਕਾਰਾਂ ਤੇ ਆਧਾਰਤ ਉਸਦਾ ਸਟਾਫ ਵੀ ਉਹਦੇ ਪਹੁੰਚਣ ਤੋਂ ਪਹਿਲਾਂ ਆਪਣੇ ਕੰਮ ਵਿਚ ਰੁਝ ਜਾਵੇ। ਉਹਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਸੀ ਕਿ ਉਸਦੀ ਸ਼ਾਦੀ ਟੁੱਟ ਜਾਣ ਬਾਰੇ ਚਰਚਾ ਛੇਤੀ ਹੀ ਉਹਦੇ ਸਟਾਫ ਤੱਕ ਪਹੁੰਚ ਜਾਏਗੀ। ਹੋ ਸਕਦਾ ਹੈ ਕਿ ਹੁਣ ਤਕ ਪਹੁੰਚ

ਚੁੱਕੀ ਹੋਵੇ। ਪਰ ਕਿਸੇ ਨੂੰ ਵੀ ਇਹ ਹਿੰਮਤ ਨਹੀਂ ਪਏਗੀ ਕਿ ਦਫਤਰ ਦੇ ਅੰਦਰ ਉਹਦੇ ਨਿੱਜੀ ਮਾਮਲਿਆਂ ਦਾ ਜ਼ਿਕਰ ਕਰੇ। ਉਹ ਆਪਣੇ ਸਟਾਫ ਨੂੰ ਉਨ੍ਹਾਂ ਵਰਗੀਆਂ ਹੋਰ ਕੰਪਨੀਆਂ ਨਾਲੋਂ ਵੱਧ ਤਨਖਾਹਾਂ ਦਿੰਦਾ ਸੀ। ਉਹ ਸਾਰੇ ਹੀ ਬਹੁਤ ਖੁਸ਼ ਸਨ।

ਉਹਨੇ ਆਪਣੇ ਨਾਂ ਇਕ ਚੈੱਕ ਲਿਖਿਆ ਅਤੇ ਮੋਟੀ ਅਤੇ ਦਰਮਿਆਨੀ ਉਮਰ ਦੀ ਆਪਣੀ ਸੈਕਟਰੀ ਬਿਮਲਾ ਸ਼ਰਮਾ ਨੂੰ ਕਿਹਾ ਕਿ ਬੈਂਕ ਤੋਂ ਪੈਸੇ ਲੈ ਕੇ ਆਵੇ। ਉਹਨੇ ਜਰਮਨੀ, ਅਮਰੀਕਾ ਅਤੇ ਰੂਸ ਤੋਂ ਆਏ ਆਰਡਰਾਂ ਉਤੇ ਝਾਤੀ ਮਾਰੀ ਅਤੇ ਆਪਣੇ ਏਜੰਟਾਂ ਨੂੰ ਸਿਲਾਈ ਕਰਨ ਵਾਲੀਆਂ ਕੰਪਨੀਆਂ ਵਲ ਭੇਜਿਆ। ਉਸਨੇ ਪਿਛਲੇ ਦਿਨ ਦੇ ਖਾਤੇ ਵੇਖੇ ਅਤੇ ਨਾਲ ਹੀ ਭੇਜੇ ਜਾਣ ਵਾਲੇ ਮਾਲ ਦੀ ਵੀ ਪਰਖ ਕੀਤੀ। ਸਭ ਕੁਝ ਠੀਕ ਠਾਕ ਸੀ। 11 ਵਜੇ ਤਕ ਉਹਨੇ ਆਪਣੇ ਮੇਜ਼ ਉਤਲਾ ਸਾਰਾ ਕੰਮ ਮੁੱਕਾ ਲਿਆ ਸੀ। ਕੰਟੀਨ ਦੇ ਬੇਅਰੇ ਨੇ ਉਹਨੂੰ ਮਿੱਥੇ ਸਮੇਂ ਤੇ ਕਾਫੀ ਦਾ ਕੱਪ ਲਿਆ ਕੇ ਦਿੱਤਾ । ਉਹਨੇ ਉਹਨੂੰ ਨਾਂਹ ਕਰਦੇ ਹੋਏ ਕਿਹਾ, ''ਮੈਂ ਬਾਹਰ ਕਾਫੀ ਪੀਣ ਜਾ ਰਿਹਾ ਹਾਂ, ਦੁਪਹਿਰ ਤੱਕ ਪਰਤਾਂਗਾ।'' ਉਹ ਹੇਠਾਂ ਗਲੀ ਵਿਚ ਪੁੱਜਾ ਜਿਥੇ ਉਹਦੀ ਮਰਸਿਡਿਜ਼ ਕਾਰ ਖੜੀ ਸੀ। ਉਹਨੇ ਡਰਾਈਵਰ ਨੂੰ ਕਿਹਾ ਕਿ ਉਹ ਖ਼ੁਦ ਕਾਰ ਚਲਾਵੇਗਾ ਅਤੇ ਨਾਲ ਹੀ ਉਹਨੂੰ ਦਫਤਰ ਬੰਦ ਹੋਣ ਤਕ ਦੇ ਸਮੇਂ ਤੱਕ ਦੀ ਛੁੱਟੀ ਦੇ ਦਿੱਤੀ।

ਉਹਦਾ ਦਫਤਰ ਨਹਿਰੂ ਪਲੇਸ ਵਿਚ ਸੀ। ਉਥੋਂ ਲੈ ਕੇ ਬਹਾਦਰ ਸ਼ਾਹ ਜ਼ਫਰ ਮਾਰਗ ਤੱਕ ਦਾ ਸਫਰ ਕਾਫੀ ਲੰਬਾ ਸਫਰ ਸੀ। ਇਹ ਇਲਾਕਾ ਦਿੱਲੀ ਦੀ ਫਲੀਟ ਸਟਰੀਟ ਕਰਕੇ ਜਾਣਿਆ ਜਾਂਦਾ ਹੈ ਜਿਥੇ ਬਹੁਤੇ ਅਖ਼ਬਾਰਾਂ ਦੇ ਦਫਤਰ ਹਨ। ਦੁਪਹਿਰ ਦਾ ਸਮਾਂ ਸੀ ਅਤੇ ਸੜਕਾਂ ਉਤੇ ਕਾਫੀ ਭੀੜ ਸੀ। 'ਦ ਟਾਈਮਜ਼ ਆਫ ਇੰਡੀਆ' ਦੀ ਇਮਾਰਤ ਤਕ ਪਹੁੰਚਣ ਤੇ ਉਸਨੂੰ ਅੱਧਾ ਘੰਟਾ ਲੱਗ ਗਿਆ। 10 ਮਿੰਟ ਹੋਰ ਉਹਨੂੰ ਕਾਰ ਖੜ੍ਹੀ ਕਰਨ ਲਈ ਜਗ੍ਹਾ ਲੱਭਣ ਵਿਚ ਲੱਗ ਗਏ। ਉਹ ਸੁਆਗਤੀ ਡੈਸਕ ਤਕ ਗਿਆ ਅਤੇ ਪੁਛਿਆ ਕਿ ਇਸ਼ਤਿਹਾਰਾਂ ਵਾਲਾ ਵਿਭਾਗ ਕਿਥੇ ਹੈ। ਉਸਨੂੰ ਇਕ ਹੋਰ ਕਾਊਂਟਰ ਉਤੇ ਭੇਜ ਦਿਤਾ ਗਿਆ। ਉਸ ਕਾਊਂਟਰ ਉਤੇ ਮੋਹਨ ਨੇ ਆਪਣੇ ਖਰੜੇ ਵਾਲਾ ਲਿਫਾਫਾ ਉਥੇ ਬੈਠੇ ਬੰਦੇ ਨੂੰ ਫੜਾਇਆ। ਕਲਰਕ ਨੇ ਪੁੱਛਿਆ, ''ਮੈਟਰੀਮੋਨੀਅਲ?'' ਮੋਹਨ ਨੇ ਹਾਂ ਵਿਚ ਸਿਰ ਹਿਲਾਇਆ। ਕਲਰਕ ਨੇ ਬਿਨਾਂ ਇਹ ਪੜ੍ਹਿਆਂ ਕਿ ਉਸ ਵਿਚ ਕੀ ਲਿਖਿਆ ਹੈ, ਅੱਖਰਾਂ ਦੀ ਗਿਣਤੀ ਕੀਤੀ ਤੇ ਕੀਮਤ ਦੱਸ ਦਿੱਤੀ। ਮੋਹਨ ਨੇ ਨਕਦ ਪੈਸੇ ਫੜਾਏ ਅਤੇ ਰਸੀਦ ਲੈ ਲਈ। ਸਾਰਾ ਕੰਮ ਹੀ ਬਹੁਤ ਆਸਾਨੀ ਨਾਲ ਹੋ ਗਿਆ ਸੀ, ਹਾਲਾਂਕਿ ਉਸਨੂੰ ਇਸਦੀ ਆਸ ਨਹੀਂ ਸੀ। ਉਹ ਪੈਦਲ ਹੀ 'ਦ ਇੰਡੀਅਨ ਐਕਸਪ੍ਰੈੱਸ' ਦੀ ਇਮਾਰਤ ਤਕ ਗਿਆ। ਇਥੇ ਵੀ ਉਸ ਕੋਲੋਂ ਬਿਨਾਂ ਕਿਸੇ ਇਤਰਾਜ਼ ਦੇ ਪੈਸੇ ਲੈ ਲਏ ਗਏ। ਮੋਹਨ ਨੇ ਰਾਹਤ ਹੀ ਨਹੀਂ ਪਾਈ, ਸਗੋਂ ਆਪਣੇ ਆਪ ਨੂੰ ਜੇਤੂ ਵੀ ਮਹਿਸੂਸ ਕੀਤਾ। ਉਹਨੇ ਪਾਰਕਿੰਗ ਵਿਚ ਕੰਮ ਕਰਨ ਵਾਲੇ ਮੁੰਡੇ ਨੂੰ 5 ਰੁਪਏ ਦੀ ਟਿੱਪ ਦਿੱਤੀ ਅਤੇ ਵਾਪਸ ਆਪਣੇ ਦਫਤਰ ਆ ਗਿਆ।

ਆਪਣੇ ਕੈਬਿਨ ਵਿਚ ਆ ਕੇ ਉਹਨੇ ਸੂਪ, ਬੰਦ ਗੋਬੀ ਅਤੇ ਆਲੂਆਂ ਵਾਲਾ ਦੁਪਹਿਰ ਦਾ ਖਾਣਾ ਖਾਧਾ ਤੇ ਆਪਣੇ ਦਫਤਰ ਦੇ ਸੋਫੇ ਤੇ ਲੰਮਾ ਪੈ ਗਿਆ। ''ਤੰਗ ਨਾ ਕਰੋ'' ਦੀ ਤਖਤੀ ਲਗਾਈ ਅਤੇ ਅੱਖਾਂ ਬੰਦ ਕਰ ਲਈਆਂ। ਬੱਚਿਆਂ ਦੀ ਸੋਚ ਨੇ ਉਸਦੀ ਨੀਂਦ ਭੰਗ ਕਰ ਦਿੱਤੀ। ਉਹਨੂੰ ਲਗਦਾ ਸੀ ਕਿ ਅਜ ਸਵੇਰੇ ਜਿਹੜਾ ਉਸਨੇ ਫ਼ੈਸਲਾ ਕੀਤਾ ਸੀ ਉਸ ਨਾਲ ਉਹਦੇ ਤੇ ਉਹਦੇ ਬੱਚਿਆਂ ਵਿਚਾਲੇ ਦੂਰੀ ਵੱਧ ਗਈ ਸੀ। ਉਹ ਉਠਿਆ ਤੇ ਆਪਣੀ ਸੈਕਟਰੀ ਨੂੰ ਕਿਹਾ ਕਿ ਉਹਦੇ ਸੌਹਰੇ ਘਰ ਟੈਲੀਫੋਨ ਮਿਲਾਏ। ਬੱਚੇ ਸਕੂਲ ਤੋਂ ਆ ਗਏ ਸਨ ਤੇ ਬੱਚੇ ਖ਼ੁਸ਼ੀ ਨਾਲ ਪੁਛ ਰਹੇ ਸਨ, ''ਡੈਡੀ ਕੀ ਹਾਲ ਹੈ? ਤੁਸੀਂ ਸਾਨੂੰ ਮਿਲਣ ਕਦੋਂ ਆਓਗੇ?'' ਉਸ ਕਿਹਾ ਕਿ ਉਹ ਠੀਕ ਠਾਕ ਹੈ ਅਤੇ ਉਨ੍ਹਾਂ ਨੂੰ ਤਸਲੀ ਦਿੱਤੀ, ''ਮੈਂ ਐਤਵਾਰ ਨੂੰ ਆਵਾਂਗਾ ਤੇ ਆਪਾਂ ਆਈਸਕਰੀਮ ਖਾਣ ਜਾਵਾਂਗੇ।''

ਉਸ ਹਲਕਾ ਮਹਿਸੂਸ ਕੀਤਾ। ਉਹ ਦਫਤਰ ਦੇ ਬੰਦ ਹੋਣ ਤੱਕ ਦਫਤਰ ਦਾ ਕੰਮ ਕਰਦਾ ਰਿਹਾ। ਉਸ ਸੋਚਿਆ ਕਿ ਪੈੱਗ ਪੀਣ ਲਈ ਕਲੱਬ ਜਾਵੇ। ਫਿਰ ਉਸਨੇ ਇਹ ਫ਼ੈਸਲਾ ਰੱਦ ਕਰ ਦਿੱਤਾ। ਕਿਸੇ ਨਾ ਕਿਸੇ ਨੇ ਉਸਦੀ ਪਤਨੀ ਬਾਰੇ ਪੁੱਛ ਲੈਣਾ ਸੀ ਤੇ ਉਸਦੀ ਸ਼ਾਮ ਖਰਾਬ ਹੋ ਜਾਣੀ ਸੀ। ਉਹਨੇ ਡਰਾਈਵਰ ਨੂੰ ਕਿਹਾ ਕਿ ਉਹਨੂੰ ਘਰ ਲੈ ਚਲੇ। ਹੁਣ ਉਹ ਏਨਾ ਖਾਲੀ ਖਾਲੀ ਨਹੀਂ ਸੀ ਲਗਦਾ ਜਿੰਨਾ ਪਹਿਲੇ ਦਿਨ ਲਗਦਾ ਸੀ। ਸਕਾਚ ਹੁਣ ਜ਼ਿਆਦਾ ਸਵਾਦ ਲਗਦੀ ਸੀ ਅਤੇ ਟੇਪ ਉਤੇ ਚਲ ਰਿਹਾ ਪੱਛਮੀ ਕਲਾਸੀਕਲ ਸੰਗੀਤ ਚੰਗਾ ਚੰਗਾ ਸੁਣਾਈ ਦਿੰਦਾ ਸੀ। ਆਖਿਰਕਾਰ ਉਸਦੇ ਚੰਗੇ ਦਿਨ ਆਉਣ ਵਾਲੇ ਸਨ। ਉਸ ਦਿਨ ਉਹਨੇ ਆਪਣੀ ਨਵੀਂ ਮਿਲੀ ਆਜ਼ਾਦੀ ਨੂੰ ਮਨਾਉਂਦੇ ਹੋਏ ਆਪਣੇ ਹੀ ਬਾਗ ਵਿਚ ਜਾ ਕੇ ਝਾੜੀਆਂ ਪਿਛੇ ਪਿਸ਼ਾਬ ਕੀਤਾ। ਉਸਦੀ ਲੰਬੇ ਸਮੇਂ ਤੋਂ ਇਹ ਇੱਛਾ ਸੀ ਕਿ ਬਾਗ ਦੇ ਵਖ ਵਖ ਕੋਨਿਆਂ ਵਿਚ ਜਾ ਕੇ ਰਾਤ ਵੇਲੇ ਪਿਸ਼ਾਬ ਕਰੇ। ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਕੁੱਤਾ ਕਰਦਾ ਹੈ; ਅਤੇ ਇਸ ਤਰ੍ਹਾਂ ਇਸ ਇਲਾਕੇ ਉਤੇ ਆਪਣੀ ਨਿਰੋਲ ਮਾਲਕੀ ਦੀ ਮੋਹਰ ਲਾਵੇ। ਹੁਣ ਜਦੋਂ ਕਿ ਉਹਦੀ ਪਤਨੀ ਤੇ ਬੱਚੇ ਉਥੇ ਮੌਜੂਦ ਨਹੀਂ ਸਨ ਤਾਂ ਉਹ ਇਸ ਤਰ੍ਹਾਂ ਕਰ ਸਕਦਾ ਸੀ।

ਐਤਵਾਰ ਆਉਣ ਵਿਚ ਅਜੇ ਚਾਰ ਦਿਨ ਹੋਰ ਰਹਿੰਦੇ ਸਨ। ਬਹੁਤੀਆਂ ਅਖ਼ਬਾਰਾਂ ਵਿਚ ਐਤਵਾਰ ਵਾਲੇ ਦਿਨ ਹੀ ਵਿਆਹ ਦੇ ਇਸ਼ਤਿਹਾਰ ਛਪਦੇ ਸਨ। ਇਸ ਤੋਂ ਬਾਅਦ ਹਫਤਾ ਜਾਂ ਦਸ ਦਿਨ ਹੋਰ ਲੱਗਣਗੇ ਜਦੋਂ ਕੋਈ ਜਣਾ ਇਸਦਾ ਜਵਾਬ ਦੇਵੇਗਾ। ਫਿਰ ਵੀ ਮੋਹਨ ਅਖ਼ਬਾਰਾਂ ਦੇ ਇਸ਼ਤਿਹਾਰਾਂ ਵਾਲੇ ਇਨ੍ਹਾਂ ਪੰਨਿਆਂ ਉਤੇ ਹਰ ਰੋਜ਼ ਹੀ ਧਿਆਨ ਨਾਲ ਝਾਤੀ ਮਾਰਦਾ ਸੀ। ਉਹ ਦੇਖਣਾ ਚਾਹੁੰਦਾ ਸੀ ਕਿ ਕਿਤੇ ਕੋਈ ਅਖ਼ਬਾਰ ਹਫਤੇ ਦੇ ਦਿਨ ਦੌਰਾਨ ਵਿਆਹ ਲਈ ਇਸ਼ਤਿਹਾਰ ਨਹੀਂ ਛਾਪਦਾ। ਕਿਸੇ ਨੇ ਵੀ ਨਹੀਂ ਛਾਪੇ।

ਜਦੋਂ ਖਾਣੇ ਤੋਂ ਬਾਅਦ ਹਵਾਨਾ (ਰੋਮੀਓ ਐਂਡ ਜੂਲੀਅਟ-150 ਰੁਪਏ ਵਾਲਾ ਸਿਗਾਰ) ਪੀਣ ਲੱਗਾ ਤਾਂ ਸਫਾਈ ਕਰਨ ਵਾਲੀ ਔਰਤ ਆਪਣਾ ਝਾੜੂ, ਫਿਨਾਈਲ ਵਾਲੇ ਪਾਣੀ ਦੀ ਬਾਲਟੀ ਅਤੇ ਪੋਚਾ ਲੈ ਕੇ ਆਣ ਪਹੁੰਚੀ। ਉਹ ਉਸਨੂੰ ਪੁੱਛਣ ਲਗੀ ਕਿ ਉਹ ਫਰਸ਼ ਉਪਰ ਪੋਚਾ ਮਾਰ ਦੇਵੇ ਕਿ ਨਾ। ਇਸ ਤੋਂ ਪਹਿਲਾਂ ਉਹ ਸੋਨੂ ਨੂੰ ਪੁੱਛਿਆ ਕਰਦੀ ਸੀ ਕਿ ਕਿਹੜੇ ਕਮਰੇ ਵਿਚ ਪਹਿਲਾਂ ਪੋਚਾ ਮਾਰੇ? ਉਨ੍ਹਾਂ ਦੇ ਸੌਣ ਵਾਲੇ ਕਮਰੇ, ਬੱਚਿਆਂ ਦੇ ਕਮਰੇ ਅਤੇ ਨਹਾਉਣ ਵਾਲੇ ਕਮਰਿਆਂ ਵਿਚ ਸਭ ਤੋਂ ਪਹਿਲਾਂ ਪੋਚੇ ਮਾਰੇ ਜਾਂਦੇ ਸਨ। ਬੈਠਕ ਅਤੇ ਖਾਣੇ ਵਾਲੇ ਕਮਰੇ ਬਾਅਦ ਵਿਚ ਸਾਫ ਕੀਤੇ ਜਾਂਦੇ ਸਨ। ਉਸ ਵੱਲ ਵੇਖੇ ਬਿਨਾਂ ਮੋਹਨ ਨੇ ਹਾਂ ਵਿਚ ਸਿਰ ਹਿਲਾ ਦਿਤਾ।

ਜਦੋਂ ਉਹ ਪੈਰਾਂ ਭਾਰ ਬੈਠੀ, ਫਿਨਾਇਲ ਵਾਲੇ ਪਾਣੀ ਵਿਚ ਡੁੱਬਾ ਪੋਚਾ ਫਰਸ਼ ਉਤੇ ਰਗੜ ਰਹੀ ਸੀ ਤਾਂ ਮੋਹਨ ਨੇ ਵੇਖਿਆ ਕਿ ਉਸਦਾ ਪਿੱਛਾ ਕਾਫੀ ਭਾਰੀ ਸੀ ਅਤੇ ਇਸਦੇ ਵਿਚਕਾਰ ਕਾਫੀ ਵੱਡਾ ਡੂੰਘ ਸੀ। ਉਹ ਉਸਦੇ ਭਾਰੀ ਪਿੱਛੇ ਤੋਂ ਨਜ਼ਰਾਂ ਨਹੀਂ ਸੀ ਹਟਾ ਪਾ ਰਿਹਾ। ਇਸ ਤੋਂ ਪਹਿਲਾਂ ਉਹਨੇ ਕਦੀ ਉਹਦੇ ਵਲ ਨਹੀਂ ਸੀ ਦੇਖਿਆ ਤੇ ਨਾ ਹੀ ਉਸਦਾ ਨਾਂ ਜਾਣਦਾ ਸੀ। ਇਸ ਲਈ ਕਿ ਉਹ ਇਕ ਜਮਾਦਾਰਨੀ ਸੀ। ਉਹ ਅਕਸਰ ਹੀ ਆਪਣੇ ਨਾਲ ਆਪਣੇ ਤਿੰਨ ਬੱਚਿਆਂ ਨੂੰ ਲੈ ਆਉਂਦੀ ਸੀ। ਉਹਨੇ ਕਈ ਵਾਰੀ ਵੇਖਿਆ ਸੀ ਕਿ ਜਦੋਂ ਮਾਂ ਮਕਾਨ ਦੇ ਅੰਦਰ ਕੰਮ ਕਰ ਰਹੀ ਹੁੰਦੀ ਤਾਂ ਬੱਚੇ ਬਾਹਰ ਬਾਗ ਵਿਚ ਖੇਡਦੇ ਰਹਿੰਦੇ। ਜਮਾਦਾਰਨੀ ਖੜ੍ਹੀ ਹੋਈ ਤਾਂ ਉਹਨੇ ਆਪਣਾ ਮੂੰਹ ਉਸ ਵੱਲ ਘੁਮਾਇਆ ਅਤੇ ਆਪਣੇ ਮੱਥੇ ਤੇ ਆਈ ਵਾਲਾਂ ਦੀ ਲਿੱਟ ਪਿਛੇ ਹਟਾਈ। ਮੋਹਨ ਨੇ ਵੇਖਿਆ ਕਿ ਉਸਦੀਆਂ ਛਾਤੀਆਂ ਵੀ ਕਾਫੀ ਭਾਰੀਆਂ ਸਨ ਅਤੇ ਕਮਰ ਕਾਫੀ ਪਤਲੀ ਸੀ। ਭਾਵੇਂ ਉਹ ਰੰਗ ਦੀ ਕਾਲੀ ਸੀ ਫਿਰ ਵੀ ਕਾਫੀ ਦਿਲਕਸ਼ ਸੀ। ਉਹ ਫਿਰ ਪੈਰਾਂ ਭਾਰ ਬੈਠ ਗਈ ਅਤੇ ਕਮਰੇ ਦੇ

ਦੂਜੇ ਹਿੱਸੇ ਵਿਚ ਪੋਚਾ ਮਾਰਨ ਲਗੀ। ਮੋਹਨ ਮੁੜ ਅਖ਼ਬਾਰ ਪੜ੍ਹਨ ਲਗਾ।

ਉਹਨੂੰ ਭਾਰਤ ਵਿਚ ਆਪਣੇ ਕਾਲਜ ਦੇ ਦਿਨਾਂ ਦੀ ਯਾਦ ਆਈ। ਇਕ ਮੁੰਡੇ ਨੇ ਉਹਨੂੰ ਦੱਸਿਆ ਸੀ ਕਿ ਜਮਾਦਾਰਨੀਆਂ ਪਿਆਰ ਕਰਨ ਦੇ ਮਾਮਲੇ ਵਿਚ ਸਭ ਤੋਂ ਬਿਹਤਰ ਹੁੰਦੀਆਂ ਹਨ। ਉਹ ਬਿੰਦਾਸ, ਜੋਸ਼ ਵਾਲੀਆਂ ਅਤੇ ਗਰਮ ਹੁੰਦੀਆਂ ਹਨ। ਇਹ ਵੀ ਕਿਹਾ ਜਾਂਦਾ ਸੀ ਕਿ ਅੱਖਾਂ ਦੁਖਣੀਆਂ ਆਉਣ ਉਤੇ ਜਮਾਦਾਰਨੀ ਨਾਲ ਸਹਿਵਾਸ ਕਰਨ ਉਤੇ ਇਹ ਠੀਕ ਹੋ ਜਾਂਦੀਆਂ ਹਨ। ਮੋਹਨ ਨੂੰ ਅੱਖਾਂ ਦੀ ਕੋਈ ਤਕਲੀਫ ਨਹੀਂ ਸੀ। ਪਰ ਉਹਨੇ ਇਹ ਗੱਲ ਨੋਟ ਕੀਤੀ ਸੀ ਕਿ ਜਿਨ੍ਹਾਂ ਔਰਤਾਂ ਨੂੰ ਅਛੂਤ ਕਿਹਾ ਜਾਂਦਾ ਹੈ, ਉਹ ਸਾਰੀਆਂ ਦੀ ਸਾਰੀਆਂ ਹੀ ਐਸੀਆਂ ਸਨ ਜਿਨ੍ਹਾਂ ਨੂੰ ਛੂਹਿਆ ਜਾਣਾ ਚਾਹੀਦਾ ਹੈ। ਇਹ ਸੋਚਣਾ ਕਿ ਘਰ ਵਿਚ ਕੰਮ ਕਰਨ ਵਾਲੀ ਔਰਤ ਬਾਰੇ ਕੀ ਵਿਚਾਰ ਹੈ? ਜਦੋਂ ਬਾਕੀ ਦੇ ਨੌਕਰ ਆਪੋ ਆਪਣੇ ਕਮਰੇ ਵਿਚ ਹੋਣ, ਜਾਂ ਬਾਜ਼ਾਰ ਗਏ ਹੋਣ, ਉਦੋਂ ਇਸਨੂੰ ਆਪਣੇ ਬੈਡਰੂਮ ਵਿਚ ਆਉਣ ਲਈ ਪ੍ਰੇਰਣ ਲਈ ਕੀ ਕਰੇਗਾ? ਉਹ ਉਸਦੀ ਤਨਖਾਹ ਦੁੱਗਣੀ ਕਰ ਦੇਵੇਗਾ ਅਤੇ ਉਹਦੇ ਬੱਚਿਆਂ ਨੂੰ ਖਿਡੌਣੇ ਤੇ ਮਿਠਾਈਆਂ ਦੇਵੇਗਾ। ਮਾਲਕਾਂ ਤੇ ਨੌਕਰਾਂ ਵਿਚਾਲੇ ਇਸ ਤਰ੍ਹਾਂ ਦੇ ਸਬੰਧ ਕੋਈ ਨਿਵੇਕਲੀ ਗੱਲ ਨਹੀਂ ਸੀ। ਛੋਟੇ ਮੋਟੇ ਕੰਮ ਕਰਨ ਵਾਲੀਆਂ ਗਰੀਬ ਔਰਤਾਂ ਹਮੇਸ਼ਾ ਹੀ ਆਮਦਨ ਵਿਚ ਵਾਧਾ ਕਰਨ ਲਈ ਇਸ ਤਰ੍ਹਾਂ ਦੇ ਸਬੰਧਾਂ ਲਈ ਤਿਆਰ ਰਹਿੰਦੀਆਂ ਸਨ ਅਤੇ ਉਨ੍ਹਾਂ ਦੇ ਪਤੀ ਉਨ੍ਹਾਂ ਦੇ ਸਬੰਧਾਂ ਬਾਰੇ ਉਨੀ ਦੇਰ ਤਕ ਬਹੁਤੀ ਚਿੰਤਾ ਨਹੀਂ ਸਨ ਕਰਦੇ ਜਿੰਨੀ ਦੇਰ ਤਕ ਉਨ੍ਹਾਂ ਨੂੰ ਪੈਸਾ ਮਿਲਦਾ ਰਹਿੰਦਾ ਸੀ। ਅਜਿਹੇ ਕੇਸਾਂ ਵਿਚ ਨਾ ਤਾਂ ਔਰਤ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੁੰਦੀ ਸੀ ਅਤੇ ਨਾ ਹੀ ਤੋਹਫੇ ਦੇਣ ਦੀ, ਨਾ ਹੀ ਉਨ੍ਹਾਂ ਨੂੰ ਪਾਰਟੀਆਂ ਵਿਚ ਲਿਜਾਣ ਦੀ ਜ਼ਰੂਰਤ ਸੀ। ਇਸ ਤੋਂ ਬਿਨਾਂ ਇਕ ਹੋਰ ਵੀ ਲਾਭ ਸੀ, ਇਹ ਸੀ ਆਪਣੀ ਮਰਜ਼ੀ ਨਾਲ ਸਹਿਵਾਸ। ਮੋਹਨ ਨੇ ਫ਼ੈਸਲਾ ਕੀਤਾ ਕਿ ਜੇ ਬਾਕੀ ਦੇ ਮੁਹਾਜ਼ਾਂ ਉਤੇ ਅਸਫਲ ਹੋ ਜਾਵੇ ਤਾਂ ਇਸ ਜਮਾਦਾਰਨੀ ਨੂੰ ਧਿਆਨ ਵਿਚ ਰਖੇਗਾ। ਭਾਵੇਂ ਉਹ ਉਸਦੀ ਬੌਧਿਕ ਸਾਥਣ ਨਾ ਵੀ ਬਣੇ ਤਾਂ ਵੀ ਉਹ ਉਸਦੀ ਸਭ ਤੋਂ ਅਹਿਮ ਸਮਸਿਆ ਜ਼ਰੂਰ ਹੱਲ ਕਰ ਦੇਵੇਗੀ। ਅਗਲੀ ਸਵੇਰ ਜਦੋਂ ਜਮਾਦਾਰਨੀ ਪੋਚੇ ਮਾਰਨ ਆਈ ਤਾਂ ਉਸਨੇ ਉਹਦੇ ਨਾਲ ਪਹਿਲੀ ਵਾਰੀ ਗੱਲ ਕੀਤੀ। ਉਹ ਆਪਣੀ ਸਲਵਾਰ ਦਾ ਪੌਂਚਾ ਚੁਕ ਕੇ ਪੋਚਾ ਮਾਰਨ ਲਈ ਫਰਸ਼ ਉਤੇ ਬੈਠੀ ਤਾਂ ਉਹ ਪੁੱਛਣ ਲਗਾ, ''ਤੇਰਾ ਨਾਂ ਕੀ ਹੈ?''

''ਧੰਨੋ।'' ਜਦੋਂ ਉਹਨੇ ਇਹ ਜਵਾਬ ਦਿੱਤਾ ਤਾਂ ਉਹਨੇ ਮੂੰਹ ਚੁੱਕ ਕੇ ਉਪਰ ਨਹੀਂ ਵੇਖਿਆ। ਫਿਰ ਵੀ ਸਾਫ ਲਗਦਾ ਸੀ ਕਿ ਉਹ ਹੋਰ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ।

''ਤੇਰਾ ਪਤੀ ਕੀ ਕਰਦਾ ਹੈ?''

''ਸਾਹਿਬ, ਉਹ ਮਿਊਂਸਪੈਲਟੀ ਵਿਚ ਜਮਾਦਾਰ ਹੈ।''

''ਉਹ ਕਿੰਨੇ ਪੈਸੇ ਕਮਾ ਲੈਂਦਾ ਹੈ?''

''ਇਕ ਹਜ਼ਾਰ ਰੁਪਇਆ ਮਹੀਨਾ, ਸਾਡੇ ਤਿੰਨ ਬੱਚੇ ਹਨ। ਮੇਰੀ ਕਮਾਈ ਨਾਲ ਵੀ

ਉਨ੍ਹਾਂ ਦਾ ਰੋਟੀ ਪਾਣੀ ਤੇ ਕੱਪੜਿਆਂ ਦਾ ਨਹੀਂ ਸਰਦਾ। ਮੇਰਾ ਪਤੀ ਸ਼ਰਾਬੀ ਹੈ ਅਤੇ ਬਹੁਤ ਸਾਰਾ ਪੈਸਾ ਸ਼ਰਾਬ ਉਤੇ ਬਰਬਾਦ ਕਰ ਦਿੰਦਾ ਹੈ।''

ਮੋਹਨ ਨੂੰ ਇਹ ਪਤਾ ਨਹੀਂ ਸੀ ਕਿ ਜਮਾਦਾਰਨੀ ਨੂੰ ਕਿੰਨੇ ਪੈਸੇ ਦਿੱਤੇ ਜਾਂਦੇ ਹਨ। ਉਹਦੀ ਤਨਖਾਹ ਉਹਦੇ ਦਫਤਰ ਵਲੋਂ ਹੀ ਉਸੇ ਤਰ੍ਹਾਂ ਦਿਤੀ ਜਾਂਦੀ ਸੀ ਜਿਸ ਤਰ੍ਹਾਂ ਹੋਰ ਨੌਕਰਾਂ ਦੀ ਦਿੱਤੀ ਜਾਂਦੀ ਸੀ ਅਤੇ ਇਹ ਸਾਰੇ ਪੈਸੇ ਇਕੱਠੇ ਕਰਕੇ ਜ਼ਰੂਰੀ 'ਘਰੇਲੂ ਖਰਚਿਆਂ' ਵਿਚ ਸ਼ਾਮਲ ਕਰ ਦਿਤੇ ਜਾਂਦੇ ਸਨ। ਉਹ ਤਾਂ ਹਰ ਮਹੀਨੇ ਸਿਰਫ ਚੈੱਕ ਉਤੇ ਦਸਖ਼ਤ ਹੀ ਕਰਦਾ ਸੀ। ਜੇ ਉਹਨੇ ਇਸਨੂੰ ਹੋਰ ਪੈਸੇ ਦੇਣੇ ਸਨ ਤਾਂ ਇਹ ਨਕਦ ਵੀ ਦਿਤੇ ਜਾ ਸਕਦੇ ਸਨ। ਉਹਨੇ ਆਪਣੇ ਪਰਸ ਵਿਚੋਂ ਸੌ ਰੁਪਏ ਦਾ ਨੋਟ ਕਢਿਆ ਤੇ ਉਹਦੇ ਵਲ ਵਧਾਇਆ, ''ਇਹ ਲੈ ਲੈ, ਇਹ ਤੇਰੇ ਬੱਚਿਆਂ ਲਈ ਹੈ।'' ਉਸ ਔਰਤ ਨੇ ਨੋਟ ਫੜ ਲਿਆ, ਆਪਣੇ ਮੱਥੇ ਨੂੰ ਛੁਹਾਇਆ ਅਤੇ ਆਪਣੀ ਅੰਗੀ ਵਿਚ ਰਖ ਲਿਆ। ਉਹਨੇ ਸਿੱਧਾ ਹੀ ਪੁੱਛ ਲਿਆ, ''ਕੀ ਮੇਮ ਸਾਹਿਬ ਹੁਣ ਘਰ ਨਹੀਂ ਆਏਗੀ? ਉਹ ਸਮਾਨ ਅਤੇ ਬੱਚੇ ਆਪਣੇ ਨਾਲ ਲੈ ਗਈ ਹੈ।''

ਮੋਹਨ ਉਹਦੀ ਇਸ ਦਲੇਰੀ ਉਤੇ ਹੈਰਾਨ ਰਹਿ ਗਿਆ। ਮਜ਼ਦੂਰ ਜਮਾਤ ਦੇ ਲੋਕ ਇਸ਼ਾਰਿਆਂ ਵਿਚ ਗੱਲ ਕਰਨ ਵਿਚ ਯਕੀਨ ਨਹੀਂ ਰਖਦੇ। ਉਹ ਸਾਰੀ ਗੱਲ ਸਿੱਧੀ ਅਤੇ ਮੂੰਹ ਤੇ ਕਰਦੇ ਸਨ। ਉਹਨੇ ਉਸਨੂੰ ਝਾੜਿਆ, ''ਆਪਣਾ ਕੰਮ ਕਰੀ ਜਾ।''

ਜਿਨ੍ਹਾਂ ਲੋਕਾਂ ਦੀ ਸ਼ਾਦੀ ਜਾਂ ਲੰਮੇ ਸਮੇਂ ਦੇ ਰਿਸ਼ਤੇ ਖਤਮ ਹੋ ਗਏ ਹੋਣ, ਉਨ੍ਹਾਂ ਦੇ ਪਹਿਲੇ ਦਿਨ, ਹਫਤੇ ਅਤੇ ਮਹੀਨੇ ਸਭ ਤੋਂ ਵੱਧ ਤਕਲੀਫਦੇਹ ਹੁੰਦੇ ਹਨ। ਨਾ ਸਿਰਫ ਉਨ੍ਹਾਂ ਨੂੰ ਆਪਣੇ ਆਪ ਨਾਲ, ਆਪਣੇ ਮਾਪਿਆਂ, ਸੋਹਰਿਆਂ, ਭਰਾਵਾਂ ਅਤੇ ਭੈਣਾਂ ਨਾਲ ਹੀ ਆਪਣੇ ਸਬੰਧਾਂ ਨੂੰ ਨਵੇਂ ਸਿਰੇ ਤੋਂ ਵਿਚਾਰਨਾ ਪੈਂਦਾ ਹੈ ਸਗੋਂ ਆਪਣੇ ਦੋਸਤਾਂ ਦੇ ਸਵਾਲਾਂ ਦੇ ਜਵਾਬ ਵੀ ਦੇਣੇ ਹੁੰਦੇ ਹਨ। ਗ਼ਲਤੀ ਕਿਥੇ ਹੋਈ? ਕੀ ਤੁਹਾਡੀ ਸੈਕਸ ਜ਼ਿੰਦਗੀ ਖੁਸ਼ੀਆਂ ਭਰਪੂਰ ਸੀ? ਕੀ ਉਹ ਤੇਰੀ ਤਾਕਤ ਨਾਲੋਂ ਵੱਧ ਚਾਹੁੰਦੀ ਸੀ? ਕੀ ਕੋਈ ਤੀਜੀ ਧਿਰ ਵੀ ਸ਼ਾਮਲ ਸੀ? ਉਨ੍ਹਾਂ ਔਰਤਾਂ ਦਾ ਕੀ ਬਣਿਆ ਜਿਨ੍ਹਾਂ ਨੂੰ ਤੇਰੀ ਪਤਨੀ ਇਸ ਲਈ ਨਫਰਤ ਕਰਦੀ ਸੀ ਕਿਉਂਕਿ ਤੂੰ ਉਨ੍ਹਾਂ ਨੂੰ ਫਸਾਉਣ ਦੀ ਕੋਸ਼ਿਸ਼ ਕਰਦਾ ਸੀ? ਅਤੇ ਉਸ ਬੰਦੇ ਦਾ ਕੀ ਬਣਿਆ ਜਿਹੜਾ ਸਦਾ ਤੇਰੀ ਪਤਨੀ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਿਆ ਕਰਦਾ ਸੀ? ਇਸ ਤਰ੍ਹਾਂ ਦੇ ਬੰਦਿਆਂ ਨੂੰ ਨਾ ਤਾਂ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ, ਨਾ ਝਿੜਕਿਆ ਜਾ ਸਕਦਾ ਹੈ, ਤੇ ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਉਹ ਆਪਣੇ ਕੰਮ ਨਾਲ ਮਤਲਬ ਰਖਣ। ਤੁਹਾਨੂੰ ਉਨ੍ਹਾਂ ਦੀਆਂ ਗੱਲਾਂ ਦਾ ਉਨੀ ਦੇਰ ਤਕ ਜਵਾਬ ਦੇਣਾ ਹੀ ਪੈਂਦਾ ਹੈ ਜਦੋਂ ਤਕ ਉਹ ਇਹ ਨਾ ਸਮਝਣ ਲਗ ਪੈਣ ਕਿ ਉਨ੍ਹਾਂ ਨੂੰ ਤੁਹਾਡੀ ਸ਼ਾਦੀ ਬਾਰੇ ਸਭ ਕੁਝ ਪਤਾ ਲਗ ਗਿਆ ਹੈ ਅਤੇ ਇਹ ਵੀ ਪਤਾ ਲਗ ਗਿਆ ਹੈ ਕਿ ਇਹ ਕਿਉਂ ਟੁੱਟੀ ਹੈ। ਇਸ ਤੋਂ ਬਾਅਦ ਉਨ੍ਹਾਂ ਦੀ ਤੁਹਾਡੀ ਜ਼ਿੰਦਗੀ ਵਿਚ ਦਿਲਚਸਪੀ ਖਤਮ ਹੋ ਜਾਂਦੀ ਹੈ।

ਮੋਹਨ ਕੁਝ ਦੇਰ ਸੋਚਦਾ ਰਿਹਾ ਕਿ ਉਹ ਕੁਝ ਦਿਨਾਂ ਲਈ ਦਿੱਲੀ ਤੋਂ ਬਾਹਰ ਚਲਾ ਜਾਵੇਗਾ। ਫਿਰ ਉਹਨੇ ਇਹ ਵਿਚਾਰ ਤਿਆਗ ਦਿੱਤਾ। ਇਸ ਨਾਲ ਤਾਂ ਸਗੋਂ ਚੁਗਲੀਆਂ ਕਰਨ ਵਾਲੇ ਲੋਕਾਂ ਨੂੰ ਹੋਰ ਮੌਕਾ ਮਿਲੇਗਾ ਅਤੇ ਜਦੋਂ ਉਹ ਵਾਪਸ ਪਰਤੇਗਾ ਤਾਂ ਉਹ ਹੋਰ ਕਈ ਕੁਝ ਵੀ ਜਾਣਨਾ ਚਾਹੁਣਗੇ। ਉਹ ਆਪਣੇ ਦਫਤਰ, ਕਲੱਬ ਅਤੇ ਘਰ ਦਾ ਰੋਜ਼ਮੱਰਾ ਕੰਮ ਉਵੇਂ ਹੀ ਕਰਦਾ ਰਹੇਗਾ ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਖਬਰੇ ਕੁਝ ਦਿਨ ਕਲੱਬ ਜਾਣਾ ਬੰਦ ਹੀ ਕਰ ਦੇਵੇ ਅਤੇ ਆਪਣੀਆਂ ਸ਼ਾਮਾਂ ਘਰ ਵਿਚ ਬੈਠ ਕੇ ਹੀ ਬਿਤਾਵੇ, ਸਕਾਚ ਪੀਵੇ, ਸੰਗੀਤ ਸੁਣੇ ਅਤੇ ਟੈਲੀਵਿਜ਼ਨ ਵੇਖੇ।

ਮੋਹਨ ਨੂੰ ਛੇਤੀ ਹੀ ਮਹਿਸੂਸ ਹੋ ਗਿਆ ਕਿ ਉਸਦੇ ਦਫਤਰ ਦੇ ਅਮਲੇ ਨੂੰ ਇਹ ਪਤਾ ਲੱਗ ਗਿਆ ਸੀ ਕਿ ਉਹਦੀ ਸ਼ਾਦੀ ਆਖਿਰਕਾਰ ਟੁੱਟ ਗਈ ਹੈ। ਹੁਣ ਬਿਮਲਾ ਸ਼ਰਮਾ ਜਦੋਂ ਵੀ ਚਿੱਠੀਆਂ ਲੈ ਕੇ ਆਉਂਦੀ ਜਾਂ ਡਿਕਟੇਸ਼ਨ ਲੈਣ ਲਈ ਕਮਰੇ ਵਿਚ ਦਾਖਿਲ ਹੁੰਦੀ ਤਾਂ ਵਧੇਰੇ ਹੁੰਗਾਰਾ ਭਰਦੀ। ਏਨੇ ਸਾਲਾਂ ਵਿਚ ਮੋਹਨ ਨੇ ਕਦੇ ਵੀ ਉਸ ਵੱਲ ਚੰਗੀ ਤਰ੍ਹਾਂ ਨਜ਼ਰ ਭਰ ਕੇ ਨਹੀਂ ਸੀ ਦੇਖਿਆ। ਉਹ ਛੜੀ ਸੀ ਜਿਸਦਾ ਮਤਲਬ ਸੀ ਕਿ ਤਕਨੀਕੀ ਤੌਰ ਤੇ ਉਹ ਕਿਸੇ ਨਾਲ ਜੁੜੀ ਹੋਈ ਨਹੀਂ ਸੀ, ਪਰ ਵੇਖਣ ਭਾਲਣ ਵਿਚ ਉਹ ਬਹੁਤੀ ਚੰਗੀ ਨਹੀਂ ਸੀ- ਉਹਦਾ ਗੋਲ ਚਿਹਰਾ ਸੀ, ਭੂਰੇ ਵਾਲਾਂ ਦਾ ਜੂੜਾ ਕਰ ਕੇ ਰਖਦੀ ਸੀ। ਸਰੀਰ ਉਹਦਾ ਭਰਵਾਂ ਸੀ ਅਤੇ ਉਹਦੀਆਂ ਛਾਤੀਆਂ, ਪੇਟ, ਪੱਟ ਅਤੇ ਪਿੱਛਾ ਸਾਰੇ ਹੀ ਪਿਲੱਤਣ ਮਾਰੇ ਚਿੱਟੇ ਮਾਸ ਦਾ ਲੋਥੜਾ ਸਨ। ਹੁਣ ਉਹਨੇ ਵੇਖਿਆ ਕਿ ਜਦੋਂ ਉਹ ਕਮਰੇ ਤੋਂ ਬਾਹਰ ਜਾ ਰਹੀ ਸੀ ਤਾਂ ਉਸਦੇ ਪਿੱਛੇ ਵਿਚ ਇਕ ਹਲਕੀ ਜਿਹੀ ਗੋਲਾਈਦਾਰ ਹਰਕਤ ਸੀ। ਬਾਕੀ ਦਾ ਸਟਾਫ ਵੀ ਆਮ ਨਾਲੋਂ ਵੱਧ ਨਿਮਰ ਮਹਿਸੂਸ ਹੁੰਦਾ ਸੀ ਅਤੇ ਕੰਮ ਬਾਰੇ ਪਹਿਲਾਂ ਨਾਲੋਂ ਚਿੰਤਤ ਵੀ। ਉਹਨੇ ਆਪਣੇ ਵਲੋਂ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕਰੇ। ਉਹ ਦੇਰ ਤਕ ਕੰਮ ਕਰਦਾ ਬੈਠਾ ਰਹਿੰਦਾ ਅਤੇ ਸਭ ਤੋਂ ਅਖੀਰ ਵਿਚ ਹੀ ਦਫਤਰ ਤੋਂ ਜਾਂਦਾ। ਜਾਂਦੇ ਹੋਏ ਉਹ ਦਰਵਾਜ਼ੇ ਦੀਆਂ ਚਾਬੀਆਂ ਰਾਤ ਦੀ ਡਿਊਟੀ ਉਤੇ ਆਉਣ ਵਾਲੇ ਸੰਤਰੀ ਨੂੰ ਦੇ ਕੇ ਜਾਂਦਾ।

ਇਕ ਦਿਨ ਦੀ ਗੱਲ ਹੈ ਕਿ ਦਫਤਰ ਤੋਂ ਸਿੱਧਾ ਘਰ ਜਾਣ ਦੀ ਥਾਂ ਉਹਨੇ ਸ਼ਹਿਰ ਦਾ ਚੱਕਰ ਮਾਰਨ ਦਾ ਫ਼ੈਸਲਾ ਕੀਤਾ। ਕਾਫੀ ਲੰਮੇ ਸਮੇਂ ਤੋਂ ਉਸਨੇ ਇੰਝ ਨਹੀਂ ਸੀ ਕੀਤਾ। ਉਹਨੇ ਡਰਾਈਵਰ ਨੂੰ ਸ਼ਾਮ ਦੀ ਛੁੱਟੀ ਦੇ ਦਿਤੀ ਅਤੇ ਖ਼ੁਦ ਕਾਰ ਚਲਾ ਕੇ ਇੰਡੀਆ ਗੇਟ ਗਿਆ। ਬਾਹਰ ਨਿਕਲ ਕੇ ਉਹ ਆਲੇ ਦੁਆਲੇ ਵੇਖਣ ਲਗਾ। ਪੂਰਬ ਵੱਲ ਦੇ ਪਾਸੇ ਪੁਰਾਣੇ ਕਿਲ੍ਹੇ ਦੀਆਂ ਕਾਲੀਆਂ, ਭੂਰੀਆਂ ਕੰਧਾਂ ਵਿਖਾਈ ਦਿੰਦੀਆਂ ਸਨ। ਇਹ ਕਿਲ੍ਹਾ ਦੂਜੇ ਮੁਗਲ ਬਾਦਸ਼ਾਹ ਹਿਮਾਯੂ ਨੇ ਬਣਾਇਆ ਸੀ। ਦ੍ਰਿਸ਼ ਦੇ ਹੇਠਲੇ ਹਿੱਸੇ ਵਿਚ ਉਹ ਖੇਡ ਸਟੇਡੀਅਮ ਸੀ ਜਿਹੜਾ ਵਾਇਸਰਾਏ ਦੀ ਨੀਮ ਪਾਗਲ ਪਤਨੀ ਲੇਡੀ ਬ੍ਰਿਗਟਨ ਨੇ ਆਪਣੇ ਨਾਮ ਉਤੇ ਬਣਵਾਇਆ ਸੀ। ਇਸ ਤੋਂ ਪਹਿਲਾਂ ਲੁਟੀਅਨਜ਼ ਸ਼ਹਿਰ ਦੀ ਉਸਾਰੀ ਕਰ ਚੁੱਕਾ ਸੀ। ਇਮਾਰਤਸਾਜ਼ ਸਟੇਡੀਅਮ ਬਾਰੇ ਆਪਣੇ ਦੰਦ ਚਿੱਥਣ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਕਰ

ਸਕਦਾ। ਇਸ ਸਟੇਡੀਅਮ ਨਾਲ ਵਾਇਸਰਾਏ ਦੇ ਮਹੱਲ ਤੋਂ ਜਾਂਦੀ ਹੋਈ ਉਸ ਸੜਕ ਦਾ
ਅੱਧਾ ਦ੍ਰਿਸ਼ ਖਤਮ ਹੋ ਗਿਆ ਸੀ ਜਿਸ ਦੇ ਰਸਤੇ ਵਿਚ ਜੰਗੀ ਸ਼ਹੀਦਾਂ ਦੀ ਯਾਦ ਵਿਚ ਇਕ
ਦਰਵਾਜ਼ਾ ਉਸਾਰਿਆ ਗਿਆ ਸੀ ਅਤੇ ਜਿਸ ਦੇ ਸਿਰੇ ਉਤੇ ਇਕ ਇੱਟਾਂ ਦੀ ਛਤਰੀ ਬਣਾਈ
ਬਾਦਸ਼ਾਹ ਜਾਰਜ ਪੰਜਵੇਂ ਦਾ ਬੁੱਤ ਲਾਇਆ ਹੋਇਆ ਸੀ। ਪੱਛਮ ਵਲ ਦੇ ਪਾਸੇ ਇਹ
ਵਿਸ਼ਾਲ ਪੁਰਾਣਾ ਕਿਲ੍ਹਾ ਖੜ੍ਹਾ ਸੀ। ਆਜ਼ਾਦ ਭਾਰਤ ਦੇ ਹੁਕਮਰਾਨਾਂ ਨੇ ਬਰਤਾਨਵੀ ਮਹਾਰਾਜੇ
ਦਾ ਬੁੱਤ ਚੁੱਕ ਦਿੱਤਾ ਸੀ। ਹੁਣ ਇਸਦੇ ਹੇਠਾਂ ਕੋਈ ਵੀ ਬੁੱਤ ਨਹੀਂ ਸੀ ਅਤੇ ਛਤਰੀ ਇਸ ਤੋਂ
ਖੂਬਸੂਰਤ ਲਗਦੀ ਸੀ। ਮੋਹਨ ਨੂੰ ਚੇਤੇ ਆਇਆ ਕਿ ਕੁਝ ਸਿਆਸਤਦਾਨ ਚਾਹੁੰਦੇ ਸਨ ਕਿ
ਇਹ ਛਤਰੀ ਵੀ ਹਟਾ ਦਿਤੀ ਜਾਵੇ। ਉਨ੍ਹਾਂ ਮੁਤਾਬਕ ਇਹ ਬਰਤਾਨਵੀ ਹਕੂਮਤ ਦੀ ਰਹਿੰਦ
ਖੂਹੰਦ ਸੀ। ਉਹ ਲੁਟੇਰੇ ਸਨ। ਉਹ ਯਾਦਗਾਰੀ ਗੇਟ ਦਾ ਕੁਝ ਨਹੀਂ ਸੀ ਬਣਾ ਸਕੇ ਅਤੇ
ਉਨ੍ਹਾਂ ਇਸ ਦਾ ਨਾਂ ਬਦਲ ਕੇ ਇੰਡੀਆ ਗੇਟ ਕਰ ਦਿੱਤਾ ਸੀ। ਹੁਣ ਇਸਦੇ ਹੇਠਾਂ ਇਕ
ਸਦੀਵੀ ਜੋਤ ਜਗਦੀ ਰਹਿੰਦੀ ਸੀ। ਇਹ ਉਨ੍ਹਾਂ ਲੋਕਾਂ ਦੇ ਮਾਣ ਵਿਚ ਜਗਾਈ ਗਈ ਸੀ
ਜਿਹੜੇ ਭਾਰਤ ਲਈ ਲੜਦੇ ਹੋਏ ਸ਼ਹੀਦ ਹੋਏ।

ਬਾਕੀ ਦਾ ਸਾਰਾ ਕੁਝ ਉਵੇਂ ਹੀ ਸੀ ਜਿਵੇਂ ਲੁਟੀਅਨਜ਼ ਨੇ ਡਿਜ਼ਾਈਨ ਕੀਤਾ ਸੀ। ਚੌੜੇ, ਖੁਲ੍ਹੇ ਰਸਤੇ ਦੇ ਆਲੇ ਦੁਆਲੇ ਪਾਣੀ ਦੇ ਤਲਾਬ ਸਨ ਜਿਸਦੇ ਕਿਨਾਰਿਆਂ ਤੇ ਫੁੱਲਾਂ ਦੀਆਂ ਕਿਆਰੀਆਂ ਬਣੀਆਂ ਹੋਈਆਂ ਸਨ। ਉਸਦੇ ਸਿਰੇ ਉਤੇ ਸਕੱਤਰੇਤ ਦੀਆਂ ਇਮਾਰਤਾਂ ਸਨ ਅਤੇ ਰਤਾ ਕੁ ਚੜ੍ਹਾਈ ਤੇ ਕਾਲੇ ਗੁਬੰਦ ਵਾਲਾ ਵਾਇਸਰਾਏ ਮਹੱਲ, ਜਿਸਨੂੰ ਹੁਣ ਰਾਸ਼ਟਰਪਤੀ ਭਵਨ ਕਿਹਾ ਜਾਂਦਾ ਸੀ। ਪੱਛਮ ਵਾਲੇ ਪਾਸੇ ਬੱਦਲ ਵਿਖਾਈ ਦੇ ਰਹੇ ਸਨ, ਡੁੱਬ ਰਿਹਾ ਸੂਰਜ ਇਨ੍ਹਾਂ ਬੱਦਲਾਂ ਰਾਹੀਂ ਝਾਕ ਰਿਹਾ ਸੀ, ਜਿਸ ਨਾਲ ਵਿਸ਼ਾਲ ਇਮਾਰਤਾਂ ਉਤੇ ਰੋਸ਼ਨੀ ਹੋ ਰਹੀ ਸੀ। ਇਨ੍ਹਾਂ ਇਮਾਰਤਾਂ, ਘਾਹ ਦੇ ਮੈਦਾਨਾਂ, ਪਾਣੀ ਦੇ ਤਲਾਬਾਂ ਅਤੇ ਫੁੱਲਦਾਰ ਦਰਖਤਾਂ ਉਤੇ ਹਲਕੀ, ਪੀਲੀ ਰੋਸ਼ਨੀ ਫੈਲੀ ਹੋਈ ਸੀ। ਮੋਹਨ ਨੇ ਆਪਣੇ ਆਪ ਨੂੰ ਕਿਹਾ ਕਿ ਇਹ ਸਵਰਗ ਦਾ ਨਜ਼ਾਰਾ ਹੈ। ਸਾਰੇ ਸੰਸਾਰ ਵਿਚੋਂ ਦਿੱਲੀ ਹੀ ਇਕੋ ਇਕ ਸ਼ਹਿਰ ਸੀ ਜਿਸ ਨਾਲ ਉਹ ਆਪਣੇ ਆਪ ਨੂੰ ਜੁੜਿਆ ਮਹਿਸੂਸ ਕਰਦਾ ਸੀ। ਅੱਜ ਵਰਗੇ ਕਿਸੇ ਖਾਸ ਦਿਨ ਤਾਂ ਉਹਨੂੰ ਇਹ ਗੱਲ ਵੀ ਭੁਲ ਸਕਦੀ ਸੀ ਕਿ ਉਸਦੀ ਜ਼ਿੰਦਗੀ ਵਿਚ ਕੋਈ ਔਰਤ ਨਹੀਂ ਹੈ।

ਉਹਨੇ ਚਾਰ ਵੱਡੇ-ਵੱਡੇ ਰੰਗਦਾਰ ਗੁਬਾਰੇ ਅਤੇ ਦੋ ਵੱਡੀਆਂ ਵਨੀਲਾ ਆਈਸਕਰੀਮਾਂ ਖਰੀਦੀਆਂ। ਆਈਸਕਰੀਮ ਵੇਚਣ ਵਾਲਿਆਂ ਦੀਆਂ ਰੇਹੜੀਆਂ ਉਤੇ ਹਰੀਆਂ ਤੇ ਚਿੱਟੇ ਰੰਗ ਦੀਆਂ ਰੋਸ਼ਨੀਆਂ ਲਗੀਆਂ ਹੋਈਆਂ ਸਨ। ਇਹ ਰੇਹੜੀਆਂ ਹਰ ਸ਼ਾਮ ਇੰਡੀਆ ਗੇਟ ਦੇ ਆਲੇ-ਦੁਆਲੇ ਜਮ੍ਹਾਂ ਹੁੰਦੀਆਂ ਸਨ। ਜਦੋਂ ਬੱਚੇ ਉਸਦੇ ਨਾਲ ਰਿਹਾ ਕਰਦੇ ਸਨ ਉਦੋਂ ਉਨ੍ਹਾਂ ਲਈ ਇਹ ਸਮਾਨ ਖਰੀਦਿਆ ਕਰਦਾ ਸੀ। ਜਦ ਬੱਚੇ ਹੀ ਉਸ ਕੋਲ ਨਹੀਂ ਸਨ ਤਾਂ ਗੁਬਾਰੇ ਅਤੇ ਆਈਸਕਰੀਮ ਖਰੀਦਣ ਦਾ ਕੀ ਲਾਭ?

ਜਦੋਂ ਮੋਹਨ ਘਰ ਪਰਤਿਆ ਤਾਂ ਧੰਨੋ ਇਕ ਵਾਰ ਪੋਚੇ ਮਾਰ ਰਹੀ ਸੀ। ਦਿੱਲੀ ਵਿਚ ਇੰਨੀ ਧੂੜ ਉਡਦੀ ਹੈ ਕਿ ਹਰ ਰੋਜ਼ ਦੋ ਵਾਰੀ ਝਾੜੂ ਪੋਚਾ ਕਰਨਾ ਪੈਂਦਾ ਹੈ। ਧੰਨੋ ਦੇ ਬੱਚੇ ਸਦਾ ਵਾਂਗ ਹੀ ਬਾਗ ਵਿਚ ਖੇਡ ਰਹੇ ਸਨ ਅਤੇ ਉਡੀਕ ਕਰ ਰਹੇ ਸਨ ਕਿ ਉਹਨਾਂ ਦੀ ਮਾਂ ਕਦੋਂ ਕੰਮ ਮੁਕਾਵੇ। ਉਨ੍ਹਾਂ ਗੁਬਾਰੇ ਦੇਖ ਲਏ ਪਰ ਉਨ੍ਹਾਂ ਨੂੰ ਪਤਾ ਸੀ ਕਿ ਇਹ ਉਨ੍ਹਾਂ ਲਈ ਨਹੀਂ ਹਨ। ਸਾਹਿਬ ਨੇ ਕਦੇ ਵੀ ਉਨ੍ਹਾਂ ਲਈ ਕੁਝ ਨਹੀਂ ਸੀ ਲਿਆਂਦਾ। ਮੋਹਨ ਨੇ ਇਹ ਗੁਬਾਰੇ ਤੇ ਆਈਸਕਰੀਮ ਧੰਨੋ ਨੂੰ ਦੇ ਦਿੱਤੇ। ਉਹਨੇ ਟੈਲੀਵਿਜ਼ਨ ਚਲਾਉਂਦੇ ਹੋਏ ਕਿਹਾ, "ਇਹ ਤੇਰੇ ਬੱਚਿਆਂ ਲਈ ਹਨ।'' ਇਕ ਮਿੰਟ ਮਗਰੋਂ ਧੰਨੋ ਆਪਣੇ ਬੱਚਿਆਂ ਨੂੰ ਅੰਦਰ ਲੈ ਕੇ ਆਈ। ਉਨ੍ਹਾਂ ਵਿਚੋਂ ਹਰ ਇਕ ਨੇ ਗੁਬਾਰਾ ਫੜਿਆ ਹੋਇਆ ਸੀ। ਉਹ ਕਹਿਣ ਲਗੀ, "ਸਾਹਿਬ ਦੇ ਪੈਰੀਂ ਹੱਥ ਲਾਓ। ਉਨ੍ਹਾਂ ਨੇ ਤੁਹਾਨੂੰ ਆਈਸਕਰੀਮ ਵੀ ਲਿਆ ਕੇ ਦਿਤੀ ਹੈ।'' ਬੱਚਿਆਂ ਨੇ ਪੈਰੀਂ ਹੱਥ ਲਾਏ ਤੇ ਬਾਹਰ ਭੱਜ ਗਏ। ਕੀ ਧੰਨੋ ਨੂੰ ਸੰਕੇਤ ਮਿਲ ਗਿਆ ਹੈ?

ਉਹਨੂੰ ਇਸ ਦਾ ਜਵਾਬ ਅਗਲੀ ਸਵੇਰ ਮਿਲ ਗਿਆ। ਉਹ ਆਮ ਨਾਲੋਂ ਦੇਰ ਨਾਲ ਪੁੱਜੀ ਸੀ। ਰਸੋਈਆ ਸਮਾਨ ਖਰੀਦਣ ਲਈ ਬਾਜ਼ਾਰ ਜਾ ਚੁੱਕਾ ਸੀ ਅਤੇ ਬੇਅਰਾ ਨਹਾਉਣ ਲਈ ਆਪਣੇ ਕਮਰੇ ਵਿਚ ਚਲੇ ਗਿਆ ਸੀ। ਉਹਨੇ ਧੋਤੀ ਅਤੇ ਪ੍ਰੈੱਸ ਕੀਤੀ ਸਲਵਾਰ ਕਮੀਜ਼ ਪਾਈ ਹੋਈ ਸੀ ਅਤੇ ਅੱਖਾਂ ਵਿਚ ਕੱਜਲ ਚਮਕ ਰਿਹਾ ਸੀ। ਉਹਨੇ ਕੁਝ ਨਹੀਂ ਕਿਹਾ ਤੇ ਪੈਰਾਂ ਭਾਰ ਬੈਠ ਕੇ ਫਰਸ਼ ਉਤੇ ਪੋਚਾ ਮਾਰਨ ਲਗੀ। ਉਹਨੇ ਸਾਹਿਬ ਦੀਆਂ ਨਜ਼ਰਾਂ ਆਪਣੇ ਉਤੇ ਗੱਡੀਆਂ ਮਹਿਸੂਸ ਕੀਤੀਆਂ। ਦੋ ਵਾਰੀ ਉਹ ਵਾਪਸ ਪਰਤੀ ਅਤੇ ਉਹਨੇ ਵੇਖਿਆ ਕਿ ਮੋਹਨ ਉਸਦੇ ਪਿੱਛੇ ਵਲੋਂ ਉਸ ਵੱਲ ਵੇਖ ਰਿਹਾ ਸੀ। ਉਹ ਰਤਾ ਕੁ ਸ਼ਰਮਾਈ, ਆਪਣਾ ਮੂੰਹ ਮੋੜਿਆ ਅਤੇ ਆਪਣਾ ਕੰਮ ਕਰਦੀ ਰਹੀ। ਮੋਹਨ ਨੇ ਇਸ ਸਭ ਕਾਸੇ ਤੋਂ ਇਹ ਸਿੱਟਾ ਕਢਿਆ ਕਿ ਉਹਦਾ ਜਵਾਬ ਹਾਂ ਵਿਚ ਹੈ।

ਉਹਨੇ ਫ਼ੈਸਲਾ ਕੀਤਾ ਕਿ ਉਹ ਕਾਹਲੀ ਨਹੀਂ ਕਰੇਗਾ। ਪਹਿਲਾਂ ਉਹ ਸੋਚੇਗਾ ਕਿ ਆਪਣੀ ਜਮਾਦਾਰਨੀ ਨੂੰ ਰਖੇਲ ਬਣਾਉਣ ਦੇ ਕੀ ਲਾਭ ਅਤੇ ਨੁਕਸਾਨ ਹੋ ਸਕਦੇ ਹਨ। ਆਪਣੇ ਬਰਾਬਰ ਦੀ ਕਿਸੇ ਔਰਤ ਨਾਲ ਸਬੰਧ ਬਣਾਉਣ ਨਾਲੋਂ ਇਸ ਸਬੰਧ ਵਿਚ ਰੌਲਾ ਗੌਲਾ ਘੱਟ ਹੋਵੇਗਾ। ਗੱਲਾਂ ਵੀ ਬਹੁਤ ਘੱਟ ਹੋਣਗੀਆਂ। ਇਸ ਵਿਚ ਕੁਝ ਸ਼ੱਕ ਨਹੀਂ ਕਿ ਉਸਦੇ ਦੋ ਮਰਦ ਨੌਕਰਾਂ ਨੂੰ ਛੇਤੀ ਹੀ ਪਤਾ ਲਗ ਜਾਵੇਗਾ ਕਿ ਉਹਨਾਂ ਦੇ ਸਾਹਿਬ ਤੇ ਜਮਾਦਾਰਨੀ ਵਿਚਾਲੇ ਕੁਝ ਚੱਕਰ ਚੱਲ ਰਿਹਾ ਹੈ। ਉਨ੍ਹਾਂ ਲਈ ਉਹ ਇਕ ਅਛੂਤ ਔਰਤ ਸੀ। ਉਹ ਕਦੇ ਵੀ ਉਸਨੂੰ ਰਸੋਈ ਵਿਚ ਦਾਖਲ ਨਹੀਂ ਸਨ ਹੋਣ ਦਿੰਦੇ। ਉਹ ਉਹਨੂੰ ਛੂੰਹਦੇ ਵੀ ਨਹੀਂ ਸਨ ਅਤੇ ਜਦੋਂ ਉਹ ਬਚਿਆ ਖੁਚਿਆ ਖਾਣਾ ਲੈਣ ਆਉਂਦੀ ਸੀ ਤਾਂ ਉਹ ਦਾਲ ਰੋਟੀ ਜਾਂ ਜੋ ਕੁਝ ਬਚਿਆ ਖੁਚਿਆ ਹੁੰਦਾ ਸੀ, ਉਸਦੇ ਭਾਂਡੇ ਵਿਚ ਦੂਰੋਂ ਹੀ ਸੁੱਟ ਦਿੰਦੇ ਸਨ। ਜੇ ਉਨ੍ਹਾਂ ਨੂੰ ਇਹ ਸ਼ੱਕ ਪੈਦਾ ਹੋਇਆ ਤਾਂ ਉਹ ਗੁਆਂਢੀ ਨੌਕਰਾਂ ਨੂੰ ਦੱਸਣਗੇ ਤੇ ਉਹ ਨੌਕਰ ਆਪਣੇ ਮਾਲਕਾਂ ਨੂੰ ਦੱਸ ਦੇਣਗੇ। ਇਹ ਆਸ ਨਹੀਂ ਸੀ ਕੀਤੀ ਜਾਂਦੀ ਕਿ ਧੰਨੋ ਇਹ ਗੱਲ

ਆਪਣੇ ਪਤੀ ਨੂੰ ਦੱਸੇਗੀ। ਜੇ ਉਹਦੇ ਪਤੀ ਨੂੰ ਰਤਾ ਵੀ ਅਕਲ ਹੋਈ ਤਾਂ ਉਹ ਆਪਣੇ ਪਤਨੀ ਦੇ ਵਰਤੋਂ ਵਿਹਾਰ ਤੋਂ ਸ਼ੱਕ ਜ਼ਰੂਰ ਕਰਨ ਲਗੇਗਾ। ਪਰ ਹੋ ਸਕਦਾ ਹੈ ਕਿ ਜਿਹੜੇ ਵੱਧ ਪੈਸੇ ਕਮਾਵੇਗੀ, ਉਸ ਨਾਲ ਉਸਦਾ ਪਤੀ ਆਪਣਾ ਮੂੰਹ ਬੰਦ ਰਖੇ। ਖ਼ਬਰੇ ਕਿਸੇ ਤਰ੍ਹਾਂ ਨਾ ਵੀ ਹੋਵੇ। ਪਰ ਇਹ ਸਾਰੀਆਂ ਗੱਲਾਂ ਇਸ ਗੱਲ ਦੇ ਸਾਹਮਣੇ ਨਿਗੂਣੀਆਂ ਸਨ ਕਿ ਉਹ ਜਦੋਂ ਜੀਅ ਚਾਹੇ ਸਹਿਵਾਸ ਕਰ ਸਕਿਆ ਕਰੇਗਾ। ਧੰਨੋ ਥੋੜ੍ਹੀ ਜਿਹੀ ਹੋਰ ਰਕਮ ਤੋਂ ਬਿਨਾਂ ਬਹੁਤਾ ਕੁਝ ਨਹੀਂ ਚਾਹੇਗੀ, ਨਾ ਹੀ ਉਸ ਨਾਲ ਕੋਈ ਭਾਵੁਕ ਸਾਂਝ ਹੀ ਬਣਾਉਣ ਦੀ ਕੋਸ਼ਿਸ਼ ਕਰੇਗੀ।

ਉਹਦੇ ਮਨ ਉਤੇ ਧੰਨੋ ਨਾਲ ਸਹਿਵਾਸ ਕਰਨ ਦੀ ਸੰਭਾਵਨਾ ਭਾਰੂ ਹੋਣ ਲੱਗੀ। ਦਫਤਰ ਅਤੇ ਘਰ ਵਿਚ ਉਹਦੀ ਸੂਰਤ ਮੋਹਨ ਦੀਆਂ ਅੱਖਾਂ ਸਾਹਮਣੇ ਘੁੰਮਦੀ ਰਹਿੰਦੀ। ਉਹ ਇਸ ਗੱਲ ਦੀ ਗਾਰੰਟੀ ਕਰਨਾ ਚਾਹੁੰਦਾ ਸੀ ਕਿ ਕਿਤੇ ਉਸਦੇ ਮੂੰਹੋਂ ਕੋਈ ਗੱਲ ਨਾ ਨਿਕਲ ਜਾਵੇ। ਅਗਲੀ ਸਵੇਰ ਉਸ ਧੰਨੋ ਨੂੰ ਪੁੱਛਿਆ ਕਿ ਉਸਦਾ ਪਤੀ ਕਿੰਨੇ ਵਜੇ ਕੰਮ ਤੇ ਜਾਂਦਾ ਹੈ। ਉਸ ਜਵਾਬ ਦਿਤਾ, ''ਉਹ ਵੱਡੇ ਤੜਕੇ ਨਿਕਲ ਜਾਂਦਾ ਹੈ ਸਾਹਿਬ, ਮੈਂ ਦੁਪਹਿਰ ਦੇ ਖਾਣੇ ਲਈ ਇਕ ਪਰਾਂਠਾ ਤੇ ਕੁਝ ਸਬਜ਼ੀ ਬੰਨ ਦਿੰਦੀ ਹਾਂ। ਸ਼ਾਮ ਨੂੰ ਉਹ ਦੇਰ ਨਾਲ ਪਰਤਦਾ ਹੈ। ਮਹੀਨੇ ਦੇ ਪਹਿਲੇ ਦਿਨਾਂ ਦੌਰਾਨ ਜਦੋਂ ਉਹਨੂੰ ਤਨਖਾਹ ਮਿਲੀ ਹੁੰਦੀ ਹੈ ਤਾਂ ਉਹ ਆਪਣੇ ਸਾਥੀਆਂ ਨਾਲ ਬੈਠ ਕੇ ਸ਼ਰਾਬ ਪੀਂਦਾ ਰਹਿੰਦਾ ਹੈ ਤੇ ਅੱਧੀ ਰਾਤ ਤਕ ਵੀ ਨਹੀਂ ਆਉਂਦਾ।''

''ਅਤੇ ਤੇਰੇ ਬੱਚੇ? ਤੂੰ ਜਿਥੇ ਵੀ ਕੰਮ ਕਰਨ ਜਾਂਦੀ ਹੈ, ਬੱਚਿਆਂ ਨੂੰ ਨਾਲ ਲੈ ਕੇ ਜਾਨੀ ਐਂ?''

''ਨਹੀਂ ਸਾਹਿਬ, ਲੋੜ ਪਵੇ ਤਾਂ ਮੈਂ ਆਪਣੇ ਨਾਲ ਦੇ ਹੋਰ ਨੌਕਰਾਂ ਦੀਆਂ ਪਤਨੀਆਂ ਨੂੰ ਕਹਿ ਦਿੰਦੀ ਹਾਂ ਕਿ ਉਨ੍ਹਾਂ ਉਤੇ ਨਜ਼ਰ ਰਖਣ। ਜਦੋਂ ਮੈਂ ਘਰ ਹੁੰਨੀ ਹਾਂ ਤਾਂ ਮੈਂ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ ਵੀ ਕਰਦੀ ਹਾਂ।''

ਧੰਨੋ ਸਮਝ ਗਈ ਕਿ ਸਾਹਿਬ ਦੇ ਮਨ ਵਿਚ ਕੀ ਹੈ। ਉਹਨੇ ਦਿਨ ਅਤੇ ਸਮੇਂ ਦਾ ਫ਼ੈਸਲਾ ਮੋਹਨ ਉਤੇ ਛੱਡਣ ਦਾ ਨਿਰਣਾ ਕਰ ਲਿਆ। ਉਹਨੂੰ ਬਹੁਤੀ ਉਡੀਕ ਨਹੀਂ ਕਰਨੀ ਪਈ। ਦੋ ਦਿਨ ਬਾਅਦ ਹੀ ਉਹਨੇ ਸੁਣਿਆ ਕਿ ਮੋਹਨ ਰਸੋਈਏ ਨੂੰ ਕਹਿ ਰਿਹਾ ਸੀ ਕਿ ਆਈ ਐੱਨ ਏ ਮਾਰਕੀਟ ਤੋਂ ਜਾ ਕੇ ਤਾਜ਼ਾ ਮੱਛੀ ਲੈ ਕੇ ਆਵੇ। ਉਹ ਕਹਿ ਰਿਹਾ ਸੀ, ''ਆਈ ਐੱਨ ਏ ਮਾਰਕੀਟ ਵਿਚ ਸਾਰਾ ਸਮਾਨ ਹੀ ਬਾਕੀ ਥਾਵਾਂ ਨਾਲੋਂ ਤਾਜ਼ਾ ਤੇ ਸਸਤਾ ਮਿਲਦਾ ਹੈ। ਮੱਛੀ, ਪਰਾਨ, ਕਿਰਕਿੜੇ, ਸਬਜ਼ੀਆਂ, ਫਲ ਸਾਰਾ ਕੁਝ ਹੀ। ਜਿੰਨੇ ਵੀ ਲੋਕਾਂ ਨੂੰ ਮੈਂ ਜਾਣਦਾ ਹਾਂ ਸਾਰੇ ਆਪਣਾ ਸਮਾਨ ਉਥੋਂ ਖਰੀਦਦੇ ਹਨ।'' ਆਈ ਐੱਨ ਏ ਮਾਰਕੀਟ ਤੱਕ ਜਾਣ ਲਈ ਮਹਾਰਾਣੀ ਬਾਗ ਤੋਂ ਸਾਈਕਲ ਉਤੇ ਇਕ ਘੰਟਾ ਲਗਦਾ ਸੀ। ਜਾਣ ਆਉਣ ਤੇ ਸਮਾਨ ਖਰੀਦਣ ਵਿਚ ਰਸੋਈਏ ਨੂੰ ਘੱਟੋ ਘੱਟ ਤਿੰਨ ਘੰਟੇ ਲੱਗ ਜਾਣਗੇ। ਫਿਰ ਸਾਹਿਬ ਨੇ

ਕਾਗਜ਼ ਉਤੇ ਕੁਝ ਲਿਖਿਆ ਅਤੇ ਬੇਅਰੇ ਨੂੰ ਦੇ ਦਿੱਤਾ। ਉਹਦੇ ਸਿਗਾਰ ਮੁੱਕ ਗਏ ਸਨ। ਉਸਦਾ ਕਹਿਣਾ ਸੀ ਕਿ ਜਿਸ ਤਰ੍ਹਾਂ ਦੇ ਸਿਗਾਰ ਉਹ ਪੀਂਦਾ ਹੈ ਉਹ ਕਨਾਟ ਪਲੇਸ ਦੇ ਐੱਮ ਆਰ ਸਟੋਰ ਤੋਂ ਹੀ ਮਿਲਦੇ ਸਨ। ਉਹਨੇ ਉਸ ਸਟੋਰ ਦਾ ਨਾਂ ਵੀ ਕਾਗਜ਼ ਉਤੇ ਲਿਖ ਦਿਤਾ ਸੀ। ਬੇਅਰੇ ਨੇ ਬੱਸ 'ਤੇ ਜਾਣਾ ਸੀ ਤੇ ਸਾਹਿਬ ਲਈ ਉਥੋਂ ਇਕ ਸਿਗਾਰ ਦਾ ਬਕਸਾ ਖਰੀਦ ਕੇ ਲਿਆਉਣਾ ਸੀ। ਉਹਨੇ ਬੇਅਰੇ ਨੂੰ ਸੌ ਸੌ ਦੇ ਕਈ ਨੋਟ ਦਿਤੇ ਅਤੇ ਕਿਹਾ, ''ਰਸੀਦ ਜ਼ਰੂਰ ਲੈ ਕੇ ਆਈਂ।'' ਬੇਅਰੇ ਨੇ ਵੀ ਦੋ ਕੁ ਘੰਟੇ ਦਾ ਸਮਾਂ ਬਾਹਰ ਰਹਿਣਾ ਸੀ।

ਧੰਨੋ ਨੇ ਇਕ ਸਿਆਣਪ ਕੀਤੀ ਅਤੇ ਉਸ ਵੇਲੇ ਘਰੋਂ ਬਾਹਰ ਚਲੀ ਗਈ ਜਦੋਂ ਦੋਨੋਂ ਨੌਕਰ ਘਰ ਵਿਚ ਮੌਜੂਦ ਸੀ। ਉਹ ਆਪਣੇ ਕਮਰੇ ਵਿਚ ਆ ਕੇ ਦੂਜੀ ਵਾਰ ਨ੍ਹਾਤੀ। ਇਸ ਵਾਰ ਉਹਨੇ ਖ਼ੂਬ ਸਾਬਣ ਮਲਿਆ ਅਤੇ ਆਪਣੇ ਸਰੀਰ ਨੂੰ ਮਲ਼ ਮਲ਼ ਕੇ ਸਾਫ ਕੀਤਾ। ਉਸਨੇ ਵੇਖਿਆ ਕਿ ਦੋਵੇਂ ਨੌਕਰ ਹੀ ਆਪੋ ਆਪਣੇ ਕੰਮੀਂ ਚਲੇ ਗਏ ਸਨ। ਇਸ ਤੋਂ ਬਾਅਦ ਉਹ ਵਾਪਸ ਚਲੀ ਆਈ।

ਮੋਹਨ ਉਹਦੀ ਉਡੀਕ ਕਰ ਰਿਹਾ ਸੀ। ਜਦੋਂ ਉਹ ਪੌੜੀਆਂ ਚੜ੍ਹ ਕੇ ਆਈ ਤਾਂ ਮੋਹਨ ਆਪਣੀ ਕੁਰਸੀ ਤੋਂ ਉੱਠਿਆ, ਉਹਨੂੰ ਮੋਢਿਆਂ ਤੋਂ ਫੜ ਕੇ ਆਰਾਮ ਨਾਲ ਆਪਣੇ ਸੌਣ ਕਮਰੇ ਵਿਚ ਲੈ ਗਿਆ ਅਤੇ ਕਮਰੇ ਨੂੰ ਅੰਦਰੋਂ ਕੁੰਡੀ ਮਾਰ ਲਈ। ਉਹਨੇ ਉਹਨੂੰ ਬੁੱਲ੍ਹਾਂ ਤੋਂ ਚੁੰਮਿਆ ਅਤੇ ਉਸ ਦੀਆਂ ਛਾਤੀਆਂ ਨੂੰ ਪਲੋਸਿਆ। ਉਹ ਤੁਰਤ ਫੁਰਤ ਤਿਆਰ ਹੋ ਗਈ। ਮੋਹਨ ਨੇ ਉਹਦੀ ਕਮੀਜ਼ ਵਿਚ ਹੱਥ ਪਾ ਕੇ ਉਹਦੀਆਂ ਛਾਤੀਆਂ ਨੂੰ ਟੋਹਿਆ। ਉਸਦੀ ਆਪਣੀ ਪਤਨੀ ਦੀਆਂ ਛਾਤੀਆਂ ਨਾਲੋਂ ਮਜ਼ਬੂਤ ਸਨ ਅਤੇ ਇਸ ਦੀਆਂ ਡੋਡੀਆਂ ਵੀ ਸਖਤ ਸਨ। ਧੰਨੋ ਨੇ ਆਪਣੀ ਕਮੀਜ਼ ਮੋਢਿਆਂ ਤੋਂ ਉਪਰ ਕਰ ਲਾਹ ਮਾਰੀ ਅਤੇ ਸ਼ਰਮਾਉਂਦੀ ਹੋਈ ਆਪਣੇ ਪੈਰਾਂ ਵਲ ਨਜ਼ਰਾਂ ਗੱਡ ਕੇ ਖੜੀ ਹੋ ਗਈ। ਮੋਹਨ ਨੇ ਉਸਦੀ ਸਲਵਾਰ ਦਾ ਨਾਲਾ ਖੋਲ੍ਹ ਦਿਤਾ ਜੋ ਫਰਸ਼ ਤੇ ਡਿਗ ਪਈ। ਉਹ ਅਧ ਨੰਗੀ ਸੀ। ਉਹ ਫੁਸਫੁਸਾਈ, "ਸਾਹਿਬ ਇਸ ਤਰ੍ਹਾਂ ਨਹੀਂ, ਤੁਸੀਂ ਵੀ ਮੇਰੇ ਵਾਂਗ ਹੀ ਹੋ ਜਾਓ।'' ਉਹਨੇ ਉਸਦੀ ਬੈਲਟ ਖੋਲੀ ਅਤੇ ਉਸਦੀ ਪਤਲੂਨ ਹੇਠਾਂ ਖਿੱਚ ਦਿਤੀ। ਫਿਰ ਉਹ ਸਾਹ ਭਰ ਕੇ ਉਸਦੇ ਗੁਪਤ ਅੰਗ ਵਲ ਵੇਖਦੇ ਹੋਏ ਬੋਲੀ, ''ਸਾਹਿਬ ਮੈਂ ਇੰਨੀ ਵੱਡੀ ਚੀਜ਼ ਇਸ ਤੋਂ ਪਹਿਲਾਂ ਨਹੀਂ ਸੀ ਦੇਖੀ!''

ਮੋਹਨ ਨੇ ਉਹਦਾ ਹੱਥ ਫੜ ਕੇ ਆਪਣੇ ਅੰਗ ਉਤੇ ਰੱਖਿਆ ਅਤੇ ਚਸਕਾ ਲੈ ਕੇ ਪੁੱਛਣ ਲੱਗਾ, ''ਤੂੰ ਕਿੰਨੇ ਕੁ ਵੇਖੇ ਹੋਏ ਹਨ?'' ਧੰਨੋ ਸ਼ਰਮਾ ਗਈ ਅਤੇ ਕਹਿਣ ਲੱਗੀ, ''ਸਿਰਫ ਆਪਣੇ ਪਤੀ ਦਾ ਹੀ, ਉਹਦਾ ਤਾਂ ਤੁਹਾਡੇ ਨਾਲੋਂ ਅੱਧਾ ਵੀ ਨਹੀਂ। ਹੋਰ ਕਿਸੇ ਆਦਮੀ ਦਾ ਨਹੀਂ ਦੇਖਿਆ, ਸੌਂਹ ਰੱਬ ਦੀ।'' ਮੋਹਨ ਨੂੰ ਪਤਾ ਸੀ ਕਿ ਉਹ ਝੂਠ ਬੋਲ ਰਹੀ ਸੀ। ਧੰਨੋ ਨੂੰ ਪਤਾ ਸੀ ਕਿ ਸਾਹਿਬ ਨੂੰ ਪਤਾ ਸੀ ਕਿ ਉਹ ਝੂਠ ਬੋਲ ਰਹੀ ਹੈ, ਪਰ ਇਨ੍ਹਾਂ ਨਿੱਕੀਆਂ ਨਿੱਕੀਆਂ ਗੱਲਾਂ ਉਤੇ ਸਮਾਂ ਕਿਉਂ ਬਰਬਾਦ ਕੀਤਾ ਜਾਵੇ।

ਮੋਹਨ ਨੇ ਆਪਣੀ ਕਮੀਜ਼ ਲਾਹੀ ਅਤੇ ਫਿਰ ਧੰਨੋ ਨੂੰ ਆਪਣੇ ਬਿਸਤਰੇ ਉਤੇ ਸੁੱਟ

ਲਿਆ। ਉਹਨੇ ਪਿਆਰ ਕਰਨਾ ਸ਼ੁਰੂ ਕੀਤਾ। ਜਦੋਂ ਉਹਨੇ ਨਿਰੋਧ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਧੰਨੋ ਨੇ ਉਸਦਾ ਹੱਥ ਫੜ ਲਿਆ ਤੇ ਕਹਿਣ ਲੱਗੀ, ''ਤੀਜੇ ਬੱਚੇ ਤੋਂ ਬਾਅਦ ਮੈਂ ਨਸਬੰਦੀ ਕਰਾ ਦਿਤੀ ਸੀ। ਇਹ ਚੀਜ਼ ਪਾਏ ਬਿਨਾਂ ਤੁਹਾਨੂੰ ਜ਼ਿਆਦਾ ਮਜ਼ਾ ਆਵੇਗਾ।'' ਜਦੋਂ ਹੀ ਮੋਹਨ ਕਿਸੇ ਨਵੀਂ ਔਰਤ ਦੇ ਸਰੀਰ ਨਾਲ ਸੰਭੋਗ ਕਰਦਾ ਸੀ ਤਾਂ ਇਸ ਤਰ੍ਹਾਂ ਲਗਦਾ ਸੀ ਕਿ ਜਿਵੇਂ ਕਿਸੇ ਨਵੀਂ ਧਰਤੀ ਨੂੰ ਟੋਹ ਰਿਹਾ ਹੋਵੇ। ਸਰੀਰ ਦੇ ਪੱਖ ਤੋਂ ਸਾਰੀਆਂ ਔਰਤਾਂ ਇਕੋ ਜਿਹੀਆਂ ਹਨ, ਪਰ ਉਨ੍ਹਾਂ ਚੋਂ ਹਰੇਕ ਵੱਖ ਵੱਖ ਪੱਖਾਂ ਤੋਂ ਖ਼ੂਬਸੂਰਤ ਢੰਗ ਨਾਲ ਵੱਖਰੀ ਹੁੰਦੀ ਹੈ। ਧੰਨੋ ਦੇ ਸਰੀਰ ਵਿਚੋਂ ਕੁਦਰਤੀ ਮਹਿਕ ਆ ਰਹੀ ਸੀ। ਇਸ ਦੇ ਮੁਕਾਬਲੇ ਉਸਦੀ ਪਤਨੀ ਦੇ ਸਰੀਰ ਵਿਚੋਂ ਫਰਾਂਸੀਸੀ ਸੈਂਟ ਦੀ ਮੁਸ਼ਕ ਆਇਆ ਕਰਦੀ ਸੀ। ਮੋਹਨ ਬਹੁਤੀ ਦੇਰ ਤਕ ਟਿੱਕ ਨਾ ਸਕਿਆ। ਉਹ ਹੰਭ ਕੇ ਪਿੱਠ ਭਾਰ ਲੰਮਾ ਪੈ ਗਿਆ। ਧੰਨੋ ਨੇ ਬੜਾ ਸਬਰ ਦਿਖਾਇਆ। ਉਹ ਮੋਹਨ ਦੇ ਸਰੀਰ ਦੀ ਸਿਰ ਤੋਂ ਲੈ ਕੇ ਪੈਰਾਂ ਤਕ ਹੌਲ਼ੀ-ਹੌਲ਼ੀ ਮਾਲਸ਼ ਕਰਨ ਲਗੀ। ਇਸ ਨਾਲ ਉਹ ਫਿਰ ਤਿਆਰ ਹੋ ਗਿਆ। ਇਸ ਵਾਰੀ ਧੰਨੋ ਉਹਦੇ ਨਾਲੋਂ ਪਹਿਲਾਂ ਸੰਤੁਸ਼ਟ ਹੋ ਗਈ।

ਜਦੋਂ ਉਹ ਸਿਖਰ ਉਤੇ ਪਹੁੰਚ ਰਹੀ ਸੀ ਤਾਂ ਉਹਨੇ ਮੋਹਨ ਦੇ ਸਰੀਰ ਵਿਚ ਆਪਣੀਆਂ ਨੌਂਦਰਾਂ ਗੱਡ ਦਿਤੀਆਂ। ਉਹਦੇ ਬੁੱਲ ਟੁੱਕੇ ਅਤੇ ਫਿਰ ਇਸ ਤਰ੍ਹਾਂ ਦੀ ਆਵਾਜ਼ ਕਰਦੇ ਹੋਏ ਢਹਿ ਢੇਰੀ ਹੋ ਗਈ ਜਿਵੇਂ ਕਿਸੇ ਜਾਨਵਰ ਨੂੰ ਜ਼ਿਬਾਹ ਕੀਤਾ ਜਾ ਰਿਹਾ ਹੋਵੇ। ਮੋਹਨ ਨੇ ਆਪਣੇ ਆਪ ਨੂੰ ਜੇਤੂ ਮਹਿਸੂਸ ਕੀਤਾ ਅਤੇ ਉਹਨੂੰ ਆਪਣੀ ਮਰਦਾਨਗੀ ਉਤੇ ਮਾਣ ਵੀ ਹੋਇਆ।

ਉਹ ਦੋਵੇਂ ਇਕੱਠੇ ਹੀ ਬਾਥਰੂਮ ਵਿਚ ਨ੍ਹਾਤੇ। ਫਿਰ ਸੌਣ ਵਾਲੇ ਕਮਰੇ ਵਿਚ ਆ ਕੇ ਇਕੱਠਿਆਂ ਹੀ ਕੱਪੜੇ ਪਾਏ। ਮੋਹਨ ਨੇ ਆਪਣੇ ਪਰਸ ਵਿਚੋਂ ਸੌ ਸੌ ਦੇ ਦੋ ਨੋਟ ਕੱਢੇ ਤੇ ਧੰਨੋ ਦੇ ਹੱਥ ਵਿਚ ਫੜਾ ਦਿੱਤੇ। ਇਨ੍ਹਾਂ ਨੋਟਾਂ ਨੂੰ ਕਮੀਜ਼ ਵਿਚ ਦੀ ਆਪਣੀਆਂ ਦੋਵਾਂ ਛਾਤੀਆਂ ਦੇ ਵਿਚਕਾਰ ਟੁੰਗਦੀ ਹੋਈ ਕਹਿਣ ਲਗੀ, "ਇਹਦੀ ਕੋਈ ਲੋੜ ਨਹੀਂ ਸੀ, ਮੈਂ ਤਾਂ ਤੁਹਾਡੀ ਬਾਂਦੀ ਹਾਂ। ਜਦੋਂ ਵੀ ਤੁਹਾਨੂੰ ਲੋੜ ਹੋਵੇ, ਤੁਹਾਡੀ ਦਾਸੀ ਤੁਹਾਡੀ ਸੇਵਾ ਵਿਚ ਹਾਜ਼ਿਰ ਰਹੇਗੀ।''

ਧੰਨੋ ਚੁੱਪ ਚੁਪੀਤੇ ਮਕਾਨ ਵਿਚੋਂ ਬਾਹਰ ਨਿਕਲ ਗਈ। ਮੋਹਨ ਨੇ ਉਸ ਦਿਨ ਦਾ ਆਪਣਾ ਪਹਿਲਾ ਸਿਗਾਰ ਜਲਾਇਆ ਅਤੇ ਮਹਿਸੂਸ ਕੀਤਾ ਕਿ ਸੰਸਾਰ ਬਾਰੇ ਉਸਦੀ ਰਾਇ ਬਿਲਕੁਲ ਸਹੀ ਸੀ। ਧੰਨੋ ਉਸ ਤਰ੍ਹਾਂ ਦੀ ਔਰਤ ਨਹੀਂ ਸੀ ਜਿਸ ਤਰ੍ਹਾਂ ਦੀ ਔਰਤ ਲਈ ਉਸਨੇ ਅਖ਼ਬਾਰਾਂ ਵਿਚ ਇਸ਼ਤਿਹਾਰ ਦਿਤੇ ਸਨ, ਪਰ ਵਾਸਨਾ ਵੀ ਤਾਂ ਪਿਆਰ ਦਾ ਹੀ ਇਕ ਅੰਗ ਹੈ-ਸ਼ਾਇਦ ਇਸ ਦਾ ਸਭ ਤੋਂ ਮਹੱਤਵਪੂਰਨ ਅੰਗ। ਜਦੋਂ ਮਾਨਸਿਕ ਅਤੇ ਭਾਵੁਕ ਸੰਗ ਸਾਥ ਹਾਸਲ ਨਾ ਹੋਵੇ, ਉਸ ਵੇਲੇ ਆਦਮੀ ਲਈ ਇਸ ਤਰ੍ਹਾਂ ਦਾ ਸਾਥ ਵੀ ਕਾਫੀ ਜ਼ਰੂਰੀ ਹੁੰਦਾ ਹੈ।

ਧੰਨੋ ਨਾਲ ਉਸਦਾ ਮੰਗਲ ਹਫਤੇ ਵਿਚ ਦੋ ਵਾਰੀ ਹੋਣ ਲੱਗਾ। ਉਹ ਬੜੀ ਆਗਿਆਕਾਰ ਸੀ ਅਤੇ ਉਸ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਦਾ ਤਿਆਰ ਰਹਿੰਦੀ ਸੀ। ਮੋਹਨ ਉਸਦੇ ਸਰੀਰ ਦੇ ਸਾਰੇ ਉਤਰਾਵਾਂ ਚੜ੍ਹਾਵਾਂ ਤੋਂ ਵਾਕਫ ਹੋ ਗਿਆ ਸੀ। ਇਥੋਂ ਤਕ ਕਿ ਉਸਦੇ ਪੱਟ ਉਤਲੇ ਵੱਡੇ ਕਾਲੇ ਨਿਸ਼ਾਨ ਤੋਂ ਵੀ। ਉਹ ਨਾ ਸਿਰਫ ਇਸ ਨੂੰ ਆਪਣੀਆਂ ਉਂਗਲਾਂ ਨਾਲ ਟੋਹਿਆ ਹੀ ਕਰਦਾ ਸੀ, ਉਸਦੀ ਅੱਖਾਂ ਤੇ ਬੁੱਲਾਂ ਨੂੰ ਚੁੰਮਣ ਤੋਂ ਪਹਿਲਾਂ ਇਸ ਥਾਂ ਨੂੰ ਚੁੰਮਿਆ ਵੀ ਕਰਦਾ ਸੀ। ਸੈਕਸ ਵਿਚ ਹਾਲੇ ਵੀ ਆਨੰਦ ਆਉਂਦਾ ਸੀ, ਪਰ ਹੌਲ਼ੀ-ਹੌਲ਼ੀ ਇਸ ਦਾ ਨਿਵੇਕਲਾਪਣ ਖਤਮ ਹੋ ਰਿਹਾ ਸੀ। ਉਹ ਆਸਨ ਬਦਲਣ ਦੀ ਕੋਸ਼ਿਸ਼ ਕਰਦਾ ਜਿਸਨੂੰ ਧੰਨੋ ਪ੍ਰਵਾਨ ਨਾ ਕਰਦੀ। ਜਦੋਂ ਮੋਹਨ ਨੇ ਕੋਸ਼ਿਸ਼ ਕੀਤੀ ਕਿ ਉਹ ਇਕ ਐਸਾ ਆਸਨ ਅਜਮਾਉਣ ਜਿਸ ਵਿਚ ਧੰਨੋ ਉਪਰ ਹੋਵੇ ਤਾਂ ਉਹ ਕਹਿਣ ਲੱਗੀ, ''ਨਾ ਸਾਹਿਬ! ਮੈਂ ਤੁਹਾਡੇ ਉਪਰ ਕਦੇ ਨਹੀਂ ਆਵਾਂਗੀ, ਤੁਸੀਂ ਮੇਰੇ ਮਾਲਕ ਹੋ।'' ਉਹਨੇ ਇਸ ਮਾਮਲੇ ਉਤੇ ਬਹੁਤਾ ਜ਼ੋਰ ਨਾ ਦਿੱਤਾ। ਉਹਨੇ ਇਕ ਚੰਗਾ ਸੌਦਾ ਕੀਤਾ ਸੀ ਅਤੇ ਧੰਨੋ ਆਪਣਾ ਰੋਲ ਅਦਾ ਕਰ ਰਹੀ ਸੀ।

# ਰੇਵਾੜੀ ਤੋਂ ਖ਼ਤ

ਐਤਵਾਰ ਵਾਲੇ ਦਿਨ ਮੋਹਨ ਨੇ 'ਦ ਟਾਈਮਜ਼ ਆਫ ਇੰਡੀਆ' ਅਤੇ 'ਦ ਇੰਡੀਅਨ ਐਕਸਪ੍ਰੈਸ' ਦੇ ਸ਼ਾਦੀਆਂ ਦੇ ਕਾਲਮ ਤੇ ਨਜ਼ਰ ਮਾਰੀ। ਦੋਵਾਂ ਵਿਚ ਹੀ ਚਾਰ ਤੋਂ ਛੇ ਸਫ਼ੇ ਇਨ੍ਹਾਂ ਨਾਲ ਭਰੇ ਹੋਏ ਸਨ। ਇਨ੍ਹਾਂ ਵਿਚ ਜਾਤ ਪਾਤ ਅਤੇ ਹੋਰ ਵਖਰੇਵਿਆਂ ਦੇ ਵਖਰੇ ਸਿਰਲੇਖ ਲਗੇ ਹੋਏ ਸਨ। ਸਭ ਤੋਂ ਵੱਡੀ ਗਿਣਤੀ ਹਿੰਦੂਆਂ ਦੀ ਸੀ ਜਿਸ ਵਿਚ ਬਾਹਮਣਾਂ, ਖਤਰੀਆਂ ਅਤੇ ਵੈਸ਼ਾਂ ਲਈ ਵਖੱਰੇ ਵੱਖਰੇ ਕਾਲਮ ਸਨ। ਸਭ ਤੋਂ ਵੱਧ ਜ਼ੋਰ ਉਪ ਜਾਤਾਂ ਉਤੇ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ ਕਈ ਜੈਨੀ ਸਨ, ਜਿਨ੍ਹਾਂ ਦੀ ਅੱਗੋਂ ਦਿਦੰਬਰਾ, ਸਵੈਤਾਂਬਰਾਂ ਅਤੇ ਸਥਾਨਕ ਵਾਸੀਆਂ ਵਿਚਕਾਰ ਵੰਡ ਕੀਤੀ ਗਈ ਸੀ। ਸਿੱਖਾਂ ਦੀ ਵੰਡ ਜੱਟਾਂ, ਖਤਰੀਆਂ ਤੇ ਅਰੋੜਿਆਂ ਵਿਚ ਕੀਤੀ ਗਈ ਸੀ। ਇਸਾਈ, ਕੈਥੋਲਿਕਾਂ ਮੈਥੋਡਿਸਟਾਂ, ਸੀਰੀਆਈਆਂ, ਕ੍ਰਿਸ਼ਚੀਅਨਾਂ ਅਤੇ ਪ੍ਰੈੱਸਮੀਟੇਰੀਆਂ ਵਿਚਕਾਰ ਵੰਡੇ ਹੋਏ ਸਨ। ਕੁਝ ਮੁਸਲਮਾਨ ਵੀ ਸੁੰਨੀਆਂ, ਸ਼ੀਆਂ, ਗੋਹਰਾ, ਖੋਜਾ ਅਤੇ ਇਸਮਾਈਲੀਆਂ ਵਿਚ ਵੰਡੇ ਹੋਏ ਸਨ। ਜਿੰਨਾ ਛੋਟਾ ਭਾਈਚਾਰਾ ਹੁੰਦਾ ਉਨੇ ਹੀ ਜਾਤ ਗੋਤ ਹੁੰਦੇ ਵਿਆਹ ਦੇ ਇਸ਼ਤਿਹਾਰਾਂ ਵਿਚ ਸਭ ਤੋਂ ਉਪਰ ਐੱਨ ਆਰ ਆਈ (ਵਿਦੇਸ਼ਾਂ ਵਿਚ ਰਹਿੰਦੇ ਭਾਰਤੀ) ਹੁੰਦੇ ਜਿਨ੍ਹਾਂ ਵਿਚ ਉਨ੍ਹਾਂ ਦੇ ਪੌਂਡਾਂ, ਡਾਲਰਾਂ ਦੀ ਰਕਮ ਰੁਪਇਆਂ ਵਿਚ ਗੁਣਾਂ ਕਰਕੇ ਲਿਖੀ ਹੁੰਦੀ। ਉਨ੍ਹਾਂ ਵਿਚ ਵੀ ਆਪਣੇ ਫਿਰਕੇ ਤੇ ਜਾਤ ਦੀਆਂ ਕੁੜੀਆਂ ਦੀ ਹੀ ਭਾਲ ਦੀ ਮੰਗ ਕੀਤੀ ਗਈ ਸੀ। ਸਭ ਤੋਂ ਵੱਧ ਇਸ ਦੀ ਮੰਗ ਹੁੰਦੀ ਸੀ ਕਿ ਕੁੜੀਆਂ ਕੰਜ ਕੁਆਰੀਆਂ ਹੋਣ।

ਉਹ ਖ਼ੁਦ ਇਨ੍ਹਾਂ ਕਾਲਮਾਂ ਵਿਚ ਕਿਥੇ ਫਿੱਟ ਬੈਠਦਾ ਸੀ? ਉਸਨੇ ਸ਼ਾਦੀ ਦੀ ਤਾਂ ਪੇਸ਼ਕਸ਼ ਨਹੀਂ ਸੀ ਕੀਤੀ, ਸਗੋਂ ਇਕ ਕਿਸਮ ਦੀ ਰਖੇਲ ਦੀ ਮੰਗ ਕੀਤੀ ਸੀ। ਪਰ ਉਸਦਾ ਇਸ਼ਤਿਹਾਰ ਦੋਵਾਂ ਹੀ ਅਖ਼ਬਾਰਾਂ ਵਿਚ ਇਨ੍ਹਾਂ ਕਾਲਮਾਂ ਦੇ ਅਖੀਰ ਵਿਚ ਛਪਿਆ ਹੋਇਆ ਸੀ ਅਤੇ ਇਸ ਉਤੇ 'ਫੁਟਕਲ' ਦਾ ਸਿਰਲੇਖ ਲਿਖਿਆ ਹੋਇਆ ਸੀ। ਇਸ ਥਾਂ ਉਤੇ ਸਿਰਫ ਉਸੇ ਦਾ ਹੀ ਇਸ਼ਤਿਹਾਰ ਛਪਿਆ ਸੀ। ਇਸ ਕਾਰਨ ਹੋਰ ਸਾਰੇ ਇਸ਼ਤਿਹਾਰਾਂ ਨਾਲੋਂ ਇਸ ਇਸ਼ਤਿਹਾਰ ਵਲ ਸਭ ਦਾ ਧਿਆਨ ਜਾਣਾ ਸੀ। ਕਈ ਲੋਕ ਤਾਂ ਇਸ ਗੱਲ ਉਤੇ ਬਹੁਤ ਇਤਰਾਜ਼ ਕਰਨਗੇ ਕਿ ਭਾਰਤ ਵਰਗੇ ਪੁਰਾਣੀਆਂ ਰਵਾਇਤਾਂ ਵਾਲੇ ਦੇਸ਼ ਵਿਚ ਇਸ ਤਰ੍ਹਾਂ ਦੇ ਇਸ਼ਤਿਹਾਰ ਛਾਪੇ ਜਾ ਰਹੇ ਸਨ। ਭਾਰਤੀਆਂ ਵਲੋਂ ਸ਼ਾਦੀ ਦੀ ਸੰਸਥਾ ਨੂੰ ਜੀਵਨ ਭਰ ਦਾ ਪਵਿੱਤਰ ਬੰਧਨ ਮੰਨਿਆ ਜਾਂਦਾ ਹੈ। ਮੋਹਨ ਨੇ ਸੋਚਿਆ ਕਿ ਜੇ ਉਸਦੇ ਪਿਤਾ ਹੁੰਦੇ ਤਾਂ ਇਸ ਬਾਰੇ ਕੀ ਸੋਚਦੇ। ਜਾਂ ਫਿਰ ਲਾਲਾ ਅਚਿੰਤ ਰਾਮ ਅਤੇ ਉਸਦੀ ਮੋਟੀ ਕ੍ਰਿਸਮਿਸ ਦੇ ਦਰਖਤ ਵਰਗੀ ਪਤਨੀ ਕੀ ਸੋਚਦੀ? ਅਤੇ ਸੋਨੂ ਇਸ 'ਬੇਹੁਰਮਤੀ' ਉਤੇ ਕੀ ਪ੍ਰਤੀਕਰਮ ਕਰੇਗੀ?

ਔਰਤਾਂ ਨੂੰ ਆਦੀ ਸਬੰਧ ਬਣਾਉਣ ਲਈ ਸੱਦਾ ਦੇਣਾ ਬੇਹੁਰਮਤੀ ਹੀ ਤਾਂ ਸੀ।

ਮੋਹਨ ਨੂੰ ਆਸ ਨਹੀਂ ਸੀ ਕਿ ਕੋਈ ਜਵਾਬ ਆਵੇਗਾ। ਪਰ ਉਹਨੇ ਹਾਲੇ ਤਕ ਵੀ ਦਿਲ ਨਹੀਂ ਸੀ ਛੱਡਿਆ। ਧੰਨੋ ਉਸਦੀ ਸੇਵਾ ਵਿਚ ਹਾਜ਼ਰ ਰਹਿੰਦੀ ਸੀ। ਉਹਨੇ ਆਪਣੇ ਆਪ ਨੂੰ ਕਿਹਾ ਕਿ ਕਲਪਨਾ ਵਿਚਲੀਆਂ 10 ਔਰਤਾਂ ਦੀ ਥਾਂ ਬਿਸਤਰੇ ਵਿਚਲੀ ਇਕ ਔਰਤ ਜ਼ਿਆਦਾ ਮਹੱਤਵ ਰਖਦੀ ਹੈ।

*****

ਪਹਿਲੀ ਚਿੱਠੀ ਐਸੇ ਥਾਂ ਤੋਂ ਆਈ ਜਿਸਦੀ ਭੋਰਾ ਵੀ ਆਸ ਨਹੀਂ ਸੀ। ਇਹ ਇਸ਼ਤਿਹਾਰ ਵਿਚ ਦਿਤੇ ਗਏ ਪੋਸਟ ਆਫਿਸ ਬਾਕਸ ਨੰਬਰ ਰਾਹੀਂ ਨਹੀਂ ਸੀ ਆਈ, ਸਗੋਂ ਇਸ ਉਤੇ ਉਸਦਾ ਨਾਂ ਅਤੇ ਘਰ ਦਾ ਪਤਾ ਲਿਖਿਆ ਹੋਇਆ ਸੀ। ਇਸ ਉਤੇ ਸਿਰਫ ਇਕੋ ਸ਼ਬਦ ਲਿਖਿਆ ਹੋਇਆ ਸੀ: 'ਹਰਾਮਜ਼ਾਦਾ', ਭਾਵੇਂ ਇਹ ਅੱਖਰ ਟਾਈਪ ਕੀਤਾ ਹੋਇਆ ਸੀ, ਮੋਹਨ ਨੂੰ ਪਤਾ ਲਗ ਗਿਆ ਕਿ ਇਹ ਉਸਦੀ ਪਤਨੀ ਨੇ ਭੇਜਿਆ ਸੀ। ਉਸਨੂੰ ਆਪਣੇ ਅੰਦਰ ਗੁੱਸੇ ਦੀ ਲਹਿਰ ਉਠਦੀ ਜਾਪੀ। ਉਹਨੇ ਇਹ ਚਿੱਠੀ ਤਰੋੜੀ ਮਰੋੜੀ ਅਤੇ ਕੂੜੇਦਾਨ ਵਿਚ ਸੁੱਟਦੇ ਹੋਏ ਉੱਚੀ ਆਵਾਜ਼ ਵਿਚ, ''ਕੁੱਤੀ'' ਕਿਹਾ।

ਉਸਨੂੰ ਇਸਦਾ ਪਤਾ ਹੋਣਾ ਚਾਹੀਦਾ ਸੀ। ਸੋਨੂ ਦੀ ਆਦਤ ਸੀ ਕਿ ਐਤਵਾਰ ਦਾ ਦਿਨ ਉਹ ਸ਼ਾਦੀ ਦੇ ਕਾਲਮ ਪੜ੍ਹਦਿਆਂ ਬਿਤਾਉਂਦੀ ਸੀ। ਉਹ ਇਕ ਤੋਂ ਬਾਅਦ ਇਕ ਇਸ਼ਤਿਹਾਰ ਪੜ੍ਹਦੀ ਅਤੇ ਖੁਸ਼ੀ ਨਾਲ ਹਸਦੀ। ਅਕਸਰ ਹੀ ਉਹ ਪੁੱਛਦੀ, ''ਕੀ ਤੈਨੂੰ ਪਤਾ ਹੈ, ਘੱਘਾ, ਮੰਮਾ ਵਿਚ ਚੰਗੀ ਦਾ ਕੀ ਮਤਲਬ ਹੈ'' ਅਤੇ ਆਪ ਹੀ ਜਵਾਬ ਦਿੰਦੀ, ਇਸਦਾ ਮਤਲਬ ਹੈ 'ਘਰੇਲੂ ਮਾਮਲੇ'; ਅਤੇ ਜਜਾ ਅਤੇ ਦੱਦਾ ਦੀ ਕੋਈ ਸ਼ਰਤ ਨਹੀਂ ਦਾ ਮਤਲਬ ਹੈ ਕਿ ਦਾਜ ਅਤੇ ਜਾਤ ਦੀ ਕੋਈ ਸ਼ਰਤ ਨਹੀਂ। ਸਾਰੇ ਮਰਦਾਂ ਨੂੰ ਗੋਰੇ ਰੰਗ ਦੀਆਂ ਲਾੜੀਆਂ ਚਾਹੀਦੀਆਂ ਹਨ ਅਤੇ ਉਹ ਵੀ ਕੁਆਰੀਆਂ। ਉਹ ਅਕਸਰ ਹੀ ਕਿਹਾ ਕਰਦੀ, ''ਸਾਰੀਆਂ ਕੰਜਕਾਂ ਹੀ ਕੁਆਰੀਆਂ ਹਨ, ਪਰ ਸਾਰੀਆਂ ਕੁਆਰੀਆਂ ਹੀ ਨਹੀਂ। ਪਤੀ ਦੀ ਮੰਗ ਕਰਨ ਵਾਲੀ ਕੋਈ ਵੀ ਕੁੜੀ ਇਹ ਨਹੀਂ ਲਿਖਦੀ ਕਿ ਐਸਾ ਮੁੰਡਾ ਚਾਹੀਦਾ ਹੈ ਜਿਹੜਾ ਇਸ ਤੋਂ ਪਹਿਲਾਂ ਕਿਸੇ ਔਰਤ ਨਾਲ ਨਾ ਸੁੱਤਾ ਹੋਵੇ।'' ਇਕ ਦੋ ਵਾਰੀ ਉਹਨੇ ਕੁਝ ਇਸ਼ਤਿਹਾਰਾਂ ਦੇ ਜਵਾਬ ਵੀ ਦਿੱਤੇ ਸਨ ਜਿਨ੍ਹਾਂ ਵਿਚ ਆਪਣੀ ਤਸਵੀਰ ਵੀ ਭੇਜੀ ਸੀ, ਪਰ ਪਤਾ ਉਸਨੇ ਆਪਣੀਆਂ ਸਹੇਲੀਆਂ ਦਾ ਦਿੱਤਾ ਸੀ। ਉਹ ਇਸ ਤਰੀਕੇ ਨਾਲ ਮੌਜ ਮੇਲਾ ਕਰਨਾ ਚਾਹੁੰਦੀ ਸੀ। ਇਸ ਇਸ਼ਤਿਹਾਰ ਵਿਚ ਮੋਹਨ ਨੇ ਆਪਣਾ ਜੋ ਵੇਰਵਾ ਦਿੱਤਾ ਸੀ, ਉਸ ਨਾਲ ਸੋਨੂ ਨੂੰ ਤੁਰੰਤ ਪਤਾ ਲੱਗ ਜਾਣਾ ਸੀ ਕਿ ਇਹ ਇਸ਼ਹਿਤਾਰ ਉਸਦੇ 'ਗੁੰਡੇ' ਸਾਬਕਾ ਪਤੀ ਦਾ ਹੀ ਹੈ, ਜਿਹੜਾ ਸੈਕਸ ਦੀ ਖਰੀਦਦਾਰੀ ਕਰਨਾ ਚਾਹੁੰਦਾ ਹੈ।

ਚਾਰ ਦਿਨਾਂ ਮਗਰੋਂ 'ਦ ਟਾਈਮਜ਼ ਆਫ ਇੰਡੀਆ' ਵਲੋਂ ਉਹਦੇ ਘਰ ਦੇ ਪਤੇ ਉਤੇ ਪਹਿਲੀ ਚਿੱਠੀ ਭੇਜੀ ਗਈ। ਦੋ ਸਫੇ ਦੀ ਚਿੱਠੀ ਦੇ ਨਾਲ 35 ਸਾਲਾਂ ਦੀ ਇਕ ਪੱਕੇ ਰੰਗ ਦੀ ਔਰਤ ਦੀ ਤਸਵੀਰ ਵੀ ਸੀ। ਇਸ ਤਸਵੀਰ ਵਿਚ ਕੇਵਲ ਉਸ ਔਰਤ ਦਾ ਚਿਹਰਾ ਨਜ਼ਰ ਆਉਂਦਾ ਸੀ। ਉਹਦੇ ਭਰਵੇਂ ਕਾਲੇ ਵਾਲਾਂ ਦਾ ਜੂੜਾ ਕੀਤਾ ਹੋਇਆ ਸੀ, ਭਾਰੇ ਸ਼ੀਸ਼ੇ ਵਾਲੀਆਂ ਐਨਕਾਂ ਲਗੀਆਂ ਸਨ, ਅੱਖਾਂ ਛੋਟੀਆਂ ਸਨ, ਮੱਥੇ ਉਤੇ ਬਿੰਦੀ ਸੀ, ਨੱਕ ਦੇ ਖੱਬੇ ਪਾਸੇ ਹੀਰੇ ਦਾ ਕੋਕਾ ਪਾਇਆ ਹੋਇਆ ਸੀ ਅਤੇ ਚਿਹਰੇ ਉਤੇ ਇਸ ਤਰ੍ਹਾਂ ਦਾ ਪ੍ਰਭਾਵ ਸੀ ਜਿਸ ਤਰ੍ਹਾਂ ਦਾ ਪਾਸਪੋਰਟ ਦੀਆਂ ਤਸਵੀਰਾਂ ਵਿਚ ਹੁੰਦਾ ਹੈ। ਇਹ ਪਤਾ ਕਰਨਾ ਸੰਭਵ ਨਹੀਂ ਸੀ ਕਿ ਉਹ ਲੰਬੀ ਸੀ ਜਾਂ ਛੋਟੀ, ਭਾਰੀ ਛਾਤੀਆਂ ਵਾਲੀ ਸੀ ਜਾਂ ਪਤਲੀ। ਸ਼ਾਇਦ ਖ਼ਤ ਵਿਚੋਂ ਉਹਦੇ ਬਾਰੇ ਕੁਝ ਪਤਾ ਲਗੇ। ਉਸਨੇ ਪੜਨਾ ਸ਼ੁਰੂ ਕੀਤਾ:

*ਡੀਅਰ ਸਰ,*

*ਇਹ ਖ਼ਤ 'ਦ ਟਾਈਮਜ਼ ਆਫ ਇੰਡੀਆ' ਦੀ 'ਸੰਡੇ ਐਡੀਸ਼ਨ' ਵਿਚ ਦਿਤੇ ਗਏ ਤੁਹਾਡੇ ਇਸ਼ਤਿਹਾਰ ਦੇ ਜਵਾਬ ਵਿਚ ਲਿਖਿਆ ਜਾ ਰਿਹਾ ਹੈ। ਤੁਹਾਨੂੰ ਤਜਰਬੇ ਦੇ ਆਧਾਰ ਤੇ ਕਿਸੇ ਔਰਤ ਦੇ ਸਾਥ ਦੀ ਲੋੜ ਹੈ। ਮੈਂ ਵੀ ਇਸੇ ਆਧਾਰ ਉਤੇ ਹੀ ਕਿਸੇ ਮਰਦ ਸਾਥੀ ਦੀ ਭਾਲ ਕਰ ਰਹੀ ਹਾਂ। ਤੁਸੀਂ ਤਲਾਕ ਸ਼ੁਦਾ ਹੋ ਅਤੇ ਦੋ ਬੱਚਿਆਂ ਦੇ ਬਾਪ ਹੋ। ਮੈਂ ਵੀ ਤਲਾਕਸ਼ੁਦਾ ਹਾਂ ਅਤੇ 11ਸਾਲ ਦੇ ਇਕ ਬੇਟੇ ਦੀ ਮਾਂ ਹਾਂ ਜਿਹੜਾ ਮਸੂਰੀ ਦੇ ਇਕ ਸਕੂਲ ਵਿਚ ਪੜ੍ਹਦਾ ਹੈ। ਮੇਰੀ ਕਨੇਡਾ ਦੇ ਇਕ ਪ੍ਰਵਾਸੀ ਭਾਰਤੀ ਨਾਲ ਅਰੇਂਜਡ ਸ਼ਾਦੀ ਹੋਈ ਸੀ। ਇਹ ਇਕ ਮਹੀਨਾ ਵੀ ਨਾ ਚਲੀ। ਮੈਨੂੰ ਪਤਾ ਲਗਾ ਕਿ ਟਰੰਟੋ ਵਿਚ ਪਹਿਲਾਂ ਵੀ ਉਹਦੀ ਪਤਨੀ ਮੌਜੂਦ ਹੈ। ਭਾਰਤ ਵਿਚ ਧੋਖਾ ਧੜੀ ਅਤੇ ਦੋ ਵਿਆਹ ਕਰਨ ਦੇ ਦੋਸ਼ ਹੇਠ ਮੁੱਕਦਮਾ ਭੁਗਤਣ ਦੀ ਥਾਂ ਉਹ ਇਕਦਮ ਗੁੰਮ ਹੋ ਗਿਆ।*

*ਮੈਂ ਅੰਗਰੇਜ਼ੀ ਸਾਹਿਤ ਵਿਚ ਡਾਕਟਰੀ ਦੀ ਡਿਗਰੀ ਹਾਸਲ ਕੀਤੀ ਹੈ ਅਤੇ ਇਕ ਸਥਾਨਕ ਕਾਲਜ ਵਿਚ ਬੀ. ਏ. ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦੀ ਹਾਂ। ਮੈਨੂੰ ਕਾਲਜ ਵਲੋਂ ਫਲੈਟ ਮਿਲਿਆ ਹੋਇਆ ਹੈ। ਜੇ ਸਹਿਮਤੀ ਹੋਵੇ ਤਾਂ ਮੈਂ ਕੁਝ ਮਹੀਨੇ ਦੀ ਛੁੱਟੀ ਲੈ ਸਕਦੀ ਹਾਂ ਅਤੇ ਅਸੀਂ ਇਕੱਠੇ ਰਹਿ ਸਕਦੇ ਹਾਂ। ਮੈਂ ਦੁਬਾਰਾ ਸ਼ਾਦੀ ਨਹੀਂ ਕਰਨਾ ਚਾਹੁੰਦੀ, ਕਿਉਂਕਿ ਹੋ ਸਕਦਾ ਹੈ ਕਿ ਮੇਰਾ ਪੁੱਤਰ ਇਸਨੂੰ ਪਸੰਦ ਨਾ ਕਰੇ। ਮੈਂ ਚਾਹੁੰਦੀ ਹਾਂ ਕਿ ਆਪਣੇ ਪੁੱਤਰ ਲਈ ਜੋ ਬਣਦਾ ਹੈ, ਕਰ ਸਕਾਂ। ਤੁਸੀਂ ਮੈਨੂੰ ਜੋ ਕੁਝ ਵੀ ਦੇਓਗੇ, ਉਹ ਮੇਰੇ ਪੁੱਤਰ ਨੂੰ ਬਿਹਤਰ ਸਿੱਖਿਆ ਦੇਣ ਵਿਚ ਮਦਦ ਕਰੇਗਾ।*

*ਜਿਵੇਂ ਤੁਸਾਂ ਮੰਗ ਕੀਤੀ ਹੈ, ਮੈਂ ਆਪਣੀ ਤਸਵੀਰ ਭੇਜ ਰਹੀ ਹਾਂ। ਠੀਕ ਗੱਲ ਇਹੀ ਰਹੇਗੀ, ਜੇ ਤੁਸੀਂ ਮੈਨੂੰ ਸੱਦਾ ਦੇਣ ਦਾ ਫ਼ੈਸਲਾ ਕਰੋ, ਤਾਂ ਮੁੜਦੀ ਡਾਕ ਆਪਣੀ ਤਸਵੀਰ ਵੀ ਭੇਜੋ। ਤੁਹਾਡੀ ਪੂਰੀ ਤਸਵੀਰ ਤੋਂ ਮੈਨੂੰ ਇਹ ਪਤਾ ਲੱਗ ਜਾਵੇਗਾ ਕਿ ਤੁਹਾਡਾ*

*ਕੱਦ ਕਾਠ ਕਿਸ ਤਰ੍ਹਾਂ ਦਾ ਹੈ। ਮੇਰਾ ਕੱਦ ਬਹੁਤ ਛੋਟਾ ਹੈ। ਮੈਂ ਪੰਜ ਫੁਟ। ਇੰਚ ਹਾਂ ਅਤੇ ਮੇਰਾ ਰੰਗ ਹਲਕਾ ਜਿਹਾ ਗੋਰਾ ਹੈ।*

*ਭਾਵੇਂ ਮੈਨੂੰ ਧਰਮ ਬਾਰੇ ਕਿਸੇ ਤਰ੍ਹਾਂ ਦਾ ਕੋਈ ਵਿਚਾਰ ਨਹੀਂ, ਫਿਰ ਵੀ ਮੈਂ ਤੁਹਾਨੂੰ ਇਹ ਦੱਸਣਾ ਚਾਹਾਂਗੀ ਕਿ ਜਨਮ ਤੋਂ ਮੈਂ ਬਾਹਮਣ ਹਾਂ ਅਤੇ ਮੈਂ ਹਿੰਦੂ ਰਸਮਾਂ ਰਿਵਾਜਾਂ ਨੂੰ ਮੰਨਦੀ ਹਾਂ। ਮੈਂ ਮੰਨ ਰਹੀ ਹਾਂ ਕਿ ਤੁਸੀਂ ਵੀ ਹਿੰਦੂ ਹੀ ਹੋਵੋਗੇ, ਜੇ ਨਹੀਂ ਹੋਵੋਗੇ ਤਾਂ ਕਿਰਪਾ ਕਰਕੇ ਮੈਨੂੰ ਦੱਸੋ।*

*ਮੈਂ ਆਪਣੇ ਬਾਰੇ ਸਾਰਾ ਕੁਝ ਦੱਸ ਦਿੱਤਾ ਹੈ। ਜੇ ਤੁਹਾਡੀ ਮੇਰੇ ਵਿਚ ਦਿਲਚਸਪੀ ਹੈ ਤਾਂ ਆਪਣਾ ਟੈਲੀਫੋਨ ਨੰਬਰ ਅਤੇ ਪਤਾ ਲਿਖ ਭੇਜੋ। ਮੈਂ ਤੁਹਾਨੂੰ ਟੈਲੀਫੋਨ ਕਰਾਂਗੀ ਅਤੇ ਅਸੀਂ ਮੁਲਾਕਾਤ ਲਈ ਸਮਾਂ ਮਿਥ ਲਵਾਂਗੇ। ਖਬਰੇ ਬਿਹਤਰ ਇਹ ਰਹੇਗਾ ਕਿ ਅਸੀਂ ਤੁਹਾਡੇ ਘਰ ਵਿਚ ਮਿਲੀਏ ਤਾਂ ਕਿ ਮੈਨੂੰ ਇਹ ਪਤਾ ਲੱਗ ਸਕੇ ਕਿ ਤੁਹਾਡਾ ਜੀਵਨ ਢੰਗ ਕਿਸ ਤਰ੍ਹਾਂ ਦਾ ਹੈ।*

*ਮੈਂ ਤੁਹਾਡੇ ਖ਼ਤ ਦੀ ਉਡੀਕ ਕਰਾਂਗੀ। ਕਿਰਪਾ ਕਰਕੇ ਆਪਣੇ ਖ਼ਤ ਦੇ ਬਾਹਰ ਨਿੱਜੀ ਲਿਖ ਦੇਣਾ ਅਤੇ ਇਸ ਤੇ ਪਤਾ ਲਿਖਣਾ: ਲੇਡੀ ਪ੍ਰੋਫੈਸਰ ਹੋਸਟਲ, ਫਲੈਟ ਨੰਬਰ 2, ਗੌਰਮੈਂਟ ਕਾਲਜ ਫਾਰ ਵੂਮੈਨ, ਰਿਵਾੜੀ(ਹਰਿਆਣਾ)।*

*ਤੁਹਾਡੀ*
*ਸਰੋਜਨੀ ਭਾਰਦਵਾਜ*

ਮੋਹਨ ਨੇ ਤਸਵੀਰ ਉਤੇ ਨਜ਼ਰ ਮਾਰੀ ਤੇ ਖ਼ਤ ਨੂੰ ਇਕ ਦੋ ਵਾਰ ਪੜ੍ਹਨ ਤੋਂ ਬਾਅਦ ਇਸਨੂੰ ਆਪਣੀ ਜੇਬ ਵਿਚ ਰਖ ਲਿਆ। ਧੰਨੋ ਦਾ ਰੰਗ ਭਾਵੇਂ ਕੁਝ ਕਾਲਾ ਸੀ ਪਰ ਉਹ ਐਨਕਾਂ ਵਾਲੀ ਇਸ ਲੇਡੀ ਪ੍ਰੋਫੈਸਰ ਨਾਲੋਂ ਚੰਗੀ ਦਿਖਾਈ ਦਿੰਦੀ ਸੀ। ਦੂਜੇ ਪਾਸੇ ਇਹ ਵੀ ਹੋ ਸਕਦਾ ਹੈ ਕਿ ਜੋ ਕੁਝ ਉਸਨੂੰ ਅਨਪੜ ਜਮਾਦਾਰਨੀ ਵਿਚੋਂ ਨਹੀਂ ਸੀ ਮਿਲਿਆ, ਉਹ ਕੁਝ ਇਸਨੂੰ ਉਸ ਪੜ੍ਹੀ ਲਿਖੀ ਔਰਤ ਵਿਚੋਂ ਮਿਲ ਜਾਵੇ। ਉਹ ਉਹਨੂੰ ਆਪਣੇ ਨਾਲ ਕਲੱਬਾਂ, ਰੇਸਤਰਾਵਾਂ ਅਤੇ ਸਿਨੇਮਾ ਘਰਾਂ ਵਿਚ ਲਿਜਾਇਆ ਕਰੇਗਾ ਅਤੇ ਉਸਨੂੰ ਲਿਜਾਂਦੇ ਸਮੇਂ ਉਹਦੇ ਮਨ ਉਤੇ ਕੋਈ ਭਾਰ ਨਹੀਂ ਹੋਵੇਗਾ। ਦੂਜੇ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਉਹ ਇਕ ਵੱਖਰੀ ਔਰਤ ਹੈ ਅਤੇ ਬਿਸਤਰੇ ਵਿਚ ਕੋਈ ਵੀ ਦੋ ਔਰਤਾਂ ਇਕੋ ਜਿਹੀਆਂ ਨਹੀਂ ਹੁੰਦੀਆਂ। ਸਭ ਤੋਂ ਵੱਧ ਮਜ਼ਾ ਵਿਭਿੰਨਤਾ ਵਿਚ ਹੈ ਅਤੇ ਇਸੇ ਦੀ ਹੀ ਭਾਲ ਉਹ ਕਰ ਰਿਹਾ ਹੈ।

ਅਗਲੀ ਸਵੇਰ ਉਹਨੇ ਲੇਡੀਜ ਪ੍ਰੋਫੈਸਰ ਨੂੰ ਚਿੱਠੀ ਲਿਖੀ ਜਿਸ ਵਿਚ ਉਹਦੇ ਸਵਾਲਾਂ ਦੇ ਜਵਾਬ ਲਿਖੇ ਅਤੇ ਨਾਲ ਹੀ ਆਪਣੀ ਇਕ ਪੂਰੀ ਤਸਵੀਰ ਵੀ ਭੇਜ ਦਿੱਤੀ। ਇਸ ਤਸਵੀਰ ਵਿਚ ਉਹਨੇ ਖੁਲ੍ਹੇ ਕਾਲਰ ਵਾਲੀ ਕਮੀਜ਼ ਅਤੇ ਫਲੈਨਲ ਦੀ ਪਤਲੂਨ ਪਾਈ ਹੋਈ

ਸੀ। ਉਸਦੇ ਹੱਥ ਵਿਚ ਟੈਨਿਸ ਦਾ ਛਿੱਕਾ ਸੀ। ਉਹ ਇਸ ਤਸਵੀਰ ਵਿਚ [illegible]
ਦਿਖਦਾ ਸੀ। ਉਹ ਚਾਹੁੰਦਾ ਸੀ ਕਿ ਇਹ ਖ਼ਤ ਤੁਰਤ ਪਹੁੰਚ ਜਾਵੇ, ਇਸ [illegible]
ਸਪੀਡ ਪੋਸਟ ਰਾਹੀਂ ਭੇਜਿਆ ਸੀ। ਇਸ ਰਾਹੀਂ ਕੋਈ ਵੀ ਖ਼ਤ 14 ਘੰਟੇ ਦੇ ਅੰਦਰ [illegible]
ਟਿਕਾਣੇ ਤੇ ਪੁੱਜ ਜਾਂਦਾ ਹੈ।

ਉਸ ਤੋਂ ਅਗਲੇ ਦਿਨ ਹੀ ਰੇਵਾੜੀ ਤੋਂ ਫੋਨ ਆਇਆ। ਉਸ ਤੋਂ ਅਗਲੇ [illegible]
ਦੀ ਸ਼ਾਮ ਦਾ ਦਿਨ ਤੈਅ ਕੀਤਾ ਗਿਆ। ਲੇਡੀ ਪ੍ਰੋਫੈਸਰ ਦਾ ਕਹਿਣਾ ਸੀ ਕਿ [illegible]
ਤਕ ਬੱਸ ਫੜੇਗੀ ਅਤੇ ਟੈਕਸੀ ਜਾਂ ਟੈਂਪੂ ਲੈ ਕੇ ਉਹਦੇ ਘਰ ਪਹੁੰਚ ਜਾਵੇਗੀ। ਕੁਝ ਘੰਟੇ [illegible]
ਨਾਲ ਬਿਤਾਉਣ ਤੋਂ ਬਾਅਦ ਰਾਤ 9 ਵਜੇ ਦੀ ਬੱਸ ਫੜ ਕੇ ਰੇਵਾੜੀ ਪਰਤ ਆਵੇਗੀ।

*****

ਸ਼ਨੀਵਾਰ ਵਾਲੇ ਦਿਨ ਉਹਦੇ ਦਫਤਰ ਵਿਚ ਅੱਧੀ ਛੁੱਟੀ ਹੁੰਦੀ ਸੀ। ਮੋਹਨ ਚਾਹੁੰਦਾ ਸੀ ਕਿ ਦੁਪਹਿਰ ਵੇਲੇ ਉਹ ਠੰਡੀ ਬੀਅਰ ਦਾ ਗਿਲਾਸ ਪੀਵੇ, ਹਲਕਾ ਜਿਹਾ ਖਾਣਾ ਖਾਵੇ ਅਤੇ ਫਿਰ ਲੰਮਾ ਸਮਾਂ ਸੌਂਵੇ। ਬੀਅਰ ਬੜੀ ਠੰਡੀ ਸੀ, ਖਾਣਾ ਬਹੁਤ ਹਲਕਾ ਤੇ ਸਵਾਦਲਾ, ਪਰ ਉਸਦੀ ਨੀਂਦ ਉਖੜੀ ਉਖੜੀ ਰਹੀ, ਕਿਉਂਕਿ ਉਸਨੂੰ ਆਪਣੇ ਇਸ ਨਵੇਂ ਸ਼ੌਕ ਬਾਰੇ ਕਈ ਤਰ੍ਹਾਂ ਦੇ ਸ਼ੱਕ ਸਨ। ਸਭ ਤੋਂ ਵੱਡੀ ਚਿੰਤਾ ਇਸ ਗੱਲ ਦੀ ਸੀ ਕਿ ਉਹ ਧੰਨੋ ਦਾ ਕੀ ਕਰੇਗਾ, ਜਿਹੜੀ ਹੁਣ ਤੱਕ ਉਸ ਉਤੇ ਕੁਝ ਅਧਿਕਾਰ ਜਮਾਉਣ ਲੱਗ ਪਈ ਸੀ। ਉਹਨੂੰ ਝੂਠ ਬੋਲਣਾ ਪਵੇਗਾ। ਉਹ ਧੰਨੋ ਨੂੰ ਤੇ ਨੌਕਰਾਂ ਨੂੰ ਦੱਸ ਦੇਵੇਗਾ ਕਿ ਸਰੋਜਨੀ ਇਕ ਦੂਰ ਦੀ ਰਿਸ਼ਤੇਦਾਰ ਸੀ , ਜਿਹੜੀ ਕੁਝ ਦਿਨ ਉਸ ਨਾਲ ਰਹੇਗੀ ਅਤੇ ਫਿਰ ਆਪਣਾ ਵੱਖਰਾ ਮਕਾਨ ਲੈ ਕੇ ਰਹਿਣ ਲਗੇਗੀ। ਹਾਂ, ਉਹ ਧੰਨੋ ਨੂੰ ਪਹਿਲਾਂ ਵਾਂਗ ਪੈਸੇ ਦਿੰਦਾ ਰਹੇਗਾ। ਪੈਸਿਆਂ ਦੀ ਕੋਈ ਸਮੱਸਿਆ ਨਹੀਂ ਸੀ। ਉਸਨੂੰ ਕਾਫੀ ਸਾਰੀ ਕਮਾਈ ਹੁੰਦੀ ਸੀ-ਇਸ ਕਮਾਈ ਵਿਚੋਂ ਕਾਫੀ ਵੱਡਾ ਹਿੱਸਾ ਬਲੈਕ ਦਾ ਹੁੰਦਾ ਸੀ ਅਤੇ ਉਹ ਇਸ ਪੈਸੇ ਨੂੰ ਮੌਜ ਮੇਲੇ ਉਤੇ ਖਰਚ ਕੇ ਖੁਸ਼ ਹੁੰਦਾ ਸੀ। ਫਿਰ ਵੀ ਬਹੁਤਾ ਨਕਦ ਪੈਸਾ ਆਪਣੇ ਘਰ ਅਲਮਾਰੀ ਵਿਚ ਰਖਣਾ ਠੀਕ ਨਹੀਂ ਸੀ, ਕਿਉਂਕਿ ਇਨਕਮ ਟੈਕਸ ਵਾਲੇ ਕਿਸੇ ਵੀ ਦਿਨ ਉਸਦੇ ਘਰ ਛਾਪਾ ਮਾਰਨ ਦੀ ਸੋਚ ਸਕਦੇ ਸਨ।

ਉਹ ਜਾਗਿਆ ਅਤੇ ਨਹਾਉਣ ਚਲਾ ਗਿਆ। ਉਹਨੇ ਦੂਜੀ ਵਾਰ ਸ਼ੇਵ ਕੀਤੀ ਤਾਂ ਕਿ ਆਪਣੀ ਦਾੜੀ ਅਤੇ ਉਪਰਲੇ ਬੁਲ੍ਹਾਂ ਉਤੇ ਆਏ ਵਾਲਾਂ ਨੂੰ ਖਤਮ ਕਰ ਸਕੇ। ਇਸ ਤੋਂ ਬਾਅਦ ਉਸਨੇ ਆਪਣੇ ਮੂੰਹ ਉਤੇ ਕਰੀਮ ਮਲੀ। ਫਿਰ ਉਸਨੇ ਲੇਕਾਸਟੇ ਦੀ ਸਪੋਰਟਸ ਕਮੀਜ਼ ਪਾਈ ਤੇ ਲੇਵੀ ਦੀ ਜੀਨ। ਇਹ ਸਾਰਾ ਕੁਝ ਕਰਨ ਤੋਂ ਬਾਅਦ ਉਹਨੇ ਆਪਣੇ ਆਪ ਨੂੰ, ਆਪਣੀ ਪਤਨੀ ਦੀ ਆਦਤ ਮੁਤਾਬਕ ਸ਼ੀਸ਼ੇ ਵਿਚ ਵੇਖਿਆ। ਆਪਣੇ ਆਪ ਨੂੰ ਦੇਖ ਕੇ ਉਹ

ਕਾਫੀ ਪ੍ਰਸੰਨ ਸੀ।

ਆਪਣੇ ਬਾਗ ਦੇ ਉਪਰ ਬਣੀ ਹੋਈ ਬਾਲਕਾਨੀ ਵਿਚ ਉਹ ਬਾਹਾਂ ਵਾਲੀ ਕੁਰਸੀ ਤੇ ਆ ਬੈਠਾ ਅਤੇ ਬੰਗਲੇ ਦੇ ਬਾਹਰ ਬਣੀ ਹੋਈ ਕੰਧ ਦੇ ਉਪਰੋਂ ਦੀ ਲੰਘਣ ਵਾਲੀਆਂ ਅਣਗਿਣਤ ਬਸਾਂ ਨੂੰ ਦੇਖਣ ਲੱਗਾ। ਉਸਨੂੰ ਕਾਰਾਂ ਅਤੇ ਸਕੂਟਰਾਂ ਦੀ ਆਵਾਜ਼ ਵੀ ਸੁਣਾਈ ਦਿੰਦੀ ਸੀ। ਸ਼ਨੀਵਾਰ ਦਾ ਦਿਨ ਸੀ ਅਤੇ ਸਰਕਾਰੀ ਦਫਤਰ ਬੰਦ ਸਨ। ਬਾਬੂ, ਉਨ੍ਹਾਂ ਦੀਆਂ ਪਤਨੀਆਂ ਅਤੇ ਬੱਚੇ ਖਰੀਦਦਾਰੀ ਕਰਨ ਲਈ ਬਾਹਰ ਨਿਕਲੇ ਹੋਏ ਸਨ। ਉਸਨੂੰ ਖੜਕਾ ਸੁਣਾਈ ਦਿੱਤਾ। ਬੇਅਰੇ ਨੇ ਉਸਦੀ ਸਕਾਚ ਮੇਜ਼ ਉਤੇ ਰਖ ਦਿਤੀ ਸੀ। ਉਸ ਹੁਕਮ ਦਿਤਾ, "ਦੋ ਗਿਲਾਸ ਰਖ ਦੇ, ਕੋਈ ਮਹਿਮਾਨ ਆਉਣ ਵਾਲਾ ਹੈ। ਰਸੋਈਏ ਨੂੰ ਕਹਿ ਕਿ ਸ਼ਰਾਬ ਦੇ ਨਾਲ ਕੁਝ ਪਾਪੜ ਤਲ ਦੇਵੇ।''

ਇਕ ਆਟੋ ਰਿਕਸ਼ਾ ਉਹਦੇ ਦਰਵਾਜ਼ੇ ਦੇ ਬਾਹਰ ਆ ਕੇ ਖੜ੍ਹਾ ਹੋਇਆ। ਉਸ ਦੇਖਿਆ ਕਿ ਇਕ ਛੋਟੇ ਕੱਦ ਦੀ ਐਨਕਾਂ ਵਾਲੀ ਔਰਤ ਬਾਹਰ ਨਿਕਲ ਕੇ ਗੇਟ ਉਤੇ ਲਿਖਿਆ ਉਹਦਾ ਨਾਂ ਅਤੇ ਬੰਗਲੇ ਦਾ ਨੰਬਰ ਪੜ੍ਹ ਰਹੀ ਸੀ। ਉਹਨੇ ਜੱਚਵੇਂ ਚਿੱਟੇ ਕਪੜੇ ਪਾਏ ਹੋਏ ਸਨ। ਉਹਨੇ ਆਟੋ ਡਰਾਈਵਰ ਨੂੰ ਪੈਸੇ ਦਿਤੇ ਅਤੇ ਹੱਥ ਨਾਲ ਧੱਕ ਕੇ ਗੇਟ ਖੋਲ੍ਹਿਆ। ਮੋਹਨ ਆਪਣੀ ਕੁਰਸੀ ਤੋਂ ਉਠਿਆ ਅਤੇ ਆਪਣੀ ਮਹਿਮਾਨ ਨੂੰ ਲੈਣ ਲਈ ਅੱਗੇ ਵਧਿਆ। ਇਸ ਤੋਂ ਪਹਿਲਾਂ ਕਿ ਮਹਿਮਾਨ ਔਰਤ ਘੰਟੀ ਵਜਾਉਂਦੀ, ਮੋਹਨ ਨੇ ਦਰਵਾਜ਼ਾ ਖੋਲ੍ਹ ਦਿਤਾ। ਉਹਨੇ ਆਪਣਾ ਹੱਥ ਅੱਗੇ ਵਧਾਉਂਦੇ ਹੋਏ ਕਿਹਾ, ''ਮੈਂ ਮੋਹਨ ਕੁਮਾਰ ਹਾਂ।'' ਇਸਦੇ ਜਵਾਬ ਵਿਚ ਬਿਨਾਂ ਮੁਸਕਰਾਏ ਉਹ ਬੋਲੀ, ''ਮੈਂ ਸਰੋਜਨੀ ਭਾਰਦਵਾਜ ਹਾਂ।'' ਉਹਨੇ ਮੋਹਨ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਉਹਦੇ ਪੈਰੀਂ ਹੱਥ ਲਾਇਆ। ਉਸਦੀ ਇਹ ਹਰਕਤ ਇਸ ਮੌਕੇ ਤੇ ਇੰਨੀ ਜ਼ਿਆਦਾ ਬੇਮੇਲ ਅਤੇ ਇੰਨੀ ਅਚਨਚੇਤ ਸੀ ਕਿ ਇਸ ਨਾਲ ਮੋਹਨ ਅਚੰਭਤ ਹੋ ਸਕਦਾ ਸੀ। ਪਰ ਇਸ ਤਰ੍ਹਾਂ ਨਹੀਂ ਵਾਪਰਿਆ। ਉਸਨੂੰ ਇੰਝ ਮਹਿਸੂਸ ਹੋਇਆ ਕਿ ਅਜਿਹੇ ਪੜਾਅ ਉਤੇ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਸੀ। ਜਦੋਂ ਉਹ ਇਕ ਦੂਜੇ ਦੇ ਆਹਮੋ ਸਾਹਮਣੇ ਖੜ੍ਹੇ ਸਨ, ਤਾਂ ਮੋਹਨ ਨੇ ਵੇਖਿਆ ਕਿ ਉਹਦਾ ਸਿਰ ਮਸਾਂ ਹੀ ਉਸਦੇ ਆਪਣੇ ਮੋਢਿਆਂ ਤਕ ਪਹੁੰਚਦਾ ਸੀ।

*****

ਮੋਹਨ ਹਰਿਆਣਾ ਦੇ ਇਕ ਛੋਟੇ ਜਿਹੇ ਸ਼ਹਿਰ ਤੋਂ ਆਈ ਇਸ ਛੋਟੇ ਕੱਦ ਦੀ ਲੇਡੀ ਪ੍ਰੋਫੈਸਰ ਨੂੰ ਉਪਰਲੀ ਮੰਜ਼ਲ ਦੇ ਆਪਣੇ ਉਸ ਬੈਠਕ ਕਮਰੇ ਵਿਚ ਲੈ ਕੇ ਗਿਆ, ਜਿਸਦੀ ਬਾਲਕਾਨੀ ਤੋਂ ਬਾਹਰ ਵਾਲਾ ਬਾਗ ਦਿਖਾਈ ਦਿੰਦਾ ਸੀ। ਉਹਨੇ ਮੇਜ਼ ਦੇ ਸਾਹਮਣੇ ਪਈ ਕੁਰਸੀ ਵੱਲ ਇਸ਼ਾਰਾ ਕਰਦੇ ਹੋਏ ਉਹਨੂੰ ਬੈਠਣ ਲਈ ਕਿਹਾ। ਇਸ ਮੇਜ਼ ਉਤੇ ਬੈਠੇ ਨੇ

ਉਸਦੀ ਸਕਾਚ, ਸੋਡੇ ਦੀਆਂ ਦੋ ਬੋਤਲਾਂ, ਬਰਫ ਵਾਲਾ ਡੱਬਾ ਅਤੇ ਕ੍ਰਿਸਟਲ ਦੇ ਬਰੇ ਗਲਾਸ ਸ਼ੀਸ਼ੇ ਦੇ ਗਿਲਾਸ ਰਖ ਦਿਤੇ ਸਨ। ਕਿਸੇ ਨੂੰ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਗੱਲ ਕਿਥੋਂ ਸ਼ੁਰੂ ਕੀਤੀ ਜਾਵੇ।

ਲੇਡੀ ਪ੍ਰੋਫੈਸਰ ਨੇ ਹੀ ਗੱਲ ਸ਼ੁਰੂ ਕੀਤੀ ਅਤੇ ਕਹਿਣ ਲੱਗੀ, ''ਹਾਂ, ਮੈਂ ਆ ਹੀ ਗਈ।''

ਮੋਹਨ ਨੇ ਜਵਾਬ ਦਿਤਾ, 'ਹਾਂ, ਤੁਸੀਂ ਆ ਹੀ ਗਏ।''

ਪ੍ਰੋਫੈਸਰ ਨੇ ਹਾਲਾਤ ਨੂੰ ਆਪਣੇ ਕੰਟਰੋਲ ਹੇਠ ਲੈ ਲਿਆ। ਉਹਨੇ ਆਪਣੀਆਂ ਐਨਕਾਂ ਲਾਹੀਆਂ। ਇਸਦੇ ਸ਼ੀਸ਼ੇ ਆਪਣੀ ਸਾੜੀ ਦੇ ਪੱਲੂ ਨਾਲ ਸਾਫ ਕੀਤੇ ਅਤੇ ਇਹਨਾਂ ਨੂੰ ਮੇਜ਼ ਉਤੇ ਰਖ ਦਿਤਾ। ਫਿਰ ਬੋਲੀ, ''ਤੁਸੀਂ ਦੇਖ ਹੀ ਸਕਦੇ ਹੋ ਕਿ ਮੈਂ ਐਨਕਾਂ ਦੇ ਨਾਲ ਤੇ ਇਨ੍ਹਾਂ ਤੋਂ ਬਿਨਾਂ ਕਿਸ ਤਰ੍ਹਾਂ ਦੀ ਲਗਦੀ ਹਾਂ। ਮੈਂ ਆਪਣੇ ਬੀਤੇ ਦਿਨਾਂ ਬਾਰੇ ਤੁਹਾਨੂੰ ਸਭ ਕੁਝ ਲਿਖ ਦਿਤਾ ਸੀ। ਜੇ ਤੁਹਾਨੂੰ ਹੋਰ ਕੋਈ ਜਾਣਕਾਰੀ ਚਾਹੀਦੀ ਹੈ ਤਾਂ ਪੁੱਛ ਲਵੋ।''

ਮੋਹਨ ਨੇ ਉਹਦੇ ਉਤੇ ਭਰਵੀਂ ਨਜ਼ਰ ਮਾਰੀ। ਉਹ ਕਾਫੀ ਭੋਲ਼ੀ ਅਤੇ ਦਿਲਕਸ਼ ਦਿਖਾਈ ਦਿੰਦੀ ਸੀ। ਉਸਦੀ ਚਮੜੀ ਦਾ ਰੰਗ ਪੁਰਾਣੇ ਹਾਥੀ ਦੰਦ ਵਰਗਾ ਸੀ, ਵਾਲ ਗਹਿਰੇ ਭੂਰੇ ਸਨ, ਮੱਥਾ ਚੌੜਾ ਸੀ ਜਿਸ ਉਤੇ ਬਿੰਦੀ ਲਾਈ ਹੋਈ ਸੀ, ਕੰਨਾਂ ਵਿਚ ਹੀਰੇ ਵਾਲੇ ਬੁੰਦੇ ਸਨ, ਨੱਕ ਵਿਚ ਹੀਰੇ ਦਾ ਕੋਕਾ ਸੀ, ਉਸਦੇ ਨਰਮ ਅਤੇ ਸੰਵੇਦਨਸ਼ੀਲ ਬੁੱਲ੍ਹ ਸਨ ਜਿਨ੍ਹਾਂ ਉਤੇ ਤਾਜ਼ਾ ਲਿਪਸਟਿਕ ਲੱਗੀ ਹੋਈ ਸੀ। ਮੋਤੀਆਂ ਦਾ ਹਾਰ ਗਲ਼ੇ ਵਿਚ ਸੀ ਜਿਹੜਾ ਉਹਦੀ ਸਾੜੀ ਨਾਲ ਮੇਲ ਖਾਂਦਾ ਸੀ। ਭਾਵੇਂ ਉਹ ਕਮਾਲ ਦੀ ਸੁੰਦਰ ਔਰਤ ਨਹੀਂ ਸੀ, ਪਰ ਫਿਰ ਵੀ ਚੰਗੀ ਬਣਦੀ ਫਬਦੀ ਸੀ। ਆਖਿਰਕਾਰ ਮੋਹਨ ਨੇ ਪੁਛਿਆ, ''ਤੁਹਾਡੀ ਸ਼ਾਦੀ ਦਾ ਕੀ ਬਣਿਆ? ਇਹ ਇੰਨੀ ਛੇਤੀ ਕਿਉਂ ਟੁੱਟ ਗਈ।''

''ਜਿਵੇਂ ਕਿ ਮੈਂ ਆਪਣੇ ਖ਼ਤ ਵਿਚ ਲਿਖਿਆ ਸੀ, ਮੇਰਾ ਪਤੀ ਕਨੇਡਾ ਵਿਚ ਰਹਿੰਦਾ ਸੀ ਅਤੇ ਉਹਨੇ ਭਾਰਤੀ ਪਤਨੀ ਲਈ ਇਸ਼ਤਿਹਾਰ ਦਿੱਤਾ ਸੀ। ਮੇਰੇ ਪਿਤਾ ਨੇ ਇਸਦਾ ਜਵਾਬ ਦਿੱਤਾ। ਉਹ ਦੇਸ਼ ਆਇਆ ਅਤੇ ਦੇਹਰਾਦੂਨ, ਸਾਡੇ ਘਰ, ਮੈਨੂੰ ਵੇਖਣ ਆਇਆ। ਇਕ ਹਫਤੇ ਬਾਅਦ ਹੀ ਸਾਡੀ ਸ਼ਾਦੀ ਹੋ ਗਈ। ਮੈਨੂੰ ਜਾਂ ਮੇਰੇ ਮਾਪਿਆਂ ਨੂੰ ਉਸ ਬਾਰੇ ਉਹੀ ਕੁਝ ਹੀ ਪਤਾ ਸੀ, ਜੋ ਕੁਝ ਉਹਨੇ ਦੱਸਿਆ ਸੀ। ਅਸੀਂ ਹਨੀਮੂਨ ਮਨਾਉਣ ਮਸੂਰੀ ਗਏ। ਇਸਦਾ ਖਰਚਾ ਮੇਰੇ ਪਿਤਾ ਨੇ ਦਿੱਤਾ ਸੀ। ਉਹਨੇ ਮੇਰਾ ਕੁਆਰਪਣ ਭੰਗ ਕੀਤਾ। 13 ਦਿਨ ਤੇ ਰਾਤਾਂ ਉਸਨੇ ਰੱਜ ਕੇ ਸਹਿਵਾਸ ਕੀਤਾ। ਫਿਰ ਉਸ ਕਿਹਾ ਕਿ ਉਹਨੇ ਕਾਰੋਬਾਰ ਦੇ ਸਿਲਸਿਲੇ ਵਿਚ ਟਰੰਟੋ ਜਾਣਾ ਹੈ ਅਤੇ ਹਫਤੇ ਦੇ ਵਿਚ ਵਿਚ ਹੀ ਵਾਪਸ ਆ ਕੇ ਮੈਨੂੰ ਆਪਣੇ ਨਾਲ ਲੈ ਜਾਵੇਗਾ। ਮੈਂ ਕਨੇਡਾ ਦਾ ਵੀਜ਼ਾ ਲਿਆ ਅਤੇ ਉਡੀਕਦੀ ਰਹੀ। ਨਾ ਉਹਨੇ ਖ਼ਤ ਲਿਖਿਆ ਤੇ ਨਾ ਹੀ ਵਾਪਸ ਆਇਆ। ਮੈਨੂੰ ਛੇਤੀ ਹੀ ਪਤਾ ਲਗ ਗਿਆ ਕਿ ਮੈਂ ਗਰਭਵਤੀ ਸਾਂ। ਮੇਰੇ ਪਿਤਾ ਬਹੁਤ ਗੁੱਸੇ ਵਿਚ ਸਨ ਅਤੇ ਚਾਹੁੰਦੇ ਸਨ ਕਿ ਮੇਰੇ ਪਤੀ ਨੂੰ

ਜੇਲ੍ਹ ਭੇਜਿਆ ਜਾਵੇ। ਉਹਨਾਂ ਦਾ ਇਹ ਗੁੱਸਾ ਉਸ ਵੇਲੇ ਹੋਰ ਵੀ ਵੱਧ ਗਿਆ ਸੀ ਜਦੋਂ ਉਹਨਾਂ ਨੂੰ ਕਿਸੇ ਦੋਸਤ ਤੋਂ ਪਤਾ ਲਗਿਆ ਕਿ ਉਸ ਬੰਦੇ ਨਾਲ ਪਹਿਲਾਂ ਹੀ ਕਨੇਡਾ ਵਿਚ ਕੋਈ ਗੋਰੀ ਔਰਤ ਰਹਿ ਰਹੀ ਹੈ। ਮੈਂ ਫ਼ੈਸਲਾ ਕੀਤਾ ਕਿ ਜੇ ਉਹ ਬੰਦਾ ਇੰਨਾ ਹੀ ਬਦਮਾਸ਼ ਹੈ ਤਾਂ ਮੈਂ ਉਸ ਨਾਲ ਕੋਈ ਸਬੰਧ ਨਹੀਂ ਰਖਾਂਗੀ। ਕੁਝ ਮਹੀਨੇ ਮਗਰੋਂ ਮੈਂ ਪੁੱਤਰ ਨੂੰ ਜਨਮ ਦਿੱਤਾ। ਉਹ ਇਸ ਵੇਲੇ ਬੋਰਡਿੰਗ ਸਕੂਲ ਵਿਚ ਹੈ। ਕਾਲਜ ਵਿਚ ਮੇਰੀ ਪੱਕੀ ਨੌਕਰੀ ਹੈ। ਕੀ ਇਸ ਤੋਂ ਬਾਅਦ ਵੀ ਮੇਰੇ ਬਾਰੇ ਕੁਝ ਜਾਣਨ ਦੀ ਲੋੜ ਹੈ? ਮੈਂ ਤੁਹਾਡੇ ਬਾਰੇ ਕੁਝ ਨਹੀਂ ਜਾਣਦੀ।''

ਉਸ ਜਵਾਬ ਦਿਤਾ, ਮੈਂ ਇਸ਼ਤਿਹਾਰ ਵਿਚ ਇਸ ਦਾ ਜ਼ਿਕਰ ਕਰ ਦਿਤਾ ਸੀ। 13 ਸਾਲ ਤਕ ਕਾਇਮ ਰਹੀ ਲੜਾਈ-ਭੜਾਈ ਦੀ ਵਿਆਹੁਤਾ ਜ਼ਿੰਦਗੀ ਦੌਰਾਨ ਸਾਡੇ ਦੋ ਬੱਚੇ ਤਾਂ ਪੈਦਾ ਹੋਏ ਪਰ ਖੁਸ਼ੀ ਨਾ ਮਿਲੀ। ਇਸ ਲਈ ਅਸਾਂ ਤਲਾਕ ਲੈਣ ਦਾ ਫ਼ੈਸਲਾ ਕਰ ਲਿਆ। ਮੇਰੇ ਬਾਰੇ ਤੁਹਾਨੂੰ ਹੋਰ ਉਦੋਂ ਹੀ ਪਤਾ ਲਗੇਗਾ ਜਦੋਂ ਤੁਸੀਂ ਮੇਰੀ ਪੇਸ਼ਕਸ਼ ਨੂੰ ਪ੍ਰਵਾਨ ਕਰਨ ਦਾ ਫ਼ੈਸਲਾ ਕਰੋ। ਕੀ ਤੁਸੀਂ ਪੈੱਗ ਲਓਗੇ?''

ਉਸ ਤੁਰੰਤ ਜਵਾਬ ਦਿਤਾ, ''ਨਹੀਂ ਸ਼ੁਕਰੀਆ, ਮੈਂ ਹਰਿਆਣਾ ਵਿਚ ਰਹਿੰਦੀ ਹਾਂ ਜਿਥੇ ਮੁਕੰਮਲ ਸ਼ਰਾਬਬੰਦੀ ਲਾਗੂ ਹੈ। ਉਥੇ ਸਿਗਰਟ ਜਾਂ ਸ਼ਰਾਬ ਪੀਣ ਵਾਲੀ ਔਰਤ ਨੂੰ ਰੰਡੀ ਸਮਝਿਆ ਜਾਂਦਾ ਹੈ। ਇਸ ਲਈ ਨਾ ਸ਼ਰਾਬ, ਨਾ ਸਿਗਰਟ। ਕੀ ਤੁਸੀਂ ਰੋਜ਼ ਪੀਂਦੇ ਹੋ?''

ਉਸ ਜਵਾਬ ਦਿਤਾ, ''ਹਾਂ, ਮੈਂ ਸਿਗਰਟ ਵੀ ਪੀਂਦਾ ਹਾਂ। ਹਰ ਸ਼ਾਮ ਸਕਾਚ ਦੇ ਮੈਂ ਦੋ ਤਿੰਨ ਪੈੱਗ ਪੀਣੇ ਪਸੰਦ ਕਰਦਾ ਹਾਂ ਅਤੇ ਮੈਂ ਸਿਗਾਰ ਵੀ ਪੀਣੇ ਪਸੰਦ ਕਰਦਾ ਹਾਂ-ਦਿਨ ਵਿਚ ਚਾਰ। ਕੋਈ ਇਤਰਾਜ਼?''

''ਕੋਈ ਨਹੀਂ! ਇਹ ਤੁਹਾਡੀ ਜ਼ਿੰਦਗੀ ਹੈ। ਮੈਨੂੰ ਕੀ ਹੱਕ ਹੈ ਕਿ ਜੋ ਕੁਝ ਤੁਹਾਨੂੰ ਪਸੰਦ ਹੈ, ਉਸ ਉਤੇ ਇਤਰਾਜ਼ ਕਰਾਂ।''

''ਮੈਨੂੰ ਲਗਦਾ ਹੈ ਕਿ ਤੁਸੀਂ ਸ਼ਾਕਾਹਾਰੀ ਹੋਵੋਗੇ।''

''ਮੈਂ ਸ਼ਾਕਾਹਾਰੀ ਹਾਂ। ਪਰ ਮੈਨੂੰ ਇਸ ਗੱਲ ਦਾ ਕੋਈ ਇਤਰਾਜ਼ ਨਹੀਂ ਕਿ ਹੋਰ ਲੋਕੀਂ ਕੀ ਖਾਂਦੇ ਹਨ।''

''ਅਤੇ ਆਂਡੇ?''

''ਨਾ ਆਂਡੇ ਵੀ ਨਹੀਂ। ਮੈਨੂੰ ਆਸ ਹੈ ਕਿ ਇਨ੍ਹਾਂ ਕਾਰਨਾਂ ਕਰਕੇ ਮੈਨੂੰ ਮਾੜੀ ਨਹੀਂ ਸਮਝੋਗੇ।''

''ਖਾਣ ਪੀਣ ਦੀਆਂ ਆਦਤਾਂ ਦਾ ਸਾਥ ਨਾਲ ਕੋਈ ਸਬੰਧ ਨਹੀਂ।'' ਇਹ ਕਹਿ ਕੇ ਉਹ ਮੁਸਕਰਾਇਆ।

ਇਸ ਤੋਂ ਬਾਅਦ ਦੋਵੇਂ ਚੁੱਪ ਹੋ ਗਏ। ਇਸ ਵਾਰ ਵੀ ਲੇਡੀ ਪ੍ਰੋਫੈਸਰ ਨੇ ਹੀ ਇਸ ਚੁੱਪ ਨੂੰ ਤੋੜਿਆ, ''ਕੀ ਮੈਂ ਤੁਹਾਡਾ ਘਰ ਦੇਖ ਸਕਦੀ ਹਾਂ? ਬਾਹਰੋਂ ਦੇਖਣ ਨੂੰ ਤਾਂ ਇਹ

ਕਾਫੀ ਵੱਡਾ ਲਗਦਾ ਹੈ।''

ਉਸ ਜਵਾਬ ਦਿਤਾ, ''ਬਿਲਕੁਲ, ਮੈਂ ਤੁਹਾਨੂੰ ਸਾਰਾ ਘਰ ਦਿਖਾਉਂਦਾ ਹਾਂ।'' ਉਹ ਉਠਿਆ ਆਪਣੇ ਲਈ ਸ਼ਰਾਬ ਦਾ ਪੈੱਗ ਪਾਇਆ ਅਤੇ ਗਿਲਾਸ ਹੱਥ ਵਿਚ ਫੜ ਕੇ ਉਹ ਇਸਨੂੰ ਇਕ ਸੌਣ ਕਮਰੇ ਤੋਂ ਲੈ ਕੇ ਬਾਕੀਆਂ ਤੱਕ ਘੁੰਮਾਉਂਦਾ ਰਿਹਾ। ਫਿਰ ਉਹ ਵੱਡੇ ਸੌਣ ਕਮਰੇ ਵਿਚ ਲੈ ਕੇ ਗਿਆ ਜਿਥੇ ਕਦੇ ਉਹ ਆਪਣੀ ਪਤਨੀ ਨਾਲ ਸੌਇਆਂ ਕਰਦਾ ਸੀ, ਫਿਰ ਬੱਚਿਆਂ ਦੇ ਕਮਰੇ ਵਿਚ, ਫਿਰ ਮਹਿਮਾਨਾਂ ਦੇ ਕਮਰੇ ਵਿਚ। ਇਸ ਕਮਰੇ ਵਿਚ ਹੀ ਇਹ ਲੇਡੀ ਪ੍ਰੋਫੈਸਰ ਨੇ ਰਹਿਣਾ ਸੀ, ਜੇ ਉਹ ਇਸਦੀ ਪੇਸ਼ਕਸ਼ ਨੂੰ ਪ੍ਰਵਾਨ ਕਰਦੀ ਹੈ। ਸਾਰੇ ਕਮਰਿਆਂ ਵਿਚ ਏਅਰ ਕੰਡੀਸ਼ਨਰ ਲਗੇ ਹੋਏ ਸਨ। ਬਾਥਰੂਮਾਂ ਵਿਚ ਸੰਗਮਰਮਰ ਦੀਆਂ ਟਾਈਲਾਂ ਸਨ ਅਤੇ ਇਹ ਰਗੜ ਰਗੜ ਕੇ ਸਾਫ ਕੀਤੇ ਗਏ ਸਨ। ਮੋਹਨ ਨੇ ਦੱਸਿਆ, ''ਹੇਠਲੀ ਮੰਜ਼ਲ ਉਤੇ ਮੇਰਾ ਪੜ੍ਹਨ ਵਾਲਾ ਕਮਰਾ ਅਤੇ ਸਵਾਗਤੀ ਕਮਰਾ ਹੈ। ਕੀ ਮੇਰਾ ਇਹ ਗਰੀਬਖਾਨਾ ਤੁਹਾਡੀਆਂ ਲੋੜਾਂ ਮੁਤਾਬਕ ਪੂਰਾ ਹੈ?'' ਜਦੋਂ ਉਸਨੇ ਇਹ ਗੱਲ ਪੁੱਛੀ ਤਾਂ ਉਸਦੀ ਆਵਾਜ਼ ਵਿਚ ਹਲਕੀ ਜਿਹੀ ਟਿੱਚਰ ਵੀ ਸ਼ਾਮਲ ਸੀ।

''ਤੁਸੀਂ ਬੜੀ ਸ਼ਾਨ ਨਾਲ ਰਹਿੰਦੇ ਹੋ। ਪਰ ਮੈਨੂੰ ਕਿਸੇ ਵੀ ਕਮਰੇ ਵਿਚ ਇਕ ਵੀ ਕਿਤਾਬ ਦਿਖਾਈ ਨਹੀਂ ਦਿਤੀ। ਕੀ ਤੁਸੀਂ ਬਿਲਕੁਲ ਨਹੀਂ ਪੜ੍ਹਦੇ?'' ਉਸਦੀ ਆਵਾਜ਼ ਪੇਸ਼ਾਵਾਰਾਨਾ ਸੀ।

''ਕਾਲਜ ਛੱਡਣ ਤੋਂ ਬਾਅਦ ਕੁਝ ਨਹੀਂ ਪੜ੍ਹਿਆ। ਮੇਰੇ ਕੋਲ ਨਾ ਤਾਂ ਕਿਤਾਬਾਂ ਪੜ੍ਹਨ ਦਾ ਸਮਾਂ ਹੈ ਅਤੇ ਨਾ ਹੀ ਸਬਰ। ਮੇਰੇ ਕੋਲ ਬਹੁਤ ਸਾਰੇ ਰਸਾਲੇ ਤੇ ਅਖ਼ਬਾਰਾਂ ਆਉਂਦੀਆਂ ਹਨ, ਪਰ ਮੈਂ ਸਿਰਫ ਇਨ੍ਹਾਂ ਦੀਆਂ ਸੁਰਖੀਆਂ ਅਤੇ ਤਸਵੀਰਾਂ ਦੀਆ ਕੈਪਸ਼ਨਾਂ ਹੀ ਪੜ੍ਹਦਾ ਹਾਂ। ਖਬਰਾਂ, ਹੋਰ ਸੂਚਨਾ ਅਤੇ ਰਾਵਾਂ ਮੈਂ ਟੈਲੀਵਿਜ਼ਨ ਤੋਂ ਹੀ ਲੈਂਦਾ ਹਾਂ। ਮੈਨੂੰ ਪਤਾ ਹੈ ਕਿ ਇਕ ਪੜ੍ਹੇ ਲਿਖੇ ਪ੍ਰੋਫੈਸਰ ਹੋਣ ਦੇ ਨਾਤੇ ਤੁਸੀਂ ਇਸਨੂੰ ਪਸੰਦ ਨਹੀਂ ਕਰੋਗੇ। ਜਾਂ ਹੋ ਸਕਦਾ ਹੈ ਕਿ ਤੁਸੀਂ ਮੈਨੂੰ ਪੜ੍ਹਾ ਵੀ ਦੇਵੋ।''

ਉਹ ਉਹਦੇ ਵੱਲ ਵੇਖ ਕੇ ਭੇਤ ਭਰੇ ਢੰਗ ਨਾਲ ਮੁਸਕਰਾਈ ਅਤੇ ਆਪਣੀ ਕੁਰਸੀ ਤੇ ਬੈਠ ਗਈ।

''ਕੀ ਤੁਸੀਂ ਠੰਡਾ ਪੀਣਾ ਚਾਹੋਗੇ?''

''ਹਾਂ, ਇਹ ਠੀਕ ਰਹੇਗਾ।''

ਮੋਹਨ ਨੇ ਆਵਾਜ਼ ਦੇ ਕੇ ਬੇਅਰੇ ਨੂੰ ਕਿਹਾ ਕਿ ਉਸਦੇ ਮਹਿਮਾਨ ਲਈ ਕੈਂਪਾ ਕੋਲਾ ਲੈ ਕੇ ਆਵੇ ਤੇ ਨਾਲ ਹੀ ਪਾਪੜ ਵੀ।

ਫਿਰ ਉਹ ਸਾਫ ਸਪਸ਼ਟ ਸ਼ਬਦਾਂ ਵਿਚ ਬੋਲੀ, ''ਹੁਣ ਅਗਲੀ ਗਲ! ਤੁਹਾਨੂੰ ਹੋਰ ਔਰਤਾਂ ਵਲੋਂ ਵੀ ਪੇਸ਼ਕਸ਼ਾਂ ਆਦੀਆਂ ਹੋਣਗੀਆਂ।''

ਉਸ ਜਵਾਬ ਦਿਤਾ, ''ਹਾਲੇ ਤਾਂ ਤੁਸੀਂ ਹੀ ਇਕੋ ਇਕ ਹੋ ਅਤੇ ਮੈਂ ਤਿਆਰ ਹਾਂ।

ਸਮੀ ਨਾਲ ਵਾਲੇ ਕਮਰੇ ਵਿਚ ਸੌਂਦਿਆ ਆ ਸਕੋਗੇ?''

ਇਸ ਵਾਰ ਵੀ ਲੰਮਾ ਸਮਾਂ ਤਕ ਚੁੱਪ ਛਾਈ ਰਹੀ ਅਤੇ ਆਖਿਰਕਾਰ ਲੇਡੀ ਪ੍ਰੋਫੈਸਰ ਨੇ ਆਪਣੇ ਪੈਰਾਂ ਵਾਲ ਨਜ਼ਰ ਟਿਕਾਉਂਦੇ ਹੋਏ ਪੁੱਛਿਆ, ''ਮੈਨੂੰ ਲਗਦਾ ਹੈ ਕਿ ਤੁਸੀਂ ਮੇਰੇ ਨਾਲ ਸ਼ਿਸ਼ਟਾਚਾਰ ਵੀ ਕਰਨਾ ਚਾਹੋਗੇ?''

ਮੋਹਨ ਉਸਦੀ ਇਸ ਸਪਸ਼ਟਤਾ ਉਤੇ ਹੈਰਾਨ ਰਹਿ ਗਿਆ। ਅੱਧਾ ਘੰਟਾ ਪਹਿਲਾਂ ਜਦੋਂ ਉਹ ਆਈ ਸੀ ਤਾਂ ਇਸ ਔਰਤ ਨੇ ਉਸਦੇ ਪੈਰੀਂ ਹੱਥ ਲਾਏ ਸਨ। ਉਸਨੇ ਜਵਾਬ ਦੇਣ ਤੋਂ ਪਹਿਲਾਂ ਕੁਝ ਸਮਾਂ ਸੋਚਿਆ, ਫਿਰ ਕਹਿਣ ਲਗਾ, ''ਸੌਦੇ ਵਿਚ ਇਹ ਗੱਲ ਵੀ ਸ਼ਾਮਲ ਹੈ। ਜੇ ਤੁਹਾਨੂੰ ਕਿਸੇ ਗੱਲ ਦਾ ਇਤਰਾਜ਼ ਹੈ ਤਾਂ ਤੁਹਾਨੂੰ ਹੁਣੇ ਦੱਸ ਦੇਣਾ ਚਾਹੀਦਾ ਹੈ।''

ਉਹ ਆਪਣੇ ਪੈਰਾਂ ਵੱਲ ਵੇਖਦੀ ਰਹੀ ਅਤੇ ਬੋਲੀ, ''ਜੇ ਇਹ ਗੱਲ ਹੈ ਤਾਂ ਮੈਨੂੰ ਪਹਿਲਾਂ ਡਾਕਟਰ ਨਾਲ ਸਲਾਹ ਕਰਨੀ ਪਵੇਗੀ। ਮੈਂ ਨਹੀਂ ਚਾਹੁੰਦੀ ਕਿ ਮੈਂ ਫਿਰ ਗਰਭਵਤੀ ਹੋ ਜਾਵਾਂ। ਬੱਚਿਆਂ ਦੀ ਪੈਦਾਇਸ਼ ਵਿਆਹ ਦੇ ਸਬੰਧਾਂ ਵਿਚੋਂ ਹੀ ਹੋਣੀ ਚਾਹੀਦੀ ਹੈ ਨਾਂ ਕਿ ਆਰਜ਼ੀ ਸਬੰਧਾਂ ਵਿਚੋਂ।''

ਮੋਹਨ ਨੇ ਕੋਈ ਟਿੱਪਣੀ ਨਾ ਕੀਤੀ।

ਉਹ ਲੰਬਾ ਸਮਾਂ ਤਕ ਚੁੱਪ ਬੈਠੀ ਰਹੀ ਅਤੇ ਫਿਰ ਕਹਿਣ ਲੱਗੀ, ''ਇਹ ਮੇਰੇ ਲਈ ਬਹੁਤ ਵੱਡਾ ਜੂਆ ਹੈ, ਮੇਰੇ ਸਵੈਮਾਨ ਨੂੰ ਸੱਟ ਲੱਗ ਸਕਦੀ ਹੈ, ਪਰ ਮੈਂ ਕੋਸ਼ਿਸ਼ ਕਰਨ ਲਈ ਤਿਆਰ ਹਾਂ। ਛੁੱਟੀਆਂ ਲੈਣ ਲਈ ਮੈਨੂੰ ਇਕ ਮਹੀਨੇ ਦਾ ਨੋਟਿਸ ਦੇਣਾ ਪਵੇਗਾ। ਮੈਨੂੰ ਕੁਝ ਸਮਾਂ ਸਕੂਲ ਦੀਆਂ ਛੁੱਟੀਆਂ ਦੌਰਾਨ ਆਪਣੇ ਪੁੱਤਰ ਨਾਲ ਹੀ ਬਿਤਾਉਣਾ ਪੈਣਾ ਹੈ। ਜਿਉਂ ਹੀ ਮੈਂ ਰੇਵਾੜੀ ਵਾਪਸ ਪਰਤੀ ਮੈਂ ਤੁਹਾਨੂੰ ਵੀ ਦਸਾਂਗੀ ਅਤੇ ਆਪਣੇ ਪ੍ਰਿੰਸੀਪਲ ਨਾਲ ਵੀ ਗੱਲ ਕਰਾਂਗੀ।''

ਉਹ ਜਾਣ ਲਈ ਉੱਠ ਖੜੀ ਹੋਈ, ''ਇਥੋਂ ਸਕੂਟਰ ਜਾਂ ਟੈਕਸੀ ਮਿਲ ਜਾਏਗੀ ਤਾਂ ਕਿ ਮੈਂ ਬਸ ਸਟੈਂਡ ਜਾ ਸਕਾਂ?''

''ਮੇਰਾ ਡਰਾਈਵਰ ਤੁਹਾਨੂੰ ਉਥੇ ਛੱਡ ਆਵੇਗਾ। ਮੈਂ ਖੁਦ ਹੀ ਛੱਡ ਆਉਂਦਾ ਪਰ ਹਨੇਰਾ ਹੋਣ ਤੋਂ ਬਾਅਦ ਮੈਨੂੰ ਗੱਡੀ ਚਲਾਉਣਾ ਠੀਕ ਨਹੀਂ ਲਗਦਾ। ਕਾਰਾਂ ਦੀ ਰੋਸ਼ਨੀ ਨਾਲ ਮੇਰੀਆਂ ਅੱਖਾਂ ਝੁੰਝਲਾ ਜਾਂਦੀਆਂ ਹਨ ਅਤੇ ਦਿੱਲੀ ਦੀਆਂ ਸੜਕਾਂ ਤੇ ਟਰੈਫਿਕ ਵੀ ਜ਼ਿਆਦਾ ਹੈ।''

ਮਰਸਿਡੀਜ਼ ਕਾਰ ਗੇਟ ਦੇ ਕੋਲ ਖੜੀ ਕੀਤੀ ਹੋਈ ਸੀ। ਮੋਹਨ ਨੇ ਕਾਰ ਦਾ ਪਿਛਲਾ ਦਰਵਾਜ਼ਾ ਖੋਲ ਕੇ ਉਸਨੂੰ ਅੰਦਰ ਬੈਠਣ ਲਈ ਕਿਹਾ। ਉਸਨੂੰ ਇਹ ਨਹੀਂ ਸੀ ਪਤਾ ਕਿ ਭਵਿੱਖ ਦੀਆਂ ਜਿਹੜੀਆਂ ਯੋਜਨਾਵਾਂ ਉਹਨੇ ਬਣਾਈਆਂ ਹਨ, ਉਨ੍ਹਾਂ ਅਧੀਨ ਉਹ ਉਸਨੂੰ ਜੱਫੀ ਪਾਉਣ, ਜਾਂ ਚੁੰਮਣ ਦਾ ਅਧਿਕਾਰ ਰਖਦਾ ਹੈ ਕਿ ਨਹੀਂ। ਜਦੋਂ ਉਹ ਕਾਰ ਵਿਚ ਬੈਠਣ ਲਗੀ ਤਾਂ ਉਹਨੇ ਉਹਦੇ ਮੋਢਿਆਂ ਦੁਆਲੇ ਆਪਣੀਆਂ ਬਾਹਾਂ ਵਲ ਲਈਆਂ ਅਤੇ

ਕਹਿਣ ਲੱਗਾ, ''ਤੁਹਾਡੇ ਨਾਲ ਮੁਲਾਕਾਤ ਬੜੀ ਚੰਗੀ ਰਹੀ। ਸੰਪਰਕ ਕਰਦੇ ਰਹਿਣਾ, ਜੇ ਤੁਹਾਡਾ ਕੋਈ ਟੈਲੀਫੋਨ ਹੈ ਜਿਥੇ ਮੈਂ ਤੁਹਾਨੂੰ ਸੰਪਰਕ ਕਰ ਸਕਾਂ ਤਾਂ ਮੈਨੂੰ ਨੰਬਰ ਭੇਜ ਦੇਣਾ।''

ਉਸ ਜਵਾਬ ਦਿਤਾ, ''ਨਹੀਂ, ਟੈਲੀਫੋਨ ਨਹੀਂ ਕਰਨਾ। ਮੈਂ ਚਿੱਠੀ ਲਿਖਾਂਗੀ। ਡਰਾਈਵਰ, ਮੈਨੂੰ ਇੰਟਰ ਸਟੇਟ ਬੱਸ ਅੱਡੇ ਲੈ ਚਲੋ।''

ਉਸਨੇ ਚੂੜੀਆਂ ਵਾਲਾ ਹੱਥ ਲਹਿਰਾਇਆ ਅਤੇ ਕਾਰ ਬਾਹਰ ਨਿਕਲ ਗਈ।

ਜਦੋਂ ਉਹ ਸ਼ਾਮ ਦਾ ਆਪਣਾ ਮਿਥਿਆ ਹੋਇਆ ਸਕਾਚ ਦਾ ਕੋਟਾ ਪੀ ਰਿਹਾ ਸੀ ਤਾ ਮੋਹਨ ਨੇ ਇਸ ਲੇਡੀ ਪ੍ਰੋਫੈਸਰ ਨਾਲ ਭਵਿਖ ਵਿਚ ਬਿਤਾਏ ਜਾਣ ਵਾਲੇ ਕੁਝ ਹਫਤਿਆਂ ਜਾਂ ਮਹੀਨਿਆਂ ਦੇ ਸਮੇਂ ਬਾਰੇ ਸੋਚਣਾ ਸ਼ੁਰੂ ਕੀਤਾ। ਉਸਦਾ ਰਸੋਈਆ ਅਤੇ ਬੇਅਰਾ ਉਸਦੀ ਇਹ ਗੱਲ ਪ੍ਰਵਾਨ ਹੀ ਕਰ ਲੈਣਗੇ ਕਿ ਉਹ ਉਸਦੀ ਦੂਰ ਦੀ ਰਿਸ਼ਤੇਦਾਰ ਹੈ ਜਿਸਦੀ ਬਦਲੀ ਦਿੱਲੀ ਵਿਚ ਹੋ ਗਈ ਹੈ ਅਤੇ ਉਹ ਕੁਝ ਮਹੀਨੇ ਤਕ ਉਸਦੇ ਨਾਲ ਰਹੇਗੀ, ਜਦੋਂ ਤਕ ਉਹਨੂੰ ਆਪਣਾ ਮਕਾਨ ਨਹੀਂ ਮਿਲ ਜਾਂਦਾ। ਹੋ ਸਕਦਾ ਹੈ ਕਿ ਉਹ ਇਸ ਉਤੇ ਵਿਸ਼ਵਾਸ ਨਾ ਕਰਨ, ਪਰ ਧੰਨੋ ਨੂੰ ਮਨਾਉਣਾ ਸਭ ਤੋਂ ਔਖਾ ਹੋਵੇਗਾ। ਉਸਨੂੰ ਇਸ ਗੱਲ ਦੀ ਆਦਤ ਪੈ ਗਈ ਕਿ ਜਦੋਂ ਵੀ ਦੂਜੇ ਨੌਕਰ ਬਾਹਰ ਗਏ ਹੁੰਦੇ ਹਨ ਤਾਂ ਹਫਤੇ ਵਿਚ ਦੋ ਵਾਰੀ ਉਹ ਉਸਦੇ ਕਮਰੇ ਵਿਚ ਆਵੇ। ਜਦੋਂ ਕੋਈ ਹੋਰ ਔਰਤ ਸਾਰਾ ਦਿਨ ਘਰ ਵਿਚ ਰਹੇਗੀ ਤਾਂ ਧੰਨੋ ਵਾਲਾ ਸਿਲਸਿਲਾ ਉਨੀ ਦੇਰ ਤਕ ਬੰਦ ਕਰਨਾ ਪਏਗਾ; ਘੱਟੋ ਘੱਟ ਉਨੀ ਦੇਰ, ਜਿੰਨੀ ਦੇਰ ਤਕ ਲੇਡੀ ਪ੍ਰੋਫੈਸਰ ਰਹੇਗੀ। ਕਿਉਂਕਿ ਰਾਤ ਨੂੰ ਸੌਣ ਤੋਂ ਪਹਿਲਾਂ ਮੋਹਰਲਾ ਤੇ ਪਿਛਲਾ ਦਰਵਾਜ਼ਾ ਉਹ ਖੁਦ ਬੰਦ ਕਰਦਾ ਹੈ, ਇਸ ਲਈ ਧੰਨੋ ਜਾਂ ਕਿਸੇ ਵੀ ਹੋਰ ਨੌਕਰ ਨੂੰ ਇਹ ਪਤਾ ਨਹੀਂ ਲਗ ਸਕੇਗਾ ਕਿ ਰਾਤ ਵੇਲੇ ਅੰਦਰ ਕੀ ਹੁੰਦਾ ਹੈ। ਪਰ ਉਸਨੂੰ ਇਸ ਗੱਲ ਦਾ ਪਤਾ ਸੀ ਕਿ ਔਰਤਾਂ ਨੂੰ ਇਕ ਛੇਵੀਂ ਸੂਝ ਵੀ ਹੁੰਦੀ ਹੈ, ਜਿਸ ਰਾਹੀਂ ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿ ਉਨ੍ਹਾਂ ਦੇ ਮਰਦਾਂ ਦਾ ਧਿਆਨ ਕਿਸੇ ਹੋਰ ਔਰਤ ਵਲ ਖਿਚਿਆ ਗਿਆ ਹੈ। ਵਿਆਹੀਆਂ ਹੋਈਆਂ ਔਰਤਾਂ ਨੂੰ ਭਾਵੇਂ ਕੋਈ ਸਬੂਤ ਨਾ ਵੀ ਮਿਲੇ ਤਾਂ ਵੀ ਉਨ੍ਹਾਂ ਨੂੰ ਇਹ ਪਤਾ ਲਗ ਜਾਂਦਾ ਹੈ ਕਿ ਉਨ੍ਹਾਂ ਦੇ ਪਤੀਆਂ ਦਾ ਕਿਸੇ ਹੋਰ ਔਰਤ ਨਾਲ ਚੱਕਰ ਚਲ ਰਿਹਾ ਹੈ। ਵਿਆਹੇ ਹੋਏ ਮਰਦ ਆਪਣੇ ਆਪ ਵਿਚ ਇੰਨੇ ਗਲਤਾਨ ਹੁੰਦੇ ਹਨ ਕਿ ਉਨ੍ਹਾਂ ਦੀਆਂ ਔਰਤਾਂ ਕਈ ਸਾਲਾਂ ਤਕ ਬਿਨਾਂ ਸ਼ੱਕ ਪੈਣ ਉਤੇ ਉਨ੍ਹਾਂ ਨੂੰ ਮੂਰਖ ਬਣਾ ਸਕਦੀਆਂ ਹਨ।

ਪਰ ਗੱਲ ਇਹ ਵੀ ਹੈ ਕਿ ਧੰਨੋ ਨੂੰ ਗੁੱਸਾ ਕਰਨ ਜਾਂ ਰੋਸ ਕਰਨ ਦਾ ਕੋਈ ਨੈਤਿਕ ਹੱਕ ਨਹੀਂ ਹੈ। ਉਹ ਆਪਣੇ ਪਤੀ ਨੂੰ ਧੋਖਾ ਦੇ ਰਹੀ ਹੈ। ਮੋਹਨ ਉਸ ਨਾਲ ਬੇਵਫਾਈ ਕਰ ਸਕਦਾ ਹੈ ਕਿਉਂਕਿ ਉਹ ਨਾ ਤਾਂ ਉਸਦੀ ਬੀਵੀ ਸੀ ਅਤੇ ਨਾ ਹੀ ਰਖੇਲ। ਉਹ ਤਾਂ ਕੁਝ ਸਮੇਂ ਲਈ ਉਸਦੇ ਬਿਸਤਰੇ ਵਿਚ ਉਸਦਾ ਸਾਥ ਦੇਣ ਵਾਲੀ ਔਰਤ ਮਾਤਰ ਸੀ, ਜਿਸ ਬਦਲੇ ਉਸਨੂੰ ਕਾਫੀ ਪੈਸਾ ਮਿਲਦਾ ਸੀ। ਕੁਝ ਵੀ ਹੋਵੇ, ਇਸ ਬਾਰੇ ਸੋਚਿਆ ਹੀ ਕਿਉਂ ਜਾਵੇ? ਉਹ

ਦੇਖੇਗਾ ਕਿ ਹਾਲਾਤ ਕਿਸ ਤਰ੍ਹਾਂ ਬਦਲਦੇ ਹਨ। ਸਮਸਿਆਵਾਂ ਖੜੀਆਂ ਹੋਣ ਉਤੇ ਹੀ ਉਨ੍ਹਾਂ ਨਾਲ ਟਾਕਰਾ ਕਰੇਗਾ।

ਜਦੋਂ ਉਹ ਰਾਤ ਨੂੰ ਸੋਣ ਗਿਆ ਤਾਂ ਉਸਨੇ ਕਲਪਨਾ ਕੀਤੀ ਕਿ ਬਿਸਤਰੇ ਵਿਚ ਲੇਡੀ ਪ੍ਰੋਫੈਸਰ ਕਿਸ ਤਰ੍ਹਾਂ ਦੀ ਹੋਵੇਗੀ। ਕੀ ਉਹ ਆਪ ਉਸਦੇ ਕਮਰੇ ਵਿਚ ਜਾਵੇਗਾ ਜਾਂ ਉਹ ਉਸਦੇ ਕਮਰੇ ਵਿਚ ਆਵੇਗੀ? ਉਹ ਰਤਾ ਕੁ ਪੁਰਾਣੇ ਖਿਆਲਾਂ ਦੀ ਲਗਦੀ ਹੈ ਅਤੇ ਹੋ ਸਕਦਾ ਹੈ ਕਿ ਉਹਦੇ ਨਾਲ ਪੈਣ ਤੋਂ ਪਹਿਲਾਂ ਬੱਤੀ ਬੰਦ ਕਰਨ ਲਈ ਕਹੇ। ਉਹਨੂੰ ਇਹ ਗੱਲ ਪੱਕਾ ਹੀ ਪਤਾ ਸੀ ਕਿ ਉਸਨੂੰ ਆਪਣੇ ਸਾਰੇ ਕਪੜੇ ਲਾਹੁਣ ਅਤੇ ਉਸ ਰੂਪ ਵਿਚ ਵੇਖਣ ਲਈ ਕਾਫੀ ਜ਼ੋਰ ਲਾਉਣਾ ਪਵੇਗਾ ਜਿਸ ਰੂਪ ਵਿਚ ਉਹਨੂੰ ਪ੍ਰਮਾਤਮਾ ਨੇ ਪੈਦਾ ਕੀਤਾ ਸੀ। ਉਸਨੂੰ ਇਹ ਗੱਲ ਭਰੋਸਾ ਦਿੰਦੀ ਸੀ ਕਿ ਉਹ ਬਹੁਤ ਛੋਟੇ ਕੱਦ ਦੀ ਤੇ ਪਤਲੀ ਸੀ ਜਦਕਿ ਉਹ ਖ਼ੁਦ ਚੰਗੇ ਕੱਦ ਵਾਲਾ। ਉਹ ਉਸ ਉਤੇ ਆਪਣੀ ਮਰਜ਼ੀ ਠੋਸੇਗਾ। ਆਖਿਰਕਾਰ ਉਹ ਸੌਂ ਗਿਆ। ਪਰ ਜਦੋਂ ਸੁਪਨਿਆਂ ਦੀ ਵਾਰੀ ਆਈ ਤਾਂ ਉਸਨੂੰ ਲੇਡੀ ਪ੍ਰੋਫੈਸਰ ਦੇ ਨਹੀਂ ਸਗੋਂ ਧੰਨੋ ਦੇ ਸੁਪਨੇ ਆਏ। ਉਹ ਅਲਫ ਨੰਗੀ ਉਸਦੇ ਸਾਹਮਣੇ ਖੜੀ, ਬਾਹਾਂ ਹਿਲਾ ਕੇ ਉਸ ਉਤੇ ਬੇਵਫਾਈ ਦਾ ਦੋਸ਼ ਲਾ ਰਹੀ ਸੀ।

*****

ਤਿੰਨ ਦਿਨ ਮਗਰੋਂ ਉਸ ਨੂੰ ਪ੍ਰੋਫੈਸਰ ਸਰੋਜਨੀ ਭਾਰਦਵਾਜ ਦਾ ਖ਼ਤ ਮਿਲਿਆ। ਇਸ ਵਿਚ ਸਰੋਜਨੀ ਨੇ ਉਸਨੂੰ 'ਪਿਆਰੇ ਮੋਹਨ ਜੀ' ਕਹਿਕੇ ਸੰਬੋਧਨ ਕੀਤਾ ਸੀ। ਉਸ ਦੱਸਿਆ ਸੀ ਕਿ ਉਸਦੀ ਛੁੱਟੀ ਪ੍ਰਵਾਨ ਹੋ ਗਈ ਹੈ। ਗਰਮੀਆਂ ਦੀਆਂ ਛੁੱਟੀਆਂ ਦੇ ਕੁਝ ਦਿਨ ਉਸਦਾ ਪੁੱਤਰ ਉਸਦੇ ਕੋਲ ਰਹੇਗਾ। ਇਸ ਤੋਂ ਬਾਅਦ ਉਹ ਉਸਨੂੰ ਦੇਹਰਾਦੂਨ ਆਪਣੇ ਮਾਪਿਆਂ ਕੋਲ ਛੱਡ ਦੇਵੇਗੀ ਜਿਹੜੇ ਉਸਨੂੰ ਮਸੂਰੀ ਵਿਚ ਉਸੇ ਸਕੂਲ ਵਾਪਸ ਛੱਡ ਆਉਣਗੇ। ਹੁਣ ਅਗਸਤ ਮਹੀਨੇ ਦਾ ਅੱਧ ਚਲ ਰਿਹਾ ਸੀ। ਉਹ ਸਤੰਬਰ ਦੇ ਅੱਧ ਤਕ ਜਾਂ ਉਸ ਤੋਂ ਬਾਅਦ ਜਦੋਂ ਹੀ ਮੋਹਨ ਨੂੰ ਠੀਕ ਲਗਦਾ ਹੋਵੇ, ਉਸ ਕੋਲ ਆ ਜਾਵੇਗੀ। ਉਹ ਰੇਵਾੜੀ ਵਿਚ ਆਪਣਾ ਫਲੈਟ ਆਪਣੇ ਕੋਲ ਰਖ ਰਹੀ ਸੀ, ਕਿਉਂਕਿ ਉਸਨੂੰ ਪਤਾ ਨਹੀਂ ਸੀ ਕਿ ਉਹ ਦਿੱਲੀ ਵਿਚ ਕਿੰਨੀ ਦੇਰ ਤਕ ਠਹਿਰੇਗੀ। ਆਪਣੇ ਖ਼ਤ ਦੇ ਅਖੀਰ ਵਿਚ ਉਹਨੇ ਲਿਖਿਆ ਸੀ, ''ਪਿਆਰ ਨਾਲ, ਤੁਹਾਡੀ ਸਰੋਜ।'' ਉਹਦੇ ਦਸਖ਼ਤਾਂ ਦੇ ਹੇਠਾਂ ਇਕ ਸਤਰ ਹੋਰ ਲਿਖੀ ਸੀ: ''ਕਿਰਪਾ ਕਰਕੇ ਜਿੰਨੀ ਛੇਤੀ ਹੋ ਸਕੇ ਖ਼ਤ ਦਾ ਜਵਾਬ ਦੇਣਾ। ਇਸ ਸਾਰੇ ਸਿਲਸਿਲੇ ਬਾਰੇ ਆਪਣੇ ਕਿਸੇ ਦੋਸਤ ਨਾਲ ਵੀ ਗੱਲ ਨਾ ਕਰਨਾ।''

ਹਥ ਲਿਖਤ ਮਰਦਾਨਾ ਕਿਸਮ ਦੀ ਅਤੇ ਮੋਟੀ ਮੋਟੀ ਸੀ। ਮੋਹਨ ਨੇ ਸੋਚਿਆ ਕਿ ਕਿਤੇ ਇਹ ਤਾਂ ਨਹੀਂ ਕਿ ਬਾਹਰੋਂ ਬਾਹਰ ਮਾਦਾਇਗੀ ਦਾ ਪ੍ਰਗਟਾਵਾ ਕਰਦੀ ਹੋਵੇ, ਪਰ

ਅੰਦਰੋਂ ਉਹ ਐਸੀ ਰੋਹਬਦਾਰ ਔਰਤ ਹੋਵੇ, ਜਿਹੜੀ ਸਭ ਲੋਕਾਂ ਨਾਲ ਉਸ ਤਰ੍ਹਾਂ ਦਾ ਵਿਵਹਾਰ ਕਰਦੀ ਹੋਵੇ, ਜਿਸ ਤਰ੍ਹਾਂ ਦਾ ਆਪਣੇ ਵਿਦਿਆਰਥੀਆਂ ਨਾਲ ਕਰਦੀ ਹੈ। ਮੋਹਨ ਨੇ ਖ਼ਤ ਦਾ ਜਵਾਬ ਉਸੇ ਸ਼ਾਮ ਦੇ ਦਿੱਤਾ। ਉਸ ਲਿਖਿਆ ਕਿ ਉਸਨੇ ਸਤੰਬਰ ਵਿਚ ਕੁਝ ਦਿਨ ਕਾਰੋਬਾਰ ਦੇ ਸਿਲਸਿਲੇ ਵਿਚ ਬਾਹਰ ਜਾਣਾ ਹੈ। ਜੇ ਉਹ ਅਕਤੂਬਰ ਦੇ ਪਹਿਲੇ ਹਫਤੇ ਆਵੇ, ਤਾਂ ਠੀਕ ਰਹੇਗਾ। ਉਹ ਉਸਨੂੰ ਰੇਲਵੇ ਸਟੇਸ਼ਨ ਜਾਂ ਬਸ ਅੱਡੇ ਤੇ ਲੈਣ ਆਵੇਗਾ, ਬਸ਼ਰਤੇ ਉਹ ਆਪਣੇ ਆਉਣ ਦਾ ਸਹੀ ਸਮਾਂ ਦੱਸ ਦੇਵੇ। ਨਾਲ ਹੀ ਉਸਨੇ ਇਹ ਵੀ ਭਰੋਸਾ ਦਿਵਾਇਆ ਕਿ ਉਹ ਇਸ ਸਾਰੇ ਮਾਮਲੇ ਬਾਰੇ ਕਿਸੇ ਨੂੰ ਕੁਝ ਨਹੀਂ ਦਸੇਗਾ। ਇਸ ਖ਼ਤ ਦੇ ਅੰਤ ਵਿਚ ਉਸਨੇ ਲਿਖਿਆ: ''ਪਿਆਰ, ਸਦਾ ਲਈ ਤੁਹਾਡਾ, ਮੋਹਨ।''

ਅਗਲੇ ਹਫਤੇ ਦੌਰਾਨ ਉਸਨੂੰ ਕਈ ਹੋਰ ਔਰਤਾਂ ਦੇ ਵੀ ਖ਼ਤ ਮਿਲੇ, ਜਿਨ੍ਹਾਂ ਵਿਚ ਉਸਦੀ ਪੇਸ਼ਕਸ਼ ਵਿਚ ਦਿਲਚਸਪੀ ਵਿਖਾਈ ਗਈ ਸੀ। ਇਹ ਦੂਰ ਦੂਰ ਦੇ ਸ਼ਹਿਰਾਂ ਲਈ ਸਨ ਜਿਵੇਂ ਕਿ ਕੋਇੰਬਟੂਰ, ਗੋਆ, ਵਿਸ਼ਾਖਾਪਟਨਮ, ਬੰਬਈ, ਹੈਦਰਾਬਾਦ, ਭੁਬਨੇਸ਼ਵਰ, ਕਲਕੱਤਾ ਅਤੇ ਗੁਹਾਟੀ। ਪੰਜ ਖ਼ਤ ਵੱਖ ਵੱਖ ਜਾਤਾਂ ਦੀਆਂ ਹਿੰਦੂ ਔਰਤਾਂ ਦੇ ਸਨ। ਤਿੰਨ ਈਸਾਈਆਂ ਦੇ, ਇਕ ਪਾਰਸੀ ਦਾ ਅਤੇ ਇਕ ਮੁਸਲਮਾਨ ਦਾ। ਜਦੋਂ ਉਹਨੇ ਇਸ਼ਤਿਹਾਰ ਛਪਣ ਲਈ ਦਿੱਤਾ ਸੀ, ਤਾਂ ਉਸਨੂੰ ਆਸ ਨਹੀਂ ਸੀ ਕਿ ਕੋਈ ਜਵਾਬ ਆਵੇਗਾ। ਹੁਣ ਹਾਲ ਇਹ ਸੀ ਕਿ ਦਸ ਦਿਨਾਂ ਦੇ ਅੰਦਰ ਅੰਦਰ ਹੀ ਉਸਨੂੰ ਦੇਸ਼ ਦੇ ਵੱਖ ਵੱਖ ਭਾਗਾਂ ਵਿਚੋਂ ਵੱਖ ਵੱਖ ਧਰਮਾਂ ਨਾਲ ਸਬੰਧਤ ਅੱਠ ਔਰਤਾਂ ਦੇ ਖ਼ਤ ਆ ਗਏ ਸਨ। ਉਨ੍ਹਾਂ ਵਿਚੋਂ ਬਹੁਤੀਆਂ ਤਲਾਕਸ਼ੁਦਾ ਸਨ, ਜਾਂ ਆਪਣੇ ਪਤੀਆਂ ਤੋਂ ਅਲੱਗ ਰਹਿ ਰਹੀਆਂ ਸਨ। ਇਕ ਹਾਲੇ ਤਕ ਛੜੀ ਹੀ ਸੀ। ਸਾਰੀਆਂ ਹੀ ਪੜੀਆਂ ਲਿਖੀਆਂ ਸਨ ਅਤੇ ਨੌਕਰੀ ਕਰਦੀਆਂ ਸਨ। ਇਹ ਅਧਿਆਪਕਾਵਾਂ, ਨਰਸਾਂ, ਸਟੈਨੋ ਟਾਈਪਿਸਟਾਂ ਸਨ। ਜਿਹੜੀਆਂ ਤਸਵੀਰਾਂ ਉਨ੍ਹਾਂ ਨੇ ਭੇਜੀਆਂ ਉਨ੍ਹਾਂ ਤੋਂ ਲਗਦਾ ਸੀ ਕਿ ਉਹ ਕਾਫੀ ਦਿਲਕਸ਼ ਸਨ। ਸਾਰੀਆਂ ਨੇ ਉਸਦੀ ਫੋਟੋ ਦੀ ਮੰਗ ਕੀਤੀ ਸੀ। ਉਨ੍ਹਾਂ ਸਾਰੀਆਂ ਨੂੰ ਇਕੋ ਜਵਾਬ ਭੇਜਿਆ: ਉਹ ਕੁਝ ਮਹੀਨਿਆਂ ਲਈ ਕਾਰੋਬਾਰ ਦੇ ਸਿਲਸਿਲੇ ਵਿਚ ਵਿਦੇਸ਼ ਜਾ ਰਿਹਾ ਹੈ ਅਤੇ ਜਿਉਂ ਹੀ ਪਰਤਿਆ ਉਨ੍ਹਾਂ ਨਾਲ ਸੰਪਰਕ ਕਰੇਗਾ। ਇਸਦੇ ਨਾਲ ਹੀ ਉਹਨੇ ਸਭ ਨੂੰ ਉਹੀ ਤਸਵੀਰ ਭੇਜ ਦਿਤੀ, ਜਿਹੜੀ ਉਸਨੇ ਸਰੋਜਨੀ ਭਾਰਦਵਾਜ ਨੂੰ ਭੇਜੀ ਸੀ। ਉਹਨੇ ਇਹ ਸਾਰੀਆਂ ਚਿਠੀਆਂ ਆਪਣੇ ਮੇਜ਼ ਦੇ ਦਰਾਜ ਵਿਚ ਰਖ ਕੇ ਤਾਲਾ ਲਾ ਦਿੱਤਾ। ਹੁਣ ਉਹ ਆਪਣੇ ਉਸ ਨਵੇਂ ਜੀਵਨ ਦੀ ਉਡੀਕ ਵਿਚ ਸੀ, ਜਿਸਦੀ ਉਸਨੇ ਯੋਜਨਾ ਬਣਾਈ ਸੀ।

*****

ਮੋਹਨ ਨੇ ਧੰਨੋ ਨਾਲ ਆਪਣੇ ਸਬੰਧ ਜਾਰੀ ਰਖੇ। ਹੁਣ ਹਫਤੇ ਵਿਚ ਇਕ ਵਾਰੀ ਜੋੜ

ਹੁੰਦਾ ਸੀ। ਪਰ ਹੁਣ ਧੰਨੋ ਦੇ ਸਰੀਰ ਵਿਚ ਕੁਝ ਵੀ ਨਵਾਂ ਨਹੀਂ ਸੀ ਰਿਹਾ। ਧੰਨੋ ਨਾਲ ਸਹਿਵਾਸ ਦਾ ਆਨੰਦ ਆਉਂਦਾ ਸੀ, ਪਰ ਉਸ ਵਿਚ ਪਹਿਲੇ ਦਿਨਾਂ ਵਾਲੀ ਜੋਸ਼ ਦੀ ਭਾਵਨਾ ਨਹੀਂ ਸੀ ਰਹੀ। ਉਹਨੇ ਧੰਨੋ ਨੂੰ ਦੱਸਿਆ ਕਿ ਉਨ੍ਹਾਂ ਨੂੰ ਕੁਝ ਸਮੇਂ ਲਈ ਅਲੱਗ ਰਹਿਣਾ ਪਵੇਗਾ ਕਿਉਂਕਿ ਉਸਦਾ ਇਕ ਰਿਸ਼ਤੇਦਾਰ ਉਸ ਨਾਲ ਰਹਿਣ ਆ ਰਿਹਾ ਹੈ।

ਧੰਨੋ ਨੇ ਸਾਫ ਸ਼ਬਦਾਂ ਵਿਚ ਪੁੱਛਿਆ, ''ਆਦਮੀ ਜਾਂ ਔਰਤ?''

ਉਹਨੇ ਜਵਾਬ ਦਿਤਾ, ''ਔਰਤ, ਉਹ ਮੇਰੀ ਮਾਸੀ ਦੀ ਧੀ ਹੈ। ਉਹਦੀ ਦਿੱਲੀ ਬਦਲੀ ਹੋ ਗਈ ਹੈ ਅਤੇ ਉਨੀ ਦੇਰ ਤਕ ਇਸ ਘਰ ਵਿਚ ਰਹੇਗੀ ਜਦੋਂ ਤਕ ਉਹਨੂੰ ਰਹਿਣ ਲਈ ਥਾਂ ਨਹੀਂ ਮਿਲ ਜਾਂਦਾ।''

''ਉਹ ਕਿੰਨੀ ਦੇਰ ਤਕ ਇਥੇ ਰਹੇਗੀ?''

''ਮੈਨੂੰ ਕੁਝ ਪਤਾ ਨਹੀਂ, ਆਸ ਕਰਨੀ ਚਾਹੀਦੀ ਹੈ ਕਿ ਬਹੁਤੀ ਦੇਰ ਨਹੀਂ ਰਹੇਗੀ।'' ਇਹ ਕਹਿ ਕੇ ਉਹਨੇ ਉਹਦੇ ਨੱਕ ਉਤੇ ਚੁੰਮਿਆ ਤਾਂ ਕਿ ਉਹਨੂੰ ਤਸੱਲੀ ਹੋਵੇ ਕਿ ਉਸਦਾ ਪਿਆਰ ਘਟਿਆ ਨਹੀਂ ਹੈ। ਨਾਲ ਹੀ ਉਸ ਕਿਹਾ, ''ਮੈਂ ਪਹਿਲਾਂ ਵਾਂਗ ਹੀ ਤੈਨੂੰ ਪੈਸੇ ਦਿੰਦਾ ਰਹਾਂਗਾ।''

ਧੰਨੋ ਨੇ ਤੁਰੰਤ ਜਵਾਬ ਦਿਤਾ, ''ਮੈਨੂੰ ਪੈਸਿਆਂ ਦੀ ਲੋੜ ਨਹੀਂ ਹੈ। ਤੇਰੀ ਰਿਸ਼ਤੇਦਾਰ ਕਰਦੀ ਕੀ ਹੈ?''

''ਉਹ ਪ੍ਰੋਫੈਸਰ ਹੈ, ਤੈਨੂੰ ਉਸ ਨਾਲ ਕੋਈ ਸਮਸਿਆ ਨਹੀਂ ਹੋਣ ਲਗੀ।''

ਧੰਨੋ ਦੀ ਤਸੱਲੀ ਨਹੀਂ ਸੀ ਹੋਈ। ਹੁਣ ਜਦੋਂ ਵੀ ਉਹ ਉਸ ਕੋਲ ਆਉਂਦੀ, ਉਦੋਂ ਹੀ ਉਸ ਰਿਸ਼ਤੇਦਾਰ ਔਰਤ ਦੀ ਗੱਲ ਛੇੜ ਲੈਂਦੀ। ਇਸ ਔਰਤ ਦੇ ਆਉਣ ਨਾਲ ਧੰਨੋ ਦੇ ਆਪਣੇ ਮਾਲਕ ਨਾਲ ਪਿਆਰ ਵਿਚ ਵਿਘਨ ਪੈ ਜਾਣਾ ਸੀ। ਮੋਹਨ ਨੇ ਉਹਦੇ ਇਸ ਵਤੀਰੇ ਤੋਂ ਦੁਖੀ ਹੋ ਕੇ ਤਿੱਖੀ ਆਵਾਜ਼ ਵਿਚ ਕਿਹਾ ਸੀ, ''ਉਹਦੇ ਬਾਰੇ ਬਹੁਤੇ ਸਵਾਲ ਨਾ ਪੁੱਛ।'' ਧੰਨੋ ਚੁੱਪ ਕਰ ਗਈ ਅਤੇ ਉਸਨੇ ਮੁੜ ਇਸ ਵਿਸ਼ੇ ਉਤੇ ਕੋਈ ਗੱਲ ਨਾ ਕੀਤੀ।

*****

ਮੋਹਨ ਅਤੇ ਸਰੋਜਨੀ ਵਿਚਾਲੇ ਚਿੱਠੀਆਂ ਦਾ ਸਿਲਸਿਲਾ ਜਾਰੀ ਰਿਹਾ। ਦੋ ਵਾਰੀ ਉਸਨੇ ਰੇਵਾੜੀ ਤੋਂ ਉਸਨੂੰ ਟੈਲੀਫੋਨ ਵੀ ਕੀਤਾ। ਪਹਿਲੀ ਵਾਰੀ ਆਪਣੇ ਪੁੱਤਰ ਦੇ ਆਉਣ ਤੋਂ ਇਕ ਦਿਨ ਪਹਿਲਾਂ ਅਤੇ ਦੂਜੀ ਵਾਰੀ ਉਦੋਂ ਜਦੋਂ ਉਹ ਉਸਨੂੰ ਦੇਹਰਾਦੂਨ ਵਿਚ ਆਪਣੇ ਮਾਪਿਆਂ ਕੋਲ ਲੈ ਗਈ ਸੀ। ਉਸ ਦੱਸਿਆ ਕਿ ਉਹ ਰੇਲ ਗੱਡੀ ਰਾਹੀਂ ਆਏਗੀ ਕਿਉਂਕਿ ਉਸ ਕੋਲ ਦੋ ਭਾਰੀ ਸੂਟਕੇਸ ਹੋਣਗੇ। ਇਕ ਵਿਚ ਉਹਦੇ ਕੱਪੜੇ ਅਤੇ ਦੂਜੇ ਵਿਚ ਉਸ ਦੀਆਂ ਉਹ ਕਿਤਾਬਾਂ ਸਨ ਜਿਹੜੀਆਂ ਦਿੱਲੀ ਵਿਚ ਰਹਿੰਦਿਆਂ ਪੜ੍ਹਨਾ ਚਾਹੁੰਦੀ ਸੀ। ਉਸ ਲਿਖਿਆ

ਸੀ ਕਿ ਮੋਹਨ ਨੂੰ ਖੁਦ ਰੇਲਵੇ ਸਟੇਸ਼ਨ ਤੇ ਨਹੀਂ ਆਉਣਾ ਚਾਹੀਦਾ, ਕਿਉਂਕਿ ਉਸ ਦੀ ਇਕ ਸਹਿਕਰਮੀ ਉਹਦੇ ਨਾਲ ਸਫਰ ਕਰ ਰਹੀ ਹੋਵੇਗੀ। ਰੇਵਾੜੀ ਤੋਂ ਕਈ ਹੋਰ ਲੋਕ ਵੀ ਐਸੇ ਹੋਣਗੇ, ਜਿਹੜੇ ਉਸਨੂੰ ਪਛਾਣ ਸਕਦੇ ਹਨ। ਉਹ ਟੈਕਸੀ ਰਾਹੀਂ ਉਹਦੇ ਘਰ ਪਹੁੰਚ ਜਾਏਗੀ। ਜੇ ਉਸ ਵੇਲੇ ਉਹ ਦਫਤਰ ਵਿਚ ਹੋਵੇ, ਤਾਂ ਉਹ ਆਪਣੇ ਨੌਕਰਾਂ ਨੂੰ ਇਹ ਕਹਿ ਜਾਵੇ ਕਿ ਸਰੋਜਨੀ ਨੂੰ ਘਰ ਦੇ ਅੰਦਰ ਆਉਣ ਦੇਣ ਅਤੇ ਉਸਦਾ ਸਮਾਨ ਮਹਿਮਾਨਾਂ ਵਾਲੇ ਕਮਰੇ ਵਿਚ ਰਖ ਦੇਣ। ਆਉਂਦੇ ਸਾਰ ਹੀ ਉਹ ਉਸਨੂੰ ਫੋਨ ਕਰਕੇ ਆਪਣੇ ਆਉਣ ਦੀ ਸੂਚਨਾ ਦੇ ਦੇਵੇਗੀ।

*****

ਮੋਹਨ ਨੇ ਆਪਣੀ ਇਸ ਨਵੀਂ ਦੋਸਤੀ ਨੂੰ ਗੁਪਤ ਰਖਣ ਦੀਆਂ ਤਿਆਰੀਆਂ ਕੀਤੀਆਂ। ਉਹਨੇ ਆਪਣੇ ਟੈਲੀਫੋਨ ਨਾਲ ਮਸ਼ੀਨ ਲਾ ਦਿੱਤੀ, ਜਿਹੜੀ ਉਸਦੇ ਬੱਚਿਆਂ ਤੋਂ ਆਉਣ ਵਾਲੇ ਟੈਲੀਫੋਨਾਂ ਨੂੰ ਰਿਕਾਰਡ ਕਰੇਗੀ। ਉਹਨੇ ਆਪਣੇ ਨੌਕਰਾਂ ਨੂੰ ਹਦਾਇਤ ਕੀਤੀ ਕਿ ਘੰਟੀ ਵਜਣ ਉਤੇ ਟੈਲੀਫੋਨ ਨੂੰ ਨਾ ਚੁਕਿਆ ਕਰਨ। ਭਾਵੇਂ ਘਰ ਵਿਚ ਕੋਈ ਕੁੱਤਾ ਨਹੀਂ ਸੀ, ਫਿਰ ਵੀ ਉਹ ਹਰ ਰੋਜ਼ ਆਪਣੇ ਬਾਹਰਲੇ ਦਰਵਾਜ਼ੇ ਨੂੰ ਤਾਲਾ ਲਾਇਆ ਕਰਦਾ ਸੀ। ਇਸ ਬਾਹਰਲੇ ਗੇਟ ਉਤੇ ਵੱਡੇ ਅਖਰਾਂ ਵਿਚ ਲਿਖਿਆ ਹੋਇਆ ਸੀ, ''ਕੁੱਤਿਆਂ ਤੋਂ ਬਚੋ।'' ਹੁਣ ਉਸਨੇ ਇਸ ਤੋਂ ਵੀ ਵੱਡੇ ਅਖੱਰਾਂ ਵਿਚ ਲਿਖ ਕੇ ਲਾ ਦਿਤਾ: ''ਪਹਿਲਾਂ ਸਮਾਂ ਲਏ ਬਿਨਾਂ ਕੋਈ ਮਿਲਣ ਨਾ ਆਵੇ।''

ਪਹਿਲੀ ਅਕਤੂਬਰ ਦੀ ਸਵੇਰ ਉਹਨੇ ਆਪਣੇ ਮਹਿਮਾਨ ਵਾਲੇ ਕਮਰੇ ਦੀਆਂ ਸਾਰੀ ਚੀਜ਼ਾਂ ਤੇ ਨਜ਼ਰ ਮਾਰੀ; ਇਸਦੇ ਬਿਜਲੀ ਦੇ ਸਵਿਚਾਂ ਉਤੇ, ਏਅਰ ਕੰਡੀਸ਼ਨਰ ਉਤੇ, ਬਿਸਤਰੇ ਦੇ ਕਿਨਾਰੇ ਲੱਗੇ ਲੈਂਪ ਉਤੇ, ਸਿਰਾਣਿਆਂ ਦੇ ਕਵਰਾਂ ਉਤੇ, ਅਤੇ ਚਾਦਰਾਂ ਉਤੇ। ਬਾਥਰੂਮ ਵਿਚ ਤਾਜ਼ਾ ਤੌਲੀਏ ਪਏ ਸਨ, ਸਾਬਨ ਦੀਆਂ ਨਵੀਆਂ ਟਿੱਕੀਆਂ ਸਨ, ਬੁਰਸ਼ ਤੇ ਟੂਥ ਪੇਸਟ ਸੀ, ਕੰਘੀ ਤੇ ਕੋਲੋਨ ਦੀ ਇਕ ਬੋਤਲ ਸੀ। ਸਭ ਕੁਝ ਇਸ ਤਰ੍ਹਾਂ ਸੀ ਜਿਸ ਤਰ੍ਹਾਂ ਪੰਜ ਸਟਾਰ ਹੋਟਲ ਵਿਚ ਹੁੰਦਾ ਹੈ। ਦਫਤਰ ਜਾਣ ਤੋਂ ਪਹਿਲਾਂ ਉਹਨੇ ਮਹਿਮਾਨ ਵਾਲੇ ਕਮਰੇ ਦਾ ਏਅਰ ਕੰਡੀਸ਼ਨਰ ਚਾਲੂ ਕਰ ਦਿਤਾ। ਭਾਵੇਂ ਅਕਤੂਬਰ ਦਾ ਮਹੀਨਾ ਸੀ, ਪਰ ਦੁਪਹਿਰ ਵੇਲੇ ਕਾਫੀ ਗਰਮੀ ਹੋ ਜਾਂਦੀ ਸੀ।

ਉਹਨੇ ਪੰਜ ਪੰਜ ਸੌ ਦੇ ਵੀਹ ਨੋਟ ਇਕ ਲਿਫਾਫੇ ਵਿਚ ਪਾਏ ਅਤੇ ਨਾਲ ਹੀ ਕਾਗਜ਼ ਉਤੇ ਲਿਖ ਕੇ ਇਕ ਚਿੱਟ ਉਸ ਵਿਚ ਪਾ ਦਿਤੀ: ''ਸੁਆਗਤ! ਇਸ ਘਰ ਵਿਚ ਆਰਾਮ ਨਾਲ ਰਹੋ। ਤੁਹਾਡੇ ਲਈ ਕਾਰ ਮੌਜੂਦ ਰਹੇਗੀ। ਮੇਰਾ ਡਰਾਈਵਰ ਜੀਵਨ ਰਾਮ ਤੁਹਾਨੂੰ ਜਿਥੇ ਚਾਹੋ ਲੈ ਜਾਵੇਗਾ- ਖਰੀਦਦਾਰੀ ਲਈ, ਸ਼ਹਿਰ ਵੇਖਣ ਲਈ ਜਾਂ ਦੋਸਤਾਂ ਨੂੰ ਮਿਲਣ ਲਈ।

ਉਹ ਸ਼ਾਮੀਂ ਛੇ ਵਜੇ ਮੈਨੂੰ ਦਫਤਰੋਂ ਲਏਗਾ। ਰਸੋਈਏ ਨੂੰ ਕਹਿ ਦਿਤਾ ਹੈ ਕਿ ਤੁਹਾਨੂੰ ਸ਼ਾਕਾਹਾਰੀ ਭੋਜਨ ਕਰਾ ਦੇਵੇ। ਸਮਾਂ ਤੁਸੀਂ ਦੱਸਣਾ ਹੈ। ਜੇ ਤੁਸੀਂ ਘਰ ਹੋਵੋ ਤਾਂ ਸ਼ਾਮ ਦੀ ਚਾਹ ਵੀ ਤੁਹਾਨੂੰ ਉਹ ਪਿਆ ਦੇਵੇਗਾ। ਉਨੀ ਦੇਰ ਤਕ ਆਪਣਾ ਸਮਾਨ ਖੋਲੋ, ਅਤੇ ਆਰਾਮ ਕਰੋ। ਬੱਸ ਮੈਨੂੰ ਦੱਸ ਦੇਣਾ ਕਿ ਸਭ ਕੁਝ ਠੀਕ ਠਾਕ ਹੈ।''

ਉਹਨੇ ਇਹ ਲਿਫਾਫਾ ਬੰਦ ਕੀਤਾ ਅਤੇ ਸਿਹਾਣੇ ਉਤੇ ਰੱਖ ਦਿਤਾ। ਫਿਰ ਉਸਨੇ ਤਾਲਾ ਲਾਇਆ ਅਤੇ ਚਾਬੀ ਜੀਵਨ ਰਾਮ ਨੂੰ ਦੇ ਦਿੱਤੀ। ਉਹ ਉਸਦਾ ਸਭ ਤੋਂ ਭਰੋਸੇਮੰਦ ਮੁਲਾਜ਼ਮ ਸੀ। ਉਸੇ ਨੇ ਹੀ ਮੇਮ ਸਾਹਿਬ ਦੇ ਆਉਣ ਉਤੇ ਉਸਦਾ ਸਵਾਗਤ ਕਰਨਾ ਸੀ।

ਮੋਹਨ ਦੇ ਜਾਣ ਤੋਂ ਦੋ ਘੰਟੇ ਬਾਅਦ ਹੀ ਪ੍ਰੋਫੈਸਰ ਸਰੋਜਨੀ ਭਾਰਦਵਾਜ ਆਣ ਪਹੁੰਚੀ। ਜੀਵਨ ਰਾਮ ਅਤੇ ਬੇਅਰੇ ਨੇ ਉਸਦਾ ਸਮਾਨ ਚੁੱਕ ਕੇ ਮਹਿਮਾਨ ਕਮਰੇ ਵਿਚ ਪਹੁੰਚਾਇਆ।

ਜਦੋਂ ਨੌਕਰ ਬਾਹਰ ਚਲੇ ਗਏ ਤਾਂ ਉਹਨੇ ਕਮਰੇ ਵਿਚ ਝਾਤੀ ਮਾਰੀ। ਉਹਦੀ ਨਜ਼ਰ ਸਿਰਾਣੇ ਉਤੇ ਪਏ ਲਿਫਾਫੇ ਉਤੇ ਪਈ। ਉਸਨੇ ਇਹਨੂੰ ਪਾੜ ਕੇ ਖੋਲ੍ਹਿਆ ਅਤੇ ਇਸ ਵਿਚ ਪਏ ਨੋਟਾਂ ਦੀ ਦੱਥੀ ਦੇਖੀ। ਇਕ ਪਲ ਲਈ ਉਹਨੂੰ ਆਪਣੇ ਆਪ ਤੇ ਸ਼ਰਮ ਆਈ, ਪਰ ਫਿਰ ਉਸਨੇ ਇਹ ਪੈਸੇ ਆਪਣੇ ਬੈਗ ਵਿਚ ਪਾ ਲਏ। ਉਹਨੇ ਚਿਟ ਪੜੀ, ਇਸ ਉਤੇ ਪੈਸੇ ਦਾ ਕੋਈ ਜ਼ਿਕਰ ਨਹੀਂ ਸੀ ਕੀਤਾ ਗਿਆ। ਮੋਹਨ ਨੇ ਇਸ ਸੌਦੇ ਵਿਚਲਾ ਆਪਣਾ ਫਰਜ਼ ਪਹਿਲਾਂ ਹੀ ਪੂਰਾ ਕਰ ਦਿੱਤਾ ਸੀ। ਉਹ ਆਪਣੇ ਵਚਨਾਂ ਦਾ ਪੱਕਾ ਸੀ। ਹੁਣ ਉਸ ਕੋਲ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਕਿ ਉਹ ਖੁਦ ਵੀ ਆਪਣੇ ਫਰਜ਼ ਪੂਰੇ ਕਰੇ।

ਸਰੋਜਨੀ ਨੇ ਆਪਣਾ ਸਮਾਨ ਖੋਲ੍ਹਿਆ। ਆਪਣੇ ਕੱਪੜੇ ਖਾਲੀ ਅਲਮਾਰੀ ਵਿਚ ਟਿਕਾਏ ਅਤੇ ਕਿਤਾਬਾਂ ਮੇਜ਼ ਉਤੇ ਰੱਖ ਦਿੱਤੀਆਂ। ਜਦੋਂ ਤਕ ਉਹ ਨਹਾ ਕੇ ਬਾਹਰ ਨਿਕਲੀ, 10 ਵੱਜ ਚੁਕੇ ਸਨ। ਉਹਨੇ ਨਾਸ਼ਤੇ ਵਿਚ ਟੋਸਟ ਅਤੇ ਕੌਫੀ ਦਾ ਕੱਪ ਲਿਆ। ਫਿਰ ਉਹਨੇ ਬੇਅਰੇ ਨੂੰ ਦੱਸਿਆ ਕਿ ਉਹ ਬਾਜ਼ਾਰ ਜਾ ਰਹੀ ਹੈ ਅਤੇ ਦੁਪਹਿਰ ਦੇ ਖਾਣੇ ਤਕ ਪਰਤ ਆਵੇਗੀ।

ਸਰੋਜਨੀ ਨੂੰ ਨਵੀਂ ਦਿੱਲੀ ਦੇ ਬਾਜ਼ਾਰਾਂ ਦਾ ਪਤਾ ਨਹੀਂ ਸੀ, ਪਰ ਉਹਨੂੰ ਇਨਾ ਕੁ ਪਤਾ ਸੀ ਕਿ ਸਾਊਥ ਐਕਸਟੈਨਸ਼ਨ ਦੀ ਮਾਰਕੀਟ ਵਿਚ ਸਾੜੀਆਂ ਬਹੁਤ ਵਧੀਆ ਮਿਲਦੀਆਂ ਹਨ। ਡਰਾਈਵਰ ਨੂੰ ਪਤਾ ਸੀ ਕਿ ਉਸਨੂੰ ਕਿਥੇ ਲੈ ਕੇ ਜਾਣਾ ਹੈ। ਰਿੰਗ ਰੋਡ ਉਤੇ ਬੱਸਾਂ ਅਤੇ ਕਾਰਾਂ ਦੀ ਭੀੜ ਸੀ। ਨਾਲ ਹੀ ਦੋ ਪਹੀਆ ਵਾਹਨ ਵੀ ਸਨ। ਏਨਾ ਟਰੈਫਿਕ ਉਹਨੇ ਕਦੇ ਨਹੀਂ ਸੀ ਦੇਖਿਆ। ਮੂਲ ਚੰਦ ਹਸਪਤਾਲ ਦੀਆਂ ਟਰੈਫਿਕ ਲਾਈਟਾਂ ਉਤੇ ਇਕ ਬਹੁਤ ਵੱਡੀ ਸਲੇਟੀ ਰੰਗ ਦੀ ਕਾਰ ਉਸਦੀ ਮਰਸੀਡਿਜ਼ ਦੇ ਬਰਾਬਰ ਆ ਖੜ੍ਹੀ ਹੋਈ। ਸਰੋਜਨੀ ਨੇ ਉਸ ਕਾਰ ਦੀ ਪਿਛਲੀ ਸੀਟ ਤੇ ਬੈਠੀ ਔਰਤ ਵੱਲ ਵੇਖਿਆ। ਉਹਦੇ ਵਾਲ ਕੁੰਡਲਦਾਰ ਬਣਾਏ ਹੋਏ ਸਨ। ਉਹਦੇ ਬੁੱਲਾਂ ਉਤੇ ਗਹਿਰੇ ਲਾਲ ਰੰਗ ਦੀ ਲਿਪਸਟਿਕ ਸੀ ਅਤੇ ਗੱਲ੍ਹਾਂ ਉਤੇ ਲਾਲੀ ਲਾਈ ਹੋਈ ਸੀ। ਉਹਨੇ ਬਿਨਾਂ ਬਾਹਾਂ ਦੇ ਬਲਾਊਜ਼ ਪਾਇਆ ਹੋਇਆ ਸੀ, ਜਿਸਦਾ ਗਲ਼ਾ ਬਹੁਤ ਖੁਲ੍ਹਾ ਸੀ। ਉਹਦੇ ਨਾਲ ਹੀ ਇਕ ਬੰਦਾ ਬੈਠਾ ਸੀ, ਜਿਹੜਾ ਕਾਫੀ

ਕੀਤਾ ਸਮਝਦਾ ਸੀ। ਉਸ ਕੋਲ ਚੀਜ਼ਾਂ ਦੇ ਗਾਹਕ ਉਤੇ ਸਨੇ ਦੀਆਂ ਅੰਗੂਠੀਆਂ ਪਾਈਆਂ ਹੋਈਆਂ ਸਨ। ਆਦਮੀ ਨੇ ਉਸ ਔਰਤ ਨਾਲੇ ਆਪਣੀ ਬਾਂਹ ਵਲੀ, ਉਸਨੂੰ ਆਪਣੇ ਵਲ ਖਿੱਚਿਆ ਤੇ ਉਸਦੇ ਪੈਰ ਨਿਚ ਘਰ ਕਿਤਾ। ਔਰਤ ਆਪਣਾ ਸਿਰ ਪਿਛੇ ਨੂੰ ਕਰਕੇ ਹੱਸਣ ਲੱਗ ਪਈ। ਅਜਿਹਾ ਕਰਦੇ ਹੋਏ ਆਪਣੇ ਨੇਲ ਪਾਲਿਸ਼ ਲੱਗੇ ਹੱਥ ਨੂੰ ਆਪਣੀ ਛਾਤੀ ਉਤੇ ਹੱਥ ਲਿਆ। ਮਰੋਜਨੀ ਆਪਣੇ ਆਪ ਵਿਚ ਹੀ ਬੋਲੀ, ''ਕੰਜਰੀ।'' ਜਦੋਂ ਲਾਈਟ ਬਦਲੀ ਅਤੇ ਕਾਰਾਂ ਚਲ ਪਈਆਂ ਤਾਂ ਮਰੋਜਨੀ ਨੂੰ ਮਹਿਸੂਸ ਹੋਇਆ ਕਿ ਉਹਨੇ ਕੀ ਕੀਤਾ ਸੀ। ਉਸਨੇ ਇਕ ਐਸੀ ਔਰਤ ਨੂੰ ਗਾਲ ਕੱਢੀ ਸੀ ਜਿਹੜੀ ਖਬਰੇ ਉਹੀ ਕੁਝ ਕਰ ਰਹੀ ਸੀ, ਜੋ ਕੁਝ ਕਰਨ ਲਈ ਉਹ ਪਦ ਤਿਆਰ ਹੋਈ ਬੈਠੀ ਸੀ। ਫਰਕ ਸਿਰਫ ਏਨਾ ਸੀ ਕਿ ਉਹ, ਸਰੋਜਨੀ ਭਾਰਦਵਾਜ, ਅੰਗਰੇਜ਼ੀ ਦੀ ਪ੍ਰੋਫੈਸਰ, ਉਸ ਕਿਸਮ ਦੀ ਔਰਤ ਵਿਖਾਈ ਨਹੀਂ ਸੀ ਦਿੰਦੀ। ਉਸ ਦਿਨ ਦੂਜੀ ਵਾਰੀ ਆਪਣੇ ਆਪ ਤੇ ਸ਼ਰਮ ਆਈ, ਪਰ ਇਹ ਭਾਵਨਾ ਛੇਤੀ ਹੀ ਖਤਮ ਹੋ ਗਈ। ਹਲਕੀ ਜਿਹੀ ਉਤਸੁਕਤਾ ਹੀ ਬਰਕਰਾਰ ਰਹੀ।

ਮਾਰਕੀਟ ਵਿਚ ਬਹੁਤ ਭੀੜ ਸੀ, ਪਰ ਡਰਾਈਵਰ ਉਹਨੂੰ ਉਸ ਦੁਕਾਨ ਉਤੇ ਲੈ ਗਿਆ ਜਿਥੇ ਉਸਨੂੰ ਲੋੜੀਂਦਾ ਸਮਾਨ ਲੱਭਣ ਵਿਚ ਬਹੁਤਾ ਟਾਈਮ ਨਹੀਂ ਲੱਗਾ। ਉਹਨੇ ਕਰੀਮ ਰੰਗ ਦੀ ਸੂਤੀ ਸਾੜੀ ਖਰੀਦੀ ਜਿਹੜੀ ਉਸਨੂੰ ਸਭ ਤੋਂ ਚੰਗੀ ਲੱਗਦੀ ਸੀ ਅਤੇ ਨਾਲ ਹੀ ਗੁਲਾਬੀ ਰੰਗ ਦਾ ਇਕ ਗਾਊਨ ਵੀ। ਦੋਨਾਂ ਉਤੇ ਉਹਦਾ ਹਜ਼ਾਰ ਰੁਪਏ ਤੋਂ ਵੱਧ ਖਰਚਾ ਆ ਗਿਆ। ਪੈਸੇ ਦਿੰਦੇ ਹੋਏ ਉਹਨੇ ਨੋਟ ਗਿਣੇ। ਖਰੀਦਦਾਰੀ ਕਰਨ ਤੋਂ ਬਾਅਦ ਉਸ ਕੋਲ 10000 ਰੁਪਏ ਬਚ ਗਏ ਸਨ।

ਦੁਪਹਿਰ ਦੇ ਖਾਣੇ ਤੋਂ ਪਹਿਲਾਂ ਉਹ ਵਾਪਸ ਆ ਗਈ। ਬੇਅਰੇ ਨੇ ਖਾਣਾ ਲਾਇਆ। ਇਸ ਵਿਚ ਸੂਪ, ਸ਼ਾਕਾਹਾਰੀ ਪਲਾਓ, ਦਾਲ, ਅਤੇ ਤਰੀ ਵਾਲੀ ਸਬਜ਼ੀ ਸ਼ਾਮਲ ਸਨ। ਇਸ ਤੋਂ ਬਾਅਦ ਖੀਰ ਪਰੋਸੀ ਗਈ। ਉਸਨੇ ਸਭ ਦਾ ਸੁਆਦ ਚੱਖਿਆ ਪਰ ਬਹੁਤ ਥੋੜ੍ਹਾ ਥੋੜ੍ਹਾ ਖਾਧਾ। ਫਿਰ ਉਹ ਆਪਣੇ ਕਮਰੇ ਵਿਚ ਚਲੀ ਗਈ ਅਤੇ ਸੌਣ ਦੀ ਕੋਸ਼ਿਸ਼ ਕੀਤੀ।

ਉਸਨੂੰ ਨੀਂਦ ਨਹੀਂ ਸੀ ਆ ਰਹੀ। ਉਸਦਾ ਮਨ ਕਾਫੀ ਭਰਿਆ ਪਿਆ ਸੀ। ਕੁਝ ਮਿੰਟਾਂ ਲਈ ਉਹਨੂੰ ਨੀਂਦ ਆਈ। ਪਰ ਤੁਰਤ ਹੀ ਉਹ ਜਾਗ ਪਈ। ਉਹਨੂੰ ਫਿਰ ਊਂਘ ਆਈ ਅਤੇ ਫਿਰ ਜਾਗ ਪਈ। ਫਿਰ ਉਹਨੇ ਆਪਣੀ ਘੜੀ ਵੱਲ ਵੇਖਿਆ, ਉਹਨੂੰ ਲੱਗਾ ਜਿਵੇਂ ਸਮਾਂ ਖੜ੍ਹ ਗਿਆ ਹੋਵੇ। ਫਿਰ ਉਹਨੇ ਬਿਸਤਰੇ ਕੋਲ ਪਿਆ ਲੈਂਪ ਜਗਾਇਆ ਅਤੇ ਪੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਉਸਦਾ ਮਨ ਇੰਨਾ ਪਰੇਸ਼ਾਨ ਸੀ ਕਿ ਪੜ੍ਹਨ ਵਲ ਵੀ ਧਿਆਨ ਨਹੀਂ ਸੀ ਲੱਗ ਰਿਹਾ। ਉਹਨੇ ਪੜ੍ਹਨ ਦਾ ਇਰਾਦਾ ਵੀ ਛਡ ਦਿਤਾ, ਆਪਣੀਆਂ ਅੱਖਾਂ ਬੰਦ ਕੀਤੀਆਂ ਤੇ ਫਿਰ ਸੌਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਬੇਆਰਾਮੀ ਵਿਚ ਦੁਪਹਿਰਾ ਲੰਘ ਗਿਆ। ਉਸਨੂੰ ਨੌਕਰਾਂ ਦੇ ਆਪਣੇ ਕਮਰਿਆਂ ਤੋਂ ਪਰਤਣ ਦੀ ਆਵਾਜ਼ ਸੁਣਾਈ ਦਿੱਤੀ। ਜਦੋਂ ਉਹ ਚਾਹ ਪੀਣ ਲਈ ਬਾਹਰ ਆਈ, ਤਾਂ ਸ਼ਾਮ ਦੇ ਪੰਜ ਵੱਜ ਚੁੱਕੇ ਸਨ। ਉਹ ਕੁਝ

ਮਿੰਟਾਂ ਬਾਅਦ ਹੀ ਆਪਣੀ ਘੜੀ ਉਤੇ ਝਾਤੀ ਮਾਰਦੀ ਸੀ। ਜਿਉਂ ਜਿਉਂ ਛੇ ਵੱਜਣ ਦਾ ਸਮਾਂ ਨੇੜੇ ਆਈ ਜਾਂਦਾ ਸੀ, ਉਸਦੀ ਉਤੇਜਨਾ ਵਧਦੀ ਜਾਂਦੀ ਸੀ, ਕਿਉਂਕਿ ਛੇ ਵਜੇ ਹੀ ਮੋਹਨ ਨੇ ਦਫਤਰ ਤੋਂ ਰਵਾਨਾ ਹੋਣਾ ਸੀ। ਉਹ ਆਪਣੇ ਕਮਰੇ ਵਿਚ ਗਈ ਅਤੇ ਇਕ ਵਾਰੀ ਫਿਰ ਨ੍ਹਾਤੀ। ਅੱਜ ਉਹ ਦਿਨ ਵਿਚ ਤੀਜੀ ਵਾਰ ਨ੍ਹਾਤੀ ਸੀ। ਉਹਨੇ ਅਗਰਬਤੀ ਬਾਲੀ ਅਤੇ ਸਰਸਵਤੀ ਦੀ ਮੂਰਤੀ ਸਾਹਮਣੇ ਰੱਖੇ ਗਿਲਾਸ ਵਿਚ ਰੱਖ ਦਿੱਤੀ। ਇਸ ਮੂਰਤੀ ਨੂੰ ਉਹ ਹਰ ਥਾਂ ਆਪਣੇ ਨਾਲ ਲੈ ਕੇ ਜਾਂਦੀ ਸੀ। ਉਸਨੇ ਫਰਸ਼ ਉਤੇ ਵਿਛੀ ਦਰੀ ਉਤੇ ਬੈਠ ਕੇ, ਹੱਥ ਜੋੜੇ ਅਤੇ ਸਰਸਵਤੀ ਦੀ ਪ੍ਰਾਰਥਨਾ ਕਰਨ ਲੱਗੀ। ਪ੍ਰਾਰਥਨਾ ਕਰਨ ਤੋਂ ਬਾਅਦ ਉਸਨੇ ਕਰੀਮ ਰੰਗ ਦੀ ਸਾੜੀ ਪਾਈ ਜਿਹੜੀ ਉਸੇ ਦਿਨ ਸਵੇਰੇ ਖਰੀਦੀ ਸੀ। ਮੱਥੇ ਉਤੇ ਨਵੀਂ ਬਿੰਦੀ ਲਾਈ, ਬੁੱਲਾਂ ਉਤੇ ਹਲਕੀ ਲਿਪਸਟਿਕ ਲਾਈ ਅਤੇ ਇਸਦੇ ਨਾਲ ਹੀ ਆਪਣੀ ਧੌਣ ਅਤੇ ਛਾਤੀਆਂ ਉਤੇ ਇੱਤਰ ਛਿੜਕਿਆ। ਗਲ ਵਿਚ ਉਹਨੇ ਮੋਤੀਆਂ ਦਾ ਹਾਰ ਪਾਇਆ ਅਤੇ ਬਾਥਰੂਮ ਦੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਨਿਹਾਰਿਆ। ਹਾਲੇ ਵੀ ਉਹ ਅੰਦਰੋਂ ਕਾਫੀ ਪਰੇਸ਼ਾਨ ਸੀ। ਉਹ ਆਪਣੇ ਕਮਰੇ ਤੋਂ ਬਾਹਰ ਨਿਕਲ ਕੇ ਬਾਲਕਨੀ ਵਿਚ ਜਾ ਬੈਠੀ ਅਤੇ ਮੋਹਨ ਦੇ ਆਉਣ ਦਾ ਇੰਤਜ਼ਾਰ ਕਰਨ ਲਗੀ। ਦਿਨ ਛੋਟੇ ਹੋਣ ਲੱਗ ਪਏ ਸਨ। ਗਰਮੀਆਂ ਦੇ ਮਹੀਨਿਆਂ ਦੇ ਮੁਕਾਬਲੇ ਸ਼ਾਮ ਛੇਤੀ ਪੈਣ ਲੱਗ ਪਈ ਸੀ। ਸਾਢੇ ਛੇ ਵਜੇ ਤਕ ਹੀ ਰੋਸ਼ਨੀ ਖਤਮ ਹੋ ਗਈ ਸੀ ਤੇ ਹਨੇਰਾ ਹੋ ਗਿਆ ਸੀ। ਦੂਰ ਭਰੇ ਅਸਮਾਨ ਵਿਚ ਅੱਧੇ ਚੰਦ ਦੇ ਨਾਲ ਹੀ ਸ਼ਾਮ ਦਾ ਤਾਰਾ ਚਮਕ ਰਿਹਾ ਸੀ। ਕੁਝ ਦੇਰ ਬਾਅਦ ਹੀ ਸਰੋਜਨੀ ਨੇ ਸੁਣਿਆ ਕਿ ਕੋਈ ਕਾਰ ਗੇਟ ਤੱਕ ਆ ਕੇ ਰੁਕੀ। ਡਰਾਈਵਰ ਕਾਰ ਤੋਂ ਬਾਹਰ ਨਿਕਲਿਆ। ਉਹਨੇ ਲੋਹੇ ਦਾ ਗੇਟ ਖੋਲ੍ਹਿਆ ਅਤੇ ਕਾਲੀ ਮਰਸਿਡੀਜ਼ ਕਾਰ ਅੰਦਰ ਲੈ ਕੇ ਆਇਆ। ਇਸ ਕਾਰ ਦੀਆਂ ਰੋਸ਼ਨੀਆਂ ਜਲ ਰਹੀਆਂ ਸਨ। ਸਰੋਜਨੀ ਨੇ ਸੁਣਿਆ ਕਿ ਡਰਾਈਵਰ ਨੇ ਉਹਨੂੰ ਅੰਗਰੇਜ਼ੀ ਵਿਚ 'ਗੁਡ ਨਾਈਟ ਸਰ' ਕਿਹਾ। ਮੋਹਨ ਨੇ ਉਸਦਾ ਜਵਾਬ ਦਿੱਤਾ। ਫਿਰ ਉਸ ਸੁਣਿਆ ਕਿ ਮੋਹਨ ਪੌੜੀਆਂ ਚੜ੍ਹ ਰਿਹਾ ਸੀ। ਮੋਹਨ ਨੇ ਉਚੀ ਆਵਾਜ਼ ਵਿਚ ਕਿਹਾ, ''ਇਹ ਖੁਸ਼ਬੂ ਕਾਹਦੀ ਹੈ?'' ਫਿਰ ਉਹ ਬਾਲਕਨੀ ਵਿਚ ਆਇਆ ਅਤੇ ਸਰੋਜਨੀ ਦੇ ਕੋਲ ਰਖੀ ਕੁਰਸੀ ਉਤੇ ਬੈਠ ਕੇ ਕਹਿਣ ਲਗਾ, ''ਹੈਲੋ, ਕੀ ਸਭ ਕੁਝ ਠੀਕ ਠਾਕ ਹੈ? ਖਾਣਾ, ਚਾਹ, ਬੈਡ ਰੂਮ?''

ਉਸਨੇ ਖੜੀ ਹੋ ਕੇ ਜਵਾਬ ਦਿਤਾ, ''ਹੈਲੋ, ਸਭ ਕੁਝ ਠੀਕ ਠਾਕ ਹੈ। ਇਹ ਖ਼ੁਸ਼ਬੂ ਅਗਰਬਤੀ ਦੀ ਹੈ ਜਿਹੜੀ ਮੈਂ ਸਰਸਵਤੀ ਦੇ ਅਗੇ ਜਗਾਈ ਹੈ। ਮੈਂ ਹਰ ਸ਼ਾਮ ਸਰਸਵਤੀ ਦੀ ਪੂਜਾ ਕਰਦੀ ਹਾਂ। ਕੀ ਤੁਹਾਨੂੰ ਇਹ ਖ਼ੁਸ਼ਬੂ ਚੰਗੀ ਨਹੀਂ ਲਗਦੀ?''

''ਨਹੀਂ ਨਹੀਂ, ਬੱਸ ਮੈਨੂੰ ਇਸਦੀ ਆਦਤ ਨਹੀਂ ਹੈ, ਤੁਸੀਂ ਬੈਠ ਜਾਓ। ਫਿਰ ਤੁਸੀਂ ਸਾਰਾ ਦਿਨ ਕੀ ਕੀਤਾ?''

''ਰਤਾ ਕੁ ਸ਼ੌਪਿੰਗ ਕੀਤੀ, ਮੈਂ ਇਹ ਸਾੜੀ ਖਰੀਦੀ ਹੈ, ਜਿਸ ਲਈ ਤੁਹਾਡਾ

ਸ਼ੁਕਰੀਆ।'' ਉਸਨੇ ਆਪਣੀ ਸਾੜੀ ਦਾ ਪੱਲਾ ਵਧਾ ਕੇ ਉਸਨੂੰ ਦਿਖਾਇਆ।

''ਬਹੁਤ ਵਧੀਆ ਅਤੇ ਹੋਰ ਕੀ?''

''ਸਮਾਨ ਖੋਲ੍ਹਿਆ, ਆਪਣੇ ਕਪੜੇ ਅਤੇ ਕਿਤਾਬਾਂ ਤਰਤੀਬ ਵਿਚ ਲਾਈਆਂ, ਦੁਪਹਿਰ ਦਾ ਖਾਣਾ ਖਾਧਾ, ਰਤਾ ਕੁ ਪੜ੍ਹੀ, ਰਤਾ ਕੁ ਸੁੱਤੀ ਅਤੇ ਦਿਨ ਖਤਮ।''

ਉਨ੍ਹਾਂ ਕੋਲ ਇਕ ਦੂਜੇ ਨੂੰ ਕਹਿਣ ਲਈ ਹੋਰ ਕੁਝ ਨਹੀਂ ਸੀ ਰਿਹਾ। ਮੋਹਨ ਉਠ ਖੜ੍ਹਾ ਹੋਇਆ। ਉਹ ਕਹਿਣ ਲਗਾ, ''ਮੈਂ ਕੁਝ ਮਿੰਟਾਂ ਲਈ ਮਾਫੀ ਚਾਹਾਂਗਾ। ਮੈਂ ਨਾਹ ਕੇ ਤੇ ਕਪੜੇ ਬਦਲ ਕੇ ਆਉਂਦਾ ਹਾਂ। ਦਫਤਰ ਵਿਚ ਪਸੀਨਾ ਬਹੁਤ ਆਉਂਦਾ ਹੈ। ਬਹੁਤ ਲੋਕਾਂ ਨਾਲ ਹੱਥ ਮਿਲਾਉਣੇ ਪੈਂਦੇ ਹਨ। ਬਹੁਤ ਗੰਦੀਆਂ ਫਾਈਲਾਂ ਪੜ੍ਹਨੀਆਂ ਪੈਂਦੀਆਂ ਹਨ।'' ਉਹਨੇ ਆਪਣੀ ਕਮੀਜ਼ ਦਾ ਕਾਲਰ ਖੋਲਿਆ ਤੇ ਟਾਈ ਲਾਹ ਦਿਤੀ।

ਸਭ ਤੋਂ ਪਹਿਲਾਂ ਉਸਨੇ ਆਪਣੇ ਟੈਲੀਫੋਨ ਦੀ ਮਸ਼ੀਨ ਚਾਲੂ ਕੀਤੀ। ਇਸ ਵਿਚ ਕੋਈ ਵੀ ਟੈਲੀਫੋਨ ਕਾਲ ਰਿਕਾਰਡ ਨਹੀਂ ਸੀ। ਉਹਨੇ ਹਜਾਮਤ ਕੀਤੀ, ਨਹਾਇਆ ਅਤੇ ਉਸ ਤੋਂ ਬਾਅਦ ਮੂੰਹ ਉਤੇ ਕਰੀਮ ਲਾਈ। ਫਿਰ ਉਹਨੇ ਸਪੋਰਟਸ ਕਮੀਜ਼ ਅਤੇ ਪਜਾਮਾ ਪਾਇਆ ਅਤੇ ਬਾਲਕਨੀ ਵਿਚ ਸਰੋਜਨੀ ਦੇ ਕੋਲ ਆ ਬੈਠਾ। ਉਦੋਂ ਤਕ ਬੇਅਰਾ ਉਸ ਲਈ ਸਕਾਚ ਸੋਡਾ, ਤੇ ਬਰਫ ਦੇ ਗਿਆ ਸੀ। ਉਹ ਪੁਛਣ ਲਗਾ, ''ਕੀ ਤੁਸੀਂ ਕਦੇ ਵੀ ਸ਼ਰਾਬ ਨਹੀਂ ਪੀਤੀ?''

''ਮਹੀਨੇ ਭਰ ਤੱਕ ਜਿਹੜਾ ਮੇਰਾ ਪਤੀ ਰਿਹਾ ਸੀ, ਉਹਨੇ ਮੈਨੂੰ ਵਿਸਕੀ ਪਿਲਾਉਣ ਦੀ ਕੋਸ਼ਿਸ਼ ਕੀਤੀ, ਮੈਨੂੰ ਇਹ ਸਵਾਦ ਨਹੀਂ ਸੀ ਲਗੀ ਤੇ ਮੈਂ ਥੁੱਕ ਦਿੱਤੀ ਸੀ। ਫਿਰ ਉਹਨੇ ਮੈਨੂੰ ਕੋਈ ਮਿੱਠੀ ਜਿਹੀ ਵਾਈਨ ਦਿੱਤੀ ਸੀ, ਜਿਹੜੀ ਮੈਂ ਪੀ ਲੈਂਦੀ ਸਾਂ। ਇਸ ਨਾਲ ਮੇਰੇ ਉਤੇ ਕੋਈ ਅਸਰ ਨਹੀਂ ਸੀ ਹੁੰਦਾ।''

''ਇਹ ਸ਼ੈਰੀ ਹੋਵੇਗੀ, ਮੇਰੇ ਕੋਲ ਔਰਤਾਂ ਦੇ ਪੀਣ ਲਈ ਸਪੇਨ ਦੀ ਬਹੁਤ ਹੀ ਚੰਗੀ ਓਲੋਰੋਸੋ ਹੈ, ਤੁਹਾਨੂੰ ਇਹ ਪਸੰਦ ਆਵੇਗੀ।''

ਉਹ ਉਠਿਆ ਅਤੇ ਸ਼ਰਾਬ ਵਾਲੀ ਅਲਮਾਰੀ ਵਿਚੋਂ ਵਾਈਨ ਵਾਲਾ ਗਿਲਾਸ ਅਤੇ ਓਲੋਰੋਸੋ ਦੀ ਬੋਤਲ ਕੱਢੀ। ਉਹਨੇ ਸਰੋਜਨੀ ਲਈ ਸ਼ੈਰੀ ਅਤੇ ਆਪਣੇ ਲਈ ਸਕਾਚ ਦਾ ਗਿਲਾਸ ਭਰਿਆ।

ਘੁੱਟ ਭਰਨ ਤੋਂ ਬਾਅਦ ਉਹ ਬੋਲੀ, ''ਇਹ ਤਾਂ ਮਾੜੀ ਨਹੀਂ, ਕਿਤੇ ਇਸ ਨਾਲ ਮੈਂ ਸ਼ਰਾਬੀ ਤਾਂ ਨਹੀਂ ਹੋ ਜਾਵਾਂਗੀ।''

ਉਸ ਜਵਾਬ ਦਿਤਾ, ''ਦੋ ਕੁ ਗਲਾਸਾਂ ਨਾਲ ਕੋਈ ਨੁਕਸਾਨ ਨਹੀਂ ਹੋਣ ਲਗਾ। ਇਸ ਵਿਚ ਅਲਕੋਹਲ ਨਾ ਮਾਤਰ ਹੀ ਹੈ।''

ਉਨ੍ਹਾਂ ਦੀ ਗੱਲਬਾਤ ਫਿਰ ਰੁਕ ਗਈ ਸੀ।

''ਤਾਂ ਮੈਨੂੰ ਆਪਣੇ ਬਾਰੇ ਕੁਝ ਹੋਰ ਦਸੋ।''

''ਨਹੀਂ ਤੁਸੀਂ ਮੈਨੂੰ ਆਪਣੇ ਬਾਰੇ ਦੱਸੋ, ਮੈਂ ਤਾਂ ਅੱਜ ਸਾਰਾ ਦਿਨ ਹੋਟਲ ਵੀ ਦਿਲਚਸਪ ਕੰਮ ਨਹੀਂ ਕੀਤਾ।'' ਅਤੇ ਇਸੇ ਤਰ੍ਹਾਂ ਦੀਆਂ ਹੋਰ ਗੱਲਾਂ।

ਸਰੋਜਨੀ ਨੇ ਪੀਣ ਵਿਚ ਮੋਹਨ ਦਾ ਪੂਰਾ ਸਾਥ ਦਿੱਤਾ ਅਤੇ ਮਹਿਸੂਸ ਕਰਨ ਲਗੀ ਜਿਵੇਂ ਉਹ ਹਵਾ ਵਿਚ ਉੱਡ ਰਹੀ ਹੈ। ਮੋਹਨ ਨੇ ਮਹਿਸੂਸ ਕੀਤਾ ਕਿ ਉਹ ਆਪਣੇ ਆਪ ਨੂੰ ਤਿਆਰ ਕਰਨ ਲਈ ਪੀ ਰਹੀ ਹੈ। ਉਨ੍ਹਾਂ ਦੋਵਾਂ ਨੇ ਹੀ ਸ਼ਾਕਾਹਾਰੀ ਭੋਜਨ ਕੀਤਾ ਅਤੇ ਇਸ ਦੌਰਾਨ ਬਹੁਤੀ ਗੱਲਬਾਤ ਨਹੀਂ ਕੀਤੀ। ਨੌਕਰਾਂ ਨੇ ਮੇਜ਼ ਸਾਫ ਕੀਤਾ, ਰਸੋਈ ਵਿਚ ਬੈਠ ਕੇ ਖੁਦ ਖਾਣਾ ਖਾਧਾ ਅਤੇ ਫਿਰ ਆਪੋ ਆਪਣੇ ਕਮਰੇ ਵਿਚ ਚਲੇ ਗਏ। ਮੋਹਨ ਨੇ ਉੱਠ ਕੇ ਦਰਵਾਜ਼ੇ ਨੂੰ ਤਾਲੇ ਲਾਏ। ਸਰੋਜਨੀ ਨੇ ਵੇਖਿਆ ਕਿ ਉਹ ਬਾਹਰਲੇ ਗੇਟ ਨੂੰ ਸੰਗਲੀ ਵਾਲਾ ਤਾਲਾ ਲਾ ਰਿਹਾ ਸੀ। ਫਿਰ ਉਹ ਪਿਛਲੇ ਪਾਸੇ ਚਲਾ ਗਿਆ ਤਾਂ ਕਿ ਨੌਕਰਾਂ ਦੇ ਜਾਣ ਬਾਦ ਅੰਦਰ ਵਾਲਾ ਦਰਵਾਜ਼ਾ ਵੀ ਬੰਦ ਕਰ ਸਕੇ। ਫਿਰ ਉਹ ਬਾਹਰ ਵਾਲੇ ਬਾਗ ਵਿਚ ਆਇਆ। ਝਾੜੀਆਂ ਵੱਲ ਖੜ੍ਹਾ ਹੋਇਆ ਅਤੇ ਆਪਣੀ ਪਤਲੂਨ ਦੇ ਬਟਨ ਖੋਲ ਲਏ। ਫਿਰ ਉਸਨੇ ਪੱਤਿਆਂ ਉਤੇ ਮੋਹਨ ਦੇ ਪਿਸ਼ਾਬ ਦੀ ਆਵਾਜ਼ ਸੁਣੀ। ਉਹ ਆਪਣੇ ਆਪ ਨੂੰ ਹੀ ਕਹਿਣ ਲੱਗੀ, ''ਦਿਲਚਸਪ ਆਦਮੀ ਹੈ!'' ਉਹ ਆਪਣੇ ਸੋਣ ਕਮਰੇ ਵਿਚ ਗਈ, ਆਪਣੀ ਸਾੜ੍ਹੀ, ਪੇਟੀਕੋਟ ਅਤੇ ਬਲਾਊਜ਼ ਲਾਹੇ ਅਤੇ ਆਪਣਾ ਨਵਾਂ ਸਿਲਕ ਦਾ ਗਾਊਨ ਪਾ ਲਿਆ। ਉਹ ਆਪਣੇ ਪੈਰਾਂ ਉਤੇ ਚੰਗੀ ਤਰ੍ਹਾਂ ਖੜੀ ਨਹੀਂ ਸੀ ਹੋ ਰਹੀ ਅਤੇ ਕੁਰਸੀ ਉਤੇ ਢੇਰੀ ਹੋ ਗਈ। ਮੋਹਨ ਨੇ ਮਕਾਨ ਦੇ ਪਿਛਲੇ ਦਰਵਾਜ਼ੇ ਨੂੰ ਤਾਲਾ ਲਾਇਆ ਅਤੇ ਫਿਰ ਉਸਦੇ ਕਮਰੇ ਵਿਚ ਆ ਗਿਆ। ਸਰੋਜਨੀ ਦਾ ਹੱਥ ਫੜ੍ਹ ਕੇ ਉਹ ਪੁਛਣ ਲੱਗਾ, ''ਕੀ ਤੂੰ ਠੀਕ ਠਾਕ ਹੈਂ।''

''ਹਾਂ, ਪਰ ਰਤਾ ਕੁ ਥੱਕੀ ਹੋਈ ਹਾਂ। ਮੈਨੂੰ ਇੰਨੀ ਜ਼ਿਆਦਾ ਸ਼ੈਰੀ ਨਹੀਂ ਸੀ ਪੀਣੀ ਚਾਹੀਦੀ। ਮੈਨੂੰ ਸ਼ਰਾਬ ਦੀ ਆਦਤ ਨਹੀਂ ਹੈ। ਮੈਂ ਸੌਵਾਂਗੀ ਤਾਂ ਠੀਕ ਹੋਵਾਂਗੀ।'' ਇਹੀ ਗੱਲ ਕਹਿੰਦੇ ਹੋਏ ਉਠ ਖੜੀ ਹੋਈ।

''ਮੋਹਨ ਨੇ ਆਪਣੀ ਬਾਂਹ ਉਹਦੇ ਮੋਢੇ ਦੁਆਲੇ ਵਲ਼ੀ ਅਤੇ ਉਹਨੂੰ ਉਹਦੇ ਬਿਸਤਰੇ ਵੱਲ ਲਿਜਾਂਦਾ ਹੋਇਆ ਕਹਿਣ ਲੱਗਾ, ''ਮੈਂ ਤੈਨੂੰ ਤੇਰੇ ਸੋਣ ਕਮਰੇ ਵੱਲ ਛੱਡ ਆਉਂਦਾ ਹਾਂ।'' ਸਰੋਜਨੀ ਨੇ ਆਪਣਾ ਸਿਰ ਉਹਦੀ ਚੌੜੀ ਛਾਤੀ ਉਤੇ ਰਖ ਦਿਤਾ ਅਤੇ ਧੀਮੀ ਆਵਾਜ਼ ਵਿਚ ਬੋਲੀ, ''ਮੇਰੇ ਨਾਲ ਜ਼ਬਰਦਸਤੀ ਨਾ ਕਰਨਾ। ਗਿਆਰਾਂ ਸਾਲਾਂ ਤੋਂ ਮੈਂ ਕਿਸੇ ਮਰਦ ਦੇ ਨੇੜੇ ਨਹੀਂ ਗਈ। ਮੈਂ ਡਰੀ ਹੋਈ ਹਾਂ।''

ਉਹਨੇ ਭਰੋਸਾ ਦਿਵਾਉਣ ਲਈ ਉਹਨੂੰ ਆਪਣੀ ਛਾਤੀ ਨਾਲ ਲਾਇਆ ਅਤੇ ਕਿਹਾ, ''ਡਰਨ ਦੀ ਕੋਈ ਲੋੜ ਨਹੀਂ, ਮੈਂ ਸੈਕਸ ਦਾ ਭੁੱਖਾ ਨਹੀਂ ਹਾਂ, ਜੇ ਤੇਰੀ ਇੱਛਾ ਨਹੀਂ ਹੈ ਤਾਂ ਅਸੀਂ ਕੁਝ ਨਹੀਂ ਕਰਾਂਗੇ। ਬੱਸ ਮੈਂ ਕੁਝ ਦੇਰ ਤੇਰੇ ਨਾਲ ਲੰਮਾ ਪਵਾਂਗਾ ਅਤੇ ਫਿਰ ਆਪਣੇ ਕਮਰੇ ਵਿਚ ਚਲਾ ਜਾਵਾਂਗਾ।''

ਸਰੋਜਨੀ ਨੂੰ ਭਰੋਸਾ ਹੋ ਗਿਆ ਪਰ ਉਹ ਉਸਨੂੰ ਚਿਮੜੀ ਰਹੀ। ਮੋਹਨ ਨੇ ਉਸਨੂੰ

ਬਿਸਤਰੇ ਤੇ ਲੰਮਾ ਪਾਇਆ ਅਤੇ ਆਪ ਵੀ ਉਹਦੇ ਨਾਲ ਲੰਮਾ ਪੈ ਗਿਆ। ਸਰੋਜਨੀ ਨੇ ਆਪਣਾ ਚਿਹਰਾ ਉਸਦੀ ਛਾਤੀ ਵਿਚ ਲੁਕੋ ਲਿਆ, ਉਸਦੀ ਕਮਰ ਉਤੇ ਆਪਣਾ ਹੱਥ ਰਖਿਆ ਅਤੇ ਲੰਮੀ ਪਈ ਰਹੀ। ਮੋਹਨ ਨੇ ਆਪਣਾ ਹੱਥ ਉਹਦੇ ਗਾਉਨ ਦੇ ਹੇਠਾਂ ਖਿਸਕਾਇਆ ਅਤੇ ਬਹੁਤ ਨਰਮੀ ਨਾਲ ਉਹਦੇ ਮੋਢੇ ਅਤੇ ਉਹਦੀ ਧੌਣ ਦੇ ਪਿਛਲੇ ਪਾਸੇ ਹੱਥ ਫੇਰਿਆ। ਫਿਰ ਉਸਦੀ ਰੀੜ ਦੀ ਹੱਡੀ ਅਤੇ ਉਹਦੇ ਨਿੱਕੇ ਨਿੱਕੇ ਕੂਲਿਆਂ ਉਤੇ ਹੱਥ ਫੇਰਿਆ। ਇਸ ਨਾਲ ਸਰੋਜਨੀ ਦੇ ਸਰੀਰ ਵਿਚੋਂ ਤਣਾਓ ਜਾਂਦਾ ਰਿਹਾ। ਉਹ ਉਸ ਵੱਲ ਵੇਖਣ ਲੱਗੀ ਅਤੇ ਕਹਿਣ ਲੱਗੀ, ''ਬੱਤੀ ਬੰਦ ਕਰ ਦਿਉ।''

ਬੱਤੀ ਬੰਦ ਕਰਦੇ ਹੋਏ ਉਹ ਪੁਛਣ ਲੱਗਾ, ''ਤੂੰ ਨਹੀਂ ਚਾਹੁੰਦੀ ਕਿ ਮੈਂ ਤੇਰੇ ਸਰੀਰ ਨੂੰ ਦੇਖਾਂ?''

ਉਸਦਾ ਜਵਾਬ ਸੀ, ''ਦੇਖਣ ਲਈ ਕੁਝ ਹੈ ਹੀ ਨਹੀਂ, ਮੈਂ ਆਪਣੀ ਉਮਰ ਦੀਆਂ ਬਾਕੀ ਔਰਤਾਂ ਵਰਗੀ ਹੀ ਹਾਂ, ਸਗੋਂ ਰਤਾ ਕੁ ਪਤਲੀ ਹਾਂ। ਬਹੁਤੀ ਭਰਮੀਂ ਨਹੀਂ ਹਾਂ।''

''ਚਲੋ ਦੇਖਦੇ ਹਾਂ।'' ਉਸ ਕਿਹਾ ਅਤੇ ਨਾਲ ਹੀ ਉਹਦੇ ਗਾਊਨ ਦੀ ਤਣੀ ਖੋਲ੍ਹ ਦਿੱਤੀ ਅਤੇ ਉਸਦੀ ਇਕ ਛਾਤੀ ਨੂੰ ਆਪਣੇ ਹੱਥਾਂ ਵਿਚ ਲੈ ਲਿਆ। ਸੱਚੀਮੁਚੀ ਹੀ ਉਸ ਦੀਆਂ ਛਾਤੀਆਂ ਉਨੀਆਂ ਭਰਵੀਂਆਂ ਨਹੀਂ ਸਨ ਜਿੰਨੀਆਂ ਉਸਦੀ ਪਤਨੀ ਦੀਆਂ ਜਾਂ ਧੰਨੋ ਦੀਆਂ ਜਾਂ ਉਸਦੇ ਬਿਸਤਰੇ ਵਿਚ ਆਈਆਂ ਹੋਰ ਔਰਤਾਂ ਦੀਆਂ ਸਨ। ਇਸ ਫਰਕ ਕਾਰਨ ਉਹਨੂੰ ਉਹ ਹੋਰ ਵੀ ਚੰਗੀ ਲਗਣ ਲਗ ਪਈ। ਉਹਨੇ ਉਹਦੀਆਂ ਛਾਤੀਆਂ ਨੂੰ ਚੁੰਮਿਆ ਅਤੇ ਇਕ ਛਾਤੀ ਆਪਣੇ ਮੂੰਹ ਵਿਚ ਲੈ ਲਈ। ਸਰੋਜਨੀ ਖੁਸ਼ੀ ਨਾਲ ਚਹਿਚਹਾਈ ਅਤੇ ਧੀਮੀ ਆਵਾਜ਼ ਵਿਚ ਬੋਲੀ, ''ਦੂਜੀ ਵੱਲ ਵੀ ਧਿਆਨ ਦੇਵੋ।'' ਮੋਹਨ ਨੇ ਦੂਜੀ ਛਾਤੀ ਨਾਲ ਵੀ ਇਵੇਂ ਹੀ ਕੀਤਾ। ਉਸ ਆਪਣੀ ਪਤਲੂਨ ਲਾਹੀ ਅਤੇ ਆਪਣਾ ਸਖਤ ਅੰਗ ਸਰੋਜਨੀ ਦੇ ਸਰੀਰ ਨਾਲ ਲਾ ਦਿੱਤਾ।

ਉਹ ਇਕਦਮ ਚੇਤੰਨ ਹੋ ਕੇ ਕਹਿਣ ਲੱਗੀ, ''ਹਾਏ ਰੱਬਾ, ਇੰਨਾ ਵੱਡਾ! ਇਹ ਤਾਂ ਮੈਨੂੰ ਪਾੜ ਕੇ ਰਖ ਦੇਵੇਗਾ।'' ਉਹਨੇ ਇਸਨੂੰ ਆਪਣੇ ਪੱਟਾਂ ਵਿਚ ਲੈ ਲਿਆ ਅਤੇ ਕਹਿਣ ਲੱਗੀ, ''ਵਾਅਦਾ ਕਰ ਕਿ ਮੈਨੂੰ ਕਸ਼ਟ ਨਹੀਂ ਪਹੁੰਚਾਏਂਗਾ। ਮੈਂ ਬਹੁਤ ਛੋਟੀ ਹਾਂ ਅਤੇ ਮੈਂ ਬਹੁਤ ਲੰਮੇ ਸਮੇਂ ਤੋਂ ਸਹਿਵਾਸ ਨਹੀਂ ਕੀਤਾ।''

ਮੋਹਨ ਨੇ ਆਪਣੇ ਆਪ ਨੂੰ ਬਹੁਤ ਹੀ ਖੁਸ਼, ਸ਼ਕਤੀਸ਼ਾਲੀ ਅਤੇ ਉਸ ਨਾਲੋਂ ਕਿਤੇ ਵੱਡਾ ਵੱਡਾ ਮਹਿਸੂਸ ਕੀਤਾ। ਇਸਦੇ ਨਾਲ ਹੀ ਉਸ ਇਹ ਵੀ ਮਹਿਸੂਸ ਕੀਤਾ ਕਿ ਉਹ ਹੋਰ ਔਰਤਾਂ ਦੇ ਮੁਕਾਬਲੇ ਇਸ ਵਾਰੀ ਵਧੇਰੇ ਸਬਰ ਤੋਂ ਕੰਮ ਲੈ ਰਿਹਾ ਸੀ। ਉਸ ਮਹਿਸੂਸ ਕੀਤਾ ਕਿ ਹੁਣ ਸਰੋਜਨੀ ਤਿਆਰ ਸੀ। ਉਸਨੇ ਉਹਦੀਆਂ ਲੱਤਾਂ ਅਲੱਗ ਕੀਤੀਆਂ ਅਤੇ ਹੌਲੀ ਹੌਲੀ ਕੰਮ ਸ਼ੁਰੂ ਕੀਤਾ। ਸਰੋਜਨੀ ਉਸਨੂੰ ਧੌਣ ਤੋਂ ਫੜਦੀ ਹੋਈ ਕਹਿਣ ਲੱਗੀ, ''ਹਾਏ ਰੱਬਾ, ਤੁਸੀਂ ਤਾਂ ਮੈਨੂੰ ਪਾੜ ਕੇ ਦੋ ਹਿੱਸੇ ਕਰ ਦੇਓਗੇ।'' ਹੁਣ ਤੱਕ ਉਹ ਪੂਰੀ ਉਤੇਜਿਤ ਹੋ ਚੁੱਕੀ

ਸੀ। ਇਸ ਤੋਂ ਬਾਅਦ ਬੈਠਵੀਂ ਆਵਾਜ਼ ਵਿਚ ਉਹਨੇ ਬੜੀ ਉਤੇਜਨਾ ਨਾਲ ਉਸਨੂੰ ਕਾਹਲੀ ਕਰਨ ਲਈ ਕਿਹਾ। ਮੋਹਨ ਨੇ ਉਸਦੀ ਮਰਜ਼ੀ ਮੁਤਾਬਕ ਹੀ ਕੀਤਾ।

ਉਹ ਚੀਕ ਪਈ, ਪਰ ਉਸਦੀ ਇਹ ਚੀਕ ਤਕਲੀਫ ਵਾਲੀ ਚੀਕ ਨਹੀਂ, ਸਗੋਂ ਉਸਦੇ ਸਿਖਰ ਤੇ ਪਹੁੰਚਣ ਦੇ ਸਵਾਦ ਦੀ ਚੀਖ ਸੀ। ਉਸਨੂੰ ਇਸ ਤਰ੍ਹਾਂ ਦਾ ਸਵਾਦ ਪਹਿਲਾ ਕਦੇ ਨਹੀਂ ਸੀ ਆਇਆ ਅਤੇ ਨਾ ਹੀ ਉਸਨੂੰ ਵਿਸ਼ਵਾਸ ਸੀ ਕਿ ਅਜਿਹਾ ਹੋਣਾ ਸੰਭਵ ਹੈ। ਉਹਦਾ ਸਰੀਰ ਕੰਬਿਆ ਅਤੇ ਫਿਰ ਸ਼ਾਂਤ ਹੋ ਗਿਆ। ਫਿਰ ਉਸਨੂੰ ਦੌਰਾ ਪੈ ਗਿਆ। ਉਹਨੇ ਮੋਹਨ ਦੇ ਚਿਹਰੇ, ਬਾਹਵਾਂ ਅਤੇ ਛਾਤੀ ਉਤੇ ਨੌਂਦਰਾਂ ਮਾਰੀਆਂ ਅਤੇ ਫਿਰ ਸਿਸਕਣ ਲਗ ਪਈ। ਉਹ ਬੋਲੀ, ''ਮੈਂ ਵੇਸਵਾ ਹਾਂ, ਮੈਂ ਰੰਡੀ ਹਾਂ, ਮੈਂ ਕੁੱਤੀ ਹਾਂ।'' ਮੋਹਨ ਨੇ ਉਸਨੂੰ ਆਪਣੇ ਨਾਲ ਹੋਰ ਜੋੜ ਲਿਆ ਅਤੇ ਉਸਨੂੰ ਕਹਿਣ ਲਗਾ, ''ਨਹੀਂ, ਤੂੰ ਇਸ ਤਰ੍ਹਾਂ ਦੀ ਨਹੀਂ ਹੈਂ। ਤੂੰ ਬਹੁਤ ਹੀ ਚੰਗੀ ਅਤੇ ਵਧੀਆ ਔਰਤ ਹੈਂ, ਜਿਸਨੂੰ ਅੱਜ ਤਕ ਪਿਆਰ ਨਹੀਂ ਸੀ ਮਿਲਿਆ।''

ਉਹ ਜਾਣਦੀ ਸੀ ਕਿ ਉਸਦੇ ਇਨ੍ਹਾਂ ਸ਼ਬਦਾਂ ਦਾ ਕੋਈ ਅਰਥ ਨਹੀਂ ਹੈ ਫਿਰ ਵੀ ਉਸਨੂੰ ਇਹ ਬੜੇ ਚੰਗੇ ਚੰਗੇ ਲੱਗੇ। ਉਹਨੇ ਆਪਣਾ ਸਿਰ ਮੋਹਨ ਦੀ ਬਾਂਹ ਉਤੇ ਰਖਿਆ ਅਤੇ ਛੇਤੀ ਹੀ ਹਲਕੇ ਹਲਕੇ ਘੁਰਾੜੇ ਮਾਰਨ ਲਗੀ। ਕਿਸੇ ਨੂੰ ਵੀ ਆਪਣੇ ਆਪ ਨੂੰ ਸਾਫ ਕਰਨ ਦੀ ਲੋੜ ਮਹਿਸੂਸ ਨਹੀਂ ਹੋਈ ਤੇ ਦੋਵੇਂ ਜਣੇ ਇਕ ਦੂਜੇ ਦੀਆਂ ਬਾਹਵਾਂ ਵਿਚ ਹੀ ਸੌਂ ਗਏ। ਕਈ ਘੰਟਿਆਂ ਮਗਰੋਂ ਸਰੋਜਨੀ ਨੇ ਮੋਹਨ ਨੂੰ ਉਠਾਇਆ, ''ਚੰਗਾ ਰਹੇਗਾ ਜੇ ਤੁਸੀਂ ਆਪਣੇ ਕਮਰੇ ਵਿਚ ਚਲੇ ਜਾਓ ਅਤੇ ਬਿਸਤਰੇ ਨੂੰ ਇਸ ਤਰ੍ਹਾਂ ਦਾ ਬਣਾਓ ਜਿਵੇਂ ਪਤਾ ਲੱਗੇ ਕਿ ਆਪਾਂ ਆਪੋ-ਆਪਣੇ ਕਮਰੇ ਵਿਚ ਸੁੱਤੇ ਹਾਂ।''

ਮੋਹਨ ਲੜਖੜਾਉਂਦਾ ਹੋਇਆ ਉਹਦੇ ਕਮਰੇ ਤੋਂ ਬਾਹਰ ਨਿਕਲਿਆ। ਉਸਨੂੰ ਪਤਾ ਨਹੀਂ ਸੀ ਕਿ ਸਮਾਂ ਕਿੰਨਾ ਹੋਇਆ ਹੈ। ਉਹਨੇ ਨੌਕਰਾਂ ਦੇ ਆਉਣ ਵਾਲੇ ਦਰਵਾਜ਼ੇ ਦੀ ਕੁੰਡੀ ਖੋਲੀ ਅਤੇ ਆਪਣੇ ਬਿਸਤਰੇ ਵਿਚ ਜਾ ਡਿਗਾ। ਮਿੰਟਾਂ ਵਿਚ ਹੀ ਉਸ ਨੂੰ ਨੀਂਦ ਆ ਗਈ।

*****

ਮੋਹਨ ਆਮ ਦਿਨਾਂ ਨਾਲੋਂ ਕੋਈ ਘੰਟਾ ਭਰ ਦੇਰ ਨਾਲ ਉਠਿਆ। ਉਹਨੇ ਕਾਹਲੀ ਕਾਹਲੀ ਆਪਣੇ ਦੰਦ ਸਾਫ ਕੀਤੇ, ਆਪਣਾ ਗਾਊਨ ਪਾਇਆ (ਉਹ ਦੂਜੇ ਕਪੜਿਆਂ ਵਿਚ ਹੀ ਸੌ ਗਿਆ ਸੀ) ਅਤੇ ਚਾਹ ਪੀਣ ਲਈ ਬਾਹਰ ਨਿਕਲਿਆ। ਸਰੋਜਨੀ ਪਹਿਲਾਂ ਹੀ ਆਈ ਹੋਈ ਸੀ ਅਤੇ ਚੁੱਪਚਾਪ ਬੈਠੀ ਚਾਹ ਦਾ ਕੱਪ ਪੀਂਦੇ ਹੋਏ ਅਖ਼ਬਾਰ ਦੇ ਪੰਨੇ ਪਲਟ ਰਹੀ ਸੀ। ਉਹ ਬੜੀ ਸਾਫ ਅਤੇ ਤਨਾਓ ਰਹਿਤ ਲੱਗ ਰਹੀ ਸੀ। ਮੋਹਨ ਨੂੰ ਆਸ ਸੀ ਕਿ ਸਰੋਜਨੀ ਦੇ ਵਾਲ ਖਿਲਰੇ ਹੋਏ ਹੋਣਗੇ ਅਤੇ ਬੁੱਲ ਜ਼ਖਮੀ ਹੋਣਗੇ। ਉਹ ਉਸਨੂੰ ਦੇਖ ਕੇ ਮੁਸਕਰਾਈ। ਉਹ

ਬਹੁਤ ਹੀ ਖੁਸ਼ ਦਿਖਾਈ ਦੇ ਰਹੀ ਸੀ। ਮੋਹਨ ਨੂੰ ਚੇਤਾ ਆਇਆ ਕਿ ਕੁਝ ਮਨੋਵਿਗਿਆਨੀਆਂ ਦਾ ਕਹਿਣਾ ਸੀ ਕਿ ਜਿਥੋਂ ਤਕ ਸੈਕਸ ਦਾ ਸਬੰਧ ਹੈ, ਔਰਤਾਂ ਮਰਦਾਂ ਨਾਲੋਂ ਕਿਤੇ ਵੱਧ ਸ਼ਕਤੀਸ਼ਾਲੀ ਹਨ। ਇਸ ਵੇਲੇ ਸਰੋਜਨੀ ਦਾ ਵਤੀਰਾ ਪਹਿਲਾਂ ਵਾਲਾ ਹੀ ਪ੍ਰੋਫੈਸਰਾਨਾ ਸੀ। ਉਹ ਕਹਿਣ ਲੱਗੀ, ''ਬੇਅਰਾ, ਸਾਹਿਬ ਲਈ ਕੌਫੀ ਦਾ ਤਾਜ਼ਾ ਕੱਪ ਲਿਆਓ।'' ਉਸਨੇ ਅਖਬਾਰ ਇੱਕ ਪਾਸੇ ਰਖਿਆ ਅਤੇ ਪੁੱਛਣ ਲਗੀ, ''ਕੱਲ ਰਾਤ ਤੁਸਾਂ ਕਿਵੇਂ ਮੈਨੇਜ਼ ਕੀਤਾ?''

''ਬਹੁਤ ਵਧੀਆ! ਕਮਾਲ! ਅਤੇ ਤੂੰ?''

''ਮੈਂ ਤਾਂ ਸਤਵੇਂ ਅਸਮਾਨ ਤੇ ਪਹੁੰਚ ਗਈ ਸਾਂ, ਫਿਰ ਇਕਦਮ ਧਰਤੀ ਤੇ ਵਾਪਸ ਆ ਗਈ। ਕੀ ਤੁਸੀਂ ਦੁਪਹਿਰ ਦੇ ਖਾਣੇ ਲਈ ਘਰ ਆਉਂਦੇ ਹੋ?''

ਉਸ ਜਵਾਬ ਦਿਤਾ, ''ਸਿਰਫ ਛੁੱਟੀਆਂ ਵਾਲੇ ਦਿਨ ਹੀ। ਕੰਮ ਦੇ ਦਿਨਾਂ ਵਿਚ ਮੈਂ ਦਫਤਰ ਦੀ ਕੰਟੀਨ ਤੋਂ ਹੀ ਕੁਝ ਨਾ ਕੁਝ ਖਾ ਲੈਦਾ ਹਾਂ ਅਤੇ ਅੱਧੇ ਘੰਟੇ ਲਈ ਸੋਫੇ ਉਤੇ ਹੀ ਸੌਂ ਜਾਂਦਾ ਹਾਂ। ਕਈ ਵਾਰੀ ਮੈਨੂੰ ਆਪਣੇ ਕਾਰੋਬਾਰੀ ਬੰਦਿਆਂ ਨੂੰ ਵੀ ਖਾਣਾ ਖਿਲਾਉਣਾ ਪੈਂਦਾ ਹੈ। ਮੈਂ ਉਨ੍ਹਾਂ ਨੂੰ ਜਿਮਖਾਨਾ ਕਲੱਬ ਜਾਂ ਇੰਡੀਆ ਇੰਟਰਨੈਸ਼ਨਲ ਸੈਂਟਰ ਲੈ ਜਾਂਦਾ ਹਾਂ। ਉਥੇ ਕਾਫੀ ਸਸਤੀਆਂ ਦਰਾਂ ਉਤੇ ਵਧੀਆ ਖਾਣਾ ਮਿਲ ਜਾਂਦਾ ਹੈ। ਇਹ ਸਾਰਾ ਖਰਚਾ ਦਫਤਰ ਨੂੰ ਪੈਂਦਾ ਹੈ। ਸਿਰਫ ਰਾਤ ਦਾ ਖਾਣਾ ਹੀ ਮੈਂ ਆਮ ਤੌਰ ਤੇ ਘਰ ਖਾਂਦਾ ਹਾਂ।''

''ਅੱਜ ਰਾਤ ਖਾਣੇ ਵਿਚ ਕੀ ਪਸੰਦ ਕਰੋਗੇ? ਜ਼ਰੂਰੀ ਨਹੀਂ ਕਿ ਮੇਰੇ ਕਾਰਨ ਤੁਸੀਂ ਵੀ ਸ਼ਾਕਾਹਾਰੀ ਖਾਣਾ ਹੀ ਖਾਓ। ਮੈਂ ਰਸੋਈਏ ਨੂੰ ਕਹਿ ਦਿਆਂਗੀ ਕਿ ਉਹ ਤੁਹਾਡੇ ਲਈ ਮੱਛੀ, ਚਿਕਨ ਜਾਂ ਹੋਰ ਕੁਝ ਬਣਾ ਦੇਵੇ। ਮੈਂ ਉਹੀ ਕੁਝ ਖਾ ਲਵਾਂਗੀ ਜੋ ਰਸੋਈਆ ਆਪਣੇ ਲਈ ਬਣਾਵੇਗਾ।''

ਮੋਹਨ ਨੂੰ ਇਹ ਗੱਲ ਪਸੰਦ ਨਹੀਂ ਸੀ ਕਿ ਕੋਈ ਘਰ ਦਾ ਕੰਟਰੋਲ ਆਪਣੇ ਹੱਥਾਂ ਵਿਚ ਲਵੇ। ਇਸ ਲਈ ਉਹਨੇ ਹਲਕੀ ਜਿਹੀ ਝਾੜ ਪਾਈ। ਉਹ ਕਹਿਣ ਲਗਾ, ''ਰਸੋਈਏ ਨੂੰ ਪਤਾ ਹੈ ਕਿ ਮੈਨੂੰ ਕੀ ਚੀਜ਼ ਪਸੰਦ ਹੈ ਅਤੇ ਇਹ ਕਿਥੋਂ ਲਿਆਉਣੀ ਹੈ। ਮੈਂ ਹਰ ਰੋਜ ਸਵੇਰੇ ਉਸਨੂੰ ਸਮਾਨ ਖਰੀਦਣ ਲਈ ਪੈਸੇ ਦਿੰਦਾ ਹਾਂ ਤੇ ਉਹ ਮੈਨੂੰ ਹਿਸਾਬ ਦਿੰਦਾ ਹੈ। ਤੈਨੂੰ ਨੌਕਰਾਂ ਬਾਰੇ ਤੇ ਮੇਰੇ ਖਾਣੇ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ। ਬਸ ਜੋ ਕੁਝ ਤੈਨੂੰ ਚਾਹੀਦਾ ਹੈ ਉਹ ਦੱਸ ਦੇਣਾ।''

ਸਰੋਜਨੀ ਨੇ ਮਹਿਸੂਸ ਕੀਤਾ ਕਿ ਉਹਨੂੰ ਮੋਹਨ ਨੇ ਉਸਦਾ ਥਾਂ ਦਿਖਾ ਦਿਤਾ ਹੈ। ਉਹਨਾਂ ਇਕਠਿਆਂ ਬੈਠ ਕੇ ਨਾਸ਼ਤਾ ਕੀਤਾ। ਮੋਹਨ ਦਫਤਰ ਚਲਾ ਗਿਆ। ਕਾਰ ਵਾਪਸ ਆ ਗਈ ਅਤੇ ਦਿਨ ਭਰ ਲਈ ਸਰੋਜ ਦੇ ਹਵਾਲੇ ਕਰ ਦਿਤੀ ਗਈ। ਉਸਨੇ ਸਵੇਰ ਦਾ ਸਮਾਂ ਘਰ ਰਹਿਣ ਦਾ ਹੀ ਫ਼ੈਸਲਾ ਕੀਤਾ ਤਾਂ ਕਿ ਕੁਝ ਪੜ੍ਹ ਸਕੇ ਅਤੇ ਨੌਕਰਾਂ ਨੂੰ ਜਾਣ ਸਕੇ। ਉਹ ਰਸੋਈਏ ਨਾਲ ਗੱਲ ਕਰਨ ਲਈ ਰਸੋਈ ਵਿਚ ਗਈ। ਕੁਝ ਦੇਰ ਉਹ ਰਸੋਈ ਦੇ ਦਰਵਾਜੇ ਤੇ

ਪੜੀ ਪੜੀ ਅਤੇ ਜਸਬੀਆ ਮਦਦੀ ਕਰਦਾ ਰਿਹਾ। ਉਹਨੂੰ ਲਗਾ ਜਿਵੇਂ ਉਹ ਸਾਰਾ ਕੰਮ ਪੜੀ ਨੇ ਹੀ ਕਰਨਾ ਹੈ। ਅਤੇ ਉਨ੍ਹਾਂ ਦੀ ਆਪ ਵਿੱਚ ਨਹੀਂ ਸੀ ਬਣੀ, ਫਿਰ ਵੀ ਮਜਬੂਰੀ ਸਾਂਝੀ ਸੀ। ਮਾਸ ਤਾਂ ਜਸਬੀਆ ਪੜੀ ਸੀ। ਇਸ ਘਰ ਵਿਚ ਕਦੇ ਇਸ ਦੀ ਮਾਲਕਣ ਹੁੰਦਿਆ ਕਰਦੀ ਸੀ ਜਿਹੜੀ ਸਾਰੇ ਘਰ ਦੀ ਜ਼ਿੰਦਗੀ ਉਤੇ ਕੰਟਰੋਲ ਕਰਦੀ ਸੀ। ਨੌਕਰਾਂ ਨੂੰ ਹੁਕਮ ਦਿੰਦੀ ਸੀ, ਰਸੋਈ ਵੀ ਸੰਭਾਲਦੀ ਕਰਦੀ ਸੀ ਅਤੇ ਘਰ ਲਈ ਸਮਾਨ ਖਰੀਦਿਆ ਕਰਦੀ ਸੀ। ਸਰੋਜਨੀ ਨੂੰ ਲੱਗਾ ਕਿ ਉਹ ਹਾਰ ਗਈ ਹੈ ਅਤੇ ਇਸ ਕਾਰਨ ਉਸਨੂੰ ਬਹੁਤ ਅਫਸੋਸ ਵੀ ਹੋਇਆ। ਮੋਹਨ ਨੇ ਉਸਨੂੰ ਡਾਂਟ ਕੇ ਠੀਕ ਹੀ ਕੀਤਾ ਸੀ। ਉਹ ਤਾਂ ਸਿਰਫ ਕੁਝ ਸਮੇਂ ਦੀ ਹੀ ਮਾਲਕਣ ਸੀ। ਇਸ ਘਰ ਦੀ ਪੱਕੀ ਮਾਲਕਣ ਨਹੀਂ ਸੀ। ਰਸੋਈਏ ਨੇ ਉਹਨੂੰ ਦੇਖ ਲਿਆ ਅਤੇ ਪੁੱਛਿਆ ਕਿ ਕੀ ਉਹਨੂੰ ਕੁਝ ਚਾਹੀਦਾ ਹੈ। ਉਹ ਕਹਿਣ ਲੱਗੀ, ''ਨਹੀਂ ਖਾਨ ਸਾਹਿਬ, ਮੈਂ ਤਾਂ ਐਵੇਂ ਝਾੜੀ ਮਾਰ ਰਹੀ ਸੀ। ਅੱਜ ਰਾਤ ਦੇ ਖਾਣੇ ਵਿਚ ਸਾਹਿਬ ਲਈ ਕੀ ਬਣਾ ਰਹੇ ਹੋ?''

''ਮੱਛੀ, ਮੇਮ ਸਾਹਬ! ਉਹ ਹਰ ਦੂਜੇ ਦਿਨ ਮੱਛੀ ਅਤੇ ਮੁਰਗਾ ਪਸੰਦ ਕਰਦੇ ਹਨ।'' ਰਸੋਈਏ ਨੇ ਸੋਚਿਆ ਕਿ ਉਹ ਰਤਾ ਕੁ ਘਬਰਾਈ ਹੋਈ ਲੱਗਦੀ ਹੈ। ਉਸਦੀ ਘਬਰਾਹਟ ਦੂਰ ਕਰਨ ਲਈ ਉਹ ਕੁਝ ਦੇਰ ਹੋਰ ਗੱਲਾਂ ਕਰਦਾ ਰਿਹਾ, ''ਸਾਹਬ ਨੂੰ ਪਰੌਨ ਅਤੇ ਝੀਂਗਾ ਮੱਛੀ ਵੀ ਚੰਗੇ ਲਗਦੇ ਹਨ। ਮੈਂ ਇਹ ਚੀਜ਼ਾਂ ਆਈ ਐੱਨ ਏ ਮਾਰਕੀਟ ਤੋਂ ਲਿਆਂਦਾ ਹਾਂ। ਇਹ ਥਾਂ ਇਥੋਂ ਕਾਫੀ ਦੂਰ ਹੈ ਪਰ ਮੈਂ ਸਾਹਿਬ ਨੂੰ ਖੁਸ਼ ਰਖਣ ਦੀ ਕੋਸ਼ਿਸ਼ ਕਰਦਾ ਹਾਂ, ਉਹ ਬੜੇ ਚੰਗੇ ਮਾਲਿਕ ਹਨ।''

ਬੇਅਰਾ ਇੰਨੀਆਂ ਗੱਲਾਂ ਨਹੀਂ ਸੀ ਕਰਦਾ। ਜਿੰਨੇ ਵੀ ਸਵਾਲ ਸਰੋਜਨੀ ਨੇ ਉਸਨੂੰ ਕੀਤੇ, ਉਨ੍ਹਾਂ ਦੇ ਉਸਨੇ ਬਹੁਤ ਰੁਖੇ ਜਵਾਬ ਦਿਤੇ ਅਤੇ ਆਪਣੇ ਵਤੀਰੇ ਰਾਹੀਂ ਸਰੋਜਨੀ ਨੂੰ ਇਹ ਦਰਸਾ ਦਿਤਾ ਕਿ ਉਹ ਇਸ ਘਰ ਦੀ ਨਹੀਂ, ਸਗੋਂ ਬਾਹਰ ਦੀ ਔਰਤ ਹੈ। ਮਰਦ ਨੌਕਰਾਂ ਨਾਲੋਂ ਜਮਾਦਾਰਨੀ ਨਾਲ ਗੱਲ ਕਰਨੀ ਸਭ ਤੋਂ ਵੱਧ ਔਖੀ ਸੀ। ਜਦੋਂ ਉਹ ਆਪਣਾ ਝਾੜੂ, ਫਿਨਾਈਲ ਵਾਲੀ ਬਾਲਟੀ ਅਤੇ ਪੋਚਾ ਲੈ ਕੇ ਆਈ ਤਾਂ ਉਹਨੇ ਸਰੋਜਨੀ ਨੂੰ ਕਿਹਾ: ''ਨਮਸਤੇ ਭੈਣ ਜੀ।''

ਸਰੋਜਨੀ ਨੇ ਜਵਾਬ ਦਿਤਾ ਅਤੇ ਉਸਦਾ ਨਾਂ ਪੁਛਿਆ। ਜਮਾਦਾਰਨੀ ਨੇ ਉਸ ਵੱਲ ਵੇਖੇ ਬਿਨਾਂ ਕਿਹਾ, ''ਧੰਨੋ, ਮੈਂ ਫਰਸ਼ ਅਤੇ ਬਾਥਰੂਮ ਸਾਫ ਕਰਦੀ ਹਾਂ। ਮੇਮ ਸਾਹਬ ਜੀ ਤੁਹਾਡਾ ਸਾਹਬ ਨਾਲ ਕੀ ਰਿਸ਼ਤਾ ਹੈ?''

''ਮੈਂ ਉਹਦੀ ਕਜ਼ਨ ਹਾਂ।'' ਸਰੋਜਨੀ ਨੇ ਉਹੀ ਗੱਲ ਕਹੀ ਜਿਹੜੀ ਮੋਹਨ ਨੇ ਨੌਕਰਾਂ ਨੂੰ ਕਹੀ ਹੋਈ ਸੀ।''

''ਅਤੇ ਤੁਸੀਂ ਕਰਦੇ ਕੀ ਹੋ?''

''ਮੈਂ ਕਾਲਜ ਵਿਚ ਪੜ੍ਹਾਉਂਦੀ ਹਾਂ। ਮੇਰੀ ਦਿੱਲੀ ਬਦਲੀ ਹੋ ਗਈ ਹੈ। ਮੈਂ ਕੁਝ ਦੇਰ ਲਈ ਇਥੇ ਰਹਾਂਗੀ ਤੇ ਫਿਰ ਆਪਣੇ ਲਈ ਕੋਈ ਕਮਰਾ ਲੱਭ ਲਵਾਂਗੀ।''

ਦੋਵਾਂ ਔਰਤਾਂ ਨੇ ਇਕ ਦੂਜੇ ਨੂੰ ਨਜ਼ਰਾਂ ਹੀ ਨਜ਼ਰਾਂ ਵਿਚ ਤੋਲਿਆ। ਸਰੋਜਨੀ ਨੇ ਦੇਖਿਆ ਕਿ ਇਹ ਅਛੂਤ ਔਰਤ ਖੁਦ ਉਸ ਨਾਲੋਂ ਕਿਤੇ ਵੱਧ ਭਰਵੀਂ ਔਰਤ ਸੀ-ਉਸਦੀਆਂ ਭਰਵੀਆਂ ਛਾਤੀਆਂ, ਤੰਗ ਕਮਰ ਅਤੇ ਵੱਡੇ ਕੂਲ੍ਹੇ ਸਨ। ਉਹ ਕਾਲੇ ਰੰਗ ਦੀ ਸੀ, ਉਹਦੇ ਕਪੜੇ ਮਾੜੇ ਸਨ ਪਰ ਉਹ ਸੈਕਸੀ ਸੀ। ਧੰਨੋ ਨੂੰ ਲਗਾ ਕਿ ਜਿਵੇਂ ਕਾਲਜ ਦੀ ਇਹ ਪ੍ਰੋਫੈਸਰ ਉਸਦੇ ਮੁਕਾਬਲੇ ਦੀ ਧਿਰ ਹੈ। ਭਾਵੇਂ ਉਸ ਵਿਚ ਸੈਕਸ ਦਾ ਆਕਰਸ਼ਣ ਨਹੀਂ, ਪਰ ਉਹ ਪੜੀ ਲਿਖੀ ਹੈ। ਉਸ ਕੋਲ ਉਹ ਸਭ ਕੁਝ ਸੀ, ਜੋ ਧੰਨੋ ਕੋਲ ਸੀ, ਪਰ ਸਭ ਕੁਝ ਛੋਟਾ ਸੀ। ਮਰਦ ਇਸ ਮਾਮਲੇ ਵਿਚ ਕੋਈ ਭਿੰਨ ਭੇਦ ਨਹੀਂ ਕਰਦੇ। ਉਹ ਜੋ ਕੁਝ ਮਿਲਦਾ ਹੈ ਉਸ ਸਭ ਨੂੰ ਗ੍ਰਹਿਣ ਕਰਦੇ ਹਨ। ਇਸ ਔਰਤ ਨੇ ਆਪਣੇ ਆਪ ਨੂੰ ਮਾਲਕ ਦੀ ਕਜ਼ਨ ਕਿਹਾ ਸੀ ਅਤੇ 24 ਘੰਟੇ ਸਾਹਿਬ ਦੇ ਕੋਲ ਰਹਿੰਦੀ ਹੈ। ਮਰਦ ਹਮੇਸ਼ਾ ਹੀ ਪਰਾਈਆਂ ਔਰਤਾਂ ਨਾਲ ਸਬੰਧ ਬਣਾਉਣ ਦੀ ਤਾਕ ਵਿਚ ਰਹਿੰਦੇ ਹਨ। ਉਹ ਇਕ ਔਰਤ ਤੋਂ ਛੇਤੀ ਹੀ ਅੱਕ ਜਾਂਦੇ ਹਨ ਤੇ ਦੂਜੀ ਦੀ ਭਾਲ ਕਰਨ ਲਗ ਜਾਂਦੇ ਹਨ। ਸਾਰੇ ਦੇ ਸਾਰੇ ਹਰਾਮਜ਼ਾਦੇ ਹਨ।

ਸਰੋਜਨੀ ਨੇ ਦਿਨ ਦਾ ਸਮਾਂ ਪੜਦਿਆਂ ਹੋਇਆਂ ਬਿਤਾਇਆ। ਉਹਨੇ ਦੁਪਹਿਰ ਦਾ ਖਾਣਾ ਖਾਧਾ ਅਤੇ ਲੰਬਾ ਸਮਾਂ ਸੁਤੀ ਰਹੀ। ਸਹਿਵਾਸ ਨੇ ਉਸਨੂੰ ਸ਼ਾਂਤ ਕਰ ਦਿਤਾ ਸੀ। ਉਸਦਾ ਸਰੀਰ ਤਨਾਓਮੁਕਤ ਹੋ ਗਿਆ ਸੀ ਅਤੇ ਉਸਨੂੰ ਤੁਰੰਤ ਨੀਂਦ ਆ ਗਈ ਸੀ। ਦੁਪਹਿਰ ਤੋਂ ਬਾਅਦ ਉਹਨੇ ਡਰਾਈਵਰ ਨੂੰ ਬਾਹਰ ਜਾਣ ਲਈ ਕਿਹਾ, ''ਮੈਨੂੰ ਸਾਹਬ ਦਾ ਦਫਤਰ ਦਿਖਾਓ, ਮੈਂ ਅੰਦਰ ਨਹੀਂ ਜਾਵਾਂਗੀ, ਪਰ ਬਾਹਰੋਂ ਹੀ ਦੇਖਾਂਗੀ ਕਿ ਕਿਸ ਤਰ੍ਹਾਂ ਦਾ ਲਗਦਾ ਹੈ। ਉਸ ਤੋਂ ਬਾਅਦ ਕਿਸੇ ਕਿਤਾਬਾਂ ਦੀ ਦੁਕਾਨ ਤੇ ਲੈ ਚਲਣਾ।''

''ਸਾਹਿਬ ਦਾ ਦਫਤਰ ਨਹਿਰੂ ਪਲੇਸ ਵਿਚ ਹੈ, ਸਾਰੇ ਦਫਤਰ ਉਚੀਆਂ ਬਿਲਡਿੰਗਾਂ ਵਿਚ ਬਣੇ ਹੋਏ ਹਨ ਜਿਨ੍ਹਾਂ ਵਿਚ ਕਈ ਲਿਫਟਾਂ ਹਨ। ਉਨ੍ਹਾਂ ਦਾ ਦਫਤਰ ਉਪਰਲੀਆਂ ਦੋ ਮੰਜ਼ਲਾਂ ਵਿਚ ਹੈ। ਜ਼ਮੀਨ ਤੋਂ ਤੁਹਾਨੂੰ ਕੀ ਦਿਖਾਈ ਦੇਵੇਗਾ? ਮੈਨੂੰ ਕਿਤਾਬਾਂ ਦੀ ਕਿਸੇ ਦੁਕਾਨ ਦਾ ਨਹੀਂ ਪਤਾ। ਸਾਹਬ ਕਦੇ ਕਿਤਾਬਾਂ ਨਹੀਂ ਖਰੀਦਦੇ। ਤੁਸੀਂ ਮੈਨੂੰ ਪਤਾ ਦੱਸੋ ਤੇ ਮੈਂ ਤੁਹਾਨੂੰ ਉਥੇ ਲੈ ਜਾਵਾਂਗਾ।''

ਸਰੋਜਨੀ ਨੂੰ ਦਿੱਲੀ ਦੀ ਕਿਸੇ ਵੀ ਦੁਕਾਨ ਦਾ ਪਤਾ ਨਹੀਂ ਸੀ। ਪਰ ਉਹਨੂੰ ਇੰਨਾ ਪਤਾ ਸੀ ਕਿ ਖਾਨ ਮਾਰਕੀਟ ਨਾਂ ਦੇ ਇਲਾਕੇ ਵਿਚ ਕੁਝ ਦੁਕਾਨਾਂ ਹਨ। ਡਰਾਈਵਰ ਦੇ ਜਵਾਬ ਤੋਂ ਅੱਕੀ ਹੋਈ ਨੇ ਉਸਨੂੰ ਹੁਕਮ ਦਿੱਤਾ, ''ਮੈਨੂੰ ਖਾਨ ਮਾਰਕੀਟ ਲੈ ਚਲੋ।'' ਭਾਵੇਂ ਉਹ ਪੈਸੇ ਲੈ ਕੇ ਹੀ ਡਰਾਈਵਰ ਦੇ ਮਾਲਕ ਦੀ ਸਾਥਣ ਬਣੀ ਸੀ, ਪਰ ਇਸਦਾ ਡਰਾਈਵਰ ਨੂੰ ਕਿਵੇਂ ਪਤਾ ਹੋ ਸਕਦਾ ਸੀ? ਉਸ ਫ਼ੈਸਲਾ ਕਰ ਲਿਆ ਕਿ ਉਹ ਸਾਰੇ ਨੌਕਰਾਂ ਨੂੰ ਮਜਬੂਰ ਕਰੇਗੀ ਕਿ ਉਸਦੀ ਇੱਜ਼ਤ ਕਰਨ।

ਜਿੰਨਾ ਉਸਨੇ ਸੋਚਿਆ ਸੀ, ਖਾਨ ਮਾਰਕੀਟ ਉਸ ਤੋਂ ਕਿਤੇ ਨੇੜੇ ਸੀ। ਇਥੇ ਕਾਰਾਂ ਦੀ ਬਹੁਤ ਜ਼ਿਆਦਾ ਭੀੜ ਸੀ। ਡਰਾਈਵਰ ਨੇ ਉਸਨੂੰ ਬਾਹਰੀ ਐਂਡ ਸਨਜ਼ ਨਾਂ ਦੀ ਕਿਤਾਬਾਂ

ਦੀ ਦੁਕਾਨ ਦੇ ਫਾਟਕ ਲਾਹ ਦਿਤਾ। ਇਸ ਵਾਰ ਉਹ ਬਾਹਰ ਨਿਕਲਿਆ ਅਤੇ ਸਰੋਜਨੀ ਦੀ ਕਾਰ ਦਾ ਦਰਵਾਜ਼ਾ ਖੋਲ੍ਹਿਆ। ਸਰੋਜਨੀ ਦੀ ਸਖਤੀ ਨਾਲ ਕਹੀ ਹਰੀ ਗੱਲ ਨੇ ਉਸ ਉਤੇ ਅਸਰ ਪਾਇਆ ਸੀ। ਉਹ ਕਹਿਣ ਲਗਾ, ''ਮੈਂ ਗੱਡੀ ਖੜਾਉਣ ਲਈ ਥਾਂ ਲਭਦਾ ਹਾਂ ਮੈਮ ਸਾਹਬ। ਤੁਸੀਂ ਉਨੀ ਦੇਰ ਤਕ ਇਹ ਤੇ ਹੋਰ ਦੁਕਾਨਾਂ ਵੇਖੋ, ਮੈਂ ਤੁਹਾਨੂੰ ਇਥੇ ਹੀ ਲੈਣ ਆਵਾਂਗਾ।''

ਸਰੋਜਨੀ ਨੇ ਖਿੜਕੀਆਂ ਵਿਚ ਸਜਾਈਆਂ ਹੋਈਆਂ ਕਿਤਾਬਾਂ ਉਤੇ ਨਜ਼ਰ ਮਾਰੀ। ਅੰਦਰ ਜਾਣ ਦੀ ਥਾਂ ਉਸ ਫ਼ੈਸਲਾ ਕੀਤਾ ਕਿ ਉਹ ਬਾਹਰੋਂ ਹੀ ਮਾਰਕੀਟ ਦਾ ਚੱਕਰ ਲਾਏਗੀ ਅਤੇ ਵੇਖੇਗੀ ਕਿ ਇਥੋਂ ਉਹ ਹੋਰ ਕੀ ਕੁਝ ਖਰੀਦ ਸਕਦੀ ਹੈ। ਉਹ ਇਕ ਤੋਂ ਬਾਅਦ ਦੂਜੀਆਂ ਦੁਕਾਨਾਂ ਦੇ ਚੱਕਰ ਲਾਉਂਦੀ ਰਹੀ। ਇਸ ਮਾਰਕੀਟ ਵਿਚ ਸਭ ਕੁਝ ਮਿਲ ਸਕਦਾ ਸੀ: ਛੇ ਕਿਤਾਬਾਂ ਦੀਆਂ ਦੁਕਾਨਾਂ ਸਨ, ਅੱਠ ਰਸਾਲਿਆਂ ਦੇ ਸਟਾਲ ਸਨ, ਸਾੜੀਆਂ ਅਤੇ ਸੂਟ ਵੇਚਣ ਵਾਲੀਆਂ ਦੁਕਾਨਾਂ ਸਨ, ਬੱਚਿਆਂ ਦੇ ਕਪੜਿਆਂ ਦੀਆਂ ਦੁਕਾਨਾਂ ਸਨ। ਇਸ ਤੋਂ ਬਿਨਾਂ ਜੁੱਤੀਆਂ ਦੇ ਸਟੋਰ ਸਨ, ਕੈਮਿਸਟ ਸਨ, ਕਰਿਆਨੇ ਵਾਲੇ ਸਨ, ਮੀਟ ਵਾਲੇ, ਹਲਵਾਈ, ਪਾਨ ਵਾਲੇ, ਫੁੱਲਾਂ ਵਾਲੇ, ਆਈਸਕਰੀਮ ਵਾਲੇ ਸਨ, ਦੋ ਕੁ ਰੇਸਤਰਾਂ ਵੀ ਸਨ। ਕਰਿਆਨੇ ਦੀ ਦੁਕਾਨ ਤੋਂ ਉਹਨੇ ਅੱਧਾ ਕਿਲੋ ਬੇਬੀ ਕੌਰਨ ਖਰੀਦਿਆ ਜੋ ਇਸ ਤੋਂ ਪਹਿਲਾਂ ਉਹਨੇ ਕਦੇ ਨਹੀਂ ਸੀ ਦੇਖਿਆ। ਫੁੱਲਾਂ ਵਾਲੀ ਦੁਕਾਨ ਤੋਂ ਉਹਨੇ ਦਰਜਨ ਭਰ ਲਾਲ ਰੰਗ ਦੇ ਗੁਲਦਾਉਦੀ ਦੇ ਫੁੱਲ ਖਰੀਦੇ। ਮੋਹਨ ਦੇ ਘਰ ਜਾਂ ਬਾਗ ਵਿਚ ਫੁੱਲ ਦਿਖਾਈ ਨਹੀਂ ਸਨ ਦਿਤੇ। ਆਖਿਰ ਵਿਚ ਉਹਨੇ ਕਿਤਾਬਾਂ ਦੀ ਦੁਕਾਨ ਤੋਂ ਉਮਰ ਖਿਆਮ ਦੀਆਂ ਰੁਬਾਈਆਂ ਦੇ ਅੰਗਰੇਜ਼ੀ ਅਨੁਵਾਦ ਦੀ ਇਕ ਕਿਤਾਬ ਖਰੀਦੀ। ਅੰਗਰੇਜ਼ੀ ਕਵਿਤਾ ਬਾਰੇ ਜਾਣਕਾਰੀ ਲੈਣ ਲਈ ਇਹ ਕਿਤਾਬ ਬੜੀ ਚੰਗੀ ਸੀ।

ਉਹਦੀਆਂ ਬਾਹਾਂ ਫੁੱਲਾਂ ਨਾਲ ਭਰੀਆਂ ਪਈਆਂ ਸਨ। ਇਕ ਹੱਥ ਵਿਚ ਦੋ ਪਲਾਸਟਿਕ ਦੇ ਥੈਲੇ ਸਨ ਅਤੇ ਆਪਣਾ ਬੈਗ ਉਹਨੇ ਮੋਢੇ ਉਤੇ ਟੰਗਿਆ ਹੋਇਆ ਸੀ। ਸਰੋਜਨੀ ਬਾਹਰੀ ਐਂਡ ਸਨਜ਼ ਦੇ ਬਾਹਰ ਖੜੀ ਆਪਣੀ ਕਾਰ ਦੀ ਉਡੀਕ ਕਰ ਰਹੀ ਸੀ। ਅਚਨਚੇਤ ਹੀ ਇਕ ਕੁੜੀ ਦੇ ਉਤਸ਼ਾਹ ਭਰੇ ਬੋਲਾਂ ਨੇ ਉਸ ਨੂੰ ਹੈਰਾਨ ਕਰ ਦਿਤਾ: ''ਸਰੋਜ ਆਂਟੀ? ਤੁਸੀਂ ਇਥੇ ਕੀ ਕਰ ਰਹੇ ਹੋ? ਮੈਨੂੰ ਜਾਣਦੇ ਹੋ? ਮੈਂ ਸ਼ੀਤਲ ਹਾਂ।'' ਇਹ ਉਸਦੀ ਕੋਈ ਪੁਰਾਣੀ ਵਿਦਿਆਰਥਣ ਸੀ, ਜਿਹੜੀ ਵਿਆਹ ਤੋਂ ਬਾਅਦ ਦਿੱਲੀ ਆ ਕੇ ਰਹਿਣ ਲਗ ਪਈ ਸੀ। ਸਰੋਜਨੀ ਨੇ ਆਪਣੀ ਆਵਾਜ਼ ਵਿਚ ਪੈਦਾ ਹੋਏ ਡਰ ਨੂੰ ਦੂਰ ਰਖਣ ਦੀ ਪੂਰੀ ਵਾਹ ਲਾਉਂਦੇ ਹੋਰ ਜਵਾਬ ਦਿੱਤਾ, ''ਉਹ ਹਾਏ, ਮੈਂ ਕੁਝ ਦਿਨਾਂ ਲਈ ਇਥੇ ਖਰੀਦਦਾਰੀ ਕਰਨ ਅਤੇ ਸ਼ਹਿਰ ਵੇਖਣ ਆਈ ਹੋਈ ਹਾਂ।''

''ਤੁਸੀਂ ਸਾਡੇ ਘਰ ਜ਼ਰੂਰ ਆਓ ਆਂਟੀ, ਮੇਰੇ ਪਤੀ ਤੁਹਾਨੂੰ ਮਿਲ ਕੇ ਬਹੁਤ ਖੁਸ਼ ਹੋਣਗੇ। ਕਿਸੇ ਦਿਨ ਸਾਡੇ ਘਰ ਖਾਣਾ ਵੀ ਜ਼ਰੂਰ ਖਾਓ। ਮੈਨੂੰ ਆਪਣਾ ਪਤਾ ਤੇ ਟੈਲੀਫੋਨ ਨੰਬਰ ਦਿਓ।''

ਸਰੋਜਨੀ ਨੂੰ ਲੱਗਾ ਕਿ ਉਹ ਫਸ ਗਈ ਹੈ। ਉਹ ਕਹਿਣ ਲੱਗੀ, ''ਮੈਨੂੰ ਲਗਦਾ ਕਿ ਇਸ ਵਾਰੀ ਮੈਂ ਆ ਸਕਾਂਗੀ ਸੀਤਲ। ਜਿਥੇ ਮੈਂ ਠਹਿਰੀ ਹਾਂ ਉਸ ਦਾ ਮੈਨੂੰ ਟੈਲੀਫੋਨ ਨੰਬਰ ਤੇ ਅਡਰੈਸ ਨਹੀਂ ਪਤਾ। ਤੂੰ ਮੈਨੂੰ ਆਪਣਾ ਟੈਲੀਫੋਨ ਨੰਬਰ ਦੇ। ਮੈਂ ਤੈਨੂੰ ਫੋਨ ਕਰਾਂਗੀ।''

ਕੁੜੀ ਨੇ ਤੁਰੰਤ ਹੀ ਕਾਗਜ਼ ਉਤੇ ਆਪਣਾ ਫੋਨ ਨੰਬਰ ਲਿਖਿਆ, ''ਪਲੀਜ਼ ਮੇਰੇ ਨਾਲ ਸੰਪਰਕ ਜ਼ਰੂਰ ਕਰਨਾ। ਦਸੋ ਮੈਂ ਤੁਹਾਨੂੰ ਕਿਥੇ ਛੱਡ ਕੇ ਆਵਾਂ?''

''ਨਹੀਂ ਸ਼ੁਕਰੀਆ, ਮੇਰੇ ਮੇਜ਼ਬਾਨ ਨੇ ਮੈਨੂੰ ਆਪਣੀ ਕਾਰ ਦਿੱਤੀ ਹੋਈ ਹੈ।''

ਉਸੇ ਵੇਲੇ ਹੀ ਮੋਹਨ ਦੀ ਮਰਸਿਡੀਜ਼ ਕਾਰ ਆ ਖੜੀ ਹੋਈ। ਉਸਦੇ ਪਿੱਛੇ ਹੀ ਹੋਰ ਬਹੁਤ ਸਾਰੀਆਂ ਕਾਰਾਂ ਆ ਖੜੀਆਂ ਹੋਈਆਂ ਅਤੇ ਉਨ੍ਹਾਂ ਹਾਰਨ ਵਜਾਣੇ ਸ਼ੁਰੂ ਕਰ ਦਿਤੇ। ਸਰੋਜਨੀ ਕਾਰ ਵਿਚ ਬੈਠੀ ਤੇ ਕੁੜੀ ਨੂੰ ਅਲਵਿਦਾ ਕੀਤੀ ਤੇ ਕਾਰ ਚਲ ਪਈ। ਉਹ ਮੀਟ ਵਿਚ ਧੱਸ ਗਈ ਅਤੇ ਉਹਨੇ ਰਾਹਤ ਮਹਿਸੂਸ ਕੀਤੀ।

*****

ਸਰੋਜਨੀ ਘਰ ਪਹੁੰਚੀ ਅਤੇ ਬੇਅਰੇ ਨੂੰ ਕਿਹਾ ਕਿ ਉਹ ਗਲਦਾਉਦੀ ਦੇ ਫੁੱਲ ਕਿਸੇ ਬਰਤਨ ਵਿਚ ਰਖ ਦੇਵੇ। ਉਹ ਨਹਾਤੀ, ਆਪਣੀ ਨਾਈਟੀ ਪਾਈ ਅਤੇ ਫਿਰ ਅਗਰਬਤੀਆਂ ਜਗਾ ਕੇ ਸਰਸਵਤੀ ਦੀ ਪੂਜਾ ਕਰਨ ਲੱਗੀ।

ਪੂਜਾ ਕਰਨ ਤੋਂ ਬਾਅਦ ਉਹਨੇ ਕੁਰਸੀ ਖਿੱਚ ਕੇ ਬਾਲਕਨੀ ਵਿਚ ਕੀਤੀ ਅਤੇ ਮੋਹਨ ਦੀ ਉਡੀਕ ਕਰਨ ਲੱਗੀ। ਪਹਿਲੀ ਸ਼ਾਮ ਵਾਂਗ ਹੀ ਉਹਨੇ ਸੂਰਜ ਨੂੰ ਡੁੱਬਦੇ ਹੋਏ ਵੇਖਿਆ। ਉਸਨੇ ਦੇਖਿਆ ਕਿ ਚੰਦਰਮਾ ਦੇ ਨਾਲ ਹੀ ਸ਼ਾਮ ਦਾ ਤਾਰਾ ਚਮਕ ਰਿਹਾ ਸੀ। ਉਸਨੇ ਪਹਿਲਾਂ ਨਹੀਂ ਸੀ ਦੇਖਿਆ ਕਿ ਬਾਗ ਦੇ ਵਿਚ ਚੀਲ ਦੇ ਦੋ ਦਰਖਤ ਵੀ ਸਨ। ਉਹਨੂੰ ਨਹੀਂ ਸੀ ਪਤਾ ਕਿ ਮੈਦਾਨਾਂ ਵਿਚ ਵੀ ਚੀਲ ਦੇ ਦਰਖਤ ਉਗਦੇ ਹਨ। ਇਹ ਦੋਵੇਂ ਦਰਖਤ ਉਸੇ ਤਰ੍ਹਾਂ ਦੇ ਹੀ ਹਰੇ ਭਰੇ ਅਤੇ ਭਰਵੇਂ ਦਿਖਾਈ ਦੇ ਰਹੇ ਸਨ, ਜਿਸ ਤਰ੍ਹਾਂ ਦੇ ਉਹਨੇ ਸ਼ਿਵਾਲਿਕ ਦੀਆਂ ਪਹਾੜੀਆਂ ਤੇ ਵੇਖੇ ਸਨ। ਉਹ ਮੋਹਨ ਨੂੰ ਪੁਛੇਗੀ ਕਿ ਇਹ ਦਰਖਤ ਕਿਥੋਂ ਲਏ ਸਨ।

ਠੀਕ ਸਾਢੇ ਛੇ ਵਜੇ ਲੋਹੇ ਦਾ ਗੇਟ ਖੁਲ੍ਹਾ ਅਤੇ ਮਰਸੀਡਿਜ਼ ਕਾਰ ਅੰਦਰ ਆਈ। ਪੌੜੀਆਂ ਚੜ੍ਹਦੇ ਹੋਏ ਮੋਹਨ ਨੂੰ ਅਗਰਬਤੀ ਦੀ ਮਹਿਕ ਮਹਿਸੂਸ ਹੋਈ। ਜਦੋਂ ਉਹ ਬਾਹਰ ਬਾਲਕਨੀ ਵਿਚ ਆਇਆ ਤਾਂ ਉਸਨੇ ਵੇਖਿਆ ਕਿ ਗੁਲਦਾਉਦੀ ਦੇ ਫੁੱਲ ਰਖੇ ਹੋਏ ਸਨ। ਖਾਣੇ ਦੇ ਮੇਜ਼ ਤੇ ਇਕ ਪਾਰਸਲ ਪਿਆ ਹੋਇਆ ਸੀ।

ਉਹਨੇ ਆਉਂਦੇ ਸਾਰ ਹੀ ਕਿਹਾ, ''ਲਗਦਾ ਹੈ ਕਿ ਤੂੰ ਅੱਜ ਬਾਜ਼ਾਰ ਗਈ ਸੀ।''

''ਮੈਂ ਤੁਹਾਡੇ ਲਈ ਫੁੱਲ ਲੈਣ ਖਾਨ ਮਾਰਕੀਟ ਗਈ ਸਾਂ ਅਤੇ ਨਾਲ ਹੀ ਮੈਂ ਕੁਝ

ਬੇਬੀ ਕਾਰਨ ਵੀ ਲਿਆਂਦਾ ਹੈ। ਤੁਹਾਡੇ ਰਾਤ ਦੇ ਖਾਣੇ ਵਿਚ ਇਹ ਠੀਕ ਰਹੇਗਾ। ਮੈਂ ਤੁਹਾਡੇ ਲਈ ਕਵਿਤਾਵਾਂ ਦੀ ਇਕ ਕਿਤਾਬ ਵੀ ਖਰੀਦੀ ਹੈ।''

ਉਹਨੇ ਹੈਰਾਨੀ ਭਰੀ ਆਵਾਜ਼ ਵਿਚ ਪੁੱਛਿਆ, ''ਕਵਿਤਾਵਾਂ ਦੀ ਕਿਤਾਬ? ਸਕੂਲ ਛੱਡਣ ਤੋਂ ਬਾਅਦ ਮੈਂ ਕੋਈ ਕਵਿਤਾ ਨਹੀਂ ਪੜੀ। ਸਿਰਫ ਨਰਸਰੀ ਦੀਆਂ ਕਵਿਤਾਵਾਂ ਹੀ ਜਾਣਦਾ ਹਾਂ। ਮੈਨੂੰ ਕਵਿਤਾ ਦੀ ਸਮਝ ਨਹੀਂ ਹੈ।''

ਉਸ ਜਵਾਬ ਦਿਤਾ, ''ਕੋਈ ਚਿੰਤਾ ਨਹੀਂ, ਕੁਝ ਕਵਿਤਾਵਾਂ ਮੈਂ ਤੁਹਾਨੂੰ ਪੜ੍ਹ ਕੇ ਸੁਣਾਵਾਂਗੀ। ਜੇ ਤੁਹਾਨੂੰ ਇਹ ਪਸੰਦ ਨਾ ਆਉਣ ਤਾਂ ਮੈਂ ਇਹ ਕਿਤਾਬ ਦੁਕਾਨ ਤੇ ਵਾਪਸ ਕਰ ਆਵਾਂਗੀ।''

ਮੋਹਨ ਨੇ ਪਾਰਸਲ ਖੋਲ੍ਹਿਆ ਅਤੇ ਕਿਤਾਬ ਦੀ ਜਿਲਦ ਅਤੇ ਇਸ ਵਿਚਲੀਆਂ ਤਸਵੀਰਾਂ ਤੋਂ ਪ੍ਰਭਾਵਤ ਹੋਇਆ। ਉਹ ਕਹਿਣ ਲੱਗਾ, ''ਕਿਤਾਬਾਂ ਦੀ ਦੁਕਾਨਾਂ ਵਾਲੇ ਵਿਕੀਆਂ ਹੋਈਆਂ ਕਿਤਾਬਾਂ ਵਾਪਸ ਨਹੀਂ ਲੈਂਦੇ। ਦੂਜਾ ਤੁਸੀਂ ਇਸ ਉਤੇ 'ਮੋਹਨ ਨੂੰ ਪਿਆਰ ਨਾਲ' ਲਿਖ ਦਿੱਤਾ ਹੈ। ਜੇ ਤੈਨੂੰ ਖ਼ੁਸ਼ੀ ਹੁੰਦੀ ਹੈ ਤਾਂ ਮੈਂ ਇਹਨੂੰ ਪੜ ਲਵਾਂਗਾ।''

ਉਹ ਆਪਣੇ ਕਮਰੇ ਵਿਚ ਗਿਆ। ਦੁਬਾਰਾ ਸ਼ੇਵ ਕੀਤੀ, ਨਹਾਤਾ, ਕਪੜੇ ਪਾਏ ਅਤੇ ਬਾਲਕਨੀ ਵਿਚ ਉਸ ਕੋਲ ਆ ਬੈਠਾ। ਉਹਨੇ ਸ਼ਰਾਬ ਵਾਲੀ ਅਲਮਾਰੀ ਵਿਚੋਂ ਸ਼ੈਰੀ ਤੇ ਸਕਾਚ ਦੀਆਂ ਬੋਤਲਾਂ ਕੱਢੀਆਂ।

ਸਰੋਜਨੀ ਨੇ ਕਿਹਾ, ''ਮੈਨੂੰ ਇਕ ਗਿਲਾਸ ਤੋਂ ਵੱਧ ਨਾ ਦੇਣਾ। ਮੈਂ ਕਲ੍ਹ ਸ਼ਾਮ ਰਤਾ ਕੁ ਸ਼ਰਾਬੀ ਹੋ ਗਈ ਸਾਂ। ਮੈਨੂੰ ਆਪਣਾ ਦਿਲ ਪੱਕਾ ਕਰਨ ਲਈ ਥੋੜ੍ਹੀ ਜਿਹੀ ਚਾਹੀਦੀ ਹੈ। ਇਕ ਗਿਲਾਸ ਹੀ ਕਾਫੀ ਰਹੇਗਾ।''

ਮੋਹਨ ਨੇ ਉਹਨੂੰ ਸ਼ੈਰੀ ਦਾ ਗਿਲਾਸ ਦਿਤਾ ਅਤੇ ਆਪ ਸਕਾਚ ਲੈ ਕੇ ਬੈਠ ਗਿਆ।

ਉਹ ਪੁਛਣ ਲਗੀ, ''ਤੁਹਾਡਾ ਦਿਨ ਕਿਵੇਂ ਦਾ ਰਿਹਾ?''

''ਮਾੜਾ ਨਹੀਂ, ਅਜ ਮੈਨੂੰ ਅਮਰੀਕਾ ਤੋਂ ਤਿਆਰ ਕਪੜਿਆਂ ਦਾ ਇਕ ਵੱਡਾ ਆਰਡਰ ਮਿਲਿਆ ਹੈ। ਇਸ ਨਾਲ ਮੈਨੂੰ ਕਾਫੀ ਸਾਰੇ ਡਾਲਰਾਂ ਦੀ ਕਮਾਈ ਹੋਵੇਗੀ। ਤੂੰ ਮੇਰੇ ਲਈ ਗ੍ਰਹਿ ਲਕਸ਼ਮੀ ਸਾਬਿਤ ਹੋਈ ਹੈਂ।'' ਇਹ ਕਹਿ ਕੇ ਮੋਹਨ ਨੇ ਉਸ ਵਲ ਵੇਖਦੇ ਹੋਏ ਆਪਣੀ ਅੱਖ ਦੱਬੀ।

''ਮੇਰੇ ਆਉਣ ਨਾਲ ਤੁਹਾਨੂੰ ਕੋਈ ਕਮਾਈ ਹੋਈ ਹੈ ਪਰ ਇਸਦਾ ਮਤਲਬ ਇਹ ਨਹੀਂ ਕਿ ਮੈਂ ਇਸ ਘਰ ਦੀ ਔਰਤ ਹਾਂ। ਗ੍ਰਹਿ ਦਾ ਤਾਂ ਇਹੀ ਮਤਲਬ ਹੁੰਦਾ ਹੈ।''

ਉਹ ਦੋਵੇਂ ਹੱਸ ਪਏ। ਸਰੋਜਨੀ ਨੇ ਰੁਬਾਈਆਂ ਦੀ ਕਿਤਾਬ ਕੱਢੀ ਅਤੇ ਕਹਿਣ ਲੱਗੀ, ''ਇਹ ਰੁਬਾਈ ਸੁਣ, ਇਹ ਮੈਨੂੰ ਸਭ ਤੋਂ ਵੱਧ ਪਸੰਦ ਹੈ।'' ਰੁਬਾਈ ਪੜਨ ਤੋਂ ਬਾਅਦ ਉਸ ਪੁਛਿਆ, ''ਇਹ ਤੈਨੂੰ ਕਿਵੇਂ ਲੱਗੀ?''

''ਬਹੁਤ ਚੰਗੀ। ਇਹ ਕਿਸਨੇ ਲਿਖੀ ਹੈ?''

''ਉਮਰ ਖਿਆਮ ਨੇ ਇਹ ਫਾਰਸੀ ਵਿਚ ਲਿਖੀ ਸੀ। ਇਹ ਇਸਦਾ ਅੰਗਰੇਜ਼ੀ ਅਨੁਵਾਦ ਹੈ। ਉਮਰ ਖਿਆਮ ਨੇ ਸ਼ਰਾਬਖਾਨੇ ਅਤੇ ਸਮੇਂ ਬਾਰੇ ਬਹੁਤ ਖਿਆਲੀਆ ਰੁਬਾਈਆਂ ਲਿਖੀਆਂ ਹਨ।''

ਮੋਹਨ ਨੇ ਕਿਹਾ, ''ਇਕ ਸ਼ਾਮ ਲਈ ਇਕ ਰੁਬਾਈ ਹੀ ਕਾਫੀ ਹੈ। ਇਕ ਤੋਂ ਵੱਧ ਮੈਂ ਪਚਾ ਨਹੀਂ ਸਕਾਂਗਾ।''

ਉਨ੍ਹਾਂ ਆਪੋ ਆਪਣੀ ਸ਼ਰਾਬ ਪੀਤੀ। ਸਰੋਜਨੀ ਨੂੰ ਉਹਨੇ ਸ਼ੈਰੀ ਦਾ ਦੂਜਾ ਗਿਲਾਸ ਲੈਣ ਲਈ ਵੀ ਮਨਾ ਲਿਆ। ਦੋਵਾਂ ਇਕਠਿਆਂ ਰਾਤ ਦਾ ਖਾਣਾ ਖਾਧਾ ਤੇ ਮੋਹਨ ਨੇ ਸਿਗਾਰ ਲਾ ਲਿਆ। ਕਲ੍ਹ ਸ਼ਾਮ ਵਾਲੀ ਕਾਹਲੀ ਜਿਹੀ ਭਾਵਨਾ ਅੱਜ ਨਹੀਂ ਸੀ। ਆਪਣੇ ਮੂੰਹ ਵਿਚ ਸਿਗਾਰ ਲੈ ਕੇ ਹੀ ਉਹ ਬਾਹਰਲਾ ਗੇਟ ਅਤੇ ਅੰਦਰਲੇ ਦਰਵਾਜ਼ੇ ਬੰਦ ਕਰਨ ਗਿਆ, ਝਾੜੀ ਦੇ ਕੋਲ ਖੜ੍ਹਾ ਹੋਇਆ ਅਤੇ ਪਿਸ਼ਾਬ ਕੀਤਾ। ਉਹ ਉਪਰ ਆਇਆ, ਅੱਧਾ ਪੀਤਾ ਸਿਗਾਰ ਉਹਨੇ ਐਸ਼ਟਰੇ ਵਿਚ ਬੁਝਾਇਆ ਅਤੇ ਆਪਣੇ ਮੂੰਹ ਵਿਚੋਂ ਤੰਬਾਕੂ ਦੀ ਬਦਬੂ ਖਤਮ ਕਰਨ ਲਈ ਬਾਥਰੂਮ ਜਾ ਕੇ ਗਰਾਰੇ ਕੀਤੇ। ਜਦੋਂ ਉਹ ਵਾਪਸ ਪਰਤਿਆ ਤਾਂ ਸਰੋਜਨੀ ਨੇ ਆਪਣਾ ਹੱਥ ਉਸ ਵੱਲ ਵਧਾ ਦਿੱਤਾ। ਉਹ ਕੁਝ ਸਮੇਂ ਤਕ ਉਸਦਾ ਹੱਥ ਫੜੀ ਖੜ੍ਹਾ ਰਿਹਾ ਅਤੇ ਫਿਰ ਉਸਨੂੰ ਖਿੱਚ ਕੇ ਖੜੀ ਕਰਦੇ ਹੋਏ ਕਹਿਣ ਲੱਗਾ, ''ਚਲੋ ਬਿਸਤਰੇ 'ਚ ਚਲੀਏ।''

ਮੋਹਨ ਅੱਗੇ ਅੱਗੇ ਅਤੇ ਸਰੋਜਨੀ ਮਗਰ ਮਗਰ ਬੈਡਰੂਮ ਵਿਚ ਗਏ। ਮੋਹਨ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ 24 ਘੰਟਿਆਂ ਵਿਚ ਹੀ ਹਾਲਾਤ ਬਦਲ ਗਏ ਸਨ। ਕਲ੍ਹ ਸ਼ਾਮ ਉਹ ਖ਼ੁਦ ਸ਼ਿਕਾਰੀ ਸੀ ਅਤੇ ਸਰੋਜਨੀ ਇਕ ਡਰੀ ਹੋਈ ਛੋਟੀ ਜਿਹੀ ਹਿਰਨੀ। ਅੱਜ ਦੀ ਸ਼ਾਮ ਉਹ ਖ਼ੁਦ ਇਕ ਸ਼ਿਕਾਰੀ ਬਣੀ ਹੋਈ ਸੀ ਅਤੇ ਸ਼ਿਕਾਰ ਨੂੰ ਆਪਣੀ ਗੁਫਾ ਵਿਚ ਲਿਜਾ ਰਹੀ ਸੀ।

ਇਸ ਵਾਰ ਉਹਨੇ ਇਹ ਨਹੀਂ ਕਿਹਾ ਕਿ ਉਹ ਨਰਮੀ ਵਰਤੇ। ਨਾ ਹੀ ਉਹਨੇ ਉਸਦੇ ਅੰਗ ਬਾਰੇ ਹੀ ਕੋਈ ਡਰ ਪ੍ਰਗਟ ਕੀਤਾ। ਸਗੋਂ ਉਹ ਪ੍ਰਸੰਸਾ ਭਰੀਆਂ ਨਜ਼ਰਾਂ ਨਾਲ ਉਸ ਵਲ ਵੇਖਦੀ ਰਹੀ। ਆਪਣੀਆਂ ਉਂਗਲਾਂ ਨਾਲ ਪਿਆਰ ਨਾਲ ਇਸਨੂੰ ਸਹਿਲਾਉਂਦੀ ਰਹੀ ਅਤੇ ਫਿਰ ਖ਼ੁਦ ਹੀ ਪਹਿਲ ਵੀ ਕੀਤੀ। ਮੋਹਨ ਨੂੰ ਲੱਗਾ ਕਿ ਦੂਜੀ ਵਾਰੀ ਵੀ ਪਹਿਲੀ ਵਾਰੀ ਜਿੰਨਾ ਹੀ ਆਨੰਦ ਆਇਆ ਸੀ। ਪਹਿਲੀ ਵਾਰ ਉਹਨੇ ਇਕ ਜਿੱਤ ਹਾਸਲ ਕੀਤੀ ਸੀ ਅਤੇ ਦੂਜੀ ਵਾਰੀ ਇਸ ਜਿੱਤ ਉਤੇ ਦੋਹਰ ਪਾਈ ਸੀ। ਉਹ ਇੰਨੀ ਗਹਿਰੀ ਨੀਂਦ ਸੁੱਤਾ ਕਿ ਉਹਨੂੰ ਪਤਾ ਹੀ ਨਹੀਂ ਲੱਗਾ ਕਿ ਸਰੋਜਨੀ ਕਦੋਂ ਉੱਠ ਕੇ ਆਪਣੇ ਕਮਰੇ ਵਿਚ ਚਲੀ ਗਈ ਸੀ।

*****

ਪਹਿਲੇ ਕੁਝ ਦਿਨ ਬੜੇ ਖ਼ੁਸ਼ਗਵਾਰ ਰਹੇ। ਫਿਰ ਵੀ ਮੋਹਨ ਨੂੰ ਮਹਿਸੂਸ ਹੋਇਆ ਕਿ ਨੌਕਰਾਂ ਅੰਦਰ ਰਤਾ ਕੁ ਰੋਸ ਵੱਧ ਰਿਹਾ ਸੀ, ਕੀ ਗੱਲ ਸੀ ਕਿ ਇਸ ਲੇਡੀ ਪ੍ਰੋਫੈਸਰ ਦੀ

ਅਤੇ ਨਾ ਹੀ ਆਪਣੇ ਲਈ ਦਫਤਰ ਮਕਾਨ ਹੀ ਵੇਖ ਰਹੀ ਸੀ। ਉਨ੍ਹਾਂ ਤਰਾਂਵਿਚ ਜੀਵਨ ਹੋਮ
ਤੋਂ ਪਤਾ ਕਰ ਲਿਆ ਸੀ ਕਿ ਦੁਪਹਿਰ ਤੋਂ ਬਾਅਦ ਉਹ ਕਿਤਾਬਾਂ ਦੀਆਂ ਦੁਕਾਨਾਂ,
ਅਜਾਇਬ ਘਰਾਂ, ਕਲਾ ਦੀਆਂ ਨੁਮਾਇਸ਼ਾਂ ਅਤੇ ਇਤਿਹਾਸਕ ਸਥਾਨਾਂ ਦੇ ਹੀ ਚੱਕਰ ਕੱਢਦੀ
ਹੈ। ਧੰਨੋ ਪਾਸ ਤੌਰ 'ਤੇ ਬਹੁਤ ਗੁੱਸੇ ਵਿਚ ਸੀ। ਉਹਨੇ ਕਿਹਾ ਤਾਂ ਕੁਝ ਨਹੀਂ, ਪਰ ਉਹ ਮੋਹਨ
ਵੱਲ ਝਾਕਣਾ ਵੀ ਬੰਦ ਕਰ ਗਈ ਸੀ। ਉਹ ਚੁੱਪ ਰਹਿ ਕੇ ਹੀ ਫਰਸ਼ ਉਤੇ ਝਾੜੂ ਅਤੇ ਪੋਚਾ
ਮਾਰਦੀ ਅਤੇ ਫਿਰ ਆਪਣਾ ਝਾੜੂ ਪੋਚਾ ਤੇ ਬਾਲਟੀ ਚੁਕ ਕੇ ਬਾਹਰ ਚਲੀ ਜਾਂਦੀ। ਜਦੋਂ
ਕਦੇ ਮੋਹਨ ਉਸਨੂੰ 200 ਰੁਪਏ ਫਾਲਤੂ ਦਿੰਦਾ ਤਾਂ ਉਹ ਧੰਨਵਾਦ ਕੀਤੇ ਬਿਨਾਂ ਹੀ ਫੜ
ਲੈਂਦੀ। ਇਕ ਵਾਰ ਉਹਨੇ ਸੁਣਿਆ ਕਿ ਧੰਨੋ ਰਸੋਈਏ ਨੂੰ ਕਹਿ ਰਹੀ ਸੀ, ''ਮੈਨੂੰ ਨਹੀਂ ਪਤਾ
ਕਿ ਉਹ ਮਾਲਕ ਦੀ ਕੀ ਲਗਦੀ ਹੈ, ਪਰ ਉਹਦੀ ਭੈਣ ਨਹੀਂ ਲਗਦੀ।'' ਰਸੋਈਏ ਨੇ
ਉਹਨੂੰ ਝਾੜਿਆ, ''ਤੈਨੂੰ ਇਸ ਨਾਲ ਕੀ ਮਤਲਬ ਹੈ, ਆਪਣਾ ਕੰਮ ਕਰ ਤੇ ਬਹੁਤੀ ਬਕ ਬਕ
ਨਾ ਕਰ।''

ਲੇਡੀ ਪ੍ਰੋਫੈਸਰ ਪ੍ਰਤੀ ਮੋਹਨ ਦੀ ਖਿੱਚ ਵੀ ਹੌਲੀ ਹੌਲੀ ਘੱਟ ਹੁੰਦੀ ਗਈ। ਪਹਿਲੇ
ਹਫਤੇ ਦੌਰਾਨ ਜਿੰਨੀ ਵਾਰੀ ਉਹ ਉਸਦੇ ਬੈਡਰੂਮ ਵਿਚ ਜਾਇਆ ਕਰਦਾ ਸੀ ਹੁਣ ਉਹ ਉਨੀ
ਵਾਰ ਨਹੀਂ ਸੀ ਜਾਇਆ ਕਰਦਾ। ਹੁਣ ਅਕਸਰ ਸਰੋਜਨੀ ਹੀ ਖਾਣੇ ਤੋਂ ਪਹਿਲਾਂ ਸ਼ਰਾਬ
ਪੀਣ ਵੇਲੇ ਇਸ਼ਾਰਿਆਂ ਨਾਲ ਸੰਕੇਤ ਦਿੰਦੀ ਸੀ ਕਿ ਉਸਦੇ ਮਨ ਵਿਚ ਕੀ ਹੈ। ਉਹ ਆਪਣੀ
ਬਾਂਹ ਸਿਰ ਦੇ ਉਪਰ ਕਰਕੇ ਅੰਗੜਾਈ ਲੈਂਦੀ। ਇਸ ਨਾਲ ਉਸਦੀਆਂ ਛਾਤੀਆਂ ਅੱਧ
ਨੰਗੀਆਂ ਹੋ ਜਾਂਦੀਆਂ। ਉਸਨੂੰ ਸ਼ੈਰੀ ਪਸੰਦ ਆਉਣ ਲੱਗੀ ਸੀ। ਹਰ ਸ਼ਾਮ ਉਹ ਤਿੰਨ ਤੋਂ 4
ਗਿਲਾਸ ਪੀ ਜਾਂਦੀ ਸੀ। ਇਸਦੇ ਇਲਾਵਾ ਉਹ ਉਮਰ ਖ਼ਿਆਮ ਦੀਆਂ ਰੁਬਾਈਆਂ ਵੀ
ਪੜਦੀ ਸੀ। ਇਕ ਸ਼ਾਮ ਉਹਨੇ ਕਿਹਾ, ''ਤੁਹਾਨੂੰ ਇਹ ਪਸੰਦ ਆਵੇਗੀ, ਇਹ ਸ਼ਰਾਬ ਦੇ
ਹੱਕ ਵਿਚ ਲਿਖੀ ਗਈ ਹੈ।'' ਉਹਨੇ ਇਹ ਰੁਬਾਈ ਉੱਚੀ ਪੜ੍ਹ ਕੇ ਸੁਣਾਈ।

ਮੋਹਨ ਨੇ ਮਾਸੂਮੀਅਤ ਨਾਲ ਪੁਛਿਆ, ''ਇਸਦਾ ਮਤਲਬ ਕੀ ਹੈ?''

''ਮਤਲਬ ਬੜਾ ਸਾਦਾ ਹੈ, ਜੋ ਕੁਝ ਤੁਸੀਂ ਕਰ ਰਹੇ ਹੋ, ਉਸ ਉਤੇ ਕੋਈ ਅਫਸੋਸ
ਨਾ ਕਰੋ। ਤੁਹਾਡੇ ਕੋਲ ਜਿਉਣ ਲਈ ਸਿਰਫ ਇਕੋ ਜੀਵਨ ਹੈ। ਇਸ ਦਾ ਭਰਪੂਰ ਆਨੰਦ
ਮਾਣੋ। ਸਮਾਂ ਉੜਦੇ ਪੰਛੀ ਵਾਂਗ ਤੇਜ਼ੀ ਨਾਲ ਉਡਦਾ ਜਾਂਦਾ ਹੈ।''

ਮੋਹਨ ਦਾ ਜਵਾਬ ਸੀ, ''ਇਸਦੀ ਮੈਨੂੰ ਸਮਝ ਆ ਗਈ ਹੈ। ਇਹੀ ਕੁਝ ਤਾਂ ਅਸੀਂ,
ਤੂੰ ਅਤੇ ਮੈਂ ਕਰ ਰਹੇ ਹਾਂ।''

''ਬਿਲਕੁਲ ਠੀਕ, ਆਪਣੇ ਮਨ ਦੀ ਮਰਜ਼ੀ ਕਰੋ, ਅਤੇ ਸੰਸਾਰ ਨੂੰ ਢੱਠੇ ਖੂਹ ਵਿਚ
ਪੈਣ ਦਿਓ।''

ਉਹ ਰਾਤ ਤਾਂ ਸਿਰਫ ਪਿਆਰ ਲਈ ਹੀ ਬਣੀ ਸੀ। ਪੂਰਨਮਾਸ਼ੀ ਦੇ ਚੰਦ ਦੀ

ਚਾਨਣੀ ਬਾਗ ਵਿਚ ਫੈਲੀ ਹੋਈ ਸੀ। ਝੀਲ ਦੇ ਦਰਖਤਾਂ ਵਿਚ ਦੀ ਛਣ ਛਣ ਕੇ ਚਾਨਣੀ ਹੇਠਾਂ ਆ ਰਹੀ ਸੀ। ਜਦੋਂ ਮੋਹਨ ਹੇਠਾਂ ਝਾੜੀ ਦੇ ਕੋਲ ਪਿਸ਼ਾਬ ਕਰਨ ਗਿਆ ਤਾਂ ਸਰੋਜਨੀ ਉਸਦੇ ਪਿਸ਼ਾਬ ਦੀ ਧਾਰ ਵੇਖ ਸਕਦੀ ਸੀ। ਉਹ ਉਪਰੋਂ ਹੀ ਕਹਿਣ ਲੱਗੀ, ''ਓਏ ਮਿਸਟਰ, ਓਏ ਮਿਸਟਰ, ਤੂੰ ਮੇਰੇ ਬਾਗ ਵਿਚ ਕੀ ਕਰ ਰਿਹਾ ਹੈ?'' ਉਸਨੇ ਮੁੜਕੇ ਜਵਾਬ ਦਿਤਾ, ''ਤੂੰ ਦੇਖਣਾ ਚਾਹੁੰਦੀ ਹੈ ਕਿ ਮੈਂ ਕੀ ਕਰ ਰਿਹਾ ਹਾਂ? ਇਹ ਲੈ ਵੇਖ।'' ਅਜਿਹਾ ਕਹਿ ਕੇ ਉਹ ਪਿਸ਼ਾਬ ਕਰਦੇ ਹੋਏ ਹੀ ਉਸ ਵਲ ਮੁੜ ਗਿਆ।

ਜਦੋਂ ਉਹ ਪੌੜੀਆਂ ਚੜ ਕੇ ਬਾਲਕਾੱਨੀ ਵਿਚ ਆਇਆ ਤਾਂ ਸਰੋਜਨੀ ਨੇ ਬੜੇ ਮੂਡ ਵਿਚ ਕਿਹਾ, ''ਬੇਸ਼ਰਮ ਆਦਮੀ!''

''ਬੇਸ਼ਰਮ ਤੂੰ! ਤੂੰ ਹੀ ਮੈਨੂੰ ਦੱਸਿਆ ਸੀ ਕਿ ਮੈਂ ਤੈਨੂੰ ਵਿਖਾਵਾਂ ਕਿ ਮੈਂ ਕੀ ਕਰ ਰਿਹਾ ਸੀ, ਲੈ ਹੁਣ ਤੂੰ ਨੇੜਿਓਂ ਵੇਖ ਲੈ।''

ਜਦੋਂ ਕੁਰਸੀ 'ਤੇ ਬੈਠਾ ਤਾਂ ਉਹਨਾਂ ਦੀਆਂ ਲੱਤਾਂ ਇਕ ਦੂਜੇ ਤੋਂ ਦੂਰ ਸਨ ਅਤੇ ਉਹ ਸਰੋਜਨੀ ਦੇ ਸਾਹਮਣੇ ਨੰਗਾ ਬੈਠਾ ਸੀ। ਸਰੋਜਨੀ ਨੇ ਆਪਣੇ ਗਾਊਨ ਦੀਆਂ ਤਣੀਆਂ ਖੋਲੀਆਂ ਅਤੇ ਉਸਦੇ ਕੋਲ ਆ ਕੇ ਉਸਦੇ ਉਪਰ ਚੜ੍ਹ ਬੈਠੀ। ਉਹਨੇ ਆਪਣੇ ਹੱਥ ਮੋਹਨ ਦੇ ਮੋਢਿਆਂ ਉਤੇ ਰੱਖੇ ਅਤੇ ਪਿਛੇ ਨੂੰ ਝੁਕ ਗਈ ਤਾਂ ਕਿ ਮੋਹਨ ਦੇਖ ਸਕੇ ਕਿ ਉਸਦੇ ਸਰੀਰ ਦਾ ਇਕ ਛੋਟਾ ਜਿਹਾ ਹਿੱਸਾ ਉਸਦੇ ਖੁਦ ਦੇ ਸਰੀਰ ਦੇ ਕਿਡੇ ਵੱਡੇ ਹਿਸੇ ਨੂੰ ਆਪਣੇ ਅੰਦਰ ਸਮਾਂ ਲਵੇਗਾ। ਸਾਰੇ ਦੇ ਸਾਰੇ ਨੂੰ। ਉਨ੍ਹਾਂ ਇਸ ਵਾਰ ਆਪਣੇ ਸੋਣ ਕਮਰਿਆਂ ਦੇ ਅੰਦਰ ਨਹੀਂ ਸਗੋਂ ਚੰਨ ਚਾਨਣੀ ਹੇਠ ਬਾਲਕਨੀ ਵਿਚ ਪਿਆਰ ਕੀਤਾ। ਬਾਹਰਲੀ ਕੰਧ ਤੋਂ ਝਾਤੀ ਮਾਰਨ ਵਾਲਾ ਕੋਈ ਵੀ ਬੰਦਾ ਦੇਖ ਸਕਦਾ ਸੀ ਕਿ ਉਹ ਕੀ ਕਰ ਰਹੇ ਸਨ। ਬਿਸਤਰੇ ਵਿਚ ਪਹਿਲਾਂ ਕੀਤੇ ਗਏ ਪਿਆਰ ਨਾਲੋਂ ਇਸ ਵਾਰੀ ਦੋਹਾਂ ਨੂੰ ਹੀ ਬਹੁਤ ਜ਼ਿਆਦਾ ਤਸੱਲੀ ਮਿਲੀ ਸੀ। ਉਹ ਉਠੀ ਅਤੇ ਆਪਣੇ ਗਾਊਨ ਦੀਆਂ ਤਣੀਆਂ ਬੰਨ੍ਹਦੇ ਹੋਏ ਪੁੱਛਣ ਲਗੀ, ''ਕੀ ਇਸ ਤੋਂ ਪਹਿਲਾਂ ਕਦੇ ਬਾਲਕਨੀ ਵਿਚ ਪਿਆਰ ਕੀਤਾ ਸੀ?''

''ਕਦੇ ਨਹੀਂ! ਕੀ ਤੂੰ ਸੋਚਦੀ ਹੈ ਕਿ ਮੈਂ ਪਾਗਲ ਹਾਂ?''

ਉਹ ਹਸਦੀ ਹੋਈ ਕਹਿਣ ਲੱਗੀ, ''ਅਸੀਂ ਦੋਵੇਂ ਹੀ ਥੋੜ੍ਹੇ ਥੋੜ੍ਹੇ ਪਾਗਲ ਹਾਂ।''

ਉਸ ਰਾਤ ਦੋਵੇਂ ਇਕੋ ਬਿਸਤਰੇ ਵਿਚ ਸੁੱਤੇ ਪਰ ਉਨ੍ਹਾਂ ਦੇ ਸਰੀਰਾਂ ਉਤੇ ਇਕ ਵੀ ਕੱਪੜਾ ਨਹੀਂ ਸੀ। ਮੋਹਨ ਨੂੰ ਜਾਗ ਆਈ ਤਾਂ ਰਸੋਈਆ ਪਿਛਲੇ ਦਰਵਾਜ਼ੇ ਉਤੇ ਦਸਤਕ ਦੇ ਰਿਹਾ ਸੀ। ਉਸਨੇ ਤੁਰੰਤ ਆਪਣਾ ਗਾਊਨ ਪਾਇਆ ਤੇ ਪੌੜੀਆਂ ਉਤਰ ਗਿਆ। ਸਰੋਜਨੀ ਨੇ ਆਪਣਾ ਗਾਊਨ ਚੁਕਿਆ ਅਤੇ ਨੰਗੀ ਹੀ ਆਪਣੇ ਕਮਰੇ ਵਿਚ ਚਲੇ ਗਈ ਅਤੇ ਇਸਨੂੰ ਅੰਦਰੋਂ ਕੁੰਡੀ ਲਾ ਲਈ।

*****

ਜਿਸ ਦਿਨ ਤੋਂ ਉਹਨਾਂ ਦੇ ਸਬੰਧ ਸ਼ੁਰੂ ਹੋਏ ਸਨ, ਉਸੇ ਦਿਨ ਤੋਂ ਮੋਹਨ ਅਤੇ ਸਰੋਜਨੀ ਨੂੰ ਪਤਾ ਸੀ ਕਿ ਇਹ ਬਹੁਤੀ ਦੇਰ ਤਕ ਨਹੀਂ ਚਲਣਗੇ। ਉਹ ਮਹਿਸੂਸ ਕਰਦੇ ਸਨ ਕਿ ਉਹਨਾਂ ਤੋਂ ਬਾਹਰ ਕਿਸੇ ਸੰਸਾਰ ਦੀ ਹੋਂਦ ਨਹੀਂ, ਪਰ ਆਖਿਰਕਾਰ ਇਸ ਸੰਸਾਰ ਦੀ ਹੋਂਦ ਦਾ ਪਤਾ ਲਗ ਹੀ ਜਾਣਾ ਸੀ। ਉਹ ਨਹੀਂ ਸੀ ਚਾਹੁੰਦੇ ਕਿ ਇਸਦਾ ਪਤਾ ਇੰਜ ਲਗੇ।

ਪਹਿਲੀ ਨਵੰਬਰ ਦਾ ਦਿਨ ਆ ਗਿਆ। ਸਰੋਜਨੀ ਜਦੋਂ ਨਹਾ ਰਹੀ ਸੀ ਤਾਂ ਮੋਹਨ ਨੇ ਉਸਦੇ ਸਿਰਾਣੇ ਉਤੇ 10 ਹਜ਼ਾਰ ਰੁਪਏ ਦਾ ਲਿਫਾਫਾ ਰਖ ਦਿਤਾ। ਜਦੋਂ ਉਹ ਨਾਸ਼ਤੇ ਦੀ ਮੇਜ਼ ਉਤੇ ਆਈ ਤਾਂ ਉਹਨੇ ਸਿਰਫ ਇਕੋ ਸ਼ਬਦ ਬੋਲਿਆ, ''ਸ਼ੁਕਰੀਆ।'' ਮੋਹਨ ਨੇ ਕੁਝ ਨਾ ਕਿਹਾ।

ਸੰਕਟ ਅਗਲੇ ਦਿਨ ਪੈਦਾ ਹੋਇਆ। ਮੋਹਨ 'ਦ ਹਿੰਦੁਸਤਾਨ ਟਾਈਮਜ਼' ਦੇ ਪੰਨੇ ਪਲਟ ਰਿਹਾ ਸੀ। ਉਸਦੀ ਸਿਆਸਤ ਵਿਚ ਕੋਈ ਦਿਲਚਸਪੀ ਨਹੀਂ ਸੀ ਪਰ ਅਖ਼ਬਾਰ ਵਿਚ ਸਿਆਸਤ ਤੋਂ ਬਿਨਾਂ ਹੋਰ ਮਾਮਲਿਆਂ ਬਾਰੇ ਬਹੁਤ ਘੱਟ ਲਿਖਿਆ ਗਿਆ ਸੀ। ਉਹ ਆਮ ਤੌਰ ਤੇ ਭੋਗ ਦੇ ਇਸ਼ਤਿਹਾਰਾਂ ਵਾਲੇ ਪੰਨੇ ਹੀ ਫੋਲਿਆ ਕਰਦਾ ਸੀ। ਉਸ ਦਿਨ ਇਸ ਪੰਨੇ ਉਤੇ ਬਹੁਤ ਸਾਰੇ ਇਸ਼ਤਿਹਾਰ ਸਨ ਅਤੇ ਨਾਲ ਹੀ ਇਕ ਦਿਨ ਪਹਿਲਾਂ ਮਰੇ ਹੋਏ ਲੋਕਾਂ ਦੀਆਂ ਤਸਵੀਰਾਂ ਵੀ ਛਪੀਆਂ ਹੋਈਆਂ ਸਨ। ਇਸ ਤੋਂ ਬਿਨਾਂ ਪਹਿਲੇ ਸਾਲਾਂ ਦੌਰਾਨ ਇਸੇ ਦਿਨ ਮਰੇ ਲੋਕਾਂ ਦੀ ਯਾਦ ਵਿਚ ਵੀ ਇਸ਼ਤਿਹਾਰ ਛਪੇ ਸਨ। ਉਹ ਇਨ੍ਹਾਂ ਕਾਲਮਾਂ ਉਤੇ ਝਾਤੀ ਮਾਰ ਰਿਹਾ ਸੀ ਕਿ ਅਚਨਚੇਤ ਉਹਦੀ ਨਜ਼ਰ ਇਕ ਇਸ਼ਤਿਹਾਰ ਤੇ ਰੁਕ ਗਈ। ਪੰਨੇ ਦੇ ਐਨ ਕੇਂਦਰ ਵਿਚ ਉਹਦੇ ਸੋਹਰੇ ਦੀ ਤਸਵੀਰ ਛਪੀ ਸੀ। ਇਸਦੇ ਨਾਲ ਹੀ ਲਿਖਿਆ ਹੋਇਆ ਸੀ:

*ਸਾਨੂੰ ਬੜੇ ਅਫਸੋਸ ਨਾਲ ਇਹ ਦੱਸਣਾ ਪੈ ਰਿਹਾ ਹੈ ਕਿ ਸਾਡੇ ਸਤਿਕਾਰ ਯੋਗ ਪਿਤਾ ਜੀ ਲਾਲਾ ਅਚਿੰਤ ਰਾਮ ਅਚਨਚੇਤ ਹੀ 31 ਅਕਤੂਬਰ ਦੀ ਸ਼ਾਮ ਨੂੰ ਪਰਲੋਕ ਸਿਧਾਰ ਗਏ। ਉਨ੍ਹਾਂ ਦਾ ਅੰਤਿਮ ਸਸਕਾਰ ਪਹਿਲੀ ਨਵੰਬਰ ਸਵੇਰੇ 11 ਵਜੇ ਲੋਧੀ ਰੋਡ ਦੇ ਸ਼ਮਸ਼ਾਨ ਘਾਟ ਵਿਖੇ ਹੋਵੇਗਾ। ਚੌਥਾ/ਉਠਾਲਾ/ਸੱਤ ਨਵੰਬਰ ਨੂੰ ਸ਼ਾਮੀਂ ਚਾਰ ਵਜੇ, ਮਾਤਾ ਕਾ ਮੰਦਰ , ਫਰੈਂਡਜ਼ ਕਲੋਨੀ ਈਸਟ ਵਿਚ ਹੋਵੇਗਾ।''*

ਹੇਠਾਂ 'ਦੁਖੀ ਹਿਰਦੇ' ਦੇ ਹੇਠਾਂ ਪਰਿਵਾਰ ਦੇ ਮੈਂਬਰਾਂ ਦੇ ਨਾਂ ਲਿਖੇ ਹੋਏ ਸਨ ਜਿਨ੍ਹਾਂ ਵਿਚ ਸਭ ਤੋਂ ਉਪਰ 'ਸੋਭਾ ਅਚਿੰਤ ਰਾਮ-ਪਤਨੀ' ਲਿਖਿਆ ਹੋਇਆ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਪੁਤਰਾਂ ਤੇ ਪਤਨੀਆਂ ਦੇ ਨਾਂ ਸਨ। ਉਸਦੀ ਪਤਨੀ ਦਾ ਨਾਂ ਸਿਰਫ ਇਕੱਲਾ ਹੀ ਲਿਖਿਆ ਹੋਇਆ ਸੀ, 'ਸੋਨੂ-ਬੇਟੀ।' ਅਖੀਰ ਵਿਚ ਉਸਦੇ ਦੋਵਾਂ ਬੱਚਿਆਂ ਰਣਜੀਤ ਅਤੇ ਮੋਹਿਨੀ ਦੇ ਨਾਂ ਵੀ ਲਿਖੇ ਹੋਏ ਸਨ। ਇਸ ਵਿਚ ਜੇ ਇਕੋ ਇਕ ਨਾਮ ਦਰਜ ਨਹੀਂ ਸੀ

ਬੀਤਾ ਗਿਆ ਤਾਂ ਉਹ ਉਸਦਾ ਨਾਮ ਸੀ-ਮੋਹਨ ਕੁਮਾਰ ਦਾ। ਸਪਸ਼ਟ ਹੀ ਸੀ ਕਿ ਉਸਨੂੰ ਹੁਣ ਉਸਦੀ ਪਤਨੀ ਦੇ ਪਰਿਵਾਰ ਦਾ ਮੈਂਬਰ ਨਹੀਂ ਸੀ ਮੰਨਿਆ ਜਾਂਦਾ। ਇਸ ਇਸ਼ਤਿਹਾਰ ਵਿਚ ਅਖੀਰ ਵਿਚ ਮ੍ਰਿਤਕ ਦੀ ਮਾਲਕੀ ਵਾਲੀਆਂ ਚੰਡ ਮਿਲਾਂ ਅਤੇ ਕੰਪਨੀਆਂ ਦੀ ਸੂਚੀ ਦਿੱਤੀ ਗਈ ਸੀ।

ਮੋਹਨ ਨੇ ਸਰੋਜਨੀ ਨੂੰ ਇਹ ਖ਼ਬਰ ਦੱਸੀ ਅਤੇ ਕਿਹਾ, ''ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਕੀ ਕਰਾਂ, ਸਸਕਾਰ ਤੇ ਜਾਵਾਂ ਜਾਂ ਨਾ। ਉਹ ਮੈਨੂੰ ਆਪਣੇ ਪਰਿਵਾਰ ਦਾ ਮੈਂਬਰ ਨਹੀਂ ਸਮਝਦੇ। ਪਰ ਮੇਰੇ ਸਟਾਫ ਦੇ ਮੈਂਬਰ ਜ਼ਰੂਰ ਉਥੇ ਜਾਣਗੇ। ਮੈਨੂੰ ਕੀ ਕਰਨਾ ਚਾਹੀਦਾ ਹੈ?''

ਉਸ ਜਵਾਬ ਦਿਤਾ, ''ਇਹ ਬੜੀ ਅਜੀਬ ਸਥਿਤੀ ਹੈ। ਪਰ ਮੈਂ ਸਮਝਦੀ ਹਾਂ ਕਿ ਤੁਹਾਨੂੰ ਸਸਕਾਰ ਤੇ ਜਾਣਾ ਚਾਹੀਦਾ ਹੈ। ਪਰਿਵਾਰ ਤੋਂ ਦੂਰ ਹੀ ਰਹਿਣਾ ਅਤੇ ਜਿਉਂ ਹੀ ਸਿਵੇ ਨੂੰ ਅੱਗ ਲੱਗੇ, ਵਾਪਸ ਪਰਤ ਆਉਣਾ। ਤੁਹਾਨੂੰ ਆਪਣੀ ਸੱਸ, ਪਤਨੀ ਅਤੇ ਸਾਲਿਆਂ ਦੇ ਨਾਲ ਖੜ੍ਹ ਕੇ ਲੋਕਾਂ ਦਾ ਧੰਨਵਾਦ ਕਰਨ ਦੀ ਲੋੜ ਨਹੀਂ।''

ਮੋਹਨ ਨੇ ਕੁਝ ਸਮਾਂ ਇਸ ਬਾਰੇ ਵਿਚਾਰ ਕੀਤਾ ਅਤੇ ਫਿਰ ਉਹਦੀ ਸਲਾਹ ਮੰਨਣ ਦਾ ਫ਼ੈਸਲਾ ਕਰ ਲਿਆ। ਉਸਨੂੰ ਹਾਲਾਤ ਦਾ ਸਾਹਮਣਾ ਕਰਨਾ ਹੀ ਪੈਣਾ ਸੀ। ਉਹਨੇ ਆਪਣੀ ਸੈਕਟਰੀ ਨੂੰ ਫੋਨ ਕਰਕੇ ਇਹ ਗੱਲ ਦੱਸੀ। ਉਹ ਪਹਿਲਾਂ ਹੀ ਅਖ਼ਬਾਰ ਵਿਚ ਪੜ੍ਹ ਚੁਕੀ ਸੀ ਅਤੇ ਉਹਨੇ ਉਸ ਨਾਲ ਅਫੋਸਸ ਵੀ ਕੀਤਾ। ਮੋਹਨ ਨੇ ਕਿਹਾ, ''ਬਾਕੀ ਸਟਾਫ ਮੈਂਬਰਾਂ ਨੂੰ ਵੀ ਦੱਸ ਦਿਓ ਕਿ ਮ੍ਰਿਤਕ ਦੀ ਯਾਦ ਵਿਚ ਅੱਜ ਸਾਡਾ ਦਫਤਰ ਬੰਦ ਰਹੇਗਾ।'' ਉਹਦੀ ਸੈਕਟਰੀ ਨੇ ਜਵਾਬ ਦਿਤਾ, ''ਜੀ ਸਰ, ਮੈਂ ਦਸ ਦਿਆਂਗੀ।''

ਉਹਨੇ ਨੌਕਰਾਂ ਨੂੰ ਕਿਹਾ ਕਿ ਜੇ ਉਹ ਮੇਮ ਸਾਹਿਬ ਦੇ ਕੋਲ ਅਫਸੋਸ ਕਰਨ ਜਾਣਾ ਚਾਹੁੰਦੇ ਹਨ ਤਾਂ ਉਹ ਜਾ ਸਕਦੇ ਹਨ। ਲੇਡੀ ਪ੍ਰੋਫੈਸਰ ਦੁਪਹਿਰ ਦਾ ਖਾਣਾ ਕਿਸੇ ਰੇਸਤਰਾਂ ਵਿਚ ਖਾ ਲਵੇਗੀ।

ਸਾਢੇ ਦਸ ਵਜੇ ਸਵੇਰੇ ਉਹ ਲੋਧੀ ਰੋਡ ਦੇ ਸ਼ਮਸ਼ਾਨ ਘਾਟ ਵੱਲ ਚੱਲ ਪਿਆ। ਡਰਾਈਵਰ ਜੀਵਨ ਰਾਮ ਨੇ ਉਸਨੂੰ ਪੁਛਿਆ, ''ਕੀ ਮੇਮ ਸਾਹਿਬ ਦੇ ਪਿਤਾ ਬਿਮਾਰ ਸਨ?'' ਮੋਹਨ ਨੇ ਜੁਆਬ ਦਿਤਾ, ''ਮੈਨੂੰ ਨਹੀਂ ਪਤਾ, ਮੈਂ ਤਾਂ ਉਹਨਾਂ ਦੀ ਮੌਤ ਬਾਰੇ ਅੱਜ ਦੇ ਅਖ਼ਬਾਰ ਵਿਚ ਹੀ ਪੜ੍ਹਿਆ ਹੈ।''

ਸ਼ਮਸ਼ਾਨ ਘਾਟ ਵਿਚ ਕਾਫੀ ਭੀੜ ਸੀ। ਕਾਰ ਪਾਰਕ ਕਰਨ ਵਾਲੀ ਥਾਂ ਵੀ ਭਰੀ ਪਈ ਸੀ। ਮੋਹਨ ਨੇ ਜੀਵਨ ਰਾਮ ਨੂੰ ਕਿਹਾ ਕਿ ਉਹ ਉਹਨੂੰ ਗੇਟ ਦੇ ਬਾਹਰ ਹੀ ਲਾਹ ਦੇਵੇ ਅਤੇ ਕਾਰ ਨੂੰ ਸੜਕ ਕਿਨਾਰੇ ਖੜੀ ਕਰ ਲਵੇ ਕਿਉਂਕਿ ਉਹ ਬਾਕੀਆਂ ਤੋਂ ਪਹਿਲਾਂ ਰਵਾਨਾ ਹੋ ਜਾਵੇਗਾ। ਕੁਝ ਲੋਕ ਉਸ ਕੋਲ ਵੀ ਅਫਸੋਸ ਕਰਨ ਲਈ ਆਏ ਪਰ ਉਹ ਸਾਰੇ ਹੀ ਉਸਦੇ ਸਟਾਫ ਮੈਂਬਰ ਅਤੇ ਦੋਸਤ ਸਨ। ਮੋਹਨ ਨੇ ਵੇਖਿਆ ਕਿ ਅਰਥੀ ਲਿਆਂਦੀ ਗਈ ਹੈ। ਉਸਦੇ ਮਗਰ ਹੀ ਕਾਰਾਂ ਵਿਚ ਪਰਿਵਾਰ ਦੇ ਮੈਂਬਰ ਵੀ ਸਨ। ਜਦੋਂ ਉਸ ਲਾਸ਼ ਨੂੰ ਗੱਡੀ ਵਿਚੋਂ ਕੱਢ

ਕੇ ਉਹਦੀ ਪਤਨੀ ਦੇ ਭਰਾਵਾਂ ਨੇ ਬਾਹਰ ਰਖਿਆ ਤਾਂ ਬੜੇ ਭਾਵੁਕ ਦ੍ਰਿਸ਼ ਦਿਖਾਈ ਦਿਤੇ। ਲੋਕ ਇਕ ਦੂਜੇ ਨੂੰ ਚਿੰਬੜ ਗਏ, ਔਰਤਾਂ ਨੇ ਵਿਧਵਾ ਨੂੰ ਅਤੇ ਸੋਨੂ ਨੂੰ ਫੜ ਲਿਆ ਅਤੇ ਉਹ ਰੋਣ ਲਾਗੀਆਂ। ਉਹਨਾਂ ਮੋਹਨ ਵਲ ਵੀ ਵੇਖਿਆ ਪਰ ਕੋਈ ਵੀ ਉਸ ਨਾਲ ਗੱਲ ਕਰਨ ਨਾ ਆਇਆ। ਸੋਨੂ ਨੇ ਚਿੱਟੀ ਸਾੜੀ ਪਾਈ ਹੋਈ ਸੀ ਤੇ ਆਪਣੇ ਅਥਰੂ ਲੁਕਾਉਣ ਲਈ ਕਾਲੇ ਚਸ਼ਮੇ ਲਾਏ ਹੋਏ ਸਨ। ਉਸਦੇ ਭਰਾਵਾਂ ਨੇ ਮੂੰਹ ਘੁਮਾ ਕੇ ਉਸ ਵਲ ਵੇਖਿਆ ਤੇ ਫਿਰ ਦੂਜੇ ਪਾਸੇ ਵੇਖਣ ਲਗੇ। ਚੰਗੀ ਗੱਲ ਇਹ ਹੋਈ ਕਿ ਉਸਦੇ ਬੱਚਿਆਂ ਨੂੰ ਘਰ ਹੀ ਰਹਿਣ ਦਿਤਾ ਗਿਆ ਸੀ।

ਲਾਲਾ ਅਚਿੰਤ ਰਾਮ ਦੀ ਦੇਹ ਨੂੰ ਜ਼ਮੀਨ ਉਤੇ ਰਖਿਆ ਗਿਆ ਤੇ ਪੰਡਤ ਨੇ ਮੰਤਰ ਪੜ੍ਹਣੇ ਸ਼ੁਰੂ ਕੀਤੇ। ਕੁਝ ਫੁੱਟ ਦੀ ਦੂਰੀ ਤੇ ਕੁਝ ਲੋਕ ਲਕੜਾਂ ਪਾੜ ਰਹੇ ਸਨ। ਸ਼ਮਸ਼ਾਨ ਘਾਟ ਵਿਚ ਕੁਝ ਸਿਵੇ ਅਜੇ ਵੀ ਬਲ ਰਹੇ ਸਨ, ਕੁਝ ਬਲ ਚੁਕੇ ਸਨ ਤੇ ਉਨ੍ਹਾਂ ਦੀ ਸੁਆਹ ਹੀ ਬਾਕੀ ਸੀ।

ਮੋਹਨ ਅਲੱਗ ਖੜ੍ਹਾ ਹੋਇਆ ਸਭ ਕੁਝ ਵੇਖ ਰਿਹਾ ਸੀ। ਅਚਨਚੇਤ ਹੀ ਉਸਦੀ ਪਤਨੀ ਦਾ ਸਭ ਤੋਂ ਛੋਟਾ ਭਾਈ, ਜਿਸਨੂੰ ਉਹ ਪਸੰਦ ਨਹੀਂ ਸੀ ਕਰਦਾ, ਲਾਸ਼ ਦੁਆਲੇ ਇਕਠੀ ਭੀੜ ਵਿਚੋਂ ਬਾਹਰ ਨਿਕਲਿਆ ਤੇ ਉਸ ਵਲ ਆਇਆ। ਉਹ ਨਫਰਤ ਭਰੀ ਆਵਾਜ਼ ਨਾਲ ਕਹਿਣ ਲਗਾ, ''ਤੂੰ ਇਥੇ ਕੀ ਲੈਣ ਆਇਆ ਹੈਂ?''

ਮੋਹਨ ਨੇ ਕੋਈ ਜਵਾਬ ਨਾ ਦਿਤਾ।

ਸਾਲੇ ਨੇ ਆਪਣੀ ਗੱਲ ਜਾਰੀ ਰਖੀ, ''ਤੈਨੂੰ ਇਥੇ ਆਉਣ ਦੀ ਤਕਲੀਫ ਨਹੀਂ ਸੀ ਕਰਨੀ ਚਾਹੀਦੀ; ਅਤੇ ਇਹ ਕਜ਼ਨ ਕਿਹੜੀ ਹੈ ਜਿਹੜੀ ਤੇਰੇ ਨਾਲ ਰਹਿ ਰਹੀ ਹੈ?'' ਮੋਹਨ ਨੇ ਜਵਾਬ ਦਿਤਾ, ''ਆਪਣੇ ਕੰਮ ਨਾਲ ਮਤਲਬ ਰਖ।'' ਉਹ ਵਾਪਸ ਮੁੜਿਆ ਅਤੇ ਸਿਵਾ ਬਲਣ ਤੋਂ ਪਹਿਲਾਂ ਹੀ ਸ਼ਮਸ਼ਾਨ ਘਾਟ ਤੋਂ ਬਾਹਰ ਨਿਕਲ ਗਿਆ। ਉਸਦਾ ਮਨ ਬੜਾ ਪਰੇਸ਼ਾਨ ਸੀ। ਉਸਨੂੰ ਕੋਈ ਸ਼ੱਕ ਨਾ ਰਿਹਾ ਕਿ ਉਸਦਾ ਰਸੋਈਆ ਅਤੇ ਬੇਅਰਾ ਉਸਦੀ ਪਤਨੀ ਨੂੰ ਮਿਲਦੇ ਰਹੇ ਸਨ ਅਤੇ ਉਹਨੇ ਹੀ ਦੱਸਿਆ ਸੀ ਕਿ ਸਾਹਿਬ ਦੀ ਕੋਈ ਕਜ਼ਨ ਘਰ ਵਿਚ ਰਹਿ ਰਹੀ ਹੈ। ਸੋਨੂ ਦਾ ਸੁਭਾਅ ਐਸਾ ਨਹੀਂ ਸੀ ਕਿ ਉਹ ਇਸ ਗੱਲ ਨੂੰ ਆਪਣੇ ਤਕ ਸੀਮਤ ਰਖ ਸਕੇ। ਉਸ ਮਹਿਸੂਸ ਕੀਤਾ ਕਿ ਸੋਨੂੰ ਆਪਣੀ ਚੀਕਵੀਂ ਆਵਾਜ਼ ਵਿਚ ਕਹਿ ਰਹੀ ਹੋਣੀ ਹੈ, ''ਉਹ ਕੋਈ ਕਜ਼ਨ ਵਜ਼ਨ ਨਹੀਂ ਹੈ, ਉਹ ਰੰਡੀ ਹੈ, ਉਹ ਕੋਈ ਵੇਸਵਾ ਹੈ, ਜਿਹੜੀ ਅਖ਼ਬਾਰ ਵਿਚ ਦਿਤੇ ਗਏ ਇਸ਼ਤਿਹਾਰ ਦਾ ਜਵਾਬ ਦੇ ਕੇ, ਉਹਦੀ ਰਖੇਲ ਬਣ ਕੇ ਰਹਿ ਰਹੀ ਹੈ।''

ਨੌਕਰਾਂ ਨੇ ਵੈਸੇ ਵੀ ਕਜ਼ਨ ਵਾਲੀ ਕਹਾਣੀ ਤੇ ਵਿਸ਼ਵਾਸ ਨਹੀਂ ਸੀ ਕੀਤਾ। ਉਹ ਅਕਸਰ ਹੀ ਧੰਨੋ ਨੂੰ ਕਿਹਾ ਕਰਦੇ, ''ਇਨ੍ਹਾਂ ਵਿਚਾਲੇ ਕੋਈ ਰਿਸ਼ਤਾ ਵਿਸ਼ਤਾ ਨਹੀਂ ਹੈ। ਉਹ ਸਾਹਿਬ ਦੀ ਕੋਈ ਰਿਸ਼ਤੇਦਾਰ ਨਹੀਂ, ਉਹ ਤਾਂ ਸਾਹਿਬ ਨੂੰ ਲੁੱਟਣ ਲਈ ਆਈ ਹੋਈ ਹੈ। ਉਹ ਬੜਾ ਭੋਲਾ ਭਾਲਾ ਹੈ। ਉਹ ਔਰਤਾਂ ਦੀ ਚਲਾਕੀ ਨੂੰ ਨਹੀਂ ਸਮਝ ਸਕਦਾ।''

ਮੋਹਨ ਅਤੇ ਸਰੋਜਨੀ ਦਾ ਹਨੀਮੂਨ ਭੰਗ ਹੋ ਚੁਕਾ ਸੀ। ਦੁਪਹਿਰ ਤੋਂ ਬਾਅਦ ਦਾ ਸਮਾਂ ਵੀ ਮੋਹਨ ਨੇ ਇੰਡੀਆ ਇੰਟਰਨੈਸ਼ਨਲ ਸੈਂਟਰ ਦੀ ਲਾਇਬਰੇਰੀ ਵਿਚ ਅਖ਼ਬਾਰ ਤੇ ਰਸਾਲੇ ਪੜ੍ਹਦੇ ਬਿਤਾਇਆ। ਫਿਰ ਉਹ ਲੋਧੀ ਬਾਗ ਦਾ ਚੱਕਰ ਕੱਟਣ ਗਿਆ। ਦਰਖਤ ਅਤੇ ਮਕਬਰੇ ਅੱਜ ਉਸਨੂੰ ਉਦਾਸ ਕਰ ਰਹੇ ਸਨ। ਜਦੋਂ ਉਹ ਘਰ ਪਰਤਿਆ ਤਾਂ ਹਨੇਰਾ ਹੋ ਚੁਕਾ ਸੀ। ਸਰੋਜਨੀ ਉਸਦੀ ਉਡੀਕ ਕਰ ਰਹੀ ਸੀ। ਅੱਜ ਉਸਨੇ ਨਾਈਟੀ ਨਹੀਂ ਸਗੋਂ ਸਲਵਾਰ ਕਮੀਜ਼ ਪਾਏ ਹੋਏ ਸਨ। ਉਹ ਅੱਜ ਨਹਾਉਣ ਲਈ ਆਪਣੇ ਕਮਰੇ ਵਿਚ ਨਹੀਂ ਗਿਆ। ਉਹ ਸਰੋਜਨੀ ਦੇ ਕੋਲ ਹੀ ਬੈਠ ਗਿਆ।

ਸਰੋਜਨੀ ਨੇ ਉਹਦਾ ਹੱਥ ਆਪਣੇ ਹੱਥਾਂ ਵਿਚ ਲੈਂਦੇ ਹੋਏ ਪੁਛਿਆ, ''ਮੈਨੂੰ ਦੱਸੋ ਕਿ ਕੀ ਹੋਇਆ ਹੈ, ਤੁਸੀਂ ਬੜੇ ਉਦਾਸ ਲਗਦੇ ਹੋ।''

ਉਸ ਜਵਾਬ ਦਿਤਾ, ''ਮੇਰੀ ਉਦਾਸੀ ਦਾ ਠੋਸ ਕਾਰਨ ਹੈ। ਮੈਨੂੰ ਸੋਚਣ ਲਈ ਕੁਝ ਸਮਾਂ ਦੇ, ਮੇਰੇ ਲਈ ਸ਼ਰਾਬ ਦਾ ਇਕ ਪੈਗ ਵੀ ਬਣਾ ਲੈ।''

ਸਰੋਜਨੀ ਨੇ ਕਦੇ ਸ਼ਰਾਬ ਦਾ ਪੈਗ ਤਿਆਰ ਨਹੀਂ ਸੀ ਕੀਤਾ ਫਿਰ ਵੀ ਉਹਨੂੰ ਮੋਟਾ ਜਿਹਾ ਅੰਦਾਜ਼ਾ ਸੀ ਕਿ ਮੋਹਨ ਕਿੰਨਾ ਕੁ ਪੈਗ ਲੈਂਦਾ ਹੈ। ਉਹਨੇ ਮੋਹਨ ਦਾ ਗਿਲਾਸ ਆਪਣੇ ਖੱਬੇ ਹੱਥ ਵਿਚ ਫੜਿਆ ਅਤੇ ਸਕਾਚ ਦੀ ਬੋਤਲ ਸੱਜੇ ਹੱਥ ਵਿਚ ਅਤੇ ਪੁਛਣ ਲੱਗੀ, ''ਕਿੰਨੀ ਪਾਵਾਂ?''

ਉਸ ਜਵਾਬ ਦਿਤਾ, ''ਪਟਿਆਲਾ ਪੈੱਗ। ਚੌਥਾ ਹਿੱਸਾ ਵਿਸਕੀ, ਕੁਝ ਸੋਡਾ ਅਤੇ ਬਰਫ।'' ਉਹਨੇ ਗਿਲਾਸ ਉਹਦੇ ਹਥ ਫੜਾਇਆ ਤੇ ਆਪਣੇ ਲਈ ਸ਼ੈਰੀ ਦਾ ਗਿਲਾਸ ਭਰਿਆ, ''ਹੁਣ ਦੱਸੋ ਤੇ ਆਪਣੇ ਦਿਲੋਂ ਸਾਰਾ ਭਾਰ ਲਾਹੋ।'' ਮੋਹਨ ਨੇ ਦੱਸਿਆ ਕਿ ਕਿਵੇਂ ਉਸਦੇ ਸਾਲੇ ਨੇ ਉਸ ਨਾਲ ਬਦਤਮੀਜ਼ੀ ਕੀਤੀ ਸੀ ਅਤੇ ਇਹ ਵੀ ਕਿ ਨੌਕਰਾਂ ਨੂੰ ਪਤਾ ਸੀ ਕਿ ਉਹ ਉਸਦੀ ਰਿਸ਼ਤੇਦਾਰ ਨਹੀਂ ਸੀ। ਉਸ ਕਿਹਾ, ''ਤੂੰ ਮੇਰੀ ਪਤਨੀ ਨੂੰ ਨਹੀਂ ਜਾਣਦੀ, ਉਹ ਮੈਨੂੰ ਨਫਰਤ ਕਰਦੀ ਹੈ ਅਤੇ ਮੈਨੂੰ ਤੰਗ ਕਰਨ ਲਈ ਪੂਰੀ ਵਾਹ ਲਾਏਗੀ। ਅਤੇ ਅਜੇ ਤਕ ਉਹ ਤੇਰਾ ਨਾਂ ਨਹੀਂ ਜਾਣਦੀ ਕਿਉਂਕਿ ਨੌਕਰਾਂ ਨੂੰ ਵੀ ਇਹ ਨਾਂ ਨਹੀਂ ਪਤਾ ਤੇ ਇਹ ਵੀ ਨਹੀਂ ਪਤਾ ਕਿ ਤੂੰ ਕਿਹੜੇ ਕਾਲਜ ਪੜ੍ਹਾਉਨੀ ਹੈ। ਪਰ ਉਹ ਛੇਤੀ ਪਤਾ ਲਾ ਲਵੇਗੀ। ਜਦੋਂ ਉਸਨੂੰ ਪਤਾ ਲਗ ਗਿਆ ਤਾਂ ਉਹ ਤੇਰਾ ਪਿੱਛਾ ਕਰੇਗੀ। ਤੇਰੀ ਪ੍ਰਿੰਸੀਪਲ ਨੂੰ ਦੱਸੇਗੀ, ਤੇਰੇ ਮਾਪਿਆਂ ਨੂੰ ਦੱਸੇਗੀ। ਇਥੋਂ ਤਕ ਕਿ ਤੇਰੇ ਪੁਤਰ ਨੂੰ ਵੀ ਲਿਖ ਭੇਜੇਗੀ। ਉਹ ਕਦਾਚਿਤ ਪਿੱਛੇ ਨਹੀਂ ਹਟੇਗੀ।''

ਉਸਨੇ ਜੋ ਗ਼ਲਤੀ ਕੀਤੀ ਸੀ ਉਸਦਾ ਅਹਿਸਾਸ ਸਰੋਜਨੀ ਨੂੰ ਪਹਿਲੀ ਵਾਰ ਹੋਇਆ। ਉਹ ਚੁਪ ਚੁਪੀਤੇ ਇਕ ਦੂਜੇ ਦਾ ਹਥ ਫੜ ਕੇ ਬੈਠੇ ਰਹੇ। ਦੋਵੇਂ ਜਣੇ ਹੀ ਇਸ ਮੁਸ਼ਕਲ ਵਿਚੋਂ ਨਿਕਲਣ ਦਾ ਹੱਲ ਸੋਚਦੇ ਰਹੇ। ਆਖਿਰਕਾਰ ਸਰੋਜਨੀ ਹੀ ਇਹ ਕਹਿੰਦੀ ਹੋਈ ਉਠੀ, ''ਚਲੋ ਸੌਣ ਚਲੀਏ। ਕਲ੍ਹ ਨੂੰ ਸ਼ਾਇਦ ਕੁਝ ਸੋਚ ਸਕੀਏ।'' ਉਨ੍ਹਾਂ ਰਾਤ ਇਕੋ

ਬਿਸਤਰੇ ਵਿਚ ਪੈ ਕੇ ਬਿਤਾਈ। ਨਾ ਉਨ੍ਹਾਂ ਸਵੇਰ ਕੀਤਾ ਅਤੇ ਨਾ ਹੀ [illegible]

*****

ਨੌਕਰਾਂ ਨੇ ਮਹਿਸੂਸ ਕਰ ਲਿਆ ਸੀ ਕਿ ਸਾਹਿਬ ਅਤੇ ਉਹਦੀ ਮਿੱਤਰ ਪਰੇਸ਼ਾਨ ਸਨ। ਸਾਹਿਬ ਅਖ਼ਬਾਰ ਪੜ੍ਹ ਰਿਹਾ ਸੀ ਜਦਕਿ ਉਹਦੀ ਮਹਿਮਾਨ ਔਰਤ ਆਪਣੇ ਨੌਹਾਂ ਤੇ ਨੇਲ ਪਾਲਿਸ਼ ਲਾ ਰਹੀ ਸੀ। ਉਹ ਆਪਸ ਵਿਚ ਗੱਲਾਂ ਨਹੀਂ ਸਨ ਕਰ ਰਹੇ। ਸ਼ਮਸ਼ਾਨ ਘਾਟ ਵਿਚ ਐਸੀ ਗੱਲ ਜ਼ਰੂਰ ਹੋਈ ਹੈ ਜਿਸ ਕਾਰਨ ਉਹ ਦੋਵੇਂ ਪਰੇਸ਼ਾਨ ਹੋਏ ਹਨ। ਇਸ ਸਾਰੇ ਮਾਮਲੇ ਵਿਚ ਉਨ੍ਹਾਂ ਦੇ ਆਪਣੇ ਰੋਲ ਉਤੇ ਉਹ ਖੁਦ ਹੀ ਔਖੇ ਮਹਿਸੂਸ ਕਰ ਰਹੇ ਸਨ। ਜਦੋਂ ਧੰਨੋ ਅੰਦਰ ਆਈ, ਨਾ ਸਾਹਿਬ ਨੇ ਤੇ ਨਾ ਹੀ ਮੇਮ ਸਾਹਿਬ ਨੇ ਉਸ ਵਲੋਂ ਕਹੀ ਨਮਸਤੇ ਦਾ ਜਵਾਬ ਦਿਤਾ। ਇਥੋਂ ਤਕ ਕਿ ਉਨ੍ਹਾਂ ਨੇ ਉਸ ਵਲ ਵੇਖਿਆ ਤਕ ਨਾ। ਨਾਸ਼ਤਾ ਕਰਨ ਤੋਂ ਬਾਅਦ ਦੋਨੋਂ ਇਕਠੇ ਬਾਹਰ ਗਏ। ਨੌਕਰਾਂ ਨੂੰ ਜਾਂਦੇ ਹੋਏ ਦੱਸ ਗਏ ਕਿ ਰਾਤ ਦੇ ਖਾਣੇ ਤੋਂ ਬਾਅਦ ਹੀ ਪਰਤਣਗੇ।

ਮੋਹਨ ਨੇ ਡਰਾਈਵਰ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਕਨਾਟ ਪਲੇਸ ਲੈ ਚਲੇ। ਸਰੋਜਨੀ ਸਾਰਾ ਦਿਨ ਘਰ ਵਿਚ ਨਹੀਂ ਸੀ ਬਿਤਾਉਣਾ ਚਾਹੁੰਦੀ। ਕਾਰ ਵਿਚ ਬੈਠਿਆਂ ਸਰੋਜਨੀ ਨੇ ਆਪਣਾ ਹੱਥ ਮੋਹਨ ਦੇ ਹੱਥ 'ਤੇ ਰਖਿਆ ਅਤੇ ਉਸ ਵੱਲ ਵੇਖੇ ਬਿਨਾਂ ਕਹਿਣ ਲਗੀ, ''ਜਿੰਨੀ ਦੇਰ ਵੀ ਸਾਡੇ ਸਬੰਧ ਠੀਕ ਰਹੇ, ਅਸੀਂ ਆਪਣੇ ਹੀ ਬਣਾਏ ਹੋਏ ਕਲਪਨਾ ਮਹਿਲ ਵਿਚ ਰਹਿ ਰਹੇ ਸਾਂ। ਮੈਂ ਕਦੋਂ ਚਲੀ ਜਾਵਾਂ?''

ਮੋਹਨ ਨੇ ਜਵਾਬ ਦਿਤਾ, ''ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰ! ਮੈਂ ਸੋਚਦਾ ਸੀ ਕਿ ਤੂੰ ਘੱਟੋ ਘੱਟ ਤਿੰਨ ਮਹੀਨੇ ਮੇਰੇ ਨਾਲ ਰਹੇਂਗੀ ਅਤੇ ਉਦੋਂ ਹੀ ਜਾਏਂਗੀ ਜਦੋਂ ਤੇਰੇ ਕਾਲਜ ਖੁਲ੍ਹਣਗੇ। ਸ਼ਾਇਦ ਉਸ ਤੋਂ ਲੰਮਾ ਸਮਾਂ ਰਹੇਂਗੀ। ਤੂੰ ਮਸਾਂ ਹੀ ਇਕ ਮਹੀਨਾ ਮੇਰੇ ਕੋਲ ਰਹੀ ਹੈਂ।''

ਉਹ ਮੁਸਕਰਾਉਂਦੇ ਹੋਏ ਕਹਿਣ ਲਗੀ, ''ਇਕ ਮਹੀਨਾ, ਦੋ ਦਿਨ ਅਤੇ ਦੋ ਰਾਤਾਂ ਅਤੇ ਤੁਸਾਂ ਮੈਨੂੰ ਦੂਜੇ ਮਹੀਨੇ ਦੇ ਪੈਸੇ ਪੇਸ਼ਗੀ ਦੇ ਦਿੱਤੇ ਹਨ। ਜਾਣ ਤੋਂ ਪਹਿਲਾਂ ਮੈਂ ਤੁਹਾਨੂੰ ਇਹ ਪੈਸੇ ਵਾਪਸ ਕਰ ਦਿਆਂਗੀ।''

ਉਸਨੇ ਜਦੋਂ ਇਹ ਗੱਲ ਕਹੀ ਤਾਂ ਲਗਦਾ ਸੀ ਕਿ ਅਜਿਹਾ ਕਰਨ ਦਾ ਉਹਨੇ ਦ੍ਰਿੜ ਫ਼ੈਸਲਾ ਕੀਤਾ ਹੋਇਆ ਹੈ।

''ਜੇ ਤੁਹਾਡੀ ਆਗਿਆ ਹੋਵੇ ਤਾਂ ਮੈਂ ਇਕ ਜਾਂ ਦੋ ਦਿਨ ਹੋਰ ਰਹਾਂਗੀ। ਮੈਂ ਆਪਣੇ ਮਾਪਿਆਂ ਨੂੰ ਟੈਲੀਫੋਨ ਕਰਾਂਗੀ ਅਤੇ ਉਨ੍ਹਾਂ ਨੂੰ ਕਹਾਂਗੀ ਕਿ ਬਾਕੀ ਦੀਆਂ ਛੁੱਟੀਆਂ ਮੈਂ ਉਨ੍ਹਾਂ ਨਾਲ ਬਿਤਾ ਰਹੀ ਹਾਂ। ਮੈਂ ਆਪਣੇ ਪੁਤਰ ਨੂੰ ਮਸੂਰੀ ਲੈ ਕੇ ਜਾਵਾਂਗੀ ਤੇ ਮਾਪਿਆਂ ਕੋਲ ਆ

ਜਾਣਗੀ। ਫਿਰ ਤੇਰੀ ਯਾਤ ਆਵਾਂਗੀ। ਕੀ ਇਸ ਤਰ੍ਹਾਂ ਠੀਕ ਰਹੇਗਾ?''

ਮੋਹਨ ਨੇ ਉਸਦਾ ਹੱਥ ਦਬਾਇਆ ਤੇ ਜਵਾਬ ਦਿਤਾ, ''ਜਿੰਨੀ ਦੇਰ ਤਕ ਤੂੰ ਚਾਹੇਂ ਇਥੇ ਰਹਿ ਸਕਦੀ ਹੈਂ ਅਤੇ ਜਦੋਂ ਜੀਅ ਚਾਹੇ ਵਾਪਸ ਵੀ ਆ ਸਕਦੀ ਹੈਂ।''

ਉਹਨੂੰ ਗੱਲ ਸਮਝ ਆ ਗਈ।

ਮੋਹਨ ਨੇ ਉਹਨੂੰ ਪੁਛਿਆ ਕਿ ਉਹ ਰਾਤ ਦਾ ਖਾਣਾ ਕਿਥੇ ਖਾਣਾ ਚਾਹੇਗੀ। ਉਸਦਾ ਜਵਾਬ ਸੀ, ''ਜਿਥੇ ਤੈਨੂੰ ਸਭ ਤੋਂ ਵੱਧ ਪਸੰਦ ਹੈ।'' ਮੋਹਨ ਨੇ ਉਹਨੂੰ ਫਰਾਂਸੀਸੀ, ਚੀਨੀ, ਇਤਾਲਵੀ, ਪਾਰਸੀ ਅਤੇ ਭਾਰਤ ਦੇ ਖਾਣਿਆਂ ਦੀ ਆਪਣੇ ਪਸੰਦ ਦੀ ਲਿਸਟ ਦਿੱਤੀ ਅਤੇ ਕਹਿਣ ਲੱਗਾ, ''ਇਹ ਤਾਂ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਅੱਜ ਸ਼ਾਮ ਤੇਰੀ ਕੀ ਇੱਛਾ ਹੈ?''

ਉਹਦਾ ਜਵਾਬ ਸੀ, ''ਕਿਸੇ ਐਸੀ ਸ਼ਾਂਤ ਥਾਂ ਉਤੇ ਜਿਥੇ ਨਾ ਸਾਨੂੰ ਕੋਈ ਤੰਗ ਕਰੇ ਅਤੇ ਨਾ ਹੀ ਪਛਾਣੇ। ਮੈਂ ਲਾਅ ਮਾਰੀਡੀਅਨ ਬਾਰੇ ਕਾਫੀ ਕੁਝ ਸੁਣ ਰੱਖਿਆ ਹੈ। ਮੈਨੂੰ ਦੱਸਿਆ ਗਿਆ ਹੈ ਕਿ ਇਹ ਬੜਾ ਚੰਗਾ ਤੇ ਮਹਿੰਗਾ ਹੋਟਲ ਹੈ। ਆਪਣੀ ਪ੍ਰੋਫੈਸਰੀ ਦੀ ਤਨਖਾਹ ਵਿਚ ਮੈਂ ਕਦੇ ਵੀ ਉਥੇ ਨਹੀਂ ਜਾ ਸਕਾਂਗੀ।''

ਉਹ ਸਹਿਮਤ ਹੋ ਗਿਆ, ''ਬੜੀ ਚੰਗੀ ਗੱਲ ਹੈ, ਇਸ ਵਿਚ ਕਈ ਐਸੇ ਸ਼ਰਾਬਖਾਨੇ ਹਨ ਜਿਹੜੇ ਓਹਲੇ ਵਿਚ ਬਣੇ ਹੋਏ ਹਨ ਅਤੇ ਹੋਰ ਲੋਕ ਤੁਹਾਨੂੰ ਨਹੀਂ ਦੇਖ ਸਕਦੇ। ਕਈ ਕਿਸਮ ਦੇ ਰੇਸਤਰਾਂ ਵੀ ਹਨ। ਆਪੋ ਆਪਣੀ ਦਾਰੂ ਪੀਣ ਤੋਂ ਬਾਅਦ ਅਸੀਂ ਫੈਸਲਾ ਕਰਾਂਗੇ ਕਿ ਖਾਣਾ ਕਿਥੇ ਹੈ।''

ਸਰੋਜਨੀ ਬ੍ਰਿਟਿਸ਼ ਕਾਊਂਸਲ ਲਾਇਬਰੇਰੀ ਦੇ ਬਾਹਰ ਉਤਰ ਗਈ। ਮੋਹਨ ਨੇ ਸ਼ਾਮ ਨੂੰ ਉਸਨੂੰ ਉਥੋਂ ਹੀ ਲੈਣਾ ਸੀ।

ਦਫਤਰ ਵਿਚ ਹਰੇਕ ਬੰਦਾ ਉਸ ਨਾਲ ਬਹੁਤ ਨਿਮਰਤਾ ਨਾਲ ਪੇਸ਼ ਆ ਰਿਹਾ ਸੀ। ਹਰ ਇਕ ਨੂੰ ਪਤਾ ਸੀ ਕਿ ਉਹਦੇ ਆਪਣੀ ਪਤਨੀ ਨਾਲ ਸਬੰਧ ਕੁਝ ਸਮੇਂ ਤੋਂ ਖਰਾਬ ਚਲੇ ਆ ਰਹੇ ਸਨ ਅਤੇ ਆਖਿਰਕਾਰ ਇਹ ਖਤਮ ਹੋ ਗਏ ਸਨ। ਉਸ ਨਾਲ ਹਮਦਰਦੀ ਕਰਨਾ ਸਾਰੇ ਸਟਾਫ ਮੈਂਬਰਾਂ ਨੂੰ ਇਕ ਰਸਮੀ ਲਗਦਾ ਸੀ ਅਤੇ ਸਾਰੇ ਜਣਿਆਂ ਨੇ ਹੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਹ ਰਸਮ ਨਿਭਾਈ।

ਦਫਤਰ ਤੋਂ ਰਵਾਨਾ ਹੋਣ ਤੋਂ ਪਹਿਲਾਂ ਮੋਹਨ ਨੇ 20 ਹਜ਼ਾਰ 300 ਰੁਪਏ ਬੈਂਕ ਵਿਚੋਂ ਕੱਢਵਾਏ। ਉਸਨੇ 300 ਰੁਪਏ ਇਕ ਲਿਫਾਫੇ ਵਿਚ ਪਾਏ ਅਤੇ ਉਸ ਉਤੇ ਲਿਖਿਆ, ''ਨੌਕਰਾਂ ਲਈ।'' ਦੂਜੇ ਲਿਫਾਫੇ ਵਿਚ ਉਹਨੇ 10 ਹਜ਼ਾਰ ਪਾਏ ਤੇ ਬੰਦ ਕਰ ਦਿਤਾ। ਇਸ ਉਤੇ ਪਤਾ ਤੇ ਨਾਮ ਲਿਖ ਦਿਤਾ। ਬਾਕੀ ਦੇ 10 ਹਜ਼ਾਰ ਉਹਨੇ ਆਪਣੇ ਬਟੂਏ ਵਿਚ ਪਾ ਲਏ। ਉਹਨੇ ਜੀਵਨ ਲਾਲ ਨੂੰ ਕਿਹਾ ਕਿ ਉਹਨੂੰ ਕਨਾਟ ਸਰਕਸ ਦੇ ਮਸ਼ਹੂਰ ਸੁਨਿਆਰੇ ਦੀ ਦੁਕਾਨ ਉਤੇ ਲੈ ਕੇ ਚਲੇ। ਇਥੇ ਉਸਨੇ ਸੋਨੇ ਦੀ ਇਕ ਮੁੰਦਰੀ ਖਰੀਦ ਲਈ ਅਤੇ ਇਸਦੀ

ਰਸੀਦ ਲੈ ਲਈ। ਉਸਦਾ ਕਹਿਣਾ ਸੀ ਕਿ ਜੇ ਇਹ ਪੂਰੀ ਨਾ ਬੈਠੀ ਤਾਂ ਉਹ ਇਸਨੂੰ ਬਦਲ ਲਵੇਗਾ। 7 ਵਜੇ ਤੋਂ ਕੁਝ ਪਲਾਂ ਬਾਅਦ ਕਾਰ ਬ੍ਰਿਟਿਸ਼ ਕੌਂਸਲ ਲਾਇਬਰੇਰੀ ਦੇ ਬਾਹਰ ਆ ਕੇ ਰੁਕੀ। ਸਰੋਜਨੀ ਕਨਾਟ ਸਰਕਸ ਦੀਆਂ ਕਿਤਾਬਾਂ ਦੀਆਂ ਦੁਕਾਨਾਂ ਤੋਂ ਖਰੀਦੀਆਂ ਹੋਈਆਂ ਬਹੁਤ ਸਾਰੀਆਂ ਕਿਤਾਬਾਂ ਚੁੱਕ ਕੇ ਉਥੇ ਖੜੀ ਸੀ। ਉਹ ਪੁਛਣ ਲਗਾ, ''ਤੇਰੇ ਕੋਲ ਪਹਿਲਾਂ ਹੀ ਇੰਨੀਆਂ ਸਾਰੀਆਂ ਕਿਤਾਬਾਂ ਹਨ ਕਿ ਸਾਰੀ ਜ਼ਿੰਦਗੀ ਤੂੰ ਉਨ੍ਹਾਂ ਨੂੰ ਨਹੀਂ ਪੜ੍ਹ ਸਕਦੀ।''

''ਜਦੋਂ ਕਰਨ ਨੂੰ ਹੋਰ ਕੋਈ ਕੰਮ ਨਾ ਹੋਵੇ ਤਾਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ।'' ਉਹਨੇ ਮੋਹਨ ਦੇ ਨਾਲ ਬੈਠਦੇ ਹੋਏ ਜਵਾਬ ਦਿਤਾ, ''ਕੁਝ ਮਹੀਨੇ ਮੇਰੇ ਕੋਲ ਕੰਮ ਕਰਨ ਨੂੰ ਕੁਝ ਨਹੀਂ ਹੈ, ਮੈਂ ਖਾਵਾਂਗੀ ਅਤੇ ਸੌਂਵਾਂਗੀ-ਉਹ ਵੀ ਇਕੱਲੀ-ਇਸ ਲਈ ਮੈਂ ਪੜ੍ਹਾਂਗੀ ਅਤੇ ਪੜ੍ਹਾਂਗੀ ਅਤੇ ਪੜ੍ਹਾਂਗੀ।''

ਮੋਹਨ ਨੇ ਜੀਵਨ ਰਾਮ ਨੂੰ ਲਾਅ ਮਾਰੀਡੀਅਨ ਜਾਣ ਲਈ ਕਿਹਾ।

ਕਾਰ ਕਨਾਟ ਸਰਕਸ ਤਕ ਗਈ ਅਤੇ ਫਿਰ ਵਾਪਸ ਮੁੜਦੇ ਹੋਏ ਜਨਪਥ ਤੇ ਆ ਗਈ। ਇੰਪੀਰੀਅਲ ਹੋਟਲ, ਰਾਹੀਂ ਹੁੰਦੀ ਹੋਈ ਹੀ ਹੋਟਲ ਦੇ ਗੇਟ ਵਿਚ ਦਾਖਲ ਹੋਈ। ਨੀਲੇ ਰੰਗ ਦੀਆਂ ਵਰਦੀਆਂ ਵਿਚ ਵਿਸ਼ਾਲ ਕੱਦੇ ਦੋ ਸਿੱਖ ਉਥੇ ਖੜ੍ਹੇ ਸਨ। ਉਨ੍ਹਾਂ ਕਾਰ ਦੇ ਦਰਵਾਜ਼ੇ ਖੋਲ੍ਹੇ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਦੋਹਾਂ ਨੂੰ ਹੀ ਉਹ ਕਾਲੇ ਸੰਗਮਰਮਰ ਦੀਆਂ ਬਣੀਆਂ ਚਾਰ ਪੌੜੀਆਂ ਤੱਕ ਲੈ ਕੇ ਗਏ। ਉਨ੍ਹਾਂ ਨੇ ਦਰਵਾਜ਼ਾ ਖੋਲਿਆ ਤੇ ਉਨ੍ਹਾਂ ਨੂੰ ਅੰਦਰ ਦਾਖਲ ਹੋਣ ਦਿਤਾ। ਸਰੋਜਨੀ ਸਵਾਗਤੀ ਹਾਲ ਦੇ ਅੰਦਰ ਦਾਖਲ ਹੋਈ ਅਤੇ ਹੋਟਲ ਦੀ ਸ਼ਾਨ ਨੂੰ ਦੇਖਣ ਲੱਗੀ। ਇਸਦਾ ਫਰਸ਼ ਚਮਕੀਲੇ ਕਾਲੇ ਸੰਗਮਰਮਰ ਦਾ ਬਣਿਆ ਹੋਇਆ ਸੀ ਅਤੇ ਉਚੀਆਂ ਛੱਤਾਂ ਤੋਂ ਵੱਡੇ ਵੱਡੇ ਸ਼ਮਾਦਾਨ ਲਟਕ ਰਹੇ ਸਨ। ਵਿਦੇਸ਼ੀ ਸੈਲਾਨੀ, ਖ਼ੂਬਸੂਰਤ ਔਰਤਾਂ ਅਤੇ ਕੰਮ ਕਰਨ ਵਾਲੇ ਮੁੰਡੇ ਆ ਜਾ ਰਹੇ ਸਨ। ਉਨ੍ਹਾਂ ਨੇ ਬੰਦ ਗਲੇ ਵਾਲੇ ਕੋਟ ਅਤੇ ਤੰਗ ਪਤਲੂਨਾਂ ਪਾਈਆਂ ਹੋਈਆਂ ਸਨ ਜਿਨ੍ਹਾਂ ਨਾਲ ਉਨ੍ਹਾਂ ਦੇ ਪਿਛੇ ਬਾਹਰ ਨੂੰ ਨਿਕਲੇ ਦਿਖਾਈ ਦਿੰਦੇ ਸਨ। ਉਹ ਸ਼ੀਸ਼ੇ ਦੀਆਂ ਲਿਫਟਾਂ ਦੇ ਕੋਲ ਦੀ ਲੰਘੇ ਜਿਹੜੀਆਂ ਕਿ ਰਾਕਟ ਦੀ ਰਫਤਾਰ ਨਾਲ ਸਤਵੀਂ ਮੰਜ਼ਲ ਤਕ ਚਲਦੀਆਂ ਹਨ ਅਤੇ ਇੰਨੀ ਤੇਜ਼ੀ ਨਾਲ ਥੱਲੇ ਨੂੰ ਆਉਂਦੀਆਂ ਹਨ ਕਿ ਇੰਝ ਲਗਦਾ ਹੈ ਕਿ ਜਿਵੇਂ ਪਾਣੀ ਦੇ ਤਲਾਬ ਵਿਚ ਡੁਬਕੀ ਮਾਰ ਰਹੀਆਂ ਹੋਣ। ਸਰੋਜਨੀ ਨੂੰ ਲੈ ਕੇ ਮੋਹਨ ਕਾਲੇ ਰੰਗ ਦੀ ਉਸ ਕੁੜੀ ਦੇ ਕੋਲ ਦੀ ਲੰਘਿਆ ਜਿਹੜੀ ਆਪਣੀ ਭਰਵੀਂ ਆਵਾਜ਼ ਵਿਚ ਗਾ ਰਹੀ ਸੀ। ਉਸਦੇ ਨਾਲ ਹੀ ਕੋਈ ਬੰਦਾ ਗਿਟਾਰ ਵਜਾ ਰਿਹਾ ਸੀ। ਉਨ੍ਹਾਂ ਗੋਲ ਕੁਰਸੀਆਂ ਵਾਲਾ ਇਕ ਕੋਨਾ ਲੱਭ ਲਿਆ ਅਤੇ ਆਪੋ ਆਪਣੀ ਸ਼ਰਾਬ ਦੇ ਆਰਡਰ ਦਿਤੇ। ਮੋਹਨ ਨੇ ਬੇਅਰੇ ਨੂੰ ਕਿਹਾ, ''ਸ੍ਰੀਮਤੀ ਜੀ ਸ਼ਾਕਾਹਾਰੀ ਹਨ, ਇਸ ਲਈ ਸ਼ਰਾਬ ਦੇ ਨਾਲ ਸਿਰਫ ਸ਼ਾਕਾਹਾਰੀ ਸਮਾਨ ਹੀ ਲਿਆਂਦਾ ਜਾਵੇ।''

ਬੇਅਰੇ ਨੇ ਮੋਹਨ ਨੂੰ ਸਕਾਚ ਦਿਤੀ ਅਤੇ ਸ਼ੈਰੀ ਦਾ ਗਿਲਾਸ ਸਰੋਜਨੀ ਨੂੰ ਲਿਆ ਦਿੱਤਾ। ਫਿਰ ਉਹ ਚਾਂਦੀ ਦੀ ਪਲੇਟ ਵਿਚ ਸਲੂਣਾ ਲੈ ਆਇਆ। ਮੋਹਨ ਨੇ ਕਿਹਾ, ''ਇਹਨੂੰ ਮੇਜ਼ ਉਤੇ ਰਹਿਣ ਦੇ। ਅਸੀਂ ਆਪ ਆਪਣੀਆਂ ਪਲੇਟਾਂ ਵਿਚ ਪਾ ਲਵਾਂਗੇ। ਬਹਿਰਾ ਸਮਝ ਗਿਆ ਕਿ ਉਹ ਇਕਲੇ ਰਹਿਣਾ ਚਾਹੁੰਦੇ ਹਨ।''

ਮੋਹਨ ਨੇ ਦੂਜੀ ਸਕਾਚ ਪੀਣ ਤੋਂ ਬਾਅਦ ਆਪਣੀ ਜੇਬ ਵਿਚੋਂ ਦੋ ਲਿਫਾਫੇ ਕੱਢੇ ਅਤੇ ਸਰੋਜਨੀ ਦੇ ਹੱਥਾਂ ਵਿਚ ਦੇ ਦਿੱਤੇ। ਉਹ ਕਹਿਣ ਲੱਗਾ, ''ਇਹ ਆਪਣੇ ਬੈੱਗ ਵਿਚ ਪਾ ਲੈ।'' ''ਇਸ ਵਿਚ ਕੀ ਹੈ?''

''ਇਕ ਲਿਫਾਫੇ ਵਿਚ 300 ਰੁਪਏ ਹਨ, ਇਹ ਨੌਕਰਾਂ ਨੂੰ ਦੇਣੇ ਹਨ। 100-100 ਰੁਪਏ ਹਰੇਕ ਨੂੰ। ਦੂਜੇ ਵਿਚ ਉਹ ਪੈਸੇ ਹਨ ਜਿਹੜੇ ਸੌਦੇ ਮੁਤਾਬਕ ਮੈਂ ਤੈਨੂੰ ਦੇਣੇ ਸਨ।''

''ਤੁਸੀਂ ਮੈਨੂੰ ਹੁਣ ਕੁਝ ਨਹੀਂ ਦੇਣਾ। ਅਸਲ ਵਿਚ ਤਾਂ ਮੈਂ ਤੁਹਾਨੂੰ ਉਹ ਪੈਸੇ ਦੇਣੇ ਹਨ ਜਿਹੜੇ ਤੁਸੀਂ ਦੋ ਦਿਨ ਪਹਿਲੇ ਪੇਸ਼ਗੀ ਦਿਤੇ ਸਨ।''

ਉਹਨੇ ਸਰੋਜਨੀ ਦਾ ਹੱਥ ਫੜਿਆ ਤੇ ਕਹਿਣ ਲਗਾ, ''ਇਹ ਹੁਣ ਪਹਿਲਾਂ ਵਰਗਾ ਕਾਰੋਬਾਰੀ ਸੌਦਾ ਨਹੀਂ ਰਹਿ ਗਿਆ। ਇਹ ਤਾਂ ਮੈਂ ਇਸ ਲਈ ਦੇ ਰਿਹਾ ਹਾਂ ਤਾਂ ਕਿ ਤੈਨੂੰ ਵਿਸ਼ਵਾਸ ਦਵਾ ਸਕਾਂ ਕਿ ਤੇਰੇ ਸਰੀਰ ਨਾਲੋਂ ਮੈਂ ਤੇਰੀ ਦੋਸਤੀ ਦੀ ਵੱਧ ਕਦਰ ਕਰਦਾ ਹਾਂ।'' ਉਹਨੇ ਆਪਣੀ ਜੇਬ ਵਿਚੋਂ ਨੀਲੇ ਰੰਗ ਦੀ ਇਕ ਛੋਟੀ ਜਿਹੀ ਡੱਬੀ ਕੱਢੀ ਅਤੇ ਉਹਨੂੰ ਖੋਲਿਆ। ਇਸ ਵਿਚੋਂ ਸੋਨੇ ਦੀ ਮੁੰਦਰੀ ਕਢੀ ਤੇ ਸਰੋਜਨੀ ਦੀ ਤੀਜੀ ਉਂਗਲ ਵਿਚ ਪਾ ਦਿਤੀ। ਉਹ ਹੈਰਾਨੀ ਨਾਲ ਉਸ ਵੱਲ ਵੇਖਣ ਲੱਗੀ, ''ਮੈਨੂੰ ਲਗਦਾ ਹੈ ਕਿ ਤੁਸੀਂ ਮੈਨੂੰ ਭਜਾਉਣਾ ਵੀ ਚਾਹੁੰਦੇ ਹੋ ਤੇ ਨਾਲ ਦੀ ਨਾਲ ਮੇਰੇ ਨਾਲ ਵੀ ਰਹਿਣਾ ਚਾਹੁੰਦੇ ਹੋ। ਮੈਨੂੰ ਤੁਹਾਡੀ ਗੱਲ ਸਮਝ ਨਹੀਂ ਆ ਰਹੀ।''

''ਇਸ ਮਾਮਲੇ ਵਿਚ ਕੋਈ ਗੁੰਝਲ ਨਹੀਂ ਹੈ। ਜੇ ਤੂੰ ਮੇਰੇ ਨਾਲ ਰਹੀ ਤਾਂ ਤੇਰੀ ਨੌਕਰੀ ਦਾ ਹਰਜ ਹੋਵੇਗਾ ਅਤੇ ਨਾਲ ਹੀ ਤੇਰੇ ਨਾਂ ਉਤੇ ਵੀ ਧਬਾ ਲਗੇਗਾ। ਮੈਂ ਨਹੀਂ ਚਾਹੁੰਦਾ ਕਿ ਇਸ ਤਰ੍ਹਾਂ ਹੋਵੇ।'' ਇਸ ਤੋਂ ਬਾਅਦ ਅਰਥਪੂਰਣ ਮੁਸਕਰਾਹਟ ਬਿਖੇਰਦੇ ਹੋਏ ਉਸ ਹੋਰ ਕਿਹਾ, ''ਤੂੰ ਹਾਲੇ ਦੋ ਮਹੀਨੇ ਹੋਰ ਮੈਨੂੰ ਆਪਣੀਆਂ ਸੇਵਾਵਾਂ ਪੇਸ਼ ਕਰਨੀਆਂ ਹਨ। ਮੈਂ ਉਨ੍ਹਾਂ ਦਿਨਾਂ ਦੀ ਉਡੀਕ ਕਰਾਂਗਾ ਜਦੋਂ ਤੂੰ ਆਪਣਾ ਇਹ ਕਰਜ਼ਾ ਲਾਹੁਣ ਦਾ ਫ਼ੈਸਲਾ ਕਰੇਂਗੀ। ਮੈਂ ਤੈਨੂੰ ਇਸੇ ਹੋਟਲ ਵਿਚ ਠਹਿਰਾ ਦੇਵਾਂਗਾ। ਜਦੋਂ ਮੈਂ ਆਪਣੇ ਕਾਰੋਬਾਰ ਨਾਲ ਸਬੰਧਤ ਲੋਕਾਂ ਨੂੰ ਇਥੇ ਠਹਿਰਾਉਂਦਾ ਹਾਂ ਤਾਂ ਮੈਨੂੰ ਭਾਰੀ ਛੋਟ ਮਿਲਦੀ ਹੈ। ਅਸੀਂ ਆਪਣੀਆਂ ਛੁੱਟੀਆਂ ਐਸੀ ਥਾਂ ਤੇ ਬਿਤਾ ਸਕਦੇ ਹਾਂ ਜਿਥੇ ਸਾਨੂੰ ਕੋਈ ਨਾ ਜਾਣਦਾ ਹੋਵੇ। ਤੂੰ ਮੇਰੇ ਨਾਲ ਸੰਪਰਕ ਰਖੇਂਗੀ। ਰਖੇਂਗੀ ਕਿ ਨਹੀਂ?'' ਉਹਨੇ ਕੋਈ ਸ਼ਬਦ ਤਾਂ ਨਾ ਬੋਲੇ ਪਰ ਹਾਂ ਵਿਚ ਸਿਰ ਹਿਲਾ ਦਿਤਾ।

ਮੋਹਨ ਨੇ ਸਕਾਚ ਦਾ ਤੀਜਾ ਪੈੱਗ ਵੀ ਪੀ ਲਿਆ। ਸਰੋਜਨੀ ਨੇ ਅਜੇ ਦੂਜਾ ਗਿਲਾਸ ਹੀ ਪੀਤਾ ਸੀ। ਮੋਹਨ ਨੇ ਆਪਣਾ ਕਰੈਡਿਟ ਕਾਰਡ ਬੇਅਰੇ ਨੂੰ ਫੜਾਇਆ ਅਤੇ ਦਸ ਦਸ ਰੁਪਏ ਦੇ ਦੋ ਨੋਟ ਟਿੱਪ ਵਜੋਂ ਮੇਜ਼ ਉਤੇ ਰਖ ਦਿਤੇ।

ਉਠਦੀ ਹੋਈ ਸਰੋਜਨੀ ਕਹਿਣ ਲੱਗੀ, ''ਮੈਨੂੰ ਤਾਂ ਭੁੱਖ ਨਹੀਂ। ਤੂੰ ਖਾਣਾ ਖਾ, ਮੈਂ ਤੇਰੇ ਕੋਲ ਬੈਠੀ ਰਹਾਂਗੀ।''

ਮੋਹਨ ਨੇ ਜਵਾਬ ਦਿਤਾ, ''ਮੈਨੂੰ ਵੀ ਭੁੱਖ ਨਹੀਂ, ਚਲੋ ਘਰ ਚਲੀਏ।''

ਬਾਹਰ ਜਾਂਦੇ ਹੋਏ ਉਹਨੇ 10 ਰੁਪਏ ਦਾ ਇਕ ਨੋਟ ਬਾਹਰ ਖੜ੍ਹੇ ਸਿਖ ਪਹਿਰੇਦਾਰ ਨੂੰ ਦਿੱਤਾ ਜਿਸਨੇ ਉਸਨੂੰ ਇਕ ਵਾਰੀ ਫਿਰ ਸਲਾਮ ਕੀਤਾ। ਜਦੋਂ ਕਾਰ ਵਿਚ ਬੈਠਣ ਲੱਗੇ ਤਾਂ ਉਹ ਬੋਲੀ, ''ਤੂੰ ਆਪਣਾ ਪੈਸਾ ਬਿਨਾਂ ਵਜ੍ਹਾ ਬਹੁਤ ਬਰਬਾਦ ਕਰਦਾ ਹੈਂ।''

''ਹੋਰ ਇਸ ਪੈਸੇ ਦਾ ਕੀ ਕੀਤਾ ਜਾਵੇ?'' ਮੋਹਨ ਨੂੰ ਲਗਦਾ ਸੀ ਕਿ ਇਸ ਸਵਾਲ ਦੇ ਜਵਾਬ ਵਿਚ ਉਸਨੂੰ ਇਕ ਸਖਤ ਭਾਸ਼ਨ ਸੁਣਨਾ ਪਵੇਗਾ ਅਤੇ ਉਹ ਵੀ ਪ੍ਰੋਫੈਸਰਾਂ ਵਾਲੀ ਆਵਾਜ਼ ਵਿਚ। ਉਹ ਸੁਣਨਾ ਵੀ ਚਾਹੁੰਦਾ ਸੀ ਪਰ ਸਰੋਜਨੀ ਨੇ ਕੁਝ ਨਾ ਕਿਹਾ। ਮੋਹਨ ਨੂੰ ਪਤਾ ਸੀ ਕਿ ਉਸਨੂੰ ਸਰੋਜਨੀ ਦੀ ਬਹੁਤ ਯਾਦ ਆਵੇਗੀ।

ਜਦੋਂ ਉਹ ਘਰ ਪਹੁੰਚੇ ਤਾਂ ਨੌਕਰ ਅਜੇ ਵੀ ਉਨ੍ਹਾਂ ਦੀ ਉਡੀਕ ਵਿਚ ਸਨ। ਅਜੇ 2 ਵੀ ਨਹੀਂ ਸਨ ਵੱਜੇ। ਮੋਹਨ ਨੇ ਬਾਹਰਲਾ ਗੇਟ ਤੇ ਅੰਦਰਲੇ ਦਰਵਾਜ਼ੇ ਬੰਦ ਕੀਤੇ, ਪਤਾ ਨਹੀਂ ਕਿਉਂ, ਅੱਜ ਉਸਨੇ ਬਾਗ ਵਿਚ ਪਿਸ਼ਾਬ ਨਾ ਕੀਤਾ।

''ਮੈਂ ਆਪਣੇ ਮਾਪਿਆਂ ਨੂੰ ਫੋਨ ਕਰਨ ਲਈ ਤੁਹਾਡੇ ਟੈਲੀਫੋਨ ਦੀ ਵਰਤੋਂ ਕਰ ਲਵਾਂ?'' ਸਰੋਜਨੀ ਨੇ ਪੁਛਿਆ।

''ਬਿਲਕੁਲ, ਜ਼ਰੂਰ ਕਰ ਲੈ।''

ਉਹਨੇ ਕੋਡ ਅਤੇ ਨੰਬਰ ਮਿਲਾਇਆ। ਜਦੋਂ ਉਹਦੀ ਮਾਂ ਨੇ ਫੋਨ ਚੁਕਿਆ ਤਾਂ ਉਹ ਪੁਛਣ ਲਗੀ, ''ਮਾਂ ਕਾਲਜ ਖੁਲ੍ਹਣ ਤੋਂ ਪਹਿਲਾਂ ਕੁਝ ਹਫਤੇ ਲਈ ਮੈਂ ਤੁਹਾਡੇ ਕੋਲ ਆ ਜਾਵਾਂ?'' ਉਹਦੀ ਮਾਂ ਨੇ ਜਵਾਬ ਦਿਤਾ ਹੋਣਾ ਹੈ ਕਿ ਜ਼ਰੂਰ ਆ ਜਾ। ਤੂੰ ਕਦੋਂ ਆਵੇਂਗੀ? ਸਰੋਜਨੀ ਨੇ ਜਵਾਬ ਦਿਤਾ, ''ਮੈਨੂੰ ਪੱਕਾ ਨਹੀਂ ਪਤਾ, ਮੈਂ ਜਿਸ ਵੀ ਗੱਡੀ ਵਿਚ ਸੀਟ ਮਿਲੀ, ਉਸੇ ਰਾਹੀਂ ਆ ਰਹੀ ਹਾਂ। ਆਉਣ ਤੋਂ ਪਹਿਲਾਂ ਤੁਹਾਨੂੰ ਦੱਸਾਂਗੀ। ਮੁੰਨੇ ਦਾ ਕੀ ਹਾਲ ਹੈ?'' ਉਹ ਕੁਝ ਦੇਰ ਸੁਣਦੀ ਰਹੀ ਅਤੇ ਫਿਰ ''ਗੁਡ ਨਾਈਟ'' ਕਹਿ ਕੇ ਫੋਨ ਰਖ ਦਿੱਤਾ।

''ਸਭ ਕੁਝ ਠੀਕ ਠਾਕ ਹੈ। ਕਲ੍ਹ ਨੂੰ ਮੈਂ ਦੇਹਰਾਦੂਨ ਸ਼ਤਾਬਦੀ ਐਕਸਪ੍ਰੈਸ ਲਈ ਆਪਣੀ ਸੀਟ ਬੁੱਕ ਕਰਾਉਣ ਦੀ ਕੋਸ਼ਿਸ਼ ਕਰਾਂਗੀ, ਮੈਨੂੰ ਲਗਦਾ ਹੈ ਕਿ ਇਹ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੋਂ ਸਵੇਰੇ ਜਾਂਦੀ ਹੈ। ਛੇ ਜਾਂ ਇਸਦੇ ਨੇੜੇ ਤੇੜੇ।''

ਮੋਹਨ ਨੇ ਜਵਾਬ ਦਿਤਾ, ''ਚਿੰਤਾ ਦੀ ਕੋਈ ਗੱਲ ਨਹੀਂ। ਮੈਂ ਆਪਣੇ ਦਫਤਰ

ਵਾਲਿਆਂ ਨੂੰ ਕਹਿ ਦਿਆਂਗਾ ਕਿ ਉਹ ਤੇਰੀ ਟਿਕਟ ਤੇ ਸੀਟ ਬੁਕ ਕਰਾ ਦੇਣ। ਜਿੰਨੇ ਵਜੇ ਵੀ ਜਾਂਦੀ ਹੋਵੇ ਮੈਂ ਤੈਨੂੰ ਛੱਡ ਕੇ ਆਵਾਂਗਾ।''

''ਬੜੀ ਮਿਹਰਬਾਨੀ ਹੋਵੇਗੀ।'' ਉਸਨੇ ਜਵਾਬ ਦਿਤਾ ਤੇ ਨਾਲ ਹੀ ਕਹਿਣ ਲਗੀ, ''ਪਰ ਸੀਟ ਬੁਕ ਕਰਾ ਰਹੇ ਲੋਕਾਂ ਨੂੰ ਮੇਰਾ ਨਾਂ, ਉਮਰ ਤੇ ਹੋਰ ਵੇਰਵੇ ਚਾਹੀਦੇ ਹੋਣਗੇ। ਮੈਨੂੰ ਨਹੀਂ ਲਗਦਾ ਕਿ ਤੁਸੀਂ ਆਪਣੇ ਸਟਾਫ ਨੂੰ ਇਹ ਸਭ ਕੁਝ ਦੱਸਣਾ ਚਾਹੋਗੇ।''

''ਇਹ ਗੱਲ ਤਾਂ ਮੈਂ ਸੋਚੀ ਹੀ ਨਹੀਂ ਸੀ। ਮੈਂ ਆਪਣੇ ਟਰੈਵਲ ਏਜੰਟ ਨੂੰ ਕਹਾਂਗਾ ਕਿ ਉਹ ਸੀਟ ਬੁੱਕ ਕਰਾਵੇ ਅਤੇ ਬਿੱਲ ਘਰ ਦੇ ਪਤੇ ਉਤੇ ਭੇਜ ਦੇਵੇ। ਉਹ ਕੱਲ੍ਹ ਹੀ ਮੈਨੂੰ ਦਸ ਦੇਵੇਗਾ ਕਿ ਸੀਟ ਕਿਸ ਦਿਨ ਦੀ ਮਿਲੇਗੀ। ਇਨ੍ਹਾਂ ਦਿਨਾਂ ਵਿਚ ਇਸ ਪਾਸੇ ਬਹੁਤੀ ਭੀੜ ਨਹੀਂ ਹੋਣੀ ਚਾਹੀਦੀ।''

ਸਰੋਜਨੀ ਨੇ ਕਾਫੀ ਚੌਕਸੀ ਵਰਤੀ ਸੀ। ਫਿਰ ਵੀ ਉਹ ਮਹਿਸੂਸ ਕਰਨ ਲਗ ਪਈ ਸੀ ਕਿ ਮੋਹਨ ਦਾ ਘਰ ਐਸਾ ਘਰ ਸੀ ਜਿਥੇ ਉਹ ਜਿੰਨੇ ਦਿਨ ਚਾਹੇ ਰਹਿ ਸਕਦੀ ਸੀ। ਹੁਣ ਕੌੜੀ ਸਚਾਈ ਉਸਦੇ ਸਾਹਮਣੇ ਸੀ। ਉਹ ਬੜੀ ਉਦਾਸ ਅਤੇ ਨਿਰਾਸ਼ ਦਿਖਾਈ ਦਿੰਦੀ ਸੀ। ਰੇਵਾੜੀ ਦੇ ਕਾਲਜ ਦਾ ਬੋਰੀਅਤ ਭਰਿਆ ਕੰਮ ਇਕ ਐਸੀ ਹਕੀਕਤ ਸੀ ਜਿਸਦਾ ਉਹਨੂੰ ਪਤਾ ਹੋਣਾ ਚਾਹੀਦਾ ਸੀ। ਉਹਨੇ ਆਪਣੇ ਦੋਵੇਂ ਹੱਥ ਆਪਣੇ ਚਿਹਰੇ ਉਤੇ ਰਖੇ ਤੇ ਰੋਣ ਲਗ ਪਈ। ਉਸਦੇ ਇਸ ਤਰ੍ਹਾਂ ਕਰਨ ਨਾਲ ਮੋਹਨ ਵੀ ਭਾਵੁਕ ਹੋ ਗਿਆ। ਉਹ ਗੋਡਿਆਂ ਭਾਰ ਬੈਠਾ ਅਤੇ ਆਪਣਾ ਸਿਰ ਸਰੋਜਨੀ ਦੇ ਪੱਟਾਂ ਵਿਚ ਰੱਖ ਦਿਤਾ ਅਤੇ ਰੋਣ ਲੱਗਾ। ਦੋਵੇਂ ਕੁਝ ਦੇਰ ਤਕ ਰੋਂਦੇ ਰਹੇ। ਸਰੋਜਨੀ ਆਪਣੀਆਂ ਉਂਗਲਾਂ ਮੋਹਨ ਦੇ ਵਾਲਾਂ ਵਿਚ ਫੇਰਦੀ ਰਹੀ ਅਤੇ ਫਿਰ ਕਹਿਣ ਲੱਗੀ, ''ਸਾਨੂੰ ਬੱਚਿਆਂ ਵਾਂਗ ਰੋਣਾ ਨਹੀਂ ਚਾਹੀਦਾ। ਸਾਨੂੰ ਵੱਡਿਆਂ ਵਾਂਗ ਵਿਹਾਰ ਕਰਨਾ ਚਾਹੀਦਾ ਹੈ। ਤੈਨੂੰ ਪਤਾ ਹੀ ਹੈ ਕਿ ਤੇਰੇ ਨਾਲੋਂ ਮੇਰੇ ਲਈ ਬਰਦਾਸ਼ਤ ਕਰਨਾ ਵਧੇਰੇ ਔਖਾ ਹੋਣਾ ਹੈ। ਇਹ ਸੰਸਾਰ ਮਰਦਾਂ ਨੂੰ ਛੇਤੀ ਮਾਫ ਕਰ ਦਿੰਦਾ ਹੈ। ਤੇਰੇ ਉਤੇ ਤਾਂ ਲੋਕ ਸਗੋਂ ਰਸ਼ਕ ਕਰਨਗੇ। ਮੈਨੂੰ ਸਾਰੇ ਲੋਕ ਰੰਡੀ ਕਹਿਣਗੇ ਪਰ ਕੋਈ ਫਰਕ ਨਹੀਂ ਪੈਂਦਾ। ਮੇਰੇ ਲਈ ਇਹ ਬੜਾ ਯਾਦਗਾਰੀ ਤਜਰਬਾ ਸੀ।''

ਉਹ ਦੋਵੇਂ ਇਕਠੇ ਹੀ ਖੜ੍ਹੇ ਹੋਏ। ਮੋਹਨ ਨੇ ਉਸਨੂੰ ਘੁੱਟ ਕੇ ਜੱਫੀ ਪਾਈ ਤੇ ਭਾਰੀ ਆਵਾਜ਼ ਵਿਚ ਕਹਿਣ ਲਗਾ, ''ਮੈਂ ਤੈਨੂੰ ਪਿਆਰ ਕਰਦਾ ਹਾਂ।''

''ਮੋਹਨ ਮੈਂ ਵੀ ਤੈਨੂੰ ਹੋਰ ਕਿਸੇ ਵੀ ਬੰਦੇ ਨਾਲੋਂ ਵੱਧ ਪਿਆਰ ਕਰਦੀ ਹਾਂ।''

ਮਹੀਨੇ ਭਰ ਦੇ ਆਪਣੇ ਸਬੰਧਾਂ ਦੌਰਾਨ ਇਹ ਪਹਿਲੀ ਵਾਰ ਹੋਇਆ ਸੀ ਕਿ ਉਨ੍ਹਾਂ ਇਕ ਦੂਜੇ ਲਈ ਪਿਆਰ ਸ਼ਬਦ ਦੀ ਵਰਤੋਂ ਕੀਤੀ ਸੀ। ਸਾਰੀ ਰਾਤ ਉਹ ਇਕ ਦੂਜੇ ਦੀਆਂ ਬਾਹਾਂ ਵਿਚ ਪਏ ਰਹੇ। ਕਿਸੇ ਨੇ ਵੀ ਕੱਪੜੇ ਲਾਹੁਣ ਦੀ ਕੋਸ਼ਿਸ਼ ਨਹੀਂ ਕੀਤੀ। ਪਿਆਰ ਦੇ ਸ਼ਬਦ ਨੇ ਵਾਸਨਾ ਨੂੰ ਖਤਮ ਕਰ ਦਿਤਾ ਸੀ।

ਅਗਲੀ ਸਵੇਰੇ ਜਦੋਂ ਮੋਹਨ ਦਫਤਰ ਲਈ ਰਵਾਨਾ ਹੋ ਗਿਆ ਤਾਂ ਸਰੋਜਨੀ ਨੇ ਆਪਣੇ ਕੱਪੜੇ ਤੇ ਕਿਤਾਬਾਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਬੋਅਰਡਿੰਗ ਅਤੇ ਜਮਾਦਾਰਨੀ ਉਹਦੀ ਮਦਦ ਕਰਨੀ ਚਾਹੁੰਦੇ ਸਨ ਪਰ ਉਹਨੇ ਮਦਦ ਲੈਣ ਤੋਂ ਇਨਕਾਰ ਕਰ ਦਿਤੀ ਅਤੇ ਕਿਹਾ ਕਿ ਉਸ ਕੋਲ ਪੈਕ ਕਰਨ ਲਈ ਬਹੁਤਾ ਸਮਾਨ ਨਹੀਂ ਹੈ। ਉਸ ਇਹ ਵੀ ਕਹਿ ਦਿਤਾ ਕਿ ਦੁਪਹਿਰ ਦੇ ਖਾਣੇ ਦੇ ਸਮੇਂ ਤਕ ਕੋਈ ਉਸ ਕੋਲ ਨਾ ਆਵੇ। ਉਹਨੇ ਬਹੁਤ ਥੋੜ੍ਹਾ ਜਿਹਾ ਖਾਣਾ ਖਾਧਾ ਅਤੇ ਜੀਵਨ ਰਾਮ ਨੂੰ ਕਿਹਾ ਕਿ ਉਹਨੂੰ ਬਿਰਲਾ ਮੰਦਰ ਲੈ ਚਲੇ। ਮੰਦਰ ਦੇ ਦਰਵਾਜ਼ੇ ਤੋਂ ਉਹਨੇ ਗੁਲਾਬ ਪੱਤੀਆਂ ਦੇ ਕਈ ਡੂਨੇ ਖਰੀਦੇ। ਉਹ ਇਹ ਫੁੱਲ ਮੰਦਰ ਦੇ ਅੰਦਰ ਵੱਖ ਵੱਖ ਹਿਸਿਆਂ ਵਿਚ ਬਣੇ ਵੱਖ ਵੱਖ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਉਤੇ ਚੜ੍ਹਾਉਣਾ ਚਾਹੁੰਦੀ ਸੀ। ਸਰਸਵਤੀ ਦੀ ਮੂਰਤੀ ਦੇ ਅਗੇ ਉਹ ਕਿੰਨੀ ਦੇਰ ਤਕ ਅੱਖਾਂ ਬੰਦ ਕਰਕੇ ਬੈਠੀ ਰਹੀ ਅਤੇ ਪ੍ਰਾਰਥਨਾ ਕਰਦੀ ਰਹੀ।

ਫਿਰ ਉਹ ਕ੍ਰਿਸ਼ਨਾ ਮੰਦਰ ਵਿਚ ਜੁੜੀ ਭੀੜ ਵਿਚ ਸ਼ਾਮਲ ਹੋਈ ਜਿਥੇ ਕੀਰਤਨ ਹੋ ਰਿਹਾ ਸੀ। ਉਸਨੇ ਆਪਣੀ ਨਜ਼ਰ ਭਗਵਾਨ ਕ੍ਰਿਸ਼ਨ ਦੀ ਸ਼ਾਨਦਾਰ ਮੂਰਤੀ ਉਤੇ ਟਿਕਾਈ। ਨੀਲੇ ਰੰਗ ਦੇ ਇਸ ਦੇਵਤਾ ਦੀਆਂ ਅੱਖਾਂ ਵਿਚ ਸ਼ਰਾਰਤ ਸੀ ਅਤੇ ਇਸਦੇ ਬੁਲ੍ਹਾਂ ਨੂੰ ਬੰਸਰੀ ਲੱਗੀ ਹੋਈ ਸੀ। ਸਾਰੇ ਦੇਵੀ ਦੇਵਤਿਆਂ ਵਿਚੋਂ ਇਹੀ ਇਕੋ ਇਕ ਦੇਵਤਾ ਸੀ ਜਿਹੜਾ ਮਨੁੱਖਾਂ ਦੀਆਂ ਸਰੀਰਕ ਜ਼ਰੂਰਤਾਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਅਤੇ ਆਪਣੀ ਉਦਾਹਰਣ ਰਾਹੀਂ ਉਹ ਉਨ੍ਹਾਂ ਨੂੰ ਮਾਫ ਵੀ ਕਰ ਦਿੰਦਾ ਸੀ। ਉਸਦਾ ਆਪਣੀ ਭੂਆ ਰਾਧਾ ਨਾਲ ਸਾਰੀ ਉਮਰ ਇਸ਼ਕ ਚਲਿਆ ਸੀ। ਇਸ ਤੋਂ ਬਿਨਾਂ ਪਿੰਡ ਦੀਆਂ ਬਹੁਤ ਸਾਰੀਆਂ ਵਿਆਹੀਆਂ ਤੇ ਅਣਵਿਆਹੀਆਂ ਕੁੜੀਆਂ ਨਾਲ ਵੀ ਉਸਦਾ ਦੋਸਤਾਨਾ ਸਬੰਧ ਸੀ। ਲੋਕ ਉਹਦੀ ਪੂਜਾ ਕਰਦੇ ਸਨ। ਕੋਈ ਵੀ ਨਾ ਤਾਂ ਉਸਨੂੰ ਹੀ ਤੀਵੀਂਬਾਜ਼ ਕਹਿੰਦਾ ਸੀ ਅਤੇ ਨਾ ਹੀ ਉਸਦੀ ਜ਼ਿੰਦਗੀ ਵਿਚ ਆਈਆਂ ਔਰਤਾਂ ਨੂੰ ਹੀ ਗ਼ਲਤ ਦੱਸਦਾ ਸੀ। ਅਤੇ ਇਕ ਪਾਸੇ ਉਹ ਸੀ ਜਿਹਨੂੰ ਉਹਦੇ ਪਤੀ ਨੇ ਬਿਨਾਂ ਕਾਰਨ ਹੀ ਛੱਡ ਦਿਤਾ ਸੀ ਅਤੇ ਜਿਸਨੇ ਕਿਸੇ ਹੋਰ ਆਦਮੀ ਨਾਲ ਸਰੀਰਕ ਸਬੰਧਾਂ ਰਾਹੀਂ ਬਹੁਤ ਥੋੜੇ ਸਮੇਂ ਲਈ ਆਨੰਦ ਮਾਣਿਆ ਸੀ। ਕੀ ਉਸਨੇ ਕੋਈ ਪਾਪ ਕੀਤਾ ਸੀ?

ਜਦੋਂ ਸਰੋਜਨੀ ਮੰਦਰ ਵਿਚੋਂ ਉਠ ਕੇ ਆਈ ਤਾਂ ਉਹਦਾ ਮਨ ਹਲਕਾ ਹੋ ਚੁਕਾ ਸੀ। ਉਹ ਜਾਣਦੀ ਸੀ ਕਿ ਉਸਦੇ ਜੀਵਨ ਦਾ ਇਕ ਚੈਪਟਰ ਖਤਮ ਹੋ ਚੁਕਾ ਹੈ। ਆਪਣੇ ਭਵਿਖ ਦੇ ਅਗਲੇ ਦਿਨਾਂ ਦਾ ਰਸਤਾ ਉਸਨੇ ਆਪ ਲੱਭਣਾ ਸੀ।

ਸੂਰਜ ਡੁੱਬਣ ਤੋਂ ਕਾਫੀ ਸਮਾਂ ਪਹਿਲਾਂ ਉਹ ਮੋਹਨ ਦੇ ਘਰ ਵਾਪਸ ਪਰਤ ਆਈ ਸੀ। ਜੀਵਨ ਰਾਮ ਆਪਣੇ ਮਾਲਕ ਨੂੰ ਲੈਣ ਚਲਾ ਗਿਆ। ਸਰੋਜਨੀ ਬਾਲਕਨੀ ਵਿਚ ਬੈਠੀ ਸੀ ਅਤੇ ਚੁਪ ਚੁਪੀਤੀ ਡੁੱਬਦੇ ਹੋਏ ਸੂਰਜ ਨੂੰ ਦੇਖ ਰਹੀ ਸੀ। ਉਥੇ ਪਹੁੰਚਦੇ ਸਾਰ ਮੋਹਨ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਜੇਬ ਵਿਚੋਂ ਲਿਫਾਫਾ ਕਢ ਕੇ ਮੇਜ਼ ਉਤੇ ਰਖ ਦਿਤਾ, ''ਤੇਰਾ ਟਿਕਟ। ਟਰੈਵਲ ਏਜੰਟ ਨੇ ਕਲ੍ਹ ਸਵੇਰ ਦੀ ਸ਼ਤਾਬਦੀ ਲਈ ਤੇਰੀ ਟਿਕਟ

ਮੁੱਕ ਕਰਾ ਦਿਤੀ ਹੈ। ਚੰਗਾ ਰਹੇਗਾ ਕਿ ਹੁਣੇ ਆਪਣੇ ਪਿਤਾ ਨੂੰ ਫੋਨ ਕਰ ਦੇਵੇਂ ਤਾਂ ਕਿ ਤੈਨੂੰ ਸਟੇਸ਼ਨ ਤੇ ਲੈਣ ਜਾਵੇ। ਮੇਰਾ ਖਿਆਲ ਹੈ ਕਿ ਗੱਡਾ 11 ਵਜੇ ਦੇ ਕਰੀਬ ਦੇਹਰਾਦੂਨ ਪਹੁੰਚਦੀ ਹੈ।''

ਸਰੋਜਨੀ ਨੇ ਦੇਹਰਾਦੂਨ ਫੋਨ ਕੀਤਾ ਜਿਹੜਾ ਉਸਦੇ ਪੁਤਰ ਨੇ ਚੁਕਿਆ। ਉਹ ਬੜੀ ਖੁਸ਼ ਜਾਪਦੀ ਸੀ, ''ਹੈਲੋ ਬੇਟਾ ਮੈਂ ਕਲ੍ਹ ਸਵੇਰੇ ਤੇਰੇ ਕੋਲ ਹੋਵਾਂਗੀ। ਆਪਣੇ ਨਾਨਾ ਨਾਲ ਮੈਨੂੰ ਲੈਣ ਸਟੇਸ਼ਨ ਤੇ ਆਵੀਂ। ਉਹਨੂੰ ਪਤਾ ਹੈ ਕਿ ਦਿੱਲੀ ਤੋਂ ਸ਼ਤਾਬਦੀ ਕਿੰਨੇ ਵਜੇ ਪਹੁੰਚਦੀ ਹੈ।''

ਉਸ ਟੈਲੀਫੋਨ ਰਖਿਆ ਤੇ ਆ ਕੇ ਮੋਹਨ ਦੇ ਕੋਲ ਬੈਠ ਗਈ। ਮੋਹਨ ਨੇ ਸੋਚਿਆ ਕਿ ਉਸਨੂੰ ਕੁਝ ਕਹਿਣਾ ਚਾਹੀਦਾ ਹੈ ਪਰ ਫਿਰ ਉਸਨੇ ਵੇਖਿਆ ਕਿ ਸਰੋਜਨੀ ਬੜੀ ਸ਼ਾਂਤ ਸੀ। ਉਸਦੇ ਪੁਤਰ ਦੀ ਆਵਾਜ਼ ਨੇ ਉਹਨੂੰ ਸ਼ਾਂਤ ਕਰ ਦਿਤਾ ਸੀ। ਫਿਰ ਮੋਹਨ ਨੇ ਆਪਣੇ ਬਾਰੇ ਸੋਚਿਆ। ਸੋਨੂ ਪੂਰੀ ਵਾਹ ਲਾਵੇਗੀ ਕਿ ਉਹ ਬੱਚਿਆਂ ਨੂੰ ਘੱਟ ਤੋਂ ਘੱਟ ਮਿਲ ਸਕੇ। ਉਹ ਬੱਚਿਆਂ ਨੂੰ ਉਸਦੇ ਖਿਲਾਫ ਵੀ ਭੜਕਾ ਦੇਵੇਗੀ। ਜਦੋਂ ਬੇਅਰਾ ਸ਼ਰਾਬ ਦਾ ਗਿਲਾਸ ਲੈ ਕੇ ਆਇਆ, ਸਰੋਜਨੀ ਨੇ ਉਸਨੂੰ 100 ਰੁਪਏ ਦਾ ਨੋਟ ਦਿੱਤਾ ਅਤੇ ਕਿਹਾ, ''ਇਹ ਤੇਰੇ ਲਈ ਹੈ, ਕਲ੍ਹ ਸਵੇਰੇ ਮੈਂ ਬਹੁਤ ਜਲਦੀ ਚਲੀ ਜਾਵਾਂਗੀ। ਰਸੋਈਏ ਤੇ ਜਮਾਦਾਰਨੀ ਨੂੰ ਵੀ ਭੇਜ।'' ਬੇਅਰੇ ਨੇ ਨੋਟ ਫੜ ਲਿਆ ਅਤੇ ਉਸਦੇ ਪੈਰੀਂ ਹੱਥ ਲਾਏ। ਉਹ ਕਹਿਣ ਲੱਗਾ, ''ਜੇ ਮੈਥੋਂ ਕੋਈ ਗ਼ਲਤੀ ਹੋਈ ਹੋਵੇ ਤਾਂ ਮੈਨੂੰ ਮਾਫ ਕਰ ਦੇਣਾ।'' ਸਰੋਜਨੀ ਨੂੰ ਪਤਾ ਸੀ ਕਿ ਉਹ ਆਪਣੀ ਕਿਸੇ ਗ਼ਲਤੀ ਦਾ ਜ਼ਿਕਰ ਨਹੀਂ ਸੀ ਕਰ ਰਿਹਾ ਸਗੋਂ ਨੌਕਰ ਧੰਨਵਾਦ ਕਰਨ ਲਈ ਇਹੀ ਫਾਰਮੂਲਾ ਵਰਤਿਆ ਕਰਦੇ ਸਨ। ਰਸੋਈਏ ਅਤੇ ਜਮਾਦਾਰਨੀ ਨੇ ਵੀ ਪੈਸੇ ਫੜ ਲਏ ਪਰ ਧੰਨਵਾਦ ਵਜੋਂ ਕੁਝ ਨਾ ਕਿਹਾ। ਸਰੋਜਨੀ ਨੇ ਆਪਣੀ ਰੇਲਵੇ ਟਿਕਟ ਉਤੇ ਝਾਤੀ ਮਾਰੀ। ਕੰਪਿਊਟਰ ਦੀ ਬਣੀ ਟਿਕਟ ਉਤੇ ਉਸਦਾ ਨਾਂ ਡਾਕਟਰ ਐੱਸ ਭਾਰਦਵਾਜ, ਸੈਂਤੀ ਲਿਖਿਆ ਹੋਇਆ ਸੀ। ਇਸ ਤੋਂ ਉਸ ਬਾਰੇ ਕੁਝ ਵੀ ਪਤਾ ਨਹੀਂ ਸੀ ਲਗਦਾ। ਟਿਕਟ ਉਹਨੇ ਆਪਣੇ ਬੈਗ ਵਿੱਚ ਪਾ ਲਈ।

ਉਹਨਾਂ ਸ਼ਰਾਬ ਪੀਂਦੇ ਹੋਏ ਤੇ ਖਾਣਾ ਖਾਂਦੇ ਹੋਏ ਬਹੁਤੀਆਂ ਗੱਲਾਂ ਨਹੀਂ ਸਨ ਕੀਤੀਆਂ। ਨੌਕਰਾਂ ਨੇ ਉਹਨਾਂ ਨੂੰ ਅਲਵਿਦਾ ਕਹੀ ਤੇ ਆਪੋ ਆਪਣੇ ਕਮਰੇ ਵਿੱਚ ਚਲੇ ਗਏ। ਮੋਹਨ ਨੇ ਥਲੇ ਜਾ ਕੇ ਬਾਹਰਲਾ ਗੇਟ ਤੇ ਦਰਵਾਜ਼ੇ ਬੰਦ ਕੀਤੇ। ਇਸ ਵਾਰ ਉਸ ਨੇ ਬਾਗ ਦੇ ਕਿਸੇ ਹੋਰ ਕੋਨੇ ਵਲ ਜਾ ਕੇ ਪਿਸ਼ਾਬ ਕੀਤਾ ਤੇ ਫਿਰ ਸਰੋਜਨੀ ਕੋਲ ਆ ਗਿਆ। ''ਮੈਂ ਸੋਚਦਾ ਹਾਂ ਕਿ ਸਾਨੂੰ ਛੇਤੀ ਸੌਂ ਜਾਣਾ ਚਾਹੀਦਾ ਹੈ। ਮੈਂ ਚਾਰ ਵਜੇ ਦਾ ਅਲਾਰਮ ਲਾ ਦੇਨਾਂ ਹਾਂ। ਇਸ ਲਈ ਸਾਨੂੰ ਤਿਆਰ ਹੋਣ ਲਈ ਕਾਫ਼ੀ ਸਮਾਂ ਮਿਲ ਜਾਵੇਗਾ।''

ਦੋਵੇਂ ਇਕੱਠੇ ਉਠ ਖੜ੍ਹੇ ਹੋਏ। ਮੋਹਨ ਪੁੱਛਣ ਲੱਗਾ, ''ਕੀ ਮੈਂ ਅੱਜ ਦੀ ਆਖਰੀ ਰਾਤ ਤੇਰੇ ਨਾਲ ਬਿਤਾ ਸਕਦਾਂ?''

''ਜਿਵੇਂ ਤੁਹਾਡੀ ਮਰਜ਼ੀ। ਮੈਂ ਤੁਹਾਡੀ ਹਾਲੇ ਕਾਫ਼ੀ ਦੇਣਦਾਰ ਹਾਂ'' ਉਸਨੇ ਜਵਾਬ ਦਿਤਾ।

''ਇਸ ਮਾਰੇ ਸਿਲਸਿਲੇ ਨੂੰ ਕਾਰੋਬਾਰੀ ਨਹੀਂ ਬਣਾਉਣਾ ਚਾਹੀਦਾ।''

ਸਰੋਜਨੀ ਨੇ ਉਸਦਾ ਹੱਥ ਫੜਿਆ ਅਤੇ ਉਸਨੂੰ ਆਪਣੇ ਬਿਸਤਰੇ ਤਕ ਲੈ ਗਈ। ਉਹਨੇ ਆਪਣੇ ਕਪੜੇ ਲਾਹੁੰਦੇ ਹੋਏ ਕਿਹਾ, ''ਜੋ ਤੁਸੀਂ ਚਾਹੋ ਮੈਂ ਉਹੀ ਕੁਝ ਕਰਾਂਗੀ।''

''ਮੈਂ ਹੋਰ ਕੁਝ ਨਹੀਂ ਚਾਹੁੰਦਾ, ਸਿਵਾਏ ਇਸਦੇ ਕਿ ਤੂੰ ਮੇਰੇ ਨਾਲ ਪੈ ਜਾਏਂ, ਤੇ ਉਨੀ ਦੇਰ ਪਈ ਰਵੇਂ ਜਿੰਨੀ ਦੇਰ ਤਕ ਅਲਾਰਮ ਸਾਨੂੰ ਜਗਾ ਨਹੀਂ ਦਿੰਦਾ।''

ਉਸ ਘੁੱਟ ਕੇ ਜੱਫੀ ਪਾ ਲਈ। ਸਰੋਜਨੀ ਨੇ ਮਹਿਸੂਸ ਕੀਤਾ ਕਿ ਮੋਹਨ ਵਿਚ ਸਹਿਵਾਸ ਦੀ ਕੋਈ ਇੱਛਾ ਨਹੀਂ ਹੈ। ਉਹ ਤਾਂ ਸਿਰਫ ਉਸਦੇ ਸਰੀਰ ਦਾ ਨਿਘ ਹੀ ਮਾਨਣਾ ਚਾਹੁੰਦਾ ਸੀ। ਫਿਰ ਉਨ੍ਹਾਂ ਨੂੰ ਨੀਂਦ ਆ ਗਈ। ਦੋਵਾਂ ਨੇ ਇਕ ਦੂਜੇ ਤੋਂ ਉਲਟ ਪਾਸਾ ਲੈ ਲਿਆ। ਦੂਜੀ ਵਾਰ ਪਾਸਾ ਲਿਆ ਤਾਂ ਇਕ ਦੂਜੇ ਉਤੇ ਬਾਹਾਂ ਰਖ ਦਿਤੀਆਂ। ਘੜੀ ਦੇ ਅਲਾਰਮ ਦੀ ਤਿਖੀ ਆਵਾਜ਼ ਨੇ ਮੋਹਨ ਦੀ ਨੀਂਦ ਉਡਾ ਦਿੱਤੀ। ਉਸਨੇ ਵੇਖਿਆ ਕਿ ਸਰੋਜਨੀ ਜਾਗਦੀ ਪਈ ਸੀ। ਉਹ ਬੜੇ ਜੋਸ਼ ਨਾਲ ਇਕ ਦੂਜੇ ਨਾਲ ਇਵੇਂ ਭਿੜ ਪਏ ਜਿਵੇਂ ਜ਼ਿੰਦਗੀ ਦਾ ਇਹ ਆਖਰੀ ਮੌਕਾ ਸੀ। ਤੇ ਇਸ ਤੋਂ ਬਾਅਦ ਦੋਵਾਂ ਨੂੰ ਇਕ ਦੂਜੇ ਦੇ ਸਰੀਰ ਦਾ ਆਨੰਦ ਨਹੀਂ ਸੀ ਆ ਸਕਣਾ। ਦੋਵਾਂ ਲਈ ਇਹ ਵਿਦਾਇਗੀ ਦਾ ਜਸ਼ਨ ਸੀ।

ਉਨ੍ਹਾਂ ਇਕਠੇ ਹੀ ਇਸ਼ਨਾਨ ਕੀਤਾ। ਸਰੋਜਨੀ ਨੇ ਕਪੜੇ ਬਦਲੇ, ਪੁਰਾਣੇ ਕਪੜੇ ਉਸਨੇ ਸੂਟਕੇਸ ਵਿਚ ਪਾਏ ਅਤੇ ਐਲਾਨ ਕੀਤਾ ਕਿ ਉਹ ਜਾਣ ਲਈ ਤਿਆਰ ਹੈ। ਉਹ ਇਸ ਗੱਲ ਦਾ ਦਿੜ੍ਹ ਨਿਸ਼ਚਾ ਕੀਤੀ ਬੈਠੀ ਸੀ ਕਿ ਆਪਣੇ ਆਪ ਨੂੰ ਕਮਜ਼ੋਰ ਨਹੀਂ ਪੈਣ ਦੇਵੇਗੀ। ਹਾਲੇ ਵੀ ਵਿਦਾਇਗੀ ਵਿਚ ਦੇਰੀ ਕਰਨ ਦਾ ਲਾਲਚ ਕਿਤੇ ਨਾ ਕਿਤੇ ਮੌਜੂਦ ਸੀ। ਪਰ ਉਹ ਲਾਲਚ ਦਾ ਸ਼ਿਕਾਰ ਨਹੀਂ ਹੋਵੇਗੀ। ਕਿਤਾਬਾਂ ਵਾਲਾ ਭਾਰੀ ਬਕਸਾ ਕਲ੍ਹ ਰਾਤ ਹੀ ਕਾਰ ਵਿਚ ਰਖ ਦਿਤਾ ਗਿਆ ਸੀ। ਮੋਹਨ ਨੇ ਦੂਜਾ ਸੂਟਕੇਸ ਚੁਕਿਆ ਅਤੇ ਪਿਛਲੀ ਸੀਟ ਉਤੇ ਰਖ ਦਿਤਾ। ਉਹਨੇ ਬਾਹਰ ਵਾਲੇ ਗੇਟ ਦਾ ਤਾਲਾ ਖੋਲ੍ਹਿਆ। ਜਦੋਂ ਉਹ ਬਾਹਰ ਨਿਕਲੇ ਤਾਂ ਸੜਕ ਬਿਲਕੁਲ ਖਾਲੀ ਸੀ ਅਤੇ ਸਟਰੀਟ ਲਾਈਟਾਂ ਹਾਲੇ ਵੀ ਜਲ ਰਹੀਆਂ ਸਨ। ਕਾਰ ਦੀਆਂ ਰੋਸ਼ਨੀਆਂ ਵਿਚ ਕਿਤੇ ਕਿਤੇ ਅਖ਼ਬਾਰਾਂ ਵੇਚਣ ਵਾਲੇ ਮੁੰਡੇ, ਸਾਈਕਲਾਂ ਉਤੇ ਜਾਂਦੇ ਵਿਖਾਈ ਦਿੰਦੇ ਸਨ ਜਿਹੜੇ ਲੋਕਾਂ ਦੇ ਘਰਾਂ ਵਿਚ ਅਖ਼ਬਾਰ ਸੁੱਟ ਰਹੇ ਸਨ, ਜਾਂ ਫਿਰ ਕਿਤੇ ਕਿਤੇ ਦੋਧੀ ਸਨ ਜਿਹੜੇ ਆਪਣੀਆਂ ਸਾਈਕਲਾਂ ਉਤੇ ਵੱਡੇ ਵੱਡੇ ਡਰੰਮ ਲੱਦੀ ਆ ਰਹੇ ਸਨ। ਉਹ ਇੰਡੀਆ ਗੇਟ ਤੋਂ ਹੁੰਦੇ ਹੋਏ ਕਨਾਟ ਸਰਕਸ ਵਿਚ ਦਾਖਿਲ ਹੋਏ ਜਿਥੇ ਸੈਰ ਕਰਨ ਵਾਲੇ ਲੋਕ ਵੀ ਦਿਖਾਈ ਦੇ ਰਹੇ ਸਨ। ਉਨ੍ਹਾਂ ਸਵੈਟਰ ਪਾਏ ਹੋਏ ਸਨ ਜਾਂ ਮੋਢਿਆਂ ਉਤੇ ਸ਼ਾਲ ਲਏ ਹੋਏ ਸਨ ਕਿਉਂਕਿ ਸਵੇਰ ਵੇਲੇ ਕਾਫੀ ਠੰਡ ਹੋ ਜਾਂਦੀ ਸੀ।

ਕਾਫੀ ਤੜਕਾ ਹੋਣ ਦੇ ਬਾਵਜੂਦ ਰੇਲਵੇ ਸਟੇਸ਼ਨ ਨੇੜੇ ਕਾਫੀ ਭੀੜ ਭੜੱਕਾ ਸੀ। ਬਹੁਤ ਸਾਰੀਆਂ ਬਸਾਂ, ਕਾਰਾਂ, ਸਕੂਟਰ, ਸਾਈਕਲ ਅਤੇ ਪੈਦਲ ਲੋਕ ਸਨ। ਹਾਰਨ ਵੱਜ ਰਹੇ ਸਨ। ਨਿਓਨ ਲਾਈਟਾਂ ਜਗ ਰਹੀਆਂ ਸਨ ਅਤੇ ਲੋਕ ਇਕ ਦੂਜੇ ਉਤੇ ਚੀਖ ਰਹੇ ਸਨ। ਮੋਹਨ

ਨੂੰ ਕਾਰ ਖੜ੍ਹੀ ਕਰਨ ਲਈ ਥਾਂ ਲਭਦਿਆਂ ਕੁਝ ਸਮਾਂ ਲੱਗ ਗਿਆ। ਉਸ ਤੋਂ ਬਾਅਦ ਸਰੋਜਨੀ ਦੇ ਦੋ ਸੂਟਕੇਸ ਚੁੱਕਣ ਲਈ ਕੁਲੀ ਲੱਭਣਾ ਪਿਆ। ਭੀੜ ਵਿਚੋਂ ਦੀ ਰਸਤਾ ਬਣਾਉਂਦੇ ਹੋਏ ਉਹ ਪੁਲ ਉਤੇ ਚੜ੍ਹੇ ਅਤੇ ਫਿਰ ਪਲੇਟਫਾਰਮ ਉਤੇ ਆ ਗਏ। ਮੋਹਨ ਨੇ ਸਰੋਜਨੀ ਦਾ ਡੱਬਾ ਅਤੇ ਉਸਦੀ ਸੀਟ ਲੱਭਣ ਵਿਚ ਉਸਦੀ ਮਦਦ ਕੀਤੀ। ਕੁਲੀ ਨੇ ਦੋਵੇਂ ਸੂਟਕੇਸ ਸੀਟ ਉਪਰ ਬਣੇ ਸਮਾਨ ਵਾਲੇ ਰੈਕ ਉਤੇ ਰਖ ਦਿਤੇ ਅਤੇ ਮੋਹਨ ਵਲੋਂ ਦਿਤਾ 10 ਰੁਪਏ ਦਾ ਨੋਟ ਫੜ ਲਿਆ। ਡੱਬੇ ਵਿਚ ਥੋੜ੍ਹੇ ਜਿਹੇ ਮੁਸਾਫਰ ਸਨ। ਸਰੋਜਨੀ ਨੇ ਖਿੜਕੀ ਦੇ ਨਾਲ ਵਾਲੀ ਸੀਟ ਮੱਲ ਲਈ। ਮੋਹਨ ਉਸਦੇ ਨਾਲ ਬੈਠ ਗਿਆ। ਮੋਹਨ ਨੇ ਉਹਦਾ ਹੱਥ ਫੜਿਆ ਤੇ ਨਾਲ ਹੀ ਆਪਣੀ ਗੁੱਟ ਘੜੀ ਉਤੇ ਨਜ਼ਰ ਵੀ ਰਖੀ। ਇਹ ਸ਼ਤਾਬਦੀ ਗੱਡੀਆਂ ਐਨ ਸਮੇਂ ਸਿਰ ਚਲ ਪੈਂਦੀਆਂ ਸਨ ਅਤੇ ਬਹੁਤ ਤੇਜ਼ੀ ਨਾਲ ਰਫਤਾਰ ਫੜ ਲੈਂਦੀਆਂ ਸਨ। ਸਰੋਜਨੀ ਦੀਆਂ ਅੱਖਾਂ ਵਿਚ ਅਥਰੂ ਆ ਗਏ। ਮੋਹਨ ਨੇ ਆਪਣੇ ਹੱਥਾਂ ਵਿਚ ਉਹਦਾ ਚਿਹਰਾ ਫੜਿਆ ਅਤੇ ਅੰਗੂਠਿਆਂ ਨਾਲ ਉਹਦੇ ਹੰਝੂ ਸਾਫ ਕੀਤੇ। ਉਸ ਸਰੋਜਨੀ ਨੂੰ ਭਰੋਸਾ ਦਿਤਾ, ''ਇਸ ਨਾਲ ਸਾਡੇ ਸਬੰਧ ਖਤਮ ਨਹੀਂ ਹੋ ਗਏ, ਅਸੀਂ ਇਕ ਦੂਜੇ ਨਾਲ ਸੰਪਰਕ ਰਖਾਂਗੇ ਅਤੇ ਜਦੋਂ ਵੀ ਸਮਾਂ ਮਿਲਿਆ, ਇਕ ਦੂਜੇ ਨੂੰ ਮਿਲਦੇ ਰਹਾਂਗੇ।'' ਉਸਦੇ ਭਰੋਸੇ ਉਤੇ ਉਹਨੂੰ ਖ਼ੁਦ ਹੀ ਵਿਸ਼ਵਾਸ ਨਹੀਂ ਸੀ। ਸਰੋਜਨੀ ਨੂੰ ਵੀ ਵਿਸ਼ਵਾਸ ਨਹੀਂ ਆਇਆ। ਗੱਡੀ ਦੇ ਚੱਲਣ ਤੋਂ ਇਕ ਮਿੰਟ ਪਹਿਲਾਂ ਉਹ ਉੱਠ ਖੜ੍ਹਾ ਹੋਇਆ। ਸਰੋਜਨੀ ਵੀ ਉੱਠ ਖੜੀ ਹੋਈ। ਦੂਜੇ ਮੁਸਾਫਰਾਂ ਦੀ ਪਰਵਾਹ ਕੀਤੇ ਬਿਨਾਂ ਉਨ੍ਹਾਂ ਇਕ ਭਰਵਾਂ ਚੁੰਮਣ ਲਿਆ। ਜਦੋਂ ਮੋਹਨ ਬਾਹਰ ਨਿਕਲਿਆ ਤਾਂ ਪਿਛੋਂ ਕਿਸੇ ਇਸਤਰੀ ਮੁਸਾਫਰ ਦੀ ਆਵਾਜ਼ ਆਈ, ''ਬੇਸ਼ਰਮ!''

ਮੋਹਨ ਦੀ ਸਰੋਜਨੀ ਨਾਲ ਇਹ ਆਖਰੀ ਮੁਲਾਕਾਤ ਸੀ। ਨਾ ਉਸਨੇ ਟੈਲੀਫੋਨ ਕੀਤਾ ਤੇ ਨਾ ਹੀ ਖ਼ਤ ਲਿਖਿਆ। ਕੁਝ ਦਿਨ ਬੀਤਣ ਤੋਂ ਬਾਅਦ ਹੀ ਮੋਹਨ ਨੂੰ ਇਹ ਮਹਿਸੂਸ ਹੋਇਆ ਕਿ ਸਰੋਜਨੀ ਵਾਲਾ ਚੈਪਟਰ ਖਤਮ ਹੋ ਚੁਕਾ ਸੀ।

# ਸਰੋਜਨੀ ਤੋਂ ਬਾਅਦ

ਸਰੋਜਨੀ ਭਾਰਦਵਾਜ ਦੇ ਉਸ ਨੂੰ ਛੱਡ ਜਾਣ ਤੋਂ ਬਾਅਦ ਕੁਝ ਦਿਨ ਤਕ ਮੋਹਨ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਉਸ ਦੀਆਂ ਭਾਵਨਾਵਾਂ ਕਿਸ ਤਰ੍ਹਾਂ ਦੀਆਂ ਹਨ। ਉਸਨੂੰ ਉਸਦੀ ਘਾਟ ਮਹਿਸੂਸ ਹੋ ਰਹੀ ਸੀ। ਪਰ ਬਹੁਤ ਥੋੜ੍ਹੀ ਜਿਹੀ। ਮਕਾਨ ਪਹਿਲਾਂ ਨਾਲੋਂ ਵੱਧ ਖਾਲੀ ਲਗਦਾ ਸੀ। ਪਰ ਹੈਰਾਨੀ ਵਾਲੀ ਗੱਲ ਸੀ ਕਿ ਉਸਨੂੰ ਇਹ ਖਾਲੀਪਣ ਚੰਗਾ ਲਗਦਾ ਸੀ। ਇਕ ਵਾਰ ਫਿਰ ਸਾਰਾ ਮਕਾਨ ਉਸ ਇਕੱਲੇ ਕੋਲ ਹੀ ਸੀ ਅਤੇ ਇਹ ਭਾਵਨਾ ਬੜੀ ਖ਼ੁਸ਼ਗਵਾਰ ਪ੍ਰਤੀਤ ਹੁੰਦੀ ਸੀ। ਉਹ ਸਿਰਫ ਆਪਣੇ ਨਾਲ ਹੀ ਗੱਲਾਂ ਕਰ ਸਕਦਾ ਸੀ। ਕਦੇ ਟੀਵੀ ਚਾਲੂ ਕਰ ਲਿਆ, ਕਦੇ ਬੰਦ ਕਰ ਦਿਤਾ। ਕਦੇ ਰਸਾਲੇ ਫਰੋਲ ਲਏ ਅਤੇ ਫਿਰ ਉਨ੍ਹਾਂ ਨੂੰ ਪਰ੍ਹਾਂ ਰਖ ਦਿਤਾ। ਟਰਾਂਜ਼ਿਸਟਰ ਉਤੇ ਫਿਲਮੀ ਸੰਗੀਤ ਸੁਣ ਲਿਆ ਅਤੇ ਕਦੇ ਨੀਂਦ ਆਉਣ ਉਤੇ ਇਸਨੂੰ ਬੰਦ ਕਰ ਦਿਤਾ। ਬਿਲਕੁਲ ਇਕਲੇ ਰਹਿਣ ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ।

ਉਹਨੇ ਆਪਣੇ ਨੌਕਰਾਂ ਵੱਲ ਕੋਈ ਧਿਆਨ ਨਾ ਦਿਤਾ। ਉਹ ਉਨ੍ਹਾਂ ਵੱਲ ਇਹ ਸੁਨੇਹਾ ਪਹੁੰਚਾਉਣਾ ਚਾਹੁੰਦਾ ਸੀ ਕਿ ਸਰੋਜਨੀ ਬਾਰੇ ਗੱਲਾਂ ਕਰਕੇ ਉਹਨਾਂ ਨੇ ਉਸ ਪ੍ਰਤੀ ਬੇਫਾਈ ਕੀਤੀ ਸੀ। ਸਭ ਤੋਂ ਔਖੀ ਧੰਨੋ ਹੋ ਰਹੀ ਸੀ। ਸਰੋਜਨੀ ਦੇ ਆਉਣ ਨਾਲ ਸਭ ਤੋਂ ਵੱਧ ਤਕਲੀਫ ਉਸੇ ਨੂੰ ਹੋਈ ਸੀ ਕਿਉਂਕਿ ਜੋ ਸੁੱਖ ਉਸਨੂੰ ਪਹਿਲਾਂ ਮਿਲਦੇ ਸਨ ਉਹ ਹੁਣ ਮਿਲਣੇ ਬੰਦ ਹੋ ਗਏ ਸਨ। ਉਸਦੇ ਜਾਣ ਨਾਲ ਵੀ ਸਭ ਤੋਂ ਵੱਧ ਖੁਸ਼ੀ ਉਸਨੂੰ ਹੋਈ ਸੀ, ਪਰ ਉਹ ਇਹ ਨਹੀਂ ਸੀ ਚਾਹੁੰਦੀ ਕਿ ਉਸਦਾ ਮਾਲਕ ਇੰਨੀ ਦੇਰ ਤਕ ਉਸ ਨਾਲ ਗੁੱਸੇ ਰਹੇ। ਮੋਹਨ ਨੂੰ ਇਹ ਪਤਾ ਸੀ ਕਿ ਧੰਨੋ ਉਸਨੂੰ ਇਕੱਲੇ ਮਿਲਣ ਦਾ ਮੌਕਾ ਭਾਲ ਰਹੀ ਹੈ। ਇਕੱਲੇ ਹੁੰਦੇ ਹੀ ਉਹ ਉਸਦੇ ਪੈਰਾਂ ਤੇ ਡਿੱਗ ਪਵੇਗੀ ਤੇ ਮਾਫੀ ਮੰਗੇਗੀ। ਉਹਨੇ ਪੂਰੀ ਕੋਸ਼ਿਸ਼ ਕੀਤੀ ਕਿ ਧੰਨੋ ਨੂੰ ਇਹ ਮੌਕਾ ਨਾ ਮਿਲੇ। ਘੱਟੋ ਘੱਟ ਕੁਝ ਦਿਨਾਂ ਤੱਕ ਤਾਂ ਬਿਲਕੁਲ ਨਹੀਂ। ਉਹ ਆਪਣੀਆਂ ਸ਼ਾਮਾਂ ਇੱਕਲਿਆਂ ਹੀ ਬਿਤਾਉਣ ਲੱਗਾ। ਗਰਮ ਪਾਣੀ ਨਾਲ ਨਹਾ ਕੇ, ਉਸ ਤੋਂ ਬਾਅਦ ਨਿਘਾ ਗਾਊਨ ਪਾਉਂਦਾ ਅਤੇ ਨਾਲ ਹੀ ਨਿਘੇ ਸਲੀਪਰ। ਉਸ ਤੋਂ ਬਾਅਦ ਸਕਾਚ ਅਤੇ ਮੁਕੰਮਲ ਚੁੱਪ। ਉਸਨੇ ਬਹੁਤ ਸਾਰੀਆਂ ਗੱਲਾਂ ਉਤੇ ਸੋਚਣਾ ਸੀ। ਹਰ ਸ਼ਾਮ ਹੀ ਉਹ ਅਮਰੀਕਾ ਵਿਚ ਬਿਤਾਏ ਆਪਣੇ ਕਾਲਜ ਦੇ ਦਿਨਾਂ ਦੌਰਾਨ ਵੱਖ ਵੱਖ ਔਰਤਾਂ ਨਾਲ ਆਪਣੇ ਸਬੰਧਾਂ ਨੂੰ ਮੁੜ ਚੇਤੇ ਕੀਤਾ। ਉਸਦੇ ਬਿਨਾਂ ਇਹ ਔਰਤਾਂ ਕਈ ਹੋਰ ਅਮਰੀਕਨਾਂ, ਲਾਤੀਨੀਆਂ ਅਤੇ ਕਈ ਹੋਰਾਂ ਲੋਕਾਂ ਨਾਲ ਵੀ ਸੁੱਤੀਆਂ ਸਨ, ਪਰ ਕਿਸੇ ਨੇ ਵੀ ਉਸਨੂੰ ਕਦੇ ਤੰਗ ਨਹੀਂ ਸੀ

ਕੀਤਾ। ਅਸਲ ਵਿਚ ਉਸਨੂੰ ਇਹ ਸਿਲਸਿਲਾ ਬਿਲਕੁਲ ਠੀਕ ਲਗਦਾ ਸੀ। ਇਸਦੇ ਨਾਲ ਹੀ ਉਹ ਬਿਸਤਰੇ ਵਿਚ ਨਾ ਸਿਰਫ ਵੱਧ ਜੋਸ਼ੀਲੀਆਂ ਹੀ ਹੁੰਦੀਆਂ ਸਨ, ਸਗੋਂ ਨਵੇਂ ਨਵੇਂ ਢੰਗ ਤਰੀਕੇ ਵੀ ਵਰਤਦੀਆਂ ਸਨ। ਬੜੀ ਅਜੀਬ ਗੱਲ ਸੀ ਕਿ ਉਸਨੂੰ ਪਹਿਲੀਆਂ ਪਹਿਲੀਆਂ ਮੁਲਾਕਾਤਾਂ ਦੇ ਪੂਰੇ ਵੇਰਵੇ ਚੇਤੇ ਸਨ। ਉਸਨੂੰ ਪਤਾ ਸੀ ਕਿ ਉਸਨੇ ਹਰੇਕ ਔਰਤ ਨੂੰ ਪਹਿਲਾਂ ਪਹਿਲ ਕਿਵੇਂ ਭਰਮਾਇਆ ਸੀ, ਸਭ ਤੋਂ ਪਹਿਲਾਂ ਜੱਫੀ ਕਦੋਂ ਪਾਈ ਸੀ ਅਤੇ ਉਸ ਤੋਂ ਬਾਅਦ ਸਭ ਤੋਂ ਪਹਿਲਾਂ ਪਿਆਰ ਕਦੋਂ ਕੀਤਾ ਸੀ। ਉਸ ਤੋਂ ਬਾਅਦ ਦੀਆਂ ਮੁਲਾਕਾਤਾਂ ਅਤੇ ਸਹਿਵਾਸ ਦੀਆਂ ਯਾਦਾਂ ਹੁਣ ਉਸਨੂੰ ਨਹੀਂ ਸਨ ਆਉਂਦੀਆਂ। ਇਸ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਕਿਸੇ ਵੀ ਔਰਤ ਨਾਲ ਕੀਤੇ ਗਏ ਸਹਿਵਾਸ ਦਾ ਸਹੀ ਆਨੰਦ ਸਿਰਫ ਪਹਿਲੀ ਵਾਰ ਹੀ ਆਉਂਦਾ ਹੈ। ਵਾਰ ਵਾਰ ਕਰਨ ਤੋਂ ਬਾਅਦ ਇਹ ਹੌਲ਼ੀ ਹੌਲ਼ੀ ਘਟਦਾ ਜਾਂਦਾ ਹੈ।

ਉਸਨੇ ਆਪਣੇ ਬਹੁਤ ਸਾਰੇ ਸਬੰਧਾਂ ਤੋਂ ਇਕ ਸਿੱਟਾ ਇਹ ਵੀ ਕੱਢਿਆ ਸੀ ਕਿ ਔਰਤਾਂ ਵੀ ਮਰਦਾਂ ਨਾਲ ਸਹਿਵਾਸ ਕਰਨ ਦੀਆਂ ਉਨੀਆਂ ਹੀ ਤੀਬਰ ਹੁੰਦੀਆਂ ਹਨ, ਜਿੰਨੇ ਤੀਬਰ ਮਰਦ ਹੁੰਦੇ ਹਨ। ਜੇ ਉਨ੍ਹਾਂ ਨੂੰ ਮੌਕਾ ਮਿਲੇ ਤਾਂ ਉਹ ਵੀ ਵੱਖ ਵੱਖ ਮਰਦਾਂ ਨਾਲ ਸਹਿਵਾਸ ਕਰਨ ਦੀਆਂ ਇਛੁਕ ਹੁੰਦੀਆਂ ਹਨ ਜਿਵੇਂ ਮਰਦ ਵੱਖ ਵੱਖ ਔਰਤਾਂ ਨਾਲ ਸੌਣ ਦੇ ਚਾਹਵਾਨ ਹੁੰਦੇ ਹਨ। ਜਿਨਾਂ ਔਰਤਾਂ ਨਾਲ ਉਸਦੀਆਂ ਮੁਲਾਕਾਤਾਂ ਹੁੰਦੀਆਂ ਸਨ, ਉਨ੍ਹਾਂ ਨਾਲ ਸੌਣ ਵਿਚ ਉਹਨੂੰ ਕੋਈ ਮੁਸ਼ਕਲ ਪੇਸ਼ ਨਹੀਂ ਸੀ ਆਉਂਦੀ। ਕਈ ਤਾਂ ਇੰਨੀਆਂ ਦਲੇਰ ਹੁੰਦੀਆਂ ਸਨ ਕਿ ਤੁਰਤ ਹੀ ਕਪੜੇ ਲਾਹ ਦਿੰਦੀਆਂ ਸਨ। ਕੁਝ ਪਹਿਲਾਂ ਪਹਿਲ ਸ਼ਰਮ ਮਹਿਸੂਸ ਕਰਦੀਆਂ ਸਨ। ਕਈ ਔਰਤਾਂ ਤੁਰਤ ਖਲਾਸ ਹੋ ਜਾਂਦੀਆਂ ਸਨ ਅਤੇ ਕੁਝ ਐਸੀਆਂ ਸਨ ਜਿਹੜੀਆਂ ਸਿਖਰ ਤਕ ਪਹੁੰਚਣ ਵਿਚ ਕਾਫੀ ਸਮਾਂ ਲੈਂਦੀਆਂ ਸਨ। ਉਹ ਦੂਜੀ ਕਿਸਮ ਦੀਆਂ ਔਰਤਾਂ ਦੀ ਬਹੁਤੀ ਪਰਵਾਹ ਨਹੀਂ ਸੀ ਕਰਦਾ ਕਿਉਂਕਿ ਅਜਿਹੀਆਂ ਔਰਤਾਂ ਨਾਲ ਉਸਨੂੰ ਆਪਣੇ ਆਪ ਵਿਚ ਕਮੀ ਮਹਿਸੂਸ ਹੁੰਦੀ ਸੀ। ਵੈਸੇ ਉਹ ਸਾਰੀਆਂ ਇਕੋ ਜਹੀਆਂ ਸਨ- ਭਾਵੇਂ ਭਾਰੇ ਜੁਸੇ ਵਾਲੀਆਂ ਹੋਣ, ਭਾਵੇਂ ਛੋਟੀਆਂ। ਵੱਡੀਆਂ ਛਾਤੀਆਂ ਵਾਲੀਆਂ ਹੋਣ, ਜਾਂ ਛੋਟੀਆਂ। ਜਦੋਂ ਮਾਮਲਾ ਅਸਲੀ ਗੱਲ ਤੇ ਆਉਂਦਾ ਸੀ ਤਾਂ ਉਨ੍ਹਾਂ ਵਿਚ ਬਹੁਤਾ ਫਰਕ ਨਹੀਂ ਸੀ। ਭਾਰਤੀਆਂ ਵਿਚ ਆਮ ਤੌਰ ਤੇ ਇਹ ਗੱਲ ਕਹੀ ਜਾਂਦੀ ਹੈ, "ਮਹਾਰਾਣੀ ਹੋਏ ਜਾਂ ਮਿਹਤਰਾਣੀ ਗੱਲ ਤਾਂ ਇਕੋ ਹੈ।''

ਕੁਝ ਸ਼ਾਮਾਂ ਦੌਰਾਨ ਉਨ੍ਹਾਂ ਹੋਰ ਔਰਤਾਂ ਦੇ ਖ਼ਤ ਅਤੇ ਤਸਵੀਰਾਂ ਕੱਢ ਲੈਂਦਾ ਜਿਨ੍ਹਾਂ ਉਸਦੇ ਇਸ਼ਤਿਹਾਰ ਦਾ ਜਵਾਬ ਦਿੱਤਾ ਸੀ। ਉਹ ਉਨ੍ਹਾਂ ਦੇ ਚਿਹਰਿਆਂ ਉਤੇ ਝਾਤੀ ਮਾਰਦਾ ਅਤੇ ਕਲਪਨਾ ਕਰਦਾ ਕਿ ਉਨ੍ਹਾਂ ਦੇ ਸਰੀਰ ਕਿਸ ਤਰ੍ਹਾਂ ਦੇ ਹੋਣਗੇ। ਇਹ ਵੀ ਕਿ ਇਹ ਉਸਦੀਆਂ ਹਰਕਤਾਂ ਦਾ ਹੁੰਗਾਰਾ ਕਿਵੇਂ ਭਰਨਗੀਆਂ। ਪਰ ਉਹ ਕੁਝ ਹਫਤੇ ਜਾਂ ਮਹੀਨਿਆਂ ਤਕ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਬੁਲਾਉਣ ਲਈ ਤਿਆਰ ਨਹੀਂ ਸੀ। ਉਹ ਇਹ ਖ਼ਤ ਵਾਪਸ ਦਰਾਜ਼ ਵਿਚ ਰਖ ਦਿੰਦਾ ਕਿ ਕਿਤੇ ਉਸਦਾ ਪਨ ਨਾ ਬਦਲ ਜਾਵੇ।

*****

ਧੰਨੋ ਆਪਣੇ ਮਾਲਕ ਨੂੰ ਇਕੱਲਿਆਂ ਮਿਲਣ ਲਈ ਤੀਬਰ ਸੀ। ਮੋਹਨ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਉਹ ਉਸਦੇ ਆਲੇ ਦੁਆਲੇ ਚੱਕਰ ਕੱਢ ਰਹੀ ਹੈ। ਇਸ ਲਈ ਉਹ ਧਿਆਨ ਰਖ ਰਿਹਾ ਸੀ ਕਿ ਉਹਨੂੰ ਮੌਕਾ ਨਾ ਮਿਲੇ। ਜਦੋਂ ਹਾਲੇ ਨੌਕਰ ਘਰ ਵਿਚ ਹੀ ਹੁੰਦੇ ਤਾਂ ਉਹ ਘਰੋਂ ਨਿਕਲ ਜਾਂਦਾ। ਉਹ ਘਰ ਉਦੋਂ ਪਰਤਦਾ ਜਦੋਂ ਨੌਕਰ ਵਾਪਸ ਡਿਊਟੀ ਉਤੇ ਆ ਗਏ ਹੁੰਦੇ। ਦੋ ਹਫਤਿਆਂ ਮਗਰੋਂ ਇਕ ਸਵੇਰੇ ਧੰਨੋ ਨੂੰ ਮੌਕਾ ਮਿਲ ਗਿਆ ਕਿ ਸਾਹਿਬ ਨੂੰ ਇਕੱਲਿਆਂ ਮਿਲ ਸਕੇ। ਰਸੋਈਆ ਉਦੋਂ ਤਕ ਬਾਜ਼ਾਰ ਜਾ ਚੁਕਾ ਸੀ ਅਤੇ ਬੇਅਰਾ ਆਪਣੇ ਕਮਰੇ ਵਿਚ ਚਲਾ ਗਿਆ ਸੀ। ਮੋਹਨ ਨਾਸ਼ਤੇ ਤੋਂ ਬਾਅਦ ਸਿਗਾਰ ਪੀ ਰਿਹਾ ਸੀ ਅਤੇ ਅਖ਼ਬਾਰ ਪੜ੍ਹ ਰਿਹਾ ਸੀ। ਉਸਨੂੰ ਅਚਨਚੇਤ ਹੀ ਮਹਿਸੂਸ ਹੋਇਆ ਕਿ ਕਿਸੇ ਨੇ ਉਸ ਦੀਆਂ ਦੋਵੇਂ ਲੱਤਾਂ ਫੜ ਲਈਆਂ ਸਨ ਅਤੇ ਸਿਰ ਉਸਦੇ ਗੋਡਿਆਂ ਉਤੇ ਰਖ ਦਿਤਾ ਸੀ। ਇਹ ਧੰਨੋ ਸੀ। ਉਹ ਰੋ ਰਹੀ ਸੀ, ''ਮਾਲਿਕ ਮੈਥੋਂ ਗ਼ਲਤੀ ਹੋ ਗਈ, ਮੈਨੂੰ ਮਾਫ ਕਰ ਦਿਓ, ਨਹੀਂ ਤਾਂ ਮੈਂ ਜਾਨ ਦੇ ਦੇਵਾਂਗੀ।'' ਮੋਹਨ ਨੂੰ ਪਤਾ ਸੀ ਕਿ ਅਸੀਂ ਭਾਰਤੀ ਹਰ ਗੱਲ ਨੂੰ ਵਧਾ ਚੜ੍ਹਾ ਕੇ ਕਰਦੇ ਹਾਂ, ਪਰ ਉਹ ਰੋ ਰਹੀ ਧੰਨੋ ਦੀ ਮਰਨ ਦੀ ਧਮਕੀ ਉਤੇ ਪਿਘਲਣ ਵਾਲਾ ਨਹੀਂ ਸੀ। ਉਸ ਮਹਿਸੂਸ ਕੀਤਾ ਕਿ ਧੰਨੋ ਨੂੰ ਝਾੜ ਪੈਣੀ ਚਾਹੀਦੀ ਹੈ, ''ਤੂੰ ਮੇਰੀ ਮਹਿਮਾਨ ਅਤੇ ਮੇਰੇ ਬਾਰੇ ਗਲਤ ਗੱਲਾਂ ਕਰਦੀ ਰਹੀਂ ਹੈ।''

ਉਸਨੇ ਪ੍ਰਵਾਨ ਕੀਤਾ, ''ਮੈਨੂੰ ਇਸ ਤਰ੍ਹਾਂ ਕਰਨ ਦਾ ਕੋਈ ਹੱਕ ਨਹੀਂ ਸੀ। ਆਖਿਰਕਾਰ ਮੇਰੇ ਘਰ ਵੀ ਮੇਰਾ ਪਤੀ ਰਹਿੰਦਾ ਹੈ। ਫਿਰ ਵੀ ਮੈਂ ਤੁਹਾਡੀ ਸੇਵਾ ਵਿਚ ਹਾਜ਼ਰ ਹੁੰਦੀ ਰਹੀ ਹਾਂ। ਮੈਨੂੰ ਐਸੀਆਂ ਪੁੱਠੀਆਂ ਗੱਲਾਂ ਕਰਨ ਦਾ ਕੀ ਹੱਕ ਸੀ। ਬੱਸ ਮੈਨੂੰ ਇਸ ਵਾਰ ਮਾਫ ਕਰ ਦਿਓ, ਮੈਂ ਆਪਣੇ ਬੱਚਿਆਂ ਦੀ ਸਹੁੰ ਖਾਂਦੀ ਹਾਂ ਕਿ ਮੈਂ ਫਿਰ ਗ਼ਲਤੀ ਨਹੀਂ ਕਰਾਂਗੀ।''

ਪਰ ਇਸ ਨਾਲ ਉਸਨੇ ਮਾਫੀ ਮੰਗਣੀ ਬੰਦ ਨਹੀਂ ਸੀ ਕੀਤੀ। ਉਹ ਹੋਰ ਕਹਿਣ ਲੱਗੀ, ''ਮੇਰੇ ਸਿਰ ਉਤੇ ਹੱਥ ਰਖੋ ਅਤੇ ਕਹੋ ਕਿ ਤੁਸੀਂ ਮੈਨੂੰ ਮਾਫ ਕਰ ਦਿਤਾ ਹੈ। ਮੈਂ ਇਸ ਜਨਮ ਦੀ ਤੁਹਾਡੀ ਦਾਸੀ ਹਾਂ ਅਤੇ ਆਉਂਦੇ ਸਾਰੇ ਜਨਮਾਂ ਵਿਚ ਤੁਹਾਡੀ ਦਾਸੀ ਰਹਾਂਗੀ।'' ਮੋਹਨ ਇਸ ਸਾਰੇ ਸਿਲਸਿਲੇ ਤੋਂ ਕਾਫੀ ਪਸ਼ੇਮਾਨ ਸੀ ਅਤੇ ਸਾਰੇ ਨਾਟਕ ਨੂੰ ਛੇਤੀ ਖਤਮ ਕਰਨਾ ਚਾਹੁੰਦਾ ਸੀ। ਉਹਨੇ ਧੰਨੋ ਦੇ ਸਿਰ ਉਤੇ ਹੱਥ ਰਖਿਆ ਅਤੇ ਕਹਿਣ ਲੱਗਾ, ''ਠੀਕ ਹੈ ਪਰ ਹੋਰ ਨੌਕਰਾਂ ਦੇ ਸਾਹਮਣੇ ਇਸ ਤਰ੍ਹਾਂ ਨਾ ਕਰੀਂ। ਉਹ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਬਣਾਉਣਗੇ ਅਤੇ ਮੈਨੂੰ ਮਜਬੂਰ ਹੋ ਕੇ ਤੈਨੂੰ ਨੌਕਰੀ ਤੋਂ ਕੱਢਣਾ ਪਵੇਗਾ।''

ਧੰਨੋ ਉਠ ਖੜੀ ਹੋਈ ਅਤੇ ਉਹਨੇ ਆਪਣੇ ਦੁਪੱਟੇ ਵਿਚ ਆਪਣਾ ਨੱਕ ਸੁੜਕਿਆ। ਮੁੜਦੀ ਹੋਈ ਕਹਿਣ ਲੱਗੀ, ''ਜੇ ਤੁਸਾਂ ਮੈਨੂੰ ਨੌਕਰੀ ਤੋਂ ਕੱਢ ਦਿਤਾ ਤਾਂ ਮੈਂ ਕਿਥੇ ਜਾਵਾਂਗੀ? ਮੈਂ ਤੇ ਮੇਰੇ ਬੱਚੇ ਭੁੱਖੇ ਮਰ ਜਾਵਾਂਗੇ।''

ਮੋਹਨ ਦਾ ਉਹਨੂੰ ਨੌਕਰੀ ਤੋਂ ਕੱਢਣ ਦਾ ਕੋਈ ਇਰਾਦਾ ਨਹੀਂ ਸੀ। ਉਹ ਤਾਂ ਉਹਨੂੰ ਸਿਰਫ ਟਿਕਾਣੇ ਤੇ ਲਿਆਉਣਾ ਚਾਹੁੰਦਾ ਸੀ। ਇਸ ਘਟਨਾ ਤੋਂ ਕੁਝ ਦਿਨ ਬਾਅਦ ਖੁਦ

ਉਸਨੇ ਧੰਨੋ ਨੂੰ ਇਹ ਦੱਸਿਆ ਸੀ ਕਿ ਅਗਲੀ ਸਵੇਰ ਉਹ ਦੋਵਾਂ ਨੌਕਰਾਂ ਨੂੰ ਬਾਹਰ ਭੇਜੇਗਾ ਅਤੇ ਉਹ ਚਾਹੁੰਦਾ ਸੀ ਕਿ ਪੋਚੇ ਮਾਰਨ ਤੋਂ ਬਾਅਦ ਧੰਨੋ ਉਥੇ ਰਹਿ ਜਾਵੇ।

ਅਗਲੀ ਸਵੇਰ ਧੰਨੋ ਆਮ ਨਾਲੋਂ ਕੁਝ ਦੇਰ ਨਾਲ ਪਹੁੰਚੀ। ਸਾਹਿਬ ਸ਼ਾਮ ਲਈ ਖਾਸ ਖਾਣੇ ਦਾ ਆਰਡਰ ਦੇ ਰਿਹਾ ਸੀ ਕਿਉਂਕਿ ਉਸਨੇ ਕੁਝ ਦੋਸਤਾਂ ਨੂੰ ਖਾਣੇ ਤੇ ਬੁਲਾਇਆ ਹੋਇਆ ਸੀ। ਉਸਨੇ ਰਸੋਈਏ ਨੂੰ ਦੱਸਿਆ ਕਿ ਆਈ ਐੱਨ ਏ ਮਾਰਕੀਟ ਤੋਂ ਕੀ ਖਰੀਦ ਕੇ ਲਿਆਉਣਾ ਹੈ। ਬੇਅਰੇ ਨੂੰ ਉਸਨੇ ਐੱਮ ਆਈ ਆਰ ਸਟੋਰ ਤੋਂ ਲਿਆਉਣ ਵਾਲੀ ਚੀਜ਼ਾਂ ਦੀ ਲਿਸਟ ਦਿੱਤੀ। ਦੋਵਾਂ ਨੌਕਰਾਂ ਨੇ ਆਪਣਾ ਕੰਮ ਖਤਮ ਕੀਤਾ ਅਤੇ ਬਾਜ਼ਾਰ ਚਲੇ ਗਏ। ਮੋਹਨ ਨੇ ਦੋਵੇਂ ਦਰਵਾਜ਼ੇ ਅੰਦਰੋਂ ਬੰਦ ਕੀਤੇ ਅਤੇ ਉਹ ਉਪਰ ਆ ਗਿਆ। ਧੰਨੋ ਪੋਚਾ ਮਾਰਦੀ ਰਹੀ ਜਿਵੇਂ ਉਸਨੇ ਮੋਹਨ ਵੱਲ ਵੇਖਿਆ ਹੀ ਨਹੀਂ। ਮੋਹਨ ਹੇਠਾਂ ਝੁਕਿਆ ਅਤੇ ਉਸਨੂੰ ਲੱਕ ਤੋਂ ਫੜ ਕੇ ਬਿਸਤਰੇ ਤੇ ਸੁੱਟ ਲਿਆ। ਉਹਨੇ ਉਹਦੀ ਸਲਵਾਰ ਕਮੀਜ਼ ਲਾਹੀ ਅਤੇ ਉਸਦੇ ਉਪਰ ਚੜ੍ਹ ਬੈਠਾ। ਇੰਨੇ ਲੰਮੇ ਸਮੇਂ ਤੋਂ ਬਾਅਦ ਉਸਨੂੰ ਧੰਨੋ ਦੇ ਸਰੀਰ ਵਿਚ ਫਿਰ ਨਵਾਂਪਣ ਮਹਿਸੂਸ ਹੋਇਆ ਅਤੇ ਧੰਨੋ ਉਸਨੂੰ ਖੁਸ਼ ਕਰਨ ਦੀ ਬਹੁਤ ਚਾਹਵਾਨ ਪ੍ਰਤੀਤ ਹੁੰਦੀ ਸੀ। ਦੋਵੇਂ ਇਕ ਦੂਜੇ ਦਾ ਸਾਥ ਦਿੰਦੇ ਰਹੇ ਅਤੇ ਧੰਨੋ ਤਰਲੇ ਲੈਂਦੀ ਰਹੀ। ਇਹੀ ਕੁਝ ਮੋਹਨ ਸੁਣਨਾ ਚਾਹੁੰਦਾ ਸੀ। ਇਹ ਸੁਮੇਲ ਬੜਾ ਸਫਲ ਰਿਹਾ।

ਧੰਨੋ ਬਿਸਤਰੇ ਤੋਂ ਉਠ ਖੜੀ ਹੋਈ। ਕਪੜੇ ਪਾਉਂਦੀ ਹੋਈ ਪੁਛਣ ਲਗੀ, ''ਸਾਹਿਬ ਜੀ, ਮੈਨੂੰ ਸੱਚ ਦਸੋ ਕਿ ਤੁਹਾਡੀ ਪ੍ਰੋਫੈਸਰ ਮੇਮ ਸਾਹਿਬ ਮੇਰੇ ਨਾਲੋਂ ਚੰਗੀ ਸੀ? ਮੈਨੂੰ ਪਤਾ ਹੈ ਤੁਸੀਂ ਸਿਰਫ ਇਸ ਲਈ ਉਸ ਨੂੰ ਪਸੰਦ ਕਰਦੇ ਸੀ ਕਿਉਂਕਿ ਉਹ ਅੰਗਰੇਜ਼ੀ ਵਿਚ ਗਿਟ ਮਿਟ ਕਰ ਸਕਦੀ ਸੀ ਜਦਕਿ ਮੈਂ ਨਹੀਂ ਕਰ ਸਕਦੀ।''

*****

ਸਰੋਜਨੀ ਵਾਪਸ ਰੇਵਾੜੀ ਚਲੀ ਗਈ ਸੀ ਅਤੇ ਮੋਹਨ ਕੁਮਾਰ ਨੂੰ ਬੰਨ੍ਹ ਕੇ ਰਖਣ ਵਾਲਾ ਕੋਈ ਨਹੀਂ ਸੀ ਰਹਿ ਗਿਆ। ਇਸ ਕਰਕੇ ਉਹ ਹੁਣ ਅਕਸਰ ਹੀ ਦਿੱਲੀ ਦੀਆਂ ਬਹੁਤ ਸਾਰੀਆਂ ਕਲਬਾਂ ਤੇ ਪਾਰਟੀਆਂ ਵਿਚ ਜਾਂਦਾ ਸੀ ਜਿਥੇ ਸ਼ਹਿਰ ਦੇ ਅਮੀਰ ਇਕੱਠੇ ਹੁੰਦੇ ਸਨ। ਦਿੱਲੀ ਵਿਚ ਯੰਗ ਅਚੀਵਰਜ਼ ਕਲੱਬ (ਵਾਈ ਏ ਸੀ) ਨਾਂ ਦੀ ਇਕ ਕਲੱਬ ਬਣੀ ਹੋਈ ਸੀ ਜਿਸ ਦਾ ਨਾਂ ਬਦਲ ਕੇ ਮਿਲੀਅਨੇਅਰਜ਼ ਕਲਬ (ਵਾਈ ਐੱਮ ਸੀ) ਕਰ ਦਿਤਾ ਗਿਆ ਸੀ। ਮੋਹਨ ਇਸਦੇ ਮੋਢੀ ਮੈਂਬਰਾਂ ਵਿਚੋਂ ਸੀ। ਇਸਦਾ ਕੋਈ ਸੰਵਿਧਾਨ ਨਹੀਂ ਸੀ ਅਤੇ ਨਾ ਹੀ ਕੋਈ ਅਹੁਦੇਦਾਰ। ਨਾ ਕੋਈ ਦਫਤਰ ਸੀ ਅਤੇ ਨਾ ਹੀ ਕੋਈ ਮੈਂਬਰਾਂ ਦੀ ਸੂਚੀ। ਇਸਦੇ ਮੈਂਬਰ ਇਕ ਦੂਜੇ ਨੂੰ ਇਸ ਕਰਕੇ ਜਾਣਦੇ ਸਨ ਕਿਉਂਕਿ ਸਿਰਫ ਦਰਜਨ ਭਰ ਅਮੀਰ ਬੰਦੇ ਹੀ ਆਪਣੇ ਆਪ ਨੂੰ ਇਹਦੇ ਮੈਂਬਰ ਹੋਣ ਦੇ ਯੋਗ ਸਮਝਦੇ ਸਨ। ਆਮ ਹੀ ਸਮਝਿਆ ਜਾਂਦਾ

ਸੀ ਕਿ ਜੇ ਤੁਸੀਂ 40 ਸਾਲ ਦੀ ਉਮਰ ਤੋਂ ਪਹਿਲਾਂ 10 ਲੱਖ ਰੁਪਇਆ ਕਮਾ ਲੈਂਦੇ ਹੋ, ਤੁਹਾਨੂੰ ਰਾਤ ਦੇ ਖਾਣੇ ਦੀਆਂ ਪਾਰਟੀਆਂ ਲਈ ਸੱਦੇ ਦਿੱਤੇ ਜਾਂਦੇ ਹਨ ਤਾਂ ਤੁਸੀਂ ਲੱਖਪਤੀ ਹੋ। ਇਸ ਕਲੱਬ ਦੀ ਸਥਾਪਨਾ ਅਮਰੀਕਾ ਦੀ ਅਜਿਹੀ ਹੀ ਇਕ ਕਲੱਬ ਤੋਂ ਉਤਸ਼ਾਹ ਲੈ ਕੇ ਕੀਤੀ ਗਈ ਸੀ। ਇਸਦੇ ਸਾਰੇ ਹੀ ਮੈਂਬਰ ਅਮਰੀਕੀ ਕਾਲਜਾਂ ਵਿਚ ਪੜ੍ਹੇ ਹੋਏ ਸਨ। ਕੋਈ ਵੀ ਬਰਤਾਨਵੀ ਯੂਨੀਵਰਸਿਟੀ ਤੋਂ ਨਹੀਂ ਸੀ ਆਇਆ। ਅਮਰੀਕਨ ਪੈਸੇ ਵਲ ਬਹੁਤ ਧਿਆਨ ਦਿੰਦੇ ਹਨ ਅਤੇ ਨੌਜਵਾਨ ਭਾਰਤੀ ਕਰੋੜਪਤੀਆਂ ਨੂੰ ਵੀ ਸਭ ਤੋਂ ਵੱਧ ਦਿਲਚਸਪੀ ਪੈਸੇ ਵਿਚ ਹੁੰਦੀ ਹੈ। ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਰਦਾ ਕਿ ਇਹ ਪੈਸਾ ਕਿਵੇਂ ਬਣਾਇਆ ਜਾਂਦਾ ਹੈ।

ਸਭ ਤੋਂ ਵੱਧ ਮਹਤਤਾ ਰਹਿਣ ਸਹਿਣ ਦੇ ਢੰਗ ਨੂੰ ਦਿੱਤੀ ਜਾਂਦੀ ਸੀ। ਸਭ ਤੋਂ ਪਹਿਲੀ ਸ਼ਰਤ ਇਹ ਹੁੰਦੀ ਸੀ ਕਿ ਨਵੀਂ ਦਿੱਲੀ ਦੀ ਕਿਸੇ ਅਮੀਰ ਕਲੋਨੀ ਵਿਚ ਬੰਗਲਾ ਹੋਵੇ ਅਤੇ ਸ਼ਹਿਰ ਤੋਂ ਕੁਝ ਦੂਰੀ ਉਤੇ ਹੀ ਇਕ ਫਾਰਮ ਹਾਊਸ ਤੇ ਤਿੰਨ ਕਾਰਾਂ ਹੋਣੀਆਂ ਜ਼ਰੂਰੀ ਸਨ: ਮਰਸਿਡੀਜ਼ ਬੈਂਜ਼, ਜਾਂ ਟੋਯੋਟਾ ਅਤੇ ਮਾਰੂਤੀ ਜਾਂ ਫੀਅਟ। ਮਰਸਿਡੀਜ਼ ਜਾਂ ਟੋਯੋਟਾ ਮਾਲਕ ਲਈ, ਮਾਰੂਤੀ ਜਾਂ ਫੀਅਟ ਮੇਮ ਸਾਹਿਬ ਲਈ ਅਤੇ ਤੀਜੀ ਆਏ ਗਏ ਲਈ। ਵਧੀਆ ਨਸਲ ਦੇ ਕੁੱਤੇ ਪਾਲਣ ਨਾਲ ਮਾਲਕ ਦੇ ਰੁਤਬੇ ਵਿਚ ਵਾਧਾ ਹੁੰਦਾ ਸੀ। ਜਰਮਨ ਸ਼ਾਫਰ ਚੰਗੀ ਨਸਲ ਸੀ ਪਰ ਇਹ ਸਿਰਫ ਪਹਿਰੇਦਾਰ ਕੁੱਤੇ ਮੰਨੇ ਜਾਂਦੇ ਸਨ। ਇਸ ਤੋਂ ਬਿਨਾਂ ਹੋਰ ਵੀ ਕਈ ਕਿਸਮਾਂ ਪਸੰਦ ਕੀਤੀਆਂ ਜਾਂਦੀਆਂ ਸਨ। ਪਰ ਸਭ ਤੋਂ ਪਸੰਦ ਕੀਤੀ ਜਾਂਦੀ ਨਸਲਾਂ ਵਿਚ ਸੀਨੇਟ ਬਰਨਾਲਡ, ਪੀਕ ਜਾਂ ਚਿਹੁਆਹੁਆ ਸਨ।

ਅਮੀਰੀ ਦੇ ਨਾਲ ਹੀ ਸ਼ਹਿਰ ਦੀਆਂ ਵੱਡੀਆਂ ਕਲੱਬਾਂ ਦੀ ਮੈਂਬਰੀ ਵੀ ਆਪਣੇ ਆਪ ਮਿਲ ਜਾਂਦੀ ਸੀ। ਸਭ ਤੋਂ ਅਹਿਮ ਗੌਲਫ ਕਲੱਬ ਸੀ। ਭਾਵੇਂ ਇਸਦੀ ਮੈਂਬਰਸ਼ਿਪ ਕਾਫੀ ਸੀਮਤ ਸੀ ਪਰ ਜੇ ਇਹ ਮੈਂਬਰੀ ਫੀਸ ਬਾਹਰਲੀ ਕਰੰਸੀ ਵਿਚ ਦਿੱਤੀ ਜਾਵੇ ਤਾਂ ਦਾਖਲਾ ਛੇਤੀ ਮਿਲ ਜਾਂਦਾ ਸੀ। ਮੋਹਨ ਦੇ ਮਾਮਲੇ ਵਿਚ ਵੀ ਇਵੇਂ ਹੀ ਹੋਇਆ ਸੀ। ਹੁਣ ਮੋਹਨ ਕਰੀਬ ਹਰ ਸ਼ਾਮ ਹੀ ਕਲੱਬ ਜਾਂਦਾ ਸੀ। ਉਥੇ ਉਹ ਸ਼ਰਾਬ ਪੀਂਦਾ ਅਤੇ ਬਾਹਰ ਰੇਸਤਰਾਂ ਵਿਚ ਬੈਠ ਕੇ ਖਾਣਾ ਖਾਂਦਾ।

ਨਿਸ਼ਚੇ ਹੀ ਅਜ ਕਲ ਉਸਦੀ ਪਤਨੀ ਉਸਦੇ ਕੋਲ ਨਹੀਂ ਸੀ। ਜੋ ਵੀ ਉਸ ਨੂੰ ਮਿਲਦਾ ਸੋਨੂ ਦੇ ਨਾ ਹੋਣ ਦਾ ਜ਼ਿਕਰ ਜ਼ਰੂਰ ਕਰਦਾ। ਕਿਸੇ ਨੌਜਵਾਨ ਲਖਪਤੀ ਲਈ ਉਹ ਇਕ ਵਧੀਆ ਪਤਨੀ ਸੀ-ਘੱਟੋ ਘੱਟ ਘਰ ਦੇ ਬਾਹਰ ਤਾਂ ਜ਼ਰੂਰ ਸੀ। ਉਸਨੂੰ ਇਹ ਪਤਾ ਲਗ ਗਿਆ ਸੀ ਕਿ ਆਪਣੇ ਪਤੀ ਦੀ ਦੌਲਤ ਦੇ ਹਿਸਾਬ ਨਾਲ ਆਪਣੇ ਆਪ ਨੂੰ ਕਿਵੇਂ ਬਣਾਉਣਾ ਹੈ। ਪਰ ਦਖਣੀ ਭਾਰਤੀ ਔਰਤਾਂ ਵਰਗੀ ਭਾਰੀ ਭਰਕਮ ਨਹੀਂ ਸੀ ਬਣਦੀ, ਨਾ ਹੀ ਬਨਾਰਸੀ ਸਾੜੀਆਂ ਪਾਉਂਦੀ ਸੀ, ਸਗੋਂ ਹਲਕੀ ਮਖਮਲ ਜਾਂ ਸ਼ੈਫਾਨ ਦੀਆਂ ਸਾੜੀਆਂ ਉਸਨੂੰ ਬਹੁਤ ਚੰਗੀਆਂ ਲਗਦੀਆਂ ਸਨ। ਕੰਨਾਂ ਅਤੇ ਨੱਕ ਵਿਚ ਉਹ ਜਿਹੜੇ ਹੀਰੇ ਪਾਉਂਦੀ

ਸੀ, ਉਹ ਭਾਵੇਂ ਛੋਟੇ ਹੁੰਦੇ ਸਨ ਪਰ ਬਹੁਤ ਚਮਕੀਲੇ ਸਨ। ਉਹ ਅਕਸਰ ਹੀ ਫਰਾਂਸੀਸੀ ਸੁਗੰਧੀਆਂ ਲਾਉਂਦੀ ਸੀ। ਮੋਹਨ ਨੂੰ ਚੇਤੇ ਆਇਆ ਕਿ ਹਫਤੇ ਵਿਚ ਇਕ ਵਾਰ ਉਹ ਪੰਜ ਸਟਾਰ ਹੋਟਲ ਦੇ ਬਿਊਟੀ ਪਾਰਲਰ ਵਿਚ ਜਾਂਦੀ ਸੀ, ਜਿਥੇ ਉਹ ਵਾਲ ਕਟਾਉਂਦੀ, ਫੇਸ਼ੀਅਲ ਕਰਾਉਂਦੀ, ਲੱਤਾਂ ਅਤੇ ਬਾਹਾਂ ਦੀ ਵੈਕਸਿੰਗ ਕਰਾਉਂਦੀ, ਆਪਣੇ ਉਪਰਲੇ ਬੁਲ੍ਹ ਅਤੇ ਠੋਢੀ ਉਤੇ ਆਏ ਵਾਲ ਸਾਫ ਕਰਾਉਂਦੀ। ਇਕ ਵਾਰੀ ਦਾ ਖਰਚਾ ਹਜ਼ਾਰ ਰੁਪਏ ਹੋ ਜਾਂਦਾ ਸੀ।ਉਹ ਆਪਣੇ ਪਤੀ ਨੂੰ ਨਾ ਤਾਂ ਅਮਨ ਚੈਨ ਨਾਲ ਰਹਿਣ ਦਿੰਦੀ ਸੀ ਅਤੇ ਨਾ ਹੀ ਸਰੀਰਕ ਸੁਖ ਦਿੰਦੀ ਸੀ। ਪਰ ਉਸਦੀ ਦੌਲਤ ਦਾ ਪੂਰਾ ਮਜ਼ਾ ਲੈਂਦੀ ਸੀ। ਵਿਗੜੀ ਹੋਈ ਕੁੱਤੀ। ਕਾਫੀ ਸਮੇਂ ਬਾਅਦ ਮੋਹਨ ਫਿਰ ਰਾਤ ਦੀਆਂ ਪਾਰਟੀਆਂ ਵਿਚ ਸ਼ਾਮਲ ਹੋਣ ਲੱਗਾ। ਇਸ ਤੋਂ ਪਹਿਲਾਂ ਉਹ ਇੰਨ੍ਹਾਂ ਪਾਰਟੀਆਂ ਵਿਚ ਆ ਕੇ ਬਹੁਤਾ ਖੁਸ਼ ਨਹੀਂ ਸੀ ਹੋਇਆ ਕਰਦਾ। ਨੌਜਵਾਨ ਲਖਪਤੀਆਂ ਦਾ ਬਾਕੀ ਦੇ ਅਮੀਰ ਲੋਕਾਂ ਨਾਲੋਂ ਫਰਕ ਇਹ ਸੀ ਕਿ ਉਨ੍ਹਾਂ ਦਾ ਮਨੋਰੰਜਨ ਦਾ ਢੰਗ ਵਖਰਾ ਸੀ। ਹਮੇਸ਼ਾ ਮਹਿੰਗੀ ਸਕਾਚ ਵਰਤਾਈ ਜਾਂਦੀ। ਬਲਿਊ ਜਾਂ ਗੋਲਡ ਲੇਬਲ ਜਾਨੀ ਵਾਕਰ, ਰਾਇਲ ਸਲੂਟ, ਸ਼ਿਵਾਸ ਰੀਗਲ ਜਾਂ ਸਮਥਿੰਗ ਸਪੈਸ਼ਲ । ਵਰਤਾਈਆਂ ਜਾਂਦੀਆਂ ਵਾਈਨਾ ਫਰਾਂਸੀਸੀ ਮੂਲ ਦੀਆਂ ਹੁੰਦੀਆਂ। ਵੋਦਕਾ ਹਮੇਸ਼ਾਂ ਰੂਸੀ ਹੁੰਦੀ, ਸ਼ੈਰੀ ਸਪੇਨ ਦੀ ਅਤੇ ਲਿਕਰ ਇੰਗਲੈਂਡ ਜਾਂ ਫਰਾਂਸ ਦਾ। ਮੀਨੂ ਤਿਆਰ ਕਰਨ ਵੱਲ ਉਚੇਚਾ ਧਿਆਨ ਦਿਤਾ ਜਾਂਦਾ ਅਤੇ ਖਾਣਾ ਪਰੋਸਣ ਵਾਲਿਆਂ ਨੂੰ ਇਹ ਖਾਸ ਹਦਾਇਤਾਂ ਦਿਤੀਆਂ ਜਾਂਦੀਆਂ ਕਿ ਕਿਹੜੇ ਸਮੇਂ ਕੀ ਚੀਜ਼ ਪਰੋਸੀ ਜਾਵੇ। ਕਰਾਕਰੀ ਵੀ ਹਮੇਸ਼ਾ ਹੀ ਬਹੁਤ ਮਹਿੰਗੀ ਵਰਤੀ ਜਾਂਦੀ ਅਤੇ ਚਮਚੇ ਕਾਂਟੇ ਵੀ ਚਾਂਦੀ ਦੇ ਵਰਤੇ ਜਾਂਦੇ। ਬੈਰਿਆਂ ਨੂੰ ਵਰਦੀ ਪਾਈ ਜਾਂਦੀ ਅਤੇ ਉਨ੍ਹਾਂ ਦੇ ਹੱਥਾਂ ਉਤੇ ਚਿਟੇ ਦਸਤਾਨੇ ਹੁੰਦੇ। ਸੋਨੂੰ ਇਨ੍ਹਾਂ ਪਾਰਟੀਆਂ ਵਿਚ ਬਹੁਤ ਖੁਸ਼ ਹੁੰਦੀ ਸੀ ਅਤੇ ਉਹ ਹੋਰਨਾਂ ਮੇਮਸਾਹਿਬਾਂ ਨਾਲ ਬੈਠ ਕੇ ਇਸ ਮਾਮਲੇ ਉਤੇ ਗਪਸ਼ਪ ਕਰਦੀ ਕਿ ਕਿਹੜੇ ਕਿਹੜੇ ਡਿਪਲੋਮੈਟਾਂ ਨਾਲ ਉਹਨਾਂ ਦੀ ਦੋਸਤੀ ਹੈ, ਜਾਂ ਫਿਰ ਉਨ੍ਹਾਂ ਦੇ ਨੌਕਰਾਂ ਨਾਲ ਕੀ ਸਮਸਿਆ ਆ ਰਹੀ ਹੈ, ਵਗੈਰਾ ਵਗੈਰਾ।

ਸਰੋਜਨੀ ਦੇ ਜਾਣ ਦੇ ਦੋ ਹਫਤੇ ਬਾਅਦ ਮੋਹਨ ਨੇ ਦੋ ਜੋੜਿਆਂ ਨੂੰ ਆਪਣੇ ਘਰ ਖਾਣੇ ਤੇ ਸੱਦਿਆ। ਉਸ ਨੂੰ ਪਤਾ ਸੀ ਕਿ ਉਨ੍ਹਾਂ ਦਾ ਆਪਣੀ ਪਤਨੀ ਨਾਲ ਤੋੜ ਵਿਛੋੜਾ ਹੋ ਚੁਕਾ ਹੈ, ਇਸ ਲਈ ਇਸ ਮਾਮਲੇ ਉਤੇ ਕੋਈ ਤਨਾਓ ਪੈਦਾ ਹੋਣ ਦੀ ਸੰਭਾਵਨਾ ਨਹੀਂ ਸੀ। ਜਦੋਂ ਉਹ ਆਏ, ਮੋਹਨ ਨੇ ਆਦਮੀਆਂ ਨਾਲ ਹੱਥ ਮਿਲਾਏ ਅਤੇ ਉਨ੍ਹਾਂ ਦੀਆਂ ਪਤਨੀਆਂ ਦੀਆਂ ਦੋਵੇਂ ਗੱਲ੍ਹਾਂ ਚੁੰਮੀਆਂ। ਪਤਨੀਆਂ ਨੂੰ ਚੁੰਮਣਾ ਇਕ ਰਿਵਾਜ਼ ਮੰਨਿਆ ਜਾਂਦਾ ਸੀ। ਜੇ ਤਾਂ ਪਤੀ ਦੇਖ ਰਹੇ ਹੋਣ ਤਾਂ ਗੱਲ੍ਹਾਂ ਉਤੇ ਚੁੰਮਣ ਲਏ ਜਾਂਦੇ ਸਨ, ਤੇ ਜੇ ਨਾ ਦੇਖ ਰਹੇ ਹੋਣ ਤਾਂ ਬੁਲ੍ਹਾਂ ਉਤੇ। ਜੱਸ (ਜਸਪਾਲ) ਨੇ ਪੁਛਿਆ, ''ਸੋ ਬਦਮਾਸ਼, ਫਿਰ ਆਪਣਾ ਛੜਾਪਨ ਕਿਵੇਂ ਬਿਤਾ ਰਿਹਾ ਹੈ?''

ਮੋਹਨ ਦਾ ਜਵਾਬ ਸੀ, ''ਕੋਈ ਸ਼ਿਕਾਇਤ ਨਹੀਂ।'' ਅਮੀਰਾਂ ਦੀ ਕਲੱਬ ਵਿਚ

ਮੋਹਨ ਨੂੰ ਸਾਰੇ ਮੋਅ ਕਹਿ ਕੇ ਬੁਲਾਉਂਦੇ ਸਨ। ਕਿਉਂਕਿ ਅਮਰੀਕਾ ਵਿਚ ਇਹ ਰਿਵਾਜ਼ ਹੈ ਕਿ ਸਾਰੇ ਇਕ ਦੂਜੇ ਨੂੰ ਛੋਟੇ ਨਾਂ ਨਾਲ ਬੁਲਾਉਂਦੇ ਹਨ। ਮੋਹਨ ਨੇ ਫਿਰ ਕਿਹਾ, ''ਹੁਣ ਬੜੀ ਸ਼ਾਂਤੀ ਹੈ, ਨਾ ਕੋਈ ਝਗੜਾ, ਨਾ ਕੋਈ ਡਾਂਟ ਡਪਟ। ਮੈਂ ਤਾਂ ਸ਼ਾਦੀਆਂ ਦੇ ਟੁੱਟਣ ਦੇ ਹੱਕ ਵਿਚ ਬਹੁਤ ਕੁਝ ਕਹਿ ਸਕਦਾ ਹਾਂ।'' ਜੱਸ ਦੀ ਪਤਨੀ ਸੱਤੀ (ਸਤਨਾਮ) ਨੇ ਅੱਖਾਂ ਵਿਚ ਸ਼ਰਾਰਤੀ ਚਮਕ ਲਿਆਉਂਦੇ ਹੋਏ ਕਿਹਾ, ''ਖਾਸ ਕਰਕੇ ਜੇ ਤੁਹਾਡੀ ਇਕੱਲ ਤੋੜਨ ਲਈ ਤੁਹਾਡੇ ਕੋਲ ਕੋਈ ਸਾਥੀ ਹੋਵੇ।''

''ਤਾਂ ਤੂੰ ਵੀ ਸ਼ਹਿਰ ਵਿਚ ਚਲਦੀਆਂ ਗਪਾਂ ਸੁਣਦੀ ਰਹੀ ਹੈਂ,'' ਮੋਹਨ ਨੇ ਕਿਹਾ।

''ਦਿਲੀ ਬਹੁਤ ਛੋਟਾ ਜਿਹਾ ਸ਼ਹਿਰ ਹੈ। ਇਥੇ ਗਲਾਂ ਬਹੁਤ ਛੇਤੀ ਫੈਲਦੀਆਂ ਹਨ।'' ਇਹ ਗੱਲ ਮਲਿਕ ਨੇ ਕਹੀ। ਉਸਦੇ ਨਾਂ ਨੂੰ ਛੋਟਾ ਨਹੀਂ ਸੀ ਕੀਤਾ ਗਿਆ। ਅਸਲ ਵਿਚ ਜਿਨ੍ਹਾਂ ਲੋਕਾਂ ਬਾਰੇ ਚਰਚਾ ਚਲਦੀ ਹੈ, ਉਨ੍ਹਾਂ ਨੂੰ ਸਭ ਤੋਂ ਬਾਅਦ ਵਿਚ ਪਤਾ ਲਗਦਾ ਹੈ ਕਿ ਉਨ੍ਹਾਂ ਬਾਰੇ ਕੀ ਕਿਹਾ ਜਾ ਰਿਹਾ ਹੈ। ਸਾਰੇ ਸਹਿਮਤ ਸਨ ਕਿ ਇਹ ਗੱਲ ਸਹੀ ਸੀ।

ਥੋੜ੍ਹੀ ਦੇਰ ਪਿੱਛੋਂ ਉਹ ਆਪਣੇ ਦੋਸਤਾਂ ਦੇ ਮਾਮਲਿਆਂ ਬਾਰੇ ਜ਼ਿਕਰ ਕਰਨ ਲਗੇ ਜਾਂ ਇਹ ਜ਼ਿਕਰ ਕਰਨ ਲਗੇ ਕਿ ਕਾਰੋਬਾਰ ਕਿਸ ਤਰ੍ਹਾਂ ਚਲ ਰਿਹਾ ਹੈ। ਉਹ ਲਗਾਤਾਰ ਗਲਾਂ ਕਰਦੇ ਰਹੇ। ਉਨ੍ਹਾਂ ਸ਼ਰਾਬ ਪੀਤੀ ਤੇ ਖਾਣਾ ਖਾਧਾ। ਫਿਰ ਕੌਫੀ ਪੀ ਕੇ ਸਿਗਰਟ ਜਾਂ ਚੁਰੁਟ ਜਗਾ ਲਏ। ਬੇਅਰੇ ਨੇ ਪਲੇਟਾਂ ਤੇ ਗਿਲਾਸ ਚੱਕ ਦਿਤੇ। ਅਚਨਚੇਤ ਹੀ ਧੰਨੋ ਰਾਤ ਦਾ ਬਚਿਆ ਹੋਇਆ ਖਾਣਾ ਇਕਠਾ ਕਰਨ ਲਈ ਆ ਗਈ। ਸਾਰੀਆਂ ਨਜ਼ਰਾਂ ਉਸ ਵੱਲ ਮੁੜ ਗਈਆਂ। ਸੱਤੀ ਪੁਛਣ ਲੱਗੀ, ''ਇਹ ਕੌਣ ਔਰਤ ਹੈ ਜਿਹੜੀ ਇੰਨੀ ਰਾਤ ਨੂੰ ਇਥੇ ਆਈ ਹੈ?''

ਮੋਹਨ ਨੇ ਜਵਾਬ ਦਿੱਤਾ, ''ਉਹ ਇਹ, ਇਹ ਤਾਂ ਜਮਾਦਾਰਨੀ ਹੈ, ਇਹ ਬੱਚਿਆ ਖੁਚਿਆ ਖਾਣਾ ਲੈਣ ਆਈ ਹੈ ਤਾਂ ਕਿ ਆਪਣੇ ਪਤੀ ਤੇ ਬੱਚਿਆਂ ਨੂੰ ਖੁਆ ਸਕੇ। ਇਸਦਾ ਕਮਰਾ ਪਿਛਲੇ ਪਾਸੇ ਹੈ।''

ਜਸ ਦੀ ਟਿਪਣੀ ਸੀ, ''ਮਾੜੇ ਕੰਮਾਂ ਲਈ ਮਾੜੀ ਨਹੀਂ।''

ਮੋਹਨ ਉਚੀ ਆਵਾਜ਼ ਵਿਚ ਬੋਲਿਆ, ''ਉਏ ਰਬ ਦੇ ਵਾਸਤੇ ਬਸ ਵੀ ਕਰੋ, ਉਹ ਜਮਾਦਾਰਨੀ ਹੈ। ਮੈਂ ਸਿਰ ਫਿਰਿਆ ਨਹੀਂ ਹਾਂ, ਜਿਹੜਾ ਹਰੇਕ ਸੁਥੱਣ ਦੇ ਮਗਰ ਤੁਰਿਆ ਫਿਰਾਂ।''

ਅੱਧੀ ਰਾਤ ਤੋਂ ਬਾਅਦ ਹੀ ਪਾਰਟੀ ਖਤਮ ਹੋਈ ਅਤੇ ਸਾਰੇ ਹੀ ਅੰਗੜਾਂਈਆਂ ਭਰਦੇ ਹੋਏ ਉਠ ਖੜ੍ਹੇ ਹੋਏ। ਮੋਹਨ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਾਰਾਂ ਤਕ ਛਡਣ ਗਿਆ। ਪਾਰਟੀ ਕਾਮਯਾਬ ਰਹੀ ਸੀ।

# [ II ]

## ਮੋਹਨ ਕੁਮਾਰ ਦੀਆਂ ਯਾਦਾਂ

# ਮੈਂ, ਮੋਹਨ ਕੁਮਾਰ।

ਮੈਂ ਮੋਹਨ ਕੁਮਾਰ ਹਾਂ ਅਤੇ ਤੁਸੀਂ ਮੇਰੇ ਬਾਰੇ ਹੀ ਹੁਣ ਤਕ ਪੜ੍ਹਦੇ ਆ ਰਹੇ ਹੋ। ਮੇਰਾ ਦੋਸਤ ਪ੍ਰਭਵੰਤ ਸਿੰਘ ਜਿਹਨੇ ਮੇਰੀ ਜ਼ਿੰਦਗੀ ਉਤੇ ਨਾਵਲ ਲਿਖਣਾ ਸ਼ੁਰੂ ਕੀਤਾ ਹੈ, ਮੈਨੂੰ ਚੰਗੀ ਤਰ੍ਹਾਂ ਜਾਣਦਾ ਹੈ। ਪਰ ਮਹਤੀ ਚੰਗੀ ਤਰ੍ਹਾਂ ਨਹੀਂ। ਮੈਂ ਉਸਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਹੈ ਕਿ ਆਪਣੀ ਗੱਲ ਮੈਂ ਆਪ ਹੀ ਕਹਾਂ। ਮੈਂ ਕਦੇ ਵੀ ਇਹ ਕਲਪਨਾ ਨਹੀਂ ਸੀ ਕੀਤੀ ਕਿ ਮੈਨੂੰ ਕਦੇ ਆਪਣੀ ਜ਼ਿੰਦਗੀ ਬਾਰੇ ਕੁਝ ਗੱਲ ਕਹਿਣ ਦਾ ਮੌਕਾ ਜਾਂ ਲੋੜ ਮਹਿਸੂਸ ਹੋਵੇਗੀ। ਪਰ ਹੁਣ ਜਦੋਂ ਕਿ ਮੇਰੀ ਜ਼ਿੰਦਗੀ ਲੀਰ ਲੀਰ ਹੋ ਚੁੱਕੀ ਹੈ ਅਤੇ ਮੈਂ ਅਚਨਚੇਤ ਇਕੱਲਾ ਰਹਿ ਗਿਆ ਹਾਂ, ਮੈਂ ਉਨ੍ਹਾਂ ਔਰਤਾਂ ਬਾਰੇ ਆਪਣੇ ਮਨ ਵਿਚ ਸੋਚ ਰਿਹਾ ਹਾਂ ਜਿਨ੍ਹਾਂ ਨੂੰ ਮੈਂ ਕਿਸੇ ਸਮੇਂ ਜਾਣਦਾ ਸਾਂ।

ਮੈਂ ਆਪਣੇ ਮਾਪਿਆਂ ਦਾ ਇਕ ਇਕਲੌਤਾ ਪੁੱਤਰ ਸਾਂ। ਮੇਰੀ ਮਾਂ ਮੈਨੂੰ ਜਨਮ ਦਿੰਦੇ ਸਾਰ ਹੀ ਮਰ ਗਈ ਸੀ। ਮੈਨੂੰ ਇਹ ਨਹੀਂ ਪਤਾ ਕਿ ਕੋਈ ਮਾਂ ਆਪਣੇ ਪੁੱਤਰ ਨੂੰ ਕਿਵੇਂ ਪਿਆਰ ਕਰਦੀ ਹੈ। ਮੈਂ ਸੁਣਿਆ ਹੈ ਕਿ ਇਹ ਪਿਆਰ ਪਤਾ ਨਹੀਂ ਕਿਸ ਤਰ੍ਹਾਂ ਦਾ ਪਿਆਰ ਹੁੰਦਾ ਹੈ। ਇਹ ਪਿਆਰ ਹੋਰ ਵੀ ਵਿਸ਼ੇਸ਼ ਕਿਸਮ ਦਾ ਹੁੰਦਾ ਹੈ, ਜੇ ਮੁੰਡਾ ਔਲਾਦ ਦਾ ਹੋਵੇ। ਸ਼ਾਇਦ। ਮੇਰੇ ਪਿਤਾ ਨੇ ਮੇਰੇ ਲਈ ਆਗਰਾ ਤੋਂ ਇਕ ਦਾਈ ਨਿਯੁਕਤ ਕਰਵਾਈ। ਉਹ ਮੈਨੂੰ ਛੇ ਮਹੀਨੇ ਦੁਧ ਚੁੰਘਾਉਂਦੀ ਰਹੀ। ਮੇਰੀ ਮ੍ਰਿਤਕ ਮਾਂ ਦੀ ਰਸਮੀ ਰਸਮ ਨੇ ਦਾਈ ਤਕ ਮੇਰੀ ਦੇਖਭਾਲ ਕੀਤੀ। ਫਿਰ ਉਸਦੀ ਸ਼ਾਦੀ ਹੋ ਗਈ ਅਤੇ ਮੇਰੀ ਦੇਖਭਾਲ ਕਰਨ ਲਈ ਸਿਰਫ ਮੇਰੇ ਪਿਤਾ ਰਹਿ ਗਏ।

ਮੇਰੇ ਪਿਤਾ ਰੇਲਵੇ ਵਿਭਾਗ ਵਿਚ ਸੁਪਰਡੈਂਟ ਸਨ। ਅਸੀਂ ਨਵੀਂ ਦਿੱਲੀ ਰੇਲਵੇ ਸਟੇਸ਼ਨ ਦੇ ਨੇੜੇ ਕਲਰਕਾਂ ਵਾਲੇ ਕੁਆਰਟਰਾਂ ਵਿਚ ਰਹਿੰਦੇ ਸਾਂ। ਇਕ ਨੌਜਵਾਨ ਨੌਕਰਾਣੀ ਸਾਡੇ ਲਈ ਖਾਣਾ ਵੀ ਪਕਾਉਂਦੀ ਸੀ ਅਤੇ ਸਫਾਈ ਵੀ ਕਰਦੀ ਸੀ। ਦਿਨ ਵੇਲੇ ਜਦੋਂ ਮੇਰੇ ਪਿਤਾ ਕੰਮ ਤੇ ਗਏ ਹੁੰਦੇ, ਉਦੋਂ ਮੈਂ ਗੁਆਂਢ ਦੇ ਬੱਚਿਆਂ ਨਾਲ ਖੇਡ ਰਿਹਾ ਹੁੰਦਾ। ਹੁਣ ਨੌਕਰਾਣੀ ਮੇਰਾ ਖਿਆਲ ਰਖਦੀ। ਕਦੇ ਕਦੇ ਜਦੋਂ ਅਸੀਂ ਇਕੱਲੇ ਹੁੰਦੇ ਅਤੇ ਜੇ ਮੈਂ ਉਹਨੂੰ ਬਹੁਤ ਤੰਗ ਕਰਦਾ, ਤਾਂ ਉਹ ਆਪਣੀ ਕਮੀਜ਼ ਉਪਰ ਚੁੱਕ ਦਿੰਦੀ ਅਤੇ ਮੈਂ ਉਸਦੀਆਂ ਛਾਤੀਆਂ ਚੁੰਘਣ ਲਗਦਾ। ਮੈਂ ਉਦੋਂ ਅਜੇ ਬੱਚਾ ਸਾਂ। ਫਿਰ ਵੀ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਮੈਨੂੰ ਚੇਤੇ ਹੈ ਕਿ ਉਹਦੀਆਂ ਛਾਤੀਆਂ ਬੜੀਆਂ ਨਰਮ, ਮਜ਼ਬੂਤ ਅਤੇ ਵੱਡੀਆਂ ਸਨ। ਗਰਮੀਆਂ ਦੇ ਪਸੀਨੇ ਵਿਚ ਉਹ ਪਸੀਨੇ ਨਾਲ ਚਮਕਦੀਆਂ ਅਤੇ ਉਨ੍ਹਾਂ ਦਾ ਸਵਾਦ ਨਮਕੀਨ ਹੁੰਦਾ। ਜਦੋਂ ਮੈਂ ਪੰਜ ਸਾਲ ਦਾ ਸਾਂ ਤਾਂ ਮੇਰੇ ਪਿਤਾ ਨੇ ਮੈਨੂੰ ਸਰਕਾਰੀ ਪ੍ਰਾਇਮਰੀ ਸਕੂਲ ਵਿਚ

ਭਰਤੀ ਕਰਵਾ ਦਿਤਾ। ਮੇਰੇ ਅਧਿਆਪਕਾਂ ਨੂੰ ਛੇਤੀ ਹੀ ਪਤਾ ਲਗ ਗਿਆ ਕਿ ਮੈਂ ਬਹੁਤੇ ਵਿਸ਼ਿਆਂ ਵਿਚ ਕਾਫ਼ੀ ਚੰਗਾ ਸਾਂ। ਹਿਸਾਬ ਦਾ ਤਾਂ ਹਰ ਸਵਾਲ ਮੈਂ ਠੀਕ ਕਰ ਲੈਂਦਾ ਸਾਂ। ਹਾਈ ਸਕੂਲ ਵਿਚ ਵੀ ਇਸੇ ਤਰ੍ਹਾਂ ਰਿਹਾ। ਹਿਸਾਬ, ਐਲਜ਼ੈਬਰਾ ਅਤੇ ਜਮੈਟਰੀ ਵਿਚ ਮੈਨੂੰ ਪੂਰੇ ਦੇ ਪੂਰੇ ਨੰਬਰ ਮਿਲਦੇ। ਇਸ ਕਾਰਨ ਮੈਂ ਆਪਣੀ ਜਮਾਤ ਵਿੱਚ ਅੱਵਲ ਰਹਿੰਦਾ। ਮੇਰੇ ਪਿਤਾ ਨੇ ਮੈਨੂੰ ਸੰਸਕ੍ਰਿਤ ਲੈਣ ਲਈ ਵੀ ਪ੍ਰੇਰਿਆ। ਮੈਂ ਇਸਦੇ ਕੁਝ ਸਲੋਕ ਅਤੇ ਇਸ ਦੇ ਹਿੰਦੀ ਅਨੁਵਾਦ ਨੂੰ ਰੱਟਾ ਲਾਉਂਦਾ ਸੀ। ਮੇਰੀ ਯਾਦ ਸ਼ਕਤੀ ਬੜੀ ਚੰਗੀ ਹੈ। ਇਸ ਕਰਕੇ ਸੰਸਕ੍ਰਿਤ ਵਿਚ ਮੈਂ ਪੂਰੇ ਨੰਬਰ ਲੈ ਲੈਂਦਾ ਸਾਂ। ਹਾਈ ਸਕੂਲ ਵਿਚ ਮੇਰੇ ਇੰਨੇ ਨੰਬਰ ਆਏ ਕਿ ਡੀ ਏ ਵੀ ਵਿਚ ਦਾਖਲੇ ਨਾਲ ਮੈਨੂੰ ਸਰਕਾਰੀ ਵਜ਼ੀਫਾ ਮਿਲ ਗਿਆ।

ਕਾਲਜ ਦੇ ਵਿਚ ਕੋਈ ਵੱਡੀ ਗੱਲ ਨਹੀਂ ਵਾਪਰੀ। ਸਿਵਾਏ ਇਸ ਦੇ ਕਿ ਮੈਂ ਪੜਾਈ ਵਿਚ ਪਹਿਲੇ ਵਾਂਗ ਹੀ ਅੱਵਲ ਰਹਿੰਦਾ ਰਿਹਾ। ਜਦੋਂ ਮੈਂ ਕਾਲਜ ਦਾਖਲ ਹੋਇਆ ਸਾਂ ਤਾਂ ਮਸਾਂ 16 ਸਾਲ ਦਾ ਸਾਂ। ਫਿਰ ਵੀ ਮੇਰਾ ਕਦ 6 ਫੁਟ ਲੰਬਾ ਹੋ ਚੁਕਾ ਸਾਂ ਤੇ ਮੈਂ ਆਪਣੇ ਪਿਤਾ ਨਾਲੋਂ ਅੱਧਾ ਫੁਟ ਲੰਮਾ ਸਾਂ। ਇਹ ਤੋਹਫਾ ਮੈਨੂੰ ਖਬਰੇ ਮੇਰੀ ਮਾਂ ਤੋਂ ਪ੍ਰਾਪਤ ਹੋਇਆ ਸੀ, ਪਰ ਮੈਂ ਖੇਡਾਂ ਵਿਚ ਬਹੁਤੀ ਦਿਲਚਸਪੀ ਨਹੀਂ ਸਾਂ ਰਖਦਾ। ਮੈਂ ਇਕੋ ਕਸਰਤ ਕਰਦਾ ਸਾਂ ਅਤੇ ਉਹ ਸੂਰਿਆ ਨਮਸਕਾਰ ਹੁੰਦੀ ਸੀ। ਕਦੇ ਕਦੇ ਮੈਂ ਯੋਗਾ ਦੇ ਕੁਝ ਆਸਨ ਵੀ ਕਰਦਾ। ਇਨ੍ਹਾਂ ਵਿਚ ਸ਼ੀਰਸ਼ ਆਸਨ ਵੀ ਸ਼ਾਮਲ ਹੁੰਦਾ ਸੀ। ਇਸ ਨਾਲ ਮੈਂ ਫਿੱਟ ਰਹਿੰਦਾ ਸਾਂ ਹਾਲਾਂਕਿ ਮੇਰੇ ਪੱਠੇ ਬਹੁਤੇ ਮਜ਼ਬੂਤ ਨਹੀਂ ਸਨ ਹੁੰਦੇ। ਭਾਵੇਂ ਮੇਰੇ ਪਿਤਾ ਇਕ ਪੱਕੇ ਆਰੀਆ ਸਮਾਜੀ ਸਨ ਅਤੇ ਮੈਂ ਵੀ ਆਰੀਆ ਸਮਾਜ ਕਾਲਜ ਵਿਚ ਪੜ੍ਹ ਰਿਹਾ ਸਾਂ, ਪਰ ਫਿਰ ਵੀ ਮੇਰੀ ਧਰਮ ਵਿਚ ਦਿਲਚਸਪੀ ਪੈਦਾ ਨਾ ਹੋਈ। ਕਦੇ ਕਦੇ ਗਾਇਤਰੀ ਮੰਤਰ ਪੜ੍ਹਨ ਤੋਂ ਬਿਨਾਂ ਨਾ ਤਾਂ ਮੈਂ ਕਦੇ ਹੋਰ ਕੋਈ ਪ੍ਰਾਰਥਨਾ ਹੀ ਕੀਤੀ ਸੀ ਅਤੇ ਨਾ ਹੀ ਕਾਲਜ ਦੇ ਮੰਦਰ ਹੀ ਗਿਆ ਸਾਂ।

ਡਿਗਰੀ ਇਮਤਿਹਾਨਾਂ ਵਿਚ ਮੈਂ ਯੂਨੀਵਰਸਿਟੀ ਵਿਚੋਂ ਅੱਵਲ ਰਿਹਾ ਸਾਂ। ਮੇਰੇ ਕਾਲਜ ਦੇ ਪ੍ਰਿੰਸੀਪਲ ਨੇ ਮੈਨੂੰ ਸਲਾਹ ਦਿਤੀ ਸੀ ਕਿ ਮੈਂ ਅਮਰੀਕਨ ਯੂਨੀਵਰਸਿਟੀ ਦੇ ਵਜ਼ੀਫੇ ਲਈ ਅਰਜ਼ੀ ਦੇਵਾਂ। ਉਸ ਅਮਰੀਕੀ ਦੂਤਾਵਾਸ ਤੋਂ ਮੈਨੂੰ ਫਾਰਮ ਮੰਗਵਾ ਦਿਤੇ ਅਤੇ ਇਨ੍ਹਾਂ ਨੂੰ ਭਰਨ ਵਿਚ ਵੀ ਮੇਰੀ ਮਦਦ ਕੀਤੀ। ਮੈਨੂੰ ਛੇ ਯੂਨੀਵਰਸਿਟੀਆਂ ਤੋਂ ਪੇਸ਼ਕਸ਼ਾਂ ਆਈਆਂ। ਮੇਰੇ ਪ੍ਰਿੰਸੀਪਲ ਨੇ ਸਲਾਹ ਦਿਤੀ ਕਿ ਮੈਂ ਭਾਰਤ ਵਿਚ ਅਮਰੀਕੀ ਦੂਤਾਵਾਸ ਦੀ ਮਦਦ ਲਵਾਂ। ਪ੍ਰਿੰਸਟਨ ਵਿਚ ਪੜ੍ਹੇ ਹੋਏ ਦੂਤਾਵਾਸ ਦੇ ਇਕ ਸੀਨੀਅਰ ਸਟਾਫ ਮੈਂਬਰ ਨੇ ਆਪਣੇ ਜਾਣਕਾਰ ਕਈਆਂ ਪ੍ਰੋਫੈਸਰਾਂ ਦੇ ਨਾਂ ਖ਼ਤ ਲਿਖ ਕੇ ਮੈਨੂੰ ਦੇ ਦਿਤੇ ਅਤੇ ਨਾਲ ਹੀ ਯੂਨੀਵਰਸਿਟੀ ਦੀਆਂ ਕਈ ਤਸਵੀਰਾਂ ਵੀ ਵਿਖਾਈਆਂ।

ਸਤੰਬਰ 1975 ਦੇ ਆਖਰੀ ਹਫਤੇ ਮੈਂ ਦਿਲੀ ਤੋਂ ਨਿਊਯਾਰਕ ਲਈ ਏਅਰ ਇੰਡੀਆ ਦੇ ਜਹਾਜ਼ ਰਾਹੀਂ ਰਵਾਨਾ ਹੋਇਆ। ਸਿਰਫ ਮੇਰੇ ਪਿਤਾ ਹੀ ਮੈਨੂੰ ਪਾਲਮ ਹਵਾਈ

ਅੱਡੇ ਉਤੇ ਵਿਦਾ ਕਰਨ ਲਈ ਆਏ। ਮੈਨੂੰ ਉਨ੍ਹਾਂ ਦੀ ਆਖਰੀ ਨਸੀਹਤ ਚੰਗੀ ਤਰ੍ਹਾਂ ਚੇਤੇ ਹੈ। ਉਨ੍ਹਾਂ ਕਿਹਾ ਸੀ, ''ਪੁਤਰ, ਅਮਰੀਕਾ ਵਿਚ ਰਹਿੰਦੇ ਹੋਏ ਜੋ ਮਰਜ਼ੀ ਹੈ ਕਰੀਂ, ਪਰ ਨਾ ਤਾਂ ਕਿਸੇ ਗੋਰੀ ਔਰਤ ਨਾਲ ਸ਼ਾਦੀ ਕਰੀਂ, ਅਤੇ ਨਾ ਹੀ ਵੱਡਾ ਮਾਸ (ਗਊ ਮਾਸ) ਖਾਈਂ।'' ਮੈਂ ਪਿਤਾ ਦੀ ਗਲ ਸੁਣ ਕੇ ਸ਼ਰਮਿੰਦਾ ਜਿਹਾ ਹੋ ਗਿਆ ਸਾਂ ਕਿਉਂਕਿ ਉਸ ਵੇਲੇ ਤਕ ਵਿਆਹ ਦਾ ਵਿਚਾਰ ਤੱਕ ਵੀ ਮੇਰੇ ਮਨ ਵਿਚ ਨਹੀਂ ਸੀ ਅਤੇ ਮੀਟ ਲਈ ਗਾਵਾਂ ਕੱਟਣ ਦੀ ਸੋਚ ਆਉਂਦੀਆਂ ਹੀ ਮੇਰਾ ਮਨ ਖਰਾਬ ਹੋਣ ਲਗਦਾ ਸੀ।

ਨਿਊਯਾਰਕ ਤੋਂ ਬੱਸ ਦੇ ਘੰਟੇ ਭਰ ਦੇ ਸਫਰ ਤੋਂ ਬਾਅਦ ਮੈਂ ਪ੍ਰਿੰਸਟਨ ਪਹੁੰਚ ਗਿਆ। ਕਾਰਨੀ ਕਾਲਜਾਂ ਵਿਚ ਪੁਰਾਣੇ ਵਿਦਿਆਰਥੀ ਆਮ ਤੌਰ ਤੇ ਨਵਿਆਂ ਨੂੰ ਤੰਗ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ ਹਨ। ਪਰ ਇਸ ਦੇ ਉਲਟ ਇਥੇ ਮੇਰਾ ਸਭ ਨੇ ਭਰਵਾਂ ਸਵਾਗਤ ਕੀਤਾ। ਇਕ ਸੀਨੀਅਰ ਵਿਦਿਆਰਥੀ ਨੂੰ ਇਹ ਕੰਮ ਸੌਂਪਿਆ ਗਿਆ ਕਿ ਉਹ ਮੈਨੂੰ ਯੂਨੀਵਰਸਿਟੀ ਕੈਂਪਸ ਦੀ ਜਾਣਕਾਰੀ ਦੇਵੇ। ਉਹ ਮੈਨੂੰ ਬੱਸ ਅੱਡੇ ਤੇ ਮਿਲਿਆ ਅਤੇ ਮੇਰਾ ਸੂਟਕੇਸ ਆਪਣੇ ਹੱਥ ਵਿਚ ਫੜ ਲਿਆ। ਉਸ ਤੋਂ ਬਾਅਦ ਉਹਨੇ ਮੈਨੂੰ ਹੋਸਟਲ ਵਿਚ ਉਹ ਕਮਰਾ ਵਿਖਾਇਆ ਜਿਥੇ ਮੈਂ ਰਿਹਾ ਕਰਨਾ ਸੀ। ਉਸ ਮੈਨੂੰ ਦੱਸਿਆ ਕਿ ਪਖਾਨੇ ਕਿਥੇ ਸਨ, ਨਹਾਉਣ ਦਾ ਇੰਤਜ਼ਾਮ ਕਿਥੇ ਸੀ ਅਤੇ ਕਾਫੀ ਹਾਊਸ ਕਿਥੇ ਸਨ। ਫਿਰ ਉਹ ਮੈਨੂੰ ਮੇਰੇ ਕਮਰੇ ਵਿਚ ਵਾਪਸ ਲੈ ਆਇਆ ਅਤੇ ਦੱਸਿਆ ਕਿ ਭਵਿੱਖ ਵਿਚ ਲੋੜ ਹੋਵੇ ਤਾਂ ਉਹ ਕਿਥੇ ਮਿਲੇਗਾ।

ਆਪਣਾ ਸਮਾਨ ਖੋਲ੍ਹਣ ਤੋਂ ਪਹਿਲਾਂ ਮੈਂ ਗਾਇਤਰੀ ਮੰਤਰ ਪੜ੍ਹਿਆ। ਮੈਂ ਨਹਾਤਾ ਤੇ ਕਪੜੇ ਬਦਲੇ। ਜਿਸ ਵਿਦਿਆਰਥੀ ਨੇ ਪਹਿਲਾਂ ਮੈਨੂੰ ਸਾਰਾ ਆਲਾ ਦੁਆਲਾ ਦਿਖਾਇਆ ਸੀ, ਉਹ ਕਾਫੀ ਹਾਊਸ ਵਿਚ ਮੈਨੂੰ ਆਪਣੇ ਨਾਲ ਲੈ ਗਿਆ। ਉਥੇ ਖਾਣੇ ਦੀ ਉਡੀਕ ਵਿਚ ਮੁੰਡਿਆਂ, ਕੁੜੀਆਂ ਤੇ ਅਧਿਆਪਕਾਂ ਦੀ ਕਤਾਰ ਲਗੀ ਹੋਈ ਸੀ। ਮੇਰੇ ਸਾਥੀ ਵਿਦਿਆਰਥੀ ਨੇ ਦੱਸਿਆ ਕਿ ਲਾਈਨ ਵਿਚ ਸਾਡੇ ਪਿਛਲੇ ਪਾਸੇ ਬਹੁਤ ਮਸ਼ਹੂਰ ਪ੍ਰੋਫੈਸਰ ਖੜ੍ਹੇ ਸਨ। ਉਨ੍ਹਾਂ ਵਿੱਚੋਂ ਦੋ ਤਾਂ ਨੋਬਲ ਪੁਰਸਕਾਰ ਹਾਸਲ ਕਰ ਚੁੱਕੇ ਸਨ। ਮੈਨੂੰ ਇਸਦਾ ਇਲਮ ਨਹੀਂ ਸੀ ਕਿ ਖਾਣਾ ਕਿਸ ਤਰ੍ਹਾਂ ਦਾ ਪਰੋਸਿਆ ਜਾ ਰਿਹਾ ਹੈ, ਪਰ ਮੈਨੂੰ ਇਹ ਪਤਾ ਸੀ ਕਿ ਅਮਰੀਕਨ ਮਾਸ ਖਾਂਦੇ ਹਨ। ਮੈਨੂੰ ਇਹ ਪਤਾ ਨਹੀਂ ਸੀ ਲਗਦਾ ਕਿ ਗਾਂ ਦਾ ਮੀਟ ਬਾਕੀ ਦੇ ਮੀਟਾਂ ਨਾਲੋਂ ਕਿਵੇਂ ਵਖਰਾ ਹੁੰਦਾ ਹੈ। ਇਸ ਲਈ ਮੈਂ ਸ਼ਾਕਾਹਾਰੀ ਭੋਜਨ ਹੀ ਖਾਂਦਾ ਰਿਹਾ। ਇਨ੍ਹਾਂ ਵਿਚ ਅਕਸਰ ਹੀ ਉਬਲੇ ਹੋਏ ਆਲੂ, ਗਾਜਰਾਂ ਅਤੇ ਬੀਨ ਹੁੰਦੇ ਸਨ। ਇਨ੍ਹਾਂ ਦਾ ਕੋਈ ਸਵਾਦ ਜੀਭ ਨੂੰ ਨਹੀਂ ਸੀ ਆਉਂਦਾ।

ਸਾਡੇ ਮੇਜ ਉਤੇ ਹੋਰ ਵੀ ਕਈ ਵਿਦਿਆਰਥੀ ਬੈਠੇ ਸਨ। ਇਕ ਦੂਜੇ ਨਾਲ ਵਾਕਫੀ ਕੀਤੀ ਗਈ। ਕਿਉਂਕਿ ਉਨ੍ਹਾਂ ਨੂੰ ਮੇਰਾ ਨਾਂ ਮੋਹਨ ਕੁਮਾਰ ਬਹੁਤ ਵੱਡਾ ਲਗਦਾ ਸੀ, ਇਸ ਲਈ ਉਸੇ ਸ਼ਾਮ ਉਹ ਮੈਨੂੰ ਮੋਅ ਬੁਲਾਉਣ ਲੱਗ ਪਏ ਸਨ। ਉਨ੍ਹਾਂ ਇਹ ਮੰਨ ਲਿਆ ਸੀ ਕਿ ਕਿਉਂਕਿ ਮੈਨੂੰ ਪੂਰਾ ਵਜ਼ੀਫਾ ਮਿਲਿਆ ਸੀ ਇਸ ਕਰਕੇ ਮੈਂ ਬਹੁਤ ਸਿਆਣਾ ਵਿਦਿਆਰਥੀ

ਹੋਵਾਂਗਾ। ਖਾਣੇ ਤੋਂ ਬਾਅਦ ਵਿਦਿਆਰਥੀਆਂ ਦੇ ਗਰੁਪ ਨੂੰ, ਜਿਸ ਵਿਚ ਨਵੀਆਂ ਕੁਝ ਕੁੜੀਆਂ ਵੀ ਸ਼ਾਮਲ ਸਨ, ਕੈਂਪਸ ਦਾ ਚੱਕਰ ਲੁਆਇਆ ਗਿਆ। ਕਿੰਨੀਆਂ ਖ਼ੂਬਸੂਰਤ ਇਮਾਰਤਾਂ ਸਨ। ਕਈ ਤਾਂ ਕੈਂਬਰਿਜ਼ ਅਤੇ ਆਕਸਫੋਰਡ ਦੇ ਕਾਲਜਾਂ ਵਰਗੀਆਂ ਪੁਰਾਣੀਆਂ ਲੱਗਦੀਆਂ ਸਨ। ਇਨ੍ਹਾਂ ਦੀਆਂ ਤਸਵੀਰਾਂ ਮੈਂ ਵੇਖੀਆਂ ਹੋਈਆਂ ਸਨ। ਕਈ ਹੋਰ ਇਸ ਤਰ੍ਹਾਂ ਦੀਆਂ ਲਗਦੀਆਂ ਸਨ ਜਿਵੇਂ ਉਹ ਫੌਲਾਦ ਅਤੇ ਸ਼ੀਸ਼ੇ ਦੀਆਂ ਬਣੀਆਂ ਹੋਈਆਂ ਹੋਣ। ਇਸ ਤੋਂ ਬਿਨਾਂ ਟੈਨਿਸ ਦੇ ਮੈਦਾਨ ਸਨ, ਬੇਸੁਆਦਾ ਸਟੇਡੀਅਮ ਸੀ ਅਤੇ ਫੁਟਬਾਲ ਦੀਆਂ ਗਰਾਊਂਡਾਂ ਸਨ। ਮੈਪਲ ਦਰਖਤਾਂ ਦੇ ਪੱਤੇ ਤਾਂਬੇ ਵਰਗੇ ਹੋਣ ਲਗ ਪਏ ਸਨ। ਮੈਂ ਜਾਣਦਾ ਸਾਂ ਕਿ ਮੈਨੂੰ ਇਹ ਥਾਂ ਬਹੁਤ ਪਸੰਦ ਆਵੇਗਾ। ਮੈਂ ਵੇਖਿਆ ਕਿ ਅਮਰੀਕਨਾਂ ਨਾਲ ਮੇਲ ਜੋਲ ਵਧਾਉਣਾ ਬਹੁਤ ਸੌਖਾ ਹੈ। ਉਹ ਬਹੁਤ ਖੁਲ੍ਹੇ, ਸਪਸ਼ਟ ਅਤੇ ਭਰਪੂਰ ਦੋਸਤੀ ਕਰਨ ਵਾਲੇ ਲੋਕ ਸਨ। ਉਨ੍ਹਾਂ ਵਿਚ ਹਉਮੈਂ ਨਹੀਂ ਸੀ ਅਤੇ ਉਹ ਸਿਰਫ ਹੋਰ ਲੋਕਾਂ ਦੀਆਂ ਭਾਵਨਾਵਾਂ ਨੂੰ ਦੁਖਣੋਂ ਬਚਾਉਣ ਲਈ ਹੀ ਝੂਠ ਬੋਲਦੇ ਸਨ।

ਮੈਨੂੰ ਛੇਤੀ ਹੀ ਪਤਾ ਲਗ ਗਿਆ ਕਿ ਇਕ ਕੌਮ ਦੇ ਤੌਰ ਤੇ ਸਾਰੇ ਅਮਰੀਕਨ ਹੀ ਸੰਸਾਰ ਦੇ ਹੋਰ ਕਿਸੇ ਵੀ ਦੇਸ਼ ਨਾਲੋਂ ਵੱਧ ਖੋਜੀ ਲੋਕ ਹਨ। ਪ੍ਰਿੰਸਟਨ ਵਿਚ ਇਕ ਛੇ ਮੰਜ਼ਲੀ ਇਮਾਰਤ ਸੀ ਜਿਸ ਨੂੰ ਕਿਸੇ ਜਪਾਨੀ ਇਮਾਰਤਸਾਜ਼ ਨੇ ਡਿਜ਼ਾਈਨ ਕੀਤਾ ਸੀ। ਜਦੋਂ ਉਨ੍ਹਾਂ ਨੂੰ ਇਹ ਲੱਗਾ ਕਿ ਇਹ ਸੜਕ ਦੇ ਬਹੁਤ ਨੇੜੇ ਹੈ ਤਾਂ ਉਨਾਂ ਸਾਰੀ ਇਮਾਰਤ ਨੂੰ ਇਸ ਦੀਆਂ ਨੀਹਾਂ ਸਮੇਤ ਉਪਰ ਚੁੱਕਿਆ ਅਤੇ ਸੜਕ ਤੋਂ ਦੂਰ ਨਵੀਂ ਥਾਂ ਤੇ ਰਖ ਦਿਤਾ। ਅਜਿਹਾ ਕਰਦੇ ਹੋਏ, ਇਮਾਰਤ ਦੇ ਕਿਸੇ ਵੀ ਫਰਨੀਚਰ ਜਾਂ ਹੋਰ ਸਮਾਨ ਨੂੰ ਨਹੀਂ ਛੇੜਿਆ। ਵਿਦਿਆਰਥੀਆਂ ਦੇ ਹੋਸਟਲਾਂ ਦੇ ਨੇੜੇ ਕਾਫੀ ਸਾਰਾ ਖਾਲੀ ਥਾਂ ਪਿਆ ਸੀ। ਉਨ੍ਹਾਂ ਸੋਚਿਆ ਕਿ ਜੇ ਇਥੇ ਜੰਗਲ ਉਗਾ ਦਿਤਾ ਜਾਵੇ ਤਾਂ ਇਹ ਚੰਗਾ ਲਗੇਗਾ । ਕੋਈ ਸਮਸਿਆ ਨਹੀਂ। ਉਨ੍ਹਾਂ ਵੱਡੇ ਵੱਡੇ ਟੋਏ ਪੁੱਟੇ ਅਤੇ ਇਨ੍ਹਾਂ ਵਿਚ ਕਾਫੀ ਵੱਡੇ ਚੀੜ ਅਤੇ ਦੇਵਦਾਰ ਦੇ ਦਰਖਤ ਲਿਆ ਕੇ ਰਖ ਦਿਤੇ। ਕੁਝ ਮਹੀਨਿਆਂ ਵਿਚ ਹੀ ਉਥੇ ਜੰਗਲ ਹੋ ਗਿਆ ਸੀ। ਇਕ ਮਹੀਨੇ ਮਗਰੋਂ ਹੀ ਦਰਖਤਾਂ ਵਿਚ ਪੰਛੀਆਂ ਨੇ ਆਲ੍ਹਣੇ ਪਾ ਲਏ ਸਨ। ਹੋਰ ਕਿਹੜੇ ਦੇਸ਼ ਦੇ ਲੋਕ ਇਸ ਤਰ੍ਹਾਂ ਕਰ ਸਕਦੇ ਹਨ?

*****

ਪ੍ਰਿੰਸਟਨ ਵਿਚ ਬਹੁਤ ਸਾਰੇ ਕੋਰਸ ਕੀਤੇ ਜਾ ਸਕਦੇ ਸਨ। ਕਿਉਂਕਿ ਬਿਜਨਸ ਮੈਨੇਜਮੈਂਟ ਅਤੇ ਕੰਪਿਊਟਰ ਮੇਰੇ ਮੁਖ ਵਿਸ਼ੇ ਹਨ, ਇਸ ਲਈ ਮੈਨੂੰ ਬਹੁਤ ਸਾਰੇ ਬਦਲ ਮਿਲ ਸਕਦੇ ਸਨ। ਮੈਂ ਆਪਣੇ ਹੋਰ ਵਿਸ਼ਿਆਂ ਵਿਚ ਕੌਮਾਂਤਰੀ ਮਾਮਲੇ ਅਤੇ ਧਰਮਾਂ ਦੀ ਤੁਲਨਾ ਸ਼ਾਮਲ ਕਰ ਲਏ। ਮੈਨੂੰ ਹਫਤੇ ਵਿਚ ਇਕ ਵਾਰ ਇਨ੍ਹਾਂ ਕਲਾਸਾਂ ਵਿਚ ਸ਼ਾਮਲ ਹੋਣਾ ਪੈਣਾ

ਸੀ। ਬਾਕੀ ਦੇ ਸਮੇਂ ਦੌਰਾਨ ਮੈਂ ਆਪਣੇ ਮੁਖ ਵਿਸ਼ਿਆਂ ਉਤੇ ਧਿਆਨ ਦੇ ਸਕਦਾ ਸਾਂ। ਯੂਨੀਵਰਸਿਟੀ ਵਿਚ ਦਾਖਲ ਹੋਣ ਤੋਂ ਕੁਝ ਮਹੀਨਿਆਂ ਵਿਚ ਹੀ ਮੇਰੇ ਕੁਝ ਚੰਗੇ ਦੋਸਤ ਬਣ ਗਏ ਸਨ। ਜਿਵੇਂ ਪਹਿਲੇ ਹੀ ਕਹਿ ਚੁਕਾ ਹਾਂ ਕਿ ਮੇਰੀ ਖੇਡਾਂ ਵਿਚ ਬਹੁਤੀ ਦਿਲਚਸਪੀ ਨਹੀਂ ਸੀ, ਪਰ ਮੇਰੇ ਅਮਰੀਕੀ ਦੋਸਤ ਮੇਰੇ ਵਿਚ ਇਹ ਦਿਲਚਸਪੀ ਪੈਦਾ ਕਰਨ ਲਈ ਬਜ਼ਿੱਦ ਸੀ। ਉਨ੍ਹਾਂ ਮੈਨੂੰ ਕਿਹਾ ਕਿ ਮੈਂ ਖੇਡਾਂ ਵਿਚ ਹਿੱਸਾ ਲਿਆ ਕਰਾਂ। ਮੈਂ ਉਨ੍ਹਾਂ ਦਾ ਕਿਹਾ ਮੰਨ ਲਿਆ ਅਤੇ ਟੈਨਿਸ ਖੇਡਣ ਦੀ ਕੋਸ਼ਿਸ਼ ਕੀਤੀ। ਪਹਿਲੀ ਖੇਡ ਤੋਂ ਬਾਅਦ ਹੀ ਜੋ ਕੁਝ ਵਾਪਰਿਆ ਉਸਨੇ ਮੇਰੀ ਜ਼ਿੰਦਗੀ ਦਾ ਸਾਰਾ ਰਸਤਾ ਹੀ ਬਦਲ ਕੇ ਰਖ ਦਿਤਾ।

ਟੈਨਿਸ ਦੇ ਮੈਦਾਨ ਵਿਚ ਕੁਝ ਪਸੀਨਾ ਵਹਾਉਣ ਤੋਂ ਬਾਅਦ ਮੈਂ ਹੋਰ ਮੁੰਡਿਆਂ ਦੇ ਨਾਲ ਹੀ ਨਹਾਉਣ ਚਲਾ ਗਿਆ। ਮੈਂ ਦੇਖਿਆ ਕਿ ਉਹ ਅਲਫ ਨੰਗੇ ਹੋ ਗਏ ਅਤੇ ਨਹਾਉਂਦੇ ਸਮੇਂ ਆਪੋ ਆਪਣੇ ਅੰਗਾਂ ਦੇ ਆਕਾਰ ਬਾਰੇ ਟਿੱਚਰਾਂ ਕਰਨ ਲਗੇ। ਮੈਂ ਉਸ ਤੋਂ ਪਹਿਲਾਂ ਕਦੇ ਵੀ ਕਿਸੇ ਸਾਹਮਣੇ ਨੰਗਾ ਨਹੀਂ ਸੀ ਹੋਇਆ। ਬੜੀ ਹਿਚਕਿਚਾਹਟ ਨਾਲ ਮੈਂ ਆਪਣੀ ਨਿੱਕਰ ਲਾਹੀ, ਆਪਣੇ ਲੱਕ ਦੁਆਲੇ ਤੌਲੀਆ ਲਪੇਟਿਆ ਅਤੇ ਫੁਹਾਰੇ ਦੇ ਹੇਠਾਂ ਖੜ੍ਹਾ ਹੋ ਗਿਆ।

ਇਕ ਮੁੰਡਾ ਉਚੀ ਆਵਾਜ਼ ਵਿਚ ਕਹਿਣ ਲਗਾ, ''ਬਲੇ ਬਲੇ, ਦੇਖੋ ਤਾਂ ਸਹੀ ਸੱਚੀ-ਮੁੱਚੀ ਦਾ ਹਿੰਦੂ ਲਿੰਗਮ।''

ਸਾਰਿਆਂ ਦਾ ਧਿਆਨ ਮੇਰੇ ਵਲ ਖਿਚਿਆ ਗਿਆ। ਉਥੇ ਜਿੰਨੇ ਵੀ ਮੁੰਡੇ ਹਾਜ਼ਰ ਸਨ, ਗੋਰੇ ਸਨ ਜਾ ਕਾਲੇ, ਉਨ੍ਹਾਂ ਸਭ ਨਾਲੋਂ ਮੇਰਾ ਲਿੰਗ ਵੱਡਾ ਸੀ।

''ਇਹਦੀ ਮਿਣਤੀ ਕਰਕੇ ਗਿਨੀਜ਼ ਬੁਕ ਆਫ ਰਿਕਾਰਡ ਨੂੰ ਭੇਜ ਦੇ। ਇਹ ਸੰਸਾਰ ਵਿਚ ਸਭ ਤੋਂ ਵੱਡਾ ਲਿੰਗ ਹੋਵੇਗਾ,'' ਇਕ ਬੰਦੇ ਨੇ ਸਲਾਹ ਦਿਤੀ।

ਇਕ ਹੋਰ ਪੁੱਛਣ ਲਗਾ, ''ਕਦੇ ਇਸਦੀ ਸਹੀ ਵਰਤੋਂ ਵੀ ਕੀਤੀ ਹੈ?''

ਮੈਨੂੰ ਪਤਾ ਸੀ ਕਿ ਉਹ ਕੀ ਪੁਛਣਾ ਚਾਹੁੰਦਾ ਹੈ, ਪਰ ਮੈਂ ਇਸ ਬੇਹੱਦ ਭੱਦੇ ਸੁਆਲ ਦਾ ਕੋਈ ਵੀ ਜੁਆਬ ਨਾ ਦਿੱਤਾ। ਛੇਤੀ ਹੀ ਮੇਰੇ ਸਰੀਰ ਬਾਰੇ ਸਭ ਨੂੰ ਪਤਾ ਲਗ ਗਿਆ। ਉਹ ਅਕਸਰ ਹੀ ਮੇਰੀ ਪਿੱਠ ਪਿਛੇ ਗੱਲਾਂ ਕਰਦੇ, ''ਸਾਰੀ ਯੂਨੀਵਰਸਿਟੀ ਵਿਚ ਇਹਦਾ ਅੰਗ ਸਭ ਤੋਂ ਵੱਡਾ ਹੈ।'' ਇਕ ਵਾਰੀ ਤਾਂ ਇਕ ਮੁੰਡੇ ਨੇ ਮੈਨੂੰ ਇਸ ਬਾਰੇ ਹਿੰਦੀ ਸ਼ਬਦ ਵੀ ਪੁਛਿਆ। ਜਦੋਂ ਮੈਂ ਦੱਸਿਆ ਤਾਂ ਉਸਨੂੰ ਇਹ ਬੜਾ ਅਜੀਬ ਜਿਹਾ ਲੱਗਾ। ਪਹਿਲਾ ਕਿਸੇ ਸਵੀਡਨ ਦੇ ਸ਼ਹਿਰ ਵਰਗਾ, ਦੂਜਾ ਕਿਸੀ ਕੁੜੀ ਦੇ ਨਾਂ ਵਰਗਾ। ਹੌਲੀ ਹੌਲੀ ਇਹ ਚਰਚਾ ਮੁੰਡਿਆਂ ਤੋਂ ਚਲ ਕੇ ਕੁੜੀਆਂ ਤਕ ਪਹੁੰਚ ਗਈ। ਮੈਂ ਨਹੀਂ ਸੀ ਚਾਹੁੰਦਾ ਕਿ ਇਸਦੀ ਯੂਨੀਵਰਸਿਟੀ ਵਿਚ ਚਰਚਾ ਹੋਵੇ। ਪਰ ਇਸਦਾ ਮੈਨੂੰ ਲਾਭ ਵੀ ਹੋਇਆ। ਕੁੜੀਆਂ ਵੀ ਉਹ ਕੁਝ ਦੇਖਣਾ ਚਾਹੁੰਦੀਆਂ ਸਨ ਜੋ ਕੁਝ ਉਨ੍ਹਾਂ ਦੇ ਮਰਦ ਮਿਤਰਾਂ ਨੇ ਵੇਖਿਆ ਸੀ।

ਹੁਣ ਮੇਰੀ ਕੁੜੀਆਂ ਨਾਲ ਵੀ ਦੋਸਤੀ ਹੋਣ ਲਗ ਪਈ। ਇਸਨੂੰ ਆਮ ਗੱਲ

ਸਮਝਿਆ ਜਾਂਦਾ ਸੀ, ਹਾਲਾਂਕਿ ਗੋਰੀਆਂ ਕੁੜੀਆਂ ਦੀ ਹਾਜ਼ਰੀ ਵਿਚ ਮੈਂ ਹਮੇਸ਼ਾ ਅੱਧਾ ਮਹਿਸੂਸ ਕਰਦਾ ਸਾਂ। ਫਿਰ ਅਚਾਨਕ ਹੀ ਮੇਰੀ ਮੁਲਾਕਾਤ ਜੈਸਿਕਾ ਮਜਾਰੋ ਨਾਲ ਹੋਈ। ਉਹ ਮੇਰੇ ਤੋਂ ਇਕ ਸਾਲ ਸੀਨੀਅਰ ਸੀ ਅਤੇ ਯੂਨੀਵਰਸਿਟੀ ਦੀ ਮੈਰਥਨ ਟੈਨਿਸ ਖਿਡਾਰਨ ਮੰਨੀ ਜਾਂਦੀ ਸੀ। ਇਕ ਸ਼ਾਮ ਜਦੋਂ ਮੈਂ ਆਪਣੀ ਖੇਡ ਮੁਕਾ ਬੈਠਾ ਤਾਂ ਮੈਂ ਦੇਖਿਆ ਕਿ ਨਾਲ ਵਾਲੇ ਮੈਦਾਨ ਵਿਚ ਉਹ ਆਪਣੇ ਕੋਚ ਨਾਲ ਖੇਡ ਰਹੀ ਸੀ। ਉਸ ਕੁੜੀ ਦੀ ਸਰੀਰਕ ਬਣਤਰ ਕਮਾਲ ਦੀ ਸੀ। ਲੰਬੀ, ਪਤਲੀ ਅਤੇ ਚਾਕਲੇਟ ਰੰਗਾ ਜੁਥਾ ਹੋਇਆ, ਵੱਡੀਆਂ ਛਾਤੀਆਂ, ਭੀੜੀ ਕਮਰ ਅਤੇ ਭਰਵੇਂ ਪੁੜੇ। ਨਾਲ ਹੀ ਲੰਬੀਆਂ ਆਥਲੀਟਾਂ ਵਾਲੀਆਂ ਲੱਤਾਂ। ਉਹ ਚੀਤੇ ਵਾਂਗ ਗਰਾਊਂਡ ਵਿਚ ਦੌੜਦੀ। ਮੈਂ ਖੁਲ੍ਹੇ ਮੂੰਹ ਨਾਲ ਉਹਦੇ ਵਲ ਪੜ੍ਹਾ ਵੇਖਦਾ ਰਿਹਾ। ਜਦੋਂ ਉਹਨੇ ਕੋਚ ਨਾਲ ਆਪਣੀ ਖੇਡ ਮੁਕਾ ਲਈ ਤਾਂ ਉਹ ਮੇਰੇ ਕੋਲ ਆਈ ਤੇ ਪੁਛਣ ਲਗੀ, ''ਮੇਰੇ ਨਾਲ ਖੇਡਣਾ ਚਾਹੇਂਗਾ?''

ਮੈਂ ਜਵਾਬ ਦਿਤਾ, ''ਮੈਂ ਤਾਂ ਸਿਖਾਂਦਰੂ ਹਾਂ, ਮੈਂ ਕੁਝ ਦਿਨ ਪਹਿਲਾਂ ਹੀ ਖੇਡਣਾ ਸ਼ੁਰੂ ਕੀਤਾ ਹੈ।''

ਉਹਨੇ ਮੇਰਾ ਹੱਥ ਫੜਿਆ ਤੇ ਖਿੱਚ ਕੇ ਮੈਨੂੰ ਖੜ੍ਹਾ ਕਰ ਲਿਆ, ''ਕੋਈ ਗੱਲ ਨਹੀਂ, ਮੈਂ ਤੈਨੂੰ ਸਿਖਾ ਦਿਆਂਗੀ।''

ਮੈਂ ਇਸ ਖੇਡ ਵਿਚ ਮੂਰਖ ਬਣ ਗਿਆ। ਉਹ ਮੈਦਾਨ ਦੇ ਕੇਂਦਰ ਵਿਚ ਖੜੀ ਰਹੀ ਅਤੇ ਗੇਂਦ ਨੂੰ ਬਹੁਤ ਹਲਕੇ ਜਿਹੇ ਢੰਗ ਨਾਲ ਕਦੇ ਇਕ ਪਾਸੇ ਕਦੇ ਦੂਜੇ ਪਾਸੇ ਸੁਟਦੀ ਸੀ। ਦੌੜ ਦੌੜ ਕੇ ਮੇਰਾ ਸਾਹ ਫੁੱਲਣ ਲਗਾ। ਉਸ ਮੈਨੂੰ ਵਿਸ਼ਵਾਸ ਦਿਵਾਇਆ, ''ਜੇ ਤੂੰ ਕੁਝ ਦਿਨ ਲਗਾਤਾਰ ਮੇਰੇ ਨਾਲ ਖੇਡਦਾ ਰਹੇਂ ਤਾਂ ਛੇਤੀ ਹੀ ਚੰਗਾ ਖੇਡਣ ਲਗ ਜਾਵੇਂਗਾ, ਇਹਦੇ ਵਿਚ ਬਹੁਤੀ ਔਖ ਨਹੀਂ ਹੋਣ ਲਗੀ।'' ਅਸਾਂ ਇਕ ਦੂਜੇ ਨਾਲ ਵਾਕਫੀ ਕੀਤੀ ਅਤੇ ਉਹਨੇ ਵਾਅਦਾ ਕੀਤਾ ਕਿ ਹਰ ਰੋਜ਼ ਮੈਨੂੰ ਮਿਲਿਆ ਕਰੇਗੀ। ਮੈਂ ਹੁਣ ਰੋਜ਼ ਹੀ ਉਸ ਤੋਂ ਕੁਝ ਮਿੰਟਾਂ ਦੀ ਕੋਚਿੰਗ ਲੈਂਦਾ। ਅਸੀਂ ਦੋਸਤ ਬਣ ਗਏ। ਜੈਸਿਕਾ ਵੀ ਮੇਰੀ ਪੱਕੀ ਸਹੇਲੀ ਬਣ ਗਈ। ਹਰ ਸ਼ਾਮ ਹੀ ਟੈਨਿਸ ਖੇਡਣ ਤੋਂ ਬਾਅਦ ਅਸੀਂ ਖਾਣਾ ਖਾਂਦੇ ਅਤੇ ਫਿਰ ਘੁੰਮਣ ਚਲੇ ਜਾਂਦੇ। ਸਿਨੇਮਾ ਵੇਖਦੇ ਹੋਏ ਅਸੀਂ ਹੱਥ ਫੜ ਲੈਂਦੇ। ਸ਼ੁਭ ਰਾਤਰੀ ਕਹਿੰਦੇ ਹੋਏ ਪਹਿਲਾਂ ਅਸੀਂ ਗੱਲ੍ਹਾਂ ਉਤੇ ਚੁੰਮਣਾ ਸ਼ੁਰੂ ਕੀਤਾ, ਫਿਰ ਬੁਲ੍ਹਾਂ ਉਤੇ ਚੁੰਮਣ ਲਗੇ ਅਤੇ ਅਖੀਰ ਵਿਚ ਭਰਮੇਂ ਚੁੰਮਣ ਲੈਣ ਲਗੇ। ਉਹ ਆਪਣੀ ਜੀਭ ਨੂੰ ਮੇਰੇ ਮੂੰਹ ਵਿਚ ਘੁੰਮਾਉਂਦੀ। ਉਹਨੂੰ ਇਹ ਪਤਾ ਲਗ ਗਿਆ ਸੀ ਕਿ ਮੇਰੇ ਵਿਚ ਅੱਗੇ ਵਧਣ ਦੀ ਹਿੰਮਤ ਨਹੀਂ ਹੈ, ਇਸ ਲਈ ਉਹਨੇ ਖੁਦ ਹੀ ਪਹਿਲ ਕਰਨ ਦਾ ਫ਼ੈਸਲਾ ਕਰ ਲਿਆ। ਉਹਨੇ ਮੈਨੂੰ ਆਪਣੇ ਕਮਰੇ ਵਿਚ ਘੁੱਟ ਪੀਣ ਲਈ ਸੱਦਿਆ। ਹੁਣ ਮੈਂ ਕਦੇ ਕਦੇ ਬੀਅਰ ਦਾ ਇਕ ਗਿਲਾਸ ਪੀਣ ਲਗ ਪਿਆ ਸਾਂ। ਮੈਂ ਉਹਦੇ ਕਮਰੇ ਵਿਚ ਗਿਆ, ਉਹਨੇ ਮੇਰਾ ਸਵਾਗਤ ਬਹੁਤ ਹੀ ਭਰਮੇਂ ਚੁੰਮਣ ਨਾਲ ਕੀਤਾ। ਮੈਂ ਜੋਸ਼ ਵਿਚ ਆ ਗਿਆ ਅਤੇ ਕਿਹਾ, ''ਜੈਸਿਕਾ ਤੇਰਾ ਸਰੀਰ ਬਹੁਤ ਹੀ ਖੁਬਸੂਰਤ ਹੈ। ਹੁਣ ਤਕ

ਜਿੰਨੀਆਂ ਵੀ ਔਰਤਾਂ ਮੈਂ ਵੇਖੀਆਂ ਹਨ ਉਨ੍ਹਾਂ ਵਿਚੋਂ ਸਭ ਤੋਂ ਵਧੀਆ।''

''ਦੇਖਣਾ ਚਾਹੇਂਗਾ ਕਿ ਮੈਂ ਸੱਚਮੁਚ ਕਿਸ ਤਰ੍ਹਾਂ ਦੀ ਹਾਂ?'' ਉਹਨੇ ਪੁਛਿਆ ਤੇ ਜਵਾਬ ਦੀ ਉਡੀਕ ਕੀਤੇ ਬਿਨਾਂ ਉਹਨੇ ਆਪਣੇ ਸਕਰਟ ਤੇ ਬਲਾਊਜ਼ ਲਾਹ ਦਿਤੇ। ਇਸ ਤੋਂ ਪਹਿਲਾਂ ਮੈਂ ਕਦੇ ਵੀ ਕੋਈ ਨੰਗੀ ਔਰਤ ਨਹੀਂ ਸੀ ਦੇਖੀ। ਹਕੀਕੀ ਤੌਰ ਤੇ ਉਹ ਸੱਚਮੁਚ ਖ਼ੂਬਸੂਰਤ ਸੀ। ਉਹਦੇ ਕਾਲੇ ਰੰਗ ਦੇ ਘੁੰਗਰਾਲੇ ਵਾਲ, ਬੋਲਦੀਆਂ ਅੱਖਾਂ, ਅਤੇ ਭਰਵੀਂਆਂ ਛਾਤੀਆਂ ਸਨ ਜਿਨ੍ਹਾਂ ਦੇ ਵੱਡੇ ਕਾਲੇ ਨਿੱਪਲ ਸਨ। ਲੱਕ ਤੋਂ ਹੇਠਾਂ ਦੇਖਣ ਦੀ ਮੈਂ ਹਿੰਮਤ ਨਹੀਂ ਸੀ ਕਰ ਸਕਿਆ। ਉਹਨੇ ਮੇਰੀ ਪਰੇਸ਼ਾਨੀ ਮਹਿਸੂਸ ਕਰਦੇ ਹੋਏ ਪੁਛਿਆ, ''ਪਹਿਲਾਂ ਕਦੇ ਕੋਈ ਨੰਗੀ ਔਰਤ ਨਹੀਂ ਵੇਖੀ?''

ਮੈਂ ਜਵਾਬ ਦਿਤਾ, ''ਕਦੇ ਨਹੀਂ, ਤੂੰ ਪਹਿਲੀ ਹੈਂ।''

''ਆਪਣੇ ਕੱਪੜੇ ਲਾਹ ਦੇ'', ਉਹਨੇ ਹੁਕਮ ਦਿਤਾ ਅਤੇ ਨਾਲ ਹੀ ਚਲ ਕੇ ਮੇਰੇ ਕੋਲ ਆ ਗਈ। ਉਹਦੀਆਂ ਛਾਤੀਆਂ ਛਲਕ ਰਹੀਆਂ ਸਨ, ਮੈਂ ਉਹਦਾ ਕਹਿਣ ਮੰਨ ਕੇ ਆਪਣੇ ਕਪੜੇ ਲਾਹ ਦਿੱਤੇ।

ਉਹ ਚੀਕੀ, ''ਉਏ ਹੋਏ ਕਮਾਲ ਹੈ, ਇਹ ਸਮਾਨ ਕਿਥੋਂ ਖਰੀਦਿਆ ਹੈ? ਕਾਲੇ ਮੁੰਡਿਆਂ ਦੇ ਅੰਗ, ਗੋਰਿਆਂ ਨਾਲੋਂ ਵੱਡੇ ਹਨ, ਪਰ ਏਡਾ ਤਾਂ ਮੈਂ ਕਿਤੇ ਨਹੀਂ ਦੇਖਿਆ। ਕੀ ਸਾਰੇ ਹਿੰਦੂ ਇਸੇ ਤਰ੍ਹਾਂ ਹੁੰਦੇ ਹਨ?''

''ਮੈਨੂੰ ਕੁਝ ਨਹੀਂ ਪਤਾ।''

ਉਹਨੇ ਆਪਣੇ ਦੋਹਾਂ ਹੱਥਾਂ ਦੀ ਵਰਤੋਂ ਕੀਤੀ ਤੇ ਕਹਿਣ ਲਗੀ, ''ਬੱਚੇ, ਤੂੰ ਹਾਲੇ ਤਕ ਕੁਆਰਾ ਹੈਂ?''

ਮੈਂ ਕਿਹਾ, ''ਮੈਂ ਆਦਮੀ ਹਾਂ, ਸਿਰਫ ਕੁੜੀਆਂ ਹੀ ਕੁਆਰੀਆਂ ਹੁੰਦੀਆਂ ਹਨ।''

ਉਹ ਹੱਸੀ, ''ਬੱਚੇ, ਜੇ ਤੂੰ ਹਾਲੇ ਤਕ ਕੋਈ ਕੁੜੀ ਨਾਲ ਨਹੀਂ ਸੁੱਤਾ ਤਾਂ ਤੂੰ ਕੁਆਰਾ ਹੀ ਹੈਂ, ਹੁਣੇ ਇਸਦਾ ਇੰਤਜ਼ਾਮ ਕਰਦੇ ਹਾਂ।''

ਉਹ ਮੈਨੂੰ ਆਪਣੇ ਬਿਸਤਰੇ ਤਕ ਲੈ ਗਈ। ਮੈਨੂੰ ਆਪਣੇ ਉਪਰ ਸੁਟਿਆ ਅਤੇ ਮੇਰੀ ਮਦਦ ਕੀਤੀ। ਖ਼ੁਸ਼ੀ ਨਾਲ ਹੀ ਮੈਨੂੰ ਚੱਕਰ ਆਉਣ ਲਗੇ, ਤੇ ਸਾਹ ਚੜ੍ਹ ਗਿਆ। ਉਹ ਵੀ ਖ਼ੁਸ਼ੀ ਨਾਲ ਚਹਿਚਹਾਈ। ਮੈਂ ਆਪਣੇ ਉਪਰ ਕੰਟਰੋਲ ਨਾ ਕਰ ਸਕਿਆ। ਮੇਰਾ ਇਹ ਪਹਿਲਾ ਤਜਰਬਾ ਸੀ ਅਤੇ ਮੈਂ ਛੇਤੀ ਹੀ ਖਲਾਸ ਹੋ ਗਿਆ ਸਾਂ। ਮੈਂ ਕਦੇ ਇਹ ਕਲਪਨਾ ਵੀ ਨਹੀਂ ਸੀ ਕੀਤੀ ਕਿ ਸਹਿਵਾਸ ਇੰਨਾ ਆਨੰਦ ਦਾਇਕ ਹੁੰਦਾ ਹੈ। ਕਦੀ ਕਦੀ ਮੈਨੂੰ ਲਗਦਾ ਸੀ ਕਿ ਮੈਨੂੰ ਕੁਝ ਹੋਰ ਟਿਕਣਾ ਚਾਹੀਦਾ ਸੀ।

ਉਹਨੇ ਮੈਨੂੰ ਤਸੱਲੀ ਦਿਤੀ, ''ਚਿੰਤਾ ਨਾ ਕਰੀਂ, ਪਹਿਲੀ ਵਾਰੀ ਹੀ ਇਦਾਂ ਹੁੰਦਾ ਹੈ, ਪਰ ਮਾਮਲਾ ਖਤਮ ਨਹੀਂ ਹੋਇਆ।''

''ਨਹੀਂ।'' ਮੈਂ ਉਚੀ ਉਚੀ ਸਾਹ ਲਿਆ ਅਤੇ ਆਪਣਾ ਚਿਹਰਾ ਉਹਦੀਆਂ

ਛਾਤੀਆਂ ਵਿਚ ਰਖ ਦਿਤਾ। ਛੇਤੀ ਹੀ ਮੈਂ ਆਪਣੇ ਸਰੀਰ ਵਿਚ ਚੁਸਤੀ ਮਹਿਸੂਸ ਕੀਤੀ ਅਤੇ ਮੈਂ ਭੁੱਖਿਆਂ ਵਾਂਗ ਉਸਨੂੰ ਟੁੱਟ ਕੇ ਪੈ ਗਿਆ। ਮੈਂ ਵਾਰ ਵਾਰ ਇਸ ਅਮਲ ਨੂੰ ਦੁਹਰਾਉਣਾ ਚਾਹੁੰਦਾ ਸਾਂ, ਜਦੋਂ ਤਕ ਇਸ ਨਾਲ ਮੇਰੀ ਜਾਨ ਨਾ ਨਿਕਲ ਜਾਵੇ ਮੈਂ ਇਸੇ ਤਰ੍ਹਾਂ ਕਰਦਾ ਰਿਹਾ।

ਮੁੰਡਿਆਂ ਨੂੰ ਰਾਤ 9 ਵਜੇ ਤੋਂ ਬਾਅਦ ਕੁੜੀਆਂ ਦੇ ਹੋਸਟਲਾਂ ਵਿਚ ਨਹੀਂ ਸੀ ਰਹਿਣ ਦਿਤਾ ਜਾਂਦਾ। ਇਸ ਸਮੇਂ ਤੋਂ ਬਾਅਦ ਫੜੇ ਜਾਣ ਦੇ ਗੰਭੀਰ ਸਿੱਟੇ ਨਿਕਲ ਸਕਦੇ ਸਨ ਪਰ ਅਸਾਂ ਕੋਈ ਪਰਵਾਹ ਨਾ ਕੀਤੀ। ਅਸੀਂ ਸਾਰੀ ਰਾਤ ਇਕਠੇ ਪਏ ਰਹੇ। ਅਸੀਂ ਚਾਰ ਵਾਰੀ ਪਿਆਰ ਕੀਤਾ ਅਤੇ ਫਿਰ ਢਹਿ ਢੇਰੀ ਹੋ ਗਏ। ਅਗਲੀ ਸਵੇਰੇ ਮੈਂ ਕਿਤਾਬਾਂ ਚੁੱਕ ਕੇ ਉਸਦੇ ਕਮਰੇ ਵਿਚੋਂ ਬਾਹਰ ਨਿਕਲਿਆ ਤਾਂ ਕਿ ਕੁੜੀਆਂ ਦੇ ਹੋਸਟਲ ਵਿਚ ਰਹਿਣ ਦੇ ਸਵਾਲ ਦਾ ਜਵਾਬ ਦੇ ਸਕਾਂ। ਮੈਂ ਮੋਹਨ ਕੁਮਾਰ, ਉਮਰ 20 ਸਾਲ, ਨੇ ਆਪਣਾ ਕੁਆਰਪੁਣਾ ਇਸ ਤਰ੍ਹਾਂ ਭੰਗ ਕੀਤਾ।

ਉਹ ਬੜੇ ਕਮਾਲ ਦੇ ਦਿਨ ਸਨ। ਮੇਰਾ ਮਨ ਜੈਸਿਕਾ ਤੋਂ ਨਹੀਂ ਸੀ ਭਰਦਾ, ਜੈਸਿਕਾ ਦਾ ਮੇਰੇ ਬਿਨਾ ਗੁਜ਼ਾਰਾ ਨਹੀਂ ਸੀ। ਇਹ ਸ਼ਾਦੀ ਤੋਂ ਬਿਨਾਂ ਹਨੀਮੂਨ ਵਰਗਾ ਮਾਹੌਲ ਸੀ। ਕਲਾਸ ਤੋਂ ਬਾਹਰ ਅਸੀਂ ਸਭ ਦੇ ਸਾਹਮਣੇ ਹੱਥ ਵਿਚ ਹਥ ਪਾਈ ਬਾਹਰ ਨਿਕਲਦੇ, ਤਾਂ ਕਿ ਲੋਕਾਂ ਨੂੰ ਪਤਾ ਲਗ ਸਕੇ ਕਿ ਸਾਡੇ ਸਬੰਧ ਸਥਾਈ ਹਨ। ਹਫਤੇ ਦੇ ਅੰਤ ਵਿਚ ਛੁੱਟੀਆਂ ਦੇ ਦਿਨੀਂ ਅਸੀਂ ਬੱਸ ਰਾਹੀਂ ਨਿਊਯਾਰਕ ਜਾਂਦੇ ਅਤੇ ਭਾਰਤੀ ਰੇਸਤਰਾਵਾਂ ਵਿਚ ਖਾਣਾ ਖਾਂਦੇ। ਵਾਪਸੀ ਉਤੇ ਅਸੀਂ ਟਰੰਟਨ ਰੁਕਦੇ ਜਿਥੇ ਉਹਦੇ ਮਾਪੇ ਰਹਿੰਦੇ ਸਨ। ਕੁਝ ਘੰਟੇ ਉਨ੍ਹਾਂ ਨਾਲ ਬਿਤਾਉਂਦੇ। ਉਹ ਦੋਵੇਂ ਹੀ ਹਾਈ ਸਕੂਲ਼ ਵਿਚ ਅਧਿਆਪਕ ਸਨ ਅਤੇ ਨਸਲੀ ਬਰਾਬਰੀ ਦੇ ਅੰਦੋਲਨ ਨਾਲ ਜੁੜੇ ਹੋਏ ਸਨ। ਉਨ੍ਹਾਂ ਦੀ ਇੱਛਾ ਸੀ ਕਿ ਜੈਸਿਕਾ ਕਿਸੇ ਕਾਲੇ ਮੁੰਡੇ ਨਾਲ ਦੋਸਤੀ ਕਰੇ। ਇਹ ਦੇਖ ਕੇ ਉਨ੍ਹਾਂ ਨੂੰ ਰਤਾ ਕੁ ਤਸੱਲੀ ਸੀ ਕਿ ਮੈਂ ਗੋਰਾ ਨਹੀਂ, ਸਗੋਂ ਭੂਰੇ ਰੰਗ ਦਾ ਸਾਂ।

ਜਦੋਂ ਅਸੀਂ ਜੰਗਲਾਂ ਵਿਚ ਸੈਰ ਕਰਨ ਲਈ ਜਾਂਦੇ ਤਾਂ ਜੈਸਿਕਾ ਮੈਨੂੰ ਅਮਰੀਕਾ ਬਾਰੇ ਬਹੁਤ ਸਾਰੀਆਂ ਗੱਲਾਂ ਦੱਸਦੀ। ਉਸ ਮੈਨੂੰ ਉਹ ਮਕਾਨ ਵਿਖਾਇਆ ਜਿਥੇ ਅਨਸਟਾਈਨ ਰਿਹਾ ਕਰਦਾ ਸੀ। ਉਹਨੇ ਮੈਨੂੰ ਦਰਖਤਾਂ ਤੇ ਪੰਛੀਆਂ ਦੇ ਨਾਂ ਦਸੇ। ਜਦੋਂ ਅਸੀਂ ਬਾਰ ਵਿਚ ਬੈਠੇ ਬੀਅਰ ਪੀ ਰਹੇ ਹੁੰਦੇ ਤਾਂ ਉਹ ਮੈਨੂੰ ਮਾਰਟੇਨ ਲੂਥਰ ਕਿੰਗ ਅਤੇ ਮੈਲਕਮ ਐਕਸ ਦੇ ਨਾਲ ਨਾਲ ਹੋਰ ਕਾਲੇ ਮੁਸਲਮਾਨਾਂ ਬਾਰੇ ਦੱਸਦੀ। ਨਸਲੀ ਭਿੰਨ ਭੇਦ ਬਾਰੇ ਗੱਲਾਂ ਕਰਦੀ ਹੋਈ ਉਹ ਅਕਸਰ ਗੁੱਸੇ ਵਿਚ ਆ ਜਾਂਦੀ। ਉਹ ਖ਼ੁਦ ਵੀ ਕਈ ਵਾਰ ਇਸਦਾ ਸ਼ਿਕਾਰ ਹੋਈ ਸੀ। ਇਕ ਵਾਰ ਜਦੋਂ ਉਹ ਕਿਸੇ ਗੋਰੇ ਮੁੰਡੇ ਨਾਲ ਘੁੰਮ ਰਹੀ ਸੀ ਤਾਂ ਗੋਰੇ ਮੁੰਡਿਆਂ ਨੇ ਨਾ ਸਿਰਫ ਉਸ ਮੁੰਡੇ ਨੂੰ ਗਾਲ੍ਹ ਹੀ ਕੱਢੀ ਸੀ, ਸਗੋਂ ਕੁਟਮਾਰ ਵੀ ਕੀਤੀ ਸੀ। ਕੋਈ ਵੀ ਉਸਨੂੰ ਬਚਾਉਣ ਲਈ ਨਹੀਂ ਸੀ ਆਇਆ। ਮੈਂ ਉਹਦਾ ਹੱਥ ਥਪਥਪਾਉਂਦੇ ਹੋਏ ਕਿਹਾ, "ਸਭ ਤੋਂ

ਵਧੀਆ ਗੱਲ ਇਹੀ ਹੈ ਕਿ ਐਸੇ ਮੁੰਡੇ ਨਾਲ ਦੋਸਤੀ ਕਰੋ ਜਿਹੜਾ ਨਾ ਗੋਰਾ ਹੈ ਨਾ ਕਾਲਾ।' ਉਹ ਇਸ ਸੰਸਾਰ ਨਾਲ ਬਹੁਤ ਗੁੱਸੇ ਵਿਚ ਸੀ ਅਤੇ ਉਹਨੇ ਮੇਰੀ ਗੱਲ ਦਾ ਕੋਈ ਜਵਾਬ ਨਾ ਦਿਤਾ।

ਇਸ ਤਰ੍ਹਾਂ ਅਮਰੀਕਾ ਵਿਚ ਮੇਰੀਆਂ ਪਹਿਲੀਆਂ ਸਰਦੀਆਂ ਬੀਤੀਆਂ। ਮੈਂ ਅਤੇ ਜੈਸਿਕਾ ਬਰਫ ਭਰੇ ਰਸਤਿਆਂ ਉਤੋਂ ਦੀ ਲੰਘਦੇ। ਜਦੋਂ ਬਰਫ ਪਿਘਲਦੀ ਤਾਂ ਅਸੀਂ ਦਰਖਤਾਂ ਦੀਆਂ ਟਾਹਣੀਆਂ ਤੇ ਨਿਕਲਦੇ ਹਰੇ ਹਰੇ ਨਿਕੇ ਪਤਿਆਂ ਨੂੰ ਵੇਖਦੇ। ਅਸੀਂ ਲਾਲ ਅਤੇ ਭੂਰੀਆਂ ਗਲਿਹਰੀਆਂ ਨੂੰ ਮੂੰਗਫਲੀ ਖਿਲਾਉਂਦੇ ਅਤੇ ਯੂਨੀਵਰਸਿਟੀ ਦੇ ਘਾਹ ਦੇ ਮੈਦਾਨਾਂ ਵਿਚ ਫੁਲਾਂ ਨੂੰ ਖਿੜਿਆ ਵੇਖਦੇ।

ਮੇਰਾ ਵਿਚਾਰ ਸੀ ਕਿ ਜਿੰਨੀ ਦੇਰ ਤਕ ਮੈਂ ਅਮਰੀਕਾ ਵਿਚ ਰਹਾਂਗਾ, ਜੈਸਿਕਾ ਨਾਲ ਮੇਰੀ ਦੋਸਤੀ ਕਾਇਮ ਰਹੇਗੀ। ਪਰ ਇਹ ਦੋਸਤੀ ਬਹਾਰ ਦੇ ਮੌਸਮ ਤਕ ਹੀ ਚਲੀ। ਜਿਉਂ ਹੀ ਦਰਖਤਾਂ ਉਤੇ ਫੁਲ ਆਉਣੇ ਸ਼ੁਰੂ ਹੋਏ, ਸਾਡੇ ਸਬੰਧ ਖਰਾਬ ਹੋਣੇ ਸ਼ੁਰੂ ਹੋ ਗਏ। ਮੈਂ ਵੇਖਿਆ ਕਿ ਜੈਸਿਕਾ ਉਹ ਛੋਟੀਆਂ ਛੋਟੀਆਂ ਗੱਲਾਂ ਉਤੇ ਮੇਰੇ ਨਾਲ ਔਖੀ ਹੋਣ ਲੱਗੀ। ਇਕ ਵਾਰ ਮੈਂ ਉਸਨੂੰ ਆਪਣਾ ਟੈਨਿਸ ਮੈਚ ਦੇਖਣ ਲਈ ਸੱਦਿਆ। ਇਸ ਮੈਚ ਤੋਂ ਬਾਅਦ ਖਾਣਾ ਅਤੇ ਨ੍ਰਿਤ ਵੀ ਹੋਣਾ ਸੀ ਜਿਸਦੀਆਂ ਮੈਂ ਦੋ ਟਿਕਟਾਂ ਖਰੀਦੀਆਂ ਹੋਈਆਂ ਸਨ। ਉਹਨੇ ਮੇਰੇ ਸੱਦੇ ਨੂੰ ਰੱਦ ਕਰ ਦਿਤਾ। ਮੈਂ ਦੁਖੀ ਮਹਿਸੂਸ ਹੋਇਆ। ਜਦ ਮੈਂ ਉਸਨੂੰ ਇਹ ਗੱਲ ਦੱਸੀ ਤਾਂ ਉਹ ਕਹਿਣ ਲੱਗੀ, ''ਤੁਸੀਂ ਪੂਰਬੀ ਲੋਕ ਔਰਤਾਂ ਬਾਰੇ ਬੜੀ ਕਬਜ਼ੇ ਦੀ ਭਾਵਨਾ ਰਖਦੇ ਹੋ, ਮੈਂ ਤੇਰੀ ਜਾਇਦਾਦ ਨਹੀਂ, ਮੈਂ ਤੇਰੀ ਬੀਵੀ ਨਹੀਂ।''

ਅਸੀਂ ਦੂਰ ਹੋਣ ਲਗ ਪਏ। ਕੁਝ ਦਿਨਾਂ ਬਾਅਦ ਅਸੀਂ ਮਿਲਣਾ ਵੀ ਬੰਦ ਕਰ ਦਿਤਾ। ਫਿਰ ਉਹ ਇਕ ਹੋਰ ਮੁੰਡੇ ਨਾਲ ਹਥ ਫੜ ਕੇ ਜਾਣ ਲੱਗੀ। ਮੇਰੇ ਦਿਲ ਵਿਚ ਈਰਖਾ ਦੀ ਜਲਨ ਮਹਿਸੂਸ ਹੋਈ। ਈਰਖਾ ਇਕ ਐਸੀ ਭਾਵਨਾ ਹੈ ਜਿਸਨੂੰ ਅਮਰੀਕੀ ਲੋਕ ਨਫਰਤ ਕਰਦੇ ਹਨ ਅਤੇ ਇਸਨੂੰ ਮੱਧਜੁਗੀ ਭਾਵਨਾ ਕਰਾਰ ਦਿੰਦੇ ਹਨ। ਜੇ ਤੁਹਾਡੀ ਇਕ ਨਾਲ ਟੁੱਟ ਜਾਂਦੀ ਹੈ ਤਾਂ ਦੂਜੇ ਨਾਲ ਕਰ ਲਓ, ਫਿਰ ਕਿਸੇ ਤੀਜੇ ਨਾਲ। ਪ੍ਰਿੰਸਟਨ ਵਿਚ ਬਹੁਤ ਕੁੜੀਆਂ ਸਨ। ਵੱਡੇ ਕਦ ਦੀਆਂ ਖੂਬਸੂਰਤ, ਭੂਰੇ ਵਾਲਾਂ ਵਾਲੀਆਂ, ਭਰਮੀਆਂ ਛਾਤੀਆਂ ਵਾਲੀਆਂ, ਖੂਬਸੂਰਤ ਯਹੂਦੀ ਕੁੜੀਆਂ ਜਿਨ੍ਹਾਂ ਦੇ ਕਾਲੇ ਘੁੰਗਰਾਲੇ ਵਾਲ ਅਤੇ ਪੂਰਬੀ ਔਰਤਾਂ ਵਰਗੇ ਨਕਸ਼ ਸਨ। ਜਾਂ ਫਿਰ ਯੂਰਪੀ ਕੁੜੀਆਂ ਸਨ ਅਤੇ ਮੈਕਸੀਕੋ ਤੇ ਲਾਤੀਨੀ ਅਮਰੀਕਾ ਦੀਆਂ। ਬਹੁਤ ਸਾਰੀਆਂ ਮੇਰੇ ਨਾਲ ਦੋਸਤੀ ਕਰਨਾ ਚਾਹੁੰਦੀਆਂ ਸਨ। ਇਸ ਲਈ ਮੈਂ ਜੈਸਿਕਾ ਨੂੰ ਆਪਣੀ ਸੂਚੀ ਵਿਚੋਂ ਕੱਢ ਦਿੱਤਾ ਅਤੇ ਇਸ ਤਰ੍ਹਾਂ ਮਾਰ ਉਤੇ ਨਿਕਲਿਆ ਜਿਵੇਂ ਕਿ ਸਾਨ੍ਹ ਗਰਮੀ ਵਿਚ ਆਈਆਂ ਗਾਈਆਂ ਦੇ ਝੁੰਡ ਨੂੰ ਪੈ ਨਿਕਲਦਾ ਹੈ। ਅਗਲੀਆਂ ਗਰਮੀਆਂ ਤੇ ਬਹਾਰ ਦੀ ਰੁੱਤ ਵਿਚ ਮੈਂ ਕਿੰਨੀਆਂ ਔਰਤਾ ਨਾਲ ਸੁੱਤਾ, ਇਸਦਾ ਮੈਨੂੰ ਚੇਤਾ ਨਹੀਂ। ਹੁਣ ਤਾਂ ਮੈਨੂੰ ਉਨ੍ਹਾਂ ਦੇ ਨਾਂ ਵੀ ਭੁਲ ਗਏ ਹਨ। ਸਿਰਫ ਇਕ ਦਾ ਨਾਂ ਚੇਤੇ ਹੈ ਕਿਉਂਕਿ ਇਹ ਬੜਾ ਅਜੀਬ ਕਿਸਮ ਦਾ ਅਨੁਭਵ ਸੀ।

ਜਦੋਂ ਮੈਂ ਯਾਸਮੀਨ ਨੂੰ ਮਿਲਿਆ ਉਦੋਂ ਉਹ ਧਰਮ ਅਤੇ ਫਲਸਫਾ ਵਿਭਾਗ ਵਿਚ ਧਰਮਾਂ ਦੀ ਤੁਲਨਾ ਦੀਆਂ ਕਲਾਸਾਂ ਵਿਚ ਹਾਜ਼ਰ ਹੁੰਦੀ ਸੀ।

ਸਾਡੇ ਪ੍ਰੋਫੈਸਰ ਡਾਕਟਰ ਐਸ਼ਬੀ ਦੇ ਧਰਮ ਬਾਰੇ ਲੈਕਚਰ ਮੈਨੂੰ ਪਸੰਦ ਆਉਣ ਲਗੇ ਸਨ। ਉਸਦੀ ਕਲਾਸ ਵਿਚ ਵੱਖ ਵੱਖ ਗਰੁਪਾਂ ਦੇ ਵਿਦਿਆਰਥੀ ਸ਼ਾਮਲ ਸਨ। ਇਨ੍ਹਾਂ ਵਿਚ ਡਾਕਟਰੀ, ਸਾਹਿਤ, ਇੰਜੀਨੀਅਰਿੰਗ ਅਤੇ ਹੋਰ ਕਈ ਖੇਤਰਾਂ ਦੇ ਵਿਦਿਆਰਥੀ ਸ਼ੁਮਾਰ ਸਨ। 30 ਕੁ ਦੇ ਕਰੀਬ ਵਿਦਿਆਰਥੀਆਂ ਵਿਚੋਂ ਦੋ ਈਸਾਈ ਸੰਤਨੀਆਂ ਵੀ ਸਨ ਅਤੇ 40 ਤੋਂ ਰਤਾ ਘਟ ਉਮਰ ਦੀ ਸਲਵਾਰ ਕਮੀਜ਼ ਪਾਉਣ ਵਾਲੀ ਇਕ ਔਰਤ ਵੀ। ਉਹ ਬਹੁਤ ਸੋਨੇ ਦੇ ਗਹਿਣੇ ਪਾਉਂਦੀ ਤੇ ਸਦਾ ਭਾਰੀ ਮੇਕਅਪ ਕਰਕੇ ਰਖਦੀ। ਕਿਉਂਕਿ ਉਹ ਬਿੰਦੀ ਨਹੀਂ ਸੀ ਲਾਉਂਦੀ, ਇਸ ਕਰਕੇ ਮੈਂ ਅੰਦਾਜ਼ਾ ਲਾ ਲਿਆ ਕਿ ਉਹ ਮੁਸਲਮਾਨ ਹੋਵੇਗੀ। ਉਹ ਮੋਹਰਲੀ ਕਤਾਰ ਵਿਚ ਬੈਠਦੀ, ਮੈਂ ਸਦਾ ਆਖਰੀ ਕਤਾਰ ਵਿਚ। ਹਰ ਲੈਕਚਰ ਤੋਂ ਬਾਅਦ ਵਿਚਾਰ ਵਟਾਂਦਰਾ ਹੁੰਦਾ ਅਤੇ ਕੁਝ ਵਿਦਿਆਰਥੀ, ਜਿਨ੍ਹਾਂ ਵਿਚ ਪਹਿਲੀ ਕਤਾਰ ਵਾਲੀ ਮੁਸਲਮਾਨ ਔਰਤ ਜ਼ਰੂਰ ਸ਼ਾਮਲ ਹੁੰਦੀ, ਕੁਝ ਨਾ ਕੁਝ ਕਹਿੰਦੇ। ਮੈਂ ਇਸ ਬਹਿਸ ਵਿਚ ਕੋਈ ਹਿੱਸਾ ਨਾ ਲੈਂਦਾ ਕਿਉਂਕਿ ਮੈਨੂੰ ਕਿਸੇ ਵੀ ਧਰਮ ਬਾਰੇ ਕੋਈ ਜਾਣਕਾਰੀ ਨਹੀਂ ਸੀ।

ਡਾਕਟਰ ਐਸ਼ਬੀ ਨੇ ਸਾਨੂੰ ਸੰਸਾਰ ਦੇ ਵੱਡੇ ਧਰਮਾਂ ਬਾਰੇ ਜਾਣਕਾਰੀ ਦਿੱਤੀ। ਇਨ੍ਹਾਂ ਵਿਚ ਯਹੂਦੀਵਾਦ, ਜੈਨ ਧਰਮ, ਬੁਧ ਧਰਮ, ਜ਼ਰਤੁਸ਼ਤ ਮੱਤ, ਹਿੰਦੂ ਮੱਤ, ਈਸਾਈ ਅਤੇ ਇਸਲਾਮ ਧਰਮ ਸ਼ਾਮਲ ਸਨ। ਉਹ ਹਿੰਦੂ ਧਰਮ ਬਾਰੇ ਜੋ ਕੁਝ ਕਹਿੰਦਾ ਸੀ, ਉਸ ਵਿਚ ਮੇਰੀ ਖਾਸ ਦਿਲਚਸਪੀ ਹੁੰਦੀ ਸੀ। ਭਾਵੇਂ ਮੈਂ ਖੁਦ ਹਿੰਦੂ ਸਾਂ, ਫਿਰ ਵੀ ਮੈਨੂੰ ਕੁਝ ਹਿੰਦੂ ਦੇਵੀ ਦੇਵਤਿਆਂ ਦੇ ਨਾਵਾਂ ਅਤੇ ਗਾਇਤਰੀ ਮੰਤਰ ਤੋਂ ਇਲਾਵਾ ਆਪਣੇ ਧਰਮ ਬਾਰੇ ਕੁਝ ਵੀ ਪਤਾ ਨਹੀਂ ਸੀ। ਹਿੰਦੂ ਧਰਮ ਬਾਰੇ ਤਿੰਨ ਭਾਸ਼ਨ ਦਿੱਤੇ ਗਏ। ਡਾਕਟਰ ਐਸ਼ਬੀ ਨੇ ਸਾਡੇ ਚਾਰ ਵੇਦਾਂ, ਉਪਨਿਸ਼ਦਾਂ ਅਤੇ ਭਗਵਦ ਗੀਤਾ ਬਾਰੇ ਦੱਸਿਆ। ਉਹਨੇ ਕਈ ਹੋਰ ਵੀ ਧਾਰਮਿਕ ਗ੍ਰੰਥਾਂ ਦਾ ਜ਼ਿਕਰ ਕੀਤਾ ਸੀ, ਪਰ ਸਭ ਤੋਂ ਵੱਧ ਦਿਲਚਸਪੀ ਮੇਰੀ ਇਨ੍ਹਾਂ ਵਿਚ ਹੀ ਰਹੀ। ''ਰੱਬ ਦੀ ਕਿਸੇ ਵੀ ਰੂਪ ਵਿਚ ਭਗਤੀ ਕਰੋ, ਇਹੀ ਹਿੰਦੂ ਧਰਮ ਕਹਿੰਦਾ ਹੈ'', ਡਾਕਟਰ ਐਸ਼ਬੀ ਨੇ ਦੱਸਿਆ ਸੀ। ਉਸਦਾ ਕਹਿਣਾ ਸੀ, ''ਹਿੰਦੂਆਂ ਦਾ ਕੋਈ ਨਿਸ਼ਚਿਤ ਗ੍ਰੰਥ ਨਹੀਂ ਹੈ। ਕੋਈ ਬਾਈਬਲ ਜਾਂ ਕੁਰਾਨ ਨਹੀਂ। ਜੋ ਕੁਝ ਚੰਗਾ ਲਗਦਾ ਹੈ ਉਹੀ ਕੁਝ ਪੜ੍ਹੋ। ਆਪਣੇ ਅੰਦਰੋਂ ਸੱਚ ਦੀ ਤਲਾਸ਼ ਕਰੋ।'' ਉਸ ਇਹ ਵੀ ਦੱਸਿਆ ਕਿ ਗੀਤਾ ਦਾ ਇਹ

ਮਤਲਬ ਕਿੰਨਾ ਉਚਾ ਸੀ-''ਨਿਸ਼ਕਰਮਾਂ ਕਰਮਾਂ'' ਅਰਥਾਤ ਫਲ ਦੀ ਚਿੰਤਾ ਕੀਤੇ ਬਿਨਾ ਆਪਣੇ ਫਰਜ਼ ਨਿਭਾਓ। ਜਦੋਂ ਤੁਸੀਂ ਜ਼ਿੰਦਗੀ ਦੀ ਲੜਾਈ ਵਿਚ ਜੂਝੋ ਤਾਂ ਇਸ ਗੱਲ ਦੀ ਪਰਵਾਹ ਨਾ ਕਰੋ ਕਿ ਤੁਸੀਂ ਜਿੱਤਦੇ ਹੋ ਜਾਂ ਹਾਰਦੇ ਹੋ, ਤੁਹਾਨੂੰ ਖੁਸ਼ੀ ਮਿਲਦੀ ਹੈ ਜਾਂ ਦਰਦ। ਇਸਦੇ ਨਾਲ ਹੀ ਭਗਵਾਨ ਦਾ ਇਹ ਵੀ ਵਾਅਦਾ ਹੈ ਕਿ ਉਹ ਸੰਸਾਰ ਨੂੰ ਪਾਪਾਂ ਤੋਂ ਮੁਕਤ ਕਰਨ ਲਈ ਬਾਰ ਬਾਰ ਜਨਮ ਲਵੇਗਾ। ਹਿੰਦੂ ਧਰਮ ਵਿਚ ਕੋਈ ਇੱਕ ਪੈਗੰਬਰ ਨਹੀਂ ਹੈ, ਨਾ ਹੀ ਇਕ ਦੇਵਤਾ ਹੈ। ਕੋਈ ਵੀ ਬੰਦਾ ਆਪਣੀ ਪਸੰਦ ਦੇ ਦੇਵਤਾ ਨੂੰ ਚੁਣ ਕੇ ਉਸਦੀ ਭਗਤੀ ਕਰ ਸਕਦਾ ਹੈ। ਉਸਦੇ ਲੈਕਚਰ ਤੋਂ ਬਾਅਦ ਮੈਂ ਬੜਾ ਮਾਣ ਮਹਿਸੂਸ ਕੀਤਾ। ਮੈਂ ਚੀਖ ਕੇ ਕਹਿਣਾ ਚਾਹੁੰਦਾ ਸਾਂ, ''ਮੈਂ ਹਿੰਦੂ ਹਾਂ ਅਤੇ ਹਿੰਦੂ ਹੋਣ ਦਾ ਮੈਨੂੰ ਮਾਣ ਹੈ।''

ਪਹਿਲੀ ਕਤਾਰ ਵਿਚ ਬੈਠੀ ਉਹ ਔਰਤ ਮੇਰੇ ਜੋਸ਼ ਨੂੰ ਮੱਠਾ ਕਰ ਗਈ। ਉਹ ਇਕ ਲੰਬਾ ਸੁਆਲ ਪੁਛਣ ਲੱਗ ਪਈ। ਡਾਕਟਰ ਐਸ਼ਬੀ ਦਾ ਭਾਸ਼ਨ ਖਤਮ ਹੋਣ ਤੇ ਤੁਰੰਤ ਕਹਿਣ ਲਗੀ, ''ਪ੍ਰੋਫੈਸਰ, ਤੁਸੀਂ ਹਿੰਦੂ ਫਲਸਫੇ ਬਾਰੇ ਜੋ ਕੁਝ ਕਿਹਾ ਹੈ, ਉਹ ਸਭ ਠੀਕ ਹੈ, ਪਰ ਇਹ ਦੱਸੋ ਕਿ ਅੱਜ ਦੇ ਹਿੰਦੂ ਕਿਸੇ ਬਾਂਦਰ ਨੂੰ ਜਾਂ ਕਿਸੇ ਹਾਥੀ ਨੂੰ ਦੇਵਤਾ ਕਿਉਂ ਮੰਨ ਲੈਂਦੇ ਹਨ? ਉਹ ਦਰਖਤਾਂ ਸੱਪਾਂ ਤੇ ਦਰਿਆਵਾਂ ਦੀ ਪੂਜਾ ਕਰਦੇ ਹਨ। ਇਥੋਂ ਤਕ ਕਿ ਉਹ ਲਿੰਗਮ ਅਤੇ ਯੋਨੀ ਦੀ ਦੇਵੀ ਦੇਵਤਾ ਵਾਂਗ ਪੂਜਾ ਕਰਦੇ ਹਨ। ਉਨ੍ਹਾਂ ਦੇ ਮੰਦਰਾਂ ਉਤੇ ਗੰਦੇ ਬੁੱਤ ਬਣਾਏ ਹੋਏ ਹਨ। ਉਨ੍ਹਾਂ ਦੇ ਪਲੇਗ ਮਾਤਾ ਅਤੇ ਹੋਰ ਬੀਮਾਰੀਆਂ ਲਈ ਵੀ ਦੇਵਤਾ ਹਨ। ਉਨ੍ਹਾਂ ਲਈ ਸਭ ਤੋਂ ਵੱਧ ਪਸੰਦ ਕੀਤੇ ਜਾਂਦੇ ਕ੍ਰਿਸ਼ਨ ਨੇ ਸਭ ਤੋਂ ਪਹਿਲਾਂ ਚੋਰੀਆਂ ਕੀਤੀਆਂ। ਜਦੋਂ ਚੋਰੀ ਕਰਦਾ ਫੜਿਆ ਗਿਆ ਤਾਂ ਉਹਨੇ ਝੂਠ ਬੋਲਿਆ। ਉਹ ਨਹਾਉਂਦੀਆਂ ਹੋਈਆਂ ਕੁੜੀਆਂ ਦੇ ਕਪੜੇ ਚੋਰੀ ਕਰ ਲੈਂਦਾ ਸੀ ਤਾਂ ਕਿ ਉਨ੍ਹਾਂ ਨੂੰ ਨੰਗੀਆਂ ਦੇਖ ਸਕੇ। ਉਹਦੀਆਂ 1000 ਤੋਂ ਵੱਧ ਰਖੇਲਾਂ ਸਨ। ਉਹਦੀ ਜੀਵਨ ਭਰ ਦੀ ਸੰਗੀ ਉਸਦੀ ਪਤਨੀ ਨਹੀਂ, ਸਗੋਂ ਭੂਆ ਰਾਧਾ ਸੀ। ਸਾਰੇ ਸੰਸਾਰ ਵਿਚ ਹਿੰਦੂ ਹੀ ਇਕ ਐਸਾ ਧਰਮ ਹੈ ਜਿਹੜਾ ਇਸ ਧਰਮ ਨੂੰ ਮੰਨਣ ਵਾਲੇ ਇਕ ਵੱਡੇ ਹਿੱਸੇ ਨੂੰ ਜਨਮ ਕਾਰਨ ਹੀ ਅਛੂਤ ਕਰਾਰ ਦਿੰਦਾ ਹੈ। ਸਾਰੇ ਸੰਸਾਰ ਵਿਚ ਹਿੰਦੂ ਧਰਮ ਹੀ ਹੈ ਜਿਸਨੂੰ ਮੰਨਣ ਵਾਲੇ ਲੋਕ ਜਿਉਂਦੇ ਮਨੁਖਾਂ ਨੂੰ ਵੀ ਪੂਜਦੇ ਹਨ। ਮੈਨੂੰ ਪਤਾ ਲਗਾ ਹੈ ਕਿ 500 ਦੇ ਕਰੀਬ ਮਰਦ ਅਤੇ ਔਰਤਾਂ ਆਪਣੇ ਆਪ ਬਾਰੇ ਭਗਵਾਨ ਹੋਣ ਦਾ ਦਾਅਵਾ ਕਰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਗੰਗਾ ਵਿਚ ਡੁਬਕੀ ਲਾਉਣ ਨਾਲ ਉਨ੍ਹਾਂ ਦੇ ਸਾਰੇ ਪਾਪ ਮੁਕਤ ਹੋ ਜਾਂਦੇ ਹਨ। ਇਸ ਲਈ ਉਹ ਨਵੇਂ ਸਿਰੇ ਤੋਂ ਪਾਪ ਸ਼ੁਰੂ ਕਰ ਦਿੰਦੇ ਹਨ। ਇਸ ਵਿਸ਼ਵਾਸ ਦਾ ਕੀ ਆਧਾਰ ਹੈ ਕਿ ਮੌਤ ਤੋਂ ਬਾਅਦ ਉਹ ਫਿਰ ਜਨਮ ਲੈਂਦੇ ਹਨ ਅਤੇ ਅਗਲੇ ਜਨਮ ਵਿਚ ਉਨ੍ਹਾਂ ਕੀ ਬਣਨਾ ਹੈ ਜਿਸਦਾ ਨਿਰਭਰ ਇਸ ਜਨਮ ਦੇ ਕੰਮਾਂ ਉਤੇ ਕਰਦਾ ਹੈ? ਨਵੇਂ ਜਨਮ ਵਿਚ ਬੰਦਾ ਚੂਹੇ, ਬਿਲੀ, ਕੁਤੇ ਜਾਂ ਸੱਪ ਦੀ ਜੂਨ ਵਿਚ ਪੈ ਸਕਦਾ ਹੈ। ਅੱਜ ਦੇ ਹਿੰਦੂ ਇਨ੍ਹਾਂ ਗੱਲਾਂ ਵਿਚ ਵਿਸ਼ਵਾਸ ਰਖਦੇ ਹਨ, ਨਾ ਕਿ ਵੇਦਾਂ, ਉਪਨਿਸ਼ਦਾਂ ਅਤੇ ਗੀਤਾ ਦੀਆਂ ਮਹਾਨ ਸਿਖਿਆਵਾਂ ਵਿਚ। ਕੀ ਸਾਨੂੰ ਹਿੰਦੂ ਧਰਮ

ਦੇ ਇਨ੍ਹਾਂ ਪੱਖਾਂ ਦੀ ਜਾਂਚ ਨਹੀਂ ਕਰਨੀ ਚਾਹੀਦੀ?''

ਸਾਰੇ ਕਮਰੇ ਵਿੱਚ ਚੁਪ ਛਾ ਗਈ। ਉਸ ਔਰਤ ਨੇ ਇੰਨੇ ਜੋਸ਼ ਨਾਲ ਗੱਲ ਕੀਤੀ ਸੀ ਕਿ ਬਾਹਰਮੁਖੀ ਬਾਦਲੀਲ ਗੱਲਬਾਤ ਦਾ ਕੋਈ ਮੌਕਾ ਹੀ ਨਹੀਂ ਸੀ ਬਚਿਆ। ਡਾਕਟਰ ਐਸ਼ਬੀ ਨੇ ਮਾਹੌਲ ਨੂੰ ਫਿਰ ਅਕਾਦਮੁਕ ਪੱਧਰ ਤੇ ਲੈ ਆਂਦਾ। ਉਨ੍ਹਾਂ ਕਿਹਾ, ''ਇਸ ਤਰ੍ਹਾਂ ਦੀ ਗੱਲ ਹਰੇਕ ਧਰਮ ਬਾਰੇ ਕਹੀ ਜਾ ਸਕਦੀ ਹੈ। ਜੋ ਕੁਝ ਇਨ੍ਹਾਂ ਧਰਮਾਂ ਦੇ ਮੋਢੀਆਂ ਨੇ ਕਿਹਾ ਸੀ ਉਹ ਕੁਝ ਹੋਰ ਸੀ ਅਤੇ ਜੋ ਕੁਝ ਇਨ੍ਹਾਂ ਦੀਆਂ ਧਾਰਮਿਕ ਲਿਖਤਾਂ ਵਿਚ ਲਿਖਿਆ ਗਿਆ ਹੈ, ਉਹ ਸਭ ਪੈਸੇ ਲਈ ਕੀਤਾ ਗਿਆ ਹੈ ਪਰ ਅੱਜ ਉਸ ਦੀ ਵਿਆਖਿਆ ਬਹੁਤ ਉਲਟ ਤਰੀਕੇ ਨਾਲ ਕੀਤੀ ਜਾਂਦੀ ਹੈ। ਸਾਡਾ ਸਬੰਧ ਇਥੇ ਸਿਧਾਂਤ ਨਾਲ ਹੈ ਨਾ ਕਿ ਅਮਲ ਨਾਲ। ਮੁਸਲਮਾਨ ਮੂਰਤੀਆਂ ਦੀ ਵੀ ਪੂਜਾ ਦੀ ਨਿੰਦਾ ਕਰਦੇ ਹਨ, ਫਿਰ ਵੀ ਕਾਬਾ ਵਿਚ ਉਹ ਪੱਥਰ ਨੂੰ ਚੁੰਮਦੇ ਹਨ। ਲੱਖਾਂ ਹੀ ਲੋਕ ਆਪਣੇ ਸੰਤਾਂ ਦੀਆਂ ਕਬਰਾਂ ਉਤੇ ਪੂਜਾ ਕਰਦੇ ਹਨ।''

ਉਸ ਔਰਤ ਦਾ ਜਵਾਬ ਸੀ, ''ਮੁਸਲਮਾਨਾਂ ਬਾਰੇ ਮੈਂ ਦਸ ਸਕਦੀ ਹਾਂ।'' ਪਰ ਇਸ ਤੋਂ ਪਹਿਲਾਂ ਕਿ ਉਹ ਕੁਝ ਕਹਿ ਸਕੇ, ਕਲਾਸ ਦਾ ਸਮਾਂ ਖਤਮ ਹੋ ਗਿਆ।

ਕਲਾਸ ਰੂਮ ਤੋਂ ਬਾਹਰ ਜਾਂਦੇ ਹੋਏ ਡਾਕਟਰ ਐਸ਼ਬੀ ਨੇ ਕਿਹਾ, ''ਅਸੀਂ ਇਹ ਬਹਿਸ ਅਗਲੇ ਹਫਤੇ ਫਿਰ ਸ਼ੁਰੂ ਕਰਾਂਗੇ।''

ਮੈਂ ਗੁੱਸੇ ਨਾਲ ਭੜਕਿਆ ਹੋਇਆ ਸਾਂ, ਜਦੋਂ ਵਿਦਿਆਰਥੀ ਕਲਾਸ ਤੋਂ ਬਾਹਰ ਜਾ ਰਹੇ ਸਨ ਤਾਂ ਮੈਂ ਚੁਪ ਚੁਪੀਤੇ ਉਸ ਔਰਤ ਕੋਲ ਗਿਆ ਅਤੇ ਕਹਿਣ ਲਗਾ, ''ਮੈਡਮ, ਤੁਸੀਂ ਹਿੰਦੂਆਂ ਨੂੰ ਇੰਨੀ ਨਫਰਤ ਕਿਉਂ ਕਰਦੇ ਹੋ?''

ਉਹ ਹੈਰਾਨ ਰਹਿ ਗਈ ਅਤੇ ਕਹਿਣ ਲੱਗੀ, ''ਮੈਂ ਹਿੰਦੂਆਂ ਨੂੰ ਨਫਰਤ ਨਹੀਂ ਕਰਦੀ, ਮੈਂ ਕਿਸੇ ਨੂੰ ਵੀ ਨਫਰਤ ਨਹੀਂ ਕਰਦੀ।'' ਉਸਨੇ ਮੈਨੂੰ ਸਿਰ ਤੋਂ ਪੈਰਾਂ ਤਕ ਇੰਜ ਦੇਖਿਆ ਜਿਵੇਂ ਮੈਨੂੰ ਪਹਿਲੀ ਵਾਰ ਵੇਖ ਰਹੀ ਹੋਵੇ। ਖਬਰੇ ਉਸਨੂੰ ਪਤਾ ਹੀ ਨਹੀਂ ਸੀ ਲੱਗਾ ਕਿ ਮੈਂ ਭਾਰਤੀ ਹੋ ਸਕਦਾ ਹਾਂ। ਉਹ ਹੈਰਾਨ ਹੋਈ ਪੁਛਣ ਲਗੀ, ''ਕੀ ਤੂੰ ਭਾਰਤ ਦਾ ਕੋਈ ਹਿੰਦੂ ਹੈਂ?''

ਮੈਂ ਆਪਣੀ ਆਵਾਜ਼ ਵਿਚ ਸਖਤੀ ਵਰਤਦੇ ਹੋਏ ਜਵਾਬ ਦਿਤਾ, ''ਮੈਂ ਹਿੰਦੂ ਅਤੇ ਭਾਰਤੀ ਹਾਂ ਅਤੇ ਮੈਨੂੰ ਦੋਹਾਂ ਗੱਲਾਂ ਉਤੇ ਮਾਣ ਹੈ। ਮੈਂ ਬਾਂਦਰਾਂ, ਹਾਥੀਆਂ, ਸੱਪਾਂ, ਲਿੰਗਮ ਜਾਂ ਯੋਨੀ ਦੀ ਪੂਜਾ ਨਹੀਂ ਕਰਦਾ, ਮੇਰਾ ਧਰਮ ਸਿਰਫ ਇਕੋ ਹੈ ਅਤੇ ਉਹ ਹੈ ਅਹਿੰਸਾ।''

ਉਹਨੇ ਮਾਫੀ ਮੰਗ ਲਈ ਅਤੇ ਕਹਿਣ ਲਗੀ, ''ਜੇ ਤੇਰੀਆਂ ਭਾਵਨਾਵਾਂ ਨੂੰ ਸੱਟ ਲਗੀ ਹੈ ਤਾਂ ਮੈਂ ਮਾਫੀ ਚਾਹੁੰਦੀ ਹਾਂ। ਖਬਰੇ ਕਿਸੇ ਦਿਨ ਤੂੰ ਹੀ ਮੈਨੂੰ ਦੱਸੇਂ ਅਤੇ ਹਿੰਦੂ ਧਰਮ ਅਤੇ ਭਾਰਤ ਬਾਰੇ ਮੇਰੀਆਂ ਗਲਤਫਹਿਮੀਆਂ ਦੂਰ ਕਰੇਂ।'' ਉਹਨੇ ਦੋਸਤੀ ਦੇ ਸੰਕੇਤ ਵਜੋਂ ਆਪਣਾ ਹੱਥ ਬਾਹਰ ਕੱਢਿਆ। ਮੈਂ ਬਿਨਾਂ ਕਿਸੇ ਉਤਸ਼ਾਹ ਦੇ ਉਸ ਨਾਲ ਹਥ ਮਿਲਾਇਆ।

ਉਹ ਕਹਿਣ ਲਗੀ, ''ਮੇਰਾ ਨਾਂ ਯਾਸਮੀਨ ਵਾਂਚੂ ਹੈ, ਮੈਂ ਆਜ਼ਾਦ ਕਸ਼ਮੀਰ ਤੋਂ ਹਾਂ

ਅਤੇ ਰੀਡਰਸ਼ਿਪ ਗਰਾਂਟ ਉਤੇ ਇਥੇ ਆਈ ਹਾਂ।''

''ਮੈਂ ਮੋਹਨ ਕੁਮਾਰ ਹਾਂ ਅਤੇ ਦਿਲੀ ਤੋਂ ਹਾਂ। ਮੈਂ ਬਿਜਨੈਸ ਮੈਨੇਜਮੈਂਟ ਅਤੇ ਕੰਪਿਊਟਰ ਸਾਇੰਸ ਪੜ੍ਹ ਰਿਹਾ ਹਾਂ।''

ਬਹੁਤੀਆਂ ਕਸ਼ਮੀਰੀ ਔਰਤਾਂ ਵਾਂਗ ਹੀ ਯਾਸਮੀਨ ਵੀ ਯੂਰਪੀ ਔਰਤਾਂ ਵਰਗੀ ਗੋਰੀ ਸੀ। ਉਹਦੇ ਵਾਲ ਭੂਰੇ, ਅੱਖਾਂ ਹਿਰਨੀ ਵਰਗੀਆਂ ਸਨ ਅਤੇ ਉਹਦੇ ਸਰੀਰ ਉਤੇ ਮੁਟਾਪਾ ਵਧਿਆ ਹੋਇਆ ਸੀ। ਉਹਦੀ ਠੋਢੀ ਮਾਸ ਨਾਲ ਦੋਹਰੀ ਹੋਈ ਦਿਖਾਈ ਦਿੰਦੀ ਸੀ। ਉਹਦੀਆਂ ਬਾਹਾਂ ਉਤੇ ਮਾਸ ਲਮਕਿਆ ਹੋਇਆ ਸੀ ਅਤੇ ਪੇਟ ਉਤੇ ਵੀ ਭਾਰੀ ਮਾਸ ਵਿਖਾਈ ਦੇਂਦਾ ਸੀ। ਪੰਜਾਬੀਆਂ ਦੇ ਕਹਿਣ ਵਾਂਗ ਉਹ ਗੋਰੀ ਚਿਟੀ, ਗੋਲ ਗੋਲ ਸੀ। ਮੈਂ ਕਿਸੇ ਪਾਕਿਸਤਾਨੀ ਔਰਤ ਨਾਲ ਪਹਿਲੀ ਵਾਰ ਗੱਲ ਕੀਤੀ ਸੀ ਅਤੇ ਕਿਸੇ ਮੁਸਲਮਾਨ ਔਰਤ ਨਾਲ ਵੀ ਪਹਿਲੀ ਵਾਰੀ। ਮੈਂ ਜਾਣਨਾ ਚਾਹੁੰਦਾ ਸਾਂ ਕਿ ਪਾਕਿਸਤਾਨੀਆਂ ਵਲੋਂ ਭਾਰਤੀਆਂ ਨੂੰ ਨਫਰਤ ਕਰਨ ਬਾਰੇ ਚਲਦੀਆਂ ਕਹਾਣੀਆਂ ਵਿਚ ਅਤੇ ਮੁਸਲਮਾਨਾਂ ਵਲੋਂ ਹਿੰਦੂਆਂ ਨੂੰ ਨਫਰਤ ਕੀਤੇ ਜਾਣ ਦੀਆਂ ਗੱਲਾਂ ਵਿਚ ਕਿੰਨੀ ਕੁ ਸਚਾਈ ਹੈ। ਮੈਨੂੰ ਆਸ ਸੀ ਕਿ ਯਾਸਮੀਨ ਵਾਂਚੂੰ ਮੈਨੂੰ ਇਸ ਬਾਰੇ ਦੱਸੇਗੀ। ਥੋੜ੍ਹਾ ਸਮਾਂ ਪਹਿਲਾਂ ਹੀ ਸਾਡੇ ਦੋਹਾਂ ਦੇਸ਼ਾਂ ਵਿਚਾਲੇ ਲੜਾਈ ਹੋਈ ਸੀ। ਇਹ ਤੀਜੀ ਲੜਾਈ ਸੀ। ਫਿਰ ਵੀ ਮੈਂ ਪਾਕਿਸਤਾਨੀਆਂ ਨੂੰ ਨਫਰਤ ਨਹੀਂ ਸਾਂ ਕਰਦਾ। ਉਸਦੀ ਕਹੀ ਹੋਈ ਗੱਲ ਤੋਂ ਮੈਂ ਹੈਰਾਨ ਰਹਿ ਗਿਆ ਸਾਂ। ਮੈਨੂੰ ਨਫਰਤ ਕਰਨੀ ਹੀ ਨਹੀਂ ਸੀ ਆਉਂਦੀ।

ਅਗਲੀ ਕਲਾਸ ਦੌਰਾਨ ਉਹ ਮੇਰੇ ਕੋਲ ਆਈ ਤੇ ਕਹਿਣ ਲਗੀ, ''ਕੋਈ ਗੁੱਸਾ ਨਹੀਂ ਕਰਨਾ। ਆ ਮੇਰੇ ਕੋਲ ਆ ਕੇ ਬੈਠ।'' ਮੈਂ ਨਾਂਹ ਕਰ ਦਿਤੀ ਅਤੇ ਕਿਹਾ, ''ਮੈਡਮ, ਮੈਂ ਪਿਛਲੀ ਕਤਾਰ ਵਿਚ ਬੈਠਦਾ ਹਾਂ। ਮੈਨੂੰ ਮੋਹਰਲੀ ਕਤਾਰ ਵਿਚ ਬੈਠਣਾ ਚੰਗਾ ਨਹੀਂ ਲਗਦਾ।''

''ਤਾਂ ਫਿਰ ਮੈਂ ਤੇਰੇ ਨਾਲ ਆਖਰੀ ਕਤਾਰ ਵਿਚ ਬੈਠਾਂਗੀ ਅਤੇ ਮੈਨੂੰ ਮੈਡਮ ਮੈਡਮ ਨਾ ਕਹਿ। ਇਸ ਨਾਲ ਮੈਂ ਵੱਡੀ ਵੱਡੀ ਮਹਿਸੂਸ ਕਰਦੀ ਹਾਂ। ਮੇਰਾ ਨਾਂ ਯਾਸਮੀਨ ਹੈ। ਜੇ ਤੈਨੂੰ ਬੁਰਾ ਨਾ ਲਗੇ ਤਾਂ ਮੈਂ ਤੈਨੂੰ ਮੋਹਨ ਕਹਾਂਗੀ।''

ਉਸ ਸਮੇਂ ਮੇਰੀ ਕੋਈ ਪੱਕੀ ਸਹੇਲੀ ਨਹੀਂ ਸੀ। ਇਸ ਲਈ ਮੈਂ ਯਾਸਮੀਨ ਦੇ ਨਾਲ ਘੁੰਮਣ ਫਿਰਨ ਲੱਗਾ। ਉਹ ਉਨੀ ਗੁਸੇ ਵਾਲੀ ਨਹੀਂ ਸੀ ਜਿੰਨੀ ਮੈਂ ਸੋਚਿਆ ਸੀ। ਮੈਂ ਉਸਨੂੰ ਹਿੰਦੂ ਅਤੇ ਭਾਰਤ ਵਿਰੋਧੀ ਹੋਣ ਦਾ ਜ਼ਿਕਰ ਕਰਕੇ ਅਕਸਰ ਹੀ ਛੇੜਦਾ ਰਹਿੰਦਾ। ਉਸ ਮੈਨੂੰ ਆਪਣੇ ਬਾਰੇ ਹੋਰ ਵੇਰਵੇ ਨਾਲ ਦੱਸਿਆ, ''ਮੇਰੇ ਮਾਪੇ ਸ੍ਰੀਨਗਰ ਵਿਚ ਰਹਿੰਦੇ ਹਨ ਜੋ ਕਿ ਹੁਣ ਭਾਰਤੀ ਕਬਜ਼ੇ ਵਾਲੇ ਕਸ਼ਮੀਰ ਦੀ ਰਾਜਧਾਨੀ ਹੈ। ਸਾਡੇ ਪੁਰਖੇ ਬਾਹਮਣ ਪੰਡਤ ਸਨ। ਫਿਰ ਉਨ੍ਹਾਂ ਨੂੰ ਅਕਲ ਆ ਗਈ ਅਤੇ ਉਹਨਾਂ ਇਸਲਾਮ ਧਾਰਨ ਕਰ ਲਿਆ। ਇਹ ਸੰਸਾਰ ਦਾ ਬਿਹਤਰੀਨ ਧਰਮ ਹੈ। ਮੇਰੇ ਮਾਪੇ ਉਨੀ ਦੇਰ ਤਕ ਸ੍ਰੀਨਗਰ ਵਿਚ ਰਹਿੰਦੇ ਰਹੇ ਜਦੋਂ ਤਕ ਭਾਰਤੀ ਫੌਜ ਨੇ ਇਸ ਉਤੇ ਕਬਜ਼ਾ ਨਹੀਂ ਕਰ ਲਿਆ। ਫਿਰ ਉਹ ਆਜ਼ਾਦ ਕਸ਼ਮੀਰ ਦੀ

ਰਾਜਧਾਨੀ ਮੁਜ਼ਫਰਾਬਾਦ ਆ ਕੇ ਰਹਿਣ ਲਗੇ। ਮੈਂ ਉਥੇ ਹੀ ਜੰਮੀ ਅਤੇ ਪਲੀ ਹਾਂ। ਮੈਂ ਭਾਰਤ ਤੋਂ ਆਏ ਇਕ ਹੋਰ ਰਫਿਊਜੀ ਨਾਲ ਸ਼ਾਦੀ ਕੀਤੀ। ਉਹ ਵੀ ਕਸ਼ਮੀਰੀ ਹੈ ਅਤੇ ਉਸਦੇ ਵਡੇ ਵਡੇਰੇ ਵੀ ਬਾਹਮਣ ਹੋਇਆ ਕਰਦੇ ਸਨ। ਭਾਵੇਂ ਅਸੀਂ ਮੁਸਲਮਾਨ ਹਾਂ ਫਿਰ ਵੀ ਅਸੀਂ ਆਪਣੀ ਜਾਤ ਤੋਂ ਹੇਠਾਂ ਸ਼ਾਦੀ ਨਹੀਂ ਕਰਦੇ। ਮੇਰਾ ਪਤੀ ਆਜ਼ਾਦ ਕਸ਼ਮੀਰ ਸਰਕਾਰ ਵਿਚ ਮੰਤਰੀ ਹੈ। ਮੈਂ ਵੀ ਸਿਆਸਤ ਵਿਚ ਹਾਂ ਅਤੇ ਅਸੈਂਬਲੀ ਮੈਂਬਰ ਹਾਂ। ਸਾਡੇ ਦੋ ਬੱਚੇ ਹਨ।''

ਮੈਂ ਉਹਨੂੰ ਪੁਛਿਆ ਕਿ ਪਾਕਿਸਤਾਨ ਦੇ ਮੁਕਾਬਲੇ ਅਮਰੀਕਾ ਵਿਚ ਜਿਹੜੀ ਆਜ਼ਾਦੀ ਹੈ, ਕੀ ਉਹ ਉਸਨੂੰ ਨਹੀਂ ਮਾਨਣਾ ਚਾਹੁੰਦੀ? ਉਸਨੇ ਇਸ ਦਾ ਕੋਈ ਸਿੱਧਾ ਜਵਾਬ ਨਾ ਦਿੱਤਾ। ਜਦੋਂ ਮੈਂ ਜ਼ੋਰ ਦੇ ਕੇ ਪੁਛਿਆ ਤਾਂ ਉਹ ਰਤਾ ਕੁ ਔਖੀ ਹੋ ਕੇ ਬੋਲੀ, ''ਮੈਂ ਆਪਣੇ ਪਰਵਾਰ ਤੇ ਆਪਣੇ ਵਤਨ ਨੂੰ ਪਿਆਰ ਕਰਦੀ ਹਾਂ। ਭਾਵੇਂ ਅਸੀਂ ਅਜੇ ਤਕ ਸਫਲ ਨਹੀਂ ਹੋਏ ਪਰ ਇਕ ਦਿਨ ਅਸੀਂ ਭਾਰਤੀ ਜਕੜ ਵਿਚੋਂ ਕਸ਼ਮੀਰ ਨੂੰ ਆਜ਼ਾਦ ਕਰਵਾ ਲਵਾਂਗੇ ਅਤੇ ਮੈਂ ਸ੍ਰੀਨਗਰ ਪਰਤ ਸਕਾਂਗੀ। ਹੁਣ ਤਕ ਮੈਂ ਇਸਨੂੰ ਸਿਰਫ ਤਸਵੀਰਾਂ ਵਿਚ ਹੀ ਵੇਖਿਆ ਹੈ।'' ਮੈਂ ਜਵਾਬ ਦਿਤਾ, ''ਅਤੇ ਫਿਰ ਤੂੰ ਦਿੱਲੀ ਦੇ ਲਾਲ ਕਿਲੇ ਉਤੇ ਪਾਕਿਸਤਾਨੀ ਝੰਡਾ ਲਹਿਰਾਏਂਗੀ।''

''ਇਨਸ਼ਾ ਅਲਾਹ!'' ਉਹਨੇ ਮੁਸਕਰਾਉਂਦੇ ਹੋਏ ਜਵਾਬ ਦਿਤਾ।

''ਇਕ ਦਿਨ ਅਸੀਂ ਪਾਕਿਸਤਾਨ ਦੇ ਹਥੋਂ ਕਥਿਤ ਆਜ਼ਾਦ ਕਸ਼ਮੀਰ ਹਥਿਆ ਲਵਾਂਗੇ ਅਤੇ ਇਸਨੂੰ ਭਾਰਤੀ ਕਸ਼ਮੀਰ ਦਾ ਹਿੱਸਾ ਬਣਾ ਦੇਵਾਂਗੇ।''

''ਤੂੰ ਮੂਰਖ ਹੈਂ, ਇਕ ਇਕ ਮੁਸਲਮਾਨ ਯੋਧਾ, ਦਸ ਦਸ ਹਿੰਦੂਆਂ ਦਾ ਮੁਕਾਬਲਾ ਕਰ ਸਕਦਾ ਹੈ।''

''ਇਹ ਤਾਂ ਪਿਛਲੀ ਲੜਾਈ ਦੌਰਾਨ ਸਾਬਤ ਹੋ ਚੁਕਾ ਹੈ। 13 ਦਿਨ ਦੀ ਲੜਾਈ ਤੋਂ ਬਾਅਦ ਹੀ ਪਾਕਿਸਤਾਨ ਦੀ ਫੌਜ ਨੇ ਹਥਿਆਰ ਸੁੱਟ ਦਿਤੇ ਸਨ। ਚੁਰਾਨਵੇਂ ਹਜ਼ਾਰ ਪੰਜ ਸੌ ਬਹਾਦਰ ਮੁਸਲਮਾਨ ਯੋਧਿਆਂ ਨੇ ਬਿਨਾਂ ਲੜਾਈ ਕੀਤਿਆਂ ਹੀ ਹਿੰਦੂਆਂ ਤੇ ਸਿੱਖਾਂ ਸਾਹਮਣੇ ਹਥਿਆਰ ਸੁੱਟੇ ਸਨ। ਸੰਸਾਰ ਦੇ ਇਤਿਹਾਸ ਵਿਚ ਕਿਸੇ ਸਮੁਚੀ ਫੌਜ ਵਲੋਂ ਇਸ ਤਰ੍ਹਾਂ ਹਥਿਆਰ ਸੁੱਟਣ ਦੀ ਹੋਰ ਕੋਈ ਉਦਾਹਰਣ ਨਹੀਂ ਮਿਲਦੀ।''

ਉਹਨੇ ਬਹੁਤ ਧੀਮੀ ਆਵਾਜ਼ ਵਿਚ ਕਿਹਾ, ''ਤੂੰ ਬਹੁਤ ਜ਼ੁਲਮ ਕਰ ਰਿਹਾ ਹੈਂ। ਤੁਸੀਂ ਭਾਰਤੀ ਠੱਗ ਹੋ। ਤੁਸਾਂ ਗਰੀਬ ਬੰਗਾਲੀਆਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਨੂੰ ਮੁਸਲਮਾਨ ਭਰਾਵਾਂ ਦੇ ਖਿਲਾਫ ਕਰ ਦਿਤਾ ਹੈ। ਉਹ ਤੁਹਾਨੂੰ ਨਫਰਤ ਕਰਦੇ ਹਨ ਤੇ ਸਾਡੇ ਨਾਲ ਦੋਸਤੀ ਕਰਨਾ ਚਾਹੁੰਦੇ ਹਨ। ਵੇਖੀਂ ਭਾਰਤ ਅਤੇ ਪਾਕਿਸਤਾਨ ਦੀ ਅਗਲੀ ਲੜਾਈ ਵਿਚ ਕੀ ਹੁੰਦਾ ਹੈ।''

ਸਾਡੀ ਗਰਮਾ ਗਰਮ ਬਹਿਸ ਦੇ ਬਾਵਜੂਦ ਮੈਂ ਅਤੇ ਯਾਸਮੀਨ ਮਿੱਤਰ ਬਣ ਗਏ। ਉਸਨੂੰ ਮੈਂ ਆਪਣੀ ਮਿੱਤਰ ਕੁੜੀ ਨਹੀਂ ਸਾਂ ਕਹਿ ਸਕਦਾ ਕਿਉਂਕਿ ਉਹ ਮੇਰੇ ਨਾਲੋਂ ਕਰੀਬ

20 ਸਾਲ ਵੱਡੀ ਸੀ। ਉਹ ਮੇਰੇ ਨਾਲ ਸਬਨੂੰ ਭਾਲਦੀ ਸੀ ਕਿਉਂਕਿ ਉਸਦੀ ਉਮਰ ਦੇ ਮਰਦ ਤੇ ਔਰਤਾਂ ਕੈਂਪਸ ਵਿਚ ਹੋਰ ਨਹੀਂ ਸਨ। ਮੈਂ ਭਾਵੇਂ ਨੌਜਵਾਨ ਸਾਂ ਪਰ ਮੈਂ ਘੱਟੋ ਘੱਟ ਸੰਸਾਰ ਦੇ ਉਸ ਹਿੱਸੇ ਵਿਚੋਂ ਤਾਂ ਸਾਂ ਜਿਸ ਵਿਚੋਂ ਉਹ ਸੀ। ਉਹ ਮੇਰੇ ਨਾਲ ਹਿੰਦੁਸਤਾਨੀ ਵਿਚ ਗੱਲ ਕਰ ਸਕਦੀ ਸੀ। ਅਸੀਂ ਅਕਸਰ ਹੀ ਇਕੱਠੇ ਕੌਫੀ ਪੀਂਦੇ। ਇਕ ਦਿਨ ਅਚਨਚੇਤ ਹੀ ਉਸਨੇ ਮੈਨੂੰ ਤੋਹਫੇ ਦੇ ਤੌਰ ਤੇ ਗੋਲਡ ਕਰਾਸ ਦਾ ਪੈਨ ਦਿੱਤਾ। ਮੇਰੇ ਕੋਲ ਬਹੁਤੇ ਪੈਸੇ ਨਹੀਂ ਸਨ ਹੁੰਦੇ ਕਿਉਂਕਿ ਵਜ਼ੀਫੇ ਵਿਚੋਂ ਜਿਹੜੀ ਰਕਮ ਬਚਦੀ ਸੀ ਜਾਂ ਕੰਮ ਕਰਨ ਤੋਂ ਬਾਅਦ ਜਿਹੜੀ ਕਮਾਈ ਹੁੰਦੀ ਸੀ ਉਹ ਮੈਂ ਆਪਣੇ ਪਿਤਾ ਨੂੰ ਭੇਜ ਦਿੰਦਾ ਸਾਂ। ਫਿਰ ਵੀ ਮੈਂ ਯਾਸਮੀਨ ਨੂੰ ਤੋਹਫਾ ਦੇਣ ਲਈ ਦੁਕਾਨਾਂ ਵਿਚ ਝਾਤੀ ਮਾਰਨੀ ਸ਼ੁਰੂ ਕਰ ਦਿੱਤੀ।

ਕੁਝ ਹਫ਼ਤੇ ਮਗਰੋਂ ਪ੍ਰੋਫੈਸਰ ਐਸ਼ਬੀ ਨੇ ਇਸਲਾਮ ਬਾਰੇ ਭਾਸ਼ਨ ਦਿੱਤਾ। ਉਹਨੇ ਸਾਨੂੰ ਪੜ੍ਹਨ ਲਈ ਬਹੁਤ ਸਾਰੀਆਂ ਕਿਤਾਬਾਂ ਦੀ ਸੂਚੀ ਵੀ ਦਿੱਤੀ। ਇਨ੍ਹਾਂ ਵਿਚ ਅਰਬਾਂ ਦੇ ਇਤਿਹਾਸ, ਹਜ਼ਰਤ ਮੁਹੰਮਦ ਦੀ ਜੀਵਨੀ, ਕੁਰਾਨ ਦੇ ਅਨੁਵਾਦ, ਮੁਸਲਮਾਨਾਂ ਦੇ ਫਿਰਕਿਆਂ ਬਾਰੇ ਕਿਤਾਬਾਂ ਸ਼ਾਮਲ ਸਨ। ਮੈਂ ਉਨ੍ਹਾਂ ਵਿਚੋਂ ਕੋਈ ਵੀ ਕਿਤਾਬ ਨਾ ਪੜ੍ਹੀ। ਮੈਂ ਜਾਣਨਾ ਚਾਹੁੰਦਾ ਸਾਂ ਕਿ ਯਾਸਮੀਨ ਲੈਕਚਰ ਤੋਂ ਬਾਅਦ ਕੀ ਟਿਪਣੀ ਕਰਦੀ ਹੈ। ਉਸ ਮੈਨੂੰ ਨਿਰਾਸ਼ ਨਾ ਕੀਤਾ। ਪਹਿਲੇ ਦੋ ਲੈਕਚਰਾਂ ਦੌਰਾਨ ਪ੍ਰੋਫੈਸਰ ਐਸ਼ਬੀ ਨੇ ਮੁਸਲਮਾਨਾਂ ਤੋਂ ਪਹਿਲਾਂ ਅਰਬ ਦੇਸ਼ ਬਾਰੇ, ਹਜ਼ਰਤ ਮੁਹੰਮਦ ਦੇ ਜੀਵਨ ਬਾਰੇ, ਕੁਰਾਨ ਦੇ ਨਾਜ਼ਲ ਹੋਣ ਬਾਰੇ, ਪੈਗੰਬਰ ਦੇ ਮੱਕਾ ਤੋਂ ਭਜ ਕੇ ਮਦੀਨਾ ਜਾਣ ਬਾਰੇ, ਜੇਤੂ ਹੋ ਕੇ ਮੱਕਾ ਵਾਪਸ ਆਉਣ ਬਾਰੇ, ਉਸਨੂੰ ਨਾਜ਼ਲ ਹੋਈ ਹਦੀਸ ਬਾਰੇ, ਜਿਸ ਤੇਜ਼ੀ ਨਾਲ ਉਹਦਾ ਸੁਨੇਹਾ ਇਲਾਕੇ ਵਿਚ ਫੈਲਿਆ ਉਸ ਬਾਰੇ, ਸ਼ੀਆ ਸੁਨੀ ਮਤਭੇਦ ਬਾਰੇ, ਅਤੇ ਹੋਰ ਗੱਲਾਂ ਬਾਰੇ ਦੱਸਿਆ। ਇਹ ਤੱਥਾਂ 'ਤੇ ਆਧਾਰਤ ਜਾਣਕਾਰੀ ਸੀ, ਪਰ ਇਹ ਬਹੁਤੀ ਉਤਸ਼ਾਹ ਵਧਾਉਣ ਵਾਲੀ ਨਹੀਂ ਸੀ। ਜਿਉਂ ਹੀ ਦੂਜਾ ਲੈਕਚਰ ਖਤਮ ਹੋਇਆ, ਯਾਸਮੀਨ ਮੇਰੇ ਲਾਗਲੀ ਆਪਣੀ ਸੀਟ ਤੋਂ ਉੱਠ ਖੜੀ ਹੋਈ ਅਤੇ ਬਹੁਤ ਜੋਸ਼ ਨਾਲ ਬੋਲਣ ਲਗੀ। ਉਸ ਕਿਹਾ, ''ਡਾਕਟਰ ਐਸ਼ਬੀ ਜੋ ਤੁਸਾਂ ਇਸਲਾਮ ਬਾਰੇ ਸਾਨੂੰ ਦੱਸਿਆ ਹੈ ਉਹ ਇਤਿਹਾਸਕ ਤੌਰ ਤੇ ਸਹੀ ਹੈ, ਪਰ ਤੁਸਾਂ ਸਾਨੂੰ ਇਹ ਨਹੀਂ ਦੱਸਿਆ ਕਿ ਇਹ ਧਰਮ ਹੋਰ ਸਾਰੇ ਧਰਮਾਂ ਨਾਲੋਂ ਸਭ ਤੋਂ ਵੱਧ ਚੰਗਾ ਕਿਉਂ ਹੈ। ਇਸ ਦਾ ਕਾਰਨ ਹੈ ਕਿ ਇਸ ਧਰਮ ਦਾ ਸਿਸਟਮ ਹੋਰ ਸਾਰੇ ਧਰਮਾਂ ਨਾਲੋਂ ਮੁਕੰਮਲ ਸਿਸਟਮ ਹੈ, ਜਿਸ ਵਿਚ ਹਰੇਕ ਵਿਅਕਤੀ ਲਈ ਕਰਨ ਵਾਲੀਆਂ ਤੇ ਨਾ ਕਰਨ ਵਾਲੀਆਂ ਗੱਲਾਂ ਦੇ ਨਿਯਮ ਲਿਖੇ ਹੋਏ ਹਨ। ਹਜ਼ਰਤ ਮੁਹੰਮਦ ਨੂੰ ਅੱਲਾਹ ਨੇ ਖ਼ੁਦ ਆਪਣਾ ਸੁਨੇਹਾ ਦੇ ਕੇ ਮਨੁੱਖਤਾ ਵਿਚ ਇਸਦਾ ਪ੍ਰਚਾਰ ਕਰਨ ਲਈ ਭੇਜਿਆ ਸੀ। ਇਸ ਧਰਤੀ ਉਤੇ ਆਉਣ ਵਾਲੇ ਮਨੁੱਖਾਂ ਵਿਚੋਂ ਹਜ਼ਰਤ ਮੁਹੰਮਦ ਸਭ ਤੋਂ ਮੁਕੰਮਲ ਇਨਸਾਨ ਸਨ। ਉਨ੍ਹਾਂ ਦੇ ਮਿਸ਼ਨ ਦੀ ਇੰਨੀ ਕਾਮਯਾਬੀ ਦਾ ਕੋਈ ਨਾ ਕੋਈ ਕਾਰਨ ਹੋਏਗਾ ਹੀ, ਉਨ੍ਹਾਂ ਦੀ ਮੌਤ ਦੇ ਕੁਝ ਸਾਲਾਂ ਬਾਅਦ ਹੀ ਇਸਲਾਮ, ਪ੍ਰਸ਼ਾਂਤ ਸਾਗਰ ਦੇ ਕੰਢੇ ਤੋਂ ਲੈ ਕੇ ਯੂਰਪ ਤੱਕ ਜੰਗਲ ਦੀ ਅੱਗ ਵਾਂਗ ਫੈਲ

ਗਿਆ ਸੀ। ਇਹ ਸਾਰੇ ਏਸ਼ੀਆ ਅਤੇ ਅਫਰੀਕਾ ਮਹਾਂਦੀਪ ਵਿਚ ਵੀ ਫੈਲ ਗਿਆ ਸੀ। ਇਸਨੂੰ ਅੱਗ ਦੇ ਪੂਜਕਾਂ, ਯਹੂਦੀਆਂ, ਇਸਾਈਆਂ, ਬੋਧੀਆਂ ਅਤੇ ਹਿੰਦੂਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਇਸਦੀ ਜਿੱਤ ਹੋਈ। ਹੋਰ ਸਾਰੇ ਧਰਮਾਂ ਨਾਲੋਂ ਇਸਲਾਮ ਨੂੰ ਹੀ ਸਭ ਤੋਂ ਵੱਧ ਲੋਕਾਂ ਨੇ ਧਾਰਨ ਕਿਉਂ ਕੀਤਾ? ਇਹ ਕੁਝ ਸਵਾਲ ਹਨ ਜਿਨਾਂ ਉਤੇ ਮੈਂ ਚਰਚਾ ਕਰਨਾ ਚਾਹਾਂਗੀ।''

ਆਪਣੇ ਭਾਸ਼ਨ ਤੋਂ ਬਾਅਦ ਉਹ ਬੈਠ ਗਈ। ਉਹਨੂੰ ਸਾਹ ਚੜਿਆ ਹੋਇਆ ਸੀ। ਉਸਦਾ ਚੈਲੰਿਜ ਇਕੋ ਇਕ ਯਹੂਦੀ ਵਿਦਿਆਰਥੀ ਨੇ ਕਬੂਲ ਕੀਤਾ ਜਿਹੜਾ ਸਿਰ ਉਤੇ ਫ਼ਲਸਫ਼ੀ ਟੋਪੀ ਪਾ ਕੇ ਰਖਦਾ ਸੀ। ਉਸ ਕਿਹਾ, ''ਇਸ ਤੋਂ ਪਹਿਲਾਂ ਕਿ ਮੈਂ ਇਸ ਔਰਤ ਦੇ ਸਵਾਲਾਂ ਦੇ ਜਵਾਬ ਦੇਵਾਂ, ਸ਼ਾਇਦ ਮੋਹਤਰਮਾ ਮੇਰੇ ਕੁਝ ਸਵਾਲਾਂ ਦਾ ਜਵਾਬ ਦੇਣ। ਕੀ ਉਹ ਇਸ ਗੱਲ ਤੋਂ ਇਨਕਾਰ ਕਰਦੀ ਹੈ ਕਿ ਇਸਲਾਮ ਨੇ ਆਪਣੇ ਬਹੁਤੇ ਵਿਚਾਰ ਯਹੂਦੀਵਾਦ ਤੋਂ ਉਧਾਰੇ ਲਏ? ਉਨ੍ਹਾਂ ਦੀ ਇਕ ਦੂਜੇ ਨੂੰ ਬਲਾਉਣ ਦੀ ਸਲਾਮ ਵਲੈਕਮ ਹੀਬਰੂ ਭਾਸ਼ਾ ਤੋਂ ਲਈ ਗਈ ਹੈ। ਉਨ੍ਹਾਂ ਦੀਆਂ ਦਿਨ ਭਰ ਦੀਆਂ ਪੰਜ ਨਮਾਜ਼ਾਂ ਦੇ ਨਾਂ ਵੀ ਇਥੋਂ ਹੀ ਆਏ ਹਨ। ਅਸੀਂ ਪ੍ਰਾਰਥਨਾ ਕਰਨ ਲਈ ਯਰੂਸ਼ਲਮ ਵੱਲ ਨੂੰ ਮੂੰਹ ਕਰਦੇ ਹਾਂ। ਇਨ੍ਹਾਂ ਸਾਡੇ ਤੋਂ ਇਹ ਗੱਲ ਉਧਾਰੀ ਲਈ, ਪਰ ਉਹ ਆਪਣਾ ਮੂੰਹ ਮੱਕੇ ਵੱਲ ਕਰਦੇ ਹਨ। ਯਹੂਦੀਆਂ ਦੀ ਨਕਲ ਕਰਦੇ ਹੋਏ ਉਹ ਆਪਣੇ ਨਰ ਬੱਚਿਆਂ ਦੀ ਸੁੰਨਤ ਕਰਦੇ ਹਨ। ਉਨ੍ਹਾਂ ਹਰਾਮ ਅਤੇ ਹਲਾਲ ਦੇ ਸੰਕਲਪ, ਕੀ ਖਾਧਾ ਜਾਵੇ ਤੇ ਕੀ ਨਾ ਖਾਧਾ ਜਾਵੇ, ਵਗੈਰਾ ਵੀ ਯਹੂਦੀ ਕੋਸ਼ਰ ਤੋਂ ਹੀ ਲਏ ਹਨ। ਸਾਡੇ ਯਹੂਦੀਆਂ ਵਿਚ ਸੂਰ ਦਾ ਮਾਸ ਇਸ ਲਈ ਨਹੀਂ ਖਾਧਾ ਜਾਂਦਾ ਕਿਉਂਕਿ ਅਸੀਂ ਇਸਨੂੰ ਗੰਦਾ ਸਮਝਦੇ ਹਾਂ। ਮੁਸਲਮਾਨ ਵੀ ਇਸੇ ਤਰ੍ਹਾਂ ਕਰਦੇ ਹਨ। ਅਸੀਂ ਮੀਟ ਖਾਣ ਤੋਂ ਪਹਿਲਾਂ ਜਾਨਵਰਾਂ ਨੂੰ ਹੌਲ਼ੀ ਹੌਲ਼ੀ ਖੂਨ ਵਹਾ ਕੇ ਜ਼ਿਬ੍ਹਾ ਕਰਦੇ ਹਾਂ। ਇਹ ਵੀ ਇਸੇ ਤਰ੍ਹਾਂ ਕਰਦੇ ਹਨ। ਉਹ ਉਨ੍ਹਾਂ ਸਾਰੇ ਪੈਗੰਬਰਾਂ ਨੂੰ ਮੰਨਦੇ ਹਨ ਜਿਨ੍ਹਾਂ ਨੂੰ ਯਹੂਦੀ ਤੇ ਇਸਾਈ ਮੰਨਦੇ ਹਨ। ਤਾਂ ਫਿਰ ਇਸਲਾਮ ਵਿੱਚ ਨਵੀਂ ਗੱਲ ਕਿਹੜੀ ਸੀ? ਉਸ ਵਿਚ ਜੋ ਕੁਝ ਵੀ ਹੈ, ਸਾਰਾ ਕੁਝ ਹੀ ਯਹੂਦੀ ਅਤੇ ਇਸਾਈ ਧਰਮ ਤੋਂ ਲਿਆ ਗਿਆ ਹੈ।''

ਯਾਸਮੀਨ ਮੁੜ ਖੜੀ ਹੋ ਗਈ। ਉਹ ਇਸ ਯਹੂਦੀ ਨਾਲ ਲੜਾਈ ਵਿਚ ਡਟਣਾ ਚਾਹੁੰਦੀ ਸੀ। ਉਸ ਕਿਹਾ, ''ਨਵੀਂ ਗੱਲ ਇਹ ਸੀ ਕਿ ਹਜ਼ਰਤ ਮੁਹੰਮਦ ਦੀ ਆਮਦ ਹੋਈ ਸੀ। ਅੱਲਾ ਵਲੋਂ ਭੇਜੇ ਗਏ ਸਾਰੇ ਪੈਗੰਬਰਾਂ ਤੋਂ ਉਹ ਸਭ ਤੋਂ ਮਹਾਨ ਪੈਗੰਬਰ ਸੀ। ਇਸੇ ਕਰਕੇ ਹੀ ਅਸੀਂ ਉਸਨੂੰ ਸਾਰੇ ਪੈਗੰਬਰਾਂ ਦਾ ਮੂਲ ਅਰਥਾਤ ਖਤਮ-ਉਨ-ਨਬੀ ਕਹਿੰਦੇ ਹਾਂ। ਅਸੀਂ ਮੁਹੰਮਦ ਤੋਂ ਬਾਅਦ ਹੋਰ ਕਿਸੇ ਨੂੰ ਵੀ ਨਹੀਂ ਮੰਨਦੇ।''

ਯਹੂਦੀ ਮੁੰਡੇ ਨੇ ਇਸ ਗੱਲ ਨੂੰ ਚੁੱਪ ਕਰਕੇ ਨਹੀਂ ਸਿਹਾ ਸਗੋਂ ਕਹਿਣ ਲਗਾ, ''ਤਾਂ ਫਿਰ ਸੁੰਨੀਆ ਅਤੇ ਸ਼ੀਆ ਵਿਚਾਲੇ ਵੰਡੀਆਂ ਕਿਉਂ? ਸ਼ੀਆ ਪੈਗੰਬਰ ਦੇ ਚਚੇਰੇ ਭਰਾ ਅਤੇ ਜਵਾਈ, ਅਲੀ, ਨੂੰ ਵੱਧ ਮਾਨਤਾ ਦਿੰਦੇ ਹਨ। ਅਤੇ ਉਨ੍ਹਾਂ ਮੁਸਲਿਮ ਫਿਰਕਿਆਂ ਬਾਰੇ ਕੀ

ਕਹੋਗੇ, ਜਿਹੜੇ ਛੋਟੇ ਪੈਗੰਬਰਾਂ ਦੇ ਨਾਂ ਉਤੇ ਕਾਇਮ ਕੀਤੇ ਗਏ ਹਨ। ਇਨ੍ਹਾਂ ਵਿਚ ਆਗਾ ਖਾਨੀ, ਇਸਮਾਈਲੀ, ਬੋਹਰੇ, ਅਹਿਮਦੀਏ ਅਤੇ ਬਹੁਤ ਸਾਰੇ ਹੋਰ ਐਸੇ ਸ਼ਾਮਲ ਹਨ ਜਿਨ੍ਹਾਂ ਦੇ ਮੈਨੂੰ ਨਾਂ ਤਕ ਨਹੀਂ ਚੇਤੇ? ਜਦੋਂ ਅਸੀਂ ਇਹ ਗੱਲ ਕਰ ਹੀ ਰਹੇ ਹਾਂ ਤਾਂ ਮੈਂ ਇਹ ਵੀ ਕਹਾਂਗਾ ਕਿ ਮੋਹਤਰਮਾ ਸਾਨੂੰ ਇਹ ਦੱਸਣ ਕਿ ਇਸਲਾਮ ਗੱਲ ਤਾਂ ਔਰਤ ਨਾਲ ਬਰਾਬਰੀ ਦੀ ਕਰਦਾ ਹੈ, ਫਿਰ ਵੀ ਮਰਦਾਂ ਨੂੰ ਚਾਰ ਪਤਨੀਆਂ ਰਖਣ ਦੀ ਇਜਾਜ਼ਤ ਦਿੰਦਾ ਹੈ? ਕਈ ਮੁਸਲਮਾਨ ਹੁਕਮਰਾਨਾਂ ਦੇ ਵੱਡੇ ਵੱਡੇ ਹਰਮ ਕਿਉਂ ਸਨ, ਜਿਨ੍ਹਾਂ ਵਿਚ ਬਹੁਤ ਸਾਰੀਆਂ ਔਰਤਾਂ ਤੇ ਹਿਜੜੇ ਰਖੇ ਹੋਏ ਸਨ? ਕੀ ਕਾਰਨ ਹੈ ਕਿ ਇਸਲਾਮ ਨਾਲ ਸਬੰਧਤ ਲੋਕ ਜਾਂ ਤਾਂ ਕਾਫਰਾਂ ਦੇ ਖਿਲਾਫ ਜੇਹਾਦ ਦਾ ਸੱਦਾ ਦਿੰਦੇ ਰਹਿੰਦੇ ਹਨ ਜਾਂ ਫਿਰ ਆਪਸ ਵਿਚ ਲੜਦੇ ਰਹਿੰਦੇ ਹਨ?''

ਇਹ ਵਿਵਾਦ ਬੇਮਤਲਬ ਦਿਸ਼ਾ ਵਲ ਵਧ ਰਿਹਾ ਸੀ। ਡਾਕਟਰ ਐਸ਼ਬੀ ਨੇ ਇਸਦਾ ਅੰਤ ਕਰਦੇ ਹੋਏ ਕਿਹਾ, ''ਬੜੀ ਦਿਲਚਸਪ ਬਹਿਸ ਹੋ ਰਹੀ ਹੈ, ਪਰ ਤੁਸੀਂ ਇਨ੍ਹਾਂ ਮਸਲਿਆਂ ਉਤੇ ਕਲਾਸ ਤੋਂ ਬਾਹਰ ਜਾ ਕੇ ਵਿਚਾਰ ਕਿਉਂ ਨਹੀਂ ਕਰਦੇ?''

ਲੈਕਚਰ ਦਾ ਸਮਾਂ ਖਤਮ ਹੋ ਗਿਆ। ਯਾਸਮੀਨ ਦਾ ਚਿਹਰਾ ਗੁੱਸੇ ਤੇ ਜਿੱਤ ਨਾਲ ਭਖਿਆ ਪਿਆ ਸੀ। ਜਦੋਂ ਅਸੀਂ ਬਾਹਰ ਨਿਕਲੇ ਤਾਂ ਉਹ ਮੈਨੂੰ ਪੁਛਣ ਲਗੀ, ''ਤੈਨੂੰ ਕੀ ਲਗਦਾ ਹੈ, ਮੈਂ ਯਹੂਦੀ ਨੂੰ ਥਾਂ ਟਿਕਾਣੇ ਲਾ ਦਿੱਤਾ ਸੀ ਕਿ ਨਹੀਂ?'' ਉਹਦੇ ਸਵਾਲ ਦਾ ਜਵਾਬ ਦੇਣ ਦੀ ਥਾਂ ਮੈਂ ਯਾਸਮੀਨ ਨੂੰ ਪੁਛਿਆ, ''ਯਾਸਮੀਨ ਤੂੰ ਇੰਨੀ ਕੱਟੜ ਕਿਉਂ ਹੈਂ? ਮੁਸਲਮਾਨ ਸੰਸਾਰ ਦੇ ਸਭ ਤੋਂ ਵੱਧ ਕੱਟੜ ਫਿਰਕਿਆਂ ਵਿਚੋਂ ਹੈ। ਉਨ੍ਹਾਂ ਦਾ ਪੈਗੰਬਰ ਸਭ ਤੋਂ ਮਹਾਨ ਸੀ, ਉਨ੍ਹਾਂ ਦਾ ਧਰਮ ਸਭ ਤੋਂ ਬਿਹਤਰ ਹੈ, ਮੁਸਲਮਾਨ ਸਭ ਤੋਂ ਗਿਆਨੀ ਲੋਕ ਹਨ, ਸਭ ਤੋਂ ਵੱਧ ਰਬ ਤੋਂ ਡਰਦੇ ਹਨ ਅਤੇ ਸਾਰੀ ਮਨੁਖਤਾ ਤੋਂ ਸੱਚੇ ਹਨ। ਜੇ ਯਹੂਦੀ ਇਹ ਸੋਚਦੇ ਹਨ ਕਿ ਉਹ ਸਭ ਤੋਂ ਨੇੜੇ ਹਨ ਤਾਂ ਮੁਸਲਿਮ ਇਹ ਸੋਚਦੇ ਹਨ ਕਿ ਉਹ ਹੋਰ ਵੀ ਨੇੜੇ ਹਨ। ਤੂੰ ਇੰਨੀ ਤੰਗ ਦਿਲ ਕਿਉਂ ਹੈ?''

ਉਹ ਹੈਰਾਨ ਰਹਿ ਗਈ ਅਤੇ ਬੋਲੀ, ''ਅਸੀਂ ਕੱਟੜ ਨਹੀਂ ਹਾਂ, ਅਸੀਂ ਆਪਣੇ ਧਰਮ ਨੂੰ ਪੂਰੀ ਤਰ੍ਹਾਂ ਮੰਨਦੇ ਹਾਂ, ਕਿਉਂਕਿ ਅਸੀਂ ਜਾਣਦੇ ਹਾਂ ਕਿ ਇਹ ਸਾਰੀ ਮਨੁਖਤਾ ਲਈ ਚੰਗਾ ਹੈ। ਕਦੇ ਮੌਕਾ ਮਿਲਿਆ ਤਾਂ ਤੈਨੂੰ ਇਸਲਾਮ ਦੀ ਸੁੰਦਰਤਾ ਬਾਰੇ ਦੱਸਾਂਗੀ। ਤੈਨੂੰ ਪਤਾ ਹੀ ਨਹੀਂ ਕਿ ਤੇਰੀ ਜ਼ਿੰਦਗੀ ਵਿਚ ਕਮੀ ਕਿਸ ਚੀਜ਼ ਦੀ ਹੈ।''

ਮੈਂ ਜਵਾਬ ਦਿਤਾ, ''ਮੈਂ ਆਪਣੀ ਅਗਿਆਨਤਾ ਵਿਚ ਹੀ ਖੁਸ਼ ਹਾਂ। ਮੈਂ ਕਿਸੇ ਵੀ ਧਰਮ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਸਿਰਫ ਇੰਨਾ ਕਹਿੰਦਾ ਹਾਂ ਕਿ ਕਿਸੇ ਹੋਰ ਬੰਦੇ ਦੀਆਂ ਭਾਵਨਾਵਾਂ ਨੂੰ ਨਾ ਦੁਖਾਓ। ਬਾਕੀ ਦੀਆਂ ਗੱਲਾਂ ਕੋਈ ਮਾਇਨੇ ਨਹੀਂ ਰਖਦੀਆਂ। ਦੇਵਤੇ, ਪੈਗੰਬਰ, ਬਾਣੀਆਂ, ਰਸਮਾਂ, ਯਾਤਰਾਵਾਂ ਦਾ ਮੇਰੇ ਲਈ ਕੋਈ ਅਰਥ ਨਹੀਂ।''

ਉਸ ਕੋਈ ਟਿੱਪਣੀ ਨਾ ਕੀਤੀ।

*****

ਯਾਸਮੀਨ ਨੇ ਸਿਰਫ ਇਕ ਹਫਤਾ ਹੋਰ ਪ੍ਰਿੰਸਟਨ ਵਿਚ ਰਹਿਣਾ ਸੀ। ਮੈਨੂੰ ਤੋਹਫੇ ਵਜੋਂ ਉਹਨੂੰ ਦੇਣ ਲਈ ਹੋਰ ਕੁਝ ਨਾ ਲਭਾ ਤਾਂ ਮੈਂ ਉਸਨੂੰ ਚਾਂਦੀ ਦੀ ਇਕ ਯੂਨੀਵਰਸਿਟੀ ਵਾਲੀ ਮੁੰਦਰੀ ਖਰੀਦ ਦਿਤੀ। ਇਸ ਉਤੇ ਪ੍ਰਿੰਸਟਨ ਦਾ ਨਿਸ਼ਾਨ ਬਣਿਆ ਹੋਇਆ ਸੀ। ਇਕ ਦਿਨ ਸਵੇਰੇ ਕਾਫੀ ਪੀਂਦੇ ਹੋਏ ਜਦੋਂ ਹੋਰ ਕੋਈ ਜਣਾ ਸਾਡੀ ਮੇਜ਼ ਉਤੇ ਨਹੀਂ ਸੀ ਬੈਠਾ, ਮੈਂ ਇਹ ਮੁੰਦਰੀ ਜੇਬ ਵਿਚੋਂ ਕੱਢੀ ਅਤੇ ਉਸਦੀ ਉਂਗਲ ਵਿਚ ਪਾ ਦਿਤੀ। ਮੈਂ ਕਿਹਾ, ''ਮੈਂ ਵੇਖਿਆ ਹੈ ਕਿ ਤੂੰ ਸਿਰਫ ਸੋਨੇ ਦੀ ਮੁੰਦਰੀ ਹੀ ਪਾਉਂਦੀ ਹੈਂ। ਮੈਂ ਸੋਨੇ ਦੀ ਮੁੰਦਰੀ ਨਹੀਂ ਖਰੀਦ ਸਕਦਾ। ਇਹ ਯੂਨੀਵਰਸਿਟੀ ਦੀ ਮੁੰਦਰੀ ਹੈ ਇਸ ਉਤੇ ਕੋਈ ਇਤਰਾਜ਼ ਵੀ ਨਹੀਂ ਕਰ ਸਕਦਾ। ਇਹ ਤਾਂ ਤੂੰ ਖ਼ੁਦ ਵੀ ਖਰੀਦ ਸਕਦੀ ਸੀ ਪਰ ਮੈਂ ਇਹ ਤੋਹਫੇ ਵਜੋਂ ਇਸ ਕਰਕੇ ਤੈਨੂੰ ਦੇ ਰਿਹਾ ਹਾਂ ਤਾਂਕਿ ਤੈਨੂੰ ਪ੍ਰਿੰਸਟਨ ਵਿਚ ਭਾਰਤੀ ਹਿੰਦੂ ਨਾਲ ਬਿਤਾਏ ਦਿਨ ਸਦਾ ਚੇਤੇ ਰਹਿਣ।''

ਉਹਨੇ ਮੇਰਾ ਹੱਥ ਫੜਿਆ ਤੇ ਚੁੰਮ ਲਿਆ।

ਉਹਦੇ ਚਿਹਰੇ ਉਤੇ ਹਲਕੀ ਜਿਹੀ ਸ਼ਰਮ ਦੀ ਲਹਿਰ ਆਈ। ਉਹ ਹੱਸਦੇ ਹੋਏ ਕਹਿਣ ਲਗੀ, ''ਤੂੰ ਬੜਾ ਚੰਗਾ ਮੁੰਡਾ ਹੈਂ। ਕਿਤੇ ਤੇਰਾ ਨਾਂ ਮੋਹਨ ਕੁਮਾਰ ਨਾ ਹੋ ਕੇ ਮੁਹੰਮਦ ਕਰੀਮ ਜਾਂ ਇਸ ਤਰ੍ਹਾਂ ਦਾ ਕੁਝ ਹੋਰ ਹੁੰਦਾ। ਮੈਂ ਉਨੀ ਕੱਟੜ ਨਹੀਂ ਜਿਨੀ ਤੂੰ ਸੋਚਦਾ ਹੈਂ। ਮੈਨੂੰ ਤਾਂ ਸਿਰਫ ਸਾਡੇ ਭਵਿਖ ਬਾਰੇ ਚਿੰਤਾ ਹੈ।''

ਪ੍ਰਿੰਸਟਨ ਵਿਚ ਉਸਦੇ ਆਖਰੀ ਹਫਤੇ ਦੌਰਾਨ ਅਸੀਂ ਹਰ ਰੋਜ਼ ਮਿਲਦੇ। ਦੁਪਹਿਰ ਤੋਂ ਬਾਅਦ ਅਸੀਂ ਯੂਨੀਵਰਸਿਟੀ ਵਿਚ ਗੇੜਾ ਕਢਦੇ ਅਤੇ ਖਰੀਦਦਾਰੀ ਕਰਦੇ। ਉਸਨੇ ਆਪਣੇ ਪਤੀ ਅਤੇ ਆਪਣੇ ਬੱਚਿਆਂ ਦੇ ਨਾਲ ਨਾਲ ਮੁਜ਼ਫਰਾਬਾਦ ਵਿਚ ਆਪਣੇ ਘਰ ਲਈ ਬਹੁਤ ਸਾਰਾ ਸਮਾਨ ਖਰੀਦਿਆ। ਐਂ ਲਗਦਾ ਸੀ ਜਿਵੇਂ ਉਸ ਕੋਲ ਬਹੁਤ ਸਾਰੇ ਨਕਦ ਪੈਸੇ ਅਤੇ ਡਾਲਰਾਂ ਦੇ ਟਰੈਵਲਰ ਚੈਕ ਸਨ। ਫਿਰ ਉਸਦਾ ਉਥੋਂ ਦਾ ਅੰਤਮ ਦਿਨ ਵੀ ਆ ਗਿਆ। ਉਸਨੇ ਮੈਨੂੰ ਰਾਤ ਦੇ ਖਾਣੇ ਲਈ ਸੱਦਾ ਦਿਤਾ। ਉਹ ਕਹਿਣ ਲਗੀ, ''ਕੀ ਤੂੰ ਕਦੇ ਕਸ਼ਮੀਰੀ ਖਾਣਾ ਖਾਧਾ ਐ? ਸੰਸਾਰ ਭਰ ਦੇ ਸਭ ਖਾਣੇ ਤੋਂ ਇਹ ਸਭ ਤੋਂ ਸੁਆਦਲਾ ਹੁੰਦਾ ਹੈ। ਪਰ ਇਹ ਭਾਰੀ ਕਾਫੀ ਹੁੰਦਾ ਹੈ। ਮੈਂ ਬੜਾ ਚੰਗਾ ਖਾਣਾ ਬਣਾਉਂਦੀ ਹਾਂ। ਮੈਂ ਗੋਸ਼ਤਵਾ ਬਹੁਤ ਚੰਗਾ ਬਣਾ ਲੈਂਦੀ ਹਾਂ। ਤੂੰ ਕਦੇ ਗੋਸ਼ਤਵਾ ਖਾਧਾ ਹੈ?''

ਮੈਂ ਇਹ ਗੱਲ ਮੰਨੀ ਕਿ ਮੈਂ ਗੋਸ਼ਤਵਾ ਕਦੇ ਨਹੀਂ ਸੀ ਖਾਧਾ।

ਉਹ ਕਹਿਣ ਲਗੀ, ''ਤੂੰ ਮੈਨੂੰ ਦੱਸ ਕਿ ਤੂੰ ਕੀ ਕੁਝ ਨਹੀਂ ਖਾਂਦਾ। ਤੁਸੀਂ ਹਿੰਦੂ ਖਾਣ ਵੇਲੇ ਬੜੇ ਨਖਰੇ ਕਰਦੇ ਹੋ। ਮੈਨੂੰ ਪਤਾ ਹੈ ਕਿ ਤੁਸੀਂ ਗਊ ਦਾ ਮਾਸ ਨਹੀਂ ਖਾਂਦੇ। ਪਰ ਯਕੀਨ ਰੱਖ, ਇਹ ਬਹੁਤ ਸੁਆਦਲਾ ਬਣਦਾ ਹੈ। ਤੁਹਾਡੇ ਵਿਚੋਂ ਕਿੰਨੇ ਲੋਕ ਸ਼ਾਕਾਹਾਰੀ ਹਨ। ਨਾ ਮਛੀ ਖਾਂਦੇ ਹੋ, ਨਾ ਆਂਡੇ ਖਾਂਦੇ ਹੋ। ਕਈ ਤਾਂ ਗੰਢੇ ਅਤੇ ਲੱਸਣ ਵੀ ਨਹੀਂ ਖਾਂਦੇ। ਗੰਢਿਆਂ ਜਾਂ ਲਸਣ ਦੇ ਬਿਨਾਂ ਕੋਈ ਚੀਜ਼ ਸਵਾਦ ਕਿਵੇਂ ਬਣ ਸਕਦੀ ਹੈ? ਦੱਸ ਤਾਂ ਸਹੀ?''

ਮੈਂ ਕਿਹਾ, ''ਮੈਂ ਗਊ ਮਾਸ ਤੋਂ ਬਿਨਾਂ ਹਰ ਚੀਜ਼ ਖਾ ਲੈਂਦਾ ਹਾਂ। ਕਿਉਂ ਕਿ ਮੈਂ ਗਾਂ ਨੂੰ ਪਵਿੱਤਰ ਸਮਝਦਾ ਹਾਂ। ਸਗੋਂ ਮੇਰਾ ਪਾਲਣ ਪੋਸ਼ਨ ਹੀ ਇਸ ਤਰ੍ਹਾਂ ਹੋਇਆ ਹੈ ਅਤੇ ਮੈਂ ਤੈਨੂੰ ਦੱਸਾਂ ਕਿ ਸੂਰ ਦਾ ਮਾਸ ਜਿਸਨੂੰ ਤੁਸੀਂ ਹੱਥ ਤੱਕ ਨਹੀਂ ਲਾਂਦੇ, ਬਹੁਤ ਹੀ ਮਾੜਾ ਸੁਆਦਲਾ ਹੁੰਦਾ ਹੈ। ਬਹੁਤ ਸਾਰੇ ਯੂਰਪੀ ਅਤੇ ਅਮਰੀਕੀ ਲੋਕ ਸੂਰ ਦਾ ਮਾਸ ਹਰ ਰੋਜ਼ ਖਾਂਦੇ ਹਨ। ਇਸਲਾਮ ਪ੍ਰਸ਼ਾਂਤ ਸਾਗਰ ਦੇ ਟਾਪੂਆਂ ਵਿਚ ਕਿਉਂ ਨਹੀਂ ਫੈਲਿਆ, ਮੇਰੇ ਖਿਆਲ ਨਾਲ ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਦਾ ਅਰਥਚਾਰਾ ਸੂਰਾਂ ਉਤੇ ਟਿਕਿਆ ਹੋਇਆ ਹੈ। ਮੈਨੂੰ ਇਹ ਵੀ ਪਤਾ ਹੈ ਕਿ ਯਹੂਦੀਆਂ ਵਾਂਗ ਹੀ ਬਹੁਤ ਸਾਰੇ ਮੁਸਲਮਾਨ ਕੁਝ ਸਮੁੰਦਰੀ ਜੀਵਾਂ ਨੂੰ ਵੀ ਨਹੀਂ ਖਾਂਦੇ। ਅਰਬ ਅਤੇ ਅਫਰੀਕੀ ਸਮੁੰਦਰੀ ਤੱਟਾਂ ਉਤੇ ਰਹਿਣ ਵਾਲੇ ਮੁਸਲਮਾਨ ਕਬੀਲੇ ਇਸ ਕਰਕੇ ਮਛੀ ਨਹੀਂ ਖਾਂਦੇ ਹਨ, ਕਿਉਂਕਿ ਉਹ ਸੋਚਦੇ ਹਨ ਕਿ ਮਛੀ ਅਸਲ ਵਿਚ ਸਮੁੰਦਰ ਦਾ ਸੱਪ ਹੁੰਦੀ ਹੈ।''

ਉਹਨੇ ਮੇਰੀ ਗੱਲ੍ਹ ਥਾਪੜਦੇ ਹੋਏ ਜਵਾਬ ਦਿਤਾ, ''ਤੂੰ ਦਲੀਲਾਂ ਬੜੀਆਂ ਦਿੰਦਾ ਹੈਂ। ਕਲ੍ਹ ਸ਼ਾਮ ਨੂੰ ਜ਼ਰਾ ਛੇਤੀ ਆ ਜਾਈਂ ਤਾਂ ਕਿ ਤੂੰ ਕਸ਼ਮੀਰੀ ਰਸੋਈ ਦਾ ਸਵਾਦ ਮਾਣ ਸਕੇਂ। ਮੈਂ ਪੀਂਦੀ ਨਹੀਂ, ਪਰ ਮੈਂ ਤੇਰੇ ਲਈ ਬੀਅਰ ਲਿਆ ਕੇ ਫਰਿਜ ਵਿਚ ਰਖ ਦੇਆਂਗੀ।''

ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਯਾਸਮੀਨ ਨਾਲ ਇਕ ਖ਼ੁਸ਼ਗਵਾਰ ਸ਼ਾਮ ਬਿਤਾਉਣ ਤੋਂ ਬਿਨਾਂ ਮੇਰੇ ਮਨ ਵਿਚ ਹੋਰ ਕੁਝ ਨਹੀਂ ਸੀ। ਪਰ ਹਾਲਾਤ ਇਸ ਤਰ੍ਹਾਂ ਨਾ ਰਹੇ। ਮੈਂ ਉਸ ਲਈ ਗਹਿਰੇ ਲਾਲ ਰੰਗ ਦੇ ਗੁਲਾਬੀ ਫੁਲਾਂ ਦਾ ਗੁਲਦਸਤਾ ਲੈ ਲਿਆ। ਜਦੋਂ ਮੈਂ ਉਸਨੂੰ ਫੁਲ ਫੜਾਏ ਤਾਂ ਉਹਨੇ ਮੇਰੇ ਹਥ ਚੁੰਮ ਲਏ ਅਤੇ ਮੈਨੂੰ ਨਿੱਘੀ ਜੱਫੀ ਪਾਈ। ਮੈਂ ਗੈਰ ਰਸਮੀ ਕਪੜੇ ਪਾਏ ਹੋਏ ਸਨ, ਜਦਕਿ ਉਸਨੇ ਸਿਲਕ ਦੀ ਸਲਵਾਰ ਕਮੀਜ਼ ਪਾਈ ਹੋਈ ਸੀ, ਜਿਸਦੇ ਸੁਨਹਿਰੀ ਝਾਲਰ ਲਗੀ ਹੋਈ ਸੀ। ਉਸਦੇ ਗਲ਼ ਵਿਚ ਇਕ ਸੋਨੇ ਦਾ ਹਾਰ ਸੀ ਅਤੇ ਇਸ ਹਾਰ ਦੇ ਤਾਵੀਜ਼ ਉਤੇ ਕੁਰਾਨ ਦੀ ਕੋਈ ਆਇਤ ਲਿਖੀ ਹੋਈ ਸੀ। ਨਾਲ ਹੀ ਉਸਨੇ ਸੋਨੇ ਦੇ ਬੁੰਦੇ ਅਤੇ ਸੋਨੇ ਦੀਆਂ ਵੰਗਾਂ ਪਾਈਆਂ ਹੋਈਆਂ ਸਨ। ਉਹਨੇ ਭਾਰੀ ਮੇਕਅਪ ਕੀਤਾ ਹੋਇਆ ਸੀ ਅਤੇ ਆਪਣੇ ਉਤੇ ਫਰਾਂਸੀਸੀ ਮੁਸ਼ਕ ਛਿੜਕਿਆ ਹੋਇਆ ਸੀ। ਫਰਿਜ ਵਿਚ ਬੀਅਰ ਰਖਣ ਦੇ ਨਾਲ ਨਾਲ ਉਹਨੇ ਸਕਾਚ ਦੀ ਅੱਧੀ ਬੋਤਲ, ਇਕ ਗਿਲਾਸ ਅਤੇ ਪਾਣੀ ਦਾ ਜੱਗ ਵੀ ਮੇਜ਼ ਉਤੇ ਰੱਖਿਆ ਹੋਇਆ ਸੀ। ਉਹ ਕਹਿਣ ਲੱਗੀ, ''ਤੂੰ ਸਕਾਚ ਜਾਂ ਬੀਅਰ ਜੋ ਵੀ ਲੈਣੀ ਹੈ ਲੈ, ਮੈਂ ਸ਼ਾਮ ਦੀ ਨਮਾਜ਼ ਪੜ੍ਹ ਲਵਾਂ।''

ਉਹ ਆਪਣੇ ਸੌਣ ਕਮਰੇ ਵਿਚ ਗਈ, ਫਰਸ਼ ਤੇ ਨਮਾਜ਼ ਵਾਲੀ ਚਟਾਈ ਵਿਛਾਈ ਅਤੇ ਮੱਕੇ ਵਲ ਨੂੰ ਮੂੰਹ ਕਰਕੇ ਖੜ੍ਹ ਗਈ। ਮੈਂ ਆਪਣੇ ਲਈ ਸਕਾਚ ਦਾ ਇਕ ਪੈੱਗ ਪਾਇਆ। ਜਦੋਂ ਮੈਂ ਉਸਨੂੰ ਹੌਲੀ ਹੌਲੀ ਪੀ ਰਿਹਾ ਸਾਂ ਤਾਂ ਮੈਂ ਉਸ ਦੀਆਂ ਹਰਕਤਾਂ ਵੀ ਦੇਖ ਰਿਹਾ ਸਾਂ। ਉਹ ਲੰਬੇ ਸਮੇਂ ਤਕ ਗੋਡਿਆਂ ਭਾਰ ਬੈਠੀ ਰਹੀ ਅਤੇ ਆਪਣੇ ਦੋਵੇਂ ਹੱਥਾਂ ਦੀਆਂ

ਤਲੀਆਂ ਖੋਲ੍ਹ ਕੇ ਆਪਣੇ ਮੂੰਹ ਦੇ ਸਾਹਮਣੇ ਇਸ ਤਰ੍ਹਾਂ ਫੈਲਾਈ ਰਖੀਆਂ, ਜਿਵੇਂ ਹੱਥਾਂ ਦੀਆਂ ਲਕੀਰਾਂ ਪੜ੍ਹ ਰਹੀ ਹੋਵੇ। ਮੈਨੂੰ ਉਹਦੇ ਬੁਲ੍ਹ ਹਿਲਦੇ ਦਿਖਾਈ ਦੇਂਦੇ ਸਨ, ਪਰ ਸੁਣਾਈ ਨਹੀਂ ਸੀ ਦਿੰਦਾ ਕਿ ਉਹ ਕੀ ਬੋਲ ਰਹੀ ਸੀ। ਉਹ ਬੜੀ ਸ਼ਾਂਤ ਲਗ ਰਹੀ ਸੀ। ਪਹਿਲਾਂ ਉਹਨੇ ਆਪਣਾ ਚਿਹਰਾ ਇਕ ਪਾਸੇ ਨੂੰ ਘੁੰਮਾਇਆ ਅਤੇ ਫਿਰ ਦੂਜੇ ਪਾਸੇ ਨੂੰ। ਫਿਰ ਉਹਨੇ ਆਪਣੇ ਹੱਥ ਆਪਣੇ ਚਿਹਰੇ ਨੂੰ ਛੁਹਾਏ ਤੇ ਖੜੀ ਹੋ ਗਈ। ਉਹਨੇ ਨਮਾਜ਼ ਵਾਲੀ ਚਟਾਈ ਇਕੱਠੀ ਕੀਤੀ ਅਤੇ ਬਿਸਤਰੇ ਦੇ ਹੇਠਾਂ ਰਖ ਦਿਤੀ।

ਉਹ ਇਹ ਦੇਖਣ ਲਈ ਰਸੋਈ ਵਿਚ ਗਈ ਕਿ ਗੋਸ਼ਤਵਾ ਠੀਕ ਤਰ੍ਹਾਂ ਪੱਕ ਰਿਹਾ ਸੀ ਜਾਂ ਨਹੀਂ। ਉਹਨੇ ਅੱਗ ਘੱਟ ਕਰ ਦਿਤੀ ਤਾਂ ਕਿ ਇਹ ਹੌਲੀ ਹੌਲੀ ਪੱਕੇ। ਫਿਰ ਉਹ ਮੇਰੇ ਕੋਲ ਆ ਗਈ ਅਤੇ ਪੁਛਣ ਲਗੀ, ''ਡਰਿੰਕ ਕੈਸੀ ਹੈ? ''ਮੈਂ ਜਵਾਬ ਦਿਤਾ, ''ਬਹੁਤ ਧੀਆ, ਕੀ ਤੂੰ ਪੀਣਾ ਚਾਹੇਂਗੀ?''

''ਤੋਬਾ! ਇਹ ਹਰਾਮ ਹੈ। ਤੂੰ ਮੈਨੂੰ ਪਾਪੀ ਬਣਾਕੇ ਛੱਡੇਂਗਾ। ਹੈ ਨਾ? ਤੂੰ ਮੈਨੂੰ ਫਰਿਜ ਵਿਚੋਂ ਕੋਕ ਕਢ ਕੇ ਲਿਆ ਦੇ।''

ਮੈਂ ਕੋਕ ਦਾ ਇਕ ਡੱਬਾ ਕਢਿਆ। ਇਸ ਤੋਂ ਪਹਿਲਾਂ ਕਿ ਮੈਂ ਇਹਨੂੰ ਖੋਲਦਾ, ਉਹਨੇ ਇਹ ਮੇਰੇ ਹੱਥੋਂ ਫੜ ਲਿਆ ਤੇ ਇਸਨੂੰ ਮੇਜ਼ ਉਤੇ ਰਖ ਦਿਤਾ। ਉਹਨੇ ਮੇਰੇ ਹੱਥ ਆਪਣੇ ਹੱਥਾਂ ਵਿਚ ਲਏ ਤੇ ਮੇਰੀਆਂ ਅਖਾਂ ਵਿਚ ਉਨੀ ਦੇਰ ਝਾਂਕਦੀ ਰਹੀ ਜਿੰਨੀ ਦੇਰ ਤਕ ਮੈਂ ਸ਼ਰਮ ਨਾਲ ਆਪਣੀਆਂ ਅਖਾਂ ਨੀਵੀਂਆਂ ਨਾ ਕਰ ਲਈਆਂ। ਅਚਨਚੇਤ ਉਹਨੇ ਆਪਣੀਆਂ ਬਾਹਾਂ ਮੇਰੀ ਧੌਣ ਦੁਆਲੇ ਵਲੀਆਂ ਅਤੇ ਕਹਿਣ ਲਗੀ, ''ਇਹ ਸਾਡੀ ਇਕਠਿਆਂ ਦੀ ਸ਼ਾਮ ਹੈ, ਮੈਨੂੰ ਪਿਆਰ ਕਰ। ਬਾਕੀ ਦੇ ਆਪਣੇ ਜੀਵਨ ਦੇ ਦਿਨਾਂ ਦੌਰਾਨ ਮੈਂ ਤੈਨੂੰ ਹਮੇਸ਼ਾ ਯਾਦ ਰਖਾਂਗੀ।''

ਜੇ ਮੈਂ ਕਹਾਂ ਕਿ ਮੈਂ ਹੈਰਾਨ ਰਹਿ ਗਿਆ ਸਾਂ ਤਾਂ ਮੈਂ ਇਸਨੂੰ ਵਧਾ ਚੜ੍ਹਾ ਕੇ ਨਹੀਂ ਕਹਿ ਰਿਹਾ। ਉਸ ਸ਼ਾਮ ਮੈਨੂੰ ਇਸ ਤਰ੍ਹਾਂ ਦੀ ਕੋਈ ਤਵੱਕੋ ਨਹੀਂ ਸੀ। ਉਂਝ ਵੀ ਮੈਨੂੰ ਯਾਸਮੀਨ ਪ੍ਰਤੀ ਕਦੇ ਇਸ ਤਰ੍ਹਾਂ ਦੀ ਭਾਵਨਾ ਨਹੀਂ ਸੀ ਮਹਿਸੂਸ ਹੋਈ। ਪਰ ਉਸ ਮੈਨੂੰ ਨਾਂਹ ਕਰਨ ਦਾ ਮੌਕਾ ਹੀ ਨਾ ਦਿਤਾ। ਉਹਨੇ ਮੇਰਾ ਹਥ ਫੜਿਆ ਤੇ ਆਪਣੇ ਸੋਣ ਕਮਰੇ ਵਿਚ ਲੈ ਗਈ। ਉਹਨੇ ਗਹਿਣਿਆਂ ਤੋਂ ਬਿਨਾਂ ਸਾਰਾ ਕੁਝ ਲਾਹ ਦਿਤਾ। ਉਹਦੀ ਚਮੜੀ ਨਰਮ ਸੀ ਪਰ ਚਰਬੀ ਵਾਲੀ ਉਹਦੀਆਂ ਵੱਡੀਆਂ ਛਾਤੀਆਂ ਢਲਕੀਆਂ ਹੋਈਆਂ ਸਨ ਅਤੇ ਉਹਨੇ ਆਪਣੇ ਗੁਪਤ ਵਾਲ ਮੁੰਨੇ ਹੋਏ ਸਨ। ਜਿੰਨੀਆਂ ਵੀ ਕੁੜੀਆਂ ਨਾਲ ਮੈਂ ਹੁਣ ਤਕ ਸੁਤਾ ਸਾਂ, ਉਨ੍ਹਾਂ ਵਿਚੋਂ ਕਿਸੇ ਨੇ ਵੀ ਇਹ ਵਾਲ ਨਹੀਂ ਸਨ ਮੁੰਨੇ ਹੋਏ। ਮੈਂ ਇਹ ਦੇਖ ਕੇ ਹੈਰਾਨ ਸਾਂ ਕਿ ਏਡੀ ਵੱਡੀ ਔਰਤ ਜਿਹੜੀ ਕਿ ਦੋ ਬੱਚਿਆਂ ਦੀ ਮਾਂ ਵੀ ਸੀ, ਦਾ ਗੁਪਤ ਅੰਗ ਕਿੰਨਾ ਛੋਟਾ ਸੀ। ਮੈਂ ਜਦੋਂ ਉਸ ਵੱਲ ਵੇਖ ਰਿਹਾ ਸਾਂ ਤਾਂ ਉਹਨੇ ਮੇਰੀ ਕਮੀਜ਼ ਤੇ ਪਤਲੂਨ ਲਾਹ ਦਿਤੇ। ਮੇਰੇ ਵਲ ਵੇਖ ਕੇ ਉਹ ਬੋਲੀ, ''ਮਾਸ਼ਾ ਅੱਲਾ! ਕੀ ਕਮਾਲ ਦੀ ਚੀਜ਼ ਹੈ। ਜੇ ਸਾਰੇ ਹਿੰਦੂਆਂ

ਦਾ ਇਹੀ ਹਾਲ ਹੈ ਤਾਂ ਇਹ ਜ਼ਹੂਰ ਸ਼ਿਵਲਿੰਗ ਦੀ ਪੂਜਾ ਦਾ ਹੀ ਅਸਰ ਹੈ।'' ਉਹਨੇ ਮੇਰੇ ਮੋਢੇ ਨਾਲ ਮੋਢਾ ਜੋੜ ਲਏ ਅਤੇ ਮੈਨੂੰ ਸਹਿਲਾਉਣ ਲੱਗੀ।

ਮੈਂ ਮੈਨੂੰ ਆਪਣੇ ਉਪਰ ਖਿਚ ਲਿਆ ਅਤੇ ਲੱਤਾਂ ਫੈਲਾ ਦਿਤੀਆਂ। ਉਹ ਖੁਸ਼ੀ ਨਾਲ ਚੀਕੀ ਅਤੇ ਮੇਰੀ ਪਿਠ ਪਿਛੇ ਆਪਣੀਆਂ ਲਤਾਂ ਦੀ ਤਰੰਗੜੀ ਮਾਰ ਲਈ। ਅਸੀਂ ਇਕਠੇ ਹੀ ਖਲਾਅ ਹੋਏ।

ਉਹ ਲੰਮੀ ਪਈ ਰਹੀ। ਫਿਰ ਉਹਨੇ ਮੈਨੂੰ ਆਪਣੇ ਉਤੋਂ ਪਿਛਾਂ ਧੱਕਿਆ ਤੇ ਆਪ ਬਾਥਰੂਮ ਚਲੀ ਗਈ। ਉਹਨੇ ਕਮੀਜ਼ ਪਾ ਲਈ ਤੇ ਕਹਿਣ ਲਗੀ, ''ਗੋਸ਼ਤਵਾ ਹੁਣ ਤਕ ਤਿਆਰ ਹੋ ਚੁਕਾ ਹੋਣਾ। ਮੈਂ ਨਹੀਂ ਚਾਹੁੰਦੀ ਕਿ ਇਹ ਜ਼ਿਆਦਾ ਪੱਕ ਜਾਵੇ। ਤੂੰ ਆਪਣੇ ਆਪ ਨੂੰ ਸਾਫ਼ ਕਰ ਲੈ ਤੇ ਅਸੀਂ ਇਕਠੇ ਹੀ ਖਾਣਾ ਖਾਵਾਂਗੇ।'' ਜਿਵੇਂ ਉਹਨੇ ਕਿਹਾ ਸੀ ਮੈਂ ਉਸੇ ਤਰ੍ਹਾਂ ਕੀਤਾ। ਉਹ ਉਸ ਵੇਲੇ ਐਸੇ ਬੌਸ ਵਰਗੀ ਸੀ ਜਿਹੜੀ ਸਥਿਤੀ ਉਤੇ ਪੂਰਾ ਕੰਟਰੋਲ ਰਖ ਰਹੀ ਸੀ। ਅਸੀਂ ਖਾਣ ਲਈ ਬੈਠ ਗਏ। ਮੈਂ ਵੇਖਿਆ ਕਿ ਉਹਨੇ ਸਲਵਾਰ ਨਹੀਂ ਸੀ ਪਾਈ। ਉਹਦੀ ਕਮੀਜ਼ ਉਹਦੇ ਗੋਡਿਆਂ ਤੱਕ ਲੰਬੀ ਸੀ। ਜਦੋਂ ਵੀ ਉਠਦੀ ਬੈਠਦੀ ਤਾਂ ਉਹਦੇ ਚੌੜੇ ਪੱਟ ਦਿਖਾਈ ਦਿੰਦੇ। ਮੈਂ ਸਮਝ ਗਿਆ ਕਿ ਰਾਤ ਦੇ ਖਾਣੇ ਤੋਂ ਬਾਅਦ ਉਹ ਇਕ ਝੁੱਟੀ ਹੋਰ ਲਾਣਾ ਚਾਹੁੰਦੀ ਹੈ।

ਮੈਨੂੰ ਨਹੀਂ ਸੀ ਪਤਾ ਕਿ ਮੈਂ ਉਸਦੇ ਮੇਚ ਦਾ ਹੋ ਸਕਾਂਗਾ ਕਿ ਨਹੀਂ। ਫਿਰ ਵੀ ਮੈਂ ਬਿਨਾਂ ਸੋਚੇ ਸਮਝੇ, ਆਪਣੇ ਆਪ ਨੂੰ ਉਸਦੇ ਹਵਾਲੇ ਕਰ ਦਿਤਾ। ਜਦੋਂ ਉਹ ਭਾਂਡੇ ਧੋ ਰਹੀ ਸੀ ਤੇ ਮੈਂ ਕਪੜੇ ਨਾਲ ਉਨ੍ਹਾਂ ਨੂੰ ਸੁਕਾ ਰਿਹਾ ਸਾਂ ਤਾਂ ਮੈਂ ਉਹਦੀ ਕਮੀਜ਼ ਦੇ ਹੇਠਾਂ ਆਪਣਾ ਸੱਜਾ ਹਥ ਪਾ ਕੇ ਉਹਦੇ ਭਾਰੀ ਕੁਲਿਆਂ ਤੇ ਚੁੰਡੀ ਵੱਢੀ। ਇੰਝ ਲਗਦਾ ਸੀ ਜਿਵੇਂ ਦੋ ਤਾਨਪੁਰਿਆਂ ਨੂੰ ਇਕਠੇ ਮਿਲਾ ਦਿਤਾ ਹੋਵੇ। ਉਹ ਮੇਰੇ ਵਲ ਵੇਖ ਕੇ ਮੁਸਕਰਾਈ ਤੇ ਮੇਰੇ ਬੁਲ੍ਹਾਂ ਨੂੰ ਚੁੰਮਿਆ। ਉਹ ਕਹਿਣ ਲਗੀ, ''ਤੂੰ ਦੂਜੀ ਵਾਰੀ ਵੀ ਚਾਹੁਨਾ ਹੈਂ? ਮੈਂ ਵੀ ਇਹੀ ਚਾਹੁੰਦੀ ਹਾਂ। ਇਸ ਵਾਰ ਅਸੀਂ ਵਖਰੀ ਤਰ੍ਹਾਂ ਕਰਾਂਗੇ।''

ਥੋੜ੍ਹੀ ਦੇਰ ਲਈ ਅਸੀਂ ਹੱਥ ਵਿਚ ਹੱਥ ਫੜ੍ਹਕੇ ਬੈਠੇ ਰਹੇ ਤੇ ਗੱਲਾਂ ਕਰਦੇ ਰਹੇ। ਉਸ ਮੈਨੂੰ ਦੱਸਿਆ ਕਿ ਮੁਜ਼ਫਰਾਬਾਦ ਵਿਚ ਉਹ ਦਿਨ ਭਰ ਕੀ ਕਰਦੀ ਹੈ, ''ਕਿਉਂਕਿ ਮੈਂ ਤੇ ਮੇਰਾ ਪਤੀ ਦੋਵੇਂ ਹੀ ਸਿਆਸਤ ਵਿਚ ਹਾਂ, ਇਸ ਲਈ ਸਾਡੇ ਕੋਲ ਆਪਣੇ ਆਪ ਲਈ ਕੋਈ ਸਮਾਂ ਨਹੀਂ ਹੁੰਦਾ। ਸਵੇਰ ਤੋਂ ਲੈ ਕੇ ਸ਼ਾਮ ਤਕ ਜਨਤਾ ਦੇ ਦਰਬਾਰ ਵਰਗਾ ਮਾਹੌਲ ਹੁੰਦਾ ਹੈ। ਅਸੀਂ ਜਿਥੇ ਵੀ ਜਾਂਦੇ ਹਾਂ, ਮਰਦ ਅਤੇ ਔਰਤਾਂ ਅਰਜ਼ੀਆਂ ਲਈ ਸਾਨੂੰ ਘੇਰਾ ਪਾ ਲੈਂਦੇ ਹਨ। ਇਥੇ ਆ ਕੇ ਮੈਨੂੰ ਇੱਦਾਂ ਲਗਦਾ ਹੈ ਜਿਵੇਂ ਮੈਂ ਛੁਟੀਆਂ ਮਨਾ ਰਹੀ ਹਾਂ। ਮੈਂ ਇਹ ਚਾਹੁਨੀ ਹਾਂ ਕਿ ਛੁੱਟੀਆਂ ਵੱਧ ਜਾਣ। ਪਰ ਮੇਰੀ ਗਰਾਂਟ ਖਤਮ ਹੋ ਗਈ ਹੈ ਅਤੇ ਮੇਰਾ ਪਰਿਵਾਰ ਵੀ ਇਹ ਜਾਣਨਾ ਚਾਹੇਗਾ ਕਿ ਮੈਂ ਕੰਮ ਮੁੱਕਣ ਤੋਂ ਬਾਅਦ ਪਹਿਲੀ ਉਡਾਨ ਰਾਹੀਂ ਕਰਾਚੀ ਅਤੇ ਘਰ ਕਿਉਂ ਨਹੀਂ ਆ ਰਹੀ?''

ਉਹ ਖੜੀ ਹੋ ਗਈ ਅਤੇ ਉਸਨੇ ਬਾਹਾਂ ਉਪਰ ਚੱਕ ਕੇ ਅੰਗੜਾਈ ਲਈ। ਨਾਲ ਹੀ ਉਸਨੂੰ ਉਬਾਸੀ ਜਿਹੀ ਆ ਗਈ। ਉਹਨੇ ਮੇਰਾ ਹੱਥ ਫੜਿਆ ਅਤੇ ਬਿਸਤਰੇ ਤਕ ਲਿਜਾਂਦੇ ਹੋਏ ਮੈਨੂੰ ਉਸ ਉਤੇ ਲੰਮਾ ਪਾ ਦਿੱਤਾ। ਕਹਿਣ ਲਗੀ, ''ਇਸ ਵਾਰੀ ਤੂੰ ਆਰਾਮ ਕਰ, ਬਾਕੀ ਦਾ ਸਾਰਾ ਕੰਮ ਮੈਂ ਕਰਾਂਗੀ।'' ਉਹਨੇ ਮੇਰੀ ਪਤਲੂਨ ਲਾਹ ਦਿੱਤੀ ਅਤੇ ਆਪਣੇ ਹਥਾਂ ਦੀ ਹਰਕਤ ਨਾਲ ਮੈਨੂੰ ਤਿਆਰ ਕਰ ਲਿਆ। ਫਿਰ ਉਹ ਮੇਰੇ ਉਤੇ ਚੜ੍ਹ ਆਈ। ਉਸਦੀਆਂ ਹਰਕਤਾਂ ਤੋਂ ਲਗਦਾ ਸੀ ਕਿ ਉਹ ਬੜੀ ਕਾਹਲੀ ਸੀ। ਉਹਦੀਆਂ ਛਾਤੀਆਂ ਮੇਰੇ ਮੂੰਹ ਉਤੇ ਲੱਗ ਰਹੀਆਂ ਸਨ। ਉਹਨੇ ਵਾਰੀ ਵਾਰੀ ਦੋਵੇਂ ਛਾਤੀਆਂ ਦੇ ਨਿੱਪਲ ਮੇਰੇ ਮੂੰਹ ਵਿਚ ਪਾਏ। ਉਹਨੇ ਮੇਰੇ ਨੱਕ, ਬੁਲ੍ਹਾਂ ਅਤੇ ਧੌਣ ਨੂੰ ਬੁਰੀ ਤਰ੍ਹਾਂ ਚੁੰਮਿਆ ਅਤੇ ਇਨ੍ਹਾਂ ਉਤੇ ਥੁੱਕ ਲਾ ਦਿਤਾ। ਉਹ ਕਹਿਣ ਲਗੀ, ''ਛੇ ਮਹੀਨਿਆਂ ਤੋਂ ਮੈਂ ਭੁੱਖੀ ਸਾਂ।'' ਫਿਰ ਉਹ ਤੇਜ਼ੀ ਨਾਲ ਹਰਕਤ ਕਰਨ ਲਗੀ ਅਤੇ ਉਚੀ ਉਚੀ ਹਾ ਹਾ ਕਹਿੰਦੀ ਹੋਏ ਮੁਰਦੇ ਵਾਂਗ ਮੇਰੇ ਉਤੇ ਆ ਡਿੱਗੀ।

ਉਹ ਕਹਿਣ ਲੱਗੀ, ''ਇਕ ਦੂਜੇ ਨੂੰ ਗਾਲਾਂ ਕਢਣ ਅਤੇ ਲੜਾਈ ਕਰਨ ਦੀ ਥਾਂ ਕੀ ਇਸ ਤਰੀਕੇ ਨਾਲ ਭਾਰਤ ਤੇ ਪਾਕਿਸਤਾਨ ਦੀਆਂ ਸਮਸਿਆਵਾਂ ਹੱਲ ਕਰਨਾ ਠੀਕ ਨਹੀਂ ਰਹੇਗਾ?''

ਮੈਂ ਜਵਾਬ ਦਿਤਾ, ''ਬਿਲਕੁਲ, ਅਤੇ ਪਾਕਿਸਤਾਨ ਹਮੇਸ਼ਾ ਉਪਰ ਰਹੇਗਾ?''

''ਬਿਲਕੁਲ, ਪਾਕਿਸਤਾਨ ਨੂੰ ਹਮੇਸ਼ਾ ਉਪਰ ਰਹਿਣਾ ਚਾਹੀਦਾ ਹੈ।''

ਮੈਂ ਥੱਕ ਚੁਕਾ ਸਾਂ ਅਤੇ ਜਾਣਾ ਚਾਹੁੰਦਾ ਸਾਂ। ਉਹ ਮੈਨੂੰ ਚਿੰਬੜ ਗਈ ਅਤੇ ਕਹਿਣ ਲਗੀ, ''ਅੱਜ ਰਾਤ ਮੇਰੇ ਕੋਲ ਰਹਿ ਜਾ। ਜੇ ਤੂੰ ਚਲਾ ਗਿਆ ਤਾਂ ਮੈਂ ਬਹੁਤ ਇਕੱਲੀ ਮਹਿਸੂਸ ਕਰਾਂਗੀ। ਮੈਂ ਵਾਅਦਾ ਕਰਦੀ ਹਾਂ ਕਿ ਮੈਂ ਤੈਨੂੰ ਹੋਰ ਤੰਗ ਨਹੀਂ ਕਰਾਂਗੀ।''

ਮੈਂ ਰਾਤ ਭਰ ਉਸ ਨਾਲ ਰਹਿਣ ਅਤੇ ਅਗਲੀ ਸਵੇਰ ਉਹਨੂੰ ਬੱਸ ਅੱਡੇ ਤੱਕ ਛੱਡਣ ਜਾਣ ਲਈ ਸਹਿਮਤ ਹੋ ਗਿਆ। ਫਿਰ ਵੀ ਮੈਂ ਉਸਨੂੰ ਕੁਝ ਔਖੇ ਸਵਾਲ ਪਾਉਣੋਂ ਨਾ ਰਹਿ ਸਕਿਆ, ''ਇਹ ਦੱਸ ਕਿ ਤੂੰ ਅਤੇ ਮੈਂ ਜੋ ਕੁਝ ਕਰਕੇ ਹਟੇ ਹਾਂ, ਉਸਨੂੰ ਇਸਲਾਮੀ ਕਦਰਾਂ ਕੀਮਤਾਂ ਦੇ ਮੁਤਾਬਕ ਕਿਵੇਂ ਜਾਇਜ਼ ਠਹਿਰਾਏਂਗੀ?''

ਉਹ ਲੰਬੇ ਸਮੇਂ ਤਕ ਚੁਪ ਰਹੀ ਅਤੇ ਵੱਡੀਆਂ ਵੱਡੀਆਂ ਅਖਾਂ ਨਾਲ ਵੇਖਦੀ ਰਹੀ। ਫਿਰ ਕਹਿਣ ਲਗੀ, ''ਮੈਂ ਜੋ ਕੀਤਾ ਹੈ ਉਹ ਪਾਪ ਹੈ।''

''ਇਕ ਐਸਾ ਪਾਪ ਜਿਸਦੀ ਸਜ਼ਾ ਪੱਥਰ ਮਾਰ ਕੇ ਜਾਂ ਸਿਰ ਕਲਮ ਕਰਕੇ ਮੌਤ ਹੁੰਦਾ ਹੈ?''

''ਤੂੰ ਠੀਕ ਕਹਿੰਦਾ ਹੈਂ। ਪਰ ਸ਼ਰੀਅਤ ਦੇ ਕਾਨੂੰਨ ਅਨੁਸਾਰ ਇਸ ਤਰ੍ਹਾਂ ਦੇ ਮਾਮਲੇ ਵਿਚ ਦੋ ਚਸ਼ਮਦੀਦ ਗਵਾਹਾਂ ਦੀ ਲੋੜ ਹੁੰਦੀ ਹੈ। ਮੇਰੇ ਖਿਲਾਫ ਇਸ ਦੋਸ਼ ਨੂੰ ਕੋਈ ਸਾਬਤ ਨਹੀਂ ਕਰ ਸਕਦਾ। ਸ਼ਰੀਅਤ ਦੀ ਅਦਾਲਤ ਵਿਚ ਤੈਨੂੰ ਕੋਈ ਨਹੀਂ ਪੁਛੇਗਾ ਕਿਉਂਕਿ ਤੂੰ ਮੁਸਲਮਾਨ ਨਹੀਂ।''

''ਕੀ ਤੇਰੇ ਲਈ ਸਿਰਫ ਇਸੇ ਦੀ ਮਹਤਤਾ ਹੈ? ਕੀ ਤੇਰੀ ਜ਼ਮੀਰ ਤੈਨੂੰ ਤੰਗ ਨਹੀਂ ਕਰਦੀ?''

''ਇਸ ਸਰੀਰ ਦੀਆਂ ਆਪਣੀਆਂ ਕੁਝ ਲੋੜਾਂ ਹਨ ਅਤੇ ਅੱਲਾ ਨੂੰ ਇਨ੍ਹਾਂ ਲੋੜਾਂ ਦਾ ਪਤਾ ਹੈ। ਉਹ ਰਹੀਮ ਵੀ ਹੈ ਅਤੇ ਰਹਿਮਾਨ ਵੀ। ਉਹ ਮੈਨੂੰ ਮਾਫ ਕਰ ਦੇਵੇਗਾ। ਘਰ ਵਾਪਸ ਜਾਂਦੇ ਸਮੇਂ ਮੈਂ ਮੱਕਾ ਅਤੇ ਮਦੀਨਾ ਵਿਖੇ ਉਮਰਾ ਕਰਕੇ ਜਾਵਾਂਗੀ।''

''ਉਮਰਾ? ਉਹ ਕੀ ਹੁੰਦਾ ਹੈ?''

''ਇਹਨੂੰ ਛੋਟਾ ਹੱਜ ਕਹਿੰਦੇ ਹਨ। ਹੱਜ ਸਾਲ ਵਿਚ ਇਕ ਵਾਰ ਹੁੰਦਾ ਹੈ। ਉਮਰਾ ਜਦੋਂ ਚਾਹੋ ਕਰ ਸਕਦੇ ਹੋ। ਮੈਂ ਅੱਲਾ ਤੋਂ ਮਾਫੀ ਦੀ ਪ੍ਰਾਰਥਨਾ ਕਰਾਂਗੀ।''

''ਅਤੇ ਤੇਰੇ ਸਾਰੇ ਪਾਪ ਧੋਤੇ ਜਾਣਗੇ? ਜਿਵੇਂ ਹਿੰਦੂਆਂ ਦੇ ਪਾਪ ਪਵਿਤਰ ਗੰਗਾ ਵਿਚ ਨਹਾਉਣ ਨਾਲ ਧੋਤੇ ਜਾਂਦੇ ਹਨ।''

ਉਹ ਗੁੱਸੇ ਨਾਲ ਚਿਲਾਈ, ''ਬਕਵਾਸ ਬੰਦ ਕਰ, ਆਪਣੇ ਨਾਲ ਬੀਤੀ ਮੇਰੀ ਆਖਰੀ ਰਾਤ ਨੂੰ ਬਰਬਾਦ ਨਾ ਕਰ।''

ਉਹਨੇ ਆਪਣਾ ਸਿਰ ਮੇਰੀ ਸੱਜੀ ਬਾਂਹ ਉਤੇ ਰੱਖ ਦਿਤਾ ਅਤੇ ਮੇਰੇ ਨਾਲ ਜੁੜ ਕੇ ਪੈ ਗਈ। ਕਹਿਣ ਲਗੀ, ''ਮੈਨੂੰ ਮਾਫੀ ਦਿੱਤੇ ਜਾਣ ਦਾ ਇਕ ਅਸਾਨ ਤਰੀਕਾ ਵੀ ਹੈ। ਜੇ ਮੈਂ ਕਿਸੇ ਕਾਫਰ ਨੂੰ ਇਸਲਾਮ ਵਿਚ ਲੈ ਆਵਾਂ ਤਾਂ ਮੇਰੇ ਸਾਰੇ ਪਾਪ ਧੋਤੇ ਜਾਣਗੇ।''

''ਅੱਛਾ! ਕਿਸੇ ਹੋਰ ਹਿੰਦੂ ਨੂੰ ਲੱਭ ਕੇ ਉਸਨੂੰ ਇਸਲਾਮ ਵਿਚ ਸ਼ਾਮਲ ਕਰ। ਮੈਨੂੰ ਨਹੀਂ।''

ਅਸੀਂ ਛੇਤੀ ਹੀ ਇਕ ਦੂਜੇ ਦੀਆਂ ਬਾਹਾਂ ਵਿਚ ਸੌਂ ਗਏ ਸਾਂ।

ਮੈਨੂੰ ਨਹੀਂ ਪਤਾ ਕਿ ਉਹ ਕਦੋਂ ਬਿਸਤਰੇ ਤੋਂ ਉਠੀ। ਜਦੋਂ ਮੈਨੂੰ ਜਾਗ ਆਈ ਤਾਂ ਮੈਂ ਵੇਖਿਆ ਕਿ ਉਹ ਬਿਸਤਰੇ ਦੇ ਕੋਲ ਵਿਛਾਈ ਚਟਾਈ ਉਤੇ ਸਵੇਰ ਦੀ ਨਮਾਜ਼ ਪੜ੍ਹ ਰਹੀ ਸੀ। ਕਿਸੇ ਵੀ ਤਰ੍ਹਾਂ ਦਾ ਖੜਖੜ ਕੀਤੇ ਬਿਨਾਂ ਉਹ ਨਹਾ ਚੁਕੀ ਸੀ ਤੇ ਕਪੜੇ ਪਹਿਨ ਲਏ ਸਨ। ਮੈਂ ਉਹਦੀ ਨਮਾਜ਼ ਵਿਚ ਦਖਲ ਨਹੀਂ ਦਿਤਾ ਤੇ ਨਹਾਉਣ ਚਲਾ ਗਿਆ। ਮੈਂ ਆਪਣੇ ਨਾਲ ਕੁਝ ਵੀ ਨਹੀਂ ਸੀ ਲੈ ਕੇ ਆਇਆ। ਮੈਂ ਆਪਣੇ ਦੰਦ ਉਹਦੇ ਗਿੱਲੇ ਟੂਥ ਬਰੁਸ਼ ਨਾਲ ਸਾਫ ਕੀਤੇ ਅਤੇ ਉਹਦੇ ਉਸਤਰੇ ਨਾਲ ਹੀ ਆਪਣੀ ਦਾੜ੍ਹੀ ਬਣਾਈ। ਜਦੋਂ ਮੈਂ ਬਾਹਰ ਆਇਆ ਤਾਂ ਉਹ ਨਮਾਜ਼ ਪੜ੍ਹ ਚੁਕੀ ਸੀ ਅਤੇ ਮੇਜ਼ ਤੇ ਨਾਸ਼ਤਾ ਲਾ ਰਹੀ ਸੀ। ਸਾਰੇ ਕਮਰੇ ਵਿਚ ਤਾਜ਼ਾ ਕੌਫੀ ਦੀ ਮਹਿਕ ਖਿਲਰੀ ਹੋਈ ਸੀ।

ਮੈਂ ਉਹਨੂੰ ਆਪਣੀਆਂ ਬਾਹਾਂ ਵਿਚ ਭਰਿਆ ਅਤੇ ਘੁੱਟ ਕੇ ਜੱਫੀ ਪਾਈ। ਜਦੋਂ ਮੈਂ ਉਸਨੂੰ ਛਡਿਆ ਤਾਂ ਮੈਂ ਵੇਖਿਆ ਕਿ ਉਸਦੀਆਂ ਅਖਾਂ ਵਿਚ ਹੰਝੂ ਸਨ। ਮੈਂ ਚੁਪ ਚਾਪ ਟੋਸਟ ਖਾਧਾ ਤੇ ਕੌਫੀ ਪੀਤੀ। ਉਸ ਮੈਨੂੰ ਕਿਹਾ ਕਿ ਮੈਂ ਟੈਲੀਫੋਨ ਕਰਕੇ ਟੈਕਸੀ ਮੰਗਵਾਵਾਂ। ਨਾਲ ਹੀ ਉਹਨੇ ਮੈਨੂੰ ਕਮਰੇ ਦੀ ਚਾਬੀ ਦੇ ਦਿਤੀ ਤਾਂ ਕਿ ਮੈਂ ਉਸਦੇ ਜਾਣ ਤੋਂ ਬਾਅਦ ਇਹ ਮਕਾਨ ਮਾਲਕ ਨੂੰ ਵਾਪਸ ਦੇ ਦੇਵਾਂ। ਮੈਂ ਕਿਹਾ ਕਿ ਮੈਂ ਨਿਊਯਾਰਕ ਅਤੇ ਫਿਰ ਕਨੇਡੀ ਹਵਾਈ ਅੱਡੇ ਤਕ ਉਹਦੇ ਨਾਲ ਚਲਦਾ ਹਾਂ। ਉਹਨੇ ਬੜੀ ਸਖਤੀ ਨਾਲ ਨਾਂਹ ਕਰ ਦਿਤੀ। ਉਹ ਕਹਿਣ ਲੱਗੀ, ''ਪਾਕਿਸਤਾਨੀ ਕਾਊਂਸਲੇਟ ਕਿਸੇ ਬੰਦੇ ਨੂੰ ਹਵਾਈ ਅੱਡੇ ਤੋਂ ਮੈਨੂੰ ਬੱਸ ਅੱਡੇ ਉਤੇ

ਮਿਲਣ ਲਈ ਭੇਜ ਰਿਹਾ ਹੈ। ਉਹੀ ਮੈਨੂੰ ਹਵਾਈ ਅੱਡੇ ਤਕ ਲੈ ਕੇ ਜਾਏਗਾ। ਆਪਾਂ ਨੂੰ ਅਤੇ ਟੀ ਵੀ ਉਤੇ ਆਉਣ ਕਰਕੇ ਬਹੁਤ ਸਾਰੇ ਪਾਕਿਸਤਾਨੀ ਮੈਨੂੰ ਜਾਣਦੇ ਹਨ। ਪਾਕਿਸਤਾਨੀ ਇੰਟਰਨੈਸ਼ਨਲ ਏਅਰਲੈਂਸ ਦੇ ਕੁਝ ਸਟਾਫ ਮੈਂਬਰ ਵੀ ਮੈਨੂੰ ਪਛਾਣ ਲੈਣਗੇ। ਕਿਸੇ ਸਾਬੀ ਹਿੰਦੂ ਵਲੋਂ ਅਲਵਿਦਾ ਕਹਿਣ ਦਾ ਸਾਮਾਨ ਇੰਟ ਨਹੀਂ ਬੈਠ ਸਕਦਾ।''

ਮੈਂ ਉਹਦਾ ਸੂਟਕੇਸ ਹੇਠਾਂ ਲੈ ਕੇ ਗਿਆ। ਜਿਓਂ ਹੀ ਮੈਂ ਉਸਦੇ ਤਿੰਨ ਬੈਗ ਸੜਕ ਕਿਨਾਰੇ ਰਖੇ, ਇਕ ਟੈਕਸੀ ਆ ਖੜੀ ਹੋਈ। ਟੈਕਸੀ ਡਰਾਈਵਰ ਨੇ ਸਮਾਨ ਡਿੱਕੀ ਵਿਚ ਰਖਣ ਵਿਚ ਮਦਦ ਕੀਤੀ। ਜਦੋਂ ਅਸੀਂ ਪਿਛਲੀ ਸੀਟ ਤੇ ਬੈਠੇ ਤਾਂ ਮੈਂ ਟੈਕਸੀ ਡਰਾਈਵਰ ਨੂੰ ਕਿਹਾ, ''ਨਿਊਯਾਰਕ ਜਾਣ ਵਾਲੀਆਂ ਬੱਸਾਂ ਵਾਲੇ ਬੱਸ ਅੱਡੇ 'ਤੇ।'' ਯਾਸਮੀਨ ਨੇ ਮੈਨੂੰ ਆਪਣਾ ਹਥ ਫੜਨ ਦਿਤਾ। ਹੁਣ ਸਾਡੇ ਕੋਲ ਇਕ ਦੂਜੇ ਨੂੰ ਕਹਿਣ ਲਈ ਕੋਈ ਸ਼ਬਦ ਨਹੀਂ ਸੀ।

ਮੈਂ ਟੈਕਸੀ ਦੇ ਪੈਸੇ ਦਿੱਤੇ। ਪੰਜ ਮਿੰਟ ਮਗਰੋਂ ਹੀ ਨਿਊਯਾਰਕ ਜਾਣ ਵਾਲੀ ਬੱਸ ਆ ਗਈ। ਮੈਂ ਉਸਦਾ ਸਮਾਨ ਬੱਸ ਦੇ ਪਿਛਲੇ ਪਾਸੇ ਟਿਕਾਇਆ। ਬਿਨਾਂ ਇਸ ਦੀ ਪਰਵਾਹ ਕੀਤੇ ਕਿ ਕੌਣ ਸਾਨੂੰ ਦੇਖ ਰਿਹਾ ਸੀ, ਮੈਂ ਉਹਨੂੰ ਆਪਣੀ ਬਾਹਾਂ ਵਿਚ ਲਿਆ ਤੇ ਬੁਲ੍ਹਾਂ ਉਤੇ ਭਰਵਾਂ ਚੁੰਮਣ ਲਿਆ। ਉਹ ਕਾਹਲੀ ਨਾਲ ਬਸ ਵਿਚ ਬੈਠ ਗਈ ਅਤੇ ਜਾਂਦੀ ਹੋਈ ਆਪਣੇ ਵਾਲ ਠੀਕ ਕਰਦੀ ਰਹੀ ਅਤੇ ਆਪਣੀ ਸੀਟ ਉਤੇ ਬੈਠੀ। ਉਹਨੇ ਪਿਛੇ ਮੁੜਕੇ ਨਾ ਵੇਖਿਆ ਤੇ ਨਾ ਹੀ ਹੱਥ ਹਿਲਾਇਆ। ਮੈਂ ਵੇਖਿਆ ਕਿ ਉਹ ਅੱਗੇ ਨੂੰ ਝੁਕੀ ਤੇ ਉਸਨੇ ਆਪਣਾ ਚਿਹਰਾ ਆਪਣੇ ਹਥਾਂ ਵਿਚ ਲੁਕੋ ਲਿਆ।

ਯਾਸਮੀਨ ਵਾਂਚੂੰ ਨੂੰ ਮੈਂ ਆਖਰੀ ਵਾਰ ਦੇਖ ਰਿਹਾ ਸਾਂ।

ਪਰ ਮੈਂ ਉਹਦੇ ਬਾਰੇ ਅਕਸਰ ਹੀ ਸੋਚਦਾ ਰਹਿੰਦਾ। ਜਦੋਂ ਮੈਂ ਕਿਸੇ ਮੁਸਲਮਾਨ ਔਰਤ ਜਾਂ ਮਰਦ ਨੂੰ ਮਿਲਦਾ ਤਾਂ ਉਹਦੀ ਯਾਦ ਮੇਰੇ ਮਨ ਵਿਚ ਤਾਜ਼ਾ ਹੋ ਜਾਂਦੀ। ਜਦੋਂ ਵੀ ਕਿਤੇ ਕੋਈ ਬੰਦਾ ਭਾਰਤ ਤੇ ਪਾਕਿਸਤਾਨ ਦੇ ਸਬੰਧਾਂ ਜਾਂ ਕਸ਼ਮੀਰ ਉਤੇ ਚੱਲ ਰਹੇ ਲਗਾਤਾਰ ਤਨਾਓ ਦੀ ਗੱਲ ਕਰਦਾ, ਮੈਨੂੰ ਯਾਸਮੀਨ ਵਾਂਚੂੰ ਚੇਤੇ ਆ ਜਾਂਦੀ। ਉਸਦੇ ਮਾਮਲੇ ਵਿਚ ਪਹਿਲ ਕਦੇ ਵੀ ਮੈਂ ਨਹੀਂ ਸੀ ਕੀਤੀ, ਸਗੋਂ ਉਸਨੇ ਕੀਤੀ ਸੀ। ਭਾਵੇਂ ਉਸ ਨਾਲ ਸਹਿਵਾਸ ਦਾ ਤਜਰਬਾ ਕੋਈ ਜੱਗੋਂ ਬਾਹਰਾ ਤਜਰਬਾ ਨਹੀਂ ਸੀ, ਫਿਰ ਵੀ ਇਸ ਨਾਲ ਮੇਰੇ ਅੰਦਰੋਂ ਸਕੂਲ ਤੇ ਕਾਲਜ ਦੇ ਦਿਨਾਂ ਦੌਰਾਨ ਮੁਸਲਮਾਨਾਂ ਅਤੇ ਪਾਕਿਸਤਾਨ ਦੇ ਖਿਲਾਫ ਜਮਾਂ ਹੋਈਆਂ ਭਾਵਨਾਵਾਂ ਖਤਮ ਹੋ ਗਈਆਂ ਸਨ। ਜਦੋਂ ਵੀ ਕੋਈ ਬੰਦਾ ਮੁਸਲਮਾਨਾਂ ਦੇ ਖਿਲਾਫ ਕੋਈ ਗੱਲ ਕਹਿੰਦਾ ਹੈ ਤਾਂ ਮੈਂ ਇਸਦਾ ਬੁਰਾ ਮਨਾਉਂਦਾ ਹਾਂ, ਕਿਉਂਕਿ ਮੈਨੂੰ ਇਕ ਮੁਸਲਮਾਨ ਔਰਤ ਨੇ ਕਿਸੇ ਸਮੇਂ ਪਿਆਰ ਕੀਤਾ ਸੀ। ਜਦੋਂ ਵੀ ਕੋਈ ਜਣਾ ਪਾਕਿਸਤਾਨ ਦੇ ਖਿਲਾਫ ਕੋਈ ਗੱਲ ਕਹਿੰਦਾ ਹੈ, ਮੈਂ ਸਖਤੀ ਨਾਲ ਪਾਕਿਸਤਾਨ ਦੀ ਹਮਾਇਤ ਕਰਦਾ ਹਾਂ ਕਿਉਂਕਿ ਇਕ ਪਾਕਿਸਤਾਨੀ ਔਰਤ ਨੇ ਮੈਨੂੰ ਪਿਆਰ ਕੀਤਾ ਸੀ। ਇਸ ਸਾਰੇ ਮਾਮਲੇ ਵਿਚ ਪਿਆਰ ਨਹੀਂ, ਵਾਸਨਾ ਜ਼ਿਆਦਾ ਕੰਮ ਕਰ ਗਈ ਸੀ।

# ਘਰ ਵਾਪਸੀ

ਮੈਂ ਪ੍ਰਿੰਸਟਨ ਵਿਚ ਆਪਣੇ ਆਖਰੀ ਸਾਲ ਦੀ ਪੜ੍ਹਾਈ ਮੁਕਾਈ ਅਤੇ ਵਿੱਤ ਦੇ ਮਾਮਲੇ ਵਿਚ ਇਕ ਹੋਰ ਕੋਰਸ ਕਰਨ ਲਈ ਸਾਲ ਭਰ ਦਾ ਸਮਾਂ ਹੋਰ ਬਿਤਾਇਆ। ਜਿਹੜੇ ਹੋਰ ਦੋ ਸਾਲ ਮੈਂ ਪ੍ਰਿੰਸਟਨ ਵਿਚ ਬਿਤਾਏ ਉਹ ਮੇਰੀ ਜ਼ਿੰਦਗੀ ਦੇ ਲਾਹੇਵੰਦ ਸਾਲ ਸਨ। ਮੈਂ ਪੜ੍ਹਾਈ ਵਿਚ ਚੰਗਾ ਸਾਬਿਤ ਹੋਇਆ ਸਾਂ। ਮੈਂ ਇਕੋ ਇਕ ਐਸਾ ਭਾਰਤੀ ਸਾਂ ਜਿਸਨੂੰ ਵੀ ਬਿਟਾ ਕਾਪਾ ਵਿਚ ਦਾਖਲਾ ਮਿਲਿਆ ਸੀ ਅਤੇ ਆਖਰੀ ਇਮਤਿਹਾਨ ਵਿਚ ਸਾਰੇ ਪ੍ਰਿੰਸਟਨ ਵਿਚੋਂ ਮੈਂ ਹੀ ਇਕੱਲਾ ਵਿਦਿਆਰਥੀ ਸਾਂ ਜਿਸਨੂੰ ਸਭ ਤੋਂ ਵੱਡਾ ਅਕੈਡਮਿਕ ਸਥਾਨ ਪ੍ਰਾਪਤ ਹੋਇਆ ਸੀ।

ਉਨ੍ਹਾਂ ਸਾਲਾਂ ਦੌਰਾਨ ਮੈਂ ਕਈ ਦਰਜਨ ਔਰਤਾਂ ਨਾਲ ਸੁਤਾ ਵੀ ਸਾਂ। ਇਹ ਵੱਖ ਵੱਖ ਨਸਲਾਂ ਅਤੇ ਉਮਰਾਂ ਦੀਆਂ ਔਰਤਾਂ ਸਨ ਅਤੇ ਇਨ੍ਹਾਂ ਵਿਚੋਂ ਹਰੇਕ ਨਾਲ ਮੈਂ ਆਨੰਦ ਮਾਣਿਆ ਸੀ। ਹਾਲੇ ਮੈਂ ਯੂਨੀਵਰਸਿਟੀ ਵਿਚ ਹੀ ਸਾਂ ਕਿ ਮੈਨੂੰ ਬਹੁ ਕੌਮੀ ਕਾਰਪੋਰੇਸ਼ਨਾਂ ਵਲੋਂ ਵੱਡੀਆਂ ਤਨਖਾਹਾਂ ਦੀਆਂ ਨੌਕਰੀਆਂ ਦੀਆਂ ਪੇਸ਼ਕਸ਼ਾਂ ਹੋਣ ਲਗੀਆਂ। ਮੇਰੀ ਇਨ੍ਹਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਮੈਂ ਵਿਦਿਆਰਥੀਆਂ ਨੂੰ ਕੋਚਿੰਗ ਦੇ ਕੇ ਅਤੇ ਦੇਸ਼ ਭਰ ਦੇ ਕਾਲਜਾਂ ਵਿਚ ਭਾਸ਼ਨ ਕਰਕੇ ਕਾਫੀ ਸਾਰੀ ਕਮਾਈ ਕੀਤੀ ਸੀ ਅਤੇ ਇਨ੍ਹਾਂ ਵਿਚੋਂ ਕੁਝ ਬਚਾ ਵੀ ਲਿਆ ਸੀ। ਕੋਰਸ ਮੁਕੰਮਲ ਕਰਨ ਤੋਂ ਬਾਅਦ ਮੈਨੂੰ ਪ੍ਰਿੰਸਟਨ ਵਿਚ ਹੀ ਹਿਸਾਬ ਦੇ ਵਿਭਾਗ ਵਿਚ ਲੈਕਚਰਾਰ ਦੀ ਨੌਕਰੀ ਦੀ ਪੇਸ਼ਕਸ਼ ਕੀਤੀ ਗਈ। ਇਸ ਨਾਲ ਪਹਿਲਾਂ ਗਰੀਨ ਕਾਰਡ ਲੈਣਾ ਅਤੇ ਮਗਰੋਂ ਅਮਰੀਕੀ ਨਾਗਰਿਕ ਬਣਨਾ ਮੇਰੇ ਲਈ ਕਾਫੀ ਸੌਖਾ ਹੋ ਜਾਣਾ ਸੀ। ਭਾਵੇਂ ਮੈਂ ਅਮਰੀਕਾ ਦੇ ਖੁਲ੍ਹੇ ਡੁਲ੍ਹੇ ਅਤੇ ਆਜ਼ਾਦ ਮਾਹੌਲ ਵਿਚ ਰਹਿਣਾ ਚਾਹੁੰਦਾ ਸਾਂ ਜਿਥੇ ਮਨੁਖ ਨੂੰ ਬਹੁਤ ਸਾਰੇ ਆਰਾਮ ਮੁਹਈਆ ਕੀਤੇ ਜਾਂਦੇ ਹਨ ਅਤੇ ਅਮਰੀਕੀ ਲੋਕਾਂ ਨਾਲ ਦੋਸਤੀ ਕਰਨੀ ਵੀ ਬਹੁਤ ਸੌਖੀ ਸੀ, ਫਿਰ ਵੀ ਮੇਰੇ ਮਨ ਵਿਚ ਇਸ ਦੇਸ਼ ਅਤੇ ਇਸਦੇ ਲੋਕਾਂ ਨਾਲ ਜੁੜੇ ਰਹਿਣ ਦੀ ਭਾਵਨਾ ਨਹੀਂ ਸੀ। ਮੈਂ ਭਾਰਤੀ ਸਾਂ। ਮੈਂ ਭਾਰਤ ਦਾ ਰਹਿਣ ਵਾਲਾ ਸਾਂ ਅਤੇ ਮੈਂ ਹੋਰ ਕਿਤੇ ਨਹੀਂ ਸਗੋਂ ਭਾਰਤ ਵਿਚ ਹੀ ਆਪਣਾ ਨਾਂ ਬਣਾਉਣਾ ਚਾਹੁੰਦਾ ਸਾਂ।

ਅਮਰੀਕਾ ਵਿਚ ਰਹਿੰਦੇ ਹੋਏ ਮੈਂ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਰਹਿਣ ਵਾਲੇ ਬਹੁਤ ਸਾਰੇ ਆਪਣੇ ਦੇਸ਼ਵਾਸੀਆਂ ਨੂੰ ਮਿਲਿਆ ਸਾਂ। ਕਈ ਤਾਂ ਬਹੁਤ ਲੰਮੇ ਸਮੇਂ ਤੋਂ ਇਥੇ ਆ ਕੇ ਰਹਿ ਰਹੇ ਸਨ। ਇਨ੍ਹਾਂ ਵਿਚੋਂ ਬਹੁਤੇ ਸਿੱਖ ਸਨ। ਜਿਹੜੇ ਕੈਲਿਫੋਰਨੀਆ ਵਿਚ ਰਹਿੰਦੇ

ਸਨ। ਇਨ੍ਹਾਂ ਦੇ ਵੱਡੇ ਵੱਡੇ ਫਾਰਮ ਸਨ ਤੇ ਇਹ ਬੜੇ ਖ਼ੁਸ਼ਹਾਲ ਸਨ। ਇਸ ਤੋਂ ਬਾਅਦ ਆਉਣ ਵਾਲਿਆਂ ਵਿਚ ਡਾਕਟਰ, ਇੰਜੀਨੀਅਰ, ਅਧਿਆਪਕ ਅਤੇ ਹੋਟਲ ਮਾਲਕ ਸਨ। ਇਹ ਸਾਰੇ ਦੇ ਸਾਰੇ ਪੈਸਿਆਂ ਦੀ ਕਮਾਈ ਦੇ ਮਾਮਲੇ ਵਿਚ ਕਾਫੀ ਚੰਗੇ ਸਨ। ਜਿੰਨੀ ਇਨ੍ਹਾਂ ਭਾਰਤ ਵਿਚ ਕਮਾਈ ਕਰਨੀ ਸੀ ਉਸ ਤੋਂ ਕਿਤੇ ਵੱਧ ਕਮਾਉਂਦੇ ਸਨ। ਜਾਂ ਫਿਰ ਤਾਜ਼ਾ ਤਾਜ਼ਾ ਆਏ ਲੋਕ ਸਨ। ਇਨ੍ਹਾਂ ਵਿਚੋਂ ਬਹੁਤੇ ਫੈਕਟਰੀਆਂ ਵਿਚ ਕੰਮ ਕਰਦੇ ਜਾਂ ਟੈਕਸੀਆਂ ਚਲਾਉਂਦੇ ਸਨ। ਇਹ ਇੰਨੇ ਡਾਲਰ ਕਮਾ ਲੈਂਦੇ ਸਨ ਕਿ ਪਿਛੇ ਕਾਫੀ ਪੈਸੇ ਭੇਜ ਸਕਣ ਤਾਂ ਕਿ ਉਨ੍ਹਾਂ ਦੇ ਬੱਚੇ ਕਾਨਵੈਂਟ ਸਕੂਲਾਂ ਵਿਚ ਪੜ੍ਹ ਸਕਣ ਅਤੇ ਉਨ੍ਹਾਂ ਦੀਆਂ ਬੀਵੀਆਂ ਆਪਣੇ ਪਿੰਡਾਂ ਵਿਚ ਆਰਾਮ ਨਾਲ ਰਹਿ ਸਕਣ। ਇਸਦੇ ਨਾਲ ਹੀ ਮਰਦ ਆਪ ਅਮਰੀਕਨ, ਯੂਰਪੀ ਪ੍ਰਵਾਸੀਆਂ ਅਤੇ ਲਾਤੀਨੀ ਔਰਤਾਂ ਨਾਲ ਰਹਿੰਦੇ ਸਨ। ਇਹ ਔਰਤਾਂ ਉਨ੍ਹਾਂ ਲਈ ਰੋਟੀ ਬਣਾਉਂਦੀਆਂ, ਘਰ ਦੀ ਸੰਭਾਲ ਕਰਦੀਆਂ ਸਨ। ਉਹ ਚੰਗਾ ਚੋਖਾ ਕਮਾਉਂਦੇ ਸਨ, ਆਪਣੇ ਵਤਨ ਦੀਆਂ ਗੱਲਾਂ ਕਰਦੇ ਸਨ, ਭਾਰਤੀ ਖਾਣਾ ਖਾਂਦੇ ਸਨ, ਭਾਰਤੀ ਸੰਗੀਤ ਸੁਣਦੇ ਸਨ ਅਤੇ ਅਕਸਰ ਹੀ ਨੀਂਦ ਵਿਚ ਰੋਂਦੇ ਸਨ। ਉਨ੍ਹਾਂ ਸਭ ਦੀ ਸਾਂਝੀ ਗੱਲ ਇਕੋ ਸੀ, ''ਇਕ ਵਾਰ ਮੈਂ ਕਾਫੀ ਸਾਰੇ ਡਾਲਰ ਕਮਾ ਲਵਾਂ, ਤਾਂ ਮੈਂ ਮੁੜ ਆਪਣੇ ਪਿੰਡ ਚਲਾ ਜਾਵਾਂਗਾ।'' ਸ਼ਾਇਦ ਹੀ ਕੋਈ ਵਾਪਸ ਗਿਆ ਹੋਵੇ।

ਮੇਰਾ ਹਿਸਾਬ ਕਿਤਾਬ ਕੁਝ ਵਖਰਾ ਸੀ। ਛੁੱਟੀਆਂ ਦੌਰਾਨ ਮੈਂ ਅਮਰੀਕਾ ਵਿਚ ਵੇਖਣ ਵਾਲੀਆਂ ਸਾਰੀਆਂ ਥਾਵਾਂ ਅਤੇ ਚੀਜ਼ਾਂ ਦੇਖ ਲਈਆਂ ਸਨ। ਨਿਆਗਰਾ ਫਾਲਸ, ਰੌਕੀਸ, ਸਾਨ ਫਰਾਂਸਿਸਕੋ, ਲਾਸ ਏਂਜਲਸ, ਫਲੋਰੀਡਾ-ਜਿਸ ਦਾ ਵੀ ਨਾਮ ਲਵੋ, ਉਸ ਨੂੰ ਹੀ ਮੈਂ ਵੇਖ ਚੁਕਾ ਸਾਂ। ਮੈਂ ਅਮਰੀਕਨਾਂ ਨੂੰ ਪਿਆਰ ਕਰਦਾ ਸਾਂ। ਉਨ੍ਹਾਂ ਦੇ ਸ਼ਹਿਰਾਂ ਤੇ ਧਰਤੀ ਨੂੰ ਪਿਆਰ ਕਰਦਾ ਸਾਂ। ਇਹ ਬਹੁਤ ਖ਼ੂਬਸੂਰਤ ਦੇਸ਼ ਸੀ ਜਿਸਦੇ ਲੋਕ ਵੀ ਬੜੇ ਖ਼ੂਬਸੂਰਤ ਸਨ। ਪਰ ਇਹ ਮੇਰਾ ਦੇਸ਼ ਨਹੀਂ ਸੀ ਅਤੇ ਨਾ ਹੀ ਇਹ ਮੇਰੇ ਆਪਣੇ ਲੋਕ ਸਨ। ਮੇਰੇ ਲਈ ਸਭ ਤੋਂ ਵੱਡੀ ਦਿਲਚਸਪੀ ਵਾਲੀ ਗੱਲ ਇਹ ਸੀ ਕਿ ਮੇਰਾ ਇਕੋ ਇਕ ਖ਼ੂਨ ਦਾ ਰਿਸ਼ਤੇਦਾਰ ਮੇਰਾ ਪਿਤਾ ਸੀ। ਜੇ ਮੈਂ ਵਾਪਸ ਮੁੜ ਕੇ ਉਨ੍ਹਾਂ ਕੋਲ ਨਾ ਗਿਆ ਤਾਂ ਉਨ੍ਹਾਂ ਦਾ ਦਿਲ ਟੁੱਟ ਜਾਵੇਗਾ।

ਮੈਂ ਕਰੀਬ ਹਰ ਹਫਤੇ ਆਪਣੇ ਪਿਤਾ ਨੂੰ ਚਿੱਠੀ ਲਿਖਦਾ ਸਾਂ ਅਤੇ ਹਰ ਮਹੀਨੇ ਹੀ 200 ਦੇ ਕਰੀਬ ਡਾਲਰ ਭੇਜ ਦਿੰਦਾ ਸਾਂ। ਉਹ ਇਨ੍ਹਾਂ ਪੈਸਿਆਂ ਨੂੰ ਮੇਰੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾ ਦਿੰਦੇ ਸਨ। ਆਪਣੇ ਪ੍ਰਾਵੀਡੈਂਟ ਫੰਡ ਨਾਲ ਅਤੇ ਕੀਤੀ ਗਈ ਬੱਚਤ ਨਾਲ ਉਨ੍ਹਾਂ ਡੀ ਡੀ ਏ ਦਾ ਇਕ ਫਲੈਟ ਖਰੀਦਿਆ ਸੀ ਅਤੇ ਆਪਣੀ ਪੈਨਸ਼ਨ ਉਤੇ ਗੁਜ਼ਾਰਾ ਕਰ ਰਹੇ ਸਨ। ਉਹ ਆਪਣਾ ਖਾਣਾ ਆਪ ਬਣਾਉਂਦੇ ਸਨ ਅਤੇ ਕਮਰੇ ਦੀ ਸਫਾਈ ਵੀ ਆਪ ਹੀ ਕਰ ਲੈਂਦੇ ਸਨ। ਉਨ੍ਹਾਂ ਹਰਿਦੁਆਰ ਦੇ ਇਕ ਆਸ਼ਰਮ ਵਿਚ ਇਕ ਕਮਰਾ ਵੀ ਬੁੱਕ ਕਰਾ ਲਿਆ ਸੀ, ਜਿਥੇ ਉਹ ਆਪਣੇ ਆਖਰੀ ਦਿਨ ਬਿਤਾਉਣਾ ਚਾਹੁੰਦੇ ਸਨ। ਉਨ੍ਹਾਂ ਦੇ ਖ਼ਤਾਂ ਤੋਂ

ਮੈਨੂੰ ਜਿੰਨਾ ਕੁ ਪਤਾ ਲਗ ਸਕਦਾ ਸੀ ਉਹ ਇੰਨਾ ਕੁ ਸੀ। ਮੈਨੂੰ ਨਹੀਂ ਪਤਾ ਕਿ ਉਹ ਆਪਣੀ ਬਾਕੀ ਦਾ ਸਮਾਂ ਕਿਵੇਂ ਬਿਤਾਉਂਦੇ ਸਨ।

ਪ੍ਰਿੰਸਟਨ ਵਿਚ ਮੈਨੂੰ ਬਹੁਤ ਸਾਰੀਆਂ ਵਿਦਾਇਗੀ ਪਾਰਟੀਆਂ ਦਿਤੀਆਂ ਗਈਆਂ। ਬਹੁਤ ਸਾਰੇ ਮਿਤਰਾਂ ਨੇ ਮੈਨੂੰ ਭਰੋਸਾ ਦਿਤਾ ਕਿ ਜੇ ਮੇਰਾ ਮਨ ਬਦਲ ਗਿਆ ਅਤੇ ਜੇ ਮੈਂ ਵਾਪਸ ਪਰਤਿਆ ਤਾਂ ਉਹ ਮੇਰੇ ਲਈ ਨੌਕਰੀ ਦਾ ਇੰਤਜ਼ਾਮ ਕਰਕੇ ਰਖਣਗੇ। ਮੈਂ ਸੋਚਿਆ ਕਿ ਅਮਰੀਕਾ ਵਿਚ ਨੌਕਰੀ ਕਰਨ ਬਾਰੇ ਉਦੋਂ ਤਕ ਨਹੀਂ ਸੋਚਾਂਗਾ ਜਦੋਂ ਤਕ ਆਪਣੇ ਪਿਤਾ ਪ੍ਰਤੀ ਆਪਣੇ ਫਰਜ਼ ਪੂਰੇ ਨਾ ਕਰ ਲਵਾਂ। ਬੁਢਾਪੇ ਵਿਚ ਮੈਂ ਉਨ੍ਹਾਂ ਨੂੰ ਇੱਕਲਿਆਂ ਨਹੀਂ ਛਡਾਂਗਾ। ਮੈਂ ਅਮਰੀਕਾ ਨੂੰ ਭਾਰੀ ਮਨ ਨਾਲ ਅਲਵਿਦਾ ਆਖੀ। ਕਨੇਡੀ ਹਵਾਈ ਅੱਡੇ ਉਤੇ ਮੇਰੇ ਦਰਜਨ ਭਰ ਦੋਸਤ ਮੈਨੂੰ ਅਲਵਿਦਾ ਕਹਿਣ ਆਏ। ਮੇਰੇ ਲਈ ਆਪਣੇ ਹੰਝੂ ਰੋਕਣੇ ਬੜੇ ਮੁਸ਼ਕਲ ਹੋ ਰਹੇ ਸਨ। ਮੈਂ ਉਨ੍ਹਾਂ ਨੂੰ ਅਲਵਿਦਾ ਕਹੀ। ਜਦੋਂ ਮੈਂ ਏਅਰ ਇੰਡੀਆ ਦੇ ਜਹਾਜ਼ ਵਿਚ ਬੈਠਾ ਤਾਂ ਏਅਰ ਹੋਸਟੈਸ ਨੇ ਮੇਰੇ ਟੂਰਿਸਟ ਕਲਾਸ ਦੇ ਬੋਰਡਿੰਗ ਪਾਸ ਉਤੇ ਨਜ਼ਰ ਮਾਰੀ ਅਤੇ ਪੁਛਣ ਲਗੀ, ''ਕੀ ਤੁਸੀਂ ਪ੍ਰਿੰਸਟਨ ਦੇ ਮੋਹਨ ਕੁਮਾਰ ਹੋ?'' ਮੈਂ ਸਿਰ ਹਿਲਾਇਆ ਤੇ ਇਹ ਨਹੀਂ ਪੁਛਿਆ ਕਿ ਉਹ ਮੈਨੂੰ ਕਿਵੇਂ ਜਾਣਦੀ ਹੈ। ਉਹ ਕਹਿਣ ਲਗੀ, ''ਸਰ, ਤੁਹਾਨੂੰ ਫਸਟ ਕਲਾਸ ਵਿਚ ਭੇਜ ਦਿਤਾ ਗਿਆ ਹੈ। ਮੇਰੇ ਮਗਰ ਆਓ।'' ਉਹਨੇ ਮੇਰੇ ਹਥੋਂ ਮੇਰਾ ਬੈਗ ਫੜ ਲਿਆ ਅਤੇ ਹਵਾਈ ਜਹਾਜ਼ ਦੇ ਅਗਲੇ ਹਿੱਸੇ ਵਿਚ ਲੈ ਗਈ। ਉਥੇ ਉਸ ਮੈਨੂੰ ਖਿੜਕੀ ਵਾਲੀ ਸੀਟ ਉਤੇ ਬਿਠਾ ਦਿੱਤਾ। ਮੈਂ ਹਤਾ ਕੁ ਹੈਰਾਨ ਸਾਂ। ਮੈਂ ਕੋਈ ਵਿਸ਼ੇਸ਼ ਵਿਅਕਤੀ ਨਹੀਂ ਸਾਂ ਕਿ ਏਅਰ ਇੰਡੀਆ ਮੇਰੇ ਉਤੇ ਇੰਨੀ ਮਿਹਰਬਾਨੀ ਕਰੇ। ਮੈਂ ਤਾਂ ਇਕ ਵਿਦਿਆਰਥੀ ਸਾਂ ਜਿਸਨੇ ਹੁਣੇ ਹੁਣੇ ਆਪਣੀ ਪੜਾਈ ਖਤਮ ਕੀਤੀ ਸੀ। ਇਸ ਭੇਦ ਨੂੰ ਮੁੱਖ ਹੋਸਟੈਸ ਨੇ ਹੀ ਹੱਲ ਕੀਤਾ। ਉਸ ਦੱਸਿਆ, ''ਸਰ ਤੁਹਾਡੇ ਕਿਸੇ ਮਿੱਤਰ ਨੇ ਪੈਸੇ ਜਮ੍ਹਾਂ ਕਰਾ ਕੇ ਤੁਹਾਡੀ ਸੀਟ ਫਸਟ ਕਲਾਸ ਦੀ ਬਣਾਈ ਹੈ, ਨਾਲ ਹੀ ਕੁਝ ਤੋਹਫੇ ਵੀ ਹਨ।'' ਉਸ ਮੈਨੂੰ ਇਕ ਵਡਾ ਪਾਰਸਲ ਅਤੇ ਫੁਲਾਂ ਦਾ ਗੁਲਦਸਤਾ ਫੜਾਇਆ। ਮੈਂ ਪਾਰਸਲ ਖੋਲਿਆ। ਇਸ ਵਿਚ ਚਾਕਲੇਟ, ਇਕ ਮਹਿੰਗਾ ਚਮੜੇਦਾਰ ਪਰਸ, ਕਾਰਟੀਅਰ ਦੀ ਇਕ ਗੁੱਟ ਘੜੀ, ਮਾਊਂਟ ਬਲੈਂਕ ਦਾ ਇਕ ਸੋਨੇ ਦਾ ਪੈਨ ਅਤੇ ਕਾਰਡ ਸੀ। ਇਸ ਉਤੇ ਮੇਰੇ ਬਹੁਤ ਸਾਰੇ ਦੋਸਤਾਂ ਦੇ ਦਸਤਖ਼ਤ ਵੀ ਸਨ। ਇਸ ਵਾਰ ਮੈਂ ਆਪਣੇ ਆਪ ਨੂੰ ਰੋਕ ਨਾ ਸਕਿਆ। ਮੈਂ ਆਪਣਾ ਚਿਹਰਾ ਦੋਵਾਂ ਹੱਥਾਂ ਅਤੇ ਰਖਿਆ ਤੇ ਰੋਣ ਲਗਾ। ਜਦੋਂ ਜਹਾਜ਼ ਉਡਣ ਲਗਾ ਤਾਂ ਮੈਂ ਵੇਖਿਆ ਕਿ ਸ਼ਹਿਰ ਦੀਆਂ ਉਚੀਆਂ ਇਮਾਰਤਾਂ ਹੌਲ਼ੀ-ਹੌਲ਼ੀ ਹਨੇਰੇ ਵਿਚ ਗੁੰਮ ਹੋ ਰਹੀਆਂ ਸਨ। ਮੈਂ ਸੋਚਣ ਲਗਾ, ''ਅਮਰੀਕਨਾਂ ਤੋਂ ਬਿਨਾਂ ਸੰਸਾਰ ਦੇ ਕਿਹੜੇ ਦੇਸ਼ ਦੇ ਲੋਕ ਇਸ ਤਰ੍ਹਾਂ ਕਰਨ ਬਾਰੇ ਸੋਚ ਸਕਦੇ ਹਨ?''

ਏਅਰ ਹੋਸਟੈਸ ਟਰਾਲੀ ਲੈ ਕੇ ਮੇਰੇ ਕੋਲ ਆਈ ਅਤੇ ਪੁੱਛਣ ਲਗੀ, ''ਸਰ, ਖਾਣੇ ਤੋਂ ਪਹਿਲਾਂ ਕੀ ਪੀਣਾ ਚਾਹੋਗੇ? ਸਕਾਚ, ਸ਼ੈਂਪੀਅਨ ਜਾਂ ਵਾਈਨ? ਲਿਆਓ ਮੈਂ ਤੁਹਾਡਾ

ਗੁਲਦਸਤਾ ਸੰਭਾਲ ਕੇ ਰਖ ਦਵਾਂ। ਦਿੱਲੀ ਪਹੁੰਚਣ ਤੇ ਇਹ ਤੁਸੀਂ ਮੇਰੇ ਕੋਲੋਂ ਵਾਪਸ ਲੈ ਲੈਣਾ।''

ਮੈਂ ਫੁੱਲਾਂ ਦਾ ਗੁਲਦਸਤਾ ਉਹਨੂੰ ਫੜਾਇਆ ਤੇ ਕਮਜ਼ੋਰ ਆਵਾਜ਼ ਵਿਚ ਕਿਹਾ, ''ਸਕਾਚ ਤੇ ਸੋਡਾ ਪਲੀਜ਼।''

ਮੈਂ ਭਰਵਾਂ ਖਾਣਾ ਖਾਧਾ ਤੇ ਫਿਰ ਮੈਂ ਨਮਸਤੇ ਮੈਗਜ਼ੀਨ ਦੇ ਵਰਕੇ ਫਰੋਲੇ। ਇਸ ਦੇ ਆਖਰੀ ਪੰਨੇ ਤੇ ਸਕਾਈ ਸ਼ੌਪ ਦੇ ਵੇਰਵੇ ਦਰਜ ਸਨ। ਮੈਨੂੰ ਤਾਂ ਹੀ ਚੇਤੇ ਆਇਆ ਕਿ ਮੈਂ ਆਪਣੇ ਪਿਤਾ ਲਈ ਕੁਝ ਨਹੀਂ ਖਰੀਦਿਆ। ਉਹ ਨਾ ਸ਼ਰਾਬ ਪੀਂਦੇ ਸਨ, ਨਾ ਸਿਗਰਟ ਪੀਂਦੇ ਸਨ, ਨਾ ਕੋਈ ਮਹਿਕ ਲਾਉਂਦੇ ਸਨ। ਮੈਂ ਇਕ ਉੱਨ ਦਾ ਗੁਲੂਬੰਦ ਚੁਣਿਆ ਅਤੇ ਮੇਜ਼ ਸਾਫ ਕਰ ਰਹੀ ਏਅਰ ਹੋਸਟੈਸ ਨੂੰ ਕਿਹਾ ਕਿ ਇਹ ਲਿਆ ਕੇ ਦੇਵੇ। ਉਸ ਪੁਛਿਆ ਕਿ ਮੈਨੂੰ ਬਰੈਂਡ ਕਿਹੜਾ ਚਾਹੀਦਾ ਹੈ। ਮੈਂ ਕੁਝ ਪਲ ਲਈ ਸੋਚਿਆ ਤੇ ਫਿਰ ਕਿਹਾ, "ਗਹਿਰਾ ਭੂਰਾ ਤੇ ਲਾਲ।''

''ਲੰਡਨ ਰੁਕਣ ਤੋਂ ਪਹਿਲਾਂ ਮੈਂ ਤੁਹਾਨੂੰ ਇਹ ਲਿਆ ਦੇਵਾਂਗੀ। ਹੋਰ ਕੁਝ? ਸਕਾਚ? ਸਿਗਰਟਾਂ?''

''ਨਹੀਂ ਸ਼ੁਕਰੀਆ।''

ਮੈਂ ਆਪਣੀਆਂ ਅਖਾਂ ਉਤੇ ਕਾਲੇ ਰੰਗ ਦੀ ਵਿਸ਼ੇਸ਼ ਪੱਟੀ ਰਖ ਲਈ ਅਤੇ ਸੌਣ ਦੀ ਕੋਸ਼ਿਸ਼ ਕੀਤੀ। ਜਦੋਂ ਅਸੀਂ ਲੰਡਨ ਉਤਰਨ ਲਗੇ ਤਾਂ ਮੈਨੂੰ ਨਾਸ਼ਤਾ ਕਰਨ ਲਈ ਉਠਾਇਆ ਗਿਆ।

ਹੀਥਰੋ ਹਵਾਈ ਅਡੇ 'ਤੇ ਤਿੰਨ ਚਾਰ ਘੰਟੇ ਰੁਕਣਾ ਸੀ। ਇਸ ਮੌਕੇ ਦੌਰਾਨ ਜਹਾਜ਼ ਨੇ ਤੇਲ ਲੈਣਾ ਸੀ, ਅਮਲੇ ਵਿਚ ਤਬਦੀਲੀ ਹੋਣੀ ਸੀ ਅਤੇ ਨਾਲ ਹੀ ਕੁਝ ਮੁਸਾਫਰ ਵੀ ਚੜ੍ਹਨੇ ਸਨ। ਮੈਂ ਹਵਾਈ ਅੱਡੇ ਦੀਆਂ ਦੁਕਾਨਾਂ ਤੇ ਰੇਸਤਰਾਵਾਂ ਦੇ ਚੱਕਰ ਕਟਣ ਲੱਗਾ। ਮੈਂ ਵੇਖਿਆ ਕਿ ਬਹੁਤ ਸਾਰੇ ਭਾਰਤੀ, ਪਾਕਿਸਤਾਨੀ ਤੇ ਬੰਗਲਾਦੇਸ਼ੀ ਵੇਟਰ ਅਤੇ ਬਾਰਮੈਨ (ਸ਼ਰਾਬ ਦੇ ਪੈੱਗ ਦੇਣ ਵਾਲੇ) ਵਜੋਂ ਕੰਮ ਕਰ ਰਹੇ ਸਨ। ਸਲਵਾਰ ਕਮੀਜ਼ ਪਾਈ ਔਰਤਾਂ ਫਰਸ਼ ਉਤੇ ਪੋਚਾ ਮਾਰ ਰਹੀਆਂ ਸਨ ਅਤੇ ਪਖਾਨੇ ਸਾਫ ਕਰ ਰਹੀਆਂ ਸਨ। ਇਹ ਲੋਕ ਕਾਹਦੇ ਲਈ ਆਪਣਾ ਦੇਸ਼ ਛੱਡ ਕੇ ਆਏ ਸਨ? ਗੋਰੇ ਲੋਕਾਂ ਦੀਆਂ ਥਾਲੀਆਂ ਸਾਫ ਕਰਨ ਲਈ ਅਤੇ ਉਹਨਾਂ ਦਾ ਪਿਸ਼ਾਬ ਪੂੰਝਣ ਲਈ?

ਮੈਂ ਆਪਣੇ ਪਿਤਾ ਲਈ ਇਕ ਸਵੈਟਰ ਖਰੀਦਿਆ। ਗੁਲੂਬੰਦ ਅਤੇ ਸਵੈਟਰ ਸਰਦੀਆਂ ਦੇ ਮਹੀਨੇ ਵਿਚ ਉਨ੍ਹਾਂ ਨੂੰ ਦਿੱਲੀ ਦੀ ਸਰਦੀ ਤੋਂ ਬਚਾ ਕੇ ਰਖਣਗੇ।

ਲੰਡਨ ਤੋਂ ਦਿੱਲੀ ਦਾ ਸਾਢੇ ਅੱਠ ਘੰਟੇ ਦਾ ਸਫਰ ਮੈਂ ਸੌਂ ਕੇ ਜਾਂ ਭਾਰਤੀ ਅਖ਼ਬਾਰਾਂ ਪੜ੍ਹ ਕੇ ਬਿਤਾਇਆ। ਛੇ ਸਾਲਾਂ ਤੋਂ ਮੈਂ ਭਾਰਤੀ ਅਖ਼ਬਾਰ ਨਹੀਂ ਸਨ ਵੇਖੇ। ਇਹ ਅਖ਼ਬਾਰ ਸਾਰੇ ਦੇ ਸਾਰੇ ਬੇਮਤਲਬ ਸਨ ਅਤੇ ਇਨ੍ਹਾਂ ਵਿਚ ਸਿਆਸਤਦਾਨਾਂ ਵਲੋਂ ਇਕ ਦੂਜਿਆਂ ਨੂੰ

ਦਿਤੀਆਂ ਗਾਲਾਂ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਸਾਰੀਆਂ ਅਮਬਾਰਾਂ ਵਿਚ ਇਕੋ ਜਿਹੇ ਕਾਰਟੂਨ ਸਨ ਜੋ ਸਾਰੇ ਦੇ ਸਾਰੇ ਅਮਰੀਕੀ ਅਮਬਾਰਾਂ ਤੋਂ ਲਏ ਗਏ ਸਨ। ਇਕੋ ਇਕ ਦਿਲਚਸਪ ਪੜ੍ਹਨ ਵਾਲੀ ਚੀਜ਼ 'ਤੁਹਾਡਾ ਭਵਿਖ' ਵਾਲਾ ਕਾਲਮ ਸੀ।

ਜਦੋਂ ਅਸੀਂ ਦਿਲੀ ਪਹੁੰਚੇ ਤਾਂ ਹਾਲੇ ਸਵੇਰ ਦਾ ਸਮਾਂ ਸੀ। ਕਿਉਂਕਿ ਮੈਂ ਫਸਟ ਕਲਾਸ ਵਿਚ ਸਫਰ ਕੀਤਾ ਸੀ, ਇਸ ਲਈ ਮੈਨੂੰ ਏਅਰ ਇੰਡੀਆ ਦੇ ਅਧਿਕਾਰੀ ਲੈਣ ਆਏ ਅਤੇ ਉਹਨਾਂ ਮੈਨੂੰ ਇਮੀਗਰੇਸ਼ਨ ਤੋਂ ਬਾਹਰ ਲੰਘਾਇਆ। ਜਦੋਂ ਮੈਂ ਆਪਣੇ ਸਮਾਨ ਦੀ ਉਡੀਕ ਕਰ ਰਿਹਾ ਸਾਂ ਤਾਂ ਮੈਂ ਉਪਰਲੀ ਮੰਜ਼ਲ ਉਤੇ ਸ਼ੀਸ਼ੇ ਦੇ ਪਰਲੇ ਪਾਸੇ ਖੜ੍ਹੇ ਲੋਕਾਂ ਦੇ ਚਿਹਰੇ ਦੇਖਣ ਲਗਾ। ਕੀ ਇਨ੍ਹਾਂ ਵਿਚ ਕਈ ਮੈਨੂੰ ਪਛਾਣਦਾ ਸੀ? ਮੈਂ ਦੇਖਿਆ ਕਿ ਇਕ ਬਜ਼ੁਰਗ ਆਦਮੀ ਮੇਰੇ ਵਲ ਦੇਖਦੇ ਜੋਰ ਜੋਰ ਨਾਲ ਆਪਣੀਆਂ ਬਾਹਾਂ ਹਿਲਾ ਰਿਹਾ ਸੀ। ਇਹ ਮੇਰੇ ਪਿਤਾ ਸਨ।

ਮੈਂ ਆਪਣੇ ਦੋਵੇਂ ਸੂਟਕੇਸ ਜਮ੍ਹਾ ਕਰੇ ਅਤੇ ਜਲਦੀ ਨਾਲ ਨਾਲ ਕਸਟਮ ਕਾਊਂਟਰ ਤੋਂ ਬਾਹਰ ਆ ਗਿਆ। ਮੈਂ ਕੋਈ ਵੀ ਸਮਾਨ ਨਹੀਂ ਸੀ ਲਿਆ ਜਿਹੜਾ ਉਥੇ ਦਿਖਾਉਣਾ ਪਵੇ। ਫਿਰ ਵੀ ਕਸਟਮ ਅਧਿਕਾਰੀ ਨੇ ਮੇਰੇ ਪਾਸਪੋਰਟ ਦੇ ਪੰਨੇ ਫਰੋਲ ਲਏ। ਫਿਰ ਉਸਨੇ ਕਿਹਾ, ''ਕੀ ਮੈਂ ਤੁਹਾਡਾ ਪਾਸਪੋਰਟ ਵੇਖ ਸਕਦਾ ਹਾਂ?''

ਮੈਂ ਪਾਸਪੋਰਟ ਉਸਨੂੰ ਦਿਤਾ। ਉਹਨੇ ਪੰਨੇ ਪਲਟੇ ਅਤੇ ਹੈਰਾਨ ਹੋਇਆ, ''ਤੁਸੀਂ ਛੇ ਸਾਲ ਵਿਦੇਸ਼ ਵਿਚ ਰਹੇ ਹੋ, ਪਰ ਆਪਣੇ ਰਿਸ਼ਤੇਦਾਰਾਂ ਨੂੰ ਦੇਣ ਲਈ ਕੋਈ ਵੀ ਚੀਜ਼ ਨਹੀਂ ਲੈ ਕੇ ਆਏ?''

''ਮੇਰੇ ਪਿਤਾ ਤੋਂ ਬਿਨਾਂ ਮੇਰਾ ਹੋਰ ਕੋਈ ਰਿਸ਼ਤੇਦਾਰ ਨਹੀਂ ਹੈ। ਉਨ੍ਹਾਂ ਲਈ ਮੈਂ ਇਕ ਗੁਲੂਬੰਦ ਅਤੇ ਸਵੈਟਰ ਖਰੀਦਿਆ ਹੈ। ਬਾਕੀ ਚੀਜ਼ਾਂ ਮੇਰੀ ਨਿਜੀ ਵਰਤੋਂ ਦੀਆਂ ਹਨ।''

ਕਸਟਮ ਅਧਿਕਾਰੀ ਰਤਾ ਕੁ ਔਖਾ ਹੋਇਆ ਕਿਉਂਕਿ ਮੈਂ ਉਸਨੂੰ ਇਹ ਮੌਕਾ ਨਹੀਂ ਸੀ ਦਿਤਾ ਕਿ ਮੇਰੇ ਸਮਾਨ ਦੀ ਤਲਾਸ਼ੀ ਲੈਂਦੇ ਹੋਏ ਉਹ ਕੋਈ ਛੋਟਾ ਮੋਟਾ ਸਾਮਾਨ ਖਿਸਕਾ ਸਕੇ। ਜਾਂ ਫਿਰ ਮੈਨੂੰ ਵੈਸੇ ਹੀ ਤੰਗ ਕਰ ਸਕੇ ਅਤੇ ਆਪਣੀ ਮਹੱਤਤਾ ਦਰਸਾ ਸਕੇ। ਮੈਂ ਭਾਰਤ ਵਾਪਸ ਆ ਗਿਆ ਸਾਂ। ਇਸ ਵਿਚ ਕੋਈ ਸ਼ੱਕ ਨਹੀਂ ਸੀ ਰਿਹਾ। ਫਿਰ ਉਸਨੇ ਵੇਖ ਲਿਆ ਕਿ ਮੈਨੂੰ ਏਅਰ ਇੰਡੀਆ ਦਾ ਅਧਿਕਾਰੀ ਬਾਹਰ ਤਕ ਲਿਜਾ ਰਿਹਾ ਸੀ। ਇਸ ਨਾਲ ਉਸਨੂੰ ਵੀ ਨਿਮਰਤਾ ਨਾਲ ਪੇਸ਼ ਆਉਣਾ ਪਿਆ। ਉਹਨੇ ਮੇਰੇ ਦੋਵਾਂ ਸੂਟਕੇਸਾਂ ਉਤੇ ਚਾਕ ਨਾਲ ਨਿਸ਼ਾਨ ਲਾਇਆ, ਮੇਰਾ ਬੈਗ ਮੈਨੂੰ ਫੜਾਇਆ ਅਤੇ ਮੈਨੂੰ ਹਵਾਈ ਅੱਡੇ ਤੋਂ ਬਾਹਰ ਵਿਦਾ ਕਰ ਦਿਤਾ। ਮੇਰੇ ਪਿਤਾ ਇਕੱਲੇ ਹੀ ਮੈਨੂੰ ਲੈਣ ਲਈ ਆਏ ਸਨ। ਉਨ੍ਹਾਂ ਆਪਣੇ ਹੱਥਾਂ ਵਿਚ ਫੁਲਾਂ ਦਾ ਇਕ ਹਾਰ ਫੜਿਆ ਹੋਇਆ ਸੀ ਜੋ ਉਨ੍ਹਾਂ ਮੇਰੇ ਗਲ਼ ਵਿਚ ਪਾ ਦਿਤਾ। ਮੈਂ ਦੋਵਾਂ ਹਥਾਂ ਨਾਲ ਉਨ੍ਹਾਂ ਦੇ ਪੈਰ ਛੂਹੇ ਤੇ ਉਨ੍ਹਾਂ ਮੈਨੂੰ ਜੱਫੀ ਪਾ ਲਈ। ਉਨ੍ਹਾਂ ਦਾ ਗਲ਼ਾ ਭਰਿਆ

ਹੋਇਆ ਸੀ ਅਤੇ ਮੇਰੇ ਨਾਲ ਕੋਈ ਗੱਲ ਨਹੀਂ ਸਨ ਕਰ ਸਕਦੇ। ਮੈਂ ਆਪੇ ਆਪਣੇ ਰਿਸ਼ਤੇਦਾਰਾਂ ਦੀ ਉਡੀਕ ਕਰ ਰਹੇ ਲੋਕਾਂ ਦੀ ਭੀੜ ਵਿਚੋਂ ਟਰਾਲੀ ਧਕਦਾ ਹੋਇਆ ਬਾਹਰ ਲੈ ਗਿਆ। ਸਾਡੇ ਆਲੇ ਦੁਆਲੇ ਜ਼ੋਰ ਸ਼ੋਰ ਨਾਲ ਚੀਕਣ ਵਾਲੇ ਟੈਕਸੀ ਡਰਾਈਵਰਾਂ ਦੀ ਭੀੜ ਲਗ ਗਈ। ਮੇਰੇ ਪਿਤਾ ਨੇ ਉਨ੍ਹਾਂ ਨੂੰ ਲਾਂਭੇ ਕੀਤਾ ਅਤੇ ਕਹਿਣ ਲਗੇ, ''ਕਿਸੇ ਦੋਸਤ ਨੇ ਤੈਨੂੰ ਲਿਜਾਣ ਲਈ ਆਪਣੀ ਕਾਰ ਮੈਨੂੰ ਦੇ ਦਿਤੀ ਹੈ।'' ਅਸੀਂ ਡਰਾਈਵਰਾਂ ਦੀ ਭੀੜ ਵਿਚੋਂ ਰਸਤਾ ਬਣਾਉਂਦੇ ਹੋਏ ਬਾਹਰ ਨਿਕਲੇ। ਕੁਝ ਮਿੰਟਾਂ ਮਗਰੋਂ ਹੀ ਭੂਰੇ ਰੰਗ ਦੀ ਮਰਸਿਡੀਜ਼ ਬੈਂਜ਼ ਕਾਰ ਸਾਡੇ ਕੋਲ ਆ ਖੜੀ ਹੋਈ। ਡਰਾਈਵਰ ਨੇ ਮੇਰਾ ਸਮਾਨ ਡਿਕੀ ਵਿਚ ਰਖਿਆ ਤੇ ਕਾਰ ਦਾ ਦਰਵਾਜ਼ਾ ਖੋਲ੍ਹਿਆ। ਉਹਨੂੰ ਪਤਾ ਸੀ ਕਿ ਅਸੀਂ ਕਿਥੇ ਜਾਣਾ ਹੈ।

ਕੁਝ ਪਲਾਂ ਲਈ ਅਸੀਂ ਚੁਪਚਾਪ ਬੈਠੇ ਰਹੇ। ਫਿਰ ਮੇਰੇ ਪਿਤਾ ਨੇ ਮੇਰਾ ਹੱਥ ਆਪਣੇ ਹੱਥਾਂ ਵਿਚ ਲਿਆ ਤੇ ਕਹਿਣ ਲਗੇ, ''ਜੇ ਤੇਰੀ ਮਾਂ ਜਿਉਂਦੀ ਹੁੰਦੀ ਤਾਂ ਤੈਨੂੰ ਵੇਖ ਕੇ ਬਹੁਤ ਖੁਸ਼ ਹੁੰਦੀ।'' ਉਹ ਇਸ ਤੋਂ ਵੱਧ ਹੋਰ ਕੁਝ ਨਹੀਂ ਕਹਿ ਸਕੇ। ਮੈਂ ਮਹਿਸੂਸ ਕੀਤਾ ਕਿ ਉਹਨਾਂ ਦੇ ਨਿੱਘੇ ਹੰਝੂ ਮੇਰੇ ਹਥ ਉਤੇ ਡਿੱਗ ਰਹੇ ਸਨ। ਮੈਨੂੰ ਨਹੀਂ ਸੀ ਪਤਾ ਕਿ ਮੈਂ ਕੀ ਕਹਾਂ।

ਕੁਝ ਸਮਾਂ ਹੋਰ ਚੁਪ ਰਹਿਣ ਤੋਂ ਬਾਅਦ ਉਹ ਪੁਛਣ ਲਗੇ, ''ਕੀ ਤੂੰ ਹਰ ਰੋਜ਼ ਗਾਇਤਰੀ ਮੰਤਰ ਪੜ੍ਹਦਾ ਰਿਹਾ ਹੈਂ?''

''ਹਾਂ, ਹਰ ਰੋਜ਼ ਸਵੇਰੇ ਤੇ ਸ਼ਾਮ ਦੋ ਵਾਰ ਪੜ੍ਹਦਾ ਸਾਂ।''

''ਸੁਣਾ'', ਉਨ੍ਹਾਂ ਹੁਕਮ ਦਿਤਾ। ਮੈਂ ਜਾਣਦਾ ਸਾਂ ਕਿ ਉਹ ਮੇਰਾ ਇਮਤਿਹਾਨ ਨਹੀਂ ਸਨ ਲੈ ਰਹੇ, ਸਗੋਂ ਮੈਨੂੰ ਇਹ ਕਹਿ ਰਹੇ ਸਨ ਕਿ ਸਹੀ ਸੁਰਖਿਅਤ ਭਾਰਤ ਵਾਪਸ ਆਉਣ ਲਈ ਮੈਂ ਦੇਵਤਿਆਂ ਦਾ ਧੰਨਵਾਦ ਕਰਾਂ। ਮੈਂ ਉਨ੍ਹਾਂ ਦਾ ਕਹਿਣਾ ਮੰਨ ਲਿਆ:

**ਓਮ ਭੂਤ ਭਵਸਵ ਤਤਸ ਵਿਤੁਰ ਵਿਰੇਨਿਅਮ**
**ਬਰਗੋ ਦੇਵਸਿਆ ਦੀ ਮਹੀ ਦਿਓ ਓ ਨਾ ਪਰਚੋ ਦਿਆਤ**

*(ਹੇ ਧਰਤੀ ਅਤੇ ਆਕਾਸ਼ ਦੇ ਦੇਵਤਿਓ! ਅਸੀਂ ਤੁਹਾਡੀ ਸਰਵਉਤਮ ਸ਼ਾਨ ਨੂੰ ਪ੍ਰਵਾਨ ਕਰਦੇ ਹੋਏ ਤੁਹਾਡੀ ਸਾਧਨਾ ਕਰਦੇ ਹਾਂ। ਤੁਹਾਡੀ ਤਾਕਤ ਸਾਡੀ ਅਕਲ ਨੂੰ ਲਿਸ਼ਕਾਵੇ, ਸਾਡੇ ਪਾਪਾਂ ਦਾ ਨਾਸ਼ ਕਰੇ ਅਤੇ ਸਾਨੂੰ ਸਹੀ ਦਿਸ਼ਾ ਦਿਖਾਵੇ।)*

''ਇਹ ਮੰਤਰ ਕੁਦਰਤ ਦੇ ਸਾਰੇ ਤੱਤਾਂ ਦੇ ਦੇਵਤਿਆਂ ਦੀ ਉਸਤਤ ਵਿਚ ਹੈ। ਪੁੱਤਰ, ਸੰਸਾਰ ਦੇ ਸਾਰੇ ਮੰਤਰਾਂ ਨਾਲੋਂ ਵੱਧ ਸ਼ਕਤੀਸ਼ਾਲੀ ਗਾਇਤਰੀ ਮੰਤਰ ਹੈ। ਇਸ ਨਾਲ ਬਦੀ ਦੂਰ ਹੁੰਦੀ ਹੈ।'' ਮੇਰੇ ਪਿਤਾ ਖੁਸ਼ ਸਨ।

ਮੈਂ ਉਨ੍ਹਾਂ ਨੂੰ ਦੱਸਿਆ, ''ਮੈਂ ਦਿਨ ਵਿਚ ਦੋ ਵਾਰ ਸੂਰਜ ਨੂੰ ਨਮਸਕਾਰ ਕਰਦਾ ਹਾਂ।''

''ਇਹ ਬੜੀ ਚੰਗੀ ਗੱਲ ਹੈ। ਸਰੀਰ ਨੂੰ ਠੀਕ ਰੱਖਣ ਅਤੇ ਬੀਮਾਰੀਆਂ ਤੋਂ ਮੁਕਤੀ

ਹਾਸਲ ਕਰਨ ਲਈ ਇਹ ਸੰਸਾਰ ਦੀ ਸਭ ਤੋਂ ਵਧੀਆ ਚੀਜ਼ ਹੈ। ਗਾਇਤਰੀ ਮੰਤਰ ਅਤੇ ਸੂਰਜ ਨਮਸਕਾਰ ਨਾਲ ਸਿਹਤ ਅਤੇ ਖ਼ੁਸ਼ੀ ਮਿਲਦੇ ਹਨ... ਤੂੰ ਕਿਸੇ ਗੋਰੀ ਔਰਤ ਨਾਲ ਵਿਆਹ ਵੀ ਨਹੀਂ ਕੀਤਾ। ਤੂੰ ਮੇਰੇ ਨਾਲ ਕੀਤਾ ਵਾਅਦਾ ਪੂਰਾ ਕੀਤਾ ਹੈ।''

ਸਪਸ਼ਟ ਹੀ ਸੀ ਕਿ ਮੈਂ ਆਪਣੇ ਪਿਤਾ ਨੂੰ ਉਨ੍ਹਾਂ ਔਰਤਾਂ ਬਾਰੇ ਨਹੀਂ ਸੀ ਦੱਸਿਆ ਜਿਨ੍ਹਾਂ ਨਾਲ ਮੈਂ ਸੁੱਤਾ ਸਾਂ ਅਤੇ ਕਿਹਾ, ''ਪਾਪਾ ਮੈਂ ਉਹੀ ਕੁਝ ਹਾਂ ਜੋ ਕੁਝ ਮੈਂ ਦਿੱਲੀਓਂ ਜਾਣ ਤੋਂ ਪਹਿਲਾਂ ਸਾਂ-ਛੜਾ।''

''ਅਸੀਂ ਛੇਤੀ ਹੀ ਇਹਦੇ ਬਾਰੇ ਕੁਝ ਕਰਾਂਗੇ। ਮੈਂ ਤੇਰੇ ਲਈ ਇਕ ਚੰਗੀ ਕੁੜੀ ਲੱਭਾਂਗਾ। ਤੂੰ ਸ਼ਰਾਬ ਜਾਂ ਸਿਗਰਟਨੋਸ਼ੀ ਤਾਂ ਨਹੀਂ ਕਰਦਾ?''

''ਮੈਂ ਸਿਗਰਟ ਨਹੀਂ ਪੀਂਦਾ। ਪਰ ਖਾਣੇ ਦੇ ਨਾਲ ਮੈਂ ਬੀਅਰ ਜਾਂ ਵਾਈਨ ਦਾ ਗਿਲਾਸ ਜ਼ਰੂਰ ਪੀਂਦਾ ਹਾਂ। ਮੈਂ ਸਕਾਚ ਵੀ ਪੀਤੀ ਹੈ। ਪਰ ਇਹ ਮੈਨੂੰ ਰਤਾ ਕੁ ਚੜ੍ਹ ਜਾਂਦੀ ਹੈ।''

''ਅਤੇ ਮੀਟ? ਮੈਂ ਆਸ ਕਰਦਾ ਹਾਂ ਕਿ ਤੂੰ ਬੜਾ ਮਾਸ ਨਹੀਂ ਖਾਧਾ ਹੋਣਾ।''

''ਇਹ ਕਹਿਣਾ ਬੜਾ ਮੁਸ਼ਕਲ ਹੈ। ਪੱਛਮ ਵਿਚ ਉਹ ਸੂਪ ਅਤੇ ਤਰੀ ਵਿਚ ਹਰ ਕਿਸਮ ਦਾ ਮੀਟ ਪਾ ਦਿੰਦੇ ਹਨ ਅਤੇ ਇਹ ਪਤਾ ਹੀ ਨਹੀਂ ਲੱਗਦਾ ਕਿ ਇਹ ਗਾਂ ਦਾ ਮਾਸ ਹੈ ਜਾਂ ਸੂਰ ਦਾ ਮਾਸ ਹੈ ਜਾਂ ਬੱਕਰੀ ਦਾ।''

ਮੇਰੇ ਪਿਤਾ ਕਹਿਣ ਲੱਗੇ, ''ਹਰੇ ਰਾਮ! ਤੈਨੂੰ ਪਸ਼ਚਾਤਾਪ ਕਰਨਾ ਚਾਹੀਦਾ ਹੈ। ਅਸੀਂ ਹਰਦੁਆਰ ਜਾਵਾਂਗੇ ਅਤੇ ਗੰਗਾ ਇਸ਼ਨਾਨ ਕਰਕੇ ਤੇਰੇ ਪਾਪ ਧੋਵਾਂਗੇ। ਤੂੰ ਉਹ ਕਮਰਾ ਵੀ ਦੇਖ ਸਕੇਂਗਾ ਜਿਹੜਾ ਮੈਂ ਆਸ਼ਰਮ ਵਿਚ ਆਪਣੇ ਲਈ ਬੁਕ ਕਰਵਾਇਆ ਹੈ। ਇਹ ਗੰਗਾ ਮਾਤਾ ਦੇ ਐਨ ਨੇੜੇ ਹੈ।'' ਮੇਰੇ ਵਿਚਾਰ ਮੁੜ ਯਾਸਮਿਨ ਵੱਲ ਘੁੰਮਣ ਲੱਗੇ। ਜਿਨ੍ਹਾਂ ਔਰਤਾਂ ਨਾਲ ਮੈਂ ਹਮਬਿਸਤਰ ਹੋਇਆ ਸਾਂ ਉਨ੍ਹਾਂ ਵਿਚੋਂ ਇਹ ਇਕੱਲੀ, ਮੋਟੀ, ਦਰਮਿਆਨੀ ਉਮਰ ਦੀ, ਸ਼ਾਦੀਸ਼ੁਦਾ, ਮੁਸਲਮਾਨ ਔਰਤ, ਤਿੰਨ ਬੱਚਿਆਂ ਦੀ ਮਾਂ ਸੀ ਜਿਸ ਬਾਰੇ ਮੈਂ ਸਭ ਤੋਂ ਵੱਧ ਸੋਚਦਾ ਸਾਂ। ਉਹਨੇ ਮੈਨੂੰ ਇਸ ਗੱਲ ਲਈ ਚਿੜਾਇਆ ਸੀ ਕਿ ਅਸੀਂ ਹਿੰਦੂ ਆਪਣੇ ਪਾਪ ਗੰਗਾ ਵਿਚ ਧੋ ਲੈਂਦੇ ਹਾਂ। ਮੈਨੂੰ ਲੱਗਦਾ ਹੈ ਕਿ ਉਹਨੇ ਵੀ ਮੱਕਾ ਅਤੇ ਮਦੀਨਾ ਦੀ ਜ਼ਿਆਰਤ ਕਰ ਕੇ ਇਕ ਭਾਰਤੀ ਹਿੰਦੂ ਕਾਫ਼ਰ ਨਾਲ ਕੀਤੇ ਗਏ ਸਹਿਵਾਸ ਦੇ ਪਾਪ ਨੂੰ ਧੋ ਲਿਆ ਹੋਣਾ ਹੈ।

*****

ਜਦੋਂ ਤੱਕ ਅਸੀਂ ਮੇਰੇ ਪਿਤਾ ਦੇ ਡੀ ਡੀ ਏ ਫਲੈਟ ਵਿਚ ਪਹੁੰਚੇ ਉਦੋਂ ਤੱਕ ਪੂਰਬ ਵਾਲੇ ਪਾਸੇ ਲੋਅ ਲੱਗਣੀ ਸ਼ੁਰੂ ਹੋ ਗਈ ਸੀ। ਮੇਰੇ ਪਿਤਾ ਨੇ ਛੋਟੀ ਜਿਹੀ ਬੈਠਕ ਵਿਚ ਆਪਣੇ

ਲਈ ਮੰਜੀ ਡਾਹ ਲਈ ਸੀ ਅਤੇ ਸੌਣ ਕਮਰਾ ਮੇਰੇ ਲਈ ਖਾਲੀ ਕਰ ਦਿੱਤਾ ਸੀ। ਉਨ੍ਹਾਂ ਇਹ ਬੰਦੋਬਸਤ ਬਦਲਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ, ''ਪੁੱਤਰ ਅੱਧੀ ਧਰਤੀ ਦਾ ਸਫ਼ਰ ਕਰਨ ਕਰਕੇ ਤੂੰ ਥੱਕ ਚੁੱਕਾ ਹੋਵੇਂਗਾ। ਤੈਨੂੰ ਆਰਾਮ ਦੀ ਲੋੜ ਹੈ। ਵੈਸੇ ਵੀ ਬੈੱਡਰੂਮ ਵਧੇਰੇ ਆਰਾਮਦੇਹ ਹੈ। ਮੇਰੇ ਤਾਂ ਉੱਠਣ ਦਾ ਸਮਾਂ ਵੀ ਹੋ ਰਿਹਾ ਹੈ। ਮੈਂ ਤੜਕੇ ਉੱਠ ਕੇ ਸੈਰ ਕਰਨ ਅਤੇ ਮੰਦਰ ਜਾਂਣਾ ਹੈ। ਵਾਪਸੀ 'ਤੇ ਮੈਂ ਤੈਨੂੰ ਉਠਾ ਦਿਆਂਗਾ ਅਤੇ ਅਸੀਂ ਨਾਸ਼ਤਾ ਇਕੱਠੇ ਹੀ ਕਰਾਂਗੇ। ਫਿਰ ਤੂੰ ਅਮਰੀਕਾ ਬਾਰੇ ਅਤੇ ਆਪਣੇ ਭਵਿੱਖ ਬਾਰੇ ਮੈਨੂੰ ਦੱਸੀਂ।''

ਉਹ ਕੱਪੜੇ ਬਦਲੇ ਬਿਨਾਂ ਹੀ ਮੰਜੀ 'ਤੇ ਪੈ ਗਏ। ਮੈਂ ਰਾਤ ਪਾਉਣ ਵਾਲੇ ਕੱਪੜੇ ਪਾਏ, ਬੈੱਡਰੂਮ ਵਿਚ ਮੰਜੀ 'ਤੇ ਲੰਮਾ ਪਿਆ ਅਤੇ ਅੱਖਾਂ ਬੰਦ ਕਰ ਲਈਆਂ। ਇਹ ਬਹੁਤੀ ਆਰਾਮਦੇਹ ਨਹੀਂ ਸੀ। ਮੈਂ ਨਰਮ ਗੱਦਿਆਂ ਅਤੇ ਨਰਮ ਸਰਹਾਣੇ ਲੈ ਕੇ ਸੌਣ ਦਾ ਆਦੀ ਹੋ ਗਿਆ ਸਾਂ। ਸਖਤ ਦਰੀ ਨਾਲ ਮੇਰੀ ਪਿੱਠ ਨੂੰ ਔਖ ਹੋ ਰਹੀ ਸੀ। ਰੂੰ ਨਾਲ ਭਰਿਆ ਸਰਹਾਣਾ ਵੀ ਲੱਕੜ ਦਾ ਬਣਿਆ ਲੱਗਦਾ ਸੀ। ਇਹ ਤਬਦੀਲੀ ਇਕਦਮ ਹੀ ਆ ਗਈ ਸੀ ਅਤੇ ਆਲਾ ਦੁਆਲਾ ਬੜਾ ਅਜੀਬ ਲੱਗਦਾ ਸੀ। ਨੀਂਦ ਨਹੀਂ ਸੀ ਆਈ।

ਮੈਂ ਆਪਣੇ ਪਿਤਾ ਦੀ ਉੱਠ ਕੇ ਬਾਥਰੂਮ 'ਚ ਜਾ ਕੇ ਇਸ਼ਨਾਨ ਕਰਨ ਦੀ ਆਵਾਜ਼ ਸੁਣੀ। ਫੇਰ ਮੈਂ ਸੁਣਿਆ ਕਿ ਉਹ ਫਲੈਟ ਤੋਂ ਬਾਹਰ ਚਲੇ ਗਏ ਅਤੇ ਜਾਂਦੇ ਹੋਏ ਬਾਹਰੋਂ ਕੁੰਡੀ ਲਗਾ ਗਏ। ਮੈਂ ਉੱਠ ਕੇ ਆਪਣੇ ਆਲੇ ਦੁਆਲੇ ਦੇਖਿਆ। ਖਿੜਕੀ ਥਾਣੀਂ ਜੋ ਕੁਝ ਮੈਂ ਦੇਖਿਆ ਉਹ ਬੜਾ ਦਿਲ ਢਾਹੁਣ ਵਾਲਾ ਸੀ। ਬਹੁ ਮੰਜ਼ਲੀਆਂ ਭੂਰੇ ਰੰਗ ਦੀਆਂ ਫਲੈਟਾਂ ਵਾਲੀਆਂ ਇਮਾਰਤਾਂ। ਸਾਰਿਆਂ ਦਾ ਆਕਾਰ ਇਕੋ ਜਿਹਾ। ਸਾਰਿਆਂ ਵਿਚਾਲੇ ਤੰਗ ਸੜਕਾਂ ਅਤੇ ਕਿਤੇ ਕਿਤੇ ਛੋਟੇ ਛੋਟੇ ਤਾਜ਼ਾ ਲਾਏ ਗਏ ਦਰੱਖਤ। ਭਾਰੇ ਬਸਤਿਆਂ ਨਾਲ ਲੱਦੇ ਹੋਏ ਬੱਚੇ ਆਪਣੀਆਂ ਮਾਵਾਂ ਦੇ ਨਾਲ ਕੋਨੇ ਵਿਚ ਬਣੇ ਸਕੂਲੀ ਬੱਸ ਸਟੈਂਡ ਵੱਲ ਨੂੰ ਜਾ ਰਹੇ ਸਨ। ਦੋਧੀ ਅਤੇ ਅਖ਼ਬਾਰ ਵੇਚਣ ਵਾਲੇ ਆਪਣੇ ਸਾਇਕਲਾਂ 'ਤੇ ਚੱਕਰ ਕੱਟ ਰਹੇ ਸਨ। ਉਨ੍ਹਾਂ ਦੇ ਚੇਹਰਿਆਂ 'ਤੇ ਬੋਰੀਅਤ ਸੀ। ਮੈਂ ਉਸੇ ਵੇਲੇ ਹੀ ਫੈਸਲਾ ਕਰ ਲਿਆ ਸੀ ਕਿ ਅਸੀਂ ਇਸ ਨਿਕੰਮੀ ਕਲੋਨੀ ਵਿਚ ਨਹੀਂ ਰਹਿ ਸਕਦੇ। ਮੇਰੇ ਪਿਤਾ ਨੂੰ ਬੇਹਤਰ ਥਾਂ ਦੀ ਲੋੜ ਹੈ। ਮੈਨੂੰ ਬੇਹਤਰ ਥਾਂ ਦੀ ਲੋੜ ਹੈ।

ਮੈਂ ਫਿਰ ਮੰਜੀ 'ਤੇ ਲੰਮਾ ਪੈ ਗਿਆ ਅਤੇ ਆਪਣੀਆਂ ਅੱਖਾਂ ਨੂੰ ਰੁਮਾਲ ਨਾਲ ਢਕ ਲਿਆ। ਪ੍ਰਿੰਸਟਨ ਅਤੇ ਹੋਰ ਥਾਵਾਂ 'ਤੇ ਜਿੰਨਾ ਸਮਾਂ ਮੈਂ ਬਤੀਤ ਕੀਤਾ ਸੀ ਉਹਦੇ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਆ ਗਏ। ਕੋਈ ਵੀ ਦ੍ਰਿਸ਼ ਐਸਾ ਚੇਤੇ ਨਾ ਆਇਆ ਜਿਸ ਵਿਚ ਕੋਈ ਐਸੀ ਔਰਤ ਸ਼ਾਮਲ ਨਾ ਹੋਵੇ ਜਿਸ ਨਾਲ ਮੈਂ ਪਿਆਰ ਕੀਤਾ ਸੀ। ਜੈਸਿਕਾ ਬਰਾਊਨ, ਜਿਸ ਨੇ ਮੈਨੂੰ ਸੈਕਸ ਦਾ ਪਹਿਲਾ ਸਬਕ ਪੜ੍ਹਾਇਆ ਸੀ ਅਤੇ ਯਾਸਮਿਨ ਵਾਂਚੂ ਜਿਸ ਨੇ ਮੈਨੂੰ ਆਪਣੇ ਨਾਲ ਸਹਿਵਾਸ ਲਈ ਮਜਬੂਰ ਕੀਤਾ ਸੀ, ਵਾਰ ਵਾਰ ਮੇਰੇ ਮਨ ਵਿਚ ਆਉਂਦੀਆਂ ਰਹੀਆਂ। ਬਾਕੀ ਦੀਆਂ ਵੀ ਪਲ ਕੁ ਭਰ ਲਈ ਮੈਨੂੰ ਚੇਤੇ ਆਈਆਂ ਪਰ ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ

ਪਛਾਣ ਨਾ ਸਕਿਆ। ਮੈਨੂੰ ਇਹ ਵੀ ਚੇਤੇ ਆਇਆ ਕਿ ਮੇਰੇ ਇਨ੍ਹਾਂ ਸਬੰਧਾਂ ਵਿਚੋਂ ਕੋਈ ਵੀ ਲੰਮੇ ਸਮੇਂ ਤੱਕ ਨਹੀਂ ਸੀ ਚੱਲਿਆ। ਜੈਸਿਕਾ ਨਾਲ ਮੇਰੀ ਦੋਸਤੀ ਸਭ ਤੋਂ ਵੱਧ ਲੰਮੀ ਸੀ, ਪੂਰੀ ਇਕ ਟਰਮ ਦੀ। ਬਾਕੀ ਦੇ ਸਬੰਧ ਤਾਂ ਬਹੁਤ ਹੀ ਥੋੜ੍ਹੇ ਸਮੇਂ ਦੇ ਸਨ, ਕਿਉਂਕਿ ਉਦੋਂ ਤੱਕ ਮੈਨੂੰ ਇਹ ਪਤਾ ਲੱਗ ਗਿਆ ਸੀ ਕਿ ਸਭ ਤੋਂ ਵੱਧ ਸੁਰੱਖਿਅਤ ਰਹਿਣ ਲਈ ਗਿਣਤੀ ਦਾ ਬਹੁਤਾ ਹੋਣਾ ਜ਼ਰੂਰੀ ਹੈ। ਇਹ ਉਦੋਂ ਤੋਂ ਪਹਿਲਾਂ ਦੀ ਗੱਲ ਹੈ ਜਦੋਂ ਏਡਜ਼ ਦੇ ਡਰ ਨੇ ਹਾਲੇ ਬਹੁਤੇ ਲੋਕਾਂ ਨਾਲ ਸੈਕਸ ਨੂੰ ਖ਼ਤਰਨਾਕ ਨਹੀਂ ਸੀ ਬਣਾਇਆ। ਕਈ ਤਾਂ ਐਸੇ ਮੌਕੇ ਵੀ ਸਨ ਜਦੋਂ ਮੈਂ ਇਕੋ ਸਮੇਂ ਦੋ ਜਾਂ ਤਿੰਨ ਕੁੜੀਆਂ ਨਾਲ ਮੇਲ ਮੁਲਾਕਾਤ ਰੱਖਦਾ ਸਾਂ ਅਤੇ ਮੇਰੀ ਕੋਈ ਵੀ ਸਹੇਲੀ ਐਸੀ ਨਹੀਂ ਸੀ ਜਿਸ ਨੂੰ ਮੈਂ ਆਪਣੇ ਬਿਸਤਰ ਤੱਕ ਲੈ ਕੇ ਨਾ ਗਿਆ ਹੋਵਾਂ। ਜਿਉਂ ਹੀ ਮੈਨੂੰ ਪਤਾ ਲੱਗਦਾ ਕਿ ਕੁੜੀ ਮੇਰੇ ਪ੍ਰਤੀ ਭਾਵੁਕ ਹੋ ਰਹੀ ਹੈ ਮੈਂ ਉਸ ਨੂੰ ਛੱਡ ਦਿੰਦਾ ਸਾਂ। ਇਸੇ ਕਾਰਨ ਮੇਰੀਆਂ ਯਾਦਾਂ ਵਿਚ ਕਿਸੇ ਕਿਸਮ ਦੀ ਜੁੜਤ ਨਹੀਂ ਸੀ ਅਤੇ ਇਹ ਸਾਰੀਆਂ ਔਰਤਾਂ ਹੀ ਮੈਨੂੰ ਚੇਤੇ ਆ ਰਹੀਆਂ ਸਨ-ਫਿਨ ਦੀਆਂ ਛਾਤੀਆਂ ਖਰਬੂਜਿਆਂ ਵਰਗੀਆਂ ਸਨ, ਇਕ ਹੋਰ ਦਾ ਪਿੱਛਾ ਮੈਨੂੰ ਪਸੰਦ ਸੀ ਜਿਸ ਕਰਕੇ ਅਸੀਂ ਜਦੋਂ ਵੀ ਕਮਰੇ ਵਿਚ ਇਕੱਠੇ ਹੁੰਦੇ ਤਾਂ ਉਹ ਨੰਗੇ ਪਿੰਡੇ ਨਾਲ ਹੀ ਕਮਰੇ ਵਿਚ ਘੁੰਮਦੀ ਰਹਿੰਦੀ। ਮੈਕਸਿਕੋ ਦੀ ਰਹਿਣ ਵਾਲੀ ਕੁੜੀ ਨੂੰ ਕਦੇ ਸੰਤੁਸ਼ਟੀ ਨਹੀਂ ਸੀ ਹੁੰਦੀ ਅਤੇ ਜਦੋਂ ਉਸ ਦੀ ਤਸੱਲੀ ਹੋਈ ਉਦੋਂ ਅਸੀਂ ਘੋੜਿਆਂ ਵਾਲਾ ਆਸਣ ਵਰਤਿਆ ਸੀ। ਉਹ ਆਪਣਾ ਮੂੰਹ ਸਰਹਾਣੇ ਵਿਚ ਦੇ ਕੇ ਅਤੇ ਪਿੱਛਾ ਉੱਪਰ ਚੁੱਕ ਕੇ ਖ਼ੁਸ਼ੀ ਨਾਲ ਚੀਕਾਂ ਮਾਰ ਰਹੀ ਸੀ।

ਮੈਂ ਆਪਣੇ ਮਨ ਵਿਚ ਨੰਗੀਆਂ ਫਿਲਮਾਂ ਵਰਗੇ ਇਨ੍ਹਾਂ ਦ੍ਰਿਸ਼ਾਂ ਨੂੰ ਚੇਤੇ ਕਰਦਾ ਹੋਇਆ ਸੌਂ ਗਿਆ ਸਾਂ ਕਿ ਮੈਨੂੰ ਪਿਤਾ ਜੀ ਦੇ ਆਉਣ ਦੀ ਆਵਾਜ਼ ਸੁਣਾਈ ਦਿੱਤੀ। ਉਨ੍ਹਾਂ ਕਿਹਾ, ''ਪੁੱਤਰ ਉੱਠਣ ਦਾ ਸਮਾਂ ਹੋ ਗਿਆ ਹੈ। ਤੂੰ ਨਹਾ ਲੈ ਅਤੇ ਕੱਪੜੇ ਬਦਲ ਲੈ। ਉਨੀ ਦੇਰ ਤੱਕ ਮੈਂ ਤੇਰੇ ਲਈ ਆਮਲੇਟ ਤੇ ਚਾਹ ਬਣਾਉਂਦਾ ਹਾਂ।''

ਜਿਵੇਂ ਮੇਰੇ ਪਿਤਾ ਰਹਿੰਦੇ ਰਹੇ, ਮੈਂ ਉਵੇਂ ਹੀ ਕਰਦਾ ਰਿਹਾ। ਜਦ ਮੈਂ ਬਾਹਰ ਸਾਂ ਤਾਂ ਉਹ ਮੇਰੀ ਬਹੁਤ ਕਮੀ ਮਹਿਸੂਸ ਕਰਦੇ ਰਹੇ ਸਨ ਅਤੇ ਹੁਣ ਮੇਰੇ 'ਤੇ ਆਪਣਾ ਸਾਰਾ ਪਿਆਰ ਨਿਸ਼ਾਵਰ ਕਰਨਾ ਚਾਹੁੰਦੇ ਸਨ। ਉਨ੍ਹਾਂ ਨੂੰ ਮੇਰੀਆਂ ਪ੍ਰਾਪਤੀਆਂ 'ਤੇ ਬਹੁਤ ਮਾਣ ਸੀ। ਉਹ ਆਪਣੇ ਸਾਥੀਆਂ ਨੂੰ ਦਿਖਾਉਣਾ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਕਿੰਨਾ ਚੰਗਾ ਹੈ। ਉਹ ਬਜ਼ੁਰਗ ਹੋ ਚੁੱਕੇ ਸਨ। ਮੈਂ ਛੇ ਸਾਲ ਵਿਦੇਸ਼ ਵਿਚ ਰਹਿ ਕੇ ਮੌਜ ਮੇਲਾ ਕਰਦਾ ਰਿਹਾ ਸਾਂ ਜਦ ਕਿ ਉਹ ਇਕੱਲੇ ਹੀ ਇੱਥੇ ਮੇਹਨਤ ਕਰ ਰਹੇ ਸਨ। ਇਸ ਲਈ ਹੁਣ ਮੈਂ ਉਨ੍ਹਾਂ ਦੀ ਹਰ ਇੱਛਾ ਪੂਰੀ ਕਰ ਕਰ ਰਿਹਾ ਸਾਂ। ਜਿਸ ਦਿਨ ਮੈਂ ਵਾਪਸ ਆਇਆ, ਉਨ੍ਹਾਂ ਆਪਣੇ ਦਰਜਨ ਭਰ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਆਪਣੇ ਛੋਟੇ ਜਿਹੇ ਫਲੈਟ 'ਚ ਸੱਦਿਆ ਅਤੇ ਉਨ੍ਹਾਂ ਨੂੰ ਚਾਹ, ਕੌਫੀ, ਕੇਕ ਅਤੇ ਬਿਸਕੁਟਾਂ ਨਾਲ ਰਜਾ ਦਿੱਤਾ। ਉਹ ਸਾਰੇ ਹੀ ਬੁੱਢੇ ਲੋਕ ਸਨ, ਜਿਨ੍ਹਾਂ ਵਿਚ ਹਿੰਦੂ ਤੇ ਸਿੱਖ ਵੀ ਸਨ। ਇਹ ਲੋਕ ਆਪਣੇ ਨੇੜਲੇ ਗੁਰਦੁਆਰੇ ਵਿਚ ਸ਼ਬਦ ਕੀਰਤਨ ਸੁਣ ਕੇ ਆਪਣੇ ਦਿਨ ਦੀ ਸ਼ੁਰੂਆਤ ਕਰਦੇ ਸਨ, ਫੇਰ ਲੋਧੀ ਗਾਰਡਨ 'ਚ ਮਿਲਦੇ ਸਨ ਅਤੇ ਉੱਥੇ ਬੈਠ ਕੇ ਭਾਰਤੀ ਸਿਆਸਤਦਾਨਾਂ ਦੀਆਂ ਕੁਚਾਲਾਂ 'ਤੇ ਟਿੱਪਣੀ ਕਰਦੇ ਸਨ। ਉਨ੍ਹਾਂ ਦਾ ਦਿਨ ਨੇਲੇ ਸਾਈਂ ਬਾਬਾ ਦੇ ਮੰਦਰ ਵਿਚ ਜਾਣ ਤੋਂ ਬਾਅਦ ਖਤਮ ਹੁੰਦਾ ਸੀ। ਮਹੀਨੇ 'ਚ ਇੱਕ ਵਾਰ, ਆਮ ਤੌਰ 'ਤੇ ਵੀਰਵਾਰ ਨੂੰ ਉਹ ਹਜ਼ਰਤ ਨਿਜ਼ਾਮੂਦੀਨ ਔਲੀਆ ਦੀ ਦਰਗਾਹ 'ਤੇ ਕਵਾਲੀਆਂ ਸੁਨਣ ਵੀ ਜਾਂਦੇ ਸਨ। ਮੈਨੂੰ ਇਸ ਗੱਲ ਦੀ ਹੈਰਾਨੀ ਹੋਈ ਸੀ ਕਿ ਮੇਰੇ ਵਿਦੇਸ਼ ਜਾਣ ਤੋਂ ਬਾਅਦ ਮੇਰੇ ਪਿਤਾ ਧਾਰਮਿਕ ਰਸਮਾਂ ਨੂੰ ਮੰਨਣ ਲੱਗ ਪਏ ਸਨ। ਉਹ ਕਾਫੀ ਬਜ਼ੁਰਗ ਵੀ ਹੋ ਗਏ ਸਨ ਅਤੇ ਬੁੱਢੇ ਹੋ ਰਹੇ ਸਾਰੇ ਭਾਰਤੀਆਂ ਵਾਂਗ ਉਹ ਮੰਦਰ ਵੀ ਜਾਣ ਲੱਗੇ ਸਨ ਅਤੇ ਪ੍ਰਾਰਥਨਾ ਵੀ ਕਰਨ ਲੱਗੇ ਸਨ। ਮੈਨੂੰ ਪਤਾ ਸੀ ਕਿ ਉਹ ਮੈਨੂੰ ਆਪਣੇ ਨਾਲ ਮੰਦਰ ਜਾਣ ਲਈ ਮਜਬੂਰ ਨਹੀਂ ਕਰਨਗੇ, ਪਰ ਹਰਦੁਆਰ ਜਾ ਕੇ ਗੰਗਾ 'ਚ ਡੁਬਕੀ ਲਾਉਣੀ ਹੀ ਪੈ ਗਈ ਸੀ। ਇਸ ਨੂੰ ਮੈਂ ਬਰਦਾਸ਼ਤ ਕਰ ਸਕਦਾ ਸਾਂ ਕਿਉਂਕਿ ਮੈਂ ਜਾਨਣਾ ਚਾਹੁੰਦਾ ਸਾਂ ਕਿ ਸੰਨਿਆਸ ਲੈਣ ਤੋਂ ਬਾਅਦ ਮੇਰੇ ਪਿਤਾ ਕਿੱਥੇ ਰਹਿਣਾ ਚਾਹੁੰਦੇ ਹਨ।

ਕਿਉਂਕਿ ਮੈਂ ਪਹਿਲਾਂ ਅੰਦਾਜ਼ਾ ਨਹੀਂ ਸੀ ਲਗਾ ਸਕਿਆ ਕਿ ਮੇਰੇ ਪਿਤਾ ਕੀ ਚਾਹੁੰਦੇ ਸਨ, ਇਸ ਲਈ ਮੈਨੂੰ ਸਭ ਤੋਂ ਵੱਧ ਹੈਰਾਨੀ ਇਸ ਗੱਲ ਦੀ ਹੋਈ ਕਿ ਮੇਰੇ ਪਿਤਾ ਮੇਰੀ ਸ਼ਾਦੀ ਕਰਨਾ ਚਾਹੁੰਦੇ ਹਨ। ਉਹ ਇਸ ਨੂੰ ਸਭ ਤੋਂ ਜ਼ਰੂਰੀ ਕੰਮ ਸਮਝ ਰਹੇ ਸਨ। ਮੇਰੇ ਨਾਲ ਸਲਾਹ ਕੀਤੇ ਬਿਨਾਂ ਹੀ ਉਨ੍ਹਾਂ ਮੇਰੀ ਤਸਵੀਰ ਸਮੇਤ 'ਦੀ ਹਿੰਦੋਸਤਾਨ ਟਾਈਮਜ਼' ਅਤੇ

'ਦੀ ਟਾਈਮਜ਼ ਆਫ ਇੰਡੀਆ' ਦੇ ਵਿਆਹ ਬਾਰੇ ਕਾਲਮਾਂ ਵਿਚ ਇਸ਼ਤਿਹਾਰ ਦੇ ਦਿੰਦੇ। ਇਸ ਇਸ਼ਤਿਹਾਰ 'ਚ ਉਨ੍ਹਾਂ ਮੇਰੀ ਪੜ੍ਹਾਈ ਦਾ ਜ਼ਿਕਰ ਵੀ ਕੀਤਾ ਅਤੇ ਨਾਲ ਇਹ ਵੀ ਦੱਸ ਦਿੱਤਾ ਕਿ ਮੇਰੇ ਕੋਲ ਅਮਰੀਕਾ ਦਾ ਗਰੀਨ ਕਾਰਡ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਸੀ ਕਿ ਮੈਨੂੰ ਅੰਤਰਰਾਸ਼ਟਰੀ ਕੰਪਨੀਆਂ ਵੱਲੋਂ ਕਿੰਨੀ ਤਨਖਾਹ ਦੀ ਪੇਸ਼ਕਸ਼ ਕੀਤੀ ਗਈ ਸੀ। ਰੁਪਈਆਂ 'ਚ ਵਟਾਇਆਂ ਇਹ ਰਕਮ ਕਈ ਲੱਖ ਰੁਪਏ ਮਹੀਨਾ ਹੋ ਜਾਂਦੀ ਸੀ। ਉਨ੍ਹਾਂ ਬਾਕਸ ਨੰਬਰ ਦੇ ਕੇ ਆਪਣੀ ਪਛਾਣ ਲਕੋਣ ਦੀ ਥਾਂ ਇਸ ਵਿਚ ਆਪਣਾ ਨਾਂ, ਪਤਾ ਤੇ ਟੈਲੀਫੋਨ ਨੰਬਰ ਦੇ ਦਿੱਤਾ ਅਤੇ ਨਾਲ ਹੀ ਇਹ ਵੀ ਲਿਖ ਦਿੱਤਾ ਕਿ ਸਬੰਧਤ ਧਿਰਾਂ ਉਨ੍ਹਾਂ ਨਾਲ ਸੰਪਰਕ ਕਰਨ। ਮੈਨੂੰ ਤਾਂ ਪਤਾ ਹੀ ਉਦੋਂ ਲੱਗਿਆ ਜਦੋਂ ਪਹਿਲੀ ਵਾਰੀ ਇੱਕ ਪੂਰਾ ਪਰਿਵਾਰ, ਜਿਸ ਵਿਚ ਪਿਤਾ, ਮਾਤਾ, ਹੋਣ ਵਾਲੀ ਲਾੜੀ, ਉਹਦੇ ਚਾਚੇ ਤੇ ਭਰਾ ਸ਼ਾਮਲ ਸਨ, ਸਾਡੇ ਘਰ ਆਏ। ਪਿਤਾ ਜੀ ਨੇ ਉਨ੍ਹਾਂ ਦੀ ਇਸ ਤਰ੍ਹਾਂ ਇੰਟਰਵਿਊ ਲਈ ਜਿਵੇਂ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਲਿਆ ਕਰਦਾ ਹੈ। ਕੁੜੀ ਕਿੱਥੋਂ ਤੱਕ ਪੜ੍ਹੀ ਹੈ? ਕੀ ਉਹ ਨੌਕਰੀ ਕਰਦੀ ਹੈ? ਉਹਨੂੰ ਤਨਖਾਹ ਕਿੰਨੀ ਮਿਲਦੀ ਹੈ? ਪਰਿਵਾਰ ਦੀ ਵੁੱਕਤ ਕਿੰਨੀ ਹੈ? ਉਨ੍ਹਾਂ ਨੂੰ ਕੌਣ ਕੌਣ ਜਾਣਦੇ ਹਨ? ਵਗੈਰਾ ਵਗੈਰਾ... ਫੇਰ ਉਨ੍ਹਾਂ ਨੇ ਵੀ ਪਿਤਾ ਜੀ ਤੋਂ ਕਈ ਸਵਾਲ ਪੁੱਛੇ। ਮੈਂ ਚੁੱਪ ਚਾਪ ਬੈਠਿਆ ਕੁੜੀ ਵੱਲ ਵੇਖਦਾ ਰਿਹਾ। ਮੈਂ ਸੋਚ ਰਿਹਾ ਸਾਂ ਕਿ ਬਿਸਤਰੇ 'ਚ ਉਹ ਕਿਸ ਤਰ੍ਹਾਂ ਦੀ ਹੋਏਗੀ। ਕੁਝ ਹਫਤੇ ਤੱਕ ਪਰਹੇਜ਼ਦਾਰੀ ਕਰਨ ਤੋਂ ਬਾਅਦ ਮੇਰੇ ਸਿਰ 'ਚ ਫਿਰ ਸੈਕਸ ਦਾ ਭੂਤ ਉੱਠ ਰਿਹਾ ਸੀ। ਮੈਨੂੰ ਲਗਪਗ ਹਰ ਰੋਜ਼ ਹੀ ਕਿਸੇ ਨਾ ਕਿਸੇ ਔਰਤ ਨਾਲ ਸੌਣ ਦੀ ਆਦਤ ਪੈ ਚੁੱਕੀ ਸੀ। ਕਦੇ ਕਦੇ ਤਾਂ ਮੈਂ ਦੋ ਦੋ ਔਰਤਾਂ ਨਾਲ ਹਮਬਿਸਤਰ ਹੁੰਦਾ ਸਾਂ। ਮੇਰੇ ਲਈ ਇਸ ਗੱਲ ਦੀ ਕੋਈ ਮਹੱਤਤਾ ਨਹੀਂ ਸੀ ਰਹਿ ਗਈ ਕਿ ਕੋਈ ਔਰਤ ਕਿੰਨੀ ਸੁੰਦਰ ਹੈ! ਮੇਰੇ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਬਿਸਤਰੇ ਵਿਚ ਉਹ ਕਿਸ ਤਰ੍ਹਾਂ ਦੀ ਹੈ। ਮੈਂ ਦੇਖਿਆ ਕਿ ਕਾਂਜੀਵਰਮ ਦੀ ਸਾੜੀ ਅਤੇ ਭਾਰੀ ਗਹਿਣੇ ਪਾਈ ਬੈਠੀ ਕੁੜੀ ਮੇਰੇ ਵੱਲ ਝਾਤੀ ਮਾਰ ਰਹੀ ਹੈ। ਪਰ ਅਸਾਂ ਕੋਈ ਗੱਲ ਨਾ ਕੀਤੀ।

ਜਦੋਂ ਕੁੜੀ ਵਾਲੇ ਚਲੇ ਗਏ ਤਾਂ ਮੈਂ ਆਪਣੇ ਪਿਤਾ ਨੂੰ ਗੁੱਸੇ ਨਾਲ ਕਿਹਾ: ''ਪਾਪਾ ਇਹ ਸਭ ਕੁਛ ਕੀ ਹੋ ਰਿਹਾ ਹੈ? ਪਹਿਲਾਂ ਮੈਨੂੰ ਪੁੱਛ ਤਾਂ ਲੈਣਾ ਸੀ।'' ਉਨ੍ਹਾਂ ਜਵਾਬ ਦਿੱਤਾ, ''ਕਿਉਂ? ਪਿਤਾ ਦਾ ਫਰਜ਼ ਹੈ ਕਿ ਆਪਣੇ ਜਿਉਂਦੇ ਜੀਅ ਆਪਣੇ ਪੁੱਤਰ ਦੀ ਸ਼ਾਦੀ ਕਰੇ। ਮੈਂ ਤਾਂ ਆਪਣਾ ਧਰਮ ਪੂਰਾ ਕਰ ਰਿਹਾ ਹਾਂ। ਜੇ ਤੇਰੀ ਮਾਂ ਜਿਉਂਦੀ ਹੁੰਦੀ ਤਾਂ ਉਹਨੇ ਮੇਰੀ ਮਦਦ ਕਰਨੀ ਸੀ। ਹੁਣ ਮੈਨੂੰ ਇਕੱਲਿਆਂ ਹੀ ਇਹ ਕੰਮ ਕਰਨਾ ਪੈ ਰਿਹਾ ਹੈ।''

ਮੈਂ ਉਨ੍ਹਾਂ ਦਾ ਇਹ ਬਹਾਨਾ ਮੰਨਣ ਲਈ ਤਿਆਰ ਨਹੀਂ ਸਾਂ। ਇਸ ਲਈ ਮੈਂ ਕਿਹਾ, ''ਪਾਪਾ ਜੇ ਤੁਹਾਡੀ ਕੋਈ ਧੀ ਹੁੰਦੀ ਜਿਹਨੂੰ ਅਣਜਾਣੇ ਲੋਕ ਦੇਖਣ ਆਉਂਦੇ ਅਤੇ ਉਹਨੂੰ ਰੱਦ ਕਰ ਦਿੰਦੇ? ਜੁਆਨ ਕੁੜੀਆਂ ਨਾਲ ਇਸ ਤਰ੍ਹਾਂ ਕਰਨਾ ਬੜੀ ਬੇਇਜ਼ਤੀ ਵਾਲੀ ਗੱਲ

ਹੈ। ਮੈਨੂੰ ਇਹ ਗੱਲ ਪਸੰਦ ਨਹੀਂ।''

ਉਨ੍ਹਾਂ ਹਾਰ ਨਹੀਂ ਮੰਨੀ, ''ਇਹ ਸਾਰਾ ਕੰਮ ਤੂੰ ਮੇਰੇ 'ਤੇ ਛੱਡ ਦੇ। ਜੇ ਮੈਨੂੰ ਕੁੜੀ ਤੇ ਉਹ ਦਾ ਪਰਿਵਾਰ ਪਸੰਦ ਆਇਆ ਤਾਂ ਹੀ ਮੈਂ ਤੇਰੀ ਮਰਜ਼ੀ ਪੁੱਛਾਂਗਾ। ਅੰਤਮ ਫੈਸਲਾ ਤੇਰਾ ਹੋਵੇਗਾ।''

ਉਸ ਤੋਂ ਬਾਅਦ ਸ਼ਾਇਦ ਹੀ ਕੋਈ ਦਿਨ ਐਸਾ ਬੀਤਿਆ ਹੋਵੇ ਜਿਸ ਦਿਨ ਕੋਈ ਨਾ ਕੋਈ ਪਰਿਵਾਰ ਸਾਡੇ ਘਰ ਨਾ ਆਇਆ ਹੋਵੇ। ਸਭ ਨੂੰ ਹੀ ਚਾਹ ਜਾਂ ਠੰਡਾ ਪੇਸ਼ ਕਰਨ ਤੋਂ ਬਾਅਦ ਸਵਾਲਾਂ ਦਾ ਸਿਲਸਿਲਾ ਸ਼ੁਰੂ ਹੁੰਦਾ। ਮੈਂ ਚੁੱਪਚਾਪ ਬੈਠਿਆ ਸਾਰੇ ਸਿਲਸਿਲੇ ਨੂੰ ਦੇਖਦਾ ਰਹਿੰਦਾ, ਹਰ ਰੋਜ਼ ਨਵੀਂ ਤੋਂ ਨਵੀਂ ਕੁੜੀ 'ਤੇ ਝਾਤੀ ਮਾਰਦਾ, ਅੱਖਾਂ ਹੀ ਅੱਖਾਂ ਵਿਚ ਉਨ੍ਹਾਂ ਦੀਆਂ ਸਾੜੀਆਂ ਜਾਂ ਸਲਵਾਰ ਕਮੀਜ਼ਾਂ ਲਾਹ ਸੁੱਟਦਾ। ਮੈਂ ਮਹਿਸੂਸ ਕੀਤਾ ਕਿ ਉਨ੍ਹਾਂ ਸਾਰੀਆਂ ਨਾਲ ਹੀ ਸੁੱਤਾ ਜਾ ਸਕਦਾ ਸੀ। ਰਾਤ ਵੇਲੇ ਮੈਂ ਉਨ੍ਹਾਂ ਬਾਰੇ ਸੁਪਨੇ ਲੈਂਦਾ। ਮੇਰੇ ਪਿਤਾ ਉਨ੍ਹਾਂ ਬਾਰੇ ਆਪਣੀ ਰਾਏ ਕਾਗਜ਼ 'ਤੇ ਲਿਖਦੇ ਅਤੇ ਫਿਰ ਕਾਗਜ਼ ਨੂੰ ਫਾਈਲ ਵਿਚ ਰੱਖ ਦਿੰਦੇ। ਸਰਕਾਰੀ ਨੌਕਰੀ ਵਿਚ ਰਹਿੰਦਿਆਂ ਉਨ੍ਹਾਂ ਨੂੰ ਇਹ ਆਦਤ ਪੈ ਗਈ ਸੀ। ਹਰ ਗੱਲ ਨੂੰ ਲਿਖਣ ਤੋਂ ਬਾਅਦ ਇਸ ਨੂੰ ਢੰਗ ਨਾਲ ਫਾਈਲ ਵਿਚ ਲਗਾ ਲੈਂਦੇ ਸਨ ਤਾਂ ਕਿ ਭਵਿੱਖ ਵਿਚ ਇਸ ਨੂੰ ਫਰੋਲ ਸਕਣ।

ਮੈਂ ਹਰ ਰੋਜ਼ ਹੁੰਦੀਆਂ ਇਨ੍ਹਾਂ ਕਵਾਇਦਾਂ ਤੋਂ ਤੰਗ ਆ ਗਿਆ ਸਾਂ ਅਤੇ ਮੈਨੂੰ ਉਨ੍ਹਾਂ ਕੁੜੀਆਂ ਤੇ ਮਾਪਿਆਂ 'ਤੇ ਤਰਸ ਆਉਂਦਾ ਸੀ ਜਿਨ੍ਹਾਂ ਨੂੰ ਇਹੀ ਕਿਹਾ ਜਾਂਦਾ ਸੀ ਕਿ ਅਸੀਂ ਉਨ੍ਹਾਂ ਨਾਲ ਫਿਰ ਸੰਪਰਕ ਕਰਾਂਗੇ। ਹਰ ਮੀਟਿੰਗ ਤੋਂ ਬਾਅਦ ਪਿਤਾ ਜੀ ਮੈਨੂੰ ਪੁੱਛਦੇ, ''ਤੈਨੂੰ ਕੁੜੀ ਕਿਹੋ ਜਿਹੀ ਲੱਗੀ?'' ਮੈਂ ਉਨ੍ਹਾਂ ਨੂੰ ਇੱਕੋ ਜਵਾਬ ਦਿੰਦਾ, ''ਠੀਕ ਹੈ, ਤੁਸੀਂ ਫੈਸਲਾ ਕਰੋ।''

ਉਨ੍ਹਾਂ ਇੱਕ ਵਾਰ ਕਿਹਾ, ''ਹੁਣ ਤੱਕ ਅਸੀਂ ਜਿਨ੍ਹਾਂ ਪਾਰਟੀਆਂ ਨੂੰ ਮਿਲਦੇ ਰਹੇ ਹਾਂ ਇਹ ਸਾਰੀਆਂ ਹੀ ਹੇਠਲੇ ਮੱਧਵਰਗ ਨਾਲ ਸਬੰਧਤ ਸਨ। ਤੈਨੂੰ ਤਾਂ ਦਿੱਲੀ ਦੀ ਸਭ ਤੋਂ ਅਮੀਰ ਅਤੇ ਸਭ ਤੋਂ ਸੋਹਣੀ ਕੁੜੀ ਮਿਲਣੀ ਚਾਹੀਦੀ ਹੈ।''

ਮੈਂ ਗੱਲ ਬਦਲਣ ਲਈ ਕਿਹਾ, ''ਆਪਾਂ ਹਰਦੁਆਰ ਕਦੋਂ ਜਾਣਾ ਹੈ? ਮੈਂ ਅਜੇ ਆਪਣੇ ਪਾਪ ਧੋਣੇ ਹਨ।''

ਉਨ੍ਹਾਂ ਜਵਾਬ ਦਿੱਤਾ, ''ਮੈਂ ਭੁੱਲਿਆ ਨਹੀਂ ਹੋਇਆ। ਮੈਂ ਆਪਣੇ ਮਿੱਤਰ ਸਰਦਾਰ ਮਹਿੰਗਾ ਸਿੰਘ ਨੂੰ ਕਿਹਾ ਹੈ ਕਿ ਉਹ ਦੋ ਦਿਨ ਲਈ ਆਪਣੀ ਮਰਿਸਡੀਜ਼ ਬੈਂਜ਼ ਕਾਰ ਉਧਾਰੀ ਦੇ ਦੇਵੇ। ਇਸੇ ਕਾਰ ਵਿਚ ਮੈਂ ਤੈਨੂੰ ਹਵਾਈ ਅੱਡੇ ਤੋਂ ਲੈਣ ਆਇਆ ਸਾਂ। ਉਹ ਅਮੀਰ ਵੀ ਬਹੁਤ ਹੈ ਤੇ ਖੁਲ੍ਹਦਿਲਾ ਵੀ ਬਹੁਤ।''

ਜਿਸ ਦਿਨ ਅਸੀਂ ਹਰਦੁਆਰ ਜਾਣਾ ਸੀ ਉਸ ਤੋਂ ਇਕ ਦਿਨ ਪਹਿਲਾਂ ਸਾਡੇ ਫਲੈਟ ਦੇ ਹੇਠਾਂ ਇੱਕ ਕਾਰ ਆ ਕੇ ਰੁਕੀ ਅਤੇ ਡਰਾਇਵਰ ਨੇ ਮੇਰੇ ਪਿਤਾ ਨੂੰ ਚਿੱਠੀ ਫੜਾਈ। ਉਹ

ਬੜੇ ਉਤਸ਼ਾਹ ਵਿਚ ਸਨ। ਉਹ ਕਹਿਣ ਲੱਗੇ, ''ਇਹ ਰਾਏ ਬਹਾਦਰ ਲਾਲਾ ਅਚਿੰਤ ਰਾਮ ਦੀ ਚਿੱਠੀ ਹੈ। ਉਹ ਦਿੱਲੀ ਦੇ ਸਭ ਤੋਂ ਅਮੀਰ ਪੰਜਾਬੀਆਂ ਵਿਚੋਂ ਹਨ। ਉਨ੍ਹਾਂ ਦੀਆਂ ਖੰਡ ਮਿੱਲਾਂ, ਸਿਨੇਮਾ ਘਰ, ਬੰਗਲੇ ਅਤੇ ਬਹੁਤ ਵੱਡੇ ਫਾਰਮ ਹਨ। ਉਹ ਚਾਹੁੰਦੇ ਹਨ ਕਿ ਅਸੀਂ ਉਨ੍ਹਾਂ ਦੇ ਘਰ ਚਾਹ ਪੀਣ ਜਾਈਏ। ਉਨ੍ਹਾਂ ਦੀ ਇਕੋ ਇਕ ਧੀ ਹੈ!''

ਪਿਤਾ ਜੀ ਨੇ ਮੋੜਵੀਂ ਚਿੱਠੀ ਲਿਖ ਕੇ ਇਹ ਸੁਨੇਹਾ ਭੇਜਿਆ ਕਿ ਹਰਦੁਆਰ ਤੋਂ ਵਾਪਸ ਆਉਂਦੇ ਸਾਰ ਹੀ ਉਹ ਲਾਲਾ ਅਚਿੰਤ ਰਾਮ ਨਾਲ ਸੰਪਰਕ ਕਰਨਗੇ।

*****

ਮੈਂ ਕਦੇ ਹਰਦੁਅਰ ਨਹੀਂ ਸੀ ਵੇਖਿਆ। ਮੇਰੇ ਪਿਤਾ ਵੀਹ ਸਾਲ ਪਹਿਲਾਂ ਉੱਥੇ ਗਏ ਸਨ। ਉਹ ਮੇਰੀ ਮਾਤਾ ਦੀਆਂ ਅਸਥੀਆਂ ਗੰਗਾ 'ਚ ਵਹਾਉਣ ਗਏ ਸਨ। ਉਸ ਤੋਂ ਬਾਅਦ ਉਹ ਕਈ ਵਾਰ ਬੱਸ ਰਾਹੀਂ ਉੱਥੇ ਗਏ ਅਤੇ ਉਸ ਆਸ਼ਰਮ ਵਿਚ ਰਹਿੰਦੇ ਰਹੇ ਜਿੱਥੇ ਉਨ੍ਹਾਂ ਆਪਣੇ ਲਈ ਇਕ ਕਮਰਾ ਬੁਕ ਕਰਵਾਇਆ ਹੋਇਆ ਸੀ। ਵੱਡੀ ਮਰੀਸਡੀਜ਼ ਬੈਂਜ਼ ਕਾਰ ਵਿਚ ਸਫ਼ਰ ਕਰਨਾ ਉਨ੍ਹਾਂ ਲਈ ਬੜੀ ਨਵੀਂ ਗੱਲ ਸੀ। ਅਸੀਂ ਵੱਡੇ ਤੜਕੇ ਰਵਾਨਾ ਹੋ ਗਏ। ਗਾਜ਼ੀਆਬਾਦ ਤੋਂ ਚੱਲ ਕੇ ਮੇਰਠ, ਅਤੇ ਰੁੜਕੀ ਰਾਹੀਂ ਹੁੰਦੇ ਹੋਏ ਹਰਦੁਆਰ ਤੱਕ ਦੇ ਸਾਰੇ ਰਸਤੇ ਦੌਰਾਨ ਉਹ ਸਿਰਫ ਲਾਲਾ ਅਚਿੰਤ ਰਾਮ ਦੇ ਪਰਿਵਾਰ ਬਾਰੇ ਹੀ ਗੱਲਾਂ ਕਰਦੇ ਰਹੇ। ਉਨ੍ਹਾਂ ਦਾ ਕਹਿਣਾ ਸੀ, ''ਜੇ ਇਹ ਰਿਸ਼ਤਾ ਪੱਕਾ ਹੋ ਜਾਏ ਤਾਂ ਬੜਾ ਵਧੀਆ ਹੋਏਗਾ। ਇੱਕ ਪਾਸੇ ਦਿਮਾਗ ਅਤੇ ਦੂਜੇ ਪਾਸੇ ਪੈਸਾ। ਉਹ ਤੇਰਾ ਕਾਰੋਬਾਰ ਸੈੱਟ ਕਰਨ ਵਿਚ ਮਦਦ ਕਰੇਗਾ ਅਤੇ ਤੇਰੀ ਹੋਰ ਹਰ ਤਰ੍ਹਾਂ ਵੀ ਮਦਦ ਵੀ ਕਰੇਗਾ।'' ਅਤੇ ਇਸ ਤਰ੍ਹਾਂ ਹੋਰ ਗੱਲਾਂ ਕਰਦੇ ਰਹੇ।

ਦੁਪਹਿਰ ਹੋਣ ਤੋਂ ਪਹਿਲਾਂ ਹੀ ਅਸੀਂ ਹਰਦੁਆਰ ਪਹੁੰਚ ਗਏ ਅਤੇ ਸਿੱਧਾ ਹੀ ਉਨ੍ਹਾਂ ਦੇ ਆਸ਼ਰਮ ਪਹੁੰਚੇ। ਉਨ੍ਹਾਂ ਆਪਣਾ ਕਮਰਾ ਖੁਲਵਾਇਆ। ਇਸ ਕਮਰੇ 'ਚ ਇਕ ਮੰਜੀ, ਇਕ ਕੁਰਸੀ ਅਤੇ ਇਕ ਮੇਜ਼ ਹੀ ਸਨ। ਕਮਰੇ ਦੇ ਐਨ ਵਿਚਕਾਰ ਛੱਤ ਵਾਲਾ ਪੱਖਾ ਲੱਗਾ ਹੋਇਆ ਸੀ ਅਤੇ ਇਸ ਤੋਂ ਥੋੜ੍ਹੀ ਜਿਹੀ ਦੂਰੀ 'ਤੇ ਇਕ ਸਧਾਰਨ ਬਲਬ ਲਟਕ ਰਿਹਾ ਸੀ। ਪਖਾਨਾ ਭਾਰਤੀ ਕਿਸਮ ਦਾ ਸੀ। ਟੂਟੀ ਦੇ ਹੇਠਾਂ ਇਕ ਬਾਲਟੀ ਰੱਖੀ ਹੋਈ ਸੀ ਅਤੇ ਸਟੂਲ 'ਤੇ ਲੋਟਾ ਪਿਆ ਸੀ। ਬਾਥਰੂਮ ਵਿਚ ਬਸ ਇੰਨਾ ਕੁਝ ਹੀ ਸੀ। ਜਦੋਂ ਮੈਂ ਕਿਹਾ ਕਿ ਇੰਤਜ਼ਾਮ ਬਹੁਤ ਘੱਟ ਹੈ, ਮੇਰੇ ਪਿਤਾ ਨੇ ਜਵਾਬ ਦਿੱਤਾ, ''ਇਸ ਤੋਂ ਵੱਧ ਮੈਨੂੰ ਕੀ ਚਾਹੀਦਾ ਹੈ? ਮੈਂ ਆਪਣਾ ਬਿਸਤਰਾ ਅਤੇ ਸਾਬਣ ਨਾਲ ਲੈ ਕੇ ਆਵਾਂਗਾ। ਦੰਦ ਸਾਫ਼ ਕਰਨ ਲਈ ਮੈਂ ਕਿੱਕਰ ਦੀ ਦਾਤਣ ਵਰਤਿਆ ਕਰਾਂਗਾ।''

ਉਨ੍ਹਾਂ ਗੱਲ ਜਾਰੀ ਰੱਖੀ, ''ਇੱਥੇ ਬੜਾ ਵਧੀਆ ਸ਼ਾਕਾਹਾਰੀ ਭੋਜਨ ਮਿਲਦਾ ਹੈ।

ਹਰ ਸ਼ਾਮ ਕਥਾ ਅਤੇ ਕੀਰਤਨ ਹੁੰਦੇ ਸਨ। ਵਿਦਵਾਨ ਅਤੇ ਪੜ੍ਹਤ ਲੋਕ ਪਵਿੱਤਰ ਕਿਤਾਬਾਂ ਦੀਆਂ ਸਿੱਖਿਆਵਾਂ 'ਤੇ ਭਾਸ਼ਣ ਦਿੰਦੇ ਹਨ ਅਤੇ ਦੇਸ਼ ਭਰ ਦੇ ਵੱਖ ਵੱਖ ਕੋਨਿਆਂ 'ਚੋਂ ਆਏ ਲੋਕ ਸੁਣਨ ਆਉਂਦੇ ਹਨ। ਇਸ ਤੋਂ ਬਿਨਾ ਗੰਗਾ ਮਈਆ ਹੈ ਜਿਹੜੀ ਗੰਗੋਤਰੀ ਵਿਚ ਭਗਵਾਨ ਸ਼ਿਵਜੀ ਦੀਆਂ ਜਟਾਵਾਂ 'ਚੋਂ ਨਿਕਲਦੀ ਹੈ।''

ਅਸੀਂ ਦੁਪਹਿਰ ਦਾ ਖਾਣਾ ਆਸ਼ਰਮ ਦੇ ਹੋਰ ਲੋਕਾਂ ਦੇ ਨਾਲ ਹੀ ਜ਼ਮੀਨ 'ਤੇ ਚੌਕੜੀ ਮਾਰ ਕੇ ਖਾਧਾ। ਖਾਣਾ ਪਰੋਸਣ ਵਾਲੇ ਲੋਕਾਂ ਨੇ ਤੇੜ ਧੋਤੀਆਂ ਪਾਈਆਂ ਹੋਈਆਂ ਸਨ ਅਤੇ ਉੱਪਰਲੇ ਹਿੱਸੇ ਵਿਚ ਸਿਰਫ਼ ਜਨੇਊ ਸਨ। ਮੈਨੂੰ ਹੱਥ ਨਾਲ ਖਾਣਾ ਖਾਣ ਦੀ ਆਦਤ ਨਹੀਂ ਸੀ ਰਹਿ ਗਈ, ਇਸ ਕਰਕੇ ਬਹੁਤ ਸਾਰੀ ਦਾਲ ਅਤੇ ਸਬਜ਼ੀਆਂ ਮੇਰੀ ਕਮੀਜ਼ 'ਤੇ ਡਿੱਗ ਪਈਆਂ। ਮੇਰੇ ਪਿਤਾ ਕੁਝ ਦੇਰ ਲਈ ਸੌਣ ਚਲੇ ਗਏ। ਮੈਂ ਸ਼ਹਿਰ ਦੇਖਣ ਲਈ ਚਲਾ ਗਿਆ। ਮੈਂ ਮਹਿਸੂਸ ਕਰਦਾ ਸਾਂ ਕਿ ਮੈਨੂੰ ਇੱਥੇ ਕੋਈ ਦਿਲਚਸਪ ਚੀਜ਼ ਲੱਭੇ ਜਿਸ ਨਾਲ ਮੇਰਾ ਦਿਲ ਲੱਗ ਸਕੇ। ਹਰਦੁਆਰ ਦੀਆਂ ਸਾਰੀਆਂ ਗਲੀਆਂ ਹੀ ਮੁੱਖ ਸੜਕ ਤੋਂ ਨਿਕਲਦੀਆਂ ਹਨ ਅਤੇ ਦਰਿਆ ਕਿਨਾਰੇ ਤੱਕ ਜਾਂਦੀਆਂ ਹਨ। ਮੈਨੂੰ ਬਹੁਤ ਸਾਰੇ ਪਾਂਡੇ ਵਾਰ ਵਾਰ ਘੇਰ ਲੈਂਦੇ। ਉਹ ਮੈਨੂੰ ਮੇਰੇ ਪੂਰਵਜਾਂ ਬਾਰੇ ਦੱਸਣ ਦੀ ਕੋਸ਼ਿਸ਼ ਕਰ ਰਹੇ ਸਨ ਜਾਂ ਫਿਰ ਕਈ ਐਸੇ ਵੀ ਸਨ ਜਿਹੜੇ ਰਸੀਦ ਬੁੱਕਾਂ ਚੁੱਕੀ ਗਊਸ਼ਾਲਾਵਾਂ, ਅਨਾਥ ਆਸ਼ਰਮਾਂ ਅਤੇ ਮੰਦਰਾਂ ਲਈ ਚੰਦੇ ਮੰਗ ਰਹੇ ਸਨ। ਮੈਂ ਗੰਗਾ ਦਰਿਆ ਤੱਕ ਪਹੁੰਚ ਗਿਆ। ਇੱਥੇ ਇਕ ਪੁਲ ਬਣਿਆ ਹੋਇਆ ਸੀ ਜਿਸ ਰਾਹੀਂ ਇਕ ਟਾਪੂ 'ਤੇ ਪੁੱਜਿਆ ਜਾ ਸਕਦਾ ਸੀ। ਇਸ ਟਾਪੂ ਦੇ ਕੇਂਦਰ ਵਿਚ ਬੜਾ ਭੱਦਾ ਚਿੱਟੇ ਰੰਗ ਦਾ ਘੰਟਾਘਰ ਬਣਿਆ ਹੋਇਆ ਸੀ। ਮੈਂ ਪੁਲ 'ਤੇ ਖੜੋ ਕੇ ਆਲਾ ਦੁਆਲਾ ਵੇਖਿਆ। ਉੱਤਰ ਵਾਲੇ ਪਾਸੇ ਬਹੁਤ ਸਾਰੀਆਂ ਪਹਾੜੀਆਂ ਸਨ ਜਿਨ੍ਹਾਂ 'ਤੇ ਸੰਘਣਾ ਜੰਗਲ ਦਿਖਾਈ ਦਿੰਦਾ ਸੀ। ਪੂਰਬ ਵਾਲੇ ਪਾਸੇ ਨਿੱਕੀਆਂ ਨਿੱਕੀਆਂ ਪਹਾੜੀਆਂ ਸਨ। ਦੱਖਣ ਵਾਲੇ ਪਾਸੇ ਮੈਦਾਨੀ ਇਲਾਕਾ ਸੀ ਜਿੱਥੋਂ ਦੀ ਦਰਿਆ ਲੰਘਦਾ ਸੀ। ਪੱਛਮ ਵਾਲੇ ਪਾਸੇ ਸ਼ਹਿਰ ਦੇ ਬਿਲਕੁਲ ਨਾਲ ਕਰਕੇ ਇਕ ਪਹਾੜ ਸੀ ਅਤੇ ਪੁਲ ਦੇ ਐਨ ਹੇਠਾਂ ਬੜੀ ਤੇਜ਼ੀ ਨਾਲ ਦਰਿਆ ਵਹਿ ਰਿਹਾ ਸੀ। ਇਸ ਦਰਿਆ ਦੇ ਕਿਨਾਰੇ ਬਹੁਤ ਸਾਰੇ ਛੋਟੇ ਛੋਟੇ ਮੰਦਰ ਬਣੇ ਹੋਏ ਸਨ ਜਿਹੜੇ ਦੇਖਣ ਨੂੰ ਵੀ ਚੰਗੇ ਨਹੀਂ ਸਨ ਲੱਗਦੇ। ਮੋਟੀਆਂ ਅਤੇ ਸੁੰਦਰ ਦਿਖਾਈ ਦਿੰਦੀਆਂ ਗਾਈਆਂ ਘਾਟ 'ਤੇ ਫਿਰ ਰਹੀਆਂ ਸਨ ਅਤੇ ਯਾਤਰੀ ਲੋਕ ਉਨ੍ਹਾਂ ਨੂੰ ਕੇਲੇ ਖਲਾ ਰਹੇ ਸਨ। ਥੋੜ੍ਹੇ ਥੋੜ੍ਹੇ ਗਜ਼ਾਂ ਦੀ ਦੂਰੀ 'ਤੇ ਧੂਣੀਆਂ ਲਾ ਕੇ ਸਾਧੂਆਂ ਦੀਆਂ ਟੋਲੀਆਂ ਬੈਠੀਆਂ ਸਨ। ਉਨ੍ਹਾਂ ਦੇ ਸਰੀਰਾਂ 'ਤੇ ਰਾਖ ਮਲੀ ਹੋਈ ਸੀ ਅਤੇ ਉਹ ਚਿਲਮਾਂ ਪੀ ਰਹੇ ਸਨ। ਸੂਰਜ ਦੀ ਰੋਸ਼ਨੀ 'ਚ ਗੰਗਾ ਦਾ ਨੀਲਾ ਪਾਣੀ ਚਮਕ ਰਿਹਾ ਸੀ। ਇਸ ਤੋਂ ਬਿਨਾ ਮੈਨੂੰ ਦਰਿਆ ਵਿਚ ਹੋਰ ਕੁਝ ਵੀ ਪਵਿੱਤਰ ਨਹੀਂ ਸੀ ਲੱਗਾ।

ਮੈਂ ਆਪਣੇ ਪਿਤਾ ਨੂੰ ਲੈਣ ਆਸ਼ਰਮ ਵਾਪਸ ਪਰਤਿਆ। ਉਹ ਮੇਰੀ ਉਡੀਕ ਕਰ ਰਹੇ ਸਨ। ਅਸੀਂ ਫਿਰ ਪੈਦਲ ਤੁਰ ਕੇ ਘਾਟ ਪਹੁੰਚੇ। ਹਰ ਕੀ ਪੌੜੀ ਨਾਂ ਦੇ ਘਾਟ 'ਤੇ ਹੁਣ

ਕਾਫੀ ਭੀੜ ਜਮ੍ਹਾ ਹੋ ਗਈ ਸੀ। ਮੇਰੇ ਪਿਤਾ ਨੇ ਕਿਹਾ, ''ਸਾਨੂੰ ਘੱਟਾਘਰ ਤੋਂ ਵਧੀਆ ਦ੍ਰਿਸ਼ ਦਿਸੇਗਾ।'' ਅਸੀਂ ਪੁਲ ਤੋਂ ਦੀ ਹੁੰਦੇ ਹੋਏ ਟਾਪੂ 'ਤੇ ਚਲੇ ਗਏ ਅਤੇ ਹਰ ਕੀ ਪੌੜੀ ਵੱਲ ਮੂੰਹ ਕਰਕੇ ਘੱਟਾਘਰ ਦੇ ਕੋਲ ਬੈਠ ਗਏ। ਪੱਛਮ ਵੱਲ ਦੀਆਂ ਪਹਾੜੀਆਂ ਦੇ ਪਿੱਛੇ ਸੂਰਜ ਡੁੱਬ ਰਿਹਾ ਸੀ। ਘਾਟ 'ਤੇ ਇਕ ਲੰਮਾ ਪਰਛਾਵਾਂ ਫੈਲ ਗਿਆ। ਅਚਾਨਕ ਨਾਟਕੀ ਢੰਗ ਨਾਲ ਸਾਰਾ ਦ੍ਰਿਸ਼ ਬਦਲ ਗਿਆ। ਦਰਿਆ ਦੇ ਕਿਨਾਰੇ ਬਣੇ ਮੰਦਰਾਂ 'ਚੋਂ ਬਹੁਤ ਸਾਰੇ ਪੁਜਾਰੀ ਦੀਵਿਆਂ ਦੇ ਥਾਲ ਚੱਕੀ ਬਾਹਰ ਨਿਕਲੇ। ਉਹ ਇਕ ਸ਼ਾਨਦਾਰ ਜਲੂਸ ਦੀ ਸ਼ਕਲ ਵਿਚ ਹਰ ਕੀ ਪੌੜੀ ਵਿਖੇ ਪਹੁੰਚੇ। ਘਿਓ ਵਿਚ ਡੁੱਬੀਆਂ ਦੀਵਿਆਂ ਦੀਆਂ ਬੱਤੀਆਂ ਵਿਚੋਂ ਵੱਡੀਆਂ ਵੱਡੀਆਂ ਲਾਟਾਂ ਨਿਕਲ ਰਹੀਆਂ ਸਨ। ਇਨ੍ਹਾਂ ਵਿਚੋਂ ਗਰਮੀ ਵੀ ਬਹੁਤ ਜ਼ਿਆਦਾ ਨਿਕਲਦੀ ਹੋਏਗੀ ਕਿਉਂਕਿ ਕਈ ਸਾਰੇ ਪੁਜਾਰੀਆਂ ਨੇ ਆਪਣੇ ਹੱਥਾਂ ਤੇ ਬਾਹਾਂ 'ਤੇ ਚਿੱਟੇ ਦਸਤਾਨਿਆਂ ਵਰਗੇ ਕੁਝ ਕੱਪੜੇ ਪਾਏ ਹੋਏ ਸਨ। ਉਨ੍ਹਾਂ ਸਭ ਨੇ ਦੀਵਿਆਂ ਵਾਲੀਆਂ ਥਾਲੀਆਂ ਨਾਲ ਦਰਿਆ ਦੀ ਆਰਤੀ ਕਰਨੀ ਸ਼ੁਰੂ ਕੀਤੀ। ਜਦੋਂ ਉਹ 'ਓਮ' ਕਹਿੰਦੇ ਹੋਏ ਥਾਲੀ ਨੂੰ ਪਾਣੀ ਨਾਲ ਛੁਹਾਉਂਦੇ ਤਾਂ ਹਨੇਰੇ ਵਿਚ ਦੀਵੇ ਦੀਆਂ ਲਾਟਾਂ ਹੋਰ ਵੀ ਲਿਸ਼ਕਦੀਆਂ। ਉਹ ਸਾਰੇ ਗੰਗਾ ਮਈਆ ਦੀ ਉਸਤਤ ਵਿਚ ਭਜਨ ਗਾ ਰਹੇ ਸਨ। ਉਸ ਤੋਂ ਬਾਅਦ ਇਕੋ ਸਮੇਂ ਮੰਦਰਾਂ ਦੀਆਂ ਘੰਟੀਆਂ ਵੱਜਣ ਲੱਗੀਆਂ। ਸ਼ਰਧਾਲੂਆਂ ਨੇ ਪੱਤਿਆਂ ਦੀਆਂ ਬਣਾਈਆਂ ਨਿੱਕੀਆਂ ਨਿੱਕੀਆਂ ਕਿਸ਼ਤੀਆਂ ਵਿਚ ਫੁੱਲ ਅਤੇ ਤੇਲ ਵਾਲੇ ਦੀਵੇ ਜਗਾ ਕੇ ਰੱਖੇ ਅਤੇ ਇਨ੍ਹਾਂ ਨੂੰ ਦਰਿਆ ਦੇ ਵਿਚ ਛੱਡ ਦਿੱਤਾ। ਇਹ ਹਿਲਦੇ ਹਿਲਦੇ ਦਰਿਆ ਦੇ ਵਹਿਣ ਨਾਲ ਵਹਿਣ ਲੱਗ ਪਏ। ਗਹਿਰੇ ਦਰਿਆ ਵਿਚ ਇਨ੍ਹਾਂ ਰੌਸ਼ਨੀਆਂ ਦੇ ਪਰਛਾਵੇਂ ਪੈ ਰਹੇ ਸਨ। ਮੇਰੀਆਂ ਅੱਖਾਂ ਦੇ ਸਾਹਮਣੇ ਵਾਪਰੇ ਇਸ ਜਾਦੂਈ ਦ੍ਰਿਸ਼ ਨੇ ਮੇਰੇ 'ਤੇ ਗਹਿਰਾ ਅਸਰ ਕੀਤਾ ਸੀ। ਮੇਰੇ ਪਿਤਾ ਨੇ ਦੋਵੇਂ ਹੱਥ ਜੋੜ ਕੇ ਆਪਣੇ ਸਿਰ 'ਤੇ ਨਮਸਕਾਰ ਵਾਂਗ ਉੱਚੇ ਕੀਤੇ ਅਤੇ ਗੰਗਾ ਮਈਆ ਦੀ ਉਸਤਤ ਗਾਉਣ ਲੱਗੇ।

ਇਹ ਸਾਰਾ ਸ਼ਾਨਦਾਰ ਦ੍ਰਿਸ਼ ਜਿਵੇਂ ਅਚਨਚੇਤ ਸ਼ੁਰੂ ਹੋਇਆ ਸੀ ਉਵੇਂ ਹੀ ਖਤਮ ਵੀ ਹੋ ਗਿਆ। ਮੰਦਰਾਂ ਦੀਆਂ ਘੰਟੀਆਂ ਸ਼ਾਂਤ ਹੋ ਗਈਆਂ। ਪੁਜਾਰੀ ਆਪਣੇ ਆਪਣੇ ਮੰਦਰਾਂ ਵਿਚ ਵਾਪਸ ਚਲੇ ਗਏ ਅਤੇ ਆਪੋ ਆਪਣੀਆਂ ਥਾਲੀਆਂ ਆਪਣੇ ਨਾਲ ਹੀ ਲੈ ਗਏ। ਦਰਿਆ ਵਿਚ ਵਹਾਏ ਗਏ ਦੀਵੇ ਹੌਲ਼ੀ-ਹੌਲ਼ੀ ਨਜ਼ਰ ਤੋਂ ਓਹਲੇ ਹੋ ਗਏ। ਮੈਂ ਉੱਥੇ ਖੜੇ ਬੰਗਾਲੀ ਸ਼ਰਧਾਲੂਆਂ ਨਾਲ ਰਲ ਕੇ ਉੱਚੀ ਅਵਾਜ਼ ਵਿਚ ਜੈਕਾਰਾ ਛੱਡਿਆ : ਜੈ ਗੰਗਾ ਮਾਤਾ ਦੀ।

ਜਦੋਂ ਅਸੀਂ ਘਾਟ ਤੋਂ ਰਵਾਨਾ ਹੋ ਰਹੇ ਸਾਂ ਤਾਂ ਨੀਲੇ ਅਸਮਾਨ 'ਚ ਅੱਧਾ ਚੰਨ ਦਿਖਾਈ ਦੇਣ ਲੱਗਾ ਸੀ। ਇਸ ਚੰਨ ਦੇ ਨਾਲ ਹੀ ਸ਼ਾਮ ਦਾ ਤਾਰਾ ਵੀ ਦਿਖਾਈ ਦਿੰਦਾ ਸੀ ਜਿਸ ਨੂੰ ਆਸ਼ਕਾਂ ਦਾ ਤਾਰਾ ਵੀ ਕਿਹਾ ਜਾਂਦਾ ਹੈ। ਅੱਧਾ ਚੰਨ ਅਤੇ ਤਾਰਾ ਸ਼ਾਂਤ ਵਗ ਰਹੇ ਦਰਿਆ 'ਚ ਵੀ ਦਿਸ ਰਹੇ ਸਨ।

ਇਹ ਦ੍ਰਿਸ਼ ਸਾਰੀ ਰਾਤ ਮੈਨੂੰ ਚੇਤੇ ਆਉਂਦਾ ਰਿਹਾ। ਇਹ ਦ੍ਰਿਸ਼ ਸਾਰੀ ਉਮਰ ਹੀ ਮੇਰੇ ਸੁਪਨਿਆਂ 'ਚ ਆਉਂਦਾ ਰਹਿਣਾ ਸੀ। ਅਗਲੀ ਸਵੇਰ ਤੜਕੇ ਹੀ ਜਦੋਂ ਹਾਲੇ ਕਾਫੀ ਹਨੇਰਾ ਸੀ, ਪਿਤਾ ਜੀ ਜਾਗ ਪਏ ਅਤੇ ਮੈਨੂੰ ਜਗਾ ਕੇ ਕਹਿਣ ਲੱਗੇ, ''ਉੱਠ ਜਾਹ। ਭੀੜ ਹੋਣ ਤੋਂ ਪਹਿਲਾਂ ਸਾਨੂੰ ਹਰ ਕੀ ਪੌੜੀ ਪਹੁੰਚ ਜਾਣਾ ਚਾਹੀਦਾ ਹੈ। ਉੱਥੋਂ ਹੀ ਅਸੀਂ ਫੇਰ ਦਿੱਲੀ ਲਈ ਚੱਲ ਪਵਾਂਗੇ। ਆਪਣਾ ਸਮਾਨ ਚੁੱਕ ਕੇ ਕਾਰ ਵਿਚ ਰੱਖ ਲੈ।''

ਮੈਂ ਕਾਹਲੀ ਕਾਹਲੀ ਨਾਲ ਆਪਣੇ ਦੰਦ ਸਾਫ ਕੀਤੇ, ਸ਼ੇਵ ਕੀਤੀ ਅਤੇ ਟੂਟੀ ਦੇ ਪਾਣੀ ਨਾਲ ਆਪਣਾ ਮੂੰਹ ਧੋਤਾ। ਭਾਵੇਂ ਇਹ ਪਾਣੀ ਗੰਗਾ ਤੋਂ ਆਉਂਦਾ ਸੀ ਫਿਰ ਵੀ ਇਸ ਨੂੰ ਪਵਿੱਤਰ ਨਹੀਂ ਸੀ ਮੰਨਿਆ ਜਾਂਦਾ। ਜਦੋਂ ਅਸੀਂ ਗਲੀਆਂ ਵਿਚ ਦੀ ਜਾ ਰਹੇ ਸਾਂ ਤਦ ਦੇਖਿਆ ਕਿ ਹੋਰ ਮਰਦ ਅਤੇ ਔਰਤਾਂ ਵੀ ਘਾਟ ਵੱਲ ਜਾ ਰਹੇ ਸਨ। ਅਸਾਂ ਕਾਰ ਮੁੱਖ ਸੜਕ 'ਤੇ ਖੜ੍ਹੀ ਕੀਤੀ ਅਤੇ ਫੇਰ ਪੈਦਲ ਭੀੜ ਵਿਚ ਦੀ ਆਪਣਾ ਰਸਤਾ ਬਣਾਉਂਦੇ ਹੋਏ ਦਰਿਆ ਵੱਲ ਵਧੇ। ਹਰ ਕੀ ਪੌੜੀ 'ਤੇ ਭੀੜ ਹੋਣ ਲੱਗੀ ਸੀ। ਅਸੀਂ ਭੀੜ ਵਿਚੋਂ ਦੀ ਰਸਤਾ ਬਣਾਉਂਦੇ ਹੋਏ ਲੰਘੇ, ਆਪਣੇ ਕੱਪੜੇ ਇਕ ਪਾਂਡੇ ਦੇ ਹਵਾਲੇ ਕੀਤੇ ਅਤੇ ਪੌੜੀਆਂ ਉਤਰ ਗਏ। ਜਦੋਂ ਅਸੀਂ ਦਰਿਆ ਵਿਚ ਉਤਰੇ ਤਾਂ ਪੂਰਬ ਦੀਆਂ ਪਹਾੜੀਆਂ 'ਤੇ ਸੂਰਜ ਨਿਕਲਦਾ ਦਿਖਾਈ ਦੇ ਰਿਹਾ ਸੀ। ਪਾਣੀ ਬੜਾ ਠੰਡਾ ਸੀ। ਇਸ ਦੀ ਪ੍ਰਵਾਹ ਕੀਤੇ ਬਿਨਾਂ ਮੇਰੇ ਪਿਤਾ ਪਾਣੀ ਵਿਚ ਚਲੇ ਗਏ ਅਤੇ ਇਹ ਉਨ੍ਹਾਂ ਦੀ ਛਾਤੀ ਤੱਕ ਆਉਣ ਲੱਗਾ। ਮੈਂ ਵੀ ਇਸੇ ਤਰ੍ਹਾਂ ਹੀ ਕੀਤਾ। ਉਨ੍ਹਾਂ ਆਪਣੇ ਦੋਹਾਂ ਹੱਥਾਂ ਵਿਚ ਕੁਝ ਪਾਣੀ ਲੈ ਕੇ ਚੜ੍ਹਦੇ ਸੂਰਜ ਨੂੰ ਪੇਸ਼ ਕੀਤਾ, ਨਾਲ ਹੀ ਉਨ੍ਹਾਂ ਮੂੰਹ ਵਿਚ ਹੀ ਕੁਝ ਪ੍ਰਾਰਥਨਾ ਕੀਤੀ। ਫਿਰ ਉਨ੍ਹਾਂ ਕਈ ਵਾਰੀ ਪਾਣੀ 'ਚ ਡੁਬਕੀ ਲਗਾਈ ਅਤੇ ਮੈਨੂੰ ਵੀ ਡੁਬਕੀ ਲਗਾਉਣੀ ਲਈ ਕਿਹਾ। ਜਦੋਂ ਮੈਂ ਠੰਡੇ ਪਾਣੀ ਵਿਚ ਡੁਬਕੀਆਂ ਲਗਾ ਰਿਹਾ ਸਾਂ ਤਾਂ ਮੈਨੂੰ ਯਾਸਮਿਨ ਚੇਤੇ ਆਈ। ਮੈਨੂੰ ਲੱਗਾ ਜਿਵੇਂ ਉਹ ਮੈਨੂੰ ਹੁੱਝਾਂ ਮਾਰ ਕੇ ਛੇੜਦੀ ਹੋਈ ਕਹਿ ਰਹੀ ਹੋਵੇ ਕਿ ਗੰਗਾ ਵਿਚ ਨਹਾਉਣ ਤੋਂ ਬਾਅਦ ਹਿੰਦੂ ਲੋਕ ਕਿਵੇਂ ਆਪਣੇ ਆਪ ਨੂੰ ਪਾਪ ਮੁਕਤ ਸਮਝਣ ਲੱਗਦੇ ਹਨ। ਅਸੀਂ ਪਾਣੀ ਤੋਂ ਬਾਹਰ ਨਿਕਲੇ ਅਤੇ ਆਪਣੇ ਆਪ ਨੂੰ ਸੁਕਾਉਣ ਲੱਗੇ। ਪਿਤਾ ਜੀ ਨੇ ਮੈਨੂੰ ਕਿਹਾ, ''ਹੁਣ ਸਾਡੇ ਪਾਪ ਧੋਤੇ ਗਏ ਹਨ। ਗੰਗਾ ਮਾਤਾ ਨੇ ਇਨ੍ਹਾਂ ਨੂੰ ਧੋ ਦਿੱਤਾ ਹੈ ਅਤੇ ਹੁਣ ਇਹ ਸਮੁੰਦਰ ਵਿਚ ਵਹਾਅ ਲੈ ਜਾਏਗੀ।'' ਉਹ ਇਹੀ ਸੋਚਦੇ ਸਨ। ਜਦੋਂ ਮੈਂ ਆਪਣਾ ਸਰੀਰ ਤੌਲੀਏ ਨਾਲ ਰਗੜ ਰਿਹਾ ਸਾਂ ਤਾਂ ਮੇਰੀਆਂ ਨਜ਼ਰਾਂ ਉੱਥੇ ਨਹਾ ਰਹੇ ਹੋਰ ਲੋਕਾਂ ਵੱਲ ਗਈਆਂ। ਉਨ੍ਹਾਂ ਵਿਚ ਬਹੁਤੀਆਂ ਔਰਤਾਂ ਸਨ ਜਿਨ੍ਹਾਂ ਦੀਆਂ ਭਾਰੀਆਂ ਭਾਰੀਆਂ ਛਾਤੀਆਂ ਸਨ ਅਤੇ ਉਨ੍ਹਾਂ ਤੋਂ ਵੀ ਵੱਡੇ ਪਿੱਛੇ ਸਨ। ਉਨ੍ਹਾਂ ਦੀਆਂ ਗਿੱਲੀਆਂ ਸਾੜ੍ਹੀਆਂ ਉਨ੍ਹਾਂ ਦੇ ਜਿਸਮਾਂ ਨੂੰ ਚਿੰਬੜੀਆਂ ਹੋਈਆਂ ਸਨ, ਜਿਸ ਕਾਰਨ ਉਨ੍ਹਾਂ ਦੇ ਸਰੀਰ ਦੀਆਂ ਗੋਲਾਈਆਂ ਨਜ਼ਰ ਆ ਰਹੀਆਂ ਸਨ। ਗੰਗਾ ਦੇ ਪਾਣੀਆਂ ਨੇ ਮੇਰੇ ਮਨ ਵਿਚੋਂ ਜਿਣਸੀ ਇੱਛਾਵਾਂ ਖਤਮ ਨਹੀਂ ਸਨ ਕੀਤੀਆਂ।

ਦਿੱਲੀ ਵਾਪਸ ਪਰਤਦੇ ਸਮੇਂ ਸਾਨੂੰ ਬਹੁਤ ਸਾਰੇ ਐਸੇ ਆਦਮੀ ਮਿਲੇ ਜਿਹੜੇ ਆਪਣੇ

ਮੋਢਿਆਂ 'ਤੇ ਵਹਿੰਗੀਆਂ ਚੁੱਕੀ ਪਾਣੀ ਦੇ ਘੜੇ ਲਿਆ ਰਹੇ ਸਨ। ਪਿਤਾ ਜੀ ਨੇ ਦੱਸਿਆ ਕਿ ਉਹ ਹਰ ਕੀ ਪੌੜੀ ਤੋਂ ਪਾਣੀ ਲੈ ਕੇ ਆਪਣੇ ਪਿੰਡਾਂ ਨੂੰ ਲਿਜਾ ਰਹੇ ਹਨ, ਜਿੱਥੇ ਪ੍ਰਸ਼ਾਦ ਦੇ ਤੌਰ 'ਤੇ ਵੰਡਿਆ ਜਾਏਗਾ। ਉਹ ਕਹਿਣ ਲੱਗੇ, ''ਇਨ੍ਹਾਂ ਬਰਤਨਾਂ ਨੂੰ ਕਦੇ ਵੀ ਜ਼ਮੀਨ 'ਤੇ ਨਹੀਂ ਰੱਖਿਆ ਜਾਂਦਾ, ਕਿਉਂਕਿ ਜੇ ਜ਼ਮੀਨ 'ਤੇ ਰੱਖ ਦਿੱਤਾ ਜਾਵੇ ਤਾਂ ਪਾਣੀ ਪਵਿੱਤਰ ਨਹੀਂ ਰਹਿੰਦਾ। ਗੰਗਾ ਦਾ ਪਾਣੀ ਬੜਾ ਪਵਿੱਤਰ ਹੈ। ਇਸ ਦੀਆਂ ਬੂੰਦਾਂ ਨਵੇਂ ਜੰਮਣ ਵਾਲੇ ਬੱਚਿਆਂ ਦੇ ਮੂੰਹਾਂ ਵਿਚ ਵੀ ਪਾਈਆਂ ਜਾਂਦੀਆਂ ਹਨ ਅਤੇ ਮਰਨ ਵਾਲੇ ਲੋਕਾਂ ਦੇ ਮੂੰਹਾਂ ਵਿਚ ਵੀ। ਮੂਰਤੀਆਂ ਦੀ ਪੂਜਾ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਗੰਗਾ ਜਲ ਨਾਲ ਨੁਹਾਇਆ ਜਾਂਦਾ ਹੈ। ਕਈ ਅਮੀਰ ਹਿੰਦੂ ਤਾਂ ਆਪਣੇ ਰੋਜ਼ਾਨਾ ਦੇ ਇਸ਼ਨਾਨ ਲਈ ਵੀ ਆਪਣੀਆਂ ਟੈਂਕੀਆਂ ਭਰਵਾ ਲੈਂਦੇ ਹਨ।'' ਮੇਰਾ ਸਬਰ ਮੁੱਕਣ ਲੱਗਾ। ਇਹ ਐਸਾ ਮੌਕਾ ਸੀ ਜਦੋਂ ਮੈਂ ਆਪਣੇ ਪਿਤਾ ਨੂੰ ਦੱਸ ਸਕਦਾ ਸਾਂ ਕਿ ਜੋ ਕੁਝ ਉਹ ਕਹਿੰਦੇ ਹਨ ਉਸ ਸਭ ਕਾਸੇ ਨਾਲ ਮੈਂ ਸਹਿਮਤ ਨਹੀਂ ਸਾਂ। ਪਰ ਜਦੋਂ ਮੈਂ ਗੱਲ ਕੀਤੀ ਤਾਂ ਮੇਰਾ ਲਹਿਜ਼ਾ ਬੜਾ ਨਰਮ ਸੀ। ਮੈਂ ਕਿਹਾ, ''ਪਿਤਾ ਜੀ ਇਹ ਭਰਮ ਹੈ। ਗੰਗਾ ਦਾ ਪਾਣੀ ਉਨਾ ਹੀ ਪਵਿੱਤਰ ਹੈ, ਜਿੰਨਾ ਯਮੁਨਾ, ਰਾਵੀ, ਨਰਬਦਾ, ਕਾਵੇਰੀ, ਕ੍ਰਿਸ਼ਨਾ ਜਾਂ ਬ੍ਰਹਮਪੁੱਤਰ ਦਾ ਹੈ ਜਾਂ ਫੇਰ ਇਹ ਕਹਿ ਦੇਈਏ ਕਿ ਉਨਾਂ ਹੀ ਪਵਿੱਤਰ ਹੈ ਜਿੰਨਾ ਟੇਮਜ਼, ਰਾਈਨ, ਡਾਨੂਬੇ, ਵੋਲਗਾ, ਸੀਨ ਜਾਂ ਮਿੱਸੀਸਿਪੀ ਦਾ। ਪੱਛਮ ਦੇ ਬਹੁਤ ਸਾਰੇ ਦਰਿਆਵਾਂ 'ਚ ਫੈਕਟਰੀਆਂ ਦਾ ਰਹਿੰਦ ਖੂੰਹਦ ਸੁੱਟਿਆ ਜਾਂਦਾ ਹੈ। ਸਾਡੇ ਦਰਿਆਵਾਂ ਵਿਚ ਕੂੜਾ ਕਰਕਟ, ਮਨੁੱਖੀ ਗੰਦ ਅਤੇ ਅੱਧੇ ਸੜੇ ਹੋਏ ਮੁਰਦੇ। ਹਰਦੁਆਰ ਵਿਚ ਗੰਗਾ ਇਸ ਲਈ ਸਾਫ਼ ਹੈ ਕਿਉਂਕਿ ਇਹ ਬਰਫ਼ ਲੱਦੇ ਪਹਾੜਾਂ ਤੋਂ ਉਤਰ ਕੇ ਆਉਂਦੀ ਹੈ। ਪਰ ਇਸ ਨੂੰ ਅਲਾਹਾਬਾਦ, ਵਾਰਾਨਸੀ ਅਤੇ ਪਟਨਾ ਤੋਂ ਬਾਅਦ ਦੇਖੋ ਤਾਂ ਤੁਸੀਂ ਇਸ ਵਿਚ ਆਪਣਾ ਪੈਰ ਵੀ ਨਹੀਂ ਪਾ ਸਕੋਗੇ। ਜਦੋਂ ਤੱਕ ਇਹ ਬੰਗਾਲ ਵਿਚ ਜਾ ਕੇ ਹੁਗਲੀ ਨਦੀ ਦਾ ਰੂਪ ਧਾਰਨ ਕਰਦੀ ਹੈ, ਇਹ ਗੰਦੇ ਨਾਲੇ ਵਾਂਗ ਬਦਬੂ ਮਾਰਨ ਲੱਗਦੀ ਹੈ।'' ਮੇਰੇ ਪਿਤਾ ਨੇ ਮੈਨੂੰ ਝਾੜਿਆ: ''ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰ! ਮੈਨੂੰ ਹੋਰਾਂ ਦਰਿਆਵਾਂ ਬਾਰੇ ਕੁਝ ਨਹੀਂ ਪਤਾ ਪਰ ਵਿਗਿਆਨੀਆਂ ਨੇ ਗੰਗਾਂ ਦੇ ਪਾਣੀਆਂ ਦੀ ਜਾਂਚ ਕੀਤੀ ਹੈ ਅਤੇ ਦੇਖਿਆ ਹੈ ਕਿ ਇਸ ਵਿਚ ਰਾਜ ਕਰਨ ਦੀ ਨਿਵੇਕਲੀ ਸ਼ਕਤੀ ਹੈ। ਸੰਸਾਰ ਦੇ ਹੋਰ ਕਿਸੇ ਦਰਿਆ ਦਾ ਇਸ ਨਾਲ ਕੋਈ ਮੁਕਾਬਲਾ ਨਹੀਂ। ਸਾਡੇ ਪੂਰਵਜ਼ਾਂ ਨੇ ਐਵੇਂ ਹੀ ਤਾਂ ਇਸ ਨੂੰ ਪਵਿੱਤਰ ਨਹੀਂ ਕਿਹਾ। ਸਾਡੇ ਰਿਸ਼ੀ ਮੁਨੀ ਇਸ ਦੇ ਆਲੇ ਦੁਆਲੇ ਗੁਫਾਵਾਂ ਵਿਚ ਰਹਿੰਦੇ ਰਹੇ ਅਤੇ ਇਸ ਦੇ ਕੰਢਿਆਂ 'ਤੇ ਬੈਠ ਕੇ ਭਗਤੀ ਕਰਦੇ ਰਹੇ। ਤੇਰੇ 'ਤੇ ਪੱਛਮੀ ਪਦਾਰਥਵਾਦ ਦਾ ਅਸਰ ਪੈ ਗਿਆ ਹੈ।''

ਜਿਸ ਬੰਦੇ ਦੇ ਵਿਚਾਰ ਇੰਨੇ ਪੱਕੇ ਹੋ ਗਏ ਹੋਣ ਉਸ ਨਾਲ ਬਹਿਸ ਕਰਕੇ ਕੋਈ ਫਾਇਦਾ ਨਹੀਂ ਰਹਿ ਜਾਂਦਾ। ਉਮਰ ਦੇ ਵਧਣ ਦੇ ਨਾਲ ਮੇਰੇ ਪਿਤਾ ਕੱਟੜ ਧਾਰਮਿਕ ਵਿਅਕਤੀ ਬਣ ਗਏ ਸਨ। ਉਹ ਬੜੇ ਚੰਗੇ, ਧਿਆਨ ਰੱਖਣ ਵਾਲੇ ਅਤੇ ਨਿਮਰ ਵਿਅਕਤੀ

ਸਨ। ਜਿਨ੍ਹਾਂ ਹੋਰ ਕਿਸ ਮਨੁੱਖ ਦੇ ਖ਼ਿਲਾਫ਼ ਕਦੇ ਕਈ ਮਾੜੀ ਗੱਲ ਨਹੀਂ ਸੀ ਕਹੀ। ਪਰ ਹੁਣ ਉਹ ਕਰਮਕਾਂਡੀ ਬਣ ਗਏ ਸਨ। ਹੁਣ ਉਨ੍ਹਾਂ ਨੂੰ ਬਦਲਿਆ ਨਹੀਂ ਸੀ ਜਾ ਸਕਦਾ। ਬਾਕੀ ਦੇ ਸਫ਼ਰ ਦੌਰਾਨ ਅਸਾਂ ਬਹੁਤੀ ਗੱਲ ਨਹੀਂ ਕੀਤੀ।

*****

ਪਿਤਾ ਜੀ ਨੇ ਰਾਏ ਬਹਾਦਰ ਲਾਲਾ ਅਚਿੰਤ ਰਾਮ ਨੂੰ ਟੈਲੀਫੋਨ ਕੀਤਾ ਅਤੇ ਦੱਸਿਆ ਕਿ ਅਸੀਂ ਹਰਦੁਆਰ ਤੋਂ ਪਰਤ ਆਏ ਹਾਂ। ਉਹ ਕਹਿਣ ਲੱਗੇ, ''ਤੁਹਾਡੇ ਲਈ ਕਦੋਂ ਸੌਖਾ ਰਹੇਗਾ ਕਿ ਅਸੀਂ ਤੁਹਾਨੂੰ ਮਿਲਣ ਆਈਏ? ਜਾਂ ਫੇਰ ਤੁਸੀਂ ਸਾਡੇ ਗਰੀਬਖਾਨੇ ਆ ਕੇ ਸਾਡਾ ਮਾਣ ਵਧਾਓਗੇ? ਅਸੀਂ ਛੋਟੇ ਜਿਹੇ ਡੀ ਡੀ ਏ ਫਲੈਟ ਵਿਚ ਰਹਿੰਦੇ ਹਾਂ।'' ਉਨ੍ਹਾਂ ਦੀ ਸੁਰ ਬੜੀ ਅਧੀਨਗੀ ਵਾਲੀ ਸੀ। ਅਚਿੰਤ ਰਾਮ ਨੇ ਅਗਲੇ ਦਿਨ ਹੀ ਸਾਨੂੰ ਚਾਹ 'ਤੇ ਸੱਦ ਲਿਆ।

ਇਸ ਵਾਰੀ ਮੇਰੇ ਪਿਤਾ ਨੇ ਆਪਣੇ ਅਮੀਰ ਸਿੱਖ ਦੋਸਤ ਤੋਂ ਉਸ ਦੀ ਮਰਸਿਡੀਜ਼ ਬੈਂਜ਼ ਕਾਰ ਉਧਾਰੀ ਨਹੀਂ ਮੰਗੀ, ''ਮੈਂ ਨਹੀਂ ਚਾਹੁੰਦਾ ਕਿ ਉਹ ਸਾਡੇ ਬਾਰੇ ਗ਼ਲਤ ਪ੍ਰਭਾਵ ਲੈਣ। ਅਸੀਂ ਟੈਕਸੀ ਵਿਚ ਜਾਵਾਂਗੇ।''

ਮੇਰੇ ਪਿਤਾ ਨੇ ਸ਼ੇਰਵਾਨੀ ਅਤੇ ਚੂੜੀਦਾਰ ਪਜਾਮਾ ਪਾਇਆ ਅਤੇ ਸਿਰ 'ਤੇ ਪੱਗ ਬੰਨ੍ਹ ਲਈ। ਮੈਂ ਪ੍ਰਿੰਸਟਨ ਦੀ ਟੀ ਸ਼ਰਟ ਅਤੇ ਕਾਲੀ ਡੈਨਿਮ ਦੀ ਪਤਲੂਨ ਪਾਈ। ਮੈਨੂੰ ਪਤਾ ਸੀ ਕਿ ਇਸ ਤਰ੍ਹਾਂ ਦੇ ਕੱਪੜੇ ਮੈਨੂੰ ਬਹੁਤ ਵਧੀਆ ਲੱਗਦੇ ਹਨ। ਟੈਕਸੀ ਲਈ ਅਤੇ ਡਰਾਈਵਰ ਨੂੰ ਕਿਹਾ ਕਿ ਉਹ ਪ੍ਰਿਥਵੀ ਰਾਜ ਰੋਡ 'ਤੇ ਲੈ ਚੱਲੇ। ਇਹ ਨਵੀਂ ਦਿੱਲੀ ਦਾ ਸਭ ਤੋਂ ਅਮੀਰ ਰਿਹਾਇਸ਼ੀ ਇਲਾਕਾ ਸੀ। ਸਾਡੀ ਟੈਕਸੀ ਇੱਕ ਦੋ ਮੰਜ਼ਿਲੇ ਮਕਾਨ ਅੰਦਰ ਜਾ ਕੇ ਰੁਕੀ। ਇਸ ਮਕਾਨ ਦੇ ਬਾਹਰ ਵੱਡਾ ਸਾਰਾ ਬਾਗ ਸੀ, ਇਕ ਖੁੱਲ੍ਹਾ ਡੁੱਲਾ ਘਾਹ ਦਾ ਮੈਦਾਨ ਸੀ ਜਿਸ ਦੇ ਐਨ ਕੇਂਦਰ ਵਿਚ ਸੰਗਮਰਮਰ ਦਾ ਫੁਹਾਰਾ ਲੱਗਾ ਹੋਇਆ ਸੀ ਅਤੇ ਨਾਲ ਹੀ ਕਿਆਰੀਆਂ ਵਿਚ ਫੁੱਲ ਲੱਗੇ ਹੋਏ ਸਨ। ਵਰਦੀ ਵਾਲੇ ਇੱਕ ਬੇਅਰੇ ਨੇ ਦਰਵਾਜ਼ਾ ਖੋਲ੍ਹਿਆ ਅਤੇ ਸਾਨੂੰ ਅੰਦਰ ਲੈ ਗਿਆ। ਕਮਰੇ ਵਿਚ ਵੱਡੇ ਵੱਡੇ ਸੋਫੇ ਅਤੇ ਕੁਰਸੀਆਂ ਪਈਆਂ ਸਨ, ਨਾਲ ਹੀ ਕਾਲੇ ਸੰਗਮਰਮਰ ਦੇ ਮੇਜ਼ ਸਨ। ਛੱਤ 'ਤੇ ਦੋ ਭਾਰੀ ਫਾਨੂਸ ਲਟਕ ਰਹੇ ਸਨ। ਚਾਂਦੀ ਦੇ ਫਰੇਮਾਂ 'ਚ ਜੜੀਆਂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਪਰਿਵਾਰ ਦੇ ਮੈਂਬਰਾਂ ਦੀਆਂ ਤਸਵੀਰਾਂ ਕੰਧਾਂ 'ਤੇ ਲੱਗੀਆਂ ਹੋਈਆਂ ਸਨ। ਇਸ ਸਭ ਕਾਸੇ ਦੇ ਵਿਚੋਂ ਤਾਜ਼ਾ ਅਮੀਰੀ ਅਤੇ ਸਮਾਜਕ ਰੁਤਬੇ ਦੀ ਗੰਧ ਆ ਰਹੀ ਸੀ।

ਰਾਏ ਬਹਾਦਰ ਆਪਣੇ ਕਮਰੇ 'ਚੋਂ ਬਾਹਰ ਆਏ ਅਤੇ ਮੇਰੇ ਪਿਤਾ ਨੂੰ ਗਲਵੱਕੜੀ ਪਾ ਕੇ ਮਿਲੇ। ਉਨ੍ਹਾਂ ਦੀ ਉਮਰ ਵੀ ਇਕੋ ਜਿਹੀ ਸੀ ਅਤੇ ਕੱਦ ਵੀ ਬਰਾਬਰ ਜਿਹਾ। ਪਰ ਮੇਰੇ

ਪਿਤਾ ਬੜੇ ਪਤਲੇ ਸਨ ਜਦਕਿ ਰਾਏ ਬਹਾਦਰ ਲਾਲਾ ਅਚਿੰਤ ਰਾਮ ਦਾ ਸਰੀਰ ਭਾਰੀ ਭਾਰਾ ਸੀ ਅਤੇ ਉਨ੍ਹਾਂ ਮੋਟੀਆਂ ਐਨਕਾਂ ਲਗਾਈਆਂ ਹੋਈਆਂ ਸਨ। ਮੈਂ ਨਮਸਤੇ ਕਹੀ ਅਤੇ ਨਾਲ ਹੀ ਆਪਣਾ ਸਿਰ ਝੁਕਾਇਆ। ਉਨ੍ਹਾਂ ਮੇਰੇ ਸਿਰ 'ਤੇ ਹੱਥ ਰੱਖਿਆ। ਉਨ੍ਹਾਂ ਮੈਨੂੰ 'ਬੇਟਾ' ਕਹਿ ਬੁਲਾਇਆ ਅਤੇ ਸਾਨੂੰ ਬੈਠਣ ਲਈ ਕਿਹਾ। ਉਨ੍ਹਾਂ ਨੌਕਰ ਨੂੰ ਆਵਾਜ਼ ਮਾਰੀ ਅਤੇ ਚਾਹ ਲਿਆਉਣ ਦਾ ਹੁਕਮ ਦੇਣ ਦੇ ਨਾਲ ਨਾਲ ਇਹ ਵੀ ਕਿਹਾ ਕਿ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਦੱਸ ਦੇਵੇ ਕਿ ਮਹਿਮਾਨ ਆ ਗਏ ਹਨ। ਉਨ੍ਹਾਂ ਦੇ ਤਿੰਨੋਂ ਪੁੱਤਰ ਸਭ ਤੋਂ ਪਹਿਲਾਂ ਆਏ ਅਤੇ ਉਨ੍ਹਾਂ ਮੇਰੇ ਨਾਲ ਹੱਥ ਮਿਲਾਏ। ਪਰ ਉਨ੍ਹਾਂ ਦੀ ਇਸ ਹਰਕਤ ਵਿਚ ਕੋਈ ਗਰਮਜੋਸ਼ੀ ਦਿਖਾਈ ਨਹੀਂ ਸੀ ਦਿੰਦੀ। ਉਨ੍ਹਾਂ ਦੇ ਬਾਅਦ ਉਨਾਂ ਦੀਆਂ ਪਤਨੀਆਂ ਆਈਆਂ। ਉਨ੍ਹਾਂ ਸਾਰੀਆਂ ਦੇ ਲੋੜ ਤੋਂ ਵੱਧ ਮੇਕਅੱਪ ਸੀ, ਭਾਰੀਭਰਕਮ ਕੱਪੜੇ ਸਨ ਅਤੇ ਗਹਿਣਿਆਂ ਨਾਲ ਲੱਦੀਆਂ ਹੋਈਆਂ ਸਨ। ਉਨ੍ਹਾਂ ਸਭ ਨੇ ਹੱਥ ਜੋੜ ਕੇ ਨਮਸਤੇ ਕਹੀ ਅਤੇ ਸਾਥੋਂ ਬਹੁਤ ਦੂਰ ਪਏ ਸੋਫਿਆਂ 'ਤੇ ਬੈਠ ਗਈਆਂ। ਉਨ੍ਹਾਂ ਤੋਂ ਆਸ ਕੀਤੀ ਜਾਂਦੀ ਸੀ ਕਿ ਉਹ ਆਪਣੇ ਮੂੰਹ ਨਾ ਖੋਲ੍ਹਣ। ਉਨ੍ਹਾਂ ਇਸ ਤਰ੍ਹਾਂ ਹੀ ਕੀਤਾ। ਇਸ ਤੋਂ ਬਾਅਦ ਅਚਿੰਤ ਰਾਮ ਦੀ ਪਤਨੀ ਆਈ। ਉਹ ਬੜੀ ਮੋਟੀ ਔਰਤ ਸੀ ਅਤੇ ਉਹ ਵੀ ਗਹਿਣਿਆਂ ਨਾਲ ਲੱਦੀ ਹੋਈ ਸੀ। ਉਸ ਦੇ ਮਗਰ ਉਸ ਦੀ ਧੀ ਆ ਰਹੀ ਸੀ। ਉਸ ਨੂੰ ਪੂਰੀ ਤਰ੍ਹਾਂ ਤਿਆਰ ਕੀਤਾ ਹੋਇਆ ਸੀ।

ਚਾਹ ਦੇ ਕੱਪ ਫੜਾਏ ਗਏ ਅਤੇ ਨਾਲ ਹੀ ਕੇਕ ਵੀ ਦਿੱਤੇ ਗਏ। ਰਾਏ ਬਹਾਦਰ ਮੇਰੇ ਪਿਤਾ ਨੂੰ ਇਕ ਪਾਸੇ ਲੈ ਗਏ ਅਤੇ ਦੋਵੇਂ ਜਣੇ ਆਪਸ ਵਿਚ ਗੱਲਾਂ ਕਰਦੇ ਰਹੇ। ਮੁੰਡੇ ਮੇਰੇ ਨਾਲ ਗੱਲਾਂ ਕਰਨ ਲੱਗੇ। ਉਨ੍ਹਾਂ ਮੈਨੂੰ ਮੇਰੇ ਸਕੂਲ ਅਤੇ ਕਾਲਜ ਦੇ ਦਿਨਾਂ ਦੇ ਇਲਾਵਾ ਵਿਦੇਸ਼ ਵਿਚ ਬਿਤਾਏ ਸਾਲਾਂ ਬਾਰੇ ਸਵਾਲ ਕੀਤੇ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਕਿਹੜੀ ਜਗ੍ਹਾ ਪੜ੍ਹੇ ਸਨ। ਉਹ ਸਾਰੇ ਹੀ ਅਮੀਰਾਂ ਵਾਲੇ ਮਾਡਰਨ ਸਕੂਲ ਵਿਚ ਪੜ੍ਹੇ ਸਨ ਅਤੇ ਫੇਰ ਆਪਣੇ ਪਿਤਾ ਦੇ ਕਾਰੋਬਾਰ 'ਚ ਸ਼ਾਮਲ ਹੋ ਗਏ ਸਨ। ਸਭ ਤੋਂ ਵੱਡਾ ਕਹਿਣ ਲੱਗਾ, ''ਕਾਲਜਾਂ ਤੋਂ ਡਿਗਰੀਆਂ ਲੈਣ ਦਾ ਕੀ ਫਾਇਦਾ? ਇਨ੍ਹਾਂ ਦਾ ਕਾਰੋਬਾਰ ਵਿਚ ਤਾਂ ਕੋਈ ਲਾਭ ਨਹੀਂ ਹੁੰਦਾ। ਕਾਰੋਬਾਰ ਲਈ ਤਾਂ ਤਜਰਬੇ ਦੀ ਲੋੜ ਹੁੰਦੀ ਹੈ।'' ਇਸ ਨਾਲ ਮੈਨੂੰ ਕੁੜੀ ਨਾਲ ਗੱਲ ਕਰਨ ਦਾ ਮੌਕਾ ਮਿਲ ਗਿਆ। ''ਕੀ ਤੁਸੀਂ ਇਸ ਨਾਲ ਸਹਿਮਤ ਹੋ?'' ਮੈਂ ਪੁੱਛਿਆ। ''ਨਹੀਂ ਬਿਲਕੁਲ ਨਹੀਂ। ਮੈਂ ਕੋਈ ਕਾਰੋਬਾਰ ਨਹੀਂ ਕਰਨਾ ਚਾਹੁੰਦੀ ਹਾਂ ਤੇ ਨਾ ਹੀ ਦਫਤਰ 'ਚ ਕੰਮ ਕਰਨਾ ਚਾਹੁੰਦੀ ਹਾਂ। ਮੈਂ ਮਿਰਾਂਡਾ ਹਾਊਸ ਤੋਂ ਅੰਗਰੇਜ਼ੀ ਤੇ ਸਾਇੰਸ ਵਿਚ ਬੀ ਏ ਕੀਤੀ ਹੈ। ਪਾਪਾ ਮੈਨੂੰ ਐਮ ਏ ਨਹੀਂ ਕਰਨ ਦੇ ਰਹੇ।''

ਉਹਦੀ ਮਾਂ ਨੇ ਦਖਲ ਦਿੱਤਾ, ''ਸੋਨੂੰ ਸਾਡੀ ਇਕਲੌਤੀ ਧੀ ਹੈ। ਕੋਈ ਵੀ ਮੁੰਡਾ ਆਪਣੇ ਤੋਂ ਵੱਧ ਪੜ੍ਹੀ ਲਿਖੀ ਕੁੜੀ ਨਾਲ ਸ਼ਾਦੀ ਨਹੀਂ ਕਰਨਾ ਚਾਹੁੰਦਾ। ਸਾਡੇ ਪਰਿਵਾਰ ਵਿਚੋਂ ਇਹ ਇਕੱਲੀ ਹੀ ਕਾਲਜ ਗਈ ਹੈ। ਸਾਨੂੰ ਸਭ ਨੂੰ ਇਸ 'ਤੇ ਮਾਣ ਹੈ।''

ਸੋਨੂੰ ਰਤਾ ਕੁ ਮੁਸਕਰਾਈ। ਮੈਂ ਉਸ ਵੱਲ ਚੰਗੀ ਤਰ੍ਹਾ ਵੇਖਿਆ : ਉਹ ਗੋਰੀ ਸੀ,

ਪਤਲੀ ਸੀ ਪਰ ਉਸ ਦੀ ਸ਼ਕਲ ਸੂਰਤ ਆਪਣੀ ਮੋਟੀ ਮਾਂ ਨਾਲ ਬਹੁਤ ਮਿਲਦੀ ਜੁਲਦੀ ਸੀ। ਇਹ ਵੀ ਲੱਗਦਾ ਸੀ ਕਿ ਕਿਸੇ ਮੁੰਡੇ ਵੱਲੋਂ ਦੇਖੇ ਜਾਣ ਦਾ ਉਸ ਦਾ ਇਹ ਪਹਿਲਾ ਮੌਕਾ ਸੀ ਅਤੇ ਉਹ ਇਸ ਸਿਲਸਿਲੇ ਨੂੰ ਪਸੰਦ ਨਹੀਂ ਸੀ ਕਰਦੀ। ਉਹ ਕਾਫੀ ਗੁੱਸੇ ਵਿਚ ਲੱਗਦੀ ਸੀ ਅਤੇ ਕੋਈ ਸ਼ੱਕ ਨਹੀਂ ਸੀ ਕਿ ਉਹ ਸਾਡੇ ਜਾਣ ਤੋਂ ਬਾਅਦ ਆਪਣੇ ਮਾਪਿਆਂ ਦੀ ਚੰਗੀ ਤਰ੍ਹਾਂ ਕੁਗਤ ਸਵਾਰੇਗੀ।

ਜਦੋਂ ਸਾਡੇ ਜਾਣ ਦਾ ਸਮਾਂ ਆਇਆ ਤਾਂ ਸਾਰੇ ਜਣੇ ਉੱਠ ਖੜ੍ਹੇ ਹੋਏ। ਮੈਂ ਉਨ੍ਹਾਂ ਸਭ ਨਾਲੋਂ ਲੰਮਾ ਸਾਂ। ਕੁੜੀ ਦੇ ਸਾਰੇ ਭਰਾਵਾਂ ਨਾਲੋਂ ਵੱਧ ਖ਼ੂਬਸੂਰਤ ਵੀ ਸਾਂ। ਸਾਰਾ ਪਰਿਵਾਰ ਸਾਨੂੰ ਬਾਹਰ ਤੱਕ ਛੱਡਣ ਆਇਆ। ਰਾਏ ਬਹਾਦਰ ਨੇ ਬਾਹਰ ਖੜ੍ਹੀ ਟੈਕਸੀ ਦੇਖੀ ਅਤੇ ਇਕ ਨੌਕਰ ਨੂੰ ਕਿਹਾ ਕਿ ਉਹ ਟੈਕਸੀ ਵਾਲੇ ਨੂੰ ਪੈਸੇ ਦੇ ਕੇ ਭੇਜ ਦੇਵੇ, ਨਾਲ ਹੀ ਉਹਨੇ ਆਪਣੀ ਕਾਰ ਵੀ ਮੰਗਵਾ ਲਈ। ਮੇਰੇ ਪਿਤਾ ਨੇ ਹਲਕਾ ਜਿਹਾ ਰੋਸ ਪ੍ਰਗਟਾਇਆ ਅਤੇ ਖੁਦ ਕਿਰਾਇਆ ਦੇਣ ਦੀ ਕੋਸ਼ਿਸ਼ ਕੀਤੀ। ਰਾਏ ਬਹਾਦਰ ਨੇ ਉਨ੍ਹਾਂ ਦਾ ਹੱਥ ਫੜ ਲਿਆ, ''ਨਾ ਭਰਾ ਜੀ ਮੈਂ ਤੁਹਾਨੂੰ ਇੰਝ ਨਹੀਂ ਕਰਨ ਦਿਆਂਗਾ। ਮੇਰਾ ਡਰਾਈਵਰ ਤੁਹਾਨੂੰ ਮੇਰੀ ਕਾਰ ਵਿਚ ਘਰ ਛੱਡ ਕੇ ਆਏਗਾ।'' ਉਨ੍ਹਾਂ ਇਕ ਵਾਰ ਫੇਰ ਜੱਫੀ ਪਾਈ। ਮੈਂ ਰਾਏ ਬਹਾਦਰ ਅਤੇ ਉਸ ਦੀ ਪਤਨੀ ਦੇ ਪੈਰੀਂ ਹੱਥ ਲਗਾਏ। ਰਾਏ ਬਹਾਦਰ ਨੇ ਕਿਹਾ, ''ਜੀਤੇ ਰਹੋ ਬੇਟਾ।'' ਉਸ ਦੀ ਪਤਨੀ ਨੇ ਕਿਹਾ 'ਲੰਮੀ ਉਮਰ ਹੋਵੇ ਪੁੱਤਰ'। ਮੈਂ ਮੁੰਡਿਆਂ ਨਾਲ ਹੱਥ ਮਿਲਾਏ ਅਤੇ ਉਨ੍ਹਾਂ ਦੀਆਂ ਪਤਨੀਆਂ ਅਤੇ ਸੋਨੂੰ ਨੂੰ ਨਮਸਤੇ ਕਹੀ। ਸੋਨੂੰ ਨੇ ਜਵਾਬ ਵਿਚ ਹੱਥ ਤਾਂ ਜੋੜੇ ਪਰ ਕਿਹਾ ਕੁਛ ਨਾ। ਲੱਗਦਾ ਸੀ ਕਿ ਉਸ ਨੂੰ ਆਪਣੇ ਆਪ ਦੀ ਸੁਰਤ ਨਹੀਂ ਸੀ।

ਵਾਪਸੀ 'ਤੇ ਮੇਰੇ ਪਿਤਾ ਬੜੇ ਖੁਸ਼ ਸਨ। ਉਹ ਕਹਿਣ ਲੱਗੇ, ''ਰਾਏ ਬਹਾਦਰ ਨੇ ਮੈਨੂੰ ਦੱਸਿਆ ਹੈ ਕਿ ਉਨ੍ਹਾਂ ਦੀ ਧੀ ਨੂੰ ਉਨ੍ਹਾਂ ਦੀ ਜਾਇਦਾਦ 'ਚੋਂ ਆਪਣੇ ਭਰਾਵਾਂ ਦੇ ਬਰਾਬਰ ਦਾ ਹਿੱਸਾ ਮਿਲੇਗਾ। ਇਹ ਤਾਂ ਕਈ ਕਰੋੜ ਰੁਪਏ ਦਾ ਹੋਏਗਾ। ਉਹ ਤੈਨੂੰ ਆਪਣੇ ਕਾਰੋਬਾਰ ਵਿਚ ਹਿੱਸੇਦਾਰ ਬਣਾਉਣ ਲਈ ਵੀ ਰਾਜ਼ੀ ਹਨ। ਕੁੜੀ ਦੇਖਣ ਨੂੰ ਮਾੜੀ ਨਹੀਂ। ਉਹ ਪੜ੍ਹੀ ਲਿਖੀ ਹੈ। ਉਹਨੂੰ ਸਾਡੇ ਘਰ ਵਿਚ ਘੁਲਣ ਮਿਲਣ ਵਿਚ ਕੁਝ ਸਮਾਂ ਲੱਗੇਗਾ। ਪਰ ਉਸ ਨੂੰ ਤੇਰੇ ਨਾਲੋਂ ਵੱਧ ਸੁੰਦਰ ਅਤੇ ਵੱਧ ਪੜ੍ਹਿਆ ਲਿਖਿਆ ਪਤੀ ਨਹੀਂ ਮਿਲ ਸਕਦਾ। ਮੈਂ ਰਾਏ ਬਹਾਦਰ ਨੂੰ ਦੱਸ ਦਿੱਤਾ ਹੈ ਕਿ ਤੇਰੇ ਨਾਲ ਸਲਾਹ ਕੀਤੇ ਬਿਨਾਂ ਮੈਂ ਕੋਈ ਵਾਅਦਾ ਨਹੀਂ ਕਰ ਸਕਦਾ। ਹੁਣ ਫੈਸਲਾ ਤੇਰੇ 'ਤੇ ਹੈ। ਮੈਂ ਉਨ੍ਹਾਂ ਨੂੰ ਦੋ ਦਿਨਾਂ ਦੇ ਵਿਚ ਵਿਚ ਫੈਸਲਾ ਦੱਸਣ ਦਾ ਵਾਅਦਾ ਕੀਤਾ ਹੈ।''

ਮੈਂ ਅਚਿੰਤ ਰਾਮ ਦੇ ਪਰਿਵਾਰ ਬਾਰੇ ਕੀ ਸੋਚਦਾ ਸਾਂ? ਨਵੇਂ ਅਮੀਰ ਹੋਏ ਪੰਜਾਬੀ ਪਰਿਵਾਰਾਂ ਵਿਚ ਜੋ ਕੁਝ ਵੀ ਮੈਨੂੰ ਪਸੰਦ ਨਹੀਂ ਸੀ ਉਹ ਸਭ ਕੁਝ ਉਨ੍ਹਾਂ ਕੋਲ ਸੀ, ਬਹੁਤ ਸਾਰਾ ਪੈਸਾ ਸੀ ਪਰ ਕੋਈ ਸ਼ਾਇਸਤਗੀ ਨਹੀਂ ਸੀ। ਇਸ ਦਾ ਮੈਨੂੰ ਉਨ੍ਹਾਂ ਦੀ ਬੈਠਕ ਵਿਚੋਂ ਸਬੂਤ ਮਿਲ ਗਿਆ ਸੀ। ਕਾਲੇ ਸੰਗਮਰਮਰ ਦਾ ਫਰਸ਼, ਚਿੱਟੇ ਸੰਗਮਰਮਰ ਦੀਆਂ ਕੰਧਾਂ ਤੇ

ਐਸੇ ਫਨੂਸ ਜਿਹੜੇ ਘਰ ਨਾਲੋਂ ਕਿਸੇ ਹੋਟਲ ਵਿਚ ਜ਼ਿਆਦਾ ਚੰਗੇ ਲੱਗਣ। ਇਤਾਲਵੀ ਸੰਗਮਰਮਰ ਦੇ ਮੇਜ਼ ਅਤੇ ਸ਼ਕਤੀਸ਼ਾਲੀ ਸਿਆਸਤਦਾਨਾਂ ਨਾਲ ਖਿਚਾਈਆਂ ਤਸਵੀਰਾਂ ਤੇ ਚਾਂਦੀ ਦੇ ਫਰੇਮ ਪਰ ਗਾਂਧੀ ਜਾਂ ਨਹਿਰੂ ਦੀ ਕੋਈ ਫੋਟੋ ਨਹੀਂ? ਭਾਵੇਂ ਬਾਹਰ ਵੱਡਾ ਬਾਗ ਸੀ ਫਿਰ ਵੀ ਅੰਦਰ ਮਹਿੰਗੇ ਗੁਲਦਸਤਿਆਂ ਵਿਚ ਪਲਾਸਟਿਕ ਦੇ ਫੁੱਲ ਰੱਖੇ ਹੋਏ ਸਨ ਅਤੇ ਕ੍ਰਿਸਟਲ ਦੇ ਬਰਤਨਾਂ ਵਿਚ ਪਲਾਸਟਿਕ ਦੇ ਕੇਲੇ, ਸੇਬ, ਅੰਗੂਰ ਅਤੇ ਪਪੀਤੇ ਪਏ ਸਨ। ਮੈਨੂੰ ਸ਼ੱਕ ਪਿਆ ਸੀ ਕਿ ਫਨੂਸ ਵੀ ਸ਼ੀਸ਼ੇ ਦੇ ਨਹੀਂ, ਸਗੋਂ ਪਲਾਸਟਿਕ ਦੇ ਸਨ। ਅਚਿੰਤ ਰਾਮ ਨੇ ਆਪਣੇ ਵਾਲ ਅਤੇ ਮੁੱਛਾਂ ਰੰਗੀਆਂ ਹੋਈਆਂ ਸਨ। ਪਰ ਇਨ੍ਹਾਂ ਦੀਆਂ ਜੜ੍ਹਾਂ ਵਿਚੋਂ ਚਿੱਟਾ ਰੰਗ ਦਿਖਾਈ ਦੇ ਰਿਹਾ ਸੀ। ਉਸ ਦੀ ਕਾਲੀ ਸ਼ੇਰਵਾਨੀ 'ਤੇ ਸੋਨੇ ਦੇ ਬਟਨ ਸਨ ਜਿਨ੍ਹਾਂ 'ਤੇ ਹੀਰੇ ਜੜ੍ਹੇ ਹੋਏ ਸਨ। ਉਹਦੇ ਹੱਥ ਵਿਚ ਘਰ ਦੇ ਅੰਦਰ ਵੀ ਛੜੀ ਫੜੀ ਹੋਈ ਸੀ ਜਿਸ ਦਾ ਹੱਥਾ ਹਾਥੀ ਦੰਦ ਦਾ ਸੀ ਅਤੇ ਇਹ ਸ਼ੇਰ ਦੇ ਮੂੰਹ ਵਰਗਾ ਸੀ। ਉਹਦੀ ਪਤਨੀ ਉਹਦੇ ਜਿੰਨੀ ਹੀ ਮੋਟੀ ਸੀ ਅਤੇ ਉਸ ਨੇ ਸੋਨੇ ਦੇ ਬਹੁਤ ਭਾਰੀ ਗਹਿਣੇ ਪਾਏ ਹੋਏ ਸਨ : ਕੰਨਾਂ 'ਚ ਝੁਮਕੇ, ਹਾਰ, ਚੂੜੀਆਂ ਅਤੇ ਮੁੰਦੀਆਂ। ਮੈਨੂੰ ਆਸ ਸੀ ਕਿ ਮੁੰਡੇ ਆਪਣੇ ਮਾਪਿਆਂ ਨਾਲੋਂ ਰਤਾ ਕੁ ਵਧੇਰੇ ਨਿਮਰ ਹੋਣਗੇ। ਪਰ ਉਹ ਵੀ ਆਪਣੇ ਮਾਪਿਆਂ ਵਰਗੇ ਹੀ ਸਨ। ਉਨ੍ਹਾਂ ਭਾਵੇਂ ਪੱਛਮੀ ਤਰਜ਼ ਦੇ ਕੱਪੜੇ ਪਾਏ ਹੋਏ ਸਨ ਪਰ ਚਮਕੀਲੀਆਂ ਗੂੜ੍ਹੇ ਲਾਲ ਰੰਗ ਦੀਆਂ ਟਾਈਆਂ ਲਾ ਲਈਆਂ ਸਨ ਅਤੇ ਲਾਲ ਰੰਗ ਦੇ ਰੁਮਾਲ ਉਨ੍ਹਾਂ ਦੀਆਂ ਜੇਬਾਂ ਵਿਚ ਦਿਖਾਈ ਦੇ ਰਹੇ ਸਨ। ਉਨ੍ਹਾਂ ਤਿੰਨਾਂ ਨੇ ਹੀ ਬਹੁਤ ਸਾਰਾ ਇਤਰ ਛਿੜਕਿਆ ਹੋਇਆ ਸੀ ਅਤੇ ਉਂਗਲਾਂ ਵਿਚ ਸੋਨੇ ਅਤੇ ਪਲਾਟੀਨਮ ਦੀਆਂ ਮੁੰਦੀਆਂ, ਸੋਨੇ ਦੀ ਚੇਨ ਵਾਲੀਆਂ ਗੁੱਟ ਘੜੀਆਂ ਪਹਿਨੀਆਂ ਹੋਈਆਂ ਸਨ। ਉਹ ਸਾਰੇ ਹੀ ਆਪਣੀਆਂ ਉਂਗਲੀਆਂ ਦੇ ਪਟਾਕੇ ਵਜਾ ਰਹੇ ਸਨ। ਸਭ ਤੋਂ ਭੱਦਾ ਛੋਟਾ ਮੁੰਡਾ ਲੱਗਦਾ ਸੀ। ਜਦੋਂ ਉੱਚੀ ਆਵਾਜ਼ ਵਿਚ ਮੇਰੇ ਨਾਲ ਗੱਲਾਂ ਕਰ ਰਿਹਾ ਸੀ ਉਹ ਆਪਣੀਆਂ ਲੱਤਾਂ ਹਿਲਾ ਰਿਹਾ ਸੀ। ਪਹਿਲਾਂ ਉਸ ਨੇ ਇੱਕ ਲੱਤ ਦੂਜੀ 'ਤੇ ਰੱਖੀ ਅਤੇ ਹੇਠਲੀ ਲੱਤ ਨੂੰ ਲਗਾਤਾਰ ਉੱਪਰ ਹੇਠਾਂ ਹਿਲਾਉਂਦਾ ਰਿਹਾ। ਫਿਰ ਉਸ ਨੇ ਦੋਨੋਂ ਲੱਤਾਂ ਜ਼ਮੀਨ 'ਤੇ ਰੱਖੀਆਂ ਅਤੇ ਕਦੇ ਪੱਟਾਂ ਨੂੰ ਖੋਲ੍ਹ ਲੈਂਦਾ ਅਤੇ ਕਦੇ ਫੇਰ ਇਕੱਠੇ ਕਰ ਲੈਂਦਾ। ਜਿਹੜਾ ਬੰਦਾ ਲਗਾਤਾਰ ਹਿਲਜੁਲ ਕਰ ਰਿਹਾ ਹੋਵੇ ਉਸ ਨਾਲ ਮੈਂ ਗੰਭੀਰ ਗੱਲਬਾਤ ਕਿਵੇਂ ਕਰ ਸਕਦਾ!

ਅਚਿੰਤ ਰਾਮ ਦੀਆਂ ਨੂੰਹਾਂ ਗੂੰਗੀਆਂ ਗੁੱਡੀਆਂ ਵਾਂਗ ਬੈਠੀਆਂ ਸਨ ਅਤੇ ਉਨ੍ਹਾਂ ਦੇ ਚਿਹਰੇ 'ਤੇ ਕੋਈ ਪ੍ਰਭਾਵ ਨਹੀਂ ਸੀ ਆਉਂਦਾ। ਉਹ ਮੇਰੇ ਵੱਲ ਇਵੇਂ ਦੇਖ ਰਹੀਆਂ ਸਨ ਜਿਵੇਂ ਇਸ ਗੱਲ 'ਤੇ ਆਪਣੀ ਨਨਾਣ ਨਾਲ ਈਰਖਾ ਕਰ ਰਹੀਆਂ ਹੋਣ ਕਿ ਉਸ ਨੂੰ ਐਸਾ ਪਤੀ ਮਿਲਿਆ ਹੈ ਜਿਹੜਾ ਉਨ੍ਹਾਂ ਦੇ ਪਤੀਆਂ ਨਾਲੋਂ ਨਾ ਸਿਰਫ਼ ਖ਼ੂਬਸੂਰਤ ਹੀ ਹੈ, ਸਗੋਂ ਵੱਧ ਪੜ੍ਹਿਆ ਲਿਖਿਆ ਵੀ ਹੈ।

ਇਸ ਤੋਂ ਬਿਨਾ ਉਨ੍ਹਾਂ ਦੀ ਮਰਸੀਡਜ਼ ਬੈਂਜ਼ ਗੱਡੀ ਵੀ ਸੀ ਜਿਸ ਵਿਚ ਅਸੀਂ ਬੈਠ ਕੇ

ਘਰ ਆਏ ਸਾਂ। ਇਸ ਦੇ ਡੈਸ਼ ਬੋਰਡ 'ਤੇ ਚਾਂਦੀ ਦੀ ਗਣਪਤੀ ਦੀ ਮੂਰਤੀ ਰੱਖੀ ਹੋਈ ਸੀ ਅਤੇ ਨਾਲ ਹੀ ਇੱਤਰ ਦੀ ਬੋਤਲ।

ਮੇਰੇ ਪਿਤਾ ਨੂੰ ਇਹ ਦੱਸਣ ਦਾ ਕੋਈ ਫਾਇਦਾ ਨਹੀਂ ਸੀ ਹੋਣਾ ਕਿ ਇਸ ਅਮੀਰ ਪਰਿਵਾਰ ਵਿਚ ਸ਼ਊਰ ਦੀ ਕਮੀ ਹੈ। ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਸੀ ਆਉਣੀ। ਮੈਂ ਇਹ ਵੀ ਮਹਿਸੂਸ ਕੀਤਾ ਕਿ ਸੋਨੂੰ ਨੂੰ ਬਾਕੀ ਦੇ ਪਰਿਵਾਰ ਨਾਲ ਨਹੀਂ ਜੋੜਨਾ ਚਾਹੀਦਾ। ਉਹ ਬਿਸਤਰੇ ਵਿਚ ਲਿਜਾਣ ਜੋਗੀ ਸੀ ਅਤੇ ਰਹਿਣ ਦੇ ਸਹੀ ਰੰਗ ਢੰਗ ਅਤੇ ਵਿਹਾਰ ਬਾਰੇ ਮੈਂ ਉਸ ਨੂੰ ਸਿਖਾ ਸਕਦਾ ਸਾਂ। ਇਹ ਵੀ ਸਿਖਾ ਸਕਦਾ ਸਾਂ ਕਿ ਕ੍ਰਿਸਟਲ, ਕੱਟ ਗਿਲਾਸ ਅਤੇ ਪਲਾਸਟਿਕ ਵਿਚਾਲੇ ਕੀ ਫਰਕ ਹੈ।

ਮੈਂ ਵਿਆਹ ਦੇ ਲਾਭ ਅਤੇ ਹਾਨੀਆਂ ਬਾਰੇ ਮਾਪ ਤੋਲ ਕੀਤਾ। ਪਿਆਰ ਅਤੇ ਸਾਥ ਨਾਲੋਂ ਜ਼ਿਆਦਾ ਲੋੜ ਸਰੀਰਕ ਸੁੱਖ ਦੀ ਸੀ। ਬਹੁਤ ਲੰਮੇ ਸਮੇਂ ਤੋਂ ਸਾਨੂੰ ਇਹ ਕਹਿ ਕੇ ਮੂਰਖ ਬਣਾਇਆ ਜਾ ਰਿਹਾ ਹੈ ਕਿ ਮਰਦ ਅਤੇ ਔਰਤ ਵਿਚਾਲੇ ਖ਼ੁਸ਼ਗਵਾਰ ਸਬੰਧਾਂ ਦਾ ਆਧਾਰ ਪਿਆਰ ਹੁੰਦਾ ਹੈ। ਪਿਆਰ ਇੱਕ ਲੁਪਤ ਸੰਕਲਪ ਹੈ ਅਤੇ ਵੱਖ ਵੱਖ ਲੋਕ ਇਸ ਨੂੰ ਵੱਖ ਵੱਖ ਤਰ੍ਹਾਂ ਸਮਝਦੇ ਹਨ। ਵਾਸਨਾ ਦੇ ਮਾਮਲੇ 'ਚ ਕੋਈ ਵੀ ਓਹਲਾ ਨਹੀਂ ਹੈ ਕਿਉਂਕਿ ਸਾਰੇ ਲੋਕ ਇਸ ਨੂੰ ਵਾਸਨਾ ਹੀ ਸਮਝਦੇ ਹਨ। ਇਹ ਅਲੱਗ ਅਲੱਗ ਲਿੰਗ ਦੇ ਵਿਅਕਤੀਆਂ ਵਿਚਾਲੇ ਇਕ ਦੂਜੇ ਨੂੰ ਪਸੰਦ ਕਰਨ ਦਾ ਸਰੀਰਕ ਪ੍ਰਗਟਾਵਾ ਹੁੰਦਾ ਹੈ। ਜੱਫੀ ਪਾਉਣੀ, ਚੁੰਮਣਾ, ਇਕ ਦੂਜੇ ਨੂੰ ਸਹਿਲਾਉਣਾ ਅਤੇ ਫਿਰ ਸਹਿਵਾਸ ਕਰਨਾ। ਵਾਸਨਾ ਤੋਂ ਬਿਨਾ ਪਿਆਰ ਬਹੁਤੀ ਦੇਰ ਤੱਕ ਕਾਇਮ ਨਹੀਂ ਰਹਿ ਸਕਦਾ। ਵਾਸਨਾ ਦੀ ਕੋਈ ਸਮਾਂ ਸੀਮਾ ਨਹੀਂ ਹੈ ਅਤੇ ਪਿਆਰ ਤੇ ਮੋਹ ਦਾ ਇਹੀ ਸਹੀ ਆਧਾਰ ਹੈ।

ਅਮਰੀਕਾ ਵਿਚ ਮੈਂ ਮਨਚਾਹਿਆ ਸਹਿਵਾਸ ਕੀਤਾ ਸੀ ਅਤੇ ਅਜਿਹਾ ਕਰਦੇ ਹੋਏ ਕੋਈ ਲੰਮੀ ਮਿਆਦ ਦੇ ਵਾਅਦੇ ਵੀ ਨਹੀਂ ਸਨ ਕੀਤੇ। ਭਾਰਤ ਵਿਚ ਅਜਿਹਾ ਕਰਨਾ ਸੌਖਾ ਨਹੀਂ ਸੀ। ਮੈਨੂੰ ਰੰਡੀਆਂ ਦੇ ਕੋਠਿਆਂ 'ਤੇ ਜਾਣਾ ਜਾਂ ਕਾਲ ਗਰਲਜ਼ ਨੂੰ ਬੁਲਾਉਣਾ ਚੰਗਾ ਨਹੀਂ ਸੀ ਲੱਗਦਾ। ਜੇ ਮੈਂ ਕਿਸੇ ਦਫਤਰ 'ਚ ਕੰਮ ਕਰਦੀ ਇਕ ਔਰਤ ਨੂੰ ਆਪਣੇ ਨਾਲ ਸੌਣ ਲਈ ਤਿਆਰ ਕਰ ਵੀ ਲਵਾਂ ਤਾਂ ਵੀ ਉਸ ਨੂੰ ਲਿਜਾਣ ਲਈ ਮੇਰੇ ਕੋਲ ਕੋਈ ਥਾਂ ਨਹੀਂ। ਉਸ ਨੂੰ ਮੈਂ ਕਿਸੇ ਹੋਰ ਥਾਂ 'ਤੇ ਨਹੀਂ ਲਿਜਾ ਸਕਦਾ। ਭਾਰਤੀ ਲੋਕ ਆਪਣੇ ਸਬੰਧਾਂ ਨੂੰ ਨਿੱਜ ਤੱਕ ਸੀਮਤ ਰੱਖਣ 'ਚ ਯਕੀਨ ਨਹੀਂ ਰੱਖਦੇ। ਉਹ ਬਹੁਤ ਰੌਲਾ ਪਾਉਣ ਵਾਲੇ ਲੋਕ ਹਨ ਅਤੇ ਆਪਣੇ ਕੰਮ ਨਾਲ ਮਤਲਬ ਰੱਖਣ ਤੱਕ ਸੀਮਤ ਨਹੀਂ ਰਹਿੰਦੇ। ਵਿਆਹ ਨਾਲ ਘੱਟੋ ਘੱਟ ਇਹ ਤਾਂ ਹੋਵੇਗਾ ਕਿ ਮੈਨੂੰ ਆਪਣੇ ਬਿਸਤਰੇ ਲਈ ਇਕ ਔਰਤ ਮਿਲ ਜਾਏਗੀ।

ਮੈਂ ਇਸ ਗੱਲ ਬਾਰੇ ਵੀ ਕਾਫੀ ਸੋਚਿਆ ਹੈ ਕਿ ਕਿਸੇ ਅਮੀਰ ਬਾਪ ਦੀ ਧੀ ਨਾਲ ਸ਼ਾਦੀ ਕਰਨਾ ਅਤੇ ਉਸ ਨੂੰ ਇਕ ਵੱਡੇ ਮਕਾਨ ਵਿਚੋਂ ਲਿਆ ਕੇ ਛੋਟੇ ਜਿਹੇ ਫਲੈਟ 'ਚ ਲਿਆ ਬਿਠਾਉਣਾ ਕਿੰਨੀ ਕੁ ਸਿਆਣਪ ਵਾਲੀ ਗੱਲ ਹੈ। ਮੈਨੂੰ ਇਸ ਨਾਲੋਂ ਬਿਹਤਰ ਮਕਾਨ ਲੱਭਣਾ

ਪਵੇਗਾ ਅਤੇ ਨਾਲ ਹੀ ਉਹਦੇ ਰਹਿਣ-ਸਹਿਣ ਦੀ ਆਦਤ ਬਰਕਰਾਰ ਰੱਖਣ ਲਈ ਵੀ ਕਾਫੀ ਕਮਾਈ ਕਰਨੀ ਪਵੇਗੀ। ਮੈਂ ਨਹੀਂ ਸਾਂ ਚਾਹੁੰਦਾ ਕਿ ਮੈਂ ਉਹਦੇ ਪਿਤਾ ਦੇ ਟੁਕੜਿਆਂ ਉੱਤੇ ਪਲਦਾ ਰਹਾਂ ਅਤੇ ਮੈਨੂੰ ਘਰ ਜਵਾਈ ਸਮਝਿਆ ਜਾਏ।

ਫਿਰ ਸੋਨੂੰ ਦਾ ਵੀ ਖਿਆਲ ਆਉਂਦਾ ਸੀ। ਉਹ ਕਾਫੀ ਗੋਰੀ ਚਿੱਟੀ ਸੀ ਅਤੇ ਇਸ ਉਮਰ ਦੀਆਂ ਹੋਰ ਭਾਰਤੀ ਕੁੜੀਆਂ ਵਾਂਗ ਵਿਆਹ ਕਰਵਾਉਣਾ ਵੀ ਚਾਹੁੰਦੀ ਸੀ ਪਰ ਉਹ ਰਤਾ ਕੁ ਨੱਕ-ਚੜ੍ਹੀ ਵੀ ਸੀ। ਮੈਨੂੰ ਪੱਕਾ ਵਿਸ਼ਵਾਸ ਸੀ ਕਿ ਉਹ ਹਾਲੇ ਤੱਕ ਕੁਆਰੀ ਨਹੀਂ ਹੋਏਗੀ ਅਤੇ ਮੈਨੂੰ ਪੱਕਾ ਨਿਸ਼ਚਾ ਹੈ ਕਿ ਮੇਰੇ ਸਰੀਰਕ ਤੌਰ 'ਤੇ ਕੁਆਰੇ ਨਾ ਹੋਣ 'ਤੇ ਉਸ ਨੂੰ ਗੁੱਸਾ ਵੀ ਆਏਗਾ। ਜਦੋਂ ਉਨ੍ਹਾਂ ਦੇ ਘਰ ਅਸੀਂ ਚਾਹ ਪੀ ਰਹੇ ਸਾਂ ਤਾਂ ਉਹ ਗੁੱਸੇ 'ਚ ਕਈ ਪੀਤੀ ਬੈਠੀ ਸੀ। ਇੰਝ ਲੱਗਦਾ ਸੀ ਕਿ ਉਹ ਆਪਣੇ ਆਪ ਨੂੰ ਮੇਰੇ ਵੱਲੋਂ ਰੱਦ ਕੀਤੇ ਜਾਣ ਲਈ ਤਿਆਰ ਕਰ ਰਹੀ ਸੀ : ਜੇ ਮੈਂ ਤੈਨੂੰ ਪਸੰਦ ਨਹੀਂ ਤਾਂ ਛੱਠੇ ਖੂਹ 'ਚ ਪੈ ਅਤੇ ਕੋਈ ਹੋਰ ਕੁੜੀ ਲੱਭ ਲੈ। ਜੇ ਮੈਂ ਹਾਂ ਕਹਿ ਦਿੰਦਾ ਤਾਂ ਉਹ ਇਹ ਸੋਚ ਸਕਦੀ ਸੀ ਕਿ ਮੈਂ ਉਸ ਦੀ ਸ਼ਕਲ ਸੂਰਤ ਦੀ ਥਾਂ 'ਤੇ ਉਹ ਦੇ ਪਿਤਾ ਦੀ ਦੌਲਤ ਅਤੇ ਰੁਤਬੇ ਕਾਰਨ ਹਾਂ ਕੀਤੀ ਹੈ।

ਪਿਤਾ ਜੀ ਮੇਰੇ ਲਈ ਐਸੇ ਘਰ ਵਿਚ ਸ਼ਾਦੀ ਕਰਨਾ ਚਾਹੁੰਦੇ ਸਨ ਜਿਸ ਨਾਲ ਸਮਾਜ ਵਿਚ ਉਨ੍ਹਾਂ ਦਾ ਖ਼ੁਦ ਦਾ ਰੁਤਬਾ ਉੱਪਰ ਉੱਠਦਾ ਹੋਵੇ। ਲਾਲਾ ਅਚਿੰਤ ਰਾਮ ਚਾਹੁੰਦੇ ਸਨ ਕਿ 'ਅਮਰੀਕਾ ਰਿਟਰਨਡ' ਅਤੇ ਪੜ੍ਹਿਆ ਲਿਖਿਆ ਮੁੰਡਾ ਉਨ੍ਹਾਂ ਦਾ ਜਵਾਈ ਹੋਵੇ। ਉਨ੍ਹਾਂ ਨੇ ਕਾਫੀ ਦੌਲਤ ਅਤੇ ਜਾਇਦਾਦ ਹਾਸਲ ਕੀਤੀ ਹੋਈ ਸੀ। ਇਸ ਨਾਲ ਉਨ੍ਹਾਂ ਦਾ ਸਤਿਕਾਰ ਵਧਣਾ ਸੀ। ਸਾਰਾ ਕੁਝ ਮੇਰੇ ਹਾਂ ਕਹਿਣ 'ਤੇ ਨਿਰਭਰ ਕਰਦਾ ਸੀ।

ਆਖਿਰਕਾਰ ਮੈਂ ਆਪਣੀ ਕਲਪਨਾ ਵਿਚ ਹੀ ਸੋਨੂੰ ਨਾਲ ਸਹਿਵਾਸ ਕਰ ਰਿਹਾ ਸਾਂ। ਉਸ ਨੱਕ ਚੜ੍ਹੀ ਮੇਮ ਸਾਹਬ ਨੂੰ ਆਪਣੀ ਮਨਮਰਜ਼ੀ ਮੁਤਾਬਕ ਹਮਬਿਸਤਰ ਕਰ ਰਿਹਾ ਸਾਂ। ਇਸੇ ਕਲਪਨਾ ਨੇ ਹੀ ਮੈਨੂੰ ਇਹ ਪੇਸ਼ਕਸ਼ ਪ੍ਰਵਾਨ ਕਰਨ ਲਈ ਤਿਆਰ ਕੀਤਾ।

ਅਗਲੇ ਦਿਨ ਮੇਰੇ ਪਿਤਾ ਜੀ ਨੇ ਮੈਨੂੰ ਪੁੱਛਿਆ, ''ਤਾਂ ਪੁੱਤਰ ਤੂੰ ਇਸ ਮਾਮਲੇ ਬਾਰੇ ਕੀ ਸੋਚਿਆ ਹੈ?''

ਮੈਂ ਜਵਾਬ ਦਿੱਤਾ, ''ਹਾਂ ਪਾਪਾ ਮੈਂ ਤਿਆਰ ਹਾਂ। ਪਰ ਮੈਂ ਨਹੀਂ ਸਮਝਦਾ ਕਿ ਇੰਨੇ ਅਮੀਰ ਘਰ ਦੀ ਕਿਸੇ ਕੁੜੀ ਨੂੰ ਆਪਣੇ ਛੋਟੇ ਜਿਹੇ ਫਲੈਟ 'ਚ ਲਿਆਂਦਾ ਜਾਵੇ। ਜੇ ਤੁਸੀਂ ਮੰਨ ਜਾਓ ਤਾਂ ਅਸੀਂ ਇਹ ਫਲੈਟ ਵੇਚ ਦੇਈਏ ਅਤੇ ਕਿਸੇ ਚੰਗੇ ਇਲਾਕੇ ਵਿਚ ਵੱਡਾ ਘਰ ਲੈ ਲਈਏ। ਮੇਰੇ ਕੋਲ ਕਾਫੀ ਸਾਰੇ ਡਾਲਰ ਬਚੇ ਹੋਏ ਹਨ। ਅਸੀਂ ਦੋਵੇਂ ਜਣੇ ਰਲ ਕੇ ਪੈਸੇ ਪਾਈਏ ਤਾਂ ਇਸ ਤੋਂ ਵੱਡਾ ਮਕਾਨ ਖਰੀਦ ਸਕਦੇ ਹਾਂ। ਘੱਟੋ ਘੱਟ ਤਿੰਨ ਸੌਣ ਕਮਰੇ ਅਤੇ ਬਾਥਰੂਮ ਤਾਂ ਹੋਣ : ਇਕ ਤੁਹਾਡੇ ਲਈ, ਇਕ ਸਾਡੇ ਲਈ ਅਤੇ ਇਕ ਮਹਿਮਾਨਾਂ ਲਈ। ਇਕ ਬੈਠਕ, ਨੌਕਰਾਂ ਦੇ ਕਮਰੇ, ਕਾਰ ਦੀ ਗੈਰਿਜ ਅਤੇ ਜੇ ਹੋ ਸਕੇ ਤਾਂ ਛੋਟਾ ਜਿਹਾ ਬਾਗ ਵੀ।''

ਉਨ੍ਹਾਂ ਜਵਾਬ ਦਿੱਤਾ, ''ਇਹ ਗੱਲ ਤਾਂ ਮੈਂ ਸੁਣ ਚੁੱਕਾ ਹਾਂ ਕਿ ਇਸ ਇਲਾਕੇ ਦੇ ਮਕਾਨ ਬਹੁਤ ਮਹਿੰਗੇ ਹੁੰਦੇ ਹਨ। ਮੈਨੂੰ ਨਹੀਂ ਲੱਗਦਾ ਕਿ ਤੇਰੇ ਮਾਂਓ ਤਾਇਆ ਮਨਜ਼ੂਰ ਕਰੂ ਅਸੀਂ ਕਿਸੇ ਚੰਗੇ ਮੁਹੱਲੇ ਵਿੱਚ ਇੰਨਾ ਵੱਡਾ ਮਕਾਨ ਲੈ ਸਕਾਂਗੇ। ਫਿਰ ਵੀ ਮੈਂ ਕਲ੍ਹ ਹੀ ਪ੍ਰਾਪਰਟੀ ਡੀਲਰ ਨਾਲ ਗੱਲ ਕਰਦਾ ਹਾਂ। ਤਾਂ ਫਿਰ ਮੈਂ ਲਾਲਾ ਜੀ ਨੂੰ ਹੱਸ ਦੱਸਾ ਕਿ ਸਾਨੂੰ ਇਹ ਰਿਸ਼ਤਾ ਮਨਜ਼ੂਰ ਹੈ?''

ਮੈਂ ਹਾਂ 'ਚ ਸਿਰ ਹਿਲਾਇਆ।

ਮੈਂ ਦੇਖਿਆ ਕਿ ਮੇਰੇ ਪਿਤਾ ਲਾਲਾ ਅਚਿੰਤ ਰਾਮ ਨੂੰ ਇਹ ਮਧਰ ਉਸੇ ਵੇਲੇ ਹੀ ਦੇਣ ਲਈ ਕਾਹਲੇ ਸਨ ਪਰ ਉਨ੍ਹਾਂ ਆਪਣੇ ਆਪ ਨੂੰ ਕਿਸੇ ਤਰ੍ਹਾਂ ਰੋਕੀ ਰੱਖਿਆ। ਉਨ੍ਹਾਂ ਦੱਸਿਆ ਕਿ ਪਹਿਲਾਂ ਉਹ ਗੁਰਦੁਆਰਾ ਬੰਗਲਾ ਸਾਹਿਬ ਜਾ ਕੇ ਗੁਰੂ ਸਾਹਿਬਾਨ ਦਾ ਆਸ਼ੀਰਵਾਦ ਲੈਣਗੇ ਅਤੇ ਫਿਰ ਸਾਈਂ ਬਾਬਾ ਦੇ ਮੰਦਰ ਜਾਣਗੇ। ਇਸ ਤੋਂ ਬਾਅਦ ਹੀ ਕਿਸੇ ਨਾਲ ਗੱਲ ਕਰਨਗੇ। ਉਹ ਕਈ ਘੰਟੇ ਘਰ ਤੋਂ ਬਾਹਰ ਰਹੇ ਅਤੇ ਜਦੋਂ ਵਾਪਸ ਪਰਤੇ ਤਾਂ ਦੋਹਾਂ ਥਾਵਾਂ ਦੇ ਪ੍ਰਸ਼ਾਦ ਉਨ੍ਹਾਂ ਦੇ ਹੱਥਾਂ ਵਿਚ ਸਨ। ਉਨ੍ਹਾਂ ਮੈਨੂੰ ਇਹ ਪ੍ਰਸ਼ਾਦ ਖਾਣ ਦਾ ਹੁਕਮ ਦਿੱਤਾ। ਇਸ ਤੋਂ ਬਾਅਦ ਉਨ੍ਹਾ ਟੈਲੀਫੋਨ ਚੁੱਕਿਆ ਅਤੇ ਲਾਲਾ ਅਚਿੰਤ ਰਾਮ ਨੂੰ ਨੰਬਰ ਘੁੰਮਾਇਆ ਅਤੇ ਕਹਿਣ ਲੱਗੇ, ''ਰਾਏ ਬਹਾਦਰ ਜੀ ਮੇਰੇ ਪੁੱਤਰ ਅਤੇ ਮੈਨੂੰ ਰਿਸ਼ਤਾ ਮਨਜ਼ੂਰ ਹੈ। ਸਾਨੂੰ ਲੱਗਦਾ ਹੈ ਕਿ ਮੇਰੇ ਪੁੱਤਰ ਅਤੇ ਸੋਨੂੰ ਦੀ ਜੋੜੀ ਬੜੀ ਚੰਗੀ ਰਹੇਗੀ। ਤੁਹਾਨੂੰ ਅਤੇ ਭਾਬੀ ਜੀ ਨੂੰ ਲੱਖ ਲੱਖ ਵਧਾਈ ਹੋਵੇ।''

ਰਾਏ ਬਹਾਦਰ ਨੇ ਆਪਣੀ ਪਤਨੀ ਨੂੰ ਦੱਸਿਆ। ਉਹ ਵੀ ਟੈਲੀਫੋਨ ਸੁਣਨ ਆ ਗਈ। ਮੇਰੇ ਪਿਤਾ ਜੀ ਨੇ ਉਸ ਕੋਲ ਵੀ ਇਹੀ ਸ਼ਬਦ ਦੁਹਰਾਏ, ''ਅਤੇ ਭਾਬੀ ਜੀ ਅਸੀਂ ਇਕ ਚੰਗੇ ਪਰਿਵਾਰ ਦੀ ਧੀ ਲਈ ਇਕ ਵੱਡਾ ਮਕਾਨ ਵੀ ਲੱਭ ਰਹੇ ਹਾਂ। ਸਾਡਾ ਫਲੈਟ ਉਹਦੇ ਯੋਗ ਨਹੀਂ ਹੈ। ਅਸੀਂ ਛੇਤੀ ਹੀ ਵੱਡਾ ਮਕਾਨ ਲੱਭ ਲਵਾਂਗੇ।'' ਉਹਦੀ ਪਤਨੀ ਨੇ ਫੋਨ ਮੁੜ ਕੇ ਲਾਲਾ ਜੀ ਨੂੰ ਫੜਾ ਦਿੱਤਾ। ਮੇਰੇ ਪਿਤਾ ਨੇ ਉਸ ਨੂੰ ਵੀ ਦੱਸਿਆ ਕਿ ਅਸੀਂ ਕੋਈ ਚੰਗਾ ਮਕਾਨ ਲੱਭ ਰਹੇ ਹਾਂ ਅਤੇ ਨਾਲ ਹੀ ਇਹ ਵੀ ਦੱਸਿਆ ਕਿ ਸਾਡੇ ਕੋਲ ਮਕਾਨ ਖਰੀਦਣ ਜੋਗੇ ਪੈਸੇ ਹਨ। ''ਇਹ ਗੱਲ ਤਾਂ ਪੱਕੀ ਹੈ ਰਾਏ ਬਹਾਦਰ ਜੀ, ਜੇ ਮਦਦ ਦੀ ਲੋੜ ਪਈ ਤਾਂ ਅਸੀਂ ਕਿਸ ਤੋਂ ਮੰਗਾਂਗੇ? ਪਰ ਹਾਲ ਦੀ ਘੜੀ ਤਾਂ ਸਾਰਾ ਕੁਛ ਠੀਕ ਠਾਕ ਹੈ। ਮੈਂ ਪ੍ਰਾਪਰਟੀ ਡੀਲਰ ਨਾਲ ਸੰਪਕਰ ਕਰ ਰਿਹਾ ਹਾਂ...।'' ਉਹ ਲਗਾਤਾਰ ਗੱਲਾਂ ਕਰੀ ਜਾ ਰਹੇ ਸਨ। ਉਨ੍ਹਾਂ ਟੈਲੀਫੋਨ ਦੇ ਮਾਊਥ ਪੀਸ 'ਤੇ ਹੱਥ ਰੱਖਿਆ ਤੇ ਮੈਨੂੰ ਕਹਿਣ ਲੱਗੇ, ''ਉਹ ਆਪਣੀ ਪਤਨੀ ਨੂੰ ਕੁਝ ਕਹਿ ਰਹੇ ਹਨ।'' ਅਚਿੰਤ ਰਾਮ ਨੇ ਫਿਰ ਟੈਲੀਫੋਨ 'ਤੇ ਗੱਲ ਕਰਨੀ ਸ਼ੁਰੂ ਕੀਤੀ ਤਾਂ ਮੇਰੇ ਪਿਤਾ ਨੇ ਕਿਹਾ, ''ਉਹ ਸ਼ਗਨ! ਤੁਸੀਂ ਆਪਣੇ ਜੋਤਸ਼ੀ ਨਾਲ ਗੱਲ ਕਰਕੇ ਸਮਾਂ ਅਤੇ ਦਿਨ ਨਿਸ਼ਚਤ ਕਰ ਲਵੋ। ਸਾਨੂੰ ਸੋਨੂੰ ਲਈ ਸਮਾਨ ਤਿਆਰ ਕਰਨ ਲਈ ਹਫਤਾ ਦਸ ਦਿਨ ਦੇ ਦਿਓ। ਇਹ ਵੀ ਹੋ ਸਕਦਾ ਹੈ ਕਿ ਅਸੀਂ ਇਕੋ ਹੀ ਜੋਤਸ਼ੀ ਤੋਂ

ਮੋਹਨ ਅਤੇ ਸੋਨੂੰ ਦੀਆਂ ਕੁੰਡਲੀਆਂ ਦੀ ਜਾਂਚ ਕਰਾ ਲਈਏ। ਮੈਨੂੰ ਪੱਕਾ ਲੱਗਦਾ ਹੈ ਕਿ ਇਹ ਮੈਚਜ਼ ਮਿਲ ਜਾਏਗਾ।''

ਇਕ ਐਸੇ ਸੰਸਾਰ, ਜਿੱਥੇ ਮਰਦ ਅਤੇ ਔਰਤਾਂ ਆਪਣੀ ਮਰਜ਼ੀ ਨਾਲ ਹਮਬਿਸਤਰ ਹੁੰਦੇ ਸਨ, ਤੋਂ ਅਚਨਚੇਤ ਹੀ ਮੈਂ ਇਕ ਐਸੇ ਸੰਸਾਰ 'ਚ ਆ ਗਿਆ ਸਾਂ ਜਿੱਥੇ ਉਨ੍ਹਾਂ ਨੂੰ ਗੰਢੜੇ ਲਾਹੁਣ ਤੋਂ ਪਹਿਲਾਂ ਜੋਤਸ਼ੀਆਂ ਅਤੇ ਸੰਤਾਂ ਮਹਾਤਮਾਵਾਂ ਦੀ ਅਗਵਾਈ ਲੈਣੀ ਪੈਂਦੀ ਸੀ। ਮੈਂ ਸੋਚਿਆ ਕਿ ਜੋ ਵੀ ਪਿਤਾ ਜੀ ਕਰਨਗੇ ਮੈਂ ਉਸ ਨਾਲ ਸਹਿਮਤ ਹੁੰਦਾ ਜਾਵਾਂਗਾ। ਖ਼ਬਰੇ ਮੈਨੂੰ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ ਪਰ ਮੈਂ ਜ਼ਿੰਦਗੀ ਵਿਚ ਵਿਰੋਧ ਅਤੇ ਬੇਲੋੜੀਆਂ ਗੁੰਝਲਾਂ ਪਾਉਣ ਤੋਂ ਡਰਦਾ ਹਾਂ। ਪਿਤਾ ਜੀ ਅਤੇ ਰਾਏ ਬਹਾਦਰ ਜੋ ਚਾਹੁਣ ਕਰ ਲੈਣ। ਮੇਰੇ ਲਈ ਤਾਂ ਇਸ ਗੱਲ ਦੀ ਮਹੱਤਤਾ ਸੀ ਕਿ ਸੋਨੂੰ ਨਾਲ ਸੁੱਤਾ ਜਾ ਸਕਦਾ ਸੀ। ਇਸ ਗੱਲ ਦੀ ਨਹੀਂ ਕਿ ਸ਼ਾਦੀ ਕਿਵੇਂ ਕੀਤੀ ਜਾਂਦੀ ਹੈ।

ਨਵਾਂ ਮਕਾਨ ਲੱਭਣ ਦਾ ਕੰਮ ਕਾਫੀ ਔਖਾ ਸਾਬਤ ਹੋਇਆ। ਮੈਨੂੰ ਇਹ ਪਤਾ ਹੀ ਨਹੀਂ ਸੀ ਕਿ ਦਿੱਲੀ 'ਚ ਮਕਾਨਾਂ ਦੇ ਭਾਅ ਕਿੰਨੇ ਵੱਧ ਗਏ ਹਨ। ਪਿਤਾ ਜੀ ਠੀਕ ਸਨ। ਆਪਣਾ ਫਲੈਟ ਵੇਚਣ ਅਤੇ ਬਚਾਏ ਹੋਏ ਸਾਰੇ ਡਾਲਰ ਖਰਚਣ ਦੇ ਬਾਵਜੂਦ ਸਾਡੇ ਕੋਲ ਉਨੇ ਪੈਸੇ ਨਹੀਂ ਸਨ ਬਣਦੇ ਕਿ ਅਸੀਂ ਆਪਣੀ ਮਰਜ਼ੀ ਦਾ ਮਕਾਨ ਖਰੀਦ ਸਕੀਏ। ਇਸ ਤੋਂ ਬਿਨਾ ਹਰੇਕ ਵਿਕਰੇਤਾ ਅੱਧੀ ਤੋਂ ਵੱਧ ਰਕਮ ਨਕਦ ਮੰਗਦਾ ਸੀ। ਜਿਹੜੀ ਕਿ ਕਾਗਜ਼ਾਂ ਵਿਚ ਨਹੀਂ ਸੀ ਦਿਖਾਈ ਜਾਣੀ। ਮੇਰੇ ਪਿਤਾ ਜਾਂ ਮੇਰੇ ਕੋਲ ਕਾਲਾ ਧੰਨ ਨਹੀਂ ਸੀ। ਲਾਲਾ ਅਚਿੰਤ ਰਾਮ ਨੇ ਪਹਿਲਾਂ ਸਾਨੂੰ ਇਸ ਮਾਮਲੇ 'ਚ ਪੂਰੀ ਵਾਹ ਲਾ ਲੈਣ ਦਿੱਤੀ। ਉਹ ਬੜੀ ਚੁਸਤੀ ਨਾਲ ਉਸ ਦਿਨ ਦੀ ਉਡੀਕ ਕਰਦਾ ਰਿਹਾ ਜਦੋਂ ਮੇਰੇ ਪਿਤਾ ਆਖਿਰਕਾਰ ਥੱਕ ਗਏ ਅਤੇ ਲਾਲਾ ਜੀ ਨੂੰ ਇਹ ਕਹਿਣ ਲੱਗੇ ਕਿ ਉਨ੍ਹਾਂ ਦੀ ਧੀ ਨੂੰ ਆਖਿਰਕਾਰ ਸ਼ਾਦੀ ਤੋਂ ਸਾਹ ਆਇਆ। ਉਨ੍ਹਾਂ ਮਹਾਰਾਣੀ ਬਾਗ 'ਚ ਆਪਣੀ ਧੀ ਅਤੇ ਮੇਰੇ ਨਾਂ ਤਿੰਨ ਸੌਣ-ਕਮਰਿਆਂ ਦਾ ਇਕ ਫਲੈਟ ਖਰੀਦ ਦਿੱਤਾ। ਇੱਥੇ ਵੀ ਮੇਰੇ ਪਿਤਾ ਨੇ ਜ਼ੋਰ ਪਾਇਆ ਅਤੇ ਮੈਂ ਉਨ੍ਹਾਂ ਦੀ ਗੱਲ ਮੰਨ ਕੇ ਇਸ ਫਲੈਟ ਬਾਰੇ ਸਹਿਮਤੀ ਭਰ ਦਿੱਤੀ। ਹਾਲਾਂਕਿ ਈਮਾਨਦਾਰੀ ਦੀ ਗੱਲ ਇਹ ਹੈ ਕਿ ਡੀ ਡੀ ਏ ਦੇ ਨਿੱਕੇ ਜਿਹੇ ਫਲੈਟ ਤੋਂ ਨਿਕਲ ਕੇ ਮੈਂ ਬੜਾ ਖੁਸ਼ ਮਹਿਸੂਸ ਕਰ ਰਿਹਾ ਸਾਂ। ਤਇਕ ਵਾਰ ਫੇਰ ਜੋਤਸ਼ੀ ਨਾਲ ਸਲਾਹ ਕੀਤੀ ਗਈ। ਮੰਦਰਾਂ ਅਤੇ ਗੁਰਦੁਆਰਿਆਂ 'ਚ ਅਰਦਾਸਾਂ ਕੀਤੀਆਂ ਗਈਆਂ ਅਤੇ ਫੇਰ ਸਾਡੇ ਮਕਾਨ ਬਦਲਣ ਦੀ ਤਾਰੀਕ ਮਿੱਥੀ ਗਈ। ਮਿੱਥੇ ਦਿਨ ਅਸੀਂ ਸਵੇਰ ਵੇਲੇ ਆਪਣਾ ਫਰਨੀਚਰ ਅਤੇ ਹੋਰ ਸਮਾਨ ਟਰੱਕਾਂ ਵਿਚ ਲੱਦਣ ਲਈ ਮਜ਼ਦੂਰਾਂ ਦੀ ਮਦਦ ਕਰਦੇ ਰਹੇ। ਮੇਰੇ ਪਿਤਾ ਨੇ ਪੁਰਾਣੇ ਮਕਾਨ ਦੇ ਸਾਰੇ ਸਮਾਨ ਦੀ ਪੈਕਿੰਗ ਆਪਣੀ ਨਿਗਰਾਨੀ ਹੇਠ ਕਰਵਾਈ। ਮੈਂ ਨਵੇਂ ਮਕਾਨ ਵਿਚ ਜਾ ਕੇ ਸਮਾਨ ਦੀ ਉਡੀਕ ਕਰਦਾ ਰਿਹਾ। ਸਾਥੋਂ ਪਹਿਲਾਂ ਇਹ ਮਕਾਨ ਕਿਸੇ ਵਿਧਵਾ ਦੇ ਕੋਲ ਸੀ। ਉਸ ਨੇ ਇਸ ਮਕਾਨ ਦੀ ਚੰਗੀ ਸੰਭਾਲ ਕੀਤੀ। ਉਸ ਨੇ ਦਰੀਆਂ, ਸੋਫੇ, ਮੇਜ਼

ਅਤੇ ਕੁਰਸੀਆਂ ਰੱਖਣ 'ਚ ਮੇਰੀ ਮਦਦ ਕੀਤੀ। ਜਦੋਂ ਤੱਕ ਮੇਰੇ ਪਿਤਾ ਆਖਰੀ ਟਰੱਕ ਵਿਚ ਲਿੱਕਾ ਮੋਟਾ ਸਮਾਨ ਲੈ ਕੇ ਆਏ ਉਦੋਂ ਤੱਕ ਨਵਾਂ ਮਕਾਨ ਰਹਿਣ ਜੋਗਾ ਹੋ ਗਿਆ ਸੀ। ਉਨ੍ਹਾਂ ਦੇ ਨਾਲ ਇਕ ਸਿੱਖ ਗ੍ਰੰਥੀ ਅਤੇ ਇਕ ਹਿੰਦੂ ਪੁਜਾਰੀ ਵੀ ਸੀ। ਦਾੜੀ ਵਾਲੇ ਗ੍ਰੰਥੀ ਨੇ ਛੋਟੀ ਜਿਹੀ ਅਰਦਾਸ ਕੀਤੀ ਅਤੇ ਪੰਡਤ ਨੇ ਸੰਸਕ੍ਰਿਤ 'ਚ ਸਲੋਕ ਪੜ੍ਹੇ। ਅਸੀਂ ਟਰੱਕ ਡਰਾਈਵਰਾਂ ਅਤੇ ਮਜ਼ਦੂਰਾਂ ਸਮੇਤ ਉੱਥੇ ਹਾਜ਼ਰ ਸਭ ਲੋਕਾਂ ਨੂੰ ਕੜਾਹ ਵਰਤਾਇਆ।

ਨਵੀਂ ਰਿਹਾਇਸ਼ ਵਿਚ ਆਰਾਮ ਨਾਲ ਰਹਿਣ ਤੋਂ ਪਹਿਲਾਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਕਰਨੀਆਂ ਰਹਿੰਦੀਆਂ ਸਨ। ਪੁਰਾਣੇ ਮਕਾਨ ਤੋਂ ਬਦਲ ਕੇ ਟੈਲੀਫੋਨ ਨਵੇਂ ਮਕਾਨ 'ਚ ਲਿਆਉਣਾ ਸੀ। ਬਿਜਲੀ ਅਤੇ ਪਾਣੀ ਦੇ ਬਿੱਲ ਅਸਾਂ ਅਦਾ ਕਰਨੇ ਸਨ ਅਤੇ ਇਸ ਤੋਂ ਬਿਨਾਂ ਹੋਰ ਵੀ ਕਈ ਕੰਮ ਸਨ। ਪਿਤਾ ਜੀ ਨੂੰ ਪਤਾ ਸੀ ਕਿ ਇਹ ਸਾਰੇ ਕੰਮ ਕਿਵੇਂ ਕਰਨੇ ਹਨ। ਉਨ੍ਹਾਂ ਲਾਈਨ ਮੈਨਾਂ ਅਤੇ ਮੀਟਰ ਰੀਡਰਾਂ ਨੂੰ ਉਨ੍ਹਾਂ ਦੀ ਆਸ ਨਾਲੋਂ ਵੱਧ ਪੈਸੇ ਦੇ ਦਿੱਤੇ ਅਤੇ ਉਨ੍ਹਾਂ ਸਾਰਾ ਕੰਮ ਆਪਣੇ ਆਪ ਕਰ ਦਿੱਤਾ।

ਸ਼ਗਨ ਲਈ ਦਿਨ ਅਤੇ ਸਮਾਂ ਮਿੱਥਿਆ ਗਿਆ। ਇਸ ਦਿਨ ਅਸੀਂ ਦੋਵੇਂ ਪਿਓ ਪੁੱਤਰਾਂ ਨੇ ਮਿੱਥੇ ਸਮੇਂ 'ਤੇ ਉਨ੍ਹਾਂ ਦੇ ਪਰਿਵਾਰ ਲਈ ਤੋਹਫੇ ਲੈ ਕੇ ਰਾਏ ਬਹਾਦਰ ਲਾਲਾ ਅਚਿੰਤ ਰਾਮ ਦੇ ਘਰ ਜਾਣਾ ਸੀ। ਸੋਨੂੰ ਅਤੇ ਮੈਂ ਆਪਸ ਵਿਚ ਇਕ ਦੂਜੇ ਨੂੰ ਮੁੰਦੀਆਂ ਪਾਉਣੀਆਂ ਸਨ। ਇਸ ਤੋਂ ਬਾਅਦ ਮੈਨੂੰ ਉਨ੍ਹਾਂ ਦੇ ਘਰ ਉਸ ਨੂੰ ਮਿਲਣ ਦੀ ਇਜਾਜ਼ਤ ਮਿਲ ਜਾਣੀ ਸੀ। ਵਿਆਹ ਦੀ ਤਰੀਕ ਆਪਸੀ ਸਹਿਮਤੀ ਨਾਲ ਮਿੱਥੀ ਜਾਣੀ ਸੀ। ਇਹ ਫੈਸਲਾ ਵੀ ਬਾਅਦ 'ਚ ਹੀ ਕਰਨਾ ਸੀ ਕਿ ਬਰਾਤ ਵਿਚ ਕਿੰਨੇ ਲੋਕ ਆਉਣ ਅਤੇ ਰਿਸੈਪਸ਼ਨ ਵਿਚ ਕਿਸ ਕਿਸ ਨੂੰ ਸੱਦਿਆ ਜਾਏ।

ਜਦੋਂ ਮੈਂ ਸ਼ਗਨ ਲਈ ਆਪਣੇ ਪਿਤਾ ਦੇ ਨਾਲ ਗਿਆ ਤਾਂ ਸੋਨੂੰ ਬਦਲੀ ਹੋਈ ਸੀ। ਉਹ ਬੜੀ ਖ਼ੁਸ਼ ਲੱਗ ਰਹੀ ਸੀ ਜਿਵੇਂ ਉਹ ਨੇ ਆਪਣੀ ਜ਼ਿੰਦਗੀ ਦਾ ਕੋਈ ਬਹੁਤ ਅਹਿਮ ਇਮਤਿਹਾਨ ਸਫਲਤਾ ਨਾਲ ਪਾਸ ਕਰ ਲਿਆ ਹੋਵੇ। ਪਿਤਾ ਜੀ ਨੇ ਰਾਏ ਬਹਾਦਰ ਲਈ ਸੂਟ ਦਾ ਕੱਪੜਾ, ਉਨ੍ਹਾਂ ਦੀ ਪਤਨੀ ਲਈ ਸਾੜ੍ਹੀ, ਸੋਨੂੰ ਦੀ ਸਲਵਾਰ-ਕਮੀਜ਼ ਲਈ ਸਿਲਕ ਦਾ ਕੱਪੜਾ ਅਤੇ ਨਾਲ ਹੀ ਸੋਨੇ ਦਾ ਉਹ ਹਾਰ ਲਿਆਂਦਾ ਸੀ ਜਿਹੜਾ ਕਦੇ ਮੇਰੀ ਮਾਂ ਪਾਇਆ ਕਰਦੀ ਸੀ। ਰਾਏ ਬਹਾਦਰ ਦੇ ਪੁੱਤਰਾਂ ਲਈ ਸੂਟ ਤੇ ਕੱਪੜੇ ਸਨ। ਮੈਂ ਆਪਣੀ ਜੇਬ ਵਿਚ ਸੋਨੇ ਦੀ ਮੁੰਦਰੀ ਪਾਈ ਹੋਈ ਸੀ। ਮੈਂ ਪਹਿਲਾਂ ਸੋਨੂੰ ਦੇ ਮਾਪਿਆਂ ਦੇ ਪੈਰੀਂ ਹੱਥ ਲਾਏ ਅਤੇ ਉਸ ਦੇ ਭਰਾਵਾਂ ਨਾਲ ਹੱਥ ਮਿਲਾਏ। ਇਸ 'ਤੇ ਸੋਨੂੰ ਸ਼ਰਾਰਤ ਨਾਲ ਕਹਿਣ ਲੱਗੀ, ''ਕੀ ਤੁਸੀਂ ਮੇਰੇ ਨਾਲ ਹੱਥ ਨਹੀਂ ਮਿਲਾਓਗੇ?'' ਮੈਂ ਉਸ ਨਾਲ ਹੱਥ ਮਿਲਾਇਆ, ਉਸ ਦੇ ਮੋਢਿਆਂ ਤੋਂ ਦੀ ਆਪਣੀ ਬਾਂਹ ਵਲੀ ਅਤੇ ਉਹਨੂੰ ਜੱਫੀ ਪਾਈ। ਉਹ ਸ਼ਰਮਾ ਗਈ। ਉਸ ਦੀ ਮਾਂ ਕਹਿਣ ਲੱਗੀ, ''ਕਿੰਨੀ ਸੋਹਣੀ ਜੋੜੀ ਹੈ! ਰੱਬ ਕਰੇ ਤੁਹਾਡੀ ਲੰਮੀਆਂ ਉਮਰਾਂ ਹੋਣ ਅਤੇ ਸੱਤ ਪੁੱਤਰ ਜੰਮਣ!''

ਸੋਨੂੰ ਦਾ ਚਿਹਰਾ ਸ਼ਰਮ ਨਾਲ ਲਾਲ ਹੋ ਗਿਆ। ਉਹ ਕਹਿਣ ਲੱਗੀ, ''ਬਸ ਕਰੋ ਮੰਮੀ। ਅੱਜ ਕੱਲ੍ਹ ਦੋ ਬੱਚਿਆਂ ਤੋਂ ਵੱਧ ਦੀ ਇਜਾਜ਼ਤ ਨਹੀਂ ਹੈ।''

ਇਹ ਦਿਨ ਕਾਫੀ ਖ਼ੁਸ਼ਗਵਾਰ ਸੀ। ਮੈਂ ਤੇ ਸੋਨੂੰ ਇਕੋ ਸੋਫੇ 'ਤੇ ਬੈਠ ਗਏ। ਮੈਂ ਆਪਣੀ ਜੇਬ 'ਚੋਂ ਸੋਨੇ ਦੀ ਮੁੰਦਰੀ ਕੱਢੀ ਅਤੇ ਉਸ ਦੀ ਉਂਗਲੀ 'ਚ ਪਾ ਦਿੱਤੀ। ਪਿਤਾ ਜੀ ਨੇ ਸੋਨੇ ਦਾ ਹਾਰ ਉਸ ਦੇ ਗਲ਼ ਵਿਚ ਪਾਇਆ। ਸੋਨੂੰ ਦੀ ਮਾਂ ਨੇ ਉਹਨੂੰ ਹੀਰੇ ਦੀ ਇਕ ਮੁੰਦੀ ਫੜਾਈ। ਉਹਨੇ ਮੇਰਾ ਖੱਬਾ ਹੱਥ ਫੜਿਆ ਤੇ ਇਹ ਮੁੰਦਰੀ ਮੇਰੀ ਉਂਗਲ 'ਤੇ ਪਾ ਦਿੱਤੀ। ਫਿਰ ਉਨ੍ਹਾਂ ਵੀ ਸਾਨੂੰ ਤੋਹਫੇ ਦਿੱਤੇ : ਮੇਰੇ ਪਿਤਾ ਲਈ ਕੁਝ ਸੂਟ, ਮੇਰੇ ਲਈ ਇਕ ਸੂਟ ਤੇ ਇਕ ਸੋਨੇ ਦੀ ਘੜੀ। ਪਿਤਾ ਜੀ ਨੇ ਆਪਣੇ ਵੱਲੋਂ ਲਿਆਂਦੇ ਹੋਏ ਤੋਹਫੇ ਉਨ੍ਹਾਂ ਨੂੰ ਦਿੱਤੇ। ਇਸ ਤੋਂ ਬਾਅਦ ਫਿਰ ਜੱਫੀਆਂ ਪਾਉਣ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਚਾਹ ਵਰਤਾਈ ਗਈ। ਸੋਨੂੰ ਨੇ ਮੇਰੇ ਲਈ ਤੇ ਪਿਤਾ ਜੀ ਲਈ ਚਾਹ ਕੱਪਾਂ ਵਿਚ ਪਾਈ। ਉਹ ਮੇਰੇ ਪਿਤਾ ਨੂੰ 'ਪਿਤਾ ਜੀ' ਕਹਿ ਕੇ ਬੁਲਾਉਂਦੀ ਸੀ ਅਤੇ ਮੈਨੂੰ 'ਮੋਹਣ ਜੀ' ਕਹਿ ਕੇ। ਉਹ ਕਹਿਣ ਲੱਗੀ, ''ਅਮਰੀਕਾ 'ਚ ਆਪਣੇ ਕਾਲਜ ਦੇ ਦਿਨਾਂ ਬਾਰੇ ਮੈਨੂੰ ਦੱਸੋ।'' ਮੈਂ ਜਵਾਬ ਦਿੱਤਾ, ''ਅੱਜ ਸ਼ਾਮ ਬਾਹਰ ਮੇਰੇ ਨਾਲ ਘੁੰਮਣ ਚੱਲ ਤੇ ਮੈਂ ਤੈਨੂੰ ਸਭ ਕੁਝ ਦੱਸ ਦਿਆਂਗਾ।'' ਇਸ 'ਤੇ ਉਸ ਦੀ ਮਾਂ ਨੇ ਕਿਹਾ, ''ਤੇਰਾ ਜਦੋਂ ਜੀਅ ਚਾਹੇ ਸੋਨੂੰ ਨਾਲ ਗੱਲਾਂ ਕਰਨ। ਇੱਥੇ ਆ ਜਾਇਆ ਕਰ। ਅਸੀਂ ਤੁਹਾਨੂੰ ਕੱਠਿਆਂ ਨੂੰ ਬਾਹਰ ਨਹੀਂ ਭੇਜ ਸਕਦੇ, ਲੋਕ ਗੱਲਾਂ ਕਰਨਗੇ।''

ਰਸਮ ਮੁਕੰਮਲ ਹੋਣ ਤੋਂ ਬਾਅਦ ਸਾਨੂੰ ਰਾਏ ਬਹਾਦਰ ਦੀ ਟੋਯੋਟਾ ਕਾਰ 'ਚ ਵਾਪਸ ਭੇਜਿਆ ਗਿਆ। ਮੇਰੇ ਪਿਤਾ ਹਾਲੇ ਵੀ ਸੱਤਵੇਂ ਅਸਮਾਨ 'ਤੇ ਸਨ। ਉਹ ਕਹਿਣ ਲੱਗੇ, ''ਅਸੀਂ ਖ਼ੁਸ਼ਕਿਸਮਤ ਹਾਂ ਕਿ ਇੰਨਾ ਵਧੀਆ ਰਿਸ਼ਤਾ ਮਿਲਿਆ ਹੈ। ਹੁਣ ਤੇਰਾ ਭਵਿੱਖ ਸੁਰੱਖਿਅਤ ਹੈ।'' ਮੈਂ ਉਨ੍ਹਾਂ ਨੂੰ ਧੂਹ ਕੇ ਜ਼ਮੀਨ 'ਤੇ ਲਿਆਂਦਾ, ''ਪਾਪਾ ਮੈਂ ਸੋਨੂੰ ਦੀ ਦੌਲਤ 'ਤੇ ਜ਼ਿੰਦਗੀ ਨਹੀਂ ਬਸਰ ਕਰਾਂਗਾ। ਤੁਸੀਂ ਪਹਿਲਾਂ ਹੀ ਮੈਨੂੰ ਉਨ੍ਹਾਂ ਵੱਲੋਂ ਖਰੀਦਿਆ ਮਕਾਨ ਪ੍ਰਵਾਨ ਕਰਨ ਲਈ ਮਨਾ ਲਿਆ ਹੈ। ਮੈਂ ਆਪਣੇ ਸਹੁਰਿਆਂ ਨੂੰ ਆਪਣੇ 'ਤੇ ਹੋਰ ਭਾਰ ਨਹੀਂ ਪਾਉਣ ਦਿਆਂਗਾ। ਮੇਰਾ ਘਰ ਜੁਆਈ ਬਣਨ ਦਾ ਕੋਈ ਇਰਾਦਾ ਨਹੀਂ। ਮੈਂ ਆਪਣਾ ਕਾਰੋਬਾਰ ਖੋਲ੍ਹਾਂਗਾ ਅਤੇ ਆਪਣੀ ਕਮਾਈ ਆਪ ਕਰਾਂਗਾ।''

ਮੇਰੇ ਭਵਿੱਖ ਦਾ ਮਾਮਲਾ ਰਾਏ ਬਹਾਦਰ ਦੇ ਮਨ ਵਿਚ ਵੀ ਸੀ। ਅਗਲੇ ਦਿਨ ਜਦੋਂ ਮੈਂ ਸੋਨੂੰ ਨਾਲ ਕੁਝ ਸਮਾਂ ਬਿਤਾਉਣ ਲਈ ਉਨ੍ਹਾਂ ਦੇ ਘਰ ਗਿਆ ਤਾਂ ਉਹ ਮੈਨੂੰ ਬਾਗ ਵਿਚ ਲੈ ਗਏ ਅਤੇ ਪੁੱਛਣ ਲੱਗੇ, ''ਪੁੱਤਰ ਹੁਣ ਤੂੰ ਕਰਨਾ ਕੀ ਚਾਹੁੰਦਾਂ?''

ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਜਾਂ ਤਾਂ ਕੋਈ ਚੱਲਦਾ ਕੰਮ ਹੀ ਖਰੀਦਣ ਦੀ ਸੋਚ ਰਿਹਾ ਹਾਂ ਜਾਂ ਫਿਰ ਕੋਈ ਆਪਣਾ ਨਵਾਂ ਕੰਮ ਸ਼ੁਰੂ ਕਰਾਂਗਾ। ਮੈਂ ਆਪਣਾ ਦਫਤਰ ਖੋਲ੍ਹਣ ਲਈ ਕਿਸੇ ਥਾਂ ਦੀ ਭਾਲ ਕਰ ਰਿਹਾ ਸਾਂ। ਉਹ ਪੁੱਛਣ ਲੱਗੇ, ''ਕਿਸ ਤਰ੍ਹਾਂ ਦਾ ਕਾਰੋਬਾਰ? ਮੇਰੇ ਬਹੁਤ ਸਾਰੇ ਕਾਰੋਬਾਰ ਚੱਲ ਰਹੇ ਹਨ। ਉਨ੍ਹਾਂ ਵਿਚੋਂ ਕੋਈ ਵੀ ਕੰਮ ਸੰਭਾਲ ਲੈ। ਸਾਰਾ

ਕੰਮ. ਸਣੇ ਦਫਤਰ ਅਤੇ ਸਟਾਫ ਦੇ, ਤੇਰੇ ਹਵਾਲੇ ਕਰ ਦਿਆਂਗਾ।''

ਮੈਂ ਜਵਾਬ ਦਿੱਤਾ, ''ਪਿਤਾ ਜੀ ਜੇ ਤੁਸੀਂ ਬੁਰਾ ਨਾ ਮਨਾਓ ਤਾਂ ਮੈਂ ਆਪਣਾ ਵੱਖਰਾ ਕਾਰੋਬਾਰ ਸ਼ੁਰੂ ਕਰਨਾ ਚਾਹੁੰਦਾ ਹਾਂ। ਜਾਂ ਤਾਂ ਇੰਪੋਰਟ ਐਕਸਪੋਰਟ ਦਾ, ਕਾਰਾਂ ਦੇ ਪੁਰਜ਼ੇ ਬਣਾਉਣ ਦਾ। ਮੈਂ ਕੰਪਿਊਟਰ ਦਾ ਮਾਹਰ ਹਾਂ। ਮੈਂ ਖਾਤੇ ਅਤੇ ਸਟਾਫ ਦਾ ਇੰਤਜ਼ਾਮ ਕਰ ਸਕਦਾ ਹਾਂ। ਮੈਂ ਸਭ ਕੰਮ ਕਰ ਸਕਦਾ ਹਾਂ।'' ਮੇਰੇ ਸਵੈ ਵਿਸ਼ਵਾਸ ਤੋਂ ਉਹ ਬਹੁਤ ਖੁਸ਼ ਹੋਏ। ਫਿਰ ਵੀ ਆਖਰਕਾਰ ਉਨ੍ਹਾਂ ਰਾਹੀਂ ਹੀ ਮੈਂ ਉਨ੍ਹਾਂ ਔਰਤਾਂ ਨਾਲ ਸੰਪਰਕ ਬਣਾ ਸਕਿਆ ਜਿਹੜੀਆਂ ਬਹੁਤ ਛੋਟੇ ਪੱਧਰ 'ਤੇ ਤਿਆਰ ਕੱਪੜਿਆਂ ਨੂੰ ਵਿਦੇਸ਼ ਭੇਜਣ ਦਾ ਕਾਰੋਬਾਰ ਚਲਾ ਰਹੀਆਂ ਸਨ। ਇਸ ਕਾਰੋਬਾਰ ਵਿਚ ਉਨ੍ਹਾਂ ਦੀ ਨੂੰ ਪੈਸਾ ਘੱਟ ਮਿਲਦਾ ਸੀ ਤੇ ਸਿਰਦਰਦੀ ਬਹੁਤੀ ਸੀ। ਉਹ ਮੈਨੂੰ ਆਪਣਾ ਸਮਾਨ ਵੇਚਣ ਲਈ ਤਿਆਰ ਹੋ ਗਈਆਂ। ਇਨ੍ਹਾਂ 'ਚੋਂ ਬਹੁਤਾ ਕੂੜ ਕਬਾੜ ਹੀ ਸੀ ਅਤੇ ਨਾਲ ਹੀ ਉਨ੍ਹਾਂ ਗੁੱਡਵਿਲ ਜਿਹੜੀ ਕਿ ਕਬਾੜ ਨਾਲੋਂ ਵੀ ਮਾੜੀ ਸੀ। ਉਹ ਮੈਨੂੰ ਵਿਦੇਸ਼ਾਂ ਦੇ ਗਾਹਕਾਂ ਦੀ ਸੂਚੀ ਦੇਣ ਲਈ ਵੀ ਤਿਆਰ ਸਨ। ਮੈਂ ਉਨ੍ਹਾਂ ਨਾਲ ਸੌਦਾ ਕਰ ਲਿਆ। ਰਾਏ ਬਹਾਦਰ ਦੇ ਰਸੂਖ ਨਾਲ ਹੀ ਮੈਂ ਨਹਿਰੂ ਪੈਲੇਸ ਵਿਚ ਇਕ ਬਹੁਮੰਜ਼ਲੀ ਇਮਾਰਤ ਦੀਆਂ ਉੱਪਰਲੀਆਂ ਦੋ ਮੰਜ਼ਿਲਾਂ ਕਿਰਾਏ 'ਤੇ ਲੈ ਲਈਆਂ। ਮੈਂ ਕਲਰਕਾਂ ਅਤੇ ਲੇਖਾਕਾਰਾਂ ਲਈ ਇਸ਼ਤਿਹਾਰ ਦਿੱਤੇ ਅਤੇ ਹਰੇਕ ਉਮੀਦਵਾਰ ਨਾਲ ਖੁਦ ਇੰਟਰਵਿਊ ਕੀਤੀ। ਮੈਂ ਉਨ੍ਹਾਂ ਨੂੰ ਮਾਰਕੀਟ ਨਾਲੋਂ ਵੱਧ ਤਨਾਖਾਹਾਂ ਦੀ ਪੇਸ਼ਕਸ਼ ਕੀਤੀ। ਫਿਰ ਮੈਂ ਆਪਣੀ ਕੰਪਨੀ ਨੂੰ ਰਜਿਸਟਰਡ ਕਰਵਾਇਆ ਅਤੇ ਸਟੇਸ਼ਨਰੀ ਛਪਵਾਈ। ਇਕ ਸਰਕਾਰੀ ਦਫਤਰ ਤੋਂ ਦੂਜੇ ਦਫਤਰ ਤੱਕ ਭੱਜ ਨੱਠ ਕਰਨਾ ਬੜਾ ਔਖਾ ਕੰਮ ਸੀ। ਮੈਂ ਬੜੀ ਦੇਰ ਤੱਕ ਟੈਕਸੀਆਂ 'ਤੇ ਖਰਚੇ ਕਰਦਾ ਰਿਹਾ ਤੇ ਆਖਰਕਾਰ ਮੈਂ ਇਕ ਪੁਰਾਣੀ ਫੀਏਟ ਖਰੀਦ ਲਈ। ਮੈਨੂੰ ਛੇਤੀ ਹੀ ਧੰਦੇ ਦੇ ਭੇਦ ਪਤਾ ਲੱਗ ਗਏ। ਇਨ੍ਹਾਂ 'ਚੋਂ ਸਭ ਤੋਂ ਮਹੱਤਵਪੂਰਨ ਇਹ ਸੀ ਕਿ ਜਦੋਂ ਤੁਹਾਡੇ ਸਾਹਮਣੇ ਕੋਈ ਐਸੀ ਸਮੱਸਿਆ ਆਵੇ ਜਿਹੜੀ ਹੱਲ ਹੁੰਦੀ ਨਾ ਦਿਖਾਈ ਦਿੰਦੀ ਹੋਵੇ ਤਾਂ ਖੁੱਲ੍ਹ ਕੇ ਰਿਸ਼ਵਤ ਦਿਓ। ਇਸ ਨਾਲ ਸਭ ਦਰਵਾਜ਼ੇ ਖੁੱਲ੍ਹ ਜਾਂਦੇ ਹਨ।

ਮੈਂ ਅਕਸਰ ਹੀ ਲਾਲਾ ਅਚਿੰਤ ਰਾਮ ਦੇ ਘਰ ਜਾਂਦਾ ਅਤੇ ਉਨ੍ਹਾਂ ਨੂੰ ਦੱਸਦਾ ਕਿ ਮੇਰਾ ਕਾਰੋਬਾਰ ਕਿੱਥੇ ਤੱਕ ਪਹੁੰਚਿਆ ਹੈ। ਸੋਨੂੰ ਮੈਨੂੰ ਮਿਹਣੇ ਮਾਰਨ ਲੱਗੀ। ਉਹ ਸਭ ਤੋਂ ਪਹਿਲਾਂ ਇਹੀ ਕਹਿੰਦੀ, ''ਤਾਂ ਤੁਹਾਨੂੰ ਮੈਨੂੰ ਮਿਲਣ ਲਈ ਕੁਝ ਮਿੰਟ ਮਿਲ ਹੀ ਗਏ।'' ਮੈਂ ਉਸ ਨੂੰ ਭਰੋਸਾ ਦਿਵਾਉਂਦਾ ਰਿਹਾ, ''ਤੇਰੀ ਖਾਤਰ ਹੀ ਤਾਂ ਮੈਂ ਦਿਨ ਰਾਤ ਮੇਹਨਤ ਕਰ ਰਿਹਾ ਹਾਂ। ਮੈਂ ਚਾਹੁੰਦਾ ਹਾਂ ਕਿ ਤੈਨੂੰ ਮੇਰੇ ਘਰ ਵੀ ਉਹੀ ਸੁਖ ਸਹੂਲਤਾਂ ਮਿਲਣ ਜਿਹੜੀਆਂ ਤੈਨੂੰ ਪਿਤਾ ਦੇ ਘਰ 'ਚ ਹਾਸਲ ਹਨ।'' ਪਰ ਫਿਰ ਉਹ ਕਹਿੰਦੀ, ''ਪੈਸਾ ਹੀ ਤਾਂ ਸਭ ਕੁਝ ਨਹੀਂ ਹੈ।'' ਜਿਸ ਤਰ੍ਹਾਂ ਦਾ ਉਸ ਦਾ ਰਹਿਣ ਦਾ ਰੰਗ ਢੰਗ ਸੀ ਜਿਵੇਂ ਉਸ ਦੇ ਅੱਗੇ ਪਿੱਛੇ ਕਾਰਾਂ, ਨੌਕਰ ਘੁੰਮਦੇ ਫਿਰਦੇ ਸਨ ਉਸ ਨੂੰ ਦੇਖਦੇ ਹੋਏ ਇਹ ਗੱਲ ਕਹਿਣੀ ਮੂਰਖਤਾ ਵਾਲੀ

ਗੱਲ ਸੀ। ਪਰ ਮੈਂ ਆਪਣੀ ਇਹ ਰਾਏ ਉਸ ਨੂੰ ਨਹੀਂ ਦੱਸੀ।

ਮੇਰਾ ਕਾਰੋਬਾਰ ਬੜੀ ਤੇਜ਼ੀ ਨਾਲ ਫੈਲਿਆ। ਵਧੀਆ ਕਿਸਮ ਦੇ ਤਿਆਰ ਕੱਪੜਿਆ ਤੋਂ ਇਲਾਵਾ ਮੈਂ ਕੁਝ ਕੀਮਤੀ ਪੱਥਰ, ਚਮੜੇ ਦੀਆਂ ਵਸਤਾਂ, ਮਸਾਲੇ ਅਤੇ ਬਾਸਮਤੀ ਚੌਲ ਵੀ ਬਾਹਰ ਭੇਜਣੇ ਸ਼ੁਰੂ ਕਰ ਦਿੱਤੇ। ਮੈਂ ਬਾਹਰੋਂ ਕੁਝ ਵੀ ਨਹੀਂ ਸੀ ਮੰਗਾਉਂਦਾ ਅਤੇ ਇਸ ਤਰ੍ਹਾਂ ਆਪਣੇ ਦੇਸ਼ ਲਈ ਵਿਦੇਸ਼ੀ ਸਰਮਾਇਆ ਵੀ ਕਮਾਉਂਦਾ ਸਾਂ। ਰਾਏ ਬਹਾਦਰ ਨੇ ਦਿੱਲੀ ਦੀਆਂ ਚੋਟੀ ਦੀਆਂ ਕਲੱਬਾਂ ਦਾ ਮੈਂਬਰ ਬਣਨ 'ਚ ਮੇਰੀ ਮਦਦ ਕੀਤੀ। ਇਨ੍ਹਾਂ ਕਲੱਬਾਂ 'ਚ ਗੌਲਫ ਕਲੱਬ, ਜਿੰਮਖਾਨਾ ਅਤੇ ਇੰਡੀਆ ਇੰਟਰਨੈਸ਼ਨਲ ਸੈਂਟਰ ਸ਼ਾਮਲ ਸਨ। ਉਹ ਚਾਹੁੰਦੇ ਸਨ ਕਿ ਮੈਂ ਦਿੱਲੀ ਦੀ ਰੋਟਰੀ ਕਲੱਬ ਦਾ ਮੈਂਬਰ ਵੀ ਬਣਾਂ। ਉਨ੍ਹਾਂ ਮੈਨੂੰ ਕਿਹਾ, ''ਤੈਨੂੰ ਉੱਥੇ ਕਾਰੋਬਾਰ ਖੇਤਰ ਨਾਲ ਸਬੰਧਤ ਕਈ ਬੰਦੇ ਮਿਲ ਜਾਣਗੇ। ਰੋਟਰੀ ਕਲੱਬ ਦੇ ਸਾਰੇ ਮੈਂਬਰ ਹੀ ਆਪੋ ਆਪਣੇ ਖੇਤਰਾਂ ਦੇ ਚੋਟੀ ਦੇ ਵਪਾਰੀ ਹਨ। ਉਹ ਸਾਰੀ ਦਿੱਲੀ ਦੀ ਕਰੀਮ ਹਨ। ਇਨ੍ਹਾਂ ਵਿਚ ਸਨਅਤਕਾਰ ਹਨ, ਡਾਕਟਰ, ਇੰਜੀਨੀਅਰ, ਪ੍ਰੋਫੈਸਰ ਹਨ। ਤੇਰਾ ਕਾਰੋਬਾਰ ਚੱਲ ਨਿਕਲਿਆ ਹੈ। ਇਸ ਲਈ ਤੂੰ ਵੀ ਚੋਟੀ 'ਤੇ ਪਹੁੰਚ ਸਕਦਾ ਹੈਂ। ਜੇ ਤੂੰ ਚਾਹੇਂ ਤਾਂ ਮੈਂ ਦੱਖਣੀ ਦਿੱਲੀ ਰੋਟਰੀ ਕਲੱਬ ਦੇ ਚੇਅਰਮੈਨ ਨਾਲ ਗੱਲ ਕਰਾਂ। ਵੀਹ ਸਾਲ ਪਹਿਲਾਂ ਮੈਂ ਵੀ ਚੇਅਰਮੈਨ ਹੁੰਦਾ ਸਾਂ।''

ਮੈਂ ਸਿੱਧਾ ਜਵਾਬ ਨਾ ਦਿੱਤਾ ਅਤੇ ਕਿਹਾ, ''ਮੇਰਾ ਕਾਰੋਬਾਰ ਰਤਾ ਕੁ ਚੱਲ ਲੈਣ ਦਿਓ।'' ਅਸਲੀ ਗੱਲ ਇਹ ਸੀ ਕਿ ਮੈਨੂੰ ਰੋਟਰੀ ਜਾਂ ਲਾਇਨਜ਼ ਕਲੱਬ ਦਾ ਮੈਂਬਰ ਬਣਨ ਦਾ ਕੋਈ ਸ਼ੌਕ ਨਹੀਂ ਸੀ। ਮੈਂ ਅਮਰੀਕਾ 'ਚ ਰੋਟਰੀ ਕਲੱਬ ਦੇ ਕੁਝ ਸਮਾਗਮਾਂ 'ਚ ਸ਼ਾਮਲ ਹੋਇਆ ਸਾਂ ਅਤੇ ਮੈਨੂੰ ਇਹ ਬਹੁਤ ਬੋਰੀਅਤ ਭਰੇ ਲੱਗੇ ਸਨ। ਉਹ ਐਸੀਆਂ ਰਸਮਾਂ ਨਿਭਾਉਂਦੇ ਸਨ ਜਿਨ੍ਹਾਂ ਦੀ ਕੋਈ ਤੁੱਕ ਨਹੀਂ ਸੀ। ਚੇਅਰਮੈਨ ਦੇ ਗਲ਼ ਵਿਚ ਇਕ ਵੱਡਾ ਸਾਰਾ ਨਿਸ਼ਾਨ ਲਟਕਾਇਆ ਹੁੰਦਾ ਸੀ ਅਤੇ ਮੀਟਿੰਗ ਸ਼ੁਰੂ ਕਰਨ ਦਾ ਐਲਾਨ ਘੰਟੀ ਖੜਕਾ ਕੇ ਕੀਤਾ ਜਾਂਦਾ ਸੀ ਤੇ ਉਸ ਤੋਂ ਬਾਅਦ ਉਹ ਬੇਸੁਆਦਾ ਖਾਣਾ ਖਾਂਦੇ। ਚੇਅਰਮੈਨ ਨਵੇਂ ਮੈਂਬਰਾਂ ਦਾ ਸੁਆਗਤ ਕਰਦਾ। ਹਰੇਕ ਲਈ ਤਾੜੀਆਂ ਮਾਰੀਆਂ ਜਾਂਦੀਆਂ। ਫੇਰ ਉਨ੍ਹਾਂ ਮੈਂਬਰਾਂ ਦੇ ਨਾਂ ਲਏ ਜਾਂਦੇ ਜਿਨ੍ਹਾਂ ਦੇ ਉਸ ਹਫਤੇ ਜਨਮ ਦਿਨ ਸਨ। ਫਿਰ ਤਾੜੀਆਂ ਮਾਰੀਆਂ ਜਾਂਦੀਆਂ। ਸਮਾਗਮ ਦਾ ਨਾਇਕ ਉਹ ਬੰਦਾ ਹੁੰਦਾ ਸੀ ਜਿਹੜਾ ਸਾਰੀਆਂ ਮੀਟਿੰਗਾਂ 'ਚ ਹਾਜ਼ਰ ਹੁੰਦਾ ਹੋਵੇ। ਸਭ ਤੋਂ ਵੱਧ ਤਾੜੀਆਂ ਉਸ ਲਈ ਮਾਰੀਆਂ ਜਾਂਦੀਆਂ। ਉਸ ਤੋਂ ਬਾਅਦ ਮਹਿਮਾਨ ਬੁਲਾਰੇ ਨੂੰ ਤਕਰੀਰ ਕਰਨ ਲਈ ਕਿਹਾ ਜਾਂਦਾ। ਪੰਦਰਾਂ ਵੀਹ ਮਿੰਟ ਤੋਂ ਵੱਧ ਨਹੀਂ। ਇੰਨੇ ਸਮੇਂ ਵਿਚ ਰੋਟਰੀ ਕਲੱਬ ਦੇ ਮੈਂਬਰ ਖਾਧੇ ਹੋਏ ਖਾਣੇ ਨੂੰ ਪਚਾ ਲੈਂਦੇ ਅਤੇ ਪੇਟ 'ਚ ਭਰੀ ਹੋਈ ਗੈਸ ਬਾਹਰ ਕੱਢ ਲੈਂਦੇ। ਉਹ ਹਉਮੈ ਨਾਲ ਭਰੇ ਹੋਏ ਲੋਕ ਸਨ। ਆਪਣੇ ਆਪ ਨੂੰ ਚੰਗੇ ਸ਼ਹਿਰੀ ਮੰਨਦੇ ਸਨ ਅਤੇ ਕਈ ਨਾਗਰਿਕ ਸੇਵਾਵਾਂ ਵੀ ਨਿਭਾਉਂਦੇ ਸਨ ਜਿਵੇਂ ਕਿ ਖੂਨਦਾਨ ਕੈਂਪ ਲਾਉਣੇ, ਅੱਖਾਂ ਦੇ ਮੁਫਤ ਅਪ੍ਰੇਸ਼ਨ ਕਰਨੇ, ਪਾਰਕਾਂ ਤੇ ਸੜਕਾਂ ਕਿਨਾਰੇ

ਉੱਚ ਲਾਉਣੇ ਅਤੇ ਕਿਸੇ ਨਾ ਕਿਸੇ ਕੰਮ ਲਈ ਦਾਨ ਇਕੱਠਾ ਕਰਨਾ। ਇਹ ਸਾਰਾ ਕੁਝ ਮੈਂ ਸ਼ਹਿਰ ਦੇ ਸਭ ਤੋਂ ਬੋਰੀਅਤ ਭਰੇ ਲੋਕਾਂ ਨਾਲ ਖਾਣਾ ਖਾਣ ਤੋਂ ਬਿਨਾ ਹੀ ਕਰ ਸਕਦਾ ਸਾਂ।

ਅਮਰੀਕਾ ਤੋਂ ਵਾਪਸੀ ਦੇ ਇਕ ਸਾਲ ਦੇ ਵਿਚ ਵਿਚ ਹੀ ਮੈਂ ਉਹ ਸਾਰੀਆਂ ਚੀਜ਼ਾਂ ਹਾਸਲ ਕਰ ਲਈਆਂ ਸਨ। ਜਾਂ ਕਰਨ ਦੇ ਨੇੜੇ ਪਹੁੰਚ ਚੁੱਕਾ ਸਾਂ ਜਿਹੜੀਆਂ ਇਕ ਸਨਅਤ ਵਪਾਰੀ ਕੋਲ ਹੁੰਦੀਆਂ ਹਨ। ਜੇ ਮੇਰੇ ਕੋਲ ਕੁਝ ਨਹੀਂ ਸੀ ਤਾਂ ਉਹ ਕਿਸੇ ਔਰਤ ਦਾ ਸਾਥ ਨਹੀਂ ਸੀ; ਅਤੇ ਨਾਲ ਹੀ ਸੈਕਸ ਵੀ। ਮੈਂ ਸ਼ਾਦੀ ਲਈ ਤਿਆਰ ਸਾਂ। ਪਿਤਾ ਜੀ ਵੀ ਕਾਹਲੇ ਪੈ ਰਹੇ ਸਨ। ਰਾਏ ਬਹਾਦਰ ਅਤੇ ਉਨ੍ਹਾਂ ਦੀ ਪਤਨੀ ਆਪਣੀ ਧੀ ਦੀ ਸ਼ਾਦੀ ਲਈ ਤਰੀਕ ਮਿੱਥਣ ਲਈ ਕਾਹਲੇ ਸਨ। ਸੋਨੂੰ ਦੀ ਮਾਂ ਦਾ ਕਹਿਣਾ ਸੀ, ''ਮੰਗਣੀ ਤੋਂ ਬਾਅਦ ਲੰਮਾ ਸਮਾਂ ਲਟਕਾਉਣਾ ਚੰਗਾ ਨਹੀਂ ਹੁੰਦਾ। ਤੁਹਾਡੀ ਮੰਗਣੀ ਨੂੰ ਤਾਂ ਸੱਤ ਮਹੀਨੇ ਹੋ ਗਏ ਹਨ।''

ਸਲਾਹ ਮਸ਼ਵਰੇ ਹੋਏ। ਹਿੰਦੂ ਕਲੰਡਰ ਵਿਚ ਚੰਗਾ ਦਿਨ ਲੱਭਿਆ ਗਿਆ। ਗਣਪਤੀ ਦੀ ਤਸਵੀਰ ਵਾਲੇ ਮਹਿੰਗੇ ਸ਼ਾਦੀ ਦੇ ਕਾਰਡ ਲੱਭ ਕੇ ਛਪਵਾਏ ਗਏ। ਮੇਰੇ ਪਿਤਾ ਦੇ ਬਹੁਤੇ ਦੋਸਤ ਨਹੀਂ ਸਨ ਪਰ ਇਸ ਖ਼ਬਰ ਨਾਲ ਉਨ੍ਹਾਂ ਦੇ ਬਹੁਤ ਸਾਰੇ ਪੁਰਾਣੇ ਦੋਸਤ ਅਤੇ ਰਿਸ਼ਤੇਦਾਰ ਨਿਕਲ ਆਏ ਸਨ ਕਿ ਉਨ੍ਹਾਂ ਦੇ ਪੁੱਤਰ ਦੀ ਸ਼ਾਦੀ ਰਾਏ ਬਹਾਦਰ ਅਚਿੰਤ ਰਾਮ ਦੀ ਇਕਲੌਤੀ ਧੀ ਨਾਲ ਹੋ ਰਹੀ ਹੈ। ਬਰਾਤ ਵਿਚ ਜਾਣ ਲਈ ਸੌ ਦੇ ਕਰੀਬ ਲੋਕ ਮਿਲ ਗਏ ਸਨ। ਰਾਏ ਬਹਾਦਰ ਲਈ ਇਹ ਮੌਕਾ ਆਪਣੀ ਦੌਲਤ ਅਤੇ ਸਬੰਧਾਂ ਦੇ ਪ੍ਰਗਟਾਵੇ ਦਾ ਸਮਾਂ ਸੀ। ਉਨ੍ਹਾਂ ਵੱਲੋਂ ਭੇਜਿਆ ਵਿਆਹ ਦਾ ਸੱਦਾ ਮੰਤਰੀਆਂ, ਗਵਰਨਰਾਂ, ਜੱਜਾਂ, ਸੀਨੀਅਰ ਅਫਸਰਾਂ ਅਤੇ ਸ਼ਹਿਰ ਦੇ ਹਜ਼ਾਰ ਤੋਂ ਵੱਧ ਹੋਰ ਅਮੀਰ ਲੋਕਾਂ ਨੇ ਪ੍ਰਵਾਨ ਕੀਤਾ ਸੀ। ਮੈਂ ਚਿੱਟੀ ਘੋੜੀ 'ਤੇ ਸਵਾਰ ਹੋ ਕੇ ਸੋਨੂੰ ਦੇ ਘਰ ਪਹੁੰਚਿਆ। ਇਸ ਘੋੜੀ ਦਾ ਅੱਧਾ ਸਰੀਰ ਸੁਨਿਹਰੀ ਕੱਪੜੇ ਨਾਲ ਢਕਿਆ ਹੋਇਆ ਸੀ। ਮੇਰੇ ਚੇਹਰੇ 'ਤੇ ਕਲੀਆਂ ਦਾ ਸੇਹਰਾ ਸੀ। ਮੇਰੇ ਅੱਗੇ ਅੱਗੇ ਬੈਂਡ ਚੱਲ ਰਿਹਾ ਸੀ ਜਿਹੜਾ ਹਿੰਦੀ ਫਿਲਮਾਂ ਦੇ ਨਵੇਂ ਗਾਣੇ ਦੀਆਂ ਧੁਨਾਂ ਵਜਾ ਰਿਹਾ ਸੀ। ਉਨ੍ਹਾਂ ਦੇ ਪਿੱਛੇ ਦਰਜਨ ਭਰ ਮੋਟੇ ਮਰਦ ਅਤੇ ਔਰਤਾਂ ਭੰਗੜਾ ਪਾ ਰਹੇ ਸਨ। ਭੰਗੜਾ ਪਾਉਣ ਵਾਲਿਆਂ 'ਚ ਗੁਲਾਬੀ ਪੱਗ ਬੰਨੀ ਮੇਰੇ ਬਜ਼ੁਰਗ ਪਿਤਾ ਵੀ ਸ਼ਾਮਲ ਸਨ। ਉਨ੍ਹਾਂ ਬੁਕ ਭਰ ਭਰ ਕੇ ਸਿੱਕੇ ਭੀੜ 'ਚ ਸੁੱਟੇ। ਗਲੀਆਂ 'ਚ ਖੜ੍ਹੇ ਗਰੀਬ ਬੱਚੇ ਦੌੜ ਕੇ ਆਏ ਅਤੇ ਲੋਕਾਂ ਦੇ ਪੈਰਾਂ 'ਚ ਪਏ ਇਹ ਸਿੱਕੇ ਇਕੱਠੇ ਕੀਤੇ। ਦਰਜਨ ਭਰ ਆਦਮੀ ਆਪਣੇ ਸਿਰਾਂ 'ਤੇ ਲਾਈਟਾਂ ਚੁੱਕੀ ਬਰਾਤ ਦੇ ਦੋਵੇਂ ਪਾਸੇ ਚੱਲ ਰਹੇ ਸਨ। ਕੋਈ ਹੋਰ ਸਮਾਂ ਹੁੰਦਾ ਤਾਂ ਇਸ ਤਰ੍ਹਾਂ ਦੇ ਪੈਸੇ ਦੇ ਪ੍ਰਗਟਾਵੇ 'ਤੇ ਦੁਖੀ ਹੋਇਆ ਹੁੰਦਾ। ਪਰ ਮੈਨੂੰ ਇਹ ਗੱਲ ਚੇਤੇ ਕਰਨੀ ਪਈ ਕਿ ਸਾਰੇ ਡਰਾਮੇ ਦਾ ਕੇਂਦਰੀ ਪਾਤਰ ਮੈਂ ਖ਼ੁਦ ਸਾਂ, ਕਿਉਂਕਿ ਮੈਂ ਹੀ ਲਾੜਾ ਸਾਂ।

ਰਾਏ ਬਹਾਦਰ ਦੇ ਵੱਡੇ ਮਕਾਨ 'ਤੇ ਰੰਗ ਬਰੰਗੇ ਬਲਬ ਲੱਗੇ ਹੋਏ ਸਨ। ਕੰਧਾਂ 'ਤੇ ਲਾਲ ਤੇ ਪੀਲੀਆਂ ਰੋਸ਼ਨੀਆਂ ਜਗ ਰਹੀਆਂ ਸਨ। ਇਹ ਰੋਸ਼ਨੀਆਂ ਉਨ੍ਹਾਂ ਦੇ ਘਰ ਦੇ ਵਿਸ਼ਾਲ ਬਾਗ ਦੀਆਂ ਝਾੜੀਆਂ 'ਤੇ ਅਤੇ ਬੰਗਲੇ ਤੱਕ ਜਾਂਦੀ ਸੜਕ ਦੇ ਕਿਨਾਰੇ ਦਰੱਖਤਾਂ

'ਤੇ ਵੀ ਲੱਗੀਆਂ ਹੋਈਆਂ ਸਨ। ਇਕ ਤਖਤ 'ਤੇ ਬੈਠੇ ਸ਼ਹਿਨਾਈ ਵਾਦਕ ਸ਼ਹਿਨਾਈ ਵਜਾ ਰਹੇ ਸਨ ਅਤੇ ਨਾਲ ਹੀ ਤਬਲੇ ਵਾਲਾ ਬੈਠਾ ਤਬਲਾ ਵਜਾ ਰਿਹਾ ਸੀ। ਜਿਉਂ ਹੀ ਬਰਾਤ ਦਰਵਾਜ਼ੇ 'ਤੇ ਪੁੱਜੀ ਤਾਂ ਸ਼ਹਿਨਾਈ ਬੰਦ ਕਰ ਦਿੱਤੀ ਗਈ। ਫੌਜੀ ਬੈਂਡ ਨੇ ਆਪਣੀਆਂ ਧੁਨਾਂ ਸ਼ੁਰੂ ਕੀਤੀਆਂ। ਸਾਡੇ ਆਲੇ ਦੁਆਲੇ ਬੰਦੂਕਾਂ ਲਟਕਾਈ ਸਰਕਾਰੀ ਸਕਿਓਰਿਟੀ ਗਾਰਡ ਤੁਰ ਫਿਰ ਰਹੇ ਸਨ। ਇਸ ਤੋਂ ਬਾਅਦ ਮੰਤਰੀ ਅਤੇ ਗਵਰਨਰ ਪਹੁੰਚ ਚੁੱਕੇ ਸਨ। ਮੈਂ ਘੋੜੀ ਤੋਂ ਉਤਰਿਆ ਅਤੇ ਅੱਗੇ ਵਧਿਆ। ਮੇਰਾ ਸੁਆਗਤ ਮੇਰੇ ਹੋਣ ਵਾਲੇ ਸਹੁਰੇ ਵੱਲੋਂ ਕੀਤਾ ਗਿਆ। ਮੈਂ ਸੋਨੂੰ ਦੇ ਗਲ਼ 'ਚ ਫੁੱਲਾਂ ਦਾ ਹਾਰ ਪਾਇਆ। ਉਹਨੇ ਵੀ ਮੇਰੇ ਗਲ਼ ਵਿਚ ਇਕ ਹਾਰ ਪਾਇਆ। ਰਾਏ ਬਹਾਦਰ ਮੈਨੂੰ ਲੈ ਕੇ ਪੰਡਾਲ ਵਿਚ ਗਏ ਅਤੇ ਮੈਨੂੰ ਆਪਣੇ ਬਹੁਤ ਸਾਰੇ ਮਹਿਮਾਨਾਂ ਨਾਲ ਮਿਲਾਇਆ। ਮੈਂ ਸੈਂਕੜੇ ਲੋਕਾਂ ਨਾਲ ਹੱਥ ਮਿਲਾਏ ਤੇ ਸੈਂਕੜੇ ਲੋਕਾਂ ਨੇ ਮੈਨੂੰ ਵਧਾਈਆਂ ਦਿੱਤੀਆਂ। ਭਾਗਾਂ ਭਰਿਆ ਸਮਾਂ ਨੇੜੇ ਆ ਰਿਹਾ ਸੀ। ਮੈਨੂੰ ਵਿਆਹ ਦੀਆਂ ਰਸਮਾਂ ਵਾਲੀ ਥਾਂ ਲਿਜਾਇਆ ਗਿਆ ਜਿੱਥੇ ਵੇਦੀ ਗੱਡੀ ਹੋਈ ਸੀ ਅਤੇ ਜ਼ਮੀਨ 'ਚ ਟੋਆ ਪੁੱਟ ਕੇ ਪੂਜਾ ਲਈ ਅੱਗ ਬਾਲੀ ਹੋਈ ਸੀ। ਮੈਨੂੰ ਅਤੇ ਸੋਨੂੰ ਨੂੰ ਨਾਲ-ਨਾਲ ਬਿਠਾਇਆ ਗਿਆ। ਸਾਡੇ ਦੋਵਾਂ ਦੇ ਪੰਡਤ ਆਹਮੋ-ਸਾਹਮਣੇ ਬੈਠੇ ਅਤੇ ਸਾਡੇ ਬਾਰੇ ਵੇਰਵੇ ਪੜਤਾਲਦੇ ਰਹੇ। ਸੋਨੂੰ ਦਾ ਪੰਡਤ ਸਲੋਕ ਪੜ੍ਹਦਾ ਰਿਹਾ ਅਤੇ ਕੁਝ ਮਿੰਟਾਂ ਬਾਅਦ ਸੋਨੂੰ ਅਤੇ ਮੈਨੂੰ ਕਹਿੰਦਾ ਰਿਹਾ ਕਿ ਅਸੀਂ ਆਪਣੇ ਹੱਥਾਂ 'ਚ ਚੌਲ, ਸਰ੍ਹੋਂ ਦੇ ਬੀਜ ਅਤੇ ਧੂਫ਼ ਸਮੱਗਰੀ ਲੈ ਕੇ ਹਵਨ ਵਿਚ ਸੁੱਟਦੇ ਜਾਈਏ। ਜਦੋਂ ਅਸੀਂ ਇਸ ਤਰ੍ਹਾਂ ਕਰਦੇ ਤਾਂ ਉਹ 'ਸਵਾਹਾ' ਕਹਿੰਦਾ। ਇਹ ਸਿਲਸਿਲਾ ਇਕ ਘੰਟੇ ਤੋਂ ਵੱਧ ਸਮਾਂ ਚੱਲਦਾ ਰਿਹਾ। ਫਿਰ ਉਹਨੇ ਸਾਨੂੰ ਸੱਤ ਵਾਰੀ ਅਗਨੀ ਦੁਆਲੇ ਚੱਕਰ ਲਗਾਉਣ ਲਈ ਕਿਹਾ। ਚੱਕਰ ਲਗਾਉਣ ਤੋਂ ਬਾਅਦ ਅਸੀਂ ਫਿਰ ਬੈਠ ਗਏ। ਫਿਰ 'ਸਵਾਹਾ' ਕੀਤਾ ਗਿਆ। ਉਹਨੇ ਸੋਨੂੰ ਦਾ ਹੱਥ ਮੇਰੇ ਹੱਥ ਵਿਚ ਰੱਖਿਆ ਅਤੇ ਸਾਨੂੰ ਦੋਵਾਂ ਨੂੰ ਪਤੀ ਪਤਨੀ ਹੋਣ ਦਾ ਐਲਾਨ ਕਰ ਦਿੱਤਾ।

ਰਾਏ ਬਹਾਦਰ ਨੇ ਆਪਣੀ ਧੀ ਨੂੰ ਦੇਣ ਵਾਲੇ ਦਾਜ ਦਾ ਦਿਖਾਵਾ ਕੀਤਾ ਹੋਇਆ ਸੀ। ਬਹੁਤ ਸਾਰੀਆਂ ਮਹਿੰਗੀਆਂ ਬਨਾਰਸੀ ਅਤੇ ਕੰਜੀਵਰਮ ਸਾੜੀਆਂ ਸਨ, ਸੋਨੇ ਦੀਆਂ ਚੂੜੀਆਂ, ਹੀਰੇ ਦਾ ਇਕ ਹਾਰ, ਹੀਰੇ ਦੇ ਬੁੰਦੇ ਅਤੇ ਹੀਰੇ ਦਾ ਹੀ ਕੋਕਾ। ਇਨ੍ਹਾਂ ਸਭ ਤੋਂ ਉੱਪਰ ਨਵੀਂ ਮਰਸਡੀਜ਼ ਬੈਂਜ਼ ਕਾਰ ਸੀ। ਇਹ ਕਾਰ ਫੁੱਲਾਂ ਨਾਲ ਸਜਾਈ ਹੋਈ ਸੀ ਅਤੇ ਇਸੇ ਵਿਚ ਹੀ ਮੈਂ ਆਪਣੀ ਲਾੜੀ ਨੂੰ ਲੈ ਕੇ ਜਾਣਾ ਸੀ। ਉਨ੍ਹਾਂ ਵਿਆਹ ਵਿਚ ਹਾਜ਼ਰ ਸਭ ਤੋਂ ਸੀਨੀਅਰ ਮੰਤਰੀ, ਵਿੱਤ ਮੰਤਰੀ ਨੂੰ ਕਿਹਾ ਕਿ ਉਹ ਮੈਨੂੰ ਕਾਰ ਦੀਆਂ ਚਾਬੀਆਂ ਸੌਂਪੇ। ਦੌਲਤ ਦਾ ਬੜਾ ਚਮਕ ਦਮਕ ਭਰਿਆ ਖਿਲਾਰਾ ਪਾਇਆ ਹੋਇਆ ਸੀ।

ਇਸ ਤੋਂ ਬਾਅਦ ਪੰਡਾਲ ਵਿਚ ਬੈਠ ਕੇ ਸਭ ਨੇ ਲਜੀਜ਼ ਖਾਣਾ ਖਾਧਾ। ਖਾਣੇ ਤੋਂ ਬਾਅਦ ਸੋਨੂੰ ਨੂੰ ਆਪਣੇ ਘਰ ਲੈ ਜਾਣ ਦਾ ਸਮਾਂ ਆ ਗਿਆ। ਬਹੁਤ ਸਾਰਾ ਚੀਂਕ ਚਿਹਾੜਾ ਅਤੇ ਰੋਣ ਧੋਣ ਹੋਇਆ। ਉਹਦੇ ਮਾਪੇ ਇੰਝ ਰੋ ਰਹੇ ਸਨ ਜਿਵੇਂ ਉਨ੍ਹਾਂ ਦਾ ਇਕੋ ਇਕ ਬੱਚਾ

ਗੁੰਮ ਚੱਲਿਆ ਹੋਵੇ। ਉਹਨੂੰ ਵਿਦਾ ਕਰਦੇ ਹੋਏ ਸੋਨੂੰ ਦੇ ਭਰਾ ਵੀ ਰੋਣ ਲੱਗੇ। ਸੋਨੂੰ ਮੂਹਰਲੀ ਸੀਟ 'ਤੇ ਮੇਰੇ ਨਾਲ ਬੈਠੀ। ਮੇਰੇ ਪਿਤਾ ਮਗਰਲੀ ਸੀਟ 'ਤੇ ਬੈਠ ਗਏ। ਅਸੀਂ ਚੁੱਪ ਚੁਪੀਤੇ ਮਹਾਰਾਣੀ ਬਾਗ ਵਾਲੇ ਆਪਣੇ ਫਲੈਟ 'ਚ ਆ ਗਏ। ਮੇਰੇ ਪਿਤਾ ਨੇ ਇਸ ਨੂੰ ਰੰਗ ਬਿਰੰਗੀਆਂ ਰੋਸ਼ਨੀਆਂ ਨਾਲ ਸਜਾਇਆ ਹੋਇਆ ਸੀ। ਕਿਉਂਕਿ ਘਰ ਵਿਚ ਕੋਈ ਔਰਤ ਰਿਸ਼ਤੇਦਾਰ ਨਹੀਂ ਸੀ ਇਸ ਲਈ ਮੇਰੇ ਸੋਣ ਕਮਰੇ ਦੀ ਸਜਾਵਟ ਵੀ ਪਿਤਾ ਜੀ ਨੇ ਹੀ ਕੀਤੀ ਸੀ। ਛੱਤ ਵਾਲੇ ਪੱਖੇ ਤੋਂ ਗੇਂਦੇ ਦੀਆਂ ਲੜੀਆਂ ਲਮਕ ਰਹੀਆਂ ਸਨ। ਬਿਸਤਰੇ 'ਤੇ ਚਮੇਲੀ ਦੇ ਫੁੱਲ ਖਿਲਰੇ ਹੋਏ ਸਨ। ਕੁਝ ਸਮੇਂ ਲਈ ਅਸੀਂ ਬੈਠਕ ਵਿਚ ਬੈਠੇ ਰਹੇ। ਸਾਡੇ ਕੋਲ ਇਕ ਦੂਜੇ ਨੂੰ ਕਹਿਣ ਲਈ ਕੋਈ ਗੱਲ ਨਹੀਂ ਸੀ। ਆਖਰਕਾਰ ਮੇਰੇ ਪਿਤਾ ਉੱਠੇ ਅਤੇ ਕਹਿਣ ਲੱਗੇ, ''ਤੁਸੀਂ ਬਹੁਤ ਥੱਕ ਚੁੱਕੇ ਹੋਵੋਗੇ। ਮੈਂ ਤਾਂ ਜ਼ਰੂਰ ਥੱਕ ਗਿਆ ਹਾਂ। ਮੈਂ ਸੋਣ ਚੱਲਿਆ ਹਾਂ। ਜਦੋਂ ਤੁਹਾਡਾ ਜੀਅ ਚਾਹੇ ਤੁਸੀਂ ਵੀ ਸੌਂ ਜਾਣਾ।'' ਅਸੀਂ ਦੋਵੇਂ ਵੀ ਉੱਠ ਖੜ੍ਹੇ ਹੋਏ। ਉਨ੍ਹਾਂ ਆਪਣੇ ਹੱਥ ਸਾਡੇ ਸਿਰਾਂ 'ਤੇ ਰੱਖੇ ਅਤੇ ਕਿਹਾ, ''ਸਦਾ ਸਦਾ ਸੁਖੀ ਰਹੋ।''

ਸੋਨੂੰ ਤੇ ਮੈਂ ਕੁਝ ਦੇਰ ਲਈ ਹੱਥ 'ਚ ਹੱਥ ਫੜੀ ਬੈਠੇ ਰਹੇ। ਉਹ ਆਪਣੇ ਨਵੇਂ ਆਲੇ ਦੁਆਲੇ ਨੂੰ ਦੇਖ ਕੇ ਹੈਰਾਨ ਸੀ ਅਤੇ ਸ਼ਾਇਦ ਆਉਣ ਵਾਲੇ ਸਮੇਂ ਬਾਰੇ ਸੋਚ ਕੇ ਕੁਝ ਤੌਖਲੇ ਵਿਚ ਵੀ ਸੀ। ਉਸ ਨੇ ਸੁਹਾਗ-ਰਾਤ ਬਾਰੇ ਕਾਫੀ ਕੁਝ ਸੁਣ ਰੱਖਿਆ ਸੀ। ਉਸ ਮਗਰੋਂ ਮੈਨੂੰ ਦੱਸਿਆ ਸੀ ਕਿ ਉਹਦੀਆਂ ਸਹੇਲੀਆਂ ਨੇ ਉਸ ਨੂੰ ਚੇਤਾਵਨੀ ਦਿੱਤੀ ਸੀ ਕਿ ਪਹਿਲੇ ਦਿਨ ਬੜੀ ਤਕਲੀਫ ਹੁੰਦੀ ਹੈ ਅਤੇ ਖੂਨ ਵਗਦਾ ਹੈ। ਉਨ੍ਹਾਂ ਸਹੇਲੀਆਂ ਦਾ ਕਹਿਣਾ ਸੀ ਕਿ ਉਸ ਤੋਂ ਬਾਅਦ ਇਹੀ ਸਿਲਸਿਲਾ ਵਾਰ ਵਾਰ ਦੁਹਰਾਇਆ ਜਾਂਦਾ ਸੀ। ਸੋਨੂੰ ਉਵੇਂ ਹੀ ਡਰਦੀ ਸੀ ਜਿਵੇਂ ਕੁਝ ਲੋਕ ਡਾਕਟਰ ਦੀ ਸੂਈ ਤੋਂ ਡਰਦੇ ਹਨ।

ਮੈਂ ਉਹਨੂੰ ਆਪਣੇ ਸੋਣ ਕਮਰੇ ਵਿਚ ਲੈ ਗਿਆ ਅਤੇ ਕਿਹਾ, ''ਆਪਣੇ ਸਾਰੇ ਗਹਿਣੇ ਲਾਹ ਦੇ ਤੇ ਕੁਝ ਅਰਾਮ ਦੇ ਕੱਪੜੇ ਪਾ ਲੈ।''

ਉਹ ਡਰੈਸਿੰਗ ਰੂਮ ਦੇ ਸ਼ੀਸ਼ੇ ਅੱਗੇ ਜਾ ਖੜ੍ਹੀ ਹੋਈ ਅਤੇ ਹੌਲ਼ੀ-ਹੌਲ਼ੀ ਆਪਣੇ ਮੱਥੇ 'ਤੇ ਲਟਕ ਰਿਹਾ ਸੋਨੇ ਦਾ ਟਿੱਕਾ, ਕੰਨਾਂ ਦੇ ਬੁੰਦੇ, ਸੋਨੇ ਦੀਆਂ ਵੰਗਾਂ ਅਤੇ ਹਾਰ ਲਾਹ ਦਿੱਤਾ। ਉਹ ਨੇ ਹਾਥੀ ਦੰਦ ਦਾ ਚੂੜਾ ਨਹੀਂ ਸੀ ਲਾਹਿਆ ਜਿਹੜਾ ਉਹਦੀਆਂ ਕੂਹਣੀਆਂ ਤੱਕ ਆਉਂਦਾ ਸੀ। ਲਾੜੀ ਨੂੰ ਪੰਦਰਾਂ ਦਿਨ ਤੱਕ ਚੂੜਾ ਪਾਉਣਾ ਜ਼ਰੂਰੀ ਹੁੰਦਾ ਸੀ। ਉਹ ਬਾਥਰੂਮ ਵਿਚ ਗਈ ਅਤੇ ਸਾੜੀ ਲਾਹੁਣ ਤੋਂ ਬਾਅਦ ਜਾਲੀਦਾਰ ਗਾਉਨ ਪਾ ਲਿਆ। ਮੈਂ ਸਮਝ ਗਿਆ ਕਿ ਉਹ ਘਬਰਾ ਰਹੀ ਹੈ। ਮੈਂ ਉਸ ਨੂੰ ਵਿਸ਼ਵਾਸ ਦਿਵਾਉਣ ਲਈ ਕਿਹਾ, ''ਤੂੰ ਬਹੁਤ ਸੁੰਦਰ ਕੁੜੀ ਹੈਂ।'' ਉਹਨੇ ਆਪਣੀਆਂ ਛਾਤੀਆਂ ਪੇਟ ਅਤੇ ਲੱਤਾਂ 'ਤੇ ਨਜ਼ਰ ਮਾਰੀ ਅਤੇ ਕਹਿਣ ਲੱਗੀ, ''ਤੁਹਾਨੂੰ ਸੱਚੀਂ-ਮੁੱਚੀਂ ਏਦਾਂ ਲੱਗਦਾ ਹੈ? ਇਸ ਤੋਂ ਪਹਿਲਾਂ ਮੈਨੂੰ ਕਿਸੇ ਨੇ ਇਹ ਗੱਲ ਨਹੀਂ ਕਹੀ। ਸਿਰਫ ਮੇਰੀ ਮਾਂ ਨੇ ਹੀ ਕਹੀ।''

''ਮੈਂ ਤੈਨੂੰ ਕਹਿ ਰਿਹਾ ਹਾਂ, ਅਤੇ ਇਹੀ ਗੱਲ ਕਾਫੀ ਹੋਣੀ ਚਾਹੀਦੀ ਹੈ।''

ਮੈਂ ਬਿਸਤਰੇ 'ਤੇ ਬੈਠ ਗਿਆ। ਮੈਂ ਹਾਲੇ ਤੱਕ ਵੀ ਸ਼ੇਰਵਾਨੀ ਅਤੇ ਚੂੜੀਦਾਰ ਪਾਏ ਹੋਏ ਸਨ। ਮੈਂ ਉਹਦਾ ਹੱਥ ਫੜਿਆ ਅਤੇ ਉਹਨੂੰ ਆਪਣੀ ਗੋਦੀ ਵਿਚ ਬਿਠਾ ਲਿਆ। ਉਹ ਪੁੱਛਣ ਲੱਗੀ, ''ਕੀ ਮੈਨੂੰ ਤਕਲੀਫ ਹੋਵੇਗੀ?''

ਮੈਂ ਉਹ ਦੀ ਧੌਣ ਦੇ ਪਿਛਲੇ ਪਾਸੇ ਚੁੰਮਿਆ ਅਤੇ ਜਵਾਬ ਦਿੱਤਾ, ''ਪਹਿਲੀ ਵਾਰੀ ਕੁਝ ਦਰਦ ਤਾਂ ਹੁੰਦਾ ਹੀ ਹੈ।''

''ਕੀ ਕੁਝ ਦਿਨਾਂ ਲਈ ਇਹ ਮਾਮਲਾ ਅੱਗੇ ਨਹੀਂ ਪੈ ਸਕਦਾ? ਮੈਂ ਇਹਦੇ ਲਈ ਤਿਆਰ ਨਹੀਂ ਹਾਂ।''

''ਜਿਵੇਂ ਤੇਰੀ ਇੱਛਾ। ਮੈਨੂੰ ਕੋਈ ਕਾਹਲੀ ਨਹੀਂ ਹੈ। ਸਾਡੇ ਕੋਲ ਸਾਰੀ ਜ਼ਿੰਦਗੀ ਪਈ ਹੈ। ਕੀ ਤੂੰ ਮੈਨੂੰ ਚੁੰਮੀ ਲੈਣ ਦੇਏਂਗੀ? ਤੇ ਕੁਝ ਦੇਰ ਲਈ ਮੇਰੇ ਨਾਲ ਲੰਮੀ ਪਏਂਗੀ?''

ਉਸ ਨੇ ਆਪਣਾ ਚੇਹਰਾ ਮੇਰੇ ਵੱਲ ਘੁੰਮਾਇਆ ਅਤੇ ਮੇਰੇ ਨੱਕ 'ਤੇ ਚੁੰਮਣ ਲਿਆ। ''ਇਸ ਤਰ੍ਹਾਂ ਨਹੀਂ,'' ਮੈਂ ਕਿਹਾ ਅਤੇ ਨਾਲ ਹੀ ਉਸ ਦਾ ਸਿਰ ਸਰਹਾਣੇ 'ਤੇ ਰੱਖਣ ਤੋਂ ਬਾਅਦ ਆਪਣੇ ਬੁੱਲ੍ਹ ਉਹਦੇ ਬੁੱਲ੍ਹਾਂ 'ਤੇ ਰੱਖ ਲਏ। ਉਹਨੇ ਆਪਣਾ ਮੂੰਹ ਬੰਦ ਕਰ ਲਿਆ। ਮੈਂ ਆਪਣੀਆਂ ਬਾਹਾਂ ਉਸ ਦੁਆਲੇ ਵਲ਼ ਲਈਆਂ ਅਤੇ ਉਹਨੂੰ ਆਪਣੇ ਸਰੀਰ ਨਾਲ ਘੁੱਟਿਆ। ਉਹ ਇਕਦਮ ਤਣਾਓ ਨਾਲ ਭਰ ਗਈ। ਮੈਂ ਹੌਲ਼ੀ-ਹੌਲ਼ੀ ਉਸ ਦੀ ਪਿੱਠ ਦੀ ਮਾਲਿਸ਼ ਕਰਦਾ ਰਿਹਾ ਅਤੇ ਆਖਰਕਾਰ ਉਸ ਦਾ ਤਣਾਅ ਜਾਂਦਾ ਰਿਹਾ। ਮੈਂ ਆਪਣਾ ਹੱਥ ਉਹ ਦੀ ਛਾਤੀ 'ਤੇ ਰੱਖਿਆ। ਇਕ ਵਾਰ ਫੇਰ ਉਹਦਾ ਸਰੀਰ ਤਣ ਗਿਆ ਅਤੇ ਉਹਨੇ ਮੇਰਾ ਹੱਥ ਲਾਂਭੇ ਕਰ ਦਿਤਾ। ਉਹ ਕਹਿਣ ਲੱਗੀ, ''ਪਹਿਲੀ ਰਾਤ ਲਈ ਇੰਨਾ ਹੀ ਕਾਫੀ ਹੈ। ਹੁਣ ਤੁਸੀਂ ਜਾ ਕੇ ਆਪਣੇ ਬਿਸਤਰੇ 'ਚ ਸੌਂ ਜਾਵੋ। ਮੈਂ ਆਪਣੇ ਬਿਸਤਰੇ 'ਚ ਸੌਂਵਾਂਗੀ। ਇਸ ਤੋਂ ਪਹਿਲਾਂ ਮੈਂ ਕਿਸੇ ਨੂੰ ਆਪਣੇ ਬਿਸਤਰੇ 'ਚ ਨਹੀਂ ਸੋਣ ਦਿੱਤਾ।''

ਉਹ ਉੱਠੀ ਅਤੇ ਆਪਣੇ ਬਿਸਤਰੇ ਵਿਚ ਚਲੀ ਗਈ। ਮੈਂ ਬਾਥਰੂਮ ਵਿਚ ਗਿਆ, ਦੰਦ ਸਾਫ਼ ਕੀਤੇ ਅਤੇ ਸੋਣ ਵਾਲੇ ਕੱਪੜੇ ਪਾ ਲਏ। ਮੇਰੇ ਅੰਦਰ ਵਾਸਨਾ ਭਰੀ ਪਈ ਸੀ ਅਤੇ ਮੈਂ ਉਸ ਨਾਲ ਸੋਣ ਲਈ ਕਾਹਲਾ ਸਾਂ। ਸੁਹਾਗਰਾਤ ਨੂੰ ਇਹੀ ਕੁਝ ਤਾਂ ਕੀਤਾ ਜਾਂਦਾ ਹੈ ਪਰ ਇਹ ਕੰਮ ਇਕ ਜਾਂ ਦੋ ਦਿਨ ਲਈ ਅੱਗੇ ਪਾਉਣਾ ਪੈਣਾ ਸੀ। ਮੈਂ ਰੋਸ਼ਨੀ ਬੁਝਾ ਦਿੱਤੀ। ਇਸ ਤੋਂ ਬਾਅਦ ਮੈਂ ਜੈਸੀਕਾ ਅਤੇ ਉਨ੍ਹਾਂ ਹੋਰ ਔਰਤਾਂ ਬਾਰੇ ਸੋਚਣ ਲੱਗਿਆ ਜਿਨ੍ਹਾਂ ਨਾਲ ਮੈਂ ਸੁੱਤਾ ਸਾਂ। ਸਭ ਤੋਂ ਵੱਧ ਯਾਦ ਮੈਨੂੰ ਮੋਟੀ ਯਾਸਮਿਨ ਵਾਂਚੂ ਦੀ ਆਈ ਜਿਹਦਾ ਪਿੱਛਾ ਵੱਡੇ ਕੱਦੂਆਂ ਵਰਗਾ ਸੀ।

# ਸ਼ਿਵਾਲਿਕ ਪਹਾੜੀਆਂ 'ਚ ਹਨੀਮੂਨ

ਸ਼ਾਦੀ ਤੋਂ ਅਗਲੇ ਦਿਨ ਹੀ ਅਸੀਂ ਦਸ ਦਿਨਾਂ ਦੇ ਹਨੀਮੂਨ ਲਈ ਰਵਾਨਾ ਹੋ ਗਏ। ਰਾਏ ਬਹਾਦਰ ਨੇ ਸਾਨੂੰ ਇਕ ਨਵੇਂ ਹੋਟਲ ਦਾ ਨਾਂ ਦੱਸਿਆ ਸੀ। ਟਿੰਬਰ ਟ੍ਰੇਲ ਨਾਂ ਦਾ ਇਹ ਹੋਟਲ ਸ਼ਿਮਲਾ ਦੇ ਰਸਤੇ 'ਚ ਸ਼ਿਵਾਲਿਕ ਪਹਾੜੀਆਂ 'ਤੇ ਸਥਿਤ ਸੀ। ਉਹ ਕਈ ਵਾਰੀ ਉੱਚੇ ਗਏ ਸਨ ਅਤੇ ਉਨ੍ਹਾਂ ਦੀ ਹੋਟਲ ਦੇ ਮਾਲਕ ਰਮੇਸ਼ ਕੁਮਾਰ ਗਰਗ ਅਤੇ ਉਸ ਦੀ ਪਤਨੀ ਸਵਰਨ ਨਾਲ ਦੋਸਤੀ ਹੋ ਗਈ ਸੀ। ਗਰਗ ਬੜਾ ਕਾਰੋਬਾਰੀ ਬੰਦਾ ਸੀ। ਉਸ ਨੇ ਇਕ ਹੋਟਲ ਤਾਂ ਕਾਲਕਾ-ਸ਼ਿਮਲਾ ਸੜਕ 'ਤੇ ਬਣਾਇਆ ਸੀ ਅਤੇ ਦੂਜਾ ਹੋਟਲ ਵਾਦੀ ਤੋਂ ਪਾਰ ਇਕ ਉੱਚੀ ਪਹਾੜੀ ਦੀ ਚੋਟੀ 'ਤੇ। ਇਨ੍ਹਾਂ ਦੋਵਾਂ ਨੂੰ ਉਸ ਨੇ ਟਰਾਲੀ ਰਾਹੀਂ ਜੋੜ ਦਿੱਤਾ ਸੀ। ਜਿਸ ਦਿਨ ਇਸ ਦਾ ਉਦਘਾਟਨ ਹੋਇਆ ਉਸੇ ਦਿਨ ਤੋਂ ਹੀ ਇਹ ਹੋਟਲ ਚੱਲ ਨਿਕਲਿਆ ਸੀ। ਸੜਕ ਕਿਨਾਰੇ ਵਾਲਾ ਹੋਟਲ ਹਮੇਸ਼ਾ ਹੀ ਚੰਡੀਗੜ੍ਹ, ਅੰਬਾਲਾ, ਪਟਿਆਲਾ ਅਤੇ ਪੰਜਾਬ, ਹਰਿਆਣਾ ਤੇ ਹਿਮਾਚਲ ਦੇ ਹੋਰ ਸ਼ਹਿਰਾਂ ਤੋਂ ਆਏ ਸੈਲਾਨੀਆਂ ਨਾਲ ਭਰਿਆ ਰਹਿੰਦਾ ਸੀ। ਟਿੰਬਰ ਟ੍ਰੇਲ ਹਾਈਟਸ ਪਹਾੜੀ ਦੇ ਉੱਪਰ ਸੀ ਅਤੇ ਇਹ ਮੁਕਾਬਲਤਨ ਸ਼ਾਂਤ ਹੋਟਲ ਸੀ। ਇਹ ਹੋਟਲ ਪੰਜ ਹਜ਼ਾਰ ਦੀ ਫੁੱਟ ਦੀ ਉੱਚਾਈ 'ਤੇ ਕੁਸ਼ੱਲਿਆ ਵਾਦੀ ਦੇ ਬੰਸਾਰ ਪਿੰਡ ਦੇ ਨੇੜੇ ਬਣਾਇਆ ਗਿਆ ਸੀ। ਇਸ ਵਿਚ ਹਨੀਮੂਨ ਮਨਾਉਣ ਆਏ ਜੋੜੇ ਰਹਿਣਾ ਪਸੰਦ ਕਰਦੇ ਸਨ। ਸੂਰਜ ਛਿਪਣ ਤੋਂ ਬਾਅਦ ਉੱਥੇ ਹੋਟਲ ਦੇ ਸਟਾਫ ਤੋਂ ਬਿਨਾ ਹੋਰ ਕੋਈ ਨਹੀਂ ਸੀ ਹੁੰਦਾ। ਸਾਡੇ ਲਈ ਵਿਸ਼ੇਸ਼ ਸੂਟ ਬੁਕ ਕੀਤਾ ਗਿਆ ਸੀ।

ਅਸੀਂ ਸਵੇਰੇ ਦਸ ਵਜੇ ਦੇ ਕਰੀਬ ਰਵਾਨਾ ਹੋਏ। ਰਸਤੇ ਵਿਚ ਅਸੀਂ ਸੋਨੂੰ ਦੇ ਮਾਪਿਆਂ ਕੋਲ ਰੁਕੇ। ਇਕ ਘੰਟੇ ਵਿਚ ਹੀ ਅਸੀਂ ਦਿੱਲੀ ਤੋਂ ਬਾਹਰ ਨਿਕਲ ਕੇ ਸ਼ੇਰਸ਼ਾਹ ਸੂਰੀ ਮਾਰਗ 'ਤੇ ਆ ਗਏ। ਇਸ ਸੜਕ 'ਤੇ ਭਾਰੀ ਆਵਾਜਾਈ ਸੀ। ਟਰੱਕ, ਬੱਸਾਂ, ਤੇਲ ਦੇ ਟੈਂਕਰ, ਟਰੈਕਟਰ ਅਤੇ ਗੱਡੇ ਆ ਜਾ ਰਹੇ ਸਨ। ਸਾਨੂੰ ਕੋਈ ਕਾਹਲੀ ਨਹੀਂ ਸੀ। ਸੋਨੂੰ ਕਾਰ ਦੇ ਕੈਸਟ ਪਲੇਅਰ ਵਿਚ ਹਿੰਦੀ ਫਿਲਮੀ ਗਾਣੇ ਦੀਆਂ ਕੈਸਟਾਂ ਲਾ ਰਹੀ ਸੀ ਅਤੇ ਲਗਾਤਾਰ ਗਾਣੇ ਵੱਜ ਰਹੇ ਸਨ। ਭਾਵੇਂ ਉਹਨੂੰ ਸੰਗੀਤ ਦੀ ਬਹੁਤੀ ਸਮਝ ਨਹੀਂ ਸੀ ਫਿਰ ਵੀ ਉਹ ਖੁਸ਼ ਪ੍ਰਤੀਤ ਹੋ ਰਹੀ ਸੀ। ਅਸੀਂ ਸੋਨੀਪਤ ਅਤੇ ਪਾਣੀਪਤ 'ਚੋਂ ਦੀ ਲੰਘੇ। ਕਰਨਾਲ ਤੋਂ ਅਸੀਂ ਬਾਈਪਾਸ ਵੱਲ ਦੀ ਹੋ ਗਏ ਅਤੇ ਹਲਕਾ ਭੋਜਨ ਛਕਣ ਲਈ ਕਰਨਾਲ ਦੇ ਝੀਲ ਕਿਨਾਰੇ ਰੈਸਟੋਰੈਂਟ ਵਿਚ ਰੁਕੇ। ਸੋਨੂੰ ਦੀਆਂ ਬਾਹਾਂ 'ਤੇ ਹਾਥੀ ਦੰਦ ਦਾ ਚੂੜਾ ਅਤੇ ਮੱਥੇ 'ਤੇ ਲਟਕਦਾ ਸੋਨੇ ਦਾ ਟਿੱਕਾ ਦੇਖ ਕੇ ਸਭ ਨੂੰ ਪਤਾ ਲੱਗ ਗਿਆ ਕਿ ਸਾਡਾ ਨਵਾਂ ਨਵਾਂ ਵਿਆਹ ਹੋਇਆ

ਦੇ ਵੇਟਰ ਸਾਡਾ ਖ਼ਾਸ ਧਿਆਨ ਰੱਖ ਰਹੇ ਸਨ। ਜਦੋਂ ਅਸੀਂ ਉੱਥੇ [illegible] ਦੇ ਖੰਡਰ ਨੂੰ ਦੇਖਣ ਦਾ ਗੁਲਦਸਤਾ ਭੇਟ ਕੀਤਾ। ਅਸੀਂ ਆਪਣਾ [illegible] ਅੰਦਰ ਤੋਂ ਅਸੀਂ ਪਿੰਜੋਰ ਬਾਗ ਗਏ ਅਤੇ ਕਾਲਕਾ ਹੁੰਦੇ ਹੋਏ ਸ਼ਿਮਲਾ ਜਾਣ ਵਾਲੀ [illegible] ਤੇ ਆ ਖੜ੍ਹੇ। ਟਿੰਬਰ ਟ੍ਰੇਲ ਹੋਟਲ ਕਰੀਬ ਚਾਰ ਮੀਲ ਉੱਪਰ ਵੱਲ ਸੀ। [illegible] ਦਾਖ਼ਲ ਹੋਣ ਤੋਂ ਪਹਿਲਾਂ ਭਰਿਆ ਪਿਆ ਸੀ। ਸਾਡੇ ਲਈ ਦਰਵਾਜ਼ੇ ਦੇ ਨਾਲ ਹੀ [illegible] ਲਈ ਥਾਂ ਰਾਖਵੀਂ ਰੱਖੀ ਹੋਈ ਸੀ। ਜਿਉਂ ਹੀ ਅਸੀਂ ਕਾਰ ਤੋਂ ਬਾਹਰ ਨਿਕਲੇ, ਇਕਦਮ ਹੀ ਮਹਰਬਾਨੀ ਸ਼ੁਰੂ ਹੋ ਗਈ। ਵਰਦੀ ਵਾਲੇ ਵੇਟਰ ਦੌੜ ਕੇ ਗਏ ਅਤੇ ਉਨ੍ਹਾਂ ਮਾਲਕ ਨੂੰ ਸਾਡੇ ਆਉਣ ਬਾਰੇ ਦੱਸਿਆ। ਇਸ ਤੋਂ ਬਾਅਦ ਸਾਡਾ ਸਮਾਨ ਚੁੱਕਣ ਲਈ ਦੋ ਕੁਲੀ ਭੇਜੇ ਗਏ। ਸਾਡਾ ਸੁਆਗਤ ਕਰਨ ਲਈ ਗਰਗ ਅਤੇ ਸਵਰਨ ਦੋਹੇਂ ਹੀ ਬਾਹਰ ਆਏ। ਸ੍ਰੀਮਤੀ ਗਰਗ ਨੇ ਆਪਣੇ ਹੱਥ ਵਿਚ ਚਾਂਦੀ ਦੀ ਥਾਲੀ ਫੜੀ ਹੋਈ ਸੀ ਜਿਸ ਵਿਚ ਚਾਰ ਦੀਵੇ ਜਗ ਰਹੇ ਸਨ, ਨਾਲ ਹੀ ਲਾਲ ਸੰਧੂਰ ਵੀ ਰੱਖਿਆ ਹੋਇਆ ਸੀ। ਉਸ ਨੇ ਥਾਲੀ ਸਾਡੇ ਚੇਹਰਿਆਂ ਸਾਹਮਣੇ ਘੁੰਮਾਈ ਅਤੇ ਫਿਰ ਚੁੰਢੀ ਭਰ ਕੇ ਸੰਧੂਰ ਸਾਡੇ ਮੱਥਿਆਂ 'ਤੇ ਲਾਇਆ। ਇਸ ਦ੍ਰਿਸ਼ ਨੂੰ ਦੇਖਣ ਲਈ ਭੀੜ ਇਕੱਠੀ ਹੋ ਗਈ ਸੀ। ਰਾਏ ਬਹਾਦਰ ਲਾਲਾ ਅਚਿੰਤ ਰਾਮ ਦਾ ਦਾਮਾਦ ਹੋਣ ਦੇ ਬਹੁਤ ਫਾਇਦੇ ਸਨ। ਫਿਰ ਵੀ ਮੈਨੂੰ ਰਤਾ ਕੁ ਔਖ ਮਹਿਸੂਸ ਹੋਈ।

ਗਰਗ ਜੋੜੀ ਸਾਨੂੰ ਆਪਣੀ ਨਿੱਜੀ ਰਿਹਾਇਸ਼ ਵਿਚ ਲੈ ਗਈ। ਇਸ ਵਿਚ ਇਕ ਵੱਡਾ ਹਾਲ ਸੀ ਜਿਸ ਦੀ ਇਕ ਕੰਧ ਤੋਂ ਪਾਣੀ ਦਾ ਝਰਨਾ ਵਹਿ ਰਿਹਾ ਸੀ ਅਤੇ ਛੱਤ 'ਤੇ ਵੱਡੇ ਫਾਨੂਸ ਲਟਕ ਰਹੇ ਸਨ। ਦਰਮਿਆਨ 'ਚ ਕੁਰਸੀਆਂ ਰੱਖੀਆਂ ਹੋਈਆਂ ਸਨ ਅਤੇ ਬਰਫ਼ ਵਿਚ ਸ਼ੈਂਪੀਅਨ ਦੀ ਬੋਤਲ ਪਈ ਸੀ। ਗਰਗ ਨੇ ਕਿਹਾ, ''ਉੱਪਰਲੇ ਹੋਟਲ ਵਿਚ ਆਪਣੇ ਸੂਟ ਵਿਚ ਜਾਣ ਤੋਂ ਪਹਿਲਾਂ ਸਾਡੇ ਨਾਲ ਇਕ ਇਕ ਗਲਾਸ ਪੀਓ। ਸੂਰਜ ਛੁਪਣ ਤੋਂ ਪਹਿਲਾਂ ਤੁਹਾਨੂੰ ਉੱਪਰ ਪਹੁੰਚਾ ਦਿੱਤਾ ਜਾਏਗਾ। ਉੱਥੋਂ ਨਜ਼ਾਰਾ ਬੜਾ ਵਧੀਆ ਦਿਸਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਤੁਹਾਨੂੰ ਇਹ ਪਸੰਦ ਆਏਗਾ।''

ਉਸ ਨੇ ਸ਼ੈਂਪੀਅਨ ਦੀ ਬੋਤਲ ਖ਼ੁਦ ਖੋਲ੍ਹੀ। ਇਸ ਦਾ ਢੱਕਣ ਉੱਚੀ ਆਵਾਜ਼ ਕਰਦਾ ਹੋਇਆ ਦੂਰ ਜਾ ਡਿੱਗਿਆ। ਗਰਗ ਨੇ ਝੱਗ ਵਾਲੀ ਵਾਈਨ ਚਾਰ ਗਲਾਸਾਂ ਵਿਚ ਪਾਈ। ਮੈਨੂੰ ਸ਼ੈਂਪੀਅਨ ਬਹੁਤੀ ਪਸੰਦ ਨਹੀਂ ਸੀ। ਸੋਨੂੰ ਨੇ ਇਸ ਦਾ ਕਦੇ ਸੁਆਦ ਨਹੀਂ ਸੀ ਚਖਿਆ। ਸਵਰਨ ਨੇ ਇਹ ਕਹਿ ਕੇ ਮਾਫੀ ਮੰਗ ਲਈ ਕਿ ਉਹ ਅਲਕੋਹਲ ਨਹੀਂ ਪੀਂਦੀ। ਪਰ ਇਸ ਮੌਕੇ ਦੀ ਨਜ਼ਾਕਤ ਸਮਝਦੇ ਹੋਏ ਮੈਂ ਆਪਣਾ ਗਲਾਸ ਪੀ ਲਿਆ। ਸੋਨੂੰ ਨੇ ਸਿਰਫ਼ ਘੁੱਟ ਹੀ ਭਰਿਆ ਸੀ। ਮੈਂ ਉਸ ਦਾ ਗਲਾਸ ਵੀ ਖਾਲੀ ਕਰ ਦਿੱਤਾ। ਗਰਗ ਨੇ ਆਪਣਾ ਗਲਾਸ ਖਾਲੀ ਕੀਤਾ। ਉਸ ਦੀ ਪਤਨੀ ਸ਼ਰਬਤ ਵਾਲੇ ਆਪਣੇ ਗਲਾਸ ਵੱਲ ਵੇਖਦੀ ਰਹੀ ਅਤੇ ਮੁਸਕਰਾਉਂਦੀ ਰਹੀ।

ਦੋਵੇਂ ਜਣੇ ਸਾਨੂੰ ਕੇਬਲ ਟਰਾਲੀ ਤੱਕ ਛੱਡਣ ਗਏ। ਸਾਡਾ ਸਮਾਨ ਪਹਿਲਾਂ ਹੀ ਇਸ

ਵਿਚ ਰੱਖਿਆ ਹੋਇਆ ਸੀ। ਜਦੋਂ ਇਹ ਟਰਾਲੀ ਉੱਪਰ ਵੱਲ ਨੂੰ ਜਾਣ ਲਈ ਰਵਾਨਾ ਹੋਈ ਤਾਂ ਉਨ੍ਹਾਂ ਸਾਡੇ ਵੱਲ ਵੇਖ ਕੇ ਹੱਥ ਹਿਲਾਏ। ਇਹ ਸਫ਼ਰ ਬੜਾ ਡਰਾਉਣਾ ਸੀ, ਨਾਲ ਹੀ ਬਹੁਤ ਹੀ ਕਮਾਲ ਦਾ ਸੀ। ਹੇਠਾਂ ਦੇਖਿਆਂ ਸਾਨੂੰ ਬੜੀ ਦੂਰ ਕੁਸੱਲਿਆ ਨਦੀ ਦੀ ਚਾਂਦੀ ਰੰਗੀ ਧਾਰ ਦਿਖਾਈ ਦੇ ਰਹੀ ਸੀ। ਵਾਦੀ ਦੇ ਪਰਲੇ ਸਿਰੇ ਪਹਾੜਾਂ ਦੀਆਂ ਢਲਾਣਾਂ 'ਤੇ ਪੌੜੀਦਾਰ ਖੇਤ ਬਣੇ ਹੋਏ ਸਨ ਅਤੇ ਛੋਟੇ ਛੋਟੇ ਪਿੰਡ ਸਨ। ਦਸ ਮਿੰਟਾਂ ਵਿਚ ਹੀ ਅਸੀਂ ਵਾਦੀ ਦੇ ਪਾਰ ਚਲੇ ਗਏ। ਪਰਲੇ ਪਾਰ ਲੱਗਣ 'ਤੇ ਮੈਨੇਜਰ ਨੇ ਸਾਡਾ ਸੁਆਗਤ ਫੁੱਲਾਂ ਦੇ ਗੁਲਦਸਤੇ ਨਾਲ ਕੀਤਾ ਅਤੇ ਸਾਨੂੰ ਸਾਡੇ ਕਮਰੇ 'ਚ ਲੈ ਗਿਆ। ਇਹ ਕਮਰਾ ਬਹੁਤ ਵੱਡਾ ਸੀ। ਇਸ 'ਚ ਰੱਖੇ ਗਏ ਮੇਜ਼ 'ਤੇ ਫਲਾਂ ਦੀ ਟੋਕਰੀ ਪਈ ਸੀ। ਇਸ ਵਿਚ ਸੇਬ, ਨਾਸ਼ਪਾਤੀਆਂ, ਕੇਲੇ ਅਤੇ ਅੰਬ ਪਏ ਸਨ। ਬਲੈਕ ਲੇਬਲ ਸਕਾਚ ਦੀ ਇਕ ਬੋਤਲ ਵੀ ਪਈ ਸੀ। ਮੈਨੇਜਰ ਨੇ ਫਰਿੱਜ ਖੋਲ੍ਹਿਆ। ਇਸ ਵਿਚ ਵਿਸਕੀ, ਜਿੰਨ ਅਤੇ ਵਾਈਨ ਦੀਆਂ ਨਿੱਕੀਆਂ ਬੋਤਲਾਂ ਦੇ ਨਾਲ ਨਾਲ ਆਲੂ ਚਿਪਸ ਦੇ ਲਿਫਾਫੇ ਅਤੇ ਸੁੱਕਾ ਮੇਵਾ ਪਿਆ ਸੀ। ਉਹ ਪੁੱਛਣ ਲੱਗਿਆ, ''ਸਰ ਸਭ ਕੁਛ ਠੀਕ ਠਾਕ ਹੈ? ਜੇ ਤੁਹਾਨੂੰ ਕੋਈ ਤਕਲੀਫ ਹੋਵੇ ਤਾਂ ਮੈਨੂੰ ਦੱਸਣਾ, ਮੈਂ ਤੁਹਾਡੀ ਸੇਵਾ ਵਿਚ ਹਾਜ਼ਰ ਹਾਂ। ਜੇ ਤੁਸੀਂ ਖਾਣਾ ਆਪਣੇ ਕਮਰੇ ਵਿਚ ਹੀ ਖਾਣਾ ਚਾਹੁੰਦੇ ਹੋ ਤਾਂ ਬੇਅਰੇ ਨੂੰ ਦੱਸ ਦੇਣਾ। ਰਾਤ ਦਾ ਖਾਣਾ ਸੱਤ ਵਜੇ ਸ਼ੁਰੂ ਹੋ ਜਾਂਦਾ ਹੈ। ਸ਼ਰਾਬ ਵਾਲਾ ਕਮਰਾ ਚੌਵੀ ਘੰਟੇ ਖੁੱਲ੍ਹਾ ਰਹਿੰਦਾ ਹੈ।'' ਉਹ ਦੋ ਕੁ ਵਾਰੀ ਝੁਕਿਆ ਅਤੇ ਫਿਰ ਬਾਹਰ ਚਲਿਆ ਗਿਆ।

ਜਦੋਂ ਮੈਨੇਜਰ ਨੇ ਦਰਵਾਜ਼ਾ ਬੰਦ ਕੀਤਾ ਤਾਂ ਮੈਂ ਸੋਨੂੰ ਨੂੰ ਆਪਣੀਆਂ ਬਾਹਾਂ ਵਿਚ ਭਰ ਲਿਆ ਅਤੇ ਉਸ ਦੇ ਬੁੱਲ੍ਹਾਂ 'ਤੇ ਚੁੰਮਣ ਲਿਆ। ਉਹ ਮੇਰੇ ਅਚਨਚੇਤ ਪ੍ਰੇਮ ਪਗਟਾਵੇ ਨਾਲ ਹੈਰਾਨ ਰਹਿ ਗਈ ਸੀ ਪਰ ਇਸ ਵਾਰ ਉਹ ਦਾ ਸਰੀਰ ਪਹਿਲਾਂ ਵਾਂਗ ਕੱਸਿਆ ਨਹੀਂ ਸੀ ਗਿਆ। ਇਸ ਦੀ ਥਾਂ ਉਹ ਇਕ ਕਦਮ ਪਿੱਛੇ ਨੂੰ ਹਟੀ, ਮੇਰੇ ਚਿਹਰੇ ਵੱਲ ਭਰਵੀਂ ਨਜ਼ਰ ਨਾਲ ਤੱਕਿਆ ਅਤੇ ਕਹਿਣ ਲੱਗੀ, ''ਤੈਨੂੰ ਦੱਸਾਂ? ਮੈਨੂੰ ਤੂੰ ਗੁੰਡਾ ਲੱਗਦਾ ਹੈਂ।''

ਮੈਂ ਜਵਾਬ ਦਿੱਤਾ, ''ਉਹ ਤਾਂ ਮੈਂ ਹਾਂ ਹੀ। ਮੇਰੇ ਨਾਲ ਵਿਆਹ ਕਰਵਾਉਣ ਤੋਂ ਬਾਅਦ ਤੂੰ ਗੁੰਡੀ ਹੋ ਗਈ ਹੈਂ।''

''ਗੁੰਡੀ ਨਾਂ ਦਾ ਕੋਈ ਸ਼ਬਦ ਨਹੀਂ ਹੈ। ਸਿਰਫ ਸਾਡੀ ਨਸਲ ਦੇ ਮਰਦ ਹੀ ਬਹੁਤ ਬੇਸ਼ਰਮ ਹਨ,'' ਉਹ ਬੱਚਿਆਂ ਵਾਂਗ ਹੱਸੀ ਅਤੇ ਉਸ ਤੋਂ ਬਾਅਦ ਕਹਿਣ ਲੱਗੀ, ''ਸਮਾਨ ਖੁੱਲ੍ਹਣ ਤੋਂ ਪਹਿਲਾਂ ਆਪਾਂ ਹੋਟਲ ਅਤੇ ਬਾਗ ਦਾ ਅਤੇ ਨਾਲ ਦੀ ਨਾਲ ਪਹਾੜੀਆਂ ਦਾ ਚੱਕਰ ਲਗਾ ਕੇ ਆਈਏ।''

ਅਸੀਂ ਬਾਹਰਲਾ ਦ੍ਰਿਸ਼ ਦੇਖਣ ਲਈ ਬਾਹਰ ਨਿਕਲੇ। ਪਿੰਡ ਦੇ ਬਜ਼ਾਰ 'ਚ ਥੋੜ੍ਹੀਆਂ ਜਿਹੀਆਂ ਦੁਕਾਨਾਂ ਸਨ ਜਾਂ ਫਿਰ ਕਿਸਾਨਾਂ ਦੀਆਂ ਝੌਪੜੀਆਂ। ਹੇਠਾਂ ਮੈਦਾਨਾਂ ਦਾ ਨਜ਼ਾਰਾ ਬਹੁਤ ਵਧੀਆ ਦਿਖਾਈ ਦਿੰਦਾ ਸੀ। ਇੰਝ ਲੱਗਦਾ ਸੀ ਜਿਵੇਂ ਅਸੀਂ ਸੰਸਾਰ ਦੀ ਚੋਟੀ 'ਤੇ

ਖੜ੍ਹੇ ਹੋਈਏ ਅਤੇ ਸਾਡੇ ਪੈਰਾਂ 'ਚ ਪਹਾੜ ਅਤੇ ਵਾਦੀ ਫੈਲੇ ਹੋਏ ਹੋਣ। ਮੌਨਸੂਨ ਲਗਭਗ ਖਤਮ ਹੋ ਚੁੱਕੀ ਸੀ। ਇਸ ਕਾਰਨ ਚੀਲ, ਦੇਵਦਾਰ ਅਤੇ ਹੋਰ ਦਰੱਖਤ ਬਿਲਕੁਲ ਸਾਫ਼ ਹੋ ਗਏ ਸਨ। ਪਹਾੜ ਹਰੇ ਅਤੇ ਨੀਲੇ ਰੰਗ ਦੇ ਸਨ। ਕਿਤੇ ਨਾ ਕਿਤੇ ਪਹਾੜਾਂ ਦੀਆਂ ਢਲਾਣਾਂ 'ਤੇ ਧੁੰਦ ਫੈਲੀ ਹੋਈ ਸੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਇਹ ਦਰੱਖਤਾਂ ਦੀਆਂ ਟਾਹਣੀਆਂ 'ਚ ਅਟਕੀ ਹੋਈ ਹੋਵੇ। ਡੁੱਬਦੇ ਸੂਰਜ ਦੀ ਰੋਸ਼ਨੀ ਵਿਚ ਪੱਛਮੀ ਦਿਸਹੱਦੇ ਉਤਲੇ ਬੱਦਲ ਲਾਲ, ਗੁਲਾਬੀ ਅਤੇ ਸੁਨਿਹਰੀ ਰੰਗੇ ਹੋ ਗਏ ਸਨ। ਅਸੀਂ ਕੁਝ ਦੇਰ ਲਈ ਬਾਹਰ ਬੈਠੇ ਰਹੇ। ਫਿਰ ਨੀਲੇ ਅਕਾਸ਼ ਵਿਚ ਦੀ ਚੰਦਰਮਾ ਚੜ੍ਹ ਆਇਆ। ਹਵਾ ਬੜੀ ਸਾਫ਼ ਅਤੇ ਤਾਜ਼ਾ ਸੀ। ਚਾਰੇ ਪਾਸੇ ਚੁੱਪ ਛਾਈ ਹੋਈ ਸੀ। ਇਸ ਤੋਂ ਬਾਅਦ ਬੀਂਡੇ ਬੋਲਣ ਲੱਗੇ। ਮੈਂ ਆਪਣੀ ਬਾਂਹ ਸੋਨੂੰ ਦੇ ਮੋਢੇ ਦੁਆਲੇ ਵਲਦੇ ਹੋਏ ਕਿਹਾ, ''ਕਿੰਨਾ ਸੁੰਦਰ ਨਜ਼ਾਰਾ ਹੈ।''

ਉਸ ਜਵਾਬ ਦਿੱਤਾ, ''ਇਹ ਸਾਰਾ ਕੁਝ ਡੈਡੀ ਕਰਕੇ ਹੈ। ਇਸ ਥਾਂ ਦਾ ਮਸ਼ਵਰਾ ਉਨ੍ਹਾਂ ਹੀ ਦਿੱਤਾ ਸੀ।''

ਅਸੀਂ ਕੁਝ ਦੇਰ ਲਈ ਘੁੰਮਦੇ ਰਹੇ। ਹੌਲ਼ੀ-ਹੌਲ਼ੀ ਰੋਸ਼ਨੀ ਖਤਮ ਹੋ ਗਈ ਅਤੇ ਰਾਤ ਦਾ ਪਹਿਰਾ ਹੋ ਗਿਆ। ਸਿਰਫ਼ ਪਲਿੱਤਣ ਮਾਰਦਾ ਚੰਦ ਹੀ ਰੋਸ਼ਨੀ ਦੇ ਰਿਹਾ ਸੀ। ਵਿਸ਼ਾਲ ਅਕਾਸ਼ ਵਿਚ ਜਿੱਥੇ ਤੱਕ ਵੀ ਨਜ਼ਰ ਜਾਂਦੀ ਸੀ, ਤਾਰਿਆਂ ਦੇ ਝੁੰਡ ਦਿਖਾਈ ਦਿੰਦੇ ਸਨ। ਹੋਟਲ ਦਾ ਜਨਰੇਟਰ ਅਵਾਜ਼ ਕਰਨ ਲੱਗਾ...ਫਟ ਫਟ। ਰੋਸ਼ਨੀਆਂ ਜਲ ਉੱਠੀਆਂ ਅਤੇ ਇਸ ਨਾਲ ਸੂਰਜ ਢਲਣ ਤੋਂ ਬਾਅਦ ਦਾ ਦ੍ਰਿਸ਼ ਬਰਬਾਦ ਹੋ ਗਿਆ। ਹੁਣ ਠੰਢ ਵੀ ਹੋ ਗਈ ਸੀ। ਅਸੀਂ ਆਪਣੇ ਕਮਰੇ ਵਿਚ ਵਾਪਸ ਚਲੇ ਗਏ। ਕਮਰੇ 'ਚ ਨਿੱਘ ਕੀਤਾ ਹੋਇਆ ਸੀ। ਮੈਂ ਮਸ਼ਵਰਾ ਦਿੱਤਾ, ''ਆਪਾਂ ਘੁੱਟ ਘੁੱਟ ਪੀ ਲਈਏ।'' ਮੇਰਾ ਵਿਚਾਰ ਸੀ ਕਿ ਇਸ ਨਾਲ ਸੋਨੂੰ ਦੇ ਅੰਦਰ ਨਿੱਘ ਪੈਦਾ ਹੋਏਗਾ ਅਤੇ ਇਸ ਤੋਂ ਬਾਅਦ ਉਹ ਆਉਣ ਵਾਲੇ ਮੌਕੇ ਲਈ ਵਧੇਰੇ ਚੰਗੀ ਤਰ੍ਹਾਂ ਤਿਆਰ ਹੋ ਜਾਏਗੀ।

ਉਹ ਨੇ ਸਖਤੀ ਨਾਲ ਜਵਾਬ ਦਿੱਤਾ, ''ਮੈਂ ਸ਼ਰਾਬ ਨਹੀਂ ਪੀਂਦੀ। ਗਰਗ ਨੇ ਜਿਹੜੀ ਚੀਜ਼ ਮੈਨੂੰ ਪਿਲਾਈ ਸੀ ਉਹ ਖਰਾਬ ਹੋਈ ਸ਼ਿਕੰਜ਼ਵੀ ਵਰਗੀ ਲੱਗਦੀ ਸੀ। ਮੇਰਾ ਤਾਂ ਪੀਣ ਨੂੰ ਜੀਅ ਨਹੀਂ ਸੀ ਕਰਦਾ।''

''ਤੂੰ ਕੈਂਪਾਰੀ ਅਤੇ ਸੋਡਾ ਪੀ ਕੇ ਦੇਖ। ਇਸ 'ਚ ਅਲਕੋਹਲ ਨਹੀਂ ਹੁੰਦੀ ਅਤੇ ਇਹ ਖੱਟਾਮਿੱਟਾ ਜਿਹਾ ਹੁੰਦਾ ਹੈ। ਤੈਨੂੰ ਇਹ ਪਸੰਦ ਆਏਗਾ। ਜੇ ਪਸੰਦ ਨਾ ਆਏ ਇਹਨੂੰ ਡੋਲ੍ਹ ਦੇਈਂ।''

ਉਸ ਨੇ ਕੁਝ ਨਾ ਕਿਹਾ। ਇਸ ਲਈ ਮੈਂ ਸਮਝ ਗਿਆ ਕਿ ਉਸ ਨੇ ਹਾਂ ਕੀਤੀ ਹੈ।

ਮੈਂ ਫਰਿੱਜ 'ਚੋਂ ਕੈਂਪਾਰੀ ਦੀ ਇਕ ਛੋਟੀ ਬੋਤਲ ਤੇ ਨਾਲ ਸੋਡੇ ਦੀ ਬੋਤਲ ਕੱਢੀ। ਇਹ ਕਾਫੀ ਠੰਡੀ ਸੀ। ਮੈਂ ਆਪਣੇ ਲਈ ਸਕਾਚ ਪਾ ਲਈ। ਗੂੜ੍ਹੇ ਲਾਲ ਰੰਗ ਵਾਲਾ ਗਲਾਸ ਮੈਂ ਉਸ ਨੂੰ ਫੜਾ ਦਿੱਤਾ ਅਤੇ ਕਿਹਾ ਕਿ ''ਇਕ ਘੁੱਟ ਭਰ ਕੇ ਦੇਖ ਤੈਨੂੰ ਕਿਸ ਤਰ੍ਹਾਂ

ਦਾ ਲੱਗਦਾ ਹੈ।''

ਉਹ ਨੇ ਘੁੱਟ ਭਰਿਆ ਅਤੇ ਕਹਿਣ ਲੱਗੀ, ''ਇਹ ਸ਼ਰਬਤ ਵਰਗਾ ਹੈ। ਪਰ ਤੜਾ ਕੁ ਕੌੜਾ ਜ਼ਿਆਦਾ ਹੈ। ਮੈਂ ਸ਼ਰਾਬੀ ਨਹੀਂ ਹੋਣਾ ਚਾਹੁੰਦੀ। ਤੁਹਾਨੂੰ ਪੱਕਾ ਪਤੈ ਕਿ ਇਸ ਦਾ ਨਸ਼ਾ ਨਹੀਂ ਹੁੰਦਾ?''

''ਜੇ ਤੈਨੂੰ ਨਸ਼ਾ ਹੋਵੇ ਤਾਂ ਇਹਨੂੰ ਹੋਰ ਨਾ ਪੀਵੀਂ। ਜਿਹੜੇ ਲੋਕ ਸ਼ਰਾਬ ਨਹੀਂ ਪੀਣਾ ਚਾਹੁੰਦੇ ਉਹ ਅਕਸਰ ਕੈਂਪਾਰੀ ਹੀ ਪੀਂਦੇ ਹਨ।''

ਅਸੀਂ ਨਾਲੋ ਨਾਲ ਬੈਠੇ ਰਹੇ। ਉਹ ਕੈਂਪਾਰੀ ਪੀਂਦੀ ਰਹੀ। ਮੈਂ ਸਕਾਚ ਤੇ ਸੋਡਾ ਪੀਂਦਾ ਰਿਹਾ। ਇਕ ਬਾਂਹ ਨਾਲ ਮੈਂ ਉਸ ਨੂੰ ਆਪਣੇ ਵੱਲ ਖਿੱਚਿਆ ਅਤੇ ਆਪਣੇ ਦੋਵੇਂ ਹੱਥਾਂ ਨਾਲ ਉਸ ਦਾ ਚੇਹਰਾ ਫੜ ਕੇ ਉਸ ਦਾ ਭਰਵਾਂ ਚੁੰਮਣ ਲਿਆ ਅਤੇ ਕਿਹਾ, ''ਰੱਬ ਦੇ ਵਾਸਤੇ ਆਪਣਾ ਮੂੰਹ ਤਾਂ ਖੋਲ੍ਹ, ਤਾਂ ਕਿ ਮੈਂ ਆਪਣੀ ਜੀਭ ਨਾਲ ਤੇਰੇ ਮੂੰਹ ਦੇ ਅੰਦਰ ਦੇ ਹਿੱਸੇ ਨੂੰ ਮਹਿਸੂਸ ਕਰ ਸਕਾਂ।''

ਉਸ ਨੇ ਮੂੰਹ ਖੋਲ੍ਹ ਦਿੱਤਾ ਪਰ ਉਤਸ਼ਾਹ ਨਾ ਦਿਖਾਇਆ। ਮੈਂ ਉਸ ਨੂੰ ਵਾਰ ਵਾਰ ਚੁੰਮਣ ਦਿੰਦਾ ਰਿਹਾ। ਮੈਂ ਉਸ ਦਾ ਸਾਰਾ ਚੇਹਰਾ ਚੁੰਮਿਆ ਅਤੇ ਫੇਰ ਉਸ ਦੇ ਬੁੱਲ੍ਹ ਚੁੰਮਣ ਲੱਗਿਆ। ਹੌਲੀ-ਹੌਲੀ ਉਹ ਵੀ ਹੁੰਗਾਰਾ ਦੇਣ ਲੱਗੀ। ਮੈਂ ਆਪਣਾ ਹੱਥ ਉਹ ਦੇ ਬਲਾਊਜ਼ ਦੇ ਹੇਠਾਂ ਖਿਸਕਾਇਆ। ਇਕ ਪਲ ਲਈ ਉਸ ਦਾ ਸਰੀਰ ਆਕੜ ਗਿਆ। ਫਿਰ ਉਹਨੇ ਮੈਨੂੰ ਆਪਣੀਆਂ ਛਾਤੀਆਂ ਸਹਿਲਾਉਣ ਦਿੱਤੀਆਂ। ਮੈਂ ਮਹਿਸੂਸ ਕੀਤਾ ਕਿ ਮੇਰੇ ਹੱਥਾਂ ਦੀ ਛੋਹ ਨਾਲ ਉਸ ਦੀਆਂ ਛਾਤੀਆਂ ਨਿੱਘੀਆਂ ਹੋ ਰਹੀਆਂ ਸਨ ਅਤੇ ਨਿੱਪਲ ਸਖਤ ਹੋ ਰਹੇ ਸਨ। ਮੈਨੂੰ ਪੱਕਾ ਨਹੀਂ ਸੀ ਪਤਾ ਕਿ ਸਹਿਵਾਸ ਦਾ ਸਹੀ ਸਮਾਂ ਆ ਗਿਆ ਹੈ ਜਾਂ ਨਹੀਂ। ਬੇਅਰਾ ਕਿਸੇ ਵੀ ਵੇਲੇ ਰਾਤ ਦੇ ਖਾਣੇ ਦਾ ਆਡਰ ਲੈਣ ਆਏਗਾ। ਅਸੀਂ ਹਾਲੇ ਵੀ ਉਹੀ ਕੱਪੜੇ ਪਾਏ ਹੋਏ ਸਨ ਜਿਹੜੇ ਅਸੀਂ ਦਿੱਲੀਓਂ ਪਾ ਕੇ ਤੁਰੇ ਸਾਂ। ਮੈਂ ਸੋਚਿਆ ਕਿ ਮੈਂ ਖਾਣ ਤੋਂ ਬਾਅਦ ਤੱਕ ਉਡੀਕ ਕਰਾਂਗਾ। ਮੈਨੂੰ ਪੱਕਾ ਲੱਗਦਾ ਸੀ ਕਿ ਇਸ ਵਾਰੀ ਉਹ ਨਾਂਹ ਨਹੀਂ ਕਰੇਗੀ।

ਮੈਂ ਪੁੱਛਿਆ, ''ਕੀ ਆਪਾਂ ਡਿਨਰ ਦਾ ਆਡਰ ਦੇ ਦੇਈਏ?''

ਉਹ ਮੇਰੀ ਬੁੱਕਲ 'ਚੋਂ ਬਾਹਰ ਨਿਕਲੀ ਅਤੇ ਕਹਿਣ ਲੱਗੀ, ''ਚਲੋ ਆਪਾਂ ਖਾਣ ਵਾਲੇ ਕਮਰੇ 'ਚ ਚੱਲਦੇ ਹਾਂ ਅਤੇ ਉੱਥੋਂ ਦੀ ਰੌਣਕ ਦੇਖਦੇ ਹਾਂ। ਬਹੁਤ ਸਾਰੇ ਲੋਕਾਂ ਦੇ ਹੋਣ ਕਰਕੇ ਉੱਥੇ ਮੌਜ ਮੇਲਾ ਹੋਏਗਾ। ਜੇ ਅਸੀਂ ਇੱਥੇ ਖਾਣਾ ਖਾਧਾ ਤਾਂ ਖਾਣੇ ਦੀ ਮੁਸ਼ਕ ਸਾਰੀ ਰਾਤ ਕਮਰੇ ਵਿਚ ਰਹੇਗੀ।''

ਖਾਣ ਵਾਲੇ ਕਮਰੇ 'ਚ 100 ਦੇ ਕਰੀਬ ਲੋਕ ਹਾਜ਼ਰ ਸਨ ਜਿਨ੍ਹਾਂ ਵਿਚੋਂ ਕੁਝ ਨਵੇਂ ਵਿਆਹੇ ਜੋੜੇ ਵੀ ਸਨ। ਅਸੀਂ ਬਿਨਾਂ ਮੁਸਕਰਾਇਆ, ਇਕ ਦੂਜੇ ਵੱਲ ਵੇਖਿਆ। ਸੋਨੂੰ ਨੇ ਮੀਨੂ ਕਾਰਡ 'ਤੇ ਝਾਤੀ ਮਾਰੀ ਅਤੇ ਕਹਿਣ ਲੱਗੀ, ''ਮੈਂ ਤਾਂ ਚਿਕਨ ਬਰਿਆਨੀ ਲਵਾਂਗੀ। ਤੁਸੀਂ ਕੀ ਲਵੋਗੇ?''

''ਮੈਂ ਵੀ ਇਹੀ ਕੁਝ ਲਵਾਂਗਾ ਅਤੇ ਥੋੜ੍ਹੀ ਜਿਹੀ ਦਾਲ ਵੀ।''

ਬੇਅਰੇ ਨੇ ਆਡਰ ਲਿਆ ਅਤੇ ਪੁੱਛਣ ਲੱਗਿਆ, ''ਸਰ ਪੀਣ ਲਈ ਕੁਛ?'' ਉਸ ਮੈਨੂੰ ਪੀਣ ਵਾਲੇ ਪਦਾਰਥਾਂ ਦੀ ਸੂਚੀ ਫੜਾ ਦਿੱਤੀ।

''ਇਕ ਕੈਂਪਾਰੀ ਹੋਰ ਲਏਂਗੀ? ਜਾਂ ਠੰਡੀ ਚਿੱਟੀ ਵਾਈਨ ਪੀਣਾ ਚਾਹੇਂਗੀ। ਗਰੋਵਰਜ਼ ਦੀ ਵਾਈਨ ਮਾੜੀ ਨਹੀਂ ਹੈ। ਇਹ ਫਰਾਂਸਿਸੀ ਵਾਈਨਾਂ ਵਰਗੀ ਹੈ। ਇਸ ਵਿਚ ਅਲਕੋਹਲ ਨਹੀਂ ਹੁੰਦੀ। ਇਕ ਗਿਲਾਸ ਪੀ ਕੇ ਦੇਖ।''

ਉਹਨੇ ਹਾਂ ਵਿਚ ਸਿਰ ਹਿਲਾਇਆ ਅਤੇ ਕਹਿਣ ਲੱਗੀ, ''ਤੁਸੀਂ ਜੋ ਚਾਹੋ ਉਹ ਪੀ ਲਵਾਂਗੀ। ਜੇ ਮੈਨੂੰ ਪਸੰਦ ਨਾ ਆਈ ਤਾਂ ਤੁਸਾਂ ਖਤਮ ਕਰ ਦੇਣਾ।''

ਮੈਂ ਸਫੈਦ ਵਾਈਨ ਦਾ ਆਰਡਰ ਦਿੱਤਾ। ਬੇਅਰੇ ਨੇ ਮੇਜ਼ 'ਤੇ ਮੋਮਬੱਤੀ ਜਗਾ ਦਿੱਤੀ। ਉਹ ਗਰੋਵਰਜ਼ ਵਾਈਨ ਦੀ ਬੋਤਲ ਲੈ ਕੇ ਆਇਆ ਅਤੇ ਸਾਡੇ ਸਾਹਮਣੇ ਗਿਲਾਸ ਧਰ ਦਿੱਤੇ। ਉਹਨੇ ਮੇਰੇ ਗਿਲਾਸ ਵਿਚ ਥੋੜ੍ਹੀ ਜਿਹੀ ਵਾਈਨ ਪਾਈ ਤਾਂ ਕਿ ਮੈਂ ਇਹਦਾ ਸੁਆਦ ਚਖ ਕੇ ਦੇਖਾਂ। ਮੈਂ ਸੁਆਦ ਚਖਿਆ ਅਤੇ 'ਠੀਕ ਹੈ' ਕਿਹਾ। ਉਹਨੇ ਸਾਡੇ ਗਿਲਾਸ ਭਰ ਦਿੱਤੇ।

''ਸਭ ਤੋਂ ਪਹਿਲਾਂ ਦੋਹਾਂ ਹੱਥਾਂ ਵਿਚ ਗਿਲਾਸ ਫੜ ਅਤੇ ਵਾਈਨ ਨੂੰ ਸੁੰਘ।'' ਮੈਂ ਨਾਲ ਹੀ ਇਸ ਤਰ੍ਹਾਂ ਕਰ ਕੇ ਦਿਖਾਇਆ। ਉਸ ਨੇ ਮੇਰੀ ਨਕਲ ਕੀਤੀ ਅਤੇ ਫਿਰ ਘੁੱਟ ਭਰਿਆ। ਕਹਿਣ ਲੱਗੀ, ''ਮਾੜੀ ਨਹੀਂ। ਮੈਨੂੰ ਲੱਗਦਾ ਹੈ ਕਿ ਤੇਰੀ ਸੰਗਤ 'ਚ ਰਹਿ ਕੇ ਮੈਂ ਛੇਤੀ ਹੀ ਸ਼ਰਾਬਣ ਬਣ ਜਾਵਾਂਗੀ। ਹਰ ਕੋਈ ਸਾਡੇ ਵੱਲ ਵੇਖ ਰਿਹਾ ਹੈ। ਇਕ ਭਾਰਤੀ ਲਾੜੀ ਸ਼ਰਾਬ ਪੀ ਰਹੀ ਹੈ। ਭਾਰਤ ਦਾ ਕੀ ਬਣੇਗਾ!''

''ਇਨ੍ਹਾਂ ਲੋਕਾਂ ਨੂੰ ਜਹੰਨੁਮ ਵਿਚ ਜਾਣ ਦੇ।''

ਖਾਣਾ ਬੜਾ ਕਮਾਲ ਦਾ ਸੀ। ਬਰਿਆਨੀ ਦੇ ਨਾਲ ਠੰਡੀ ਵਾਈਨ ਪੀਣ ਦਾ ਆਪਣਾ ਹੀ ਮਜ਼ਾ ਸੀ। ਹੌਲੀ ਹੌਲੀ ਖਾਣ ਵਾਲਾ ਕਮਰਾ ਖਾਲੀ ਹੁੰਦਾ ਗਿਆ। ਅਸਾਂ ਵੀ ਆਪਣੇ ਕਮਰੇ 'ਚ ਜਾਣ ਦਾ ਫੈਸਲਾ ਕੀਤਾ। ਮੈਂ ਬੇਅਰੇ ਨੂੰ ਕਿਹਾ ਕਿ ਬਚੀ ਹੋਈ ਅੱਧੀ ਬੋਤਲ ਅਗਲੇ ਦਿਨ ਲਈ ਬਚਾ ਕੇ ਰੱਖ ਲਵੇ। ਵਾਈਨ ਦੇ ਦੋ ਛੋਟੇ ਛੋਟੇ ਗਿਲਾਸਾਂ ਨਾਲ ਹੀ ਸੋਨੂੰ ਦਾ ਸਿਰ ਚਕਰਾਉਣ ਲੱਗਾ ਸੀ। ਜਦੋਂ ਅਸੀਂ ਬਾਹਰ ਨਿਕਲ ਕੇ ਆਪਣੇ ਕਮਰੇ ਤੱਕ ਜਾਣ ਲਈ ਪੌੜੀਆਂ ਚੜ੍ਹਨ ਲੱਗੇ ਤਾਂ ਉਹ ਨੇ ਮੇਰਾ ਹੱਥ ਫੜ ਲਿਆ। ਕੁਝ ਸਮੇਂ ਲਈ ਅਸੀਂ ਟੀ ਵੀ ਦੇਖਦੇ ਰਹੇ। ਫਿਰ ਸੋਨੂੰ ਉੱਠੀ ਅਤੇ ਕਹਿਣ ਲੱਗੀ, ''ਮੈਂ ਨਹਾਉਣ ਚੱਲੀ ਹਾਂ। ਮੈਨੂੰ ਲੱਗਦਾ ਹੈ ਕਿ ਮੈਨੂੰ ਹਲਕੀ ਹਲਕੀ ਸ਼ਰਾਬ ਚੜ੍ਹ ਗਈ ਹੈ। ਬਾਥਰੂਮ 'ਚ ਗਰਮ ਪਾਣੀ ਆ ਰਿਹਾ ਹੈ।'' ਮੈਂ ਅੰਦਾਜ਼ਾ ਲਾਇਆ ਕਿ ਉਹ ਕੱਪੜੇ ਬਦਲਣ ਗਈ ਹੈ। ਜਦੋਂ ਵਾਪਸ ਆਈ ਤਾਂ ਉਹ ਦੇ ਨਾਈਟੀ ਪਾਈ ਹੋਈ ਸੀ। ਮੈਂ ਵੀ ਉਸੇ ਤਰ੍ਹਾਂ ਹੀ ਕੀਤਾ। ਮੈਂ ਗਰਮ ਪਾਣੀ ਨਾਲ ਨਹਾਤਾ, ਸ਼ੇਵ ਕੀਤੀ ਅਤੇ ਰਾਤ ਵਾਲੇ ਕੱਪੜੇ ਪਹਿਨ ਲਏ। ਜਦ ਮੈਂ ਬਾਹਰ ਆਇਆ ਤਾਂ

ਉਦੋਂ ਤੱਕ ਟੀ ਵੀ ਬੰਦ ਕਰ ਦਿੱਤਾ ਗਿਆ ਸੀ, ਸੋਨੂੰ ਬਿਸਤਰੇ 'ਚ ਪਈ ਸੀ ਅਤੇ ਕੰਬਲ ਨਾਲ ਆਪਣਾ ਸਿਰ ਢਕਿਆ ਹੋਇਆ ਸੀ। ਮੈਂ ਵੀ ਕੰਬਲ ਦੇ ਹੇਠਾਂ ਜਾ ਪਿਆ। ਉਹ ਨੇ ਮੇਰੇ ਲਈ ਥਾਂ ਤਾਂ ਬਣਾ ਲਿਆ ਪਰ ਸਖਤੀ ਨਾਲ ਕਹਿਣ ਲੱਗੀ, ''ਮੇਰੇ ਨਾਲ ਜ਼ਬਰਦਸਤੀ ਨਾ ਕਰੀਂ। ਮੈਂ ਹਾਲੇ ਤੱਕ ਵੀ ਤਿਆਰ ਨਹੀਂ।''

''ਖਾਣੇ ਤੋਂ ਪਹਿਲਾਂ ਤਾਂ ਤੂੰ ਕਾਫੀ ਤਿਆਰ ਲੱਗਦੀ ਸੀ। ਹੁਣ ਕੀ ਹੋ ਗਿਆ?''

''ਹੁਣ ਮੂਡ ਨਹੀਂ ਰਿਹਾ। ਮੈਨੂੰ ਕੁਝ ਸਮਾਂ ਦਿਓ।''

ਮੈਂ ਉਹਦੇ ਬਿਸਤਰੇ 'ਚੋਂ ਬਾਹਰ ਨਿਕਲਿਆ ਅਤੇ ਆਪਣੇ ਬਿਸਤਰੇ 'ਚ ਜਾ ਵੜਿਆ। ਉਹਨੇ ਬੇਨਤੀ ਕੀਤੀ ਕਿ ''ਮੇਰੇ ਨਾਲ ਗੁੱਸੇ ਨਾ ਹੋਣਾ ਜਦੋਂ ਮੈਂ ਤਿਆਰ ਹੋਵਾਂਗੀ ਮੈਂ ਤੁਹਾਨੂੰ ਦੱਸ ਦਿਆਂਗੀ।''

ਮੈਂ ਗੁੱਸੇ ਵਿਚ ਸਾਂ ਅਤੇ ਬਹੁਤ ਕਾਹਲਾ ਸਾਂ। ਮੈਂ ਸੌਣ ਦੀ ਕੋਸ਼ਿਸ਼ ਕੀਤੀ। ਮੈਂ ਦੋ ਸੌ ਮੀਲ ਕਾਰ ਚਲਾ ਕੇ ਆਇਆ ਸਾਂ। ਪਰ ਨੀਂਦ ਨਹੀਂ ਸੀ ਆ ਰਹੀ। ਅੱਧੀ ਰਾਤ ਦੇ ਕਰੀਬ ਬਿਜਲੀ ਦੇ ਲਿਸ਼ਕਣ ਅਤੇ ਬੱਦਲਾਂ ਦੀ ਗੜਗੜਾਹਟ ਨਾਲ ਮੇਰੀ ਜਾਗ ਖੁੱਲ੍ਹੀ। ਇਸ ਨਾਲ ਹੋਟਲ ਦੀ ਸਾਰੀ ਇਮਾਰਤ ਹਿੱਲਦੀ ਪ੍ਰਤੀਤ ਹੁੰਦੀ ਸੀ। ਲਗਾਤਾਰ ਬਿਜਲੀ ਲਿਸ਼ਕ ਰਹੀ ਸੀ। ਜਦੋਂ ਮੌਨਸੂਨ ਆਪਣੇ ਅੰਤਿਮ ਦਿਨਾਂ 'ਤੇ ਹੁੰਦੀ ਹੈ ਤਾਂ ਇਹ ਆਪਣੇ ਗੁੱਸੇ ਦਾ ਬੜਾ ਖਤਰਨਾਕ ਪ੍ਰਗਟਾਵਾ ਕਰਦੀ ਹੈ। ਮੀਂਹ ਪੈਣ ਲੱਗਾ ਅਤੇ ਮੈਨੂੰ ਢਾਲਵੀਂ ਛੱਤ 'ਤੇ ਪੈ ਰਹੀਆਂ ਬੂੰਦਾਂ ਦੇ ਇਲਾਵਾ ਹੋਰ ਕੋਈ ਅਵਾਜ਼ ਨਹੀਂ ਸੀ ਸੁਣਾਈ ਦਿੰਦੀ।

ਸੋਨੂੰ ਉੱਠ ਖੜ੍ਹੀ ਹੋਈ ਅਤੇ ਮੇਰੇ ਸਰਹਾਣੇ ਕੋਲ ਆ ਖੜ੍ਹੀ ਹੋਈ, ''ਮੈਨੂੰ ਡਰ ਲੱਗਦਾ ਏ। ਕੀ ਮੈਂ ਤੇਰੇ ਬਿਸਤਰ 'ਚ ਆ ਪਵਾਂ?''

ਮੈਂ ਉਹਦੇ ਪੈਣ ਲਈ ਥਾਂ ਬਣਾਇਆ। ਉਹ ਡਰੇ ਹੋਏ ਬੱਚੇ ਵਾਂਗ ਮੈਨੂੰ ਚਿੰਬੜ ਗਈ। ਜਦੋਂ ਵੀ ਬਿਜਲੀ ਚਮਕਦੀ ਜਾਂ ਬੱਦਲ ਗਰਜਦੇ ਤਾਂ ਉਹ ਮੈਨੂੰ ਹੋਰ ਘੁੱਟ ਕੇ ਜੱਫੀ ਪਾ ਲੈਂਦੀ। ਮੈਂ ਉਹਨੂੰ ਆਪਣੇ ਨਾਲ ਘੁੱਟ ਕੇ ਉਹਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਅਸਾਂ ਇਕ ਦੂਜੇ ਨੂੰ ਚੁੰਮਣਾ ਸ਼ੁਰੂ ਕੀਤਾ। ਇਸ ਵਾਰ ਉਹ ਨੇ ਆਪਣਾ ਮੂੰਹ ਖੁੱਲ੍ਹਾ ਛੱਡ ਦਿੱਤਾ। ਫਿਰ ਉਹ ਨੇ ਆਪਣੀਆਂ ਛਾਤੀਆਂ 'ਤੇ ਮੇਰੇ ਹੱਥ ਵੀ ਫਿਰਨ ਦਿੱਤੇ। ਮੈਂ ਉਨ੍ਹਾਂ ਨੂੰ ਭੁੱਖੇ ਬੱਚੇ ਵਾਂਗ ਚਿੰਬੜ ਗਿਆ। ਉਹ ਪੂਰੀ ਤਰ੍ਹਾਂ ਤਿਆਰ ਹੋ ਗਈ ਜਾਪਦੀ ਸੀ। ਮੈਂ ਉਹਦੇ ਪੱਟਾਂ ਵਿਚਾਲੇ ਹੱਥ ਪਾਇਆ ਅਤੇ ਹੌਲੀ ਹੌਲੀ ਫੇਰਨ ਲੱਗਿਆ। ਉਹ ਖ਼ੁਸ਼ੀ ਨਾਲ ਕਰਾਹੁਣ ਲੱਗੀ। ਮੈਂ ਮਹਿਸੂਸ ਕੀਤਾ ਕਿ ਸਿਖਰ ਦਾ ਸਮਾਂ ਆ ਗਿਆ ਹੈ। ਪਰ ਇਸ ਤੋਂ ਪਹਿਲਾਂ ਕਿ ਮੈਂ ਕੋਈ ਹਰਕਤ ਕਰਦਾ ਉਹ ਸਿਖਰ ਤੱਕ ਵੀ ਪਹੁੰਚ ਚੁੱਕੀ ਸੀ ਅਤੇ ਇਕਦਮ ਹੀ ਮੁਰਦੇ ਵਾਂਗ ਢਹਿ ਢੇਰੀ ਹੋ ਗਈ।

ਮੈਂ ਰੋਸ ਵਜੋਂ ਕਿਹਾ, ''ਇਹ ਠੀਕ ਨਹੀਂ ਹੈ। ਤੂੰ ਤਾਂ ਸਾਰਾ ਮਜ਼ਾ ਲੈ ਲਿਆ ਪਰ ਮੈਨੂੰ ਸੁੱਕਾ ਛੱਡ ਦਿੱਤਾ।''

ਉਹ ਪੁੱਛਣ ਲੱਗੀ, ''ਕੀ ਮਤਲਬ ਹੈ ਤੇਰਾ? ਤੈਨੂੰ ਪਸੰਦ ਨਹੀਂ ਆਇਆ?'' ਮੈਂ ਉਹ ਦਾ ਹੱਥ ਫੜਿਆ ਅਤੇ ਆਪਣੇ ਅੰਗ 'ਤੇ ਰੱਖ ਦਿੱਤਾ। ਉਹਨੇ ਇਸ ਨੂੰ ਟੋਹਿਆ ਅਤੇ ਕਹਿਣ ਲੱਗੀ, ''ਇਸ ਨਾਲ ਤਾਂ ਮੈਂ ਮਰ ਹੀ ਜਾਵਾਂਗੀ।''

ਮੈਂ ਉਹ ਨੂੰ ਹੌਸਲਾ ਦਿੱਤਾ ਕਿ ਪਹਿਲੀ ਵਾਰੀ ਹੀ ਤਕਲੀਫ ਹੁੰਦੀ ਹੈ।

ਇਕ ਘੰਟੇ ਮਗਰੋਂ ਅਸਾਂ ਫਿਰ ਚੁੰਮਣਾ ਸ਼ੁਰੂ ਕੀਤਾ। ਇਸ ਵਾਰ ਫਿਰ ਮੈਂ ਪਹਿਲਾਂ ਵਾਂਗ ਹੀ ਕੀਤਾ। ਮੈਂ ਉਹਨੂੰ ਚੇਤਾਵਨੀ ਦਿੱਤੀ, ''ਇਸ ਵਾਰ ਧੋਖਾ ਨਹੀਂ ਕਰਨਾ। ਇਸ ਵਾਰ ਵਨ ਵੇ ਟ੍ਰੈਫਿਕ ਨਹੀਂ ਹੋਏਗਾ।''

ਉਹ ਫੁਸਫਸਾਈ, ''ਠੀਕ ਹੈ ਪਰ ਕਾਹਲੀ ਨਾ ਕਰੀਂ।''

ਮੈਂ ਕਾਹਲੀ ਨਹੀਂ ਕੀਤੀ। ਮੈਨੂੰ ਪਤਾ ਸੀ ਕਿ ਉਹ ਅਜੇ ਤੱਕ ਕੰਜ ਕੁਆਰੀ ਹੈ। ਮੇਰੀ ਕਾਰਵਾਈ ਨਾਲ ਉਹ ਦਰਦ ਨਾਲ ਉੱਚੀ ਉੱਚੀ ਚੀਕਣ ਲੱਗੀ ਅਤੇ ਤਿੱਤਲੀਆਂ ਦੇ ਪਰ ਫੜਫੜਾਉਣ ਵਾਂਗ ਬਿਸਤਰੇ 'ਤੇ ਆਪਣੇ ਹੱਥ ਮਾਰਨ ਲੱਗੀ। ਮੈਂ ਕਈ ਮਹੀਨਿਆਂ ਤੱਕ ਔਰਤਾਂ ਤੋਂ ਦੂਰ ਰਿਹਾ ਸਾਂ।

ਉਹ ਕੁਝ ਸਮੇਂ ਤੱਕ ਬੋਲਦੀ ਰਹੀ ਅਤੇ ਕਹਿਣ ਲੱਗੀ ''ਤੂੰ ਬੁਰਸ਼ਾ ਹੈ, ਦੇਖ ਤੂੰ ਮੇਰਾ ਕੀ ਹਾਲ ਕਰ ਦਿੱਤਾ!''

ਉਹਨੇ ਟੇਬਲ ਲੈਂਪ ਜਗਾਇਆ। ਚਿੱਟੀ ਚਾਦਰ 'ਤੇ ਖ਼ੂਨ ਦੇ ਧੱਬੇ ਸਨ। ਉਹ ਕਹਿਣ ਲੱਗੀ, ''ਸਵੇਰੇ ਬਿਸਤਰੇ ਸਾਫ਼ ਕਰਨ ਆਇਆ ਹੋਟਲ ਦਾ ਮੁਲਾਜ਼ਮ ਕੀ ਸੋਚੇਗਾ?''

ਮੈਂ ਜਵਾਬ ਦਿੱਤਾ, ''ਉਨ੍ਹਾਂ ਨੂੰ ਇਸ ਦੀ ਆਦਤ ਹੋ ਗਈ ਹੋਣੀ ਹੈ। ਇਹ ਹਨੀਮੂਨ ਵਾਲਾ ਕਮਰਾ ਹੈ ਅਤੇ ਬਹੁਤੀਆਂ ਲਾੜੀਆਂ ਦੇ ਕੁਆਰਪਣ ਇੱਥੇ ਭੰਗ ਹੁੰਦੇ ਹੋਣਗੇ। ਫਿਰ ਵੀ ਮੈਂ ਇਸਨੂੰ ਟਬ ਵਿਚ ਪਾ ਦਿੰਦਾ ਹਾਂ ਤਾਂ ਕਿ ਧੱਬੇ ਮਿਟ ਜਾਣ।''

ਅਸੀਂ ਉੱਠ ਖੜ੍ਹੇ ਹੋਏ। ਚਾਦਰ ਖਿੱਚੀ ਅਤੇ ਇਸਨੂੰ ਗਰਮ ਪਾਣੀ ਦੀ ਬਾਲਟੀ 'ਚ ਪਾ ਦਿੱਤਾ। ਮੈਂ ਆਪਣੇ ਆਪ ਨੂੰ ਵੀ ਸਾਫ਼ ਕੀਤਾ। ਮੇਰੇ 'ਤੇ ਵੀ ਖ਼ੂਨ ਲੱਗਾ ਹੋਇਆ ਸੀ। ਉਸ ਦੇ ਸਰੀਰ 'ਤੇ ਵੀ ਖ਼ੂਨ ਸੀ।

''ਹੁਣ ਅਸੀਂ ਸਹੀ ਤਰੀਕੇ ਨਾਲ ਸ਼ਾਦੀਸ਼ੁਦਾ ਹੋ ਗਏ ਹਾਂ। ਸਾਡੀ ਸ਼ਾਦੀ ਮੁਕੰਮਲ ਹੋ ਗਈ ਹੈ।''

ਉਹ ਬੋਲੀ, ''ਮੈਨੂੰ ਤਕਲੀਫ ਹੁੰਦੀ ਹੈ। ਇਹ ਕਿਸ ਤਰ੍ਹਾਂ ਦਾ, ਮੈਂ...।''

ਸਾਡੇ ਕੋਲ ਇਸ ਤੋਂ ਸਿਵਾ ਕੋਈ ਚਾਰਾ ਨਹੀਂ ਸੀ ਬਚਿਆ ਕਿ ਅਸੀਂ ਸੋਨੂੰ ਦੇ ਬਿਸਤਰੇ 'ਚ ਇਕੱਠੇ ਸੌਂਈਂਦੇ। ਛੇਤੀ ਹੀ ਉਹ ਗਹਿਰੀ ਨੀਂਦ ਸੌਂ ਗਈ। ਜਦੋਂ ਅਸੀਂ ਉੱਠੇ ਉਦੋਂ ਤੱਕ ਬੱਦਲ ਉੱਡ ਚੁੱਕੇ ਸਨ ਅਤੇ ਸੂਰਜ ਦੀ ਰੋਸ਼ਨੀ ਬਾਗ ਵਿਚ ਖਿੜੇ ਫੁੱਲਾਂ 'ਤੇ ਪੈ ਰਹੀ ਸੀ।

ਅਸਾਂ ਨਾਸ਼ਤਾ ਆਪਣੇ ਕਮਰੇ ਵਿਚ ਹੀ ਮੰਗਵਾ ਲਿਆ। ਅਸੀਂ ਨਹਾਤੇ, ਕੱਪੜੇ

ਪਾਏ ਅਤੇ ਹੋਟਲ ਦੇ ਨਾਲ ਨਾਲ ਜੰਗਲ 'ਚ ਸੈਰ ਕਰਨ ਲਈ ਚਲੇ ਗਏ। ਸੋਨੂੰ ਨੇ ਸ਼ਿਕਾਇਤ ਕੀਤੀ, ''ਮੇਰੇ ਦਰਦ ਹੁੰਦੀ ਹੈ ਅਤੇ ਸਰੀਰ ਆਕੜਿਆ ਪਿਆ ਹੈ। ਬਹੁਤਾ ਲੰਮਾ ਨਹੀਂ ਚੱਲ ਸਕਦੀ। ਸਭ ਤੇਰਾ ਕੀਤਾ ਕਰਾਇਆ ਹੈ।''

''ਉੱਥੇ ਕੁਝ ਵੈਸਲੀਨ ਲਾ ਲੈ। ਇਹਦੇ ਲਾਉਣ ਨਾਲ ਤੂੰ ਠੀਕ ਠਾਕ ਹੋ ਜਾਏਗੀ।''

ਦੁਪਹਿਰ ਤੱਕ ਉਹਦੀ ਦਰਦ ਜਾਂਦੀ ਰਹੀ ਸੀ। ਉਹਨੂੰ ਇਸ ਗੱਲ ਦਾ ਪਤਾ ਸੀ ਕਿ ਇਹ ਦਰਦ ਕਿਉਂ ਪੈਦਾ ਹੋਈ ਸੀ ਅਤੇ ਉਹ ਇਸ ਕਾਰਨ ਹਾਸਲ ਹੋਏ ਅਨੰਦ ਨੂੰ ਦੁਹਰਾਉਣ ਲਈ ਤਿਆਰ ਸੀ। ਉਹਨੇ ਆਪਣੇ ਸਰੀਰ 'ਤੇ ਵੈਸਲੀਨ ਮਲੀ। ਇਸ ਵਾਰ ਕੋਈ ਦਰਦ ਨਹੀਂ ਸੀ ਸਗੋਂ ਅਸੀਮ ਅਨੰਦ ਸੀ। ਤੀਜੇ ਦਿਨ ਤਾਂ ਇਹ ਹਾਲ ਹੋ ਗਿਆ ਕਿ ਉਹ ਦੁਪਹਿਰ ਅਤੇ ਰਾਤ ਨੂੰ ਦੋਵੇਂ ਸਮੇਂ ਹੀ ਸਹਿਵਾਸ ਦੀ ਇਛੁਕ ਸੀ। ਚੌਥੇ ਦਿਨ ਉਹ ਵੱਡੇ ਤੜਕੇ ਜਾਗਣ ਵੇਲੇ, ਦੁਪਹਿਰ ਤੋਂ ਬਾਅਦ ਸੌਣ ਵੇਲੇ, ਸ਼ਾਮ ਨੂੰ ਪੈੱਗ ਪੀਣ ਵੇਲੇ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਸਹਿਵਾਸ ਦੀ ਇੱਛਾ ਰੱਖਣ ਲੱਗੀ। ਇੰਝ ਲੱਗਦਾ ਸੀ ਕਿ ਉਹ ਇਸ ਮਾਮਲੇ 'ਚ ਥੱਕਣ ਵਾਲੀ ਨਹੀਂ ਸੀ। ਉਹਨੂੰ ਪਤਾ ਸੀ ਕਿ ਮੈਨੂੰ ਕਿਵੇਂ ਤਿਆਰ ਕਰਨਾ ਹੈ। ਉਹ ਨਹਾ ਕੇ ਬਾਹਰ ਨਿਕਲਦੀ ਤਾਂ ਜਾਲੀਦਾਰ ਕਮੀਜ਼ ਪਾਈ ਹੁੰਦੀ। ਇਸ ਕਮੀਜ਼ ਵਿਚ ਦੀ ਉਸ ਦੀਆਂ ਛਾਤੀਆਂ ਦਿਖਾਈ ਦਿੰਦੀਆਂ ਅਤੇ ਨਾਲ ਹੀ ਉਸ ਦੇ ਨੰਗੇ ਪੱਟ ਵੀ। ਉਹ ਸ਼ੀਸ਼ੇ ਦੇ ਸਾਹਮਣੇ ਖੜ੍ਹੀ ਹੋ ਕੇ ਆਪਣੇ ਵਾਲ ਵਾਹੁੰਦੀ ਜਿਸ ਨਾਲ ਉਹ ਦੀਆਂ ਛਾਤੀਆਂ ਹਿੱਲਦੀਆਂ। ਫਿਰ ਉਹ ਝੁਕ ਕੇ ਕੋਈ ਕੰਮ ਕਰਦੀ ਜਿਸ ਨਾਲ ਉਹਦਾ ਪਿੱਛਾ ਨੰਗਾ ਹੋ ਜਾਂਦਾ। ਉਹਨੂੰ ਪਤਾ ਸੀ ਕਿ ਇਸ ਤਰ੍ਹਾਂ ਹੌਲੀ ਹੌਲੀ ਆਪਣੇ ਅੰਗ ਦਿਖਾਉਣ ਦੇ ਬੜੇ ਲਾਭ ਹੁੰਦੇ ਸਨ। ਫਿਰ ਉਹ ਮੇਰੇ ਵੱਲ ਆਉਂਦੀ ਅਤੇ ਮੈਨੂੰ ਕਹਿੰਦੀ, ''ਮੈਨੂੰ ਪਤਾ ਹੈ ਤੇਰੇ ਮਨ ਵਿਚ ਕੀ ਹੈ। ਚੱਲ ਆ ਜਾ।''

ਪੰਜਵੀਂ ਸ਼ਾਮ ਤੱਕ ਪਹੁੰਚਦਿਆਂ ਉਹ ਅਨੰਦ ਦੇ ਸਿਖਰ 'ਤੇ ਸੀ। ਪਹਾੜਾਂ 'ਤੇ ਪੂਰਾ ਚੰਦਰਮਾ ਖਿੜਿਆ ਹੋਇਆ ਸੀ। ਉਹਨੇ ਰੋਸ਼ਨੀਆਂ ਬੰਦ ਕਰ ਦਿੱਤੀਆਂ। ਚੰਨ ਚਾਨਣੀ ਸਾਡੇ ਕਮਰੇ 'ਚ ਭਰ ਗਈ। ਉਹ ਨੇ ਵਾਦੀ ਵੱਲ ਖੁੱਲ੍ਹਦੀ ਖਿੜਕੀ ਖੋਲ੍ਹ ਦਿੱਤੀ ਅਤੇ ਬਾਹਰ ਦਾ ਦ੍ਰਿਸ਼ ਦੇਖਣ ਲੱਗੀ ਅਤੇ ਕਹਿਣ ਲੱਗੀ, ''ਮੋਹਣ ਆ ਕੇ ਦੇਖ ਕਿੰਨਾ ਸੁੰਦਰ ਨਜ਼ਾਰਾ ਹੈ!''

ਮੈਂ ਉਹਦੇ ਮਗਰ ਆ ਕੇ ਖੜ੍ਹਾ ਹੋ ਗਿਆ। ਮੇਰਾ ਸਿਰ ਉਹ ਦੇ ਮੋਢਿਆਂ 'ਤੇ ਟਿਕਿਆ ਹੋਇਆ ਸੀ। ਉਹਨੇ ਆਪਣੇ ਪਿੱਛੇ ਨੂੰ ਪਿੱਛੇ ਥੱਕਿਆ ਜਿਸ ਨਾਲ ਅਸੀਂ ਆਪਸ ਵਿਚ ਭਿੜ ਗਏ। ਮੈਂ ਖੜ੍ਹੇ ਖੜ੍ਹੇ ਹੀ ਉਸ ਨਾਲ ਸਹਿਵਾਸ ਕਰਨਾ ਸ਼ੁਰੂ ਕੀਤਾ। ਬੜਾ ਅਨੰਦ ਆਇਆ। ਮੇਰਾ ਤਜਰਬਾ ਦੱਸਦਾ ਸੀ ਕਿ ਇਸ ਆਸਣ ਵਿਚ ਔਰਤਾਂ ਛੇਤੀ ਸਿਖਰ 'ਤੇ ਪਹੁੰਚਦੀਆਂ ਹਨ। ਉਹ ਉਸੇ ਤਰ੍ਹਾਂ ਹੀ ਖਿੜਕੀ ਵਿਚੋਂ ਬਾਹਰ ਦੇਖਦੀ ਖੜ੍ਹੀ ਸੀ। ਮੈਂ ਉਸ ਨੂੰ ਕਿਹਾ, ''ਬਿਸਤਰੇ 'ਚ ਜਾਣਾ ਠੀਕ ਰਹੇਗਾ। ਚੰਦਰਮਾ ਨੂੰ ਦੇਖਣ ਦਿਓ ਕਿ ਅਸੀਂ ਕਿਵੇਂ ਪਿਆਰ ਕਰਦੇ ਹਾਂ। ਉਹ ਉੱਥੇ ਹੀ ਦਰੀ 'ਤੇ ਲੰਮੀ ਪੈ ਗਈ। ਚੰਨ ਚਾਨਣੀ ਉਹਦੇ ਸਰੀਰ

ਨਾਲ ਖੇਡ ਰਹੀ ਸੀ। ਅਸਾਂ ਆਪਣੇ ਪਿਆਰ ਦੇ ਸੈਸ਼ਨ ਨੂੰ ਵੱਧ ਤੋਂ ਵੱਧ ਲਮਕਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਅਸੀਂ ਇਹ ਸਿਲਸਿਲਾ ਖਤਮ ਕੀਤਾ, ਖਿੜਕੀ ਵਿਚੋਂ ਚੰਨ ਚਾਨਣੀ ਆਉਣੀ ਬੰਦ ਹੋ ਗਈ ਸੀ। ਠੰਡੀ ਹਵਾ ਵਗਣ ਲੱਗੀ ਜਿਸ ਨਾਲ ਸਾਡਾ ਕਮਰਾ ਵੀ ਠੰਡਾ ਹੋ ਗਿਆ। ਅਸੀਂ ਇਕ ਦੂਜੇ ਨੂੰ ਨਿੱਘ ਦੇਣ ਲਈ ਉੱਪਰ ਬਿਸਤਰੇ 'ਚ ਜਾ ਲੰਮੇ ਪਏ।

ਅਗਲੀ ਸਵੇਰ ਸੋਨੂੰ ਨੂੰ ਠੰਡ ਲੱਗ ਗਈ ਅਤੇ ਉਹਦਾ ਗਲ਼ਾ ਪੱਕ ਗਿਆ। ਉਸ ਲਈ ਬੋਲਣਾ ਵੀ ਬੜਾ ਮੁਸ਼ਕਲ ਸੀ। ਮੈਂ ਗਰਗ ਨੂੰ ਫੋਨ ਕਰ ਕੇ ਪੁੱਛਿਆ ਕਿ ਹੋਟਲ 'ਚ ਕੋਈ ਡਾਕਟਰ ਹੈ ਜਾਂ ਨਹੀਂ। ਉਹਨੇ ਕਾਲਕਾ ਤੋਂ ਇਕ ਡਾਕਟਰ ਸੱਦਿਆ ਅਤੇ ਸਾਨੂੰ ਲੈਣ ਆ ਗਿਆ। ਉਹ ਕਹਿਣ ਲੱਗਾ, ''ਮੈਂ ਤੁਹਾਨੂੰ ਦੋਹਾਂ ਨੂੰ ਹੇਠਲੇ ਹੋਟਲ 'ਚ ਕਮਰਾ ਦੇ ਰਿਹਾ ਹਾਂ।''

ਅਸਾਂ ਆਪਣਾ ਸਮਾਨ ਸੂਟਕੇਸਾਂ ਵਿਚ ਪਾਇਆ। ਸੋਨੂੰ ਨੇ ਆਪਣੇ ਦੁਆਲੇ ਹੋਟਲ ਦਾ ਕੰਬਲ ਲਪੇਟਿਆ ਅਤੇ ਅਸੀਂ ਕੇਬਲ ਟਰਾਲੀ ਰਾਹੀਂ ਹੇਠਲੇ ਹੋਟਲ 'ਚ ਚਲੇ ਗਏ। ਸਵਰਨ, ਸੋਨੂੰ ਨੂੰ ਆਪਣੇ ਮਹਿਮਾਨਾਂ ਵਾਲੇ ਕਮਰੇ 'ਚ ਲੈ ਗਈ। ਸੋਨੂੰ ਦੀਆਂ ਅੱਖਾਂ 'ਚੋਂ ਪਾਣੀ ਵਹਿ ਰਿਹਾ ਸੀ। ਡਾਕਟਰ ਨੇ ਉਸ ਦਾ ਤਾਪਮਾਨ ਵੇਖਿਆ। ਹਲਕਾ ਜਿਹਾ ਬੁਖਾਰ ਸੀ। ਡਾਕਟਰ ਨੇ ਚਮਚੇ ਨਾਲ ਉਹਦਾ ਮੂੰਹ ਖੋਲ੍ਹਿਆ ਅਤੇ ਉਹਦਾ ਗਲ਼ਾ ਦੇਖਿਆ। ਡਾਕਟਰ ਕਹਿਣ ਲੱਗਾ, ''ਗਲ਼ਾ ਪੱਕ ਗਿਆ ਹੈ। ਮੈਂ ਕੁਝ ਐਂਟੀਬਾਏਟਕ ਦਵਾਈਆਂ ਦੇਂਦਾ ਹਾਂ, ਤੈਨੂੰ ਪੂਰਾ ਅਰਾਮ ਕਰਨਾ ਪਵੇਗਾ।''

ਸੋਨੂੰ ਨੇ ਜ਼ੋਰ ਨਾਲ ਆਪਣਾ ਸਿਰ ਹਿਲਾਇਆ। ਫਿਰ ਉਹਨੇ ਇਕ ਕਾਗਜ਼ 'ਤੇ ਲਿਖਿਆ, ''ਮੈਂ ਤੁਰੰਤ ਘਰ ਜਾਣਾ ਚਾਹੁੰਦੀ ਹਾਂ।''

ਮੈਂ ਡਾਕਟਰ ਨੂੰ ਪੁੱਛਿਆ ਕਿ ਅਜਿਹੀ ਹਾਲਤ 'ਚ ਦਿੱਲੀ ਤੱਕ ਦਾ ਸਫ਼ਰ ਕਰਨਾ ਠੀਕ ਰਹੇਗਾ? ਉਹ ਦਾ ਜਵਾਬ ਸੀ, ''ਮੈਂ ਸਲਾਹ ਨਹੀਂ ਦਿਆਂਗਾ। ਪਰ ਜੇ ਮੈਡਮ ਚਾਹੁੰਦੀ ਹੈ ਤਾਂ ਤੁਸੀਂ ਜਾ ਵੀ ਸਕਦੇ ਹੋ। ਕਾਰ ਦੀਆਂ ਖਿੜਕੀਆਂ ਬੰਦ ਰੱਖਣੀਆਂ ਅਤੇ ਮੈਡਮ ਨੂੰ ਕੰਬਲ 'ਚ ਲਪੇਟੀ ਰੱਖਣਾ। ਮੈਂ ਇਨ੍ਹਾਂ ਨੂੰ ਕੁਝ ਐਸਪ੍ਰੀਨ ਦਿੰਦਾ ਹਾਂ। ਇਸ ਨਾਲ ਇਨ੍ਹਾਂ ਦੇ ਗਲੇ ਦੀ ਦਰਦ ਠੀਕ ਹੋਏਗੀ ਅਤੇ ਨੀਂਦ ਆ ਜਾਏਗੀ।''

ਕੁਲੀਆਂ ਨੇ ਸਾਡਾ ਸਮਾਨ ਕਾਰ ਵਿਚ ਰੱਖ ਦਿੱਤਾ। ਸਵਰਨ ਨੇ ਸਾਨੂੰ ਇਕ ਕੰਬਲ ਅਤੇ ਸਰਹਾਣਾ ਦੇ ਦਿੱਤਾ। ਸੋਨੂੰ ਨੇ ਐਸਪ੍ਰੀਨ ਦੀਆਂ ਦੋ ਗੋਲੀਆਂ ਗਰਮ ਪਾਣੀ ਨਾਲ ਖਾਧੀਆਂ ਅਤੇ ਪਿਛਲੀ ਸੀਟ 'ਤੇ ਲੰਮੀ ਪੈ ਗਈ। ਮੈਂ ਬਿੱਲ ਦੇਣ ਲਈ ਕਾਊਂਟਰ 'ਤੇ ਗਿਆ। ਗਰਗ ਨੇ ਮੇਰਾ ਹੱਥ ਫੜ੍ਹ ਲਿਆ ਅਤੇ ਕਹਿਣ ਲੱਗਾ, ''ਮੈਨੂੰ ਇਸ ਤਰ੍ਹਾਂ ਸ਼ਰਮਿੰਦਾ ਨਾ ਕਰੋ। ਮੈਂ ਰਾਏ ਬਹਾਦਰ ਤੋਂ ਪੈਸੇ ਲੈ ਲਵਾਂਗਾ। ਦਿੱਲੀ ਪਹੁੰਚਣ 'ਤੇ ਸਾਨੂੰ ਦੱਸਣਾ ਕਿ ਤੁਹਾਡਾ ਕੀ ਹਾਲ ਹੈ। ਰਾਏ ਬਹਾਦਰ ਨੂੰ ਵੀ ਕਹਿਣਾ ਕਿ ਮੈਨੂੰ ਫੋਨ ਕਰਨ।''

ਮੈਂ ਕਾਲਕਾ ਤੱਕ ਪਹੁੰਚਿਆ ਉੱਥੇ, ਪੈਟਰੋਲ ਭਰਵਾਇਆ ਅਤੇ ਸਪੀਡ ਕੰਟਰੋਲ

ਕਰਨ ਵਾਲੀ ਤਾਰ ਹਟਾ ਦਿੱਤੀ। ਮੈਂ ਵਾਪਸੀ ਦਾ ਸਫ਼ਰ ਚਾਰ ਘੰਟੇ ਤੋਂ ਵੀ ਘੱਟ ਸਮੇਂ 'ਚ ਤੈਅ ਕਰਨਾ ਸੀ। ਗਰਗ ਨੇ ਟੈਲੀਫੋਨ ਕਰਕੇ ਰਾਏ ਬਹਾਦਰ ਤੇ ਉਸ ਦੀ ਪਤਨੀ ਨੂੰ ਦੱਸ ਦਿੱਤਾ ਸੀ। ਉਹ ਆਪਣੇ ਬਾਗ 'ਚ ਬੈਠੇ ਸਾਡੀ ਉਡੀਕ ਕਰ ਰਹੇ ਸਨ। ਮੇਰੇ ਲਈ ਉਨ੍ਹਾਂ ਦੇ ਚੇਹਰਿਆਂ 'ਤੇ ਕੋਈ ਸੁਆਗਤੀ ਮੁਸਕਰਾਹਟ ਨਹੀਂ ਸੀ। ਸੱਸ ਨੇ ਮੇਰੀ ਤਿੱਖੀ ਜ਼ੁਬਾਨ 'ਚ ਕਿਹਾ, ''ਪਹਿਲੀ ਵਾਰ ਤੂੰ ਸੋਨੂੰ ਨੂੰ ਬਾਹਰ ਲੈ ਕੇ ਗਿਆ ਤੇ ਉਹਨੂੰ ਬੀਮਾਰ ਕਰ ਕੇ ਲੈ ਆਇਆ ਹੈਂ।'' ਰਾਏ ਬਹਾਦਰ ਨੇ ਕੁਝ ਨਹੀਂ ਕਿਹਾ ਪਰ ਉਹਦਾ ਵਤੀਰਾ ਕੁਝ ਇਸ ਤਰ੍ਹਾਂ ਦਾ ਸੀ ਜਿਵੇਂ ਮੈਂ ਕੁਈ ਜੁਰਮ ਕੀਤਾ ਹੋਵੇ। ਮੈਂ ਸੋਨੂੰ ਨੂੰ ਉਹਦੇ ਸੋਣ ਵਾਲੇ ਕਮਰੇ ਤੱਕ ਲੈ ਕੇ ਗਿਆ ਅਤੇ ਉਦੋਂ ਤੱਕ ਉਡੀਕਦਾ ਰਿਹਾ ਜਦੋਂ ਤੱਕ ਉਨ੍ਹਾਂ ਦਾ ਫੈਮਿਲੀ ਡਾਕਟਰ ਨਹੀਂ ਆ ਗਿਆ। ਡਾਕਟਰ ਨੇ ਉਹਦਾ ਤਾਪ ਦੇਖਿਆ ਅਤੇ ਮੇਰੇ ਵੱਲ ਅਜੀਬ ਜਹੀ ਨਜ਼ਰ ਨਾਲ ਝਾਕਦੇ ਹੋਏ ਕਹਿਣ ਲੱਗਾ, ''ਤਿੱਖਾ ਬੁਖਾਰ ਹੈ।''

ਮੈਂ ਜਵਾਬ ਦਿੱਤਾ, ''ਇਹ ਦਾ ਗਲ਼ਾ ਬਹੁਤ ਪੱਕਿਆ ਹੋਇਆ ਹੈ। ਹੋਟਲ ਦੇ ਡਾਕਟਰ ਨੇ ਦੱਸਿਆ ਸੀ ਕਿ ਇਸ ਨੂੰ ਐਂਟੀਬਾਏਟਕ ਦਵਾਈਆਂ ਦੀ ਲੋੜ ਹੈ।''

ਡਾਕਟਰ ਨੇ ਇਕ ਵਾਰੀ ਫੇਰ ਮੇਰੇ ਵੱਲ ਮੁਜਰਮਾਂ ਵਾਲੀ ਝਾਤ ਪਾਈ। ਸੋਨੂੰ ਦਾ ਗਲ਼ਾ ਦੇਖਿਆ ਅਤੇ ਫਿਰ ਕਹਿਣ ਲੱਗਿਆ, ''ਬੇਟਾ ਚਿੰਤਾ ਵਾਲੀ ਕੋਈ ਗੱਲ ਨਹੀਂ। ਦੋ ਦਿਨਾਂ ਵਿਚ ਹੀ ਤੇਰਾ ਬੁਖਾਰ ਤੇ ਗਲ਼ਾ ਠੀਕ ਕਰ ਦੇਵਾਂਗਾ। ਤੈਨੂੰ ਅਰਾਮ ਦੀ ਲੋੜ ਹੈ। ਤੂੰ ਥੱਕ ਗਈ ਏਂ।'' ਉਸ ਨੇ ਅਲਵਿਦਾ ਕਹਿੰਦੇ ਹੋਏ ਮੇਰੇ ਵੱਲ ਫੇਰ ਉਸੇ ਤਰ੍ਹਾਂ ਦੀ ਹੀ ਮੁਜਰਮਾਂ ਵਾਲੀ ਨਜ਼ਰ ਸੁੱਟੀ।

ਸੋਨੂੰ ਦਾ ਚੇਹਰਾ ਲਾਲ ਹੋ ਗਿਆ ਸੀ। ਮੈਂ ਆਪਣਾ ਹੱਥ ਉਹਦੇ ਮੱਥੇ 'ਤੇ ਰੱਖਿਆ, ਇਹ ਗਰਮ ਸੀ। ਮੈਂ ਉਹਨੂੰ ਪੁੱਛਿਆ, ''ਸੋਨੂੰ ਕੁਝ ਦਿਨਾਂ ਲਈ ਮੈਂ ਇੱਥੇ ਤੇਰੇ ਕੋਲ ਰਹਿ ਜਾਵਾਂ?''

ਉਹਨੇ ਆਪਣਾ ਸਿਰ ਤੇਜ਼ੀ ਨਾਲ ਹਿਲਾਇਆ ਅਤੇ ਕਹਿਣ ਲੱਗੀ, ''ਆਪਣੇ ਪਿਤਾ ਜੀ ਕੋਲ ਚਲੇ ਜਾਹ।''

ਮੈਨੂੰ ਮਹਿਸੂਸ ਹੋ ਗਿਆ ਸੀ ਕਿ ਮੇਰੀ ਇੱਥੇ ਲੋੜ ਨਹੀਂ ਸੀ। ਭਾਰੀ ਮਨ ਨਾਲ ਮੈਂ ਘਰ ਪੁੱਜਿਆ। ਮੇਰੇ ਪਿਤਾ ਮੈਨੂੰ ਸਮੇਂ ਤੋਂ ਪਹਿਲਾਂ ਅਤੇ ਉਹ ਵੀ ਸੋਨੂੰ ਤੋਂ ਬਿਨਾ ਵਾਪਸ ਆਇਆ ਦੇਖ ਕੇ ਹੈਰਾਨ ਸਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਕੀ ਹੋਇਆ ਹੈ। ਨਾਲ ਹੀ ਭਰੋਸਾ ਦਿੱਤਾ, ''ਜਦੋਂ ਉਹ ਠੀਕ ਹੋ ਗਈ ਤਾਂ ਉਹ ਵਾਪਸ ਆ ਜਾਏਗੀ।'' ਪਿਤਾ ਜੀ ਨੇ ਜਵਾਬ ਦਿੱਤਾ, ''ਉਹ ਬੜੀ ਨਾਜ਼ੁਕ ਜਿਹੀ ਹੈ, ਉਹ ਬੜੇ ਅਮੀਰ ਘਰ ਵਿਚ ਪਲੀ ਹੈ ਅਤੇ ਉਹਨੂੰ ਹੋਟਲ ਦਾ ਖਾਣਾ ਅਤੇ ਠੰਡਾ ਮੌਸਮ ਠੀਕ ਨਹੀਂ ਲੱਗਿਆ ਹੋਣਾ।''

ਮੈਂ ਸਕਾਚ ਦੀ ਅੱਧੀ ਖਾਲੀ ਕੀਤੀ ਬੋਤਲ ਆਪਣੇ ਨਾਲ ਲੈ ਆਇਆ ਸਾਂ। ਮੈਂ ਪੁੱਛਿਆ, ''ਪਿਤਾ ਜੀ ਤੁਹਾਨੂੰ ਬੁਰਾ ਤਾਂ ਨਹੀਂ ਲੱਗੇਗਾ ਜੇ ਮੈਂ ਤੁਹਾਡੀ ਹਾਜ਼ਰੀ ਵਿਚ

ਸ਼ਰਾਬ ਪੀ ਲਵਾਂ ਮੈਂ ਥੱਕਿਆ ਹੋਇਆ ਹਾਂ ਅਤੇ ਜਿਵੇਂ ਸੋਨੂੰ ਦੇ ਮਾਪੇ ਮੈਨੂੰ ਫੋਨ ਕਰਕੇ
ਗੱਲ ਕੀਤੀ ਉਸ ਤੋਂ ਰਤਾ ਕੁ ਪ੍ਰੇਸ਼ਾਨ ਵੀ ਹਾਂ। ਉਹ ਸੋਚਦੇ ਹਨ ਕਿ ਮੈਨੂੰ ਆਪਣਾ ਅਤੇ
ਪੱਕੇ ਹੋਏ ਗਲ਼ੇ ਲਈ ਮੈਂ ਜ਼ਿੰਮੇਵਾਰ ਹਾਂ।''

''ਪੀ ਲੈ ਇਸ ਗੱਲ ਦੀ ਪ੍ਰਵਾਹ ਨਾ ਕਰ ਕਿ ਉਹ ਕੀ ਕਹਿੰਦੇ ਹਨ। ਉਹ ਵੀ ਬਥੇਰੇ
ਤੇਰੇ ਜਿੰਨੇ ਹੀ ਪ੍ਰੇਸ਼ਾਨ ਹਨ।''

ਮੈਂ ਦੋ ਪੈੱਗ ਨੀਟ ਹੀ ਪੀ ਲਏ ਕਿਉਂਕਿ ਘਰ ਵਿਚ ਸੋਡਾ ਨਹੀਂ ਸੀ। ਮੈਂ ਗੀਤੀਏ
ਨੂੰ ਕਿਹਾ ਕਿ ਮੇਰੇ ਲਈ ਆਮਲੇਟ ਤਿਆਰ ਕਰੇ। ਮੈਂ ਇਹ ਆਮਲੇਟ ਬਰੈੱਡ ਦੇ ਨਾਲ ਖਾਧਾ
ਅਤੇ ਫਿਰ ਆਪਣੇ ਸੌਣ ਦੇ ਕਮਰੇ 'ਚ ਚਲਾ ਗਿਆ।

ਮੇਰਾ ਮਨ ਬੜਾ ਪ੍ਰੇਸ਼ਾਨ ਸੀ। ਕਿਤੇ ਸੋਨੂੰ ਮਰ ਤਾਂ ਨਹੀਂ ਜਾਏਗੀ? ਉਹਦੇ ਮਾਪੇ ਤਾ
ਮੇਰੇ 'ਤੇ ਕਤਲ ਦਾ ਦੋਸ਼ ਲਗਾ ਦੇਣਗੇ। ਉਹ ਐਸੇ ਲੋਕ ਪ੍ਰਤੀਤ ਹੁੰਦੇ ਹਨ ਜਿਹੜੇ ਮੈਨੂੰ ਦੋਸ਼ੀ
ਠਹਿਰਾਉਣਗੇ। ਪਰ ਉਹਦੇ ਮਰਨ ਦਾ ਖਤਰਾ ਕਿਵੇਂ ਹੋ ਸਕਦਾ ਹੈ? ਉਹਨੂੰ ਸਿਰਫ ਬੁਖਾਰ
ਹੋਇਆ ਸੀ ਅਤੇ ਗਲ਼ਾ ਪੱਕਿਆ ਸੀ। ਹੋ ਸਕਦਾ ਹੈ ਉਹਨੂੰ ਮਹਾਂਵਾਰੀ ਆਉਣ ਵਾਲੀ ਹੋਵੇ।
ਬਹੁਤ ਸਾਰੀਆਂ ਕੁੜੀਆਂ ਨੂੰ ਮਹਾਂਵਾਰੀ ਦੇ ਦਿਨਾਂ ਤੋਂ ਪਹਿਲਾਂ ਇਸ ਤਰ੍ਹਾਂ ਦੀ ਤਕਲੀਫ ਹੋ
ਜਾਂਦੀ ਹੈ। ਮੈਂ ਆਪਣੇ ਆਪ ਨੂੰ ਇਹ ਦਲੀਲਾਂ ਦਿੱਤੀਆਂ ਅਤੇ ਫਿਰ ਸੌਂ ਗਿਆ।

ਦਫਤਰ ਵਿਚ ਮੇਰੇ ਆਉਣ ਦੀ ਉਡੀਕ ਨਹੀਂ ਸੀ। ਮੇਰੀ ਗੈਰਹਾਜ਼ਰੀ 'ਚ ਬਿਮਲਾ
ਸ਼ਰਮਾ ਇਹ ਦੇਖਦੀ ਰਹੀ ਸੀ ਕਿ ਸਭ ਲੋਕ ਸਮੇਂ ਸਿਰ ਕੰਮ 'ਤੇ ਆਉਣ ਅਤੇ ਜਾਣ ਤੋਂ
ਪਹਿਲਾਂ ਆਪੋ ਆਪਣਾ ਕੰਮ ਮੁਕੰਮਲ ਕਰਨ। ਉਹ ਭਾਵੇਂ ਮੇਰੇ ਸਟਾਫ ਦੀ ਸਭ ਤੋਂ
ਸੀਨੀਅਰ ਮੈਂਬਰ ਨਹੀਂ ਸੀ, ਫਿਰ ਵੀ ਉਨ੍ਹਾਂ ਸਭ ਨੂੰ ਪਤਾ ਸੀ ਕਿ ਮੇਰੀ ਸੈਕਟਰੀ ਹੋਣ ਦੇ
ਨਾਤੇ ਉਹ ਮੇਰੇ ਸਭ ਤੋਂ ਨੇੜੇ ਸੀ ਅਤੇ ਮੇਰੀ ਵਿਸ਼ਵਾਸਪਾਤਰ ਵੀ।

ਮੈਂ ਬਿਮਲਾ ਨੂੰ ਦੱਸਿਆ ਕਿ ਸਮੇਂ ਤੋਂ ਪਹਿਲਾਂ ਹੀ ਮੈਂ ਵਾਪਸ ਕਿਉਂ ਆ ਗਿਆ।
ਉਸ ਨੇ ਪੁੱਛਿਆ, ''ਮੈਂ ਆਸ ਕਰਦੀ ਹਾਂ ਕਿ ਕੋਈ ਗੰਭੀਰ ਗੱਲ ਨਹੀਂ ਹੋਈ ਹੋਣੀ।''

ਮੈਂ ਉਹਨੂੰ ਭਰੋਸਾ ਦਿਵਾਇਆ ਕਿ ਚਿੰਤਾ ਵਾਲੀ ਕੋਈ ਗੱਲ ਨਹੀਂ।

ਮੈਂ ਦਫਤਰ ਵਿਚ ਫਾਈਲਾਂ ਦੇਖਣ ਲੱਗਾ। ਸਾਰਾ ਕੰਮ ਠੀਕ ਠਾਕ ਚੱਲ ਰਿਹਾ ਸੀ।
ਗਿਆਰਾਂ ਵਜੇ ਮੈਂ ਸੋਨੂੰ ਦੇ ਮਾਪਿਆਂ ਦੇ ਘਰ ਗਿਆ ਤਾਂ ਕਿ ਉਹਦਾ ਪਤਾ ਕਰ ਸਕਾਂ। ਮੈਂ
ਉਹਦੇ ਕਮਰੇ 'ਚ ਗਿਆ। ਉਹ ਕੰਬਲ 'ਚ ਲਿਪਟੀ ਹੋਈ ਕੁਰਸੀ 'ਤੇ ਬੈਠੀ ਹੋਈ ਸੀ।
ਬੁਖਾਰ ਲੱਥ ਚੁੱਕਾ ਸੀ। ਉਹ ਦਾ ਗਲਾ ਹਾਲੇ ਵੀ ਦੁਖਦਾ ਸੀ ਪਰ ਉਹ ਥੋੜਾ ਥੋੜਾ ਬੋਲ
ਸਕਦੀ ਸੀ। ਮੈਂ ਉਹ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ, ''ਟਿੰਬਰ ਟਰੇਲ ਹਾਈਟਸ 'ਤੇ
ਬੜਾ ਮਜ਼ਾ ਆਇਆ। ਕਿਉਂ ਠੀਕ ਹੈ ਨਾ? ਇਹ ਮੇਰੇ ਜ਼ਿੰਦਗੀ ਦੇ ਬੇਹਤਰੀਨ ਪੰਜ ਦਿਨ ਸਨ।''

ਉਹ ਮੁਸਕਰਾਈ।

''ਜਿਵੇਂ ਹੀ ਠੀਕ ਹੋ ਜਾਏਂ, ਤੁਰੰਤ ਆਪਣੇ ਘਰ ਆ ਜਾਈਂ।''

ਉਸ ਨੇ ਇਕ ਵਾਰੀ ਫੇਰ ਆਪਣਾ ਸਿਰ ਹਿਲਾਇਆ।

ਉਹ ਦੀ ਮਾਂ ਅੰਦਰ ਆਈ। ਉਸ ਨੇ ਮੇਰੇ ਵੱਲੋਂ ਕੀਤੀ ਨਮਸਤੇ ਦਾ ਜਵਾਬ ਦਿੱਤੇ ਬਿਨਾ ਪੁੱਛਿਆ, ''ਮੇਰੇ ਬੇਟੇ ਦਾ ਕੀ ਹਾਲ ਹੈ?''

ਮੈਂ ਜਵਾਬ ਦਿੱਤਾ, ''ਉਹ ਕਾਫੀ ਠੀਕ ਹੈ। ਬੁਖਾਰ ਲੱਥ ਗਿਆ ਹੈ। ਥੋੜਾ ਥੋੜਾ ਬੋਲ ਵੀ ਸਕਦੀ ਹੈ।''

ਮੇਰੀ ਸੱਸ ਨੇ ਮੈਨੂੰ ਨਜ਼ਰਅੰਦਾਜ਼ ਕਰਨਾ ਜਾਰੀ ਰੱਖਿਆ ਅਤੇ ਆਪਣੀ ਧੀ ਨਾਲ ਗੱਲਾਂ ਕਰਦੀ ਰਹੀ। ਮੈਂ ਆਪਣੇ ਦਫਤਰ ਵਾਪਸ ਪਰਤ ਆਇਆ। ਪਰਤਣ ਤੋਂ ਪਹਿਲਾਂ ਮੈਂ ਸੋਨੂੰ ਨੂੰ ਕਿਹਾ, ''ਮੈਂ ਕੱਲ੍ਹ ਵੀ ਕਿਸੇ ਸਮੇਂ ਮਿਲਣ ਆਵਾਂਗਾ।'' ਉਹ ਨੇ ਆਪਣਾ ਸਿਰ ਫਿਰ ਹਿਲਾਇਆ। ਮੈਂ ਉਹਦੀ ਮਾਂ ਨੂੰ ਤੁਰਨ ਲੱਗਿਆਂ ਨਮਸਤੇ ਨਹੀਂ ਕੀਤੀ...ਮੋਟੀ ਕੁੱਤੀ।

*****

ਮੈਂ ਸੋਨੂੰ ਨੂੰ ਹਰ ਰੋਜ਼ ਸਵੇਰੇ ਮਿਲਣ ਜਾਂਦਾ। ਬੁਖਾਰ ਪੂਰੀ ਤਰ੍ਹਾਂ ਲੱਥ ਚੁੱਕਾ ਸੀ ਅਤੇ ਗਲ਼ਾ ਠੀਕ ਹੋ ਗਿਆ ਸੀ। ਉਸ ਦੀ ਮਹਾਂਵਾਰੀ ਨਹੀਂ ਸੀ ਆਈ। ਉਹ ਬਹੁਤ ਗੁੱਸੇ ਵਿਚ ਸੀ।

ਉਹਨੇ ਗੁੱਸੇ ਨਾਲ ਪੁੱਛਿਆ, ''ਤੂੰ ਨਿਰੋਧ ਕਿਉਂ ਨਹੀਂ ਸਨ ਵਰਤੇ?''

''ਤੂੰ ਮੈਨੂੰ ਕਿਹਾ ਹੀ ਨਹੀਂ ਸੀ। ਇਸ ਕਰਕੇ ਮੈਂ ਆਪਣੇ ਨਾਲ ਲੈ ਕੇ ਹੀ ਨਹੀਂ ਸੀ ਗਿਆ। ਜੇ ਤੂੰ ਗਰਭਵਤੀ ਹੀ ਨਹੀਂ ਸੀ ਹੋਣਾ ਚਾਹੁੰਦੀ ਤਾਂ ਤੈਨੂੰ ਪਹਿਲਾਂ ਹੀ ਧਿਆਨ ਰੱਖਣਾ ਚਾਹੀਦਾ ਸੀ। ਫਿਰ ਵੀ ਜੇ ਤੂੰ ਬੱਚਾ ਨਹੀਂ ਚਾਹੁੰਦੀ ਤਾਂ ਅਬੌਰਸ਼ਨ ਕਰਵਾ ਸਕਦੀ ਹੈਂ। ਹਾਲੇ ਬਹੁਤ ਥੋੜੇ ਦਿਨ ਹੋਏ ਹਨ ਅਤੇ ਅਬੌਰਸ਼ਨ ਬੜੀ ਸੌਖਿਆਂ ਹੀ ਹੋ ਜਾਏਗੀ।''

ਉਹਨੇ ਆਪਣਾ ਮੂੰਹ ਦੂਜੇ ਪਾਸੇ ਨੂੰ ਫੇਰ ਲਿਆ। ਮੈਂ ਧਿਆਨ ਨਾਲ ਦੇਖਿਆ ਕਿ ਉਹਦੀਆਂ ਛਾਤੀਆਂ ਭਰ ਗਈਆਂ ਸਨ। ਛੇ ਦਿਨਾਂ ਦੇ ਸਹਿਵਾਸ ਨੇ ਹੀ ਉਹਨਾਂ ਨੂੰ ਭਰ ਦਿੱਤਾ ਸੀ। ਉਹਦੀ ਮਾਂ ਆਈ ਅਤੇ ਉਹਦਾ ਮੇਰੇ ਵੱਲ ਵਤੀਰਾ ਪਹਿਲਾਂ ਵਰਗਾ ਹੀ ਸੀ। ਉਹ ਕਹਿਣ ਲੱਗੀ, ''ਤੈਨੂੰ ਸਬਰ ਕਰਨਾ ਚਾਹੀਦਾ ਸੀ। ਉਹ ਸਿਰਫ ਇੱਕੀਆਂ ਸਾਲਾਂ ਦੀ ਬੱਚੀ ਹੈ। ਬੱਚੇ ਜੰਮਣ ਲਈ ਤਾਂ ਅਜੇ ਬੜਾ ਸਮਾਂ ਰਹਿੰਦਾ ਹੈ।''

ਮੈਂ ਕੋਈ ਜਵਾਬ ਨਾ ਦਿੱਤਾ। ਮੈਂ ਦੇਖਿਆ ਕਿ ਉਹਦੀ ਤੇ ਉਹਦੀ ਧੀ ਦੀ ਸ਼ਕਲ ਕਿੰਨੀ ਮਿਲਦੀ ਹੈ। ਜੇ ਸੋਨੂੰ ਦੇ ਚੇਹਰੇ, ਪਿੱਛੇ ਅਤੇ ਢਿੱਡ 'ਤੇ ਰਤਾ ਕੁ ਹੋਰ ਮਾਸ ਚੜ੍ਹ ਜਾਵੇ ਤਾਂ ਦੋਵੇਂ ਜੋੜੀਆਂ ਲੱਗਣਗੀਆਂ। ਸਿਰਫ ਉਮਰ ਦਾ ਹੀ ਤੀਹ ਸਾਲ ਦਾ ਫਰਕ ਹੋਵੇਗਾ।

ਹੁਣ ਇਸ ਪਰਿਵਾਰ ਨੂੰ ਮੇਰੇ ਪ੍ਰਤੀ ਇਕ ਹੋਰ ਗਿਲਾ ਮਿਲ ਗਿਆ ਸੀ। ਫਿਰ ਵੀ ਮੈਂ ਹਰ ਰੋਜ਼ ਇਕ ਵਾਰੀ ਉਨ੍ਹਾਂ ਦੇ ਘਰ ਜ਼ਰੂਰ ਜਾਂਦਾ ਸਾਂ। ਜਿਸ ਦਿਨ ਦਿਨੇ ਨਹੀਂ ਸਾਂ ਜਾ

ਸਕਦਾ ਉਸ ਦਿਨ ਦਫਤਰ ਤੋਂ ਵਾਪਸ ਆਉਂਦੇ ਹੋਏ ਜਾਂਦਾ ਸਾ। ਮਿਤਰ ਮੈਨੂੰ ਮਿਲਣਾ ਚਾਹੁੰਦੇ ਸਨ। ਪਰ ਮੈਂ ਕੋਈ ਨਾ ਕੋਈ ਬਹਾਨਾ ਲਗਾ ਦਿੰਦਾ ਸਾ, ਕਿਉਂਕਿ ਮੈਂ ਨਹੀਂ ਸਾ ਚਾਹੁੰਦਾ ਕਿ ਉਨ੍ਹਾਂ ਦੀ ਬੇਇਜ਼ਤੀ ਹੋਵੇ। ਦਸ ਦਿਨਾਂ 'ਚ ਹੀ ਮੈਨੂੰ ਪਤਾ ਲੱਗ ਗਿਆ ਸੀ। ਜਦੋਂ ਵੀ ਮੈਂ ਉਹ ਨੂੰ ਕਹਿੰਦਾ ਕਿ ਉਹ ਘਰ ਚੱਲੇ, ਉਹ ਕੋਈ ਨਾ ਕੋਈ ਬਹਾਨਾ ਲਗਾ ਦਿੰਦੀ। ਕਿਸੇ ਦਿਨ ਕਹਿੰਦੀ ਕਿ ਮੇਰੀ ਸਿਹਤ ਠੀਕ ਨਹੀਂ ਹੈ ਅਤੇ ਕਿਸੇ ਦਿਨ ਕਹਿੰਦੀ ਮੈਨੂੰ ਉਲਟੀਆਂ ਆ ਰਹੀਆਂ ਹਨ। ਇਕ ਗੱਲ ਉਹ ਹਰ ਵਾਰੀ ਕਹਿੰਦੀ, ''ਤੂੰ ਤਾਂ ਸਾਰਾ ਦਿਨ ਬਾਹਰ ਰਹਿੰਦਾ ਹੈਂ। ਮੇਰੀ ਦੇਖਭਾਲ ਕੌਣ ਕਰੇਗਾ? ਤੇਰਾ ਬੁੜਾ ਤਾਂ ਨਹੀਂ ਕਰੇਗਾ। ਮੰਮੀ ਕਹਿੰਦੀ ਹੈ ਕਿ ਬੱਚੇ ਦੇ ਪੈਦਾ ਹੋਣ ਤੱਕ ਮੈਨੂੰ ਇੱਥੇ ਹੀ ਰਹਿਣਾ ਚਾਹੀਦਾ ਹੈ।''

ਮੈਨੂੰ ਇਹ ਗੱਲ ਪਸੰਦ ਨਹੀਂ ਸੀ ਕਿ ਉਹ ਮੇਰੇ ਪਿਤਾ ਨੂੰ 'ਬੁੜਾ' ਕਹੇ। ਮੈਂ ਇਹ ਵੀ ਸੋਚਦਾ ਸਾਂ ਕਿ ਉਹਦਾ ਵਤੀਰਾ ਠੀਕ ਨਹੀਂ ਸੀ। ਮੈਂ ਰਤਾ ਕੁ ਤਿੱਖੀ ਸੁਰ ਵਿਚ ਕਿਹਾ, ''ਇਹ ਬੜੀ ਅਜੀਬ ਸ਼ਾਦੀ ਹੈ। ਪੰਜ ਦਿਨਾਂ ਦੇ ਹਨੀਮੂਨ ਤੋਂ ਬਾਅਦ ਹੀ ਲਾੜੀ ਆਪਣੇ ਪਤੀ ਦੇ ਘਰ ਜਾਣ ਤੋਂ ਇਨਕਾਰ ਕਰ ਰਹੀ ਹੈ। ਮੈਂ ਤੇਰੇ ਨਾਲ ਬਲਾਤਕਾਰ ਕੀਤਾ ਸੀ ਜਾਂ ਤੇਰੇ ਨਾਲ ਭੈੜਾ ਵਰਤਾਅ ਕੀਤਾ ਸੀ? ਕੀ ਤੂੰ ਮੁਡ਼ ਪਿਆਰ ਨਹੀਂ ਕਰਨਾ ਚਾਹੁੰਦੀ? ਉਂਜ ਤੇ ਬਹੁਤ ਮੌਜ ਕਰ ਰਹੀ ਪ੍ਰਤੀਤ ਹੁੰਦੀ ਸੀ।''

ਉਸ ਕੋਲ ਕੋਈ ਜਵਾਬ ਨਹੀਂ ਸੀ। ਫਿਰ ਵੀ ਉਹ ਕਹਿਣ ਲੱਗੀ, ''ਮੰਮੀ ਕਹਿੰਦੀ ਹੈ ਕਿ ਗਰਭਵਤੀ ਔਰਤਾਂ ਨੂੰ ਸਹਿਵਾਸ ਨਹੀਂ ਕਰਨਾ ਚਾਹੀਦਾ। ਬੱਚੇ ਦੇ ਗਿਰ ਜਾਣ ਦਾ ਡਰ ਰਹਿੰਦਾ ਹੈ।''

ਦੁਖੀ ਹੋ ਕੇ ਮੈਂ ਪੂਰੇ ਹਫਤੇ ਲਈ ਸੋਨੂੰ ਨੂੰ ਮਿਲਣ ਨਾ ਗਿਆ, ਨਾ ਹੀ ਟੈਲੀਫੋਨ ਕਰ ਕੇ ਪੁੱਛਿਆ ਕਿ ਉਸ ਦਾ ਕੀ ਹਾਲ ਹੈ। ਜਿਸ ਸ਼ਾਦੀ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਇਹ ਜੀਵਨ ਭਰ ਚੱਲਣੀ ਹੈ, ਉਸ ਦੀ ਇਹ ਸ਼ੁਰੂਆਤ ਬਹੁਤੀ ਚੰਗੀ ਨਹੀਂ ਸੀ। ਮੈਂ ਦ੍ਰਿੜ ਨਿਸ਼ਚਾ ਕੀਤਾ ਹੋਇਆ ਸੀ ਕਿ ਮੈਂ ਉਸ ਨੂੰ ਝੂਠੀ ਸਾਬਤ ਕਰ ਕੇ ਹਟਾਂਗਾ। ਜੇ ਲੋੜ ਪਈ ਤਾਂ ਆਪਣੇ ਵਿਆਹੁਤਾ ਹੱਕਾਂ ਲਈ ਮੈਂ ਅਦਾਲਤ 'ਚ ਵੀ ਜਾਵਾਂਗਾ। ਪਰ ਛੇਤੀ ਹੀ ਰਾਏ ਬਹਾਦਰ ਦੇ ਪਰਿਵਾਰ ਨੂੰ ਅਕਲ ਆ ਗਈ ਅਤੇ ਉਨ੍ਹਾਂ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਗ਼ਲਤੀ ਹੈ। ਸੋਨੂੰ ਨੇ ਮੈਨੂੰ ਟੈਲੀਫੋਨ ਕੀਤਾ ਅਤੇ ਸ਼ਿਕਾਇਤ ਕੀਤੀ, ''ਤੁਸੀਂ ਹਫਤੇ ਤੋਂ ਵੱਧ ਸਮੇਂ ਤੋਂ ਮੈਨੂੰ ਮਿਲਣ ਨਹੀਂ ਆਏ। ਕੀ ਮੇਰੇ ਨਾਲ ਗੁੱਸੇ ਹੋ?''

ਮੈਂ ਠੋਕਵਾਂ ਜਵਾਬ ਦਿੱਤਾ, ''ਹਾਂ ਮੈਂ ਗੁੱਸੇ ਹਾਂ। ਮੈਂ ਤੇਰੇ ਮਾਪਿਆਂ ਨਾਲ ਵੀ ਗੁੱਸੇ ਹਾਂ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਹੱਕ ਨਹੀਂ ਕਿ ਤੈਨੂੰ ਆਪਣੇ ਕਾਨੂੰਨੀ ਪਤੀ ਤੋਂ ਦੂਰ ਰੱਖਣ। ਉਨ੍ਹਾਂ ਦੇ ਵਤੀਰੇ ਤੋਂ ਮੈਨੂੰ ਇਉਂ ਲੱਗਦਾ ਹੈ ਜਿਵੇਂ ਉਨ੍ਹਾਂ ਦੀ ਧੀ ਨੂੰ ਗਰਭਵਤੀ ਕਰਕੇ ਮੈਂ ਕੋਈ ਜੁਰਮ ਕੀਤਾ ਹੈ।''

ਉਹਨੇ ਨਿਮਰਤਾ ਨਾਲ ਕਿਹਾ, ''ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੋ। ਤੁਸੀਂ ਜਦੋਂ

ਦੁਪਹਿਰ ਮੈਂ ਆ ਜਾਵਾਂਗੀ। ਜਦੋਂ ਤੁਸੀਂ ਦਫਤਰ ਵਿਚ ਜਾਓ ਉਦੋਂ ਮੈਂ ਦਿਨ ਦਾ ਸਮਾਂ ਆਪਣੇ ਮਾਪਿਆਂ ਕੋਲ ਬਿਤਾਇਆ ਕਰਾਂਗੀ।''

''ਦਫਤਰ ਤੋਂ ਜਾਂਦੇ ਸਮੇਂ ਮੈਂ ਤੈਨੂੰ ਲੈਣ ਆਵਾਂਗਾ। ਆਪਣਾ ਸਮਾਨ ਪੈਕ ਕਰਕੇ ਛੇ ਵਜੇ ਤਿਆਰ ਰਹੀਂ।'' ਉਸ ਸ਼ਾਮ ਉਹ ਆਪਣਾ ਸਮਾਨ ਪੈਕ ਕਰਕੇ ਬਾਹਰ ਖੜੀ ਮੇਰੀ ਉਡੀਕ ਕਰ ਰਹੀ ਸੀ। ਉਸ ਦੇ ਮਾਪੇ ਜਾਂ ਭਰਾ ਉਸ ਦੇ ਕੋਲ ਨਹੀਂ ਸਨ। ਉਹਦੇ ਨੌਕਰ ਨੇ ਸੂਟਕੇਸ ਕਾਰ ਵਿਚ ਰੱਖੇ ਅਤੇ ਅਸੀਂ ਬਿਨਾਂ ਕਿਸੇ ਨੂੰ ਨਮਸਤੇ ਕਿਹਾਂ ਉੱਥੋਂ ਚੱਲ ਪਏ।

ਮੈਂ ਉਹਦਾ ਹੱਥ ਫੜਿਆ ਤੇ ਕਿਹਾ, ''ਚੇਤੇ ਰੱਖ ਕਿ ਤੂੰ ਹੁਣ ਮੇਰੀ ਹੈਂ, ਆਪਣੇ ਮਾਪਿਆਂ ਦੀ ਨਹੀਂ। ਤੂੰ ਮੇਰੀ ਆਗਿਆ ਨਾਲ ਹੀ ਉਨ੍ਹਾਂ ਨੂੰ ਮਿਲਣ ਜਾ ਸਕਦੀ ਹੈਂ ਅਤੇ ਜਦੋਂ ਮੈਂ ਕਹਾਂ ਉਦੋਂ ਤੈਨੂੰ ਵਾਪਸ ਆਉਣਾ ਪਵੇਗਾ।'' ਮੈਂ ਮਹਿਸੂਸ ਕੀਤਾ ਕਿ ਹਿੰਦੂ ਪਤੀ ਵਰਗਾ ਸਖਤ ਵਤੀਰਾ ਅਪਨਾਉਣਾ ਹੀ ਠੀਕ ਰਹੇਗਾ।

ਮੇਰੇ ਪਿਤਾ ਨੇ ਉਸ ਦਾ ਘਰ ਆਉਂਦੀ ਦਾ ਸਵਾਗਤ ਕੀਤਾ। ਉਨਾਂ ਰਸੋਈਏ ਨੂੰ ਕਿਹਾ ਕਿ ਸੋਨੂੰ ਲਈ ਵਿਸ਼ੇਸ਼ ਖਾਣਾ ਤਿਆਰ ਕਰੇ। ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਗਰਭਵਤੀ ਔਰਤਾਂ ਨੂੰ ਮਸਾਲੇਦਾਰ ਖਾਣਾ ਚੰਗਾ ਲੱਗਦਾ ਹੈ। ਸੋਨੂੰ ਨੇ ਬਹੁਤ ਘੱਟ ਖਾਣਾ ਖਾਧਾ, ਦਿਲ ਕੱਚਾ ਹੋਣ ਦੀ ਸ਼ਿਕਾਇਤ ਕੀਤੀ ਅਤੇ ਬਾਥਰੂਮ ਵੱਲ ਭੱਜੀ। ਮੇਰੇ ਪਿਤਾ ਨੇ ਕਿਹਾ, ''ਇਹ ਸਭ ਗਰਭਵਤੀਆਂ ਨੂੰ ਹੁੰਦਾ ਹੈ। ਕੁਝ ਹਫਤਿਆਂ 'ਚ ਠੀਕ ਹੋ ਜਾਏਗਾ।''

ਉਸ ਰਾਤ ਮੈਂ ਸੋਨੂੰ ਨਾਲ ਬੜੀ ਨਿਮਰਤਾ ਨਾਲ ਵਿਹਾਰ ਕੀਤਾ। ਉਹ ਮੇਰੀ ਬਾਂਹ 'ਤੇ ਸਿਰ ਰੱਖ ਕੇ ਲੰਮੀ ਪਈ ਰਹੀ ਅਤੇ ਕਹਿਣ ਲੱਗੀ, ''ਇਸ ਤੋਂ ਪਹਿਲਾਂ ਕਿ ਤੂੰ ਕੋਈ ਹੋਰ ਸ਼ਰਾਰਤ ਕਰੇਂ, ਮੈਂ ਆਪਣੇ ਡਾਕਟਰ ਨਾਲ ਸਲਾਹ ਕਰਾਂਗੀ।'' ਮੈਂ ਉਸ ਨਾਲ ਜ਼ਬਰਦਸਤੀ ਨਾ ਕੀਤੀ। ਅਸਾਂ ਸਾਰੀ ਰਾਤ ਇਕੋ ਬਿਸਤਰੇ 'ਚ ਪਿਆਂ ਗੁਜ਼ਾਰ ਦਿੱਤੀ।

ਅਗਲੀ ਸਵੇਰ ਮੈਂ ਉਸ ਨੂੰ ਉਹਦੇ ਪਿਤਾ ਦੇ ਘਰ ਦੇ ਵੱਡੇ ਦਰਵਾਜ਼ੇ 'ਤੇ ਉਤਾਰਿਆ ਅਤੇ ਕਿਹਾ, ''ਛੇ ਵਜੇ।''

ਅਗਲੇ ਛੇ ਮਹੀਨੇ ਸਾਡੀ ਵਿਆਹੁਤਾ ਜ਼ਿੰਦਗੀ ਦਾ ਇਹ ਸਿਲਸਿਲਾ ਬਰਕਰਾਰ ਰਿਹਾ। ਉਹਦੀ ਡਾਕਟਰ ਨੇ ਉਸ ਨੂੰ ਦੱਸਿਆ ਸੀ ਕਿ ਕੁਝ ਮਹੀਨਿਆਂ ਲਈ ਸਹਿਵਾਸ ਕਰਨ ਦਾ ਕੋਈ ਖਤਰਾ ਨਹੀਂ ਸੀ। ਪਰ ਬਹੁਤੇ ਜੋਸ਼ ਵਾਲੀ ਸਰਗਰਮੀ ਨਹੀਂ ਸੀ ਕਰਨੀ ਜਿਸ ਨਾਲ ਗਰਭ ਵਿਚਲੇ ਬੱਚੇ ਨੂੰ ਹਿਲਜੁਲ ਹੋਵੇ। ਇਸ ਲਈ ਅਸੀਂ ਕਦੇ ਕਦੇ ਸਹਿਵਾਸ ਕਰਦੇ। ਪਰ ਇਸ ਵਿਚ ਹਨੀਮੂਨ ਵਾਲੇ ਪੰਜ ਦਿਨਾਂ ਵਰਗਾ ਸੁਆਦ ਨਹੀਂ ਸੀ। ਇਹ ਬਹੁਤ ਢਿੱਲਾ ਜਿਹਾ ਮਾਮਲਾ ਰਹਿੰਦਾ ਸੀ। ਮੈਨੂੰ ਇਸ ਤਰ੍ਹਾਂ ਦੇ ਸਹਿਵਾਸ ਵਿਚ ਕੋਈ ਆਨੰਦ ਨਹੀਂ ਸੀ ਆਉਂਦਾ ਜਿੱਥੇ ਮੈਨੂੰ ਸਦਾ ਹੀ ਇਸ ਗੱਲ ਦਾ ਧਿਆਨ ਰੱਖਣਾ ਪੈਣਾ ਸੀ ਕਿ ਸੋਨੂੰ ਗਰਭਵਤੀ ਹੈ। ਇਸ ਤੋਂ ਬਿਨਾਂ ਸੋਨੂੰ ਦਿਨੋ ਦਿਨ ਫੈਲਦੀ ਜਾ ਰਹੀ ਸੀ। ਉਹ ਦੀਆਂ ਛਾਤੀਆਂ ਦੋਧਲ ਹੋ ਗਈਆਂ ਸਨ। ਉਹ ਦਾ ਪੇਟ ਵਧਣ ਲੱਗਾ ਸੀ ਜਿਵੇਂ ਉਸ 'ਤੇ ਘੜਾ ਬੰਨ੍ਹਿਆ ਹੋਇਆ ਹੋਵੇ।

ਪਰ ਉਸ ਨੂੰ ਦੇਖ ਕੇ ਮੇਰੀ ਭੁੱਖ ਨਹੀਂ ਸੀ ਜਾਗਦੀ। ਮੈਂ ਮਹਿਸੂਸ ਕੀਤਾ ਕਿ ਮੇਰੀਆਂ ਅੱਖਾਂ ਹਰ ਔਰਤਾਂ ਵੱਲ ਭਟਕ ਰਹੀਆਂ ਹਨ। ਕਿਸੇ ਨੇ ਮੈਨੂੰ ਦੱਸਿਆ ਸੀ ਕਿ ਜਦੋਂ ਬੰਦੇ ਦੀ ਪਤਨੀ ਗਰਭਵਤੀ ਹੋਵੇ ਤਾਂ ਪਰਾਈਆਂ ਔਰਤਾਂ ਪ੍ਰਤੀ ਉਸ ਦੀ ਖਿੱਚ ਸਭ ਤੋਂ ਵੱਧ ਹੁੰਦੀ ਹੈ ਪਰ ਮੈਂ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਸੋਨੂੰ ਦੇ ਪਹਿਲੇ ਗਰਭ ਦੌਰਾਨ ਮੈਂ ਕਿਸੇ ਵੀ ਹੋਰ ਪਰਾਈ ਔਰਤ ਨਾਲ ਕੋਈ ਸੰਪਰਕ ਨਾ ਰੱਖਿਆ।

ਅੱਠ ਮਹੀਨਿਆਂ ਮਗਰੋਂ ਮੇਰੀ ਮਰਜ਼ੀ ਦੇ ਨਾਲ ਸੋਨੂੰ ਆਪਣੇ ਮਾਪਿਆਂ ਦੇ ਘਰ ਚਲੀ ਗਈ। ਉੱਥੇ ਉਹਦੀ ਡਾਕਟਰ ਹਰ ਰੋਜ਼ ਉਸ ਦੀ ਜਾਂਚ ਕਰੇਗੀ। ਜਿਸ ਨਰਸਿੰਗ ਹੋਮ 'ਚ ਉਹਨੇ ਬੱਚੇ ਨੂੰ ਜਨਮ ਦੇਣਾ ਸੀ ਉਹ ਵੀ ਉਨ੍ਹਾਂ ਦੇ ਘਰ ਦੇ ਨੇੜੇ ਹੀ ਸੀ। ਉਹ ਦਾ ਇਹ ਪਹਿਲਾ ਜਣੇਪਾ ਸੀ ਜਿਸ ਕਰਕੇ ਇਸ ਦੌਰਾਨ ਕਾਫੀ ਮੁਸ਼ਕਲ ਵੀ ਆ ਸਕਦੀ ਸੀ ਅਤੇ ਉਹਦੇ ਮਾਪੇ ਕੋਈ ਖਤਰਾ ਮੁੱਲ ਨਹੀਂ ਸਨ ਲੈਣਾ ਚਾਹੁੰਦੇ।

ਜਦੋਂ ਸੋਨੂੰ ਨੌਵੇਂ ਮਹੀਨੇ ਵਿਚ ਸੀ ਤਾਂ ਇਕ ਰਾਤ ਮੇਰੇ ਟੈਲੀਫੋਨ ਦੀ ਘੰਟੀ ਵੱਜੀ। ਸੋਨੂੰ ਦੇ ਦਰਦਾਂ ਸ਼ੁਰੂ ਹੋ ਗਈਆਂ ਸਨ ਅਤੇ ਉਸ ਨੂੰ ਨਰਸਿੰਗ ਹੋਮ 'ਚ ਲਿਜਾਇਆ ਗਿਆ ਸੀ। ਮੈਂ ਆਪਣੇ ਪਿਤਾ ਨੂੰ ਦੱਸਿਆ ਅਤੇ ਆਪ ਤੁਰੰਤ ਰਵਾਨਾ ਹੋ ਗਿਆ। ਜਦ ਮੈਂ ਉੱਥੇ ਪੁੱਜਿਆ ਤਾਂ ਸੋਨੂੰ ਦੇ ਪਿਤਾ ਬਾਹਰਲੇ ਕਮਰੇ ਵਿਚ ਸਨ ਜਦ ਕਿ ਉਸ ਦੀ ਮਾਂ ਅੰਦਰ ਉਸ ਕੋਲ ਸੀ। ਰਾਏ ਬਹਾਦਰ ਨੇ ਮੇਰੀ ਨਮਸਤੇ ਦਾ ਕੋਈ ਭਰਵਾਂ ਜਵਾਬ ਨਾ ਦਿੱਤਾ। ਅਸੀਂ ਇਕ ਘੰਟਾ ਆਹਮੋ ਸਾਹਮਣੇ ਬੈਠੇ ਰਹੇ। ਇਸ ਦੌਰਾਨ ਉਨ੍ਹਾਂ ਮੈਨੂੰ ਇਕ ਵੀ ਸ਼ਬਦ ਨਾ ਬੋਲਿਆ। ਕਮਰੇ 'ਚ ਹੋਰ ਪਰਿਵਾਰਾਂ ਦੇ ਜਿਹੜੇ ਮੈਂਬਰ ਬੈਠੇ ਸਨ ਉਹ ਆਪੋ ਵਿਚ ਖ਼ੁਸ਼ੀ ਖ਼ੁਸ਼ੀ ਗੱਲਾਂ ਕਰ ਰਹੇ ਸਨ ਅਤੇ ਅਪ੍ਰੇਸ਼ਨ ਥੀਏਟਰ ਵਿਚ ਆ ਜਾ ਰਹੀਆਂ ਨਰਸਾਂ ਤੋਂ ਖ਼ਬਰਾਂ ਪੁੱਛ ਰਹੇ ਸਨ। ਕਰੀਬ ਇਕ ਘੰਟੇ ਤੋਂ ਬਾਅਦ ਇਕ ਨਰਸ ਨੇ ਆ ਕੇ ਮੇਰਾ ਨਾਂ ਲਿਆ। ਮੈਂ ਖੜ੍ਹਾ ਹੋ ਗਿਆ, ਸੋਨੂੰ ਦੇ ਪਿਤਾ ਵੀ ਖੜ੍ਹੇ ਹੋ ਗਏ। ਨਰਸ ਕਹਿਣ ਲੱਗੀ, ''ਵਧਾਈਆਂ, ਤੁਹਾਡੇ ਘਰ ਪੁੱਤਰ ਪੈਦਾ ਹੋਇਆ।''

ਸੋਨੂੰ ਦੇ ਪਿਤਾ ਨੇ ਪੁੱਛਿਆ, ''ਮੇਰੀ ਬੇਟੀ ਦਾ ਕੀ ਹਾਲ ਹੈ?''

ਨਰਸ ਦਾ ਜਵਾਬ ਸੀ, ''ਉਹ ਠੀਕ ਠਾਕ ਹੈ। ਸਾਨੂੰ ਥੋੜ੍ਹਾ ਜਿਹਾ ਕਲੋਰੋਫਾਮ ਦੇਣਾ ਪਿਆ ਸੀ। ਵੈਸੇ ਡਲਿਵਰੀ ਬੜੀ ਠੀਕ ਹੋਈ ਹੈ। ਬੱਚਾ ਕਾਫੀ ਵੱਡਾ ਹੈ- ਅੱਠ ਪੌਂਡ ਦਾ। ਉਹ ਆਪਣੇ ਪਿਤਾ ਵਰਗਾ ਹੀ ਲੰਮਾ ਨਿਕਲੇਗਾ। ਅੱਧੇ ਘੰਟੇ ਵਿਚ ਹੀ ਬੱਚੇ ਨੂੰ ਨੁਹਾ ਕੇ ਸਾਫ਼ ਕਰ ਦਿੱਤਾ ਜਾਵੇਗਾ। ਉਸ ਤੋਂ ਬਾਅਦ ਹੀ ਤੁਸੀਂ ਉਨ੍ਹਾਂ ਨੂੰ ਦੇਖ ਸਕਦੇ ਹੋ।''

ਅਸੀਂ ਅੱਧਾ ਘੰਟਾ ਉਡੀਕਦੇ ਰਹੇ। ਇਸ ਤੋਂ ਬਾਅਦ ਨਰਸ ਨੇ ਸਾਨੂੰ ਆਪਣੇ ਮਗਰ ਸੱਦਿਆ ਅਤੇ ਸੋਨੂੰ ਦੇ ਪ੍ਰਾਈਵੇਟ ਕਮਰੇ 'ਚ ਲੈ ਗਈ। ਸੋਨੂੰ ਬਹੁਤ ਥੱਕੀ ਹੋਈ ਅਤੇ ਪੀਲੀ ਲੱਗਦੀ ਸੀ। ਉਹਦੀ ਛਾਤੀ ਦੇ ਕੋਲ ਹੀ ਇਕ ਛੋਟਾ ਜਿਹਾ ਮਾਸ ਦਾ ਲੋਥੜਾ ਪਿਆ ਸੀ ਜਿਹੜਾ ਆਪਣੀ ਮਾਂ ਦੀ ਛਾਤੀ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਸੋਨੂੰ ਨੇ ਆਪਣਾ ਮੰਮਾ

ਉਹਦੇ ਮੂੰਹ 'ਚ ਪਾਇਆ। ਮੈਂ ਆਪਣਾ ਹੱਥ ਸੋਨੂੰ ਦੇ ਮੱਥੇ 'ਤੇ ਰੱਖਿਆ ਅਤੇ ਬੱਚੇ ਨੂੰ ਚੁੰਮਿਆ। ਫਿਰ ਮੈਂ ਉਹਨੂੰ ਪੁੱਛਿਆ, ''ਬਹੁਤ ਜ਼ਿਆਦਾ ਤਕਲੀਫ ਹੋਈ?''

''ਬਹੁਤੀ ਨਹੀਂ। ਦਰਦ ਬਹੁਤ ਜ਼ਿਆਦਾ ਹੋਈ। ਮੈਨੂੰ ਖ਼ੁਸ਼ੀ ਹੈ ਕਿ ਇਹ ਸਿਲਸਿਲਾ ਖਤਮ ਹੋ ਗਿਆ। ਤੁਹਾਡਾ ਪੁੱਤਰ ਕਿਸ ਤਰ੍ਹਾਂ ਦਾ ਲੱਗਦਾ ਹੈ?''

''ਹਾਲੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਉਹ ਬਹੁਤ ਗੁੱਸੇ 'ਚ ਲੱਗਦਾ ਹੈ ਅਤੇ ਬਹੁਤ ਭੁੱਖਾ ਵੀ।''

ਮੈਂ ਅੱਧੇ ਘੰਟੇ ਤੱਕ ਉਸ ਕੋਲ ਤੇ ਉਸ ਦੇ ਮਾਪਿਆਂ ਕੋਲ ਬੈਠਿਆ ਰਿਹਾ। ਇਸ ਤੋਂ ਬਾਅਦ ਨਰਸ ਨੇ ਸਾਨੂੰ ਚਲੇ ਜਾਣ ਦਾ ਹੁਕਮ ਦਿੱਤਾ। ਜਦੋਂ ਮੈਂ ਘਰ ਪਹੁੰਚਿਆ ਤਾਂ ਤੜਕੇ ਦਾ ਸਮਾਂ ਹੋ ਚੁੱਕਾ ਸੀ।

ਮੇਰੇ ਪਿਤਾ ਮੇਰੀ ਉਡੀਕ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਖ਼ਬਰ ਦੱਸੀ। ਉਹ ਬੜੇ ਖੁਸ਼ ਹੋਏ ਅਤੇ ਕਹਿਣ ਲੱਗੇ, ''ਸਾਡੀ ਵੰਸ਼ ਚੱਲਦੀ ਰਹੇਗੀ। ਮੁਬਾਰਕ ਹੋਵੇ। ਅਗਲੀ ਵਾਰ ਜਦੋਂ ਮਿਲਣ ਜਾਵੇਂ ਤਾਂ ਮੈਨੂੰ ਨਾਲ ਲੈ ਕੇ ਜਾਈਂ। ਮੈਂ ਆਪਣੇ ਪੋਤੇ ਦਾ ਮੂੰਹ ਦੇਖਣਾ ਚਾਹੁੰਦਾ ਹਾਂ। ਸਾਨੂੰ ਉਹਦੇ ਲਈ ਕੋਈ ਚੰਗਾ ਜਿਹਾ ਨਾਂ ਵੀ ਲੱਭਣਾ ਚਾਹੀਦਾ ਹੈ।''

ਦਫਤਰ ਜਾ ਕੇ ਮੈਂ ਮਠਿਆਈ ਮੰਗਾਈ ਅਤੇ ਸਟਾਫ ਵਿਚ ਲੱਡੂ, ਗੁਲਾਬ ਜਾਮਣਾਂ ਅਤੇ ਰਸਗੁੱਲੇ ਵੰਡੇ।

ਜਿਨ੍ਹਾਂ ਹਫਤਿਆਂ ਦੌਰਾਨ ਸੋਨੂੰ ਗਈ ਹੋਈ ਸੀ ਉਨ੍ਹਾਂ ਦਿਨਾਂ ਦੌਰਾਨ ਮੈਂ ਇਕ ਅਹਿਮ ਫੈਸਲਾ ਲਿਆ। ਘਰ ਦੇ ਨੇੜੇ ਹੀ ਰਹਿੰਦੇ ਇਕ ਡੀਲਰ ਨੂੰ ਮੈਂ ਕਿਹਾ ਕਿ ਕਿਸੇ ਮਹਿੰਗੇ ਰਿਹਾਇਸ਼ੀ ਇਲਾਕੇ ਵਿਚ ਕੋਈ ਵੱਡਾ ਮਕਾਨ ਲੱਭ ਕੇ ਦੇਵੇ ਜਿਸ ਵਿਚ ਇਕ ਬਗੀਚੀ ਵੀ ਹੋਵੇ। ਮੇਰੀ ਕੰਪਨੀ ਕਾਫੀ ਪੈਸਾ ਕਮਾ ਰਹੀ ਸੀ ਅਤੇ ਮੈਂ ਇਹ ਫੈਸਲਾ ਕਰ ਚੁੱਕਾ ਸਾਂ ਕਿ ਅਚਿੰਤ ਰਾਮ ਵੱਲੋਂ ਤੋਹਫੇ ਵਿਚ ਦਿੱਤੇ ਮਕਾਨ ਨੂੰ ਖਾਲੀ ਕਰ ਦੇਵਾਂਗਾ। ਉਸ ਨੂੰ ਉਸ ਦਾ 'ਥਾਂ ਦਿਖਾਉਣ' ਲਈ ਮੈਂ ਆਪਣੇ ਲਈ ਉਸ ਮਕਾਨ ਨਾਲੋਂ ਵੱਡਾ ਮਕਾਨ ਖਰੀਦਾਂਗਾ ਜਿਹੜਾ ਉਹਨੇ ਆਪਣੀ ਧੀ ਨੂੰ ਦਿੱਤਾ ਸੀ। ਬੇਸ਼ਕ ਇਹ ਸੋਨੂੰ ਦੇ ਪਿਤਾ ਦੇ ਮਕਾਨ ਜਿੱਡਾ ਨਹੀਂ ਹੋਏਗਾ ਫਿਰ ਵੀ ਸੋਨੂੰ ਨੂੰ ਇਹ ਜ਼ਰੂਰ ਮਹਿਸੂਸ ਹੋਏਗਾ ਕਿ ਇਹ ਬਹੁਤਾ ਮਾੜਾ ਵੀ ਨਹੀਂ ਹੈ। ਇਸ ਵਾਰੀ ਮਕਾਨ ਖਰੀਦਣਾ ਕੋਈ ਸਮੱਸਿਆ ਨਹੀਂ ਹੋਏਗੀ। ਅਜੇ ਤੱਕ ਵੀ ਮੇਰੇ ਕੋਲ ਕੋਈ ਬਹੁਤਾ ਕਾਲਾ ਧੰਨ ਨਹੀਂ ਸੀ। ਪਰ ਮੈਂ ਕੁਝ ਪੈਸਾ ਰੁਪਈਆਂ ਵਿਚ ਅਤੇ ਬਾਕੀ ਦਾ ਡਾਲਰਾਂ ਵਿਚ ਅਦਾ ਕਰ ਦਿਆਂਗਾ। ਡਾਲਰ ਲੈਣ ਵਾਲੇ ਲੋਕ ਬਹੁਤ ਮਿਲ ਜਾਂਦੇ ਸਨ।

ਮੈਂ ਇਸ ਫੈਸਲੇ ਬਾਰੇ ਕਿਸੇ ਨੂੰ ਨਾ ਦੱਸਿਆ, ਆਪਣੇ ਪਿਤਾ ਨੂੰ ਵੀ ਨਹੀਂ। ਮੈਂ ਚਾਹੁੰਦਾ ਸਾਂ ਕਿ ਸੋਨੂੰ ਨੂੰ ਮੈਂ ਇਕਦਮ ਹੈਰਾਨ ਕਰਾਂ ਅਤੇ ਇਹ ਮਕਾਨ ਮੇਰੇ ਨਵੇਂ ਜੰਮੇ ਪੁੱਤਰ ਲਈ ਇਕ ਤੋਹਫਾ ਹੋਵੇ। ਹਫਤੇ ਮਗਰੋਂ ਡੀਲਰ ਨਵੀਂ ਦਿੱਲੀ ਦਾ ਨਕਸ਼ਾ ਲੈ ਕੇ ਆਇਆ ਅਤੇ ਦੱਸਿਆ ਕਿ ਜਿਸ ਤਰ੍ਹਾਂ ਦਾ ਮਕਾਨ ਮੈਨੂੰ ਚਾਹੀਦਾ ਹੈ ਉਹ ਕਿੱਥੇ ਮਿਲੇਗਾ ਅਤੇ ਕਿਨ੍ਹਾਂ ਸ਼ਰਤਾਂ 'ਤੇ ਮਿਲੇਗਾ। ਇਕ ਦਿਨ ਸਵੇਰੇ ਮੈਂ ਉਸ ਦੇ ਨਾਲ ਜਾ ਕੇ ਕਈ ਮਕਾਨ ਦੇਖੇ। ਮੈਂ ਮਹਾਰਾਣੀ ਬਾਗ ਵਾਲਾ ਮਕਾਨ ਪਸੰਦ ਕਰ ਲਿਆ। ਇਹ, ਜਿੱਥੇ ਮੈਂ ਹੁਣ ਰਹਿ ਰਿਹਾ ਸਾਂ ਉੱਥੋਂ ਬਹੁਤੀ ਦੂਰ ਨਹੀਂ ਸੀ। ਇਹ ਦੋ ਮੰਜ਼ਿਲਾ ਬੰਗਲਾ ਸੀ ਜਿਸ ਦੇ ਸਾਹਮਣੇ ਛੋਟਾ ਜਿਹਾ ਘਾਹ ਦਾ ਮੈਦਾਨ ਸੀ। ਪਿਛਲੇ ਪਾਸੇ ਛੋਟਾ ਜਿਹਾ ਵਿਹੜਾ ਵੀ ਸੀ, ਦੋ ਗੈਰਿਜਾਂ ਸਨ, ਤਿੰਨ ਵੱਡੇ ਕਮਰੇ ਸਨ ਅਤੇ ਪਹਿਲੀ ਮੰਜ਼ਿਲ 'ਤੇ ਵੱਡਾ ਵਿਹੜਾ ਸੀ। ਇਸ ਤੋਂ ਇਲਾਵਾ ਇਕ ਵੱਡਾ ਸੁਆਗਤੀ ਕਮਰਾ, ਦੋ ਸੌਣ ਕਮਰੇ, ਇਕ ਪੜ੍ਹਨ ਵਾਲਾ ਕਮਰਾ ਅਤੇ ਰਸੋਈ ਹੇਠਲੀ ਮੰਜ਼ਿਲ 'ਤੇ ਸਨ। ਪਿਛਲੇ ਪਾਸੇ ਨੌਕਰਾਂ ਵਾਲੇ ਕਮਰੇ ਸਨ। ਮੈਨੂੰ ਇਹ ਮਕਾਨ ਇਕਦਮ ਪਸੰਦ ਆ ਗਿਆ। ਇਸ ਦੇ ਮਾਲਕ ਬਹੁਤ ਬਜ਼ੁਰਗ ਸਨ ਅਤੇ ਚੰਡੀਗੜ੍ਹ ਵਿਚ ਰਹਿੰਦੇ ਸਨ। ਉਹ ਪੈਸਾ ਲੈ ਕੇ ਤੁਰੰਤ ਹੀ ਇਸ ਨੂੰ ਖਾਲੀ ਕਰਨ ਲਈ ਰਾਜ਼ੀ ਸਨ। ਮੈਂ ਆਪਣੀ ਕੰਪਨੀ ਦੇ ਵਕੀਲ ਨੂੰ ਕਿਹਾ ਕਿ ਸੇਲ ਐਗਰੀਮੈਂਟ ਤਿਆਰ ਕਰੇ। ਇਸ ਦੇ ਨਾਲ ਹੀ ਮੈਂ ਕਾਫੀ ਸਾਰਾ

ਪੈਸਾ ਪੇਸ਼ਗੀ ਵੀ ਦੇ ਦਿੱਤਾ।

ਸੌਦਾ ਹੋਣ ਤੋਂ ਬਾਅਦ ਮੈਂ ਪਿਤਾ ਜੀ ਨੂੰ ਦੱਸਿਆ। ਉਹ ਰਤਾ ਕੁ ਹੈਰਾਨ ਸਨ ਅਤੇ ਕਹਿਣ ਲੱਗੇ, ''ਕੀ ਇਹ ਮਕਾਨ ਤੇਰੇ ਲਈ ਛੋਟਾ ਹੈ?'' ਉਨ੍ਹਾਂ ਆਪਣੀ ਸਾਰੀ ਜ਼ਿੰਦਗੀ ਸਰਕਾਰੀ ਫਲੈਟ 'ਚ ਬਿਤਾਈ ਸੀ। ਇਸ ਕਰਕੇ ਉਨ੍ਹਾਂ ਨੂੰ ਹੋਰ ਸਾਰੇ ਮਕਾਨ ਵੱਡੇ ਪ੍ਰਤੀਤ ਹੁੰਦੇ ਸਨ। ਮੈਂ ਉਨ੍ਹਾਂ ਨੂੰ ਭਰੋਸਾ ਦਿੱਤਾ, ''ਜਦੋਂ ਤੁਸੀਂ ਉਹ ਨੂੰ ਦੇਖੋਗੇ ਤਾਂ ਤੁਹਾਨੂੰ ਬੜਾ ਪਸੰਦ ਆਏਗਾ। ਇਹਦਾ ਕੋਈ ਨਾਂ ਵੀ ਰੱਖਣਾ ਹੈ।

ਜਿਸ ਦਿਨ ਮੇਰਾ ਪੁੱਤਰ ਪੈਦਾ ਹੋਇਆ ਉਸ ਤੋਂ ਅਗਲੇ ਦਿਨ ਮੈਂ ਆਪਣੇ ਪਿਤਾ ਨੂੰ ਮਕਾਨ ਦਿਖਾਉਣ ਲਈ ਲੈ ਕੇ ਗਿਆ। ਮਕਾਨ ਦੇਖ ਕੇ ਉਹ ਬਹੁਤ ਖੁਸ਼ ਹੋਏ। ਉਨ੍ਹਾਂ ਮੇਰੇ ਪੁੱਤਰ ਦਾ ਨਾਂ ਰਣਜੀਤ ਕੁਮਾਰ ਰੱਖਿਆ ਸੀ ਅਤੇ ਮਕਾਨ ਦਾ ਨਾਂ ਉਸ ਦੇ ਨਾਂ 'ਤੇ 'ਰਣਜੀਤ ਵਿਲਾ' ਰੱਖ ਦਿੱਤਾ।

ਇਹੀ ਉਹ ਮਕਾਨ ਹੈ ਜਿੱਥੇ ਮੈਂ ਅੱਜ ਸ਼ਾਨ ਨਾਲ ਰਹਿ ਰਿਹਾ ਹਾਂ। ਐਸੀ ਸ਼ਾਨ ਨਾਲ ਜਿਹੜੀ ਨੌਜਵਾਨ ਕਰੋੜਪਤੀਆਂ ਦੇ ਹੀ ਹਿੱਸੇ ਆਈ ਹੈ। ਮੈਂ ਬਹੁਤ ਮਹਿੰਗੇ ਇੰਟੀਰੀਅਰ ਡੈਕੋਰੇਟਰ ਲਾ ਕੇ ਇਸ ਨੂੰ ਸਜਾਇਆ ਸੀ। ਇਸ ਤੋਂ ਬਾਅਦ ਮੈਂ ਇਕ ਰਸੋਈਆ ਭਰਤੀ ਕੀਤਾ। ਜਿਹੜਾ ਰਸੋਈਆ ਉਦੋਂ ਤੱਕ ਰੋਟੀ ਪਕਾਇਆ ਕਰਦਾ ਸੀ। ਉਹ ਨਵੇਂ ਰਸੋਈਏ ਦਾ ਸਹਾਇਕ ਬੇਅਰਾ ਅਤੇ ਮਸਾਲਚੀ ਬਣ ਗਿਆ। ਇਕ ਪੱਕੀ ਸਫ਼ਾਈ ਵਾਲੀ ਰੱਖੀ ਗਈ ਜਿਹੜੀ ਆਪਣੇ ਵੱਖਰੇ ਕੁਆਟਰ ਵਿਚ ਰਹਿੰਦੀ ਸੀ। ਮੈਂ ਉਸੇ ਨੂੰ ਹੀ ਭਰਤੀ ਕਰ ਲਿਆ। ਇਸ ਤੋਂ ਬਿਨਾ ਮੈਂ ਇਕ ਮਾਲੀ ਰੱਖਿਆ ਜਿਹੜਾ ਕੁਛ ਸਮੇਂ ਲਈ ਆਉਂਦਾ ਸੀ ਅਤੇ ਨਾਲ ਹੀ ਇਕ ਡਰਾਈਵਰ ਵੀ; ਕਿਉਂਕਿ ਮੈਨੂੰ ਦਿੱਲੀ ਦੀਆਂ ਸੜਕਾਂ 'ਤੇ ਗੱਡੀ ਚਲਾਉਣਾ ਕਾਫੀ ਮੁਸ਼ਕਲ ਲੱਗਦਾ ਸੀ।

*****

ਮੈਂ ਇਸ ਨਵੇਂ ਖਰੀਦੇ ਮਕਾਨ ਵਿਚ ਆਪਣੀ ਪਤਨੀ ਅਤੇ ਬੱਚੇ ਨੂੰ ਲਿਆਉਣ ਲਈ ਕਾਹਲਾ ਸਾਂ। ਸੋਨੂੰ ਦੀ ਡਾਕਟਰ ਨੇ ਮੈਨੂੰ ਦੱਸਿਆ, ''ਜਿੱਥੋਂ ਤੱਕ ਮੇਰੀ ਰਾਏ ਹੈ ਤੁਸੀਂ ਇਨ੍ਹਾਂ ਨੂੰ ਘਰ ਲਿਜਾ ਸਕਦੇ ਹੋ। ਮੈਂ ਚੌਵੀ ਘੰਟੇ ਕਲੀਨਿਕ 'ਚ ਹਾਜ਼ਰ ਹੁੰਦੀ ਹਾਂ। ਪਰ ਜੇ ਸੋਨੂੰ ਦਾ ਦਿਲ ਨਹੀਂ ਕਰਦਾ ਤਾਂ ਤੁਸੀਂ ਇਕ ਨਰਸ ਭਰਤੀ ਕਰ ਲਵੋ ਜਿਹੜੀ ਬੱਚੇ ਦੀ ਦੇਖਭਾਲ ਕਰੇ ਤਾਂ ਕਿ ਮਾਂ ਬਿਨਾਂ ਕਿਸੇ ਰੁਕਾਵਟ ਦੇ ਸੌਂ ਸਕੇ। ਮਾਂ ਨੂੰ ਉਦੋਂ ਹੀ ਉਠਾਇਆ ਜਾਵੇ ਜਦੋਂ ਬੱਚੇ ਨੇ ਦੁੱਧ ਚੁੰਘਣਾ ਹੋਵੇ।''

ਰਾਏ ਬਹਾਦਰ ਨੇ ਮੇਰੇ ਨਾਲ ਸਲਾਹ ਨਹੀਂ ਕੀਤੀ ਅਤੇ ਡਾਕਟਰ ਨੂੰ ਕਹਿਣ ਲੱਗਾ, ''ਕੁਝ ਦਿਨਾਂ ਲਈ ਇਹ ਸਾਡੇ ਕੋਲ ਰਹੇਗੀ। ਅਸੀਂ ਉਨੀ ਦੇਰ ਤੱਕ ਪੱਕੀ ਨਰਸ ਰੱਖ

ਲਵਾਂਗੇ ਜਿੰਨੀ ਦੇਰ ਤੱਕ ਬੱਚਾ ਦੁੱਧ ਚੁੰਘਣੇ ਹਟ ਨਹੀਂ ਜਾਂਦਾ।''

ਇਸ ਦਾ ਫੈਸਲਾ ਹੋ ਗਿਆ। ਜਦੋਂ ਮੈਂ ਦਫਤਰ ਵਿਚ ਹੀ ਸਾਂ, ਮੋਨੂੰ ਅਤੇ ਬੱਚੇ ਨੂੰ ਰਾਏ ਬਹਾਦਰ ਦੇ ਘਰ ਲਿਜਾਇਆ ਗਿਆ। ਨਾਲ ਹੀ ਦੋ ਨਰਸਾਂ ਵੀ ਲਿਜਾਈਆਂ ਗਈਆਂ। ਮੈਨੂੰ ਇਸ ਦਾ ਉਦੋਂ ਹੀ ਪਤਾ ਲੱਗਾ ਜਦੋਂ ਮੈਂ ਮਿਲਣ ਵਾਸਤੇ ਨਰਸਿੰਗ ਹੋਮ ਗਿਆ। ਸਾਡੇ ਵਿਚਾਲੇ ਅਣਐਲਾਨੀ ਰੱਸਾਕਸ਼ੀ ਫਿਰ ਸ਼ੁਰੂ ਹੋ ਗਈ ਸੀ। ਮੈਂ ਉਸ ਸ਼ਾਮ ਰਾਏ ਬਹਾਦਰ ਦੇ ਘਰ ਨਾ ਗਿਆ।

ਅਗਲੀ ਸਵੇਰ ਜਦੋਂ ਮੈਂ ਸੋਨੂੰ ਨੂੰ ਮਿਲਣ ਗਿਆ ਤਾਂ ਸ਼ਿਕਾਇਤ ਕੀਤੀ।

''ਤੂੰ ਮੈਨੂੰ ਇਹ ਦੱਸਣ ਦੀ ਖੇਚਲ ਹੀ ਨਹੀਂ ਕੀਤੀ ਕਿ ਤੂੰ ਘਰ ਪਰਤ ਰਹੀ ਹੈਂ। ਹਸਪਤਾਲ ਜਾ ਕੇ ਮੈਂ ਮੂਰਖ ਬਣਿਆ। ਹਸਪਤਾਲ ਦਾ ਸਟਾਫ ਸਾਡੇ ਬਾਰੇ ਕੀ ਸੋਚਦਾ ਹੋਏਗਾ?''

''ਜਾਣ ਤੋਂ ਪਹਿਲਾਂ ਟੈਲੀਫੋਨ ਕਰਨਾ ਚਾਹੀਦਾ ਸੀ। ਉਨ੍ਹਾਂ ਨੂੰ ਕਮਰਾ ਕਿਸੇ ਹੋਰ ਜੱਚਾ ਲਈ ਚਾਹੀਦਾ ਸੀ। ਇਸ ਲਈ ਮੈਨੂੰ ਖਾਲੀ ਕਰਨਾ ਪਿਆ।''

''ਤੂੰ ਘਰ ਕਦੋਂ ਆ ਰਹੀ ਹੈਂ?''

''ਮੈਂ ਕੁਝ ਦਿਨ ਹੋਰ ਇੱਥੇ ਰਹਾਂਗੀ। ਹਰ ਚਾਰ ਘੰਟਿਆਂ ਮਗਰੋਂ ਬੱਚਾ ਦੁੱਧ ਪੀਂਦਾ ਹੈ। ਜੇ ਇਕ ਮਿੰਟ ਲਈ ਵੀ ਦੇਰੀ ਹੋ ਜਾਏ ਇਹ ਚੀਕਾਂ ਮਾਰਨ ਲੱਗਦਾ ਹੈ। ਇੱਥੇ ਮੇਰੀ ਦੇਖ ਭਾਲ ਲਈ ਦੋ ਨਰਸਾਂ ਤੋਂ ਇਲਾਵਾ ਮੇਰੀ ਮਾਂ ਵੀ ਹੈ। ਮਾਂ ਕਹਿੰਦੀ ਹੈ ਅਸੀਂ ਬੱਚੇ ਲਈ ਸੋਹਣਾ ਜਿਹਾ ਨਾਂ ਲੱਭਾਂਗੇ।''

''ਅਸਾਂ ਇਹ ਦਾ ਨਾਂ ਲੱਭ ਵੀ ਲਿਆ ਹੈ। ਪਿਤਾ ਜੀ ਨੇ ਇਹ ਦਾ/ਨਾਂ ਰਣਜੀਤ ਮੋਹਨ ਕੁਮਾਰ ਰੱਖਿਆ ਹੈ। ਮੈਨੂੰ ਚੰਗਾ ਲੱਗਿਆ ਹੈ। ਇਹ ਮੇਰੇ ਪੜਦਾਦੇ ਦਾ ਨਾਂ ਸੀ।''

''ਤੇਰੇ ਪਿਓ ਨੇ ਮੇਰੇ ਨਾਲ ਸਲਾਹ ਕੀਤੇ ਬਿਨਾਂ ਹੀ ਨਾਂ ਦਾ ਫੈਸਲਾ ਵੀ ਕਰ ਲਿਆ। ਮੈਂ ਮੁੰਡੇ ਦੀ ਮਾਂ ਹਾਂ। ਕਿਤੇ ਤੈਨੂੰ ਭੁੱਲ ਤਾਂ ਨਹੀਂ ਗਿਆ।''

ਜਦੋਂ ਵੀ ਅਸੀਂ ਇਕ ਦੂਜੇ ਨਾਲ ਗੱਲ ਕਰਦੇ ਇਹ ਬਹਿਸ 'ਚ ਬਦਲ ਜਾਂਦੀ। ਮੈਂ ਪੱਕਾ ਧਾਰਿਆ ਹੋਇਆ ਸੀ ਕਿ ਬੱਚੇ ਦੇ ਨਾਂ ਦੇ ਮਾਮਲੇ ਵਿਚ ਉਹਦੀ ਕੋਈ ਨਹੀਂ ਚੱਲਣ ਦਿਆਂਗਾ। ਮੈਂ ਕਿਹਾ, ''ਰਣਜੀਤ ਮੋਹਨ ਕੁਮਾਰ ਹੀ ਉਹਦਾ ਨਾਂ ਹੋਏਗਾ। ਮੈਂ ਆਪਣੇ ਘਰ ਦਾ ਨਾਂ ਵੀ ਉਹਦੇ ਨਾਂ 'ਤੇ ਰੱਖ ਦਿੱਤਾ ਹੈ...ਰਣਜੀਤ ਵਿਲਾ। ਜਦੋਂ ਵੀ ਤੂੰ ਘਰ ਆਵੇਂ ਤੈਨੂੰ ਦਰਵਾਜ਼ੇ 'ਤੇ ਇਹ ਨਾਂ ਲਿਖਿਆ ਮਿਲੇਗਾ।'' ਮੈਂ ਉਸ ਨੂੰ ਇਹ ਨਹੀਂ ਸੀ ਦੱਸਿਆ ਕਿ ਮੈਂ ਨਵਾਂ ਮਕਾਨ ਖਰੀਦ ਲਿਆ ਹੈ ਅਤੇ ਉਹ ਇਹ ਹੀ ਸੋਚਦੀ ਹੋਣੀ ਹੈ ਕਿ ਪੁਰਾਣੇ ਮਕਾਨ ਦਾ ਹੀ ਨਵਾਂ ਨਾਂ ਰੱਖ ਦਿੱਤਾ ਗਿਆ ਹੈ।

ਮੈਂ ਉਹਨੂੰ ਪੰਦਰਾਂ ਦਿਨ ਆਪਣੇ ਮਾਪਿਆਂ ਦੇ ਘਰ ਰਹਿਣ ਦਿੱਤਾ। ਉਸ ਤੋਂ ਬਾਅਦ ਮੇਰਾ ਸਬਰ ਖਤਮ ਹੋ ਗਿਆ। ਮੈਂ ਉਹਨੂੰ ਇਕ ਦਿਨ ਟੈਲੀਫੋਨ 'ਤੇ ਕਿਹਾ, ''ਤੈਨੂੰ ਹੁਣ ਘਰ

ਆਉਣਾ ਚਾਹੀਦਾ ਹੈ। ਮੈਂ ਇਕ ਬੈੱਡਰੂਮ ਤੇਰੀਆਂ ਨਰਸਾਂ ਲਈ ਸਾਫ਼ ਕਰ ਦਿੱਤਾ ਹੈ। ਉਹ ਜਿੰਨੀ ਦੇਰ ਚਾਹੁਣ ਇੱਥੇ ਰਹਿ ਸਕਦੀਆਂ ਹਨ। ਤੇਰੇ ਮਾਤਾ ਪਿਤਾ ਵੀ ਚਾਹੁਣ ਤਾਂ ਹਰ ਰੋਜ਼ ਤੈਨੂੰ ਮਿਲਣ ਆ ਸਕਦੇ ਹਨ- ਉਸ ਵੇਲੇ ਜਦੋਂ ਮੈਂ ਦਫਤਰ ਵਿਚ ਹੋਵਾਂ। ਜੇ ਤੂੰ ਚਾਹਵੇਂ ਤਾਂ ਛੁੱਟੀ ਵਾਲੇ ਦਿਨ ਆਪਣੇ ਮਾਪਿਆਂ ਕੋਲ ਜਾ ਸਕਦੀ ਹੈਂ।''

ਉਹਨੂੰ ਪਤਾ ਸੀ ਕਿ ਮੈਂ ਫੈਸਲਾ ਕਰ ਚੁੱਕਾ ਹਾਂ। ਉਹਨੇ ਆਪਣੇ ਮਾਪਿਆਂ ਨੂੰ ਦੱਸਿਆ। ਉਨ੍ਹਾਂ ਮੁਸ਼ਕਲ ਨਾਲ ਹੀ ਉਸ ਨੂੰ ਭੇਜਣ ਦੀ ਸਹਿਮਤੀ ਦਿੱਤੀ। ਪਰ ਉਨ੍ਹਾਂ ਕਿਹਾ ਕਿ ਸ਼ਨਿਚਰਵਾਰ ਨੂੰ ਨਹੀਂ ਭੇਜਣਗੇ, ਕਿਉਂਕਿ ਸ਼ਨਿਚਰਵਾਰ ਦਾ ਦਿਨ ਸ਼ੁਭ ਨਹੀਂ ਹੁੰਦਾ। ਇਹ ਸ਼ਨੀ ਦਾ ਦਿਨ ਹੁੰਦਾ ਹੈ। ਐਤਵਾਰ ਠੀਕ ਰਹੇਗਾ। ਮੈਂ ਐਤਵਾਰ ਵਾਲੇ ਦਿਨ ਉੱਥੇ ਜਾ ਪਹੁੰਚਿਆ। ਉਹਨੇ ਬੱਚਿਆਂ ਦਾ ਕਾਫੀ ਸਾਰਾ ਸਮਾਨ ਇਕੱਠਾ ਕੀਤਾ ਹੋਇਆ ਸੀ। ਇਨ੍ਹਾਂ 'ਚ ਚਾਦਰਾਂ, ਨਰਮ ਕੰਬਲ, ਲੰਗੋਟ, ਪਾਊਡਰ, ਗ੍ਰਾਈਪ ਵਾਟਰ ਅਤੇ ਇਕ ਵੱਡਾ ਟੈਡੀ ਬੀਅਰ ਸ਼ਾਮਲ ਸਨ। ਕਾਰ ਵਿਚ ਇਹ ਸਾਰਾ ਸਮਾਨ ਨਹੀਂ ਸੀ ਰੱਖਿਆ ਜਾ ਸਕਦਾ। ਇਸ ਲਈ ਇਕ ਨਰਸ ਸਾਰੇ ਸਮਾਨ ਦੇ ਨਾਲ ਰਾਏ ਬਹਾਦਰ ਦੀ ਕਾਰ 'ਚ ਬੈਠੀ। ਸੋਨੂੰ ਮੇਰੇ ਨਾਲ ਅਗਲੀ ਸੀਟ 'ਤੇ ਬੈਠੀ। ਜਦ ਕਿ ਸੀਨੀਅਰ ਨਰਸ ਨੇ ਬੱਚੇ ਨੂੰ ਗੋਦੀ 'ਚ ਚੁੱਕ ਕੇ ਪਿਛਲੀ ਸੀਟ ਮੱਲ ਲਈ। ਮੈਂ ਰਾਏ ਬਹਾਦਰ ਦੇ ਡਰਾਈਵਰ ਨੂੰ ਕਿਹਾ ਕਿ ਉਹ ਮੇਰੇ ਮਗਰ ਮਗਰ ਆਵੇ।

''ਸਾਹਬ ਮੈਂ ਕਈ ਵਾਰ ਤਾਂ ਤੁਹਾਡੇ ਘਰ ਗਿਆ ਹਾਂ।''

ਮੈਂ ਉਹਨੂੰ ਫਿਰ ਕਿਹਾ, ''ਮੇਰੇ ਮਗਰ ਮਗਰ ਆ। ਹੁਣ ਉਹੀ ਘਰ ਨਹੀਂ ਹੈ।''

ਸੋਨੂੰ ਪੁੱਛਣ ਲੱਗੀ, ''ਅਸੀਂ ਕਿੱਥੇ ਜਾ ਰਹੇ ਹਾਂ?''

''ਸਾਡੇ ਨਵੇਂ ਘਰ। ਮੈਂ ਤੈਨੂੰ ਅਚਨਚੇਤ ਦੱਸਣਾ ਚਾਹੁੰਦਾ ਸਾਂ।''

ਮੈਂ ਸਾਡੇ ਨਵੇਂ ਘਰ ਦੇ ਗੇਟ ਸਾਹਮਣੇ ਜਾ ਕੇ ਰੁਕਿਆ ਅਤੇ ਘਰ ਦੇ ਬਾਹਰ ਲੱਗੀ ਪਿੱਤਲ ਦੀ ਪਲੇਟ ਵੱਲ ਇਸ਼ਾਰਾ ਕਰਦੇ ਹੋਏ ਕਿਹਾ, ''ਦੇਖ ਰਣਜੀਤ ਵਿਲਾ।''

ਮੈਂ ਸੋਚਿਆ ਸੀ ਕਿ ਆਪਣੇ ਪੁੱਤਰ ਦੇ ਨਾਂ ਵਾਲੇ ਇਸ ਵੱਡੇ ਮਕਾਨ ਨੂੰ ਦੇਖ ਕੇ ਉਹ ਖੁਸ਼ ਹੋਏਗੀ। ਪਰ ਉਹਦੇ ਚੇਹਰੇ 'ਤੇ ਤਾਂ ਰੋਸ ਫੈਲਿਆ ਹੋਇਆ ਸੀ। ਉਹ ਕਹਿਣ ਲੱਗੀ, ''ਮੇਰੇ ਨਾਲ ਸਲਾਹ ਕੀਤੇ ਬਿਨਾਂ ਅਤੇ ਮੈਨੂੰ ਦੱਸੇ ਬਿਨਾਂ ਹੀ!'' ਮੈਂ ਜਾਣਦਾ ਸਾਂ ਕਿ ਜਦੋਂ ਨਰਸਾਂ ਦੂਰ ਹੋਣਗੀਆਂ ਤਾਂ ਇਸ ਮਸਲੇ 'ਤੇ ਹੋਰ ਵੀ ਕਈ ਗੱਲਾਂ ਕਹੇਗੀ। ਇਸ ਦੇ ਨਾਲ ਹੀ ਨਰਸ ਦੀ ਕਹੀ ਇਸ ਗੱਲ ਨੇ ਵੀ ਉਹ ਨੂੰ ਹਾਲ ਦੀ ਘੜੀ ਚੁੱਪ ਕਰਵਾ ਦਿੱਤਾ ਸੀ, ''ਮਿਸਟਰ ਮੋਹਨ ਤੁਹਾਡਾ ਘਰ ਕਿੰਨਾ ਵਧੀਆ ਹੈ! ਵਾਹ ਵਾਹ!'' ਮੈਂ ਉਨ੍ਹਾਂ ਸਭ ਨੂੰ ਅੰਦਰ ਲੈ ਕੇ ਗਿਆ ਅਤੇ ਉਹਨੂੰ ਸੋਨੂੰ ਦਾ ਅਤੇ ਬੱਚੇ ਦਾ ਕਮਰਾ ਦਿਖਾਇਆ। ਇਸ ਵਿਚ ਸਿਲਕ ਦੀਆਂ ਚਾਦਰਾਂ ਵਿਛੀਆਂ ਹੋਈਆਂ ਸਨ, ਵੱਡੇ ਵੱਡੇ ਨਰਮ ਸਰਾਹਣੇ ਸਨ ਜਿਹੜੇ ਖਾਸ ਤੌਰ 'ਤੇ ਜਰਮਨੀ ਤੋਂ ਮੰਗਵਾਏ ਗਏ ਸਨ। ਕਮਰੇ ਵਿਚ ਬੱਚੇ ਲਈ ਇਕ ਵੱਖਰੀ ਮੰਜੀ ਸੀ ਅਤੇ

ਮੁਹਾਮ ਐਸੇ ਸਨ ਜਿਹੜੇ ਪੰਜ ਤਾਰਾ ਹੋਟਲਾਂ ਨੂੰ ਮਾਤ ਪਾਉਂਦੇ ਸਨ।

ਮੇਰੇ ਪਿਤਾ ਨੇ ਵੀ ਉਨ੍ਹਾਂ ਦਾ ਸਵਾਗਤ ਕਰਨ ਲਈ ਪੂਰੀ ਵਾਹ ਲਗਾਈ। ਉਨ੍ਹਾਂ ਸੋਨੂੰ ਤੇ ਬੱਚੇ ਦੇ ਮੱਥੇ 'ਤੇ ਕੇਸਰ ਲਾਇਆ ਅਤੇ ਸੌ ਰੁਪਏ ਦਾ ਨੋਟ ਉਨ੍ਹਾਂ ਦੇ ਸਿਰਾਂ 'ਤੇ ਘੁੰਮਾ ਕੇ ਉਨ੍ਹਾਂ ਦੇ ਹੱਥਾਂ 'ਚ ਫੜਾ ਦਿੱਤਾ। ਨੌਕਰ ਵੀ ਅੰਦਰ ਆ ਗਏ। ਮੈਂ ਵਾਰੀ ਵਾਰੀ ਸਭ ਦੀ ਪਛਾਣ ਕਰਾਈ। ਉਨ੍ਹਾਂ ਸਭ ਨੇ ਸੋਨੂੰ ਦੇ ਪੈਰ ਛੂਹੇ। ਰਸੋਈਏ ਨੇ ਆਪਣੀ ਬੰਗਾਲੀ ਰਲਵੀਂ ਹਿੰਦੀ 'ਚ ਸੋਨੂੰ ਨੂੰ ਵਧਾਈ ਦਿੰਦੇ ਹੋਏ ਕਿਹਾ, ''ਮੇਮ ਸਾਹਬ ਆਪ ਕੋ ਬਹੁਤ ਬਹੁਤ ਮੁਬਾਰਕ ਹੋ।'' ਮੈਅਰਾ ਨੂੰ ਉਹ ਪਹਿਲਾਂ ਹੀ ਜਾਣਦੀ ਸੀ। ਜਮਾਂਦਾਰਨੀ ਨੇ ਆਪਣੇ ਆਪ ਨੂੰ ਜਮਾਂਦਾਰਨੀ ਹੀ ਦੱਸਿਆ ਅਤੇ ਕੋਈ ਨਾਂ ਨਾ ਦੱਸਿਆ। ਜਦੋਂ ਸਾਰੇ ਲੋਕ ਬਾਹਰ ਚਲੇ ਗਏ ਤਾਂ ਸੋਨੂੰ ਨੇ ਫਿਰ ਤਲਖੀ ਨਾਲ ਕਿਹਾ, ''ਘਰ ਦੀ ਮਾਲਕਣ ਦੀ ਮਰਜ਼ੀ ਤੋਂ ਬਿਨਾਂ ਹੀ ਸਾਰਾ ਸਟਾਫ ਵੀ ਭਰਤੀ ਕਰ ਲਿਆ ਹੈ! ਮੇਰੇ ਜਿੰਮੇ ਤਾਂ ਇਹੀ ਕਰਨਾ ਹੈ ਕਿ ਜੋ ਕੁਝ ਪਰੋਸਿਆ ਜਾਵੇ, ਉਹ ਖਾ ਲਵਾਂ, ਜਦੋਂ ਮੈਨੂੰ ਲੋੜ ਹੋਵੇ ਤਾਂ ਤੇਰੇ ਨਾਲ ਸੌਂ ਲਵਾਂ ਅਤੇ ਆਪਣੇ ਬੱਚੇ ਦੀ ਸੰਭਾਲ ਕਰਦੀ ਰਹਾਂ।''

ਮੈਂ ਹੱਥਲ ਹੋ ਗਿਆ ਅਤੇ ਕਿਹਾ, ''ਕੋਈ ਚੀਜ਼ ਐਸੀ ਹੈ ਜਿਹੜੀ ਮੈਂ ਕਰਾਂ ਤਾਂ ਤੂੰ ਖੁਸ਼ ਹੋਵੇਂ? ਮੈਂ ਸਾਰਾ ਕੁਝ ਤੈਨੂੰ ਖੁਸ਼ ਕਰਨ ਲਈ ਕੀਤਾ ਸੀ। ਇਹਦੇ ਬਦਲੇ ਧੰਨਵਾਦ ਦੀ ਥਾਂ ਤੂੰ ਨੁਕਤਾਚੀਨੀ ਕਰੀ ਜਾਂਦੀ ਏਂ।''

ਮੈਂ ਕਮਰੇ ਤੋਂ ਬਾਹਰ ਚਲਾ ਗਿਆ। ਮੈਨੂੰ ਆਸ ਸੀ ਕਿ ਮੇਰੇ ਇਸ ਤਰ੍ਹਾਂ ਕਰਨ ਨਾਲ ਉਹਨੂੰ ਆਪਣੀ ਗ਼ਲਤੀ ਮਹਿਸੂਸ ਹੋਏਗੀ। ਉਹਨੇ ਸਾਰੇ ਮਕਾਨ ਦਾ ਚੱਕਰ ਲਗਾਇਆ ਅਤੇ ਸਾਰੇ ਕਮਰੇ ਦੇਖੇ। ਫਿਰ ਉਹ ਰਸੋਈ ਵਿਚ ਗਈ ਤੇ ਰਸੋਈਏ ਨੂੰ ਪੁੱਛਿਆ ਕਿ ਉਹਨੇ ਦੁਪਹਿਰ ਦੇ ਖਾਣ ਤੇ ਰਾਤ ਲਈ ਕੀ ਬਣਾਇਆ। ਫਿਰ ਹੇਠਾਂ ਆ ਕੇ ਵੱਡੇ ਬੈਠਕ ਕਮਰੇ 'ਚ ਗਈ। ਅਵਾਜ਼ ਤੋਂ ਹੀ ਮੈਨੂੰ ਪਤਾ ਲੱਗਿਆ ਕਿ ਉਹਨੇ ਸ਼ਰਾਬ ਵਾਲੀ ਅਲਮਾਰੀ ਖੋਲ੍ਹੀ ਅਤੇ ਇਸ ਵਿਚ ਪਏ ਗਿਲਾਸ ਦੇਖੇ। ਆਖਰ ਉਹ ਮੇਰੇ ਪੜ੍ਹਨ ਵਾਲੇ ਕਮਰੇ 'ਚ ਆਈ ਜਿੱਥੇ ਮੈਂ ਕੰਮ ਕਰਨ ਦਾ ਬਹਾਨਾ ਕਰ ਰਿਹਾ ਸਾਂ। ਉਹ ਨੇ ਮਾਫੀ ਭਰੇ ਲਹਿਜੇ 'ਚ ਕਿਹਾ, ''ਮੈਨੂੰ ਅਫਸੋਸ ਹੈ ਕਿ ਮੈਂ ਇਸ ਤਰ੍ਹਾਂ ਵਿਵਹਾਰ ਕੀਤਾ। ਸਾਰਾ ਕੁਛ ਠੀਕ ਠਾਕ ਹੈ। ਤੂੰ ਮੇਰੇ ਬਿਨਾਂ ਵੀ ਸਾਰਾ ਕੰਮ ਸੰਭਾਲ ਸਕਦਾ ਹੈਂ।''

''ਮੈਨੂੰ ਖੁਸ਼ੀ ਹੈ ਕਿ ਤੈਨੂੰ ਇਹ ਥਾਂ ਪਸੰਦ ਆਈ।''

ਉਹ ਪੁੱਛਣ ਲੱਗੀ, ''ਇਨ੍ਹਾਂ ਨਰਸਾਂ ਦਾ ਕੀ ਬਣੇਗਾ?''

ਮੈਂ ਜਵਾਬ ਦਿੱਤਾ, ''ਇਨ੍ਹਾਂ ਤੋਂ ਪੁੱਛ ਕਿ ਇਨ੍ਹਾਂ ਨੂੰ ਖਾਣਾ ਕਿਸ ਤਰ੍ਹਾਂ ਦਾ ਪਸੰਦ ਹੈ ਤੇ ਰਸੋਈਏ ਨੂੰ ਦੱਸ ਦੇ।''

ਉਸ ਨਰਸਾਂ ਨੂੰ ਹੇਠਾਂ ਆਉਣ ਲਈ ਕਿਹਾ ਅਤੇ ਫੇਰ ਉਨ੍ਹਾਂ ਦਾ ਮੇਰੇ ਨਾਲ ਤੁਆਰਫ ਕਰਾਇਆ। ਵਡੇਰੀ ਉਮਰ ਵਾਲੀ ਨਰਸ ਕਹਿਣ ਲੱਗੀ, ''ਸਰ ਮੇਰਾ ਨਾਂ ਮੇਰੀ ਜੋਸਫ ਹੈ।

ਮੈਂ ਤਾਮਿਲਨਾਡੂ ਤੋਂ ਹਾਂ ਅਤੇ ਰੋਮਨ ਕੈਥੋਲਿਕ ਹਾਂ।''

ਉਹ ਪੱਕੇ ਰੰਗ ਦੀ ਭਰਵੀਂ ਔਰਤ ਸੀ ਅਤੇ ਉਹਦੀ ਉਮਰ ਤੀਹਾਂ ਕੁ ਸਾਲਾਂ ਦੀ ਸੀ. ਉਹਦੀਆਂ ਭਰਵੀਆਂ ਛਾਤੀਆਂ 'ਤੇ ਸੋਨੇ ਦਾ ਕਰਾਸ ਲਟਕ ਰਿਹਾ ਸੀ। ਨੌਜਵਾਨ ਨਰਸ ਨੇ ਆਪਣੇ ਬਾਰੇ ਦੱਸਿਆ : ''ਸਰ ਮੇਰਾ ਨਾਂ ਇਤਿਆਰਾ ਮੈਥਿਊਜ਼ ਹੈ। ਮੈਂ ਕੇਰਲਾ 'ਚ ਕੋਟਾਯਮ ਦੀ ਰਹਿਣ ਵਾਲੀ ਹਾਂ ਅਤੇ ਮੈਂ ਸੀਰੀਅਨ ਕ੍ਰਿਸਚੀਅਨ ਹਾਂ।'' ਉਹ ਦੂਜੀ ਨਰਸ ਜਿੰਨੀ ਨਾ ਤਾਂ ਕਾਲੀ ਹੀ ਸੀ ਤੇ ਨਾ ਉਨੀ ਮੋਟੀ ਸੀ। ਮੈਂ ਆਪਣੇ ਕੰਮ ਦੇ ਕਮਰੇ ਦੇ ਨਾਲ ਉਨ੍ਹਾਂ ਦਾ ਕਮਰਾ ਦਿਖਾਇਆ। ਇੱਥੇ ਮੈਂ ਦੋ ਬਿਸਤਰੇ ਲੁਆ ਦਿੱਤੇ ਸਨ। ਉਨ੍ਹਾਂ ਨੇ ਵਾਰੀ ਵਾਰੀ ਇਸ ਕਮਰੇ 'ਚ ਰਹਿਣਾ ਸੀ, ਕਿਉਂਕਿ ਇਕ ਨਰਸ ਨੇ ਤਾਂ ਡਿਊਟੀ 'ਤੇ ਹੋਇਆ ਕਰਨਾ ਸੀ। ਕੇਰਲਾ ਵਾਲੀ ਕਹਿਣ ਲੱਗੀ, ''ਮੈਂ ਰਾਤ ਨੂੰ ਜਾਗਦੀ ਹਾਂ। ਰਾਤ ਨੂੰ ਮੈਰੀ ਇੱਥੇ ਰਿਹਾ ਕਰੇਗੀ ਤੇ ਮੈਂ ਦਿਨ ਵੇਲੇ।'' ਮੈਂ ਉਨ੍ਹਾਂ ਨੂੰ ਦੱਸਿਆ ਕਿ ਰਸੋਈਏ ਨੂੰ ਖੁਦ ਹੀ ਦੱਸ ਦੇਣ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦਾ ਭੋਜਨ ਚਾਹੀਦਾ ਹੈ। ਜਵਾਬ ਮੈਰੀ ਨੇ ਦਿੱਤਾ, ''ਸਰ ਜੋ ਕੁਛ ਤੁਸੀਂ ਖਾਓਗੇ ਉਹੀ ਕੁਝ ਅਸੀਂ ਖਾ ਲਵਾਂਗੀਆਂ। ਕਦੇ ਕਦੇ ਸਾਨੂੰ ਇਡਲੀ ਡੋਸਾ ਚਾਹੀਦਾ ਹੁੰਦਾ ਹੈ। ਉਹ ਅਸੀਂ ਆਪੇ ਬਣਾ ਲਵਾਂਗੀਆਂ।''

ਦੋ ਕੁ ਦਿਨਾਂ ਵਿਚ ਹੀ ਜ਼ਿੰਦਗੀ ਲੀਹ 'ਤੇ ਪੈ ਗਈ। ਸੋਨੂੰ ਅਤੇ ਬੱਚਾ ਉੱਪਰਲੀ ਮੰਜ਼ਲ 'ਤੇ ਇਕ ਬੈੱਡਰੂਮ 'ਚ ਸੌਂਦੇ। ਕੇਰਲਾ ਵਾਲੀ ਨਰਸ ਉਸੇ ਕਮਰੇ 'ਚ ਕੁਰਸੀ 'ਤੇ ਬੈਠੀ ਉਂਘਲਾਉਂਦੀ ਰਹਿੰਦੀ। ਹਰ ਚਾਰ ਘੰਟੇ ਬਾਅਦ ਬੱਚਾ ਰੋਂਦਾ ਤਾਂ ਉਹ ਜਾਗ ਜਾਂਦੀ। ਮੈਂ ਆਪਣੇ ਪੜ੍ਹਨ ਕਮਰੇ 'ਚ ਹੀ ਆਪਣੇ ਲਈ ਬਿਸਤਰਾ ਡਾਹ ਲਿਆ ਸੀ। ਤਾਮਿਲ ਵਾਲੀ ਨਰਸ ਨੇ ਮੇਰੇ ਨਾਲ ਵਾਲਾ ਕਮਰਾ ਮੱਲ ਲਿਆ ਸੀ। ਕੇਰਲਾ ਵਾਲੀ ਨਾਲੋਂ ਉਹ ਵੱਧ ਗੱਲਾਂ ਮਾਰਦੀ ਸੀ। ਉਸ ਮੈਨੂੰ ਦੱਸਿਆ ਕਿ ਉਹ ਸ਼ਾਦੀਸ਼ੁਦਾ ਸੀ ਅਤੇ ਉਹ ਦਾ ਇਕ ਬੱਚਾ ਵੀ ਸੀ। ਉਹ ਕਹਿਣ ਲੱਗੀ, ''ਮੇਰਾ ਪਤੀ ਬਸ ਹਰ ਸਮੇਂ ਪੀਂਦਾ ਹੀ ਰਹਿੰਦਾ ਹੈ, ਉਹ ਤਾਂ ਮੱਛੀ ਵਾਂਗ ਪੀਂਦਾ ਹੈ। ਜਦੋਂ ਮੈਂ ਉਹਨੂੰ ਮਨ੍ਹਾਂ ਕਰਦੀ ਹਾਂ ਉਹ ਮੈਨੂੰ ਕੁੱਟਦਾ ਹੈ। ਬੱਚੇ ਦੇ ਪਾਲਣ ਪੋਸ਼ਣ ਲਈ ਘਰ ਵਿਚ ਪੈਸੇ ਨਹੀਂ ਹਨ। ਕੀ ਕਰੀਏ ਸਰ? ਇਸ ਲਈ ਮੈਂ ਨਰਸਿੰਗ ਦਾ ਕੋਰਸ ਕੀਤਾ ਅਤੇ ਸਰਟੀਫਿਕੇਟ ਲੈਣ ਤੋਂ ਬਾਅਦ ਆਪਣੇ ਪਤੀ ਨੂੰ ਕਿਹਾ... ''ਮਿਸਟਰ ਤੂੰ ਇੱਥੇ ਰਹਿ ਤੇ ਸ਼ਰਾਬ ਪੀ ਅਤੇ ਬੱਚੇ ਦੀ ਦੇਖਭਾਲ ਵੀ ਕਰ। ਮੈਨੂੰ ਦਿੱਲੀ ਵਿਚ ਨੌਕਰੀ ਮਿਲ ਗਈ ਹੈ। ਜੋ ਕੁਝ ਵੀ ਬਚਿਆ ਤੈਨੂੰ ਮੈਂ ਭੇਜਦੀ ਰਹਾਂਗੀ।'' ਉਹਨੇ ਇਹ ਸਾਰੀ ਗੱਲ ਬੜੀ ਖੁਸ਼ੀ ਨਾਲ ਦੱਸੀ ਸੀ। ਉਹ ਕਹਿਣ ਲੱਗੀ, ''ਇਕੋ ਤਾਂ ਜ਼ਿੰਦਗੀ ਜਿਊਣ ਲਈ ਹੈ। ਇਹਨੂੰ ਸ਼ਰਾਬੀ ਪਤੀ 'ਤੇ ਕਿਉਂ ਬਰਬਾਦ ਕੀਤਾ ਜਾਵੇ। ਤੁਸੀਂ ਮੰਨਦੇ ਹੋ ਕਿ ਨਹੀਂ?''

ਮੈਂ ਸਹਿਮਤ ਹੋ ਗਿਆ।

ਸੋਨੂੰ ਮੈਨੂੰ ਆਪਣੇ ਕੋਲ ਨਹੀਂ ਸੀ ਆਉਣ ਦਿੰਦੀ। ਉਹਦਾ ਕਹਿਣਾ ਸੀ, ''ਡਾਕਟਰ ਦਾ ਕਹਿਣਾ ਹੈ ਕਿ ਉਨੀ ਦੇਰ ਤੱਕ ਕੁਝ ਨਹੀਂ ਕਰਨਾ ਜਦੋਂ ਤੱਕ ਬੱਚਾ ਦੁੱਧ ਚੁੰਘਦਾ ਹੈ। ਛੇ

ਮਹੀਨੇ ਬਾਅਦ ਮੈਂ ਉਹਨੂੰ ਦੁੱਧ ਵਾਲੀ ਬੋਤਲ ਨਾਲ ਦੁੱਧ ਪਿਲਾਉਣਾ ਸ਼ੁਰੂ ਕਰਾਂਗੀ ਅਤੇ ਫੈਰੈਕਸ ਵਗੈਰਾ ਦੇਣਾ ਸ਼ੁਰੂ ਕਰਾਂਗੀ। ਉਦੋਂ ਹੀ ਦੇਖਾਂਗੇ ਕਿ ਤੁਹਾਡਾ ਕੀ ਬਣਦਾ ਹੈ।''

ਪਿਛਲੇ ਛੇ ਮਹੀਨੇ ਤੋਂ ਮੈਂ ਸਰੀਰਕ ਅਨੰਦ ਹਾਸਲ ਨਹੀਂ ਸੀ ਕੀਤਾ। ਮੇਰੇ ਵਰਗੇ ਵਾਸਨਾ ਭਰਪੂਰ ਬੰਦੇ ਲਈ ਹੋਰ ਛੇ ਮਹੀਨੇ ਪਰਹੇਜ਼ ਕਰਨਾ ਸੌਖਾ ਨਹੀਂ ਸੀ।

ਇਕ ਸ਼ਾਮ ਮੈਂ ਆਪਣੇ ਕੋਟੇ ਨਾਲੋਂ ਵੱਧ ਸਕਾਚ ਪੀ ਲਈ। ਮੈਨੂੰ ਸ਼ਰਾਬ ਨੂੰ ਹੱਥ ਤੱਕ ਨਹੀਂ ਸੀ ਲਾਉਂਦੀ ਕਿਉਂਕਿ ਇਹ ਉਸ ਦੇ ਦੁੱਧ ਵਿਚ ਚਲੀ ਜਾਂਦੀ ਸੀ ਅਤੇ ਬੱਚੇ ਲਈ ਹਾਨੀਕਾਰਕ ਹੁੰਦੀ ਸੀ। ਪਿਤਾ ਜੀ ਸੂਰਜ ਛਿਪਣ ਤੋਂ ਪਹਿਲਾਂ ਹੀ ਖਾਣਾ ਖਾ ਲੈਂਦੇ ਸਨ ਅਤੇ ਸੌਣ ਲਈ ਆਪਣੇ ਕਮਰੇ 'ਚ ਚਲੇ ਜਾਂਦੇ ਸਨ। ਮੈਂ ਨੌਕਰਾਂ ਦੇ ਜਾਣ ਦੀ ਉਡੀਕ ਕਰਦਾ ਅਤੇ ਉਨ੍ਹਾਂ ਦੇ ਜਾਣ ਤੋਂ ਬਾਅਦ ਪਿਛਲੇ ਦਰਵਾਜ਼ੇ ਨੂੰ ਬੰਦ ਕਰਦਾ। ਖਾਣੇ ਤੋਂ ਬਾਅਦ ਮੈਂ ਬਾਗ ਵਿਚ ਹਲਕੀ ਜਿਹੀ ਸੈਰ ਕਰਦਾ, ਬਾਹਰਲੇ ਦਰਵਾਜ਼ੇ ਨੂੰ ਤਾਲਾ ਲਗਾਉਂਦਾ ਅਤੇ ਫਿਰ ਆਪਣੇ ਕਮਰੇ ਵਿਚ ਆ ਜਾਂਦਾ। ਇਕ ਸ਼ਾਮ ਮੈਰੀ ਜੋਸਫ ਮੈਨੂੰ ਸ਼ੁਭ ਰਾਤਰੀ ਕਹਿਣ ਲਈ ਆਈ। ਮੈਨੂੰ ਨਹੀਂ ਪਤਾ ਕਿ ਮੇਰੇ 'ਤੇ ਕੀ ਭੂਤ ਸਵਾਰ ਹੋਇਆ। ਮੈਂ ਉਹਨੂੰ ਆਪਣੀਆਂ ਬਾਹਾਂ ਵਿਚ ਲਿਆ ਅਤੇ ਉਹਨੂੰ ਚੁੰਮ ਲਿਆ। ਉਹਨੇ ਕੋਈ ਵਿਰੋਧ ਨਾ ਕੀਤਾ। ਸਗੋਂ ਕਹਿਣ ਲੱਗੀ, ''ਸਰ ਕੋਈ ਅੰਦਰ ਆ ਸਕਦਾ ਹੈ। ਏਦਾਂ ਕਰਨਾ ਠੀਕ ਨਹੀਂ।'' ਮੈਂ ਕਮਰੇ ਨੂੰ ਅੰਦਰੋਂ ਕੁੰਡੀ ਲਗਾ ਲਈ ਅਤੇ ਉਹਨੂੰ ਆਪਣੇ ਬਿਸਤਰੇ 'ਤੇ ਸੁੱਟ ਲਿਆ। ਉਹ ਵੀ ਤਿਆਰ ਜਾਪਦੀ ਸੀ। ਉਹ ਨੇ ਆਪਣੀ ਚਿੱਟੀ ਸਕਰਟ ਉੱਪਰ ਚੁੱਕੀ ਤੇ ਆਪਣੀ ਕੱਛੀ ਲਾਹ ਦਿੱਤੀ। ਮੈਂ ਉਹਦਾ ਬਲਾਊਜ਼ ਫਾੜ ਕੇ ਖੋਹ ਲਿਆ ਅਤੇ ਭੁੱਖਿਆਂ ਵਾਂਗ ਉਹਦੀਆਂ ਛਾਤੀਆਂ ਨੂੰ ਪੈ ਨਿਕਲਿਆ। ਉਹਨੇ ਆਪਣੀਆਂ ਲੱਤਾਂ ਖੋਲ੍ਹ ਦਿੱਤੀਆਂ ਸਨ। ਮੇਰੀ ਪਹਿਲ 'ਤੇ ਉਹ ਖ਼ੁਸ਼ੀ ਵਿਚ ਚਹਿਚਹਾਈ ਅਤੇ ਨਾਲ ਹੀ ਮੇਰਾ ਸਾਥ ਵੀ ਦਿੱਤਾ। ਅਸੀਂ ਇਕੱਠੇ ਹੀ ਸਿਖਰ 'ਤੇ ਪਹੁੰਚੇ।

ਉੱਠਣ ਤੋਂ ਬਾਅਦ ਆਪਣੇ ਕੱਪੜੇ ਠੀਕ ਕਰਦੀ ਹੋਈ ਉਹ ਕਹਿਣ ਲੱਗੀ, ''ਇਹ ਸੁਰੱਖਿਅਤ ਨਹੀਂ ਹੈ। ਜੇ ਮੈਂ ਗਰਭਵਤੀ ਹੋ ਗਈ ਤਾਂ ਠੀਕ ਨਹੀਂ ਹੋਣਾ। ਮੈਂ ਕੈਥੋਲਕ ਹਾਂ, ਨਾ ਮੈਨੂੰ ਤਲਾਕ ਮਿਲ ਸਕਦਾ ਹੈ ਤੇ ਨਾ ਮੈਂ ਨਜਾਇਜ਼ ਬੱਚਾ ਜੰਮ ਸਕਦੀ ਹਾਂ। ਜੇ ਯਸੂ ਇਸ ਬਾਰੇ ਮੈਨੂੰ ਮਾਫ ਕਰਨ ਤਾਂ ਮੈਂ ਅੱਗੇ ਲਈ ਗਰਭ ਰੋਕੂ ਗੋਲੀਆਂ ਲੈ ਆਵਾਂਗੀ। ਸਰ ਇਕੋ ਹੀ ਤਾਂ ਜ਼ਿੰਦਗੀ ਹੈ।''

ਕੀ ਮੇਰੇ ਮਨ ਵਿਚ ਪਛਤਾਵੇ ਦੀ ਭਾਵਨਾ ਆਈ ਸੀ? ਨਹੀਂ। ਜਿਵੇਂ ਮੈਰੀ ਜੋਸਫ ਨੇ ਇਕੋ ਜ਼ਿੰਦਗੀ ਦੀ ਗੱਲ ਕਰਕੇ ਇਸ ਕਾਰਵਾਈ ਨੂੰ ਠੀਕ ਠਹਿਰਾਇਆ ਸੀ ਉਸੇ ਤਰ੍ਹਾਂ ਹੀ ਮੈਂ ਵੀ ਇਹਨੂੰ ਠੀਕ ਮੰਨ ਲਿਆ ਸੀ। ਸੈਕਸ ਬਹੁਤ ਜ਼ਰੂਰੀ ਹੈ। ਜਦੋਂ ਇਹ ਨਾ ਮਿਲ ਰਿਹਾ ਹੋਵੇ ਉਦੋਂ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ। ਸਾਰੇ ਧਾਰਮਿਕ ਵਿਸ਼ਵਾਸਾਂ ਜਾਂ ਨੈਤਿਕ ਅਸੂਲਾਂ ਤੋਂ ਉੱਪਰ ਸਰੀਰ ਦੀਆਂ ਲੋੜਾਂ ਹਨ।

ਯਸੂ ਨੇ ਮੈਰੀ ਜੋਸਫ ਨੂੰ ਉਸ ਦੀ ਗ਼ਲਤੀ ਮਾਫ ਕਰ ਦਿੱਤੀ ਸੀ। ਦੋ ਦਿਨਾਂ ਬਾਅਦ ਹੀ ਉਸ ਨੂੰ ਮਾਹਵਾਰੀ ਆ ਗਈ। ਛੇ ਦਿਨਾਂ ਮਗਰੋਂ ਉਹਨੇ ਗੋਲੀ ਖਾਣੀ ਸ਼ੁਰੂ ਕਰ ਦਿੱਤੀ। ਹਰ ਰਾਤ ਹੀ ਉਹ ਹੈਰਾਨੀ ਅਤੇ ਆਨੰਦ ਨਾਲ ਚੀਕਾਂ ਮਾਰਦੀ। ਹਰ ਰਾਤ ਉਹ ਮੇਰੀ ਤਾਲ ਨਾਲ ਤਾਲ ਮਿਲਾਉਂਦੀ ਜਿਸ ਤੋਂ ਪਤਾ ਲੱਗਦਾ ਕਿ ਉਹ ਪੂਰਾ ਆਨੰਦ ਮਾਣ ਰਹੀ ਸੀ।

ਇਹ ਮੌਜ ਮੇਲਾ ਬਹੁਤ ਦੇਰ ਤੱਕ ਨਹੀਂ ਚੱਲਿਆ। ਸਪੱਸ਼ਟ ਹੀ ਸੀ ਕਿ ਮੈਂ ਤਣਾਅ ਰਹਿਤ ਅਤੇ ਆਨੰਦ ਭਰਪੂਰ ਦਿਖਾਈ ਦਿੰਦਾ ਸਾਂ। ਇਸ ਕਾਰਨ ਸੋਨੂੰ ਹੈਰਾਨ ਹੋ ਰਹੀ ਸੀ। ਉਸ ਨੂੰ ਮੇਰੇ ਇਨ੍ਹਾਂ ਸਬੰਧਾਂ ਬਾਰੇ ਪਤਾ ਸੀ, ਪਰ ਉਸ ਕੋਲ ਮੇਰੇ ਖਿਲਾਫ ਕੋਈ ਸਬੂਤ ਨਹੀਂ ਸੀ। ਦੋਵਾਂ ਨਰਸਾਂ 'ਚੋਂ ਕੇਰਲਾ ਵਾਲੀ ਨੌਜਵਾਨ ਨਰਸ ਵਧੇਰੇ ਦਿਲਕਸ਼ ਸੀ ਅਤੇ ਉਹ ਸਾਰੀ ਰਾਤ ਸੋਨੂੰ ਦੇ ਕਮਰੇ 'ਚ ਬਿਤਾਉਂਦੀ ਸੀ। ਤਾਮਿਲ ਵਾਲੀ ਨਰਸ ਮੋਟੀ ਅਤੇ ਬੇਢੱਬੀ ਸੀ। ਉਹਦੇ ਗਲ਼ ਵਿਚ ਲਟਕ ਰਿਹਾ ਸੋਨੇ ਦਾ ਕਰਾਸ ਇਸ ਗੱਲ ਦਾ ਸਬੂਤ ਸੀ ਕਿ ਉਹ ਪੱਕੀ ਕ੍ਰਿਸਚਿਅਨ ਸੀ ਅਤੇ ਆਪਣੇ ਪਤੀ ਤੋਂ ਬਿਨਾਂ ਕਿਸੇ ਨਾਲ ਵੀ ਸਹਿਵਾਸ ਨਹੀਂ ਕਰੇਗੀ। ਪਰ ਔਰਤਾਂ ਵਿਚ ਇਕ ਛੇਵੀਂ ਸੂਝ ਹੁੰਦੀ ਹੈ ਅਤੇ ਜਦੋਂ ਵੀ ਉਨ੍ਹਾਂ ਨੂੰ ਖਤਰਾ ਮਹਿਸੂਸ ਹੁੰਦਾ ਹੈ, ਇਹ ਉਨ੍ਹਾਂ ਨੂੰ ਚੇਤਾਵਨੀ ਦੇ ਦਿੰਦੀ ਹੈ। ਸੋਨੂੰ ਨੂੰ ਇਹ ਸ਼ੱਕ ਪੈ ਗਿਆ ਕਿ ਉਸ ਦੀ ਆਪਣੀ ਛੱਤ ਦੇ ਹੇਠਾਂ ਹੀ ਕੁੱਝ ਗ਼ਲਤ ਚੱਲ ਰਿਹਾ ਹੈ। ਉਹ ਕੋਈ ਖਤਰਾ ਨਹੀਂ ਸੀ ਲੈਣਾ ਚਾਹੁੰਦੀ। ਦੋ ਕੁ ਹਫਤਿਆਂ ਮਗਰੋਂ ਉਹਨੇ ਐਲਾਨ ਕਰ ਦਿੱਤਾ ਕਿ ਉਸ ਨੂੰ ਦਿਨ ਵੇਲੇ ਨਰਸ ਦੀ ਲੋੜ ਨਹੀਂ ਰਹੀ। ਉਹ ਨੇ ਆਪਣੀ ਮਾਂ ਨੂੰ ਕਹਿ ਕੇ ਇਕ ਆਇਆ ਲਾ ਲਈ ਸੀ ਜਿਹੜੀ ਦਿਨ ਵੇਲੇ ਬੱਚੇ ਦੀ ਦੇਖ ਭਾਲ ਕਰਦੀ ਸੀ। ਮੈਰੀ ਜੋਸਫ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਜਾਣ ਤੋਂ ਪਹਿਲਾਂ ਉਹਨੇ ਮੈਨੂੰ ਆਪਣਾ ਕਾਰਡ ਦਿੱਤਾ। ਇਸ 'ਤੇ ਉਹਦਾ ਨਾਂ ਅਤੇ ਉਹ ਦੇ ਨਰਸਿੰਗ ਹੋਮ ਦਾ ਟੈਲੀਫੋਨ ਨੰਬਰ ਲਿਖਿਆ ਸੀ। ਉਹ ਕਹਿਣ ਲੱਗੀ, ''ਸਰ ਜਦੋਂ ਵੀ ਤੁਹਾਨੂੰ ਮੇਰੀ ਲੋੜ ਹੋਵੇ ਟੈਲੀਫੋਨ ਕਰ ਦੇਣਾ, ਮੈਂ ਆ ਜਾਵਾਂਗੀ। ਕਿਸੇ ਵੀ ਹੋਟਲ ਜਾਂ ਦੋਸਤ ਦੇ ਘਰ, ਕਿਤੇ ਵੀ। ਮੈਨੂੰ ਪੈਸੇ ਦੀ ਲੋੜ ਨਹੀਂ ਸਿਰਫ ਤੁਸੀਂ ਚਾਹੀਦੇ ਹੋ।''

ਮੈਂ ਉਹਦਾ ਕਾਰਡ ਆਪਣੇ ਪਰਸ ਵਿਚ ਪਾ ਲਿਆ। ਦਿਨ ਦੀ ਨਰਸ ਨੂੰ ਹਟਾਉਣ ਤੋਂ ਬਾਅਦ ਵੀ ਮੇਰੇ ਪ੍ਰਤੀ ਸੋਨੂੰ ਦਾ ਵਤੀਰਾ ਨਹੀਂ ਸੀ ਬਦਲਿਆ। ਮੈਨੂੰ ਨਹੀਂ ਸੀ ਪਤਾ ਲੱਗ ਰਿਹਾ ਕਿ ਉਹਨੂੰ ਕੀ ਹੋ ਗਿਆ ਹੈ। ਮੈਂ ਜੋ ਕੁਝ ਵੀ ਕਰਦਾ ਉਸ 'ਚੋਂ ਉਹਨੂੰ ਨੁਕਸ ਨਜ਼ਰ ਆਉਂਦੇ। ਹਰ ਸ਼ਾਮ ਉਹ ਕਿਸੇ ਐਸੇ ਮਸਲੇ 'ਤੇ ਗੱਲ ਛੇੜ ਲੈਂਦੀ ਜਿਸ ਦਾ ਸਿੱਟਾ ਲੜਾਈ ਵਿਚ ਨਿਕਲਦਾ। ਮੈਂ ਲੜਾਈ ਤੋਂ ਬਚਣ ਲਈ ਟੀ ਵੀ ਚਾਲੂ ਕਰ ਲੈਂਦਾ ਅਤੇ ਦਾਰੂ ਪੀਣ ਵੇਲੇ ਤੇ ਖਾਣਾ ਖਾਣ ਵੇਲੇ ਵੀ ਇਸ ਨੂੰ ਚਾਲੂ ਰੱਖਦਾ। ਆਖਰਕਾਰ ਸੌਣ ਦਾ ਸਮਾਂ ਆ ਜਾਂਦਾ। ਉਹ ਆਪਣੇ ਕਮਰੇ 'ਚ ਚਲੀ ਜਾਂਦੀ ਤੇ ਮੈਂ ਆਪਣੇ ਕਮਰੇ 'ਚ। ਇਸ ਤਰ੍ਹਾਂ ਦੇ ਮਾਹੌਲ ਵਿਚ ਸਹਿਵਾਸ ਦਾ ਵਿਚਾਰ ਕਦੇ ਵੀ ਸਾਡੇ ਮਨਾਂ ਵਿਚ ਨਾ ਆਉਂਦਾ। ਮੇਰੇ ਵਿਚਾਰਾਂ ਵਿਚ ਫੇਰ ਮੈਰੀ ਜੋਸਫ ਆਉਣੀ ਸ਼ੁਰੂ ਹੋ ਗਈ। ਉਹ ਕੋਈ ਬਹੁਤੀ ਸੁੰਦਰ ਔਰਤ ਨਹੀਂ ਸੀ

ਪਰ ਉਹ ਸਹਿਵਾਸ ਦੀ ਚਾਹਵਾਨ ਸੀ। ਇਸ ਕਰਕੇ ਉਹ ਚੰਗੀ ਲੱਗਣ ਲੱਗੀ ਸੀ। ਮੈਂ ਪਹਿਲਕਦਮੀ ਕਰਨ ਵਿਚ ਹਿਚਕਿਚਾਉਂਦਾ ਸਾਂ। ਉਹ ਇਸ ਤਰ੍ਹਾਂ ਨਹੀਂ ਸੀ ਕਰਦੀ। ਇਕ ਸ਼ਾਮ ਬਿਮਲਾ ਸ਼ਰਮਾ ਨੇ ਮੇਰੇ ਫੋਨ ਦੀ ਘੰਟੀ ਵਜਾਈ ਅਤੇ ਕਹਿਣ ਲੱਗੀ, ''ਸਰ ਤੁਹਾਡੇ ਬੱਚੇ ਦੀ ਨਰਸ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੀ ਹੈ। ਰੱਬ ਕਰੇ ਬੱਚਾ ਠੀਕ ਠਾਕ ਹੋਵੇ।''

ਮੈਂ ਜਵਾਬ ਦਿੱਤਾ, ''ਟੈਲੀਫੋਨ ਮੈਨੂੰ ਦੇ।''

ਇਹ ਮੈਰੀ ਜੋਸਫ ਸੀ, ''ਸਰ ਤੁਹਾਡੇ ਦਫਤਰ ਵਿਚ ਟੈਲੀਫੋਨ ਕਰਨ ਲਈ ਮਾਫੀ ਦਿਓ। ਮੈਂ ਬੱਚੇ ਦੀ ਸਿਹਤ ਦਾ ਪਤਾ ਕਰਨਾ ਚਾਹੁੰਦੀ ਸਾਂ। ਮੇਰਾ ਛੋਟਾ ਬਾਵਾ ਕਿਵੇਂ ਹੈ?''

''ਉਹ ਠੀਕ ਠਾਕ ਹੈ। ਜ਼ਰਾ ਸੁਣ, ਜੇ ਅੱਜ ਸ਼ਾਮ ਮੈਂ ਟੈਲੀਫੋਨ ਕਰਾਂ ਤਾਂ ਤੂੰ ਇਸ ਨੰਬਰ 'ਤੇ ਮਿਲ ਜਾਏਂਗੀ?''

''ਯੈਸ ਸਰ। ਤੁਹਾਡੇ ਲਈ ਸਦਾ ਹਾਜ਼ਰ ਹਾਂ, ਕਿਸੇ ਵੀ ਵੇਲੇ, ਕਿਸੇ ਵੀ ਥਾਂ।''

ਮੈਰੀ ਜੋਸਫ ਦਾ ਇਹੀ ਗੁਣ ਬਹੁਤ ਵਧੀਆ ਸੀ। ਮੈਂ ਅਸ਼ੋਕਾ ਹੋਟਲ 'ਚ ਫੋਨ ਕਰਕੇ ਬੰਬਈ ਦੇ ਰਹਿਣ ਵਾਲੇ ਆਪਣੇ ਕਾਰੋਬਾਰੀ ਹਿੱਸੇਦਾਰ ਦੇ ਨਾਂ ਅਗਲੇ ਦਿਨ ਲਈ ਕਮਰਾ ਬੁਕ ਕਰ ਦਿੱਤਾ। ਦਿੱਲੀ ਦੇ ਹੋਰ ਹੋਟਲਾਂ ਦੇ ਮੁਕਾਬਲੇ ਅਸ਼ੋਕਾ ਹੋਟਲ ਦਾ ਇਕ ਲਾਭ ਸੀ। ਇਹ ਸਰਕਾਰ ਦੀ ਮਲਕੀਅਤ ਸੀ ਅਤੇ ਸ਼ਹਿਰ ਦਾ ਸਭ ਤੋਂ ਵੱਡਾ ਹੋਟਲ ਸੀ। ਇਸ ਵਿਚ ਬਹੁਤੀ ਤਾਕ ਝਾਕ ਵੀ ਨਹੀਂ ਸੀ ਕੀਤੀ ਜਾਂਦੀ। ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਇਸ ਦੀ ਤੀਜੀ ਮੰਜ਼ਲ ਤੱਕ ਇਕ ਵੱਖਰੀ ਲਿਫਟ ਜਾਂਦੀ ਸੀ ਜਿਹੜੀ ਪਾਰਕਿੰਗ ਵਾਲੇ ਸਥਾਨ ਤੋਂ ਸ਼ੁਰੂ ਹੁੰਦੀ ਸੀ। ਤੀਜੀ ਮੰਜ਼ਲ 'ਤੇ ਰਹਿਣ ਵਾਲੇ ਲੋਕਾਂ ਨੂੰ ਵੱਡੇ ਗੇਟ ਤੋਂ ਦੀ ਲੰਘ ਕੇ ਸਵਾਗਤੀ ਮੇਜ਼, ਪੁੱਛ ਪੜਤਾਲ ਅਤੇ ਹੋਰ ਕਾਊਂਟਰਾਂ ਮੂਹਰਿਓਂ ਦੀ ਨਹੀਂ ਸੀ ਲੰਘਣਾ ਪੈਂਦਾ। ਲੌਬੀ ਵਿਚ ਲੋਕ ਹਮੇਸ਼ਾ ਤੁਰੇ ਰਹਿੰਦੇ ਸਨ। ਇਨ੍ਹਾਂ ਵਿਚੋਂ ਕਈ ਲੋਕ ਤੁਹਾਨੂੰ ਪਛਾਣ ਕੇ ਕਈ ਤਰ੍ਹਾਂ ਦੀਆਂ ਗੱਲਾਂ ਵੀ ਬਣਾ ਸਕਦੇ ਸਨ, ਅਤੇ ਉਹ ਜਿਹੜੀਆਂ ਗੱਲਾਂ ਬਣਾਉਂਦੇ ਸਨ ਅਕਸਰ ਉਹ ਠੀਕ ਹੀ ਹੁੰਦੀਆਂ ਸਨ। ਤੀਜੀ ਮੰਜ਼ਲ 'ਤੇ ਰਹਿਣ ਵਾਲਿਆਂ ਲਈ ਇਸ ਤਰ੍ਹਾਂ ਦਾ ਬਹਾਨਾ ਬਣਾਉਣਾ ਹੀ ਕਾਫੀ ਸੀ ਕਿ ਉਹ ਲਿਫਟ ਦੇ ਨਾਲ ਬਣੀ ਦੁਕਾਨ ਤੋਂ ਡਬਲ ਰੋਟੀ ਕੇਕ ਜਾਂ ਪੇਸਟਰੀ ਵਗੈਰਾ ਖਰੀਦਣ ਆਏ ਹਨ। ਤੀਜੀ ਮੰਜ਼ਲ ਵਾਲੇ ਕਮਰਿਆਂ ਦੇ ਬੈਰਿਆਂ ਨੂੰ ਵੀ ਪਤਾ ਸੀ ਕਿ ਬੰਬਈ, ਕਲਕੱਤਾ ਤੇ ਮਦਰਾਸ ਦੇ ਬਾਹਰੀ ਲੋਕ ਜਦੋਂ ਦਿੱਲੀ ਆਉਂਦੇ ਸਨ ਤਾਂ ਉਨ੍ਹਾਂ ਨੂੰ ਕੀ ਚਾਹੀਦਾ ਹੁੰਦਾ ਸੀ। ਉਹ ਚੁੱਪਚਾਪ ਆਪਣਾ ਕੰਮ ਕਰਦੇ ਰਹਿੰਦੇ। ਕੋਈ ਸਵਾਲ ਨਾ ਪੁੱਛਦੇ ਪਰ ਇਹ ਆਸ ਜ਼ਰੂਰ ਰੱਖਦੇ ਸਨ ਕਿ ਉਨ੍ਹਾਂ ਨੂੰ ਭਾਰੀ ਟਿੱਪ ਮਿਲੇਗਾ।

ਮੈਂ ਆਪਣੀ ਸਿੱਧੀ ਲਾਈਨ ਤੋਂ ਮੈਰੀ ਜੋਸਫ ਨੂੰ ਟੈਲੀਫੋਨ ਕੀਤਾ ਅਤੇ ਕਿਹਾ, ''ਮੈਰੀ ਮੈਨੂੰ ਕੱਲ੍ਹ ਸ਼ਾਮ ਪੰਜ ਵਜੇ ਮਿਲ। ਕਮਰਾ ਨੰਬਰ ੩੦੦, ਤੀਜੀ ਮੰਜ਼ਲ, ਅਸ਼ੋਕਾ ਹੋਟਲ। ਆਪਣੀ ਨਰਸਾਂ ਵਾਲੀ ਵਰਦੀ ਪਾ ਕੇ ਨਾ ਆਈ। ਮੇਰਾ ਨਾਂ ਨਾ ਪੁੱਛਦੀ ਫਿਰੀਂ।

ਸਿੱਧਾ ਦਰਵਾਜ਼ਾ ਖੜਕਾ ਦੇਵੀਂ।''

''ਜ਼ਰੂਰ, ਜ਼ਰੂਰ ਸਰ ਓ ਕੇ।'' ਅਗਲੇ ਦਿਨ ਮੈਂ ਸਾਢੇ ਚਾਰ ਵਜੇ ਹੀ ਦਫਤਰ ਤੋਂ ਚਲਾ ਗਿਆ ਅਤੇ ਡਰਾਈਵਰ ਨੂੰ ਦੱਸਿਆ ਕਿ ਅਗਲੇ ਦਿਨ ਸਵੇਰ ਤੱਕ ਉਹਦੀ ਛੁੱਟੀ ਹੈ। ਦੁਕਾਨ ਤੋਂ ਮੈਂ ਕੁਝ ਚਿਕਨ, ਪੈਟੀਆਂ ਅਤੇ ਚਾਕਲੇਟ ਖਰੀਦੇ। ਛੋਟੀ ਲਿਫਟ ਰਾਹੀਂ ਮੈਂ ਤੀਜੀ ਮੰਜ਼ਲ 'ਤੇ ਪਹੁੰਚਿਆ। ਕਮਰਾ ਨੰਬਰ ਤਿੰਨ ਸੌ ਖੁੱਲਿਆ ਹੋਇਆ ਸੀ। ਚਾਬੀ ਦਰਵਾਜ਼ੇ ਵਿਚ ਲੱਗੀ ਹੋਈ ਸੀ। ਚਾਬੀ ਮੈਂ ਆਪਣੀ ਜੇਬ ਵਿਚ ਪਾਈ ਅਤੇ ਅੰਦਰ ਚਲਾ ਗਿਆ। ਇਹ ਬੜਾ ਅਰਾਮਦੇਹ ਸਿੰਗਲ ਕਮਰਾ ਸੀ। ਮੇਜ਼ 'ਤੇ ਸਕਾਚ ਦੀ ਬੋਤਲ ਅਤੇ ਦੋ ਗਿਲਾਸ ਰੱਖੇ ਹੋਏ ਸਨ ਅਤੇ ਨਾਲ ਹੀ ਫਲਾਂ ਦੀ ਟੋਕਰੀ ਅਤੇ ਫੁੱਲਾਂ ਦਾ ਗੁਲਦਸਤਾ ਵੀ ਸੀ। ਫਰਿੱਜ ਵਿਚ ਸੋਡੇ ਪਏ ਸਨ। ਮੈਂ ਆਪਣੇ ਲਈ ਸੋਡਾ ਪਾ ਕੇ ਸਕਾਚ ਦਾ ਪੈੱਗ ਬਣਾਇਆ। ਬਹਿਰਾ ਆਰਡਰ ਲੈਣ ਆਇਆ। ਮੈਂ ਉਹ ਨੂੰ ਕਿਹਾ, ''ਜੇ ਲੋੜ ਪਈ ਤਾਂ ਮੈਂ ਘੰਟੀ ਕਰ ਦਿਆਂਗਾ। ਕਮਰੇ ਦੇ ਬਾਹਰ, ''ਡੋਂਟ ਡਿਸਟਰਬ'' ਦੀ ਤਖਤੀ ਲਾ ਦੇ ਅਤੇ ਕਮਰਾ ਖੁੱਲ੍ਹਾ ਛੱਡ ਦੇ।''

ਉਹਨੇ ਮੈਨੂੰ ਪਹਿਲਾਂ ਕਦੇ ਨਹੀਂ ਸੀ ਦੇਖਿਆ ਪਰ ਉਹਨੂੰ ਸਾਰੇ ਸਿਲਸਿਲੇ ਦਾ ਪਤਾ ਸੀ। ਉਹ ਚਲਾ ਗਿਆ। ਕੁਝ ਮਿੰਟਾਂ ਮਗਰੋਂ ਹੀ ਦਰਵਾਜ਼ੇ 'ਤੇ ਹਲਕੀ ਜਿਹੀ ਦਸਤਕ ਹੋਈ ਤੇ ਮੈਰੀ ਜੋਸਫ ਅੰਦਰ ਆ ਗਈ। ਉਹਨੇ ਮੁਸਕਰਾਉਂਦੇ ਹੋਏ ਕਿਹਾ, ''ਦਰਵਾਜ਼ੇ 'ਤੇ 'ਡੋਂਟ ਡਿਸਟਰਬ' ਦੀ ਤਖਤੀ ਲੱਗੀ ਹੋਈ ਹੈ। ਮੈਨੂੰ ਲੱਗਦਾ ਹੈ ਕਿ ਮੈਂ ਤੁਹਾਨੂੰ ਡਿਸਟਰਬ ਨਹੀਂ ਕਰ ਰਹੀ ਸਰ।'' ਉਹਨੇ ਸੁਨਿਹਰੀ ਬਾਰਡਰ ਵਾਲੀ ਚਿੱਟੀ ਸੂਤੀ ਸਾੜੀ ਪਾਈ ਹੋਈ ਸੀ। ਨਰਸਾਂ ਵਾਲੀ ਵਰਦੀ ਨਾਲੋਂ ਇਹ ਉਸ ਨੂੰ ਕਿਤੇ ਚੰਗੀ ਲੱਗਦੀ ਸੀ। ਮਾਡਰਨ ਕੁੜੀਆਂ ਵਾਂਗ ਉਹ ਨੇ ਨੰਗੀ ਪਿੱਠ ਵਾਲਾ ਅਤੇ ਨੰਗੀਆਂ ਬਾਹਾਂ ਵਾਲਾ ਬਲਾਊਜ਼ ਪਾਇਆ ਹੋਇਆ ਸੀ। ਉਹਦੀ ਧੁੰਨੀ ਬੜੀ ਚੰਗੀ ਲੱਗਦੀ ਸੀ।

ਮੈਂ ਉਹਨੂੰ ਕਿਹਾ, ''ਦਰਵਾਜ਼ਾ ਭੇੜ ਕੇ ਇਹਨੂੰ ਅੰਦਰੋਂ ਕੁੰਡੀ ਲਗਾ ਦੇ। ਬਾਹਰ ਵਾਲੀ ਤਖਤੀ ਤੇਰੇ ਲਈ ਨਹੀਂ, ਸਗੋਂ ਹੋਰਾਂ ਲੋਕਾਂ ਲਈ ਲਾਈ ਹੈ।''

''ਮੈਂ ਜਾਣਦੀ ਹਾਂ ਸਰ, ਮੈਂ ਬੇਵਕੂਫ ਨਹੀਂ ਹਾਂ।''

ਉਹਨੇ ਮੇਰੀ ਧੌਣ ਦੁਆਲੇ ਆਪਣੀਆਂ ਬਾਹਾਂ ਪਾਈਆਂ ਅਤੇ ਮੇਰੇ ਬੁੱਲ੍ਹਾਂ 'ਤੇ ਹਲਕਾ ਚੁੰਮਣ ਦਿੱਤਾ। ''ਸਰ ਮੈਨੂੰ ਤੁਹਾਡੀ ਬੜੀ ਯਾਦ ਆਉਂਦੀ ਸੀ। ਮੈਂ ਆਪਣੇ ਆਪ ਨੂੰ ਕਹਿੰਦੀ ਸਾਂ ਕਿ ਸਰ ਕਦੇ ਵੀ ਫੋਨ ਨਹੀਂ ਕਰਨਗੇ। ਉਨ੍ਹਾਂ ਕੋਲ ਮੇਮ ਸਾਹਬ ਅਤੇ ਬਹੁਤ ਵੱਡਾ ਕਾਰੋਬਾਰ ਦੇਖਣ ਦੀ ਜ਼ਿੰਮੇਵਾਰੀ ਹੈ। ਉਹ ਇਕ ਗਰੀਬ ਨਰਸ ਬਾਰੇ ਕਿਉਂ ਸੋਚਣਗੇ ਜਿਸ ਨਾਲ ਉਹ ਇਕ, ਦੋ, ਚਾਰ, ਪੰਜ ਵਾਰੀ ਸੁੱਤੇ ਹਨ?'' ਅਸੀਂ ਸੋਫੇ 'ਤੇ ਬੈਠ ਗਏ। ਮੈਂ ਉਹਨੂੰ ਪੁੱਛਿਆ, ''ਤੈਨੂੰ ਕਮਰਾ ਕਿਹੋ ਜਿਹਾ ਲੱਗਿਆ?''

ਉਹਦਾ ਜਵਾਬ ਸੀ, ''ਬਹੁਤ ਵਧੀਆ! ਉੱਚੇ ਤਾਂ ਆਪਾਂ ਰਾਤ ਨੂੰ ਹੀ ਮਿਲਦੇ ਸਾਂ ਅਤੇ ਮੈਂ ਤੁਹਾਨੂੰ ਦੇਖ ਨਹੀਂ ਸਾਂ ਸਕਦੀ। ਕੋਈ ਕਿਸੇ ਵੇਲੇ ਆ ਹੀ ਨਾ ਜਾਵੇ। ਹੁਣ ਤਾਂ ਦਿਨ

ਦਾ ਚਾਨਣਾ ਹੈ। ਹੁਣ ਅਸੀਂ ਕਿਸੇ ਦੀ ਪ੍ਰਵਾਹ ਕੀਤੇ ਬਿਨਾਂ ਚੰਮ ਸਮੇਤ ਸਭ ਕੁਝ ਕਰ ਰਹੇ ਹਾਂ, ਨਹੀਂ?''

ਮੈਂ ਉਹਨੂੰ ਆਪਣੀਆਂ ਬਾਹਾਂ ਵਿਚ ਲਿਆ ਅਤੇ ਚੁੰਮਿਆ ਫਾਰਮ ਉਸ ਨੂੰ ਚੁੰਮਿਆ। ਮੈਂ ਆਪਣਾ ਹੱਥ ਉਹਦੇ ਬਲਾਊਜ਼ ਦੇ ਹੇਠਾਂ ਲੈ ਗਿਆ ਤੇ ਉਹਦੀਆਂ ਛਾਤੀਆਂ ਫੜ ਲਈਆਂ। ਅਸੀਂ ਉੱਠੇ ਅਤੇ ਬਿਸਤਰੇ 'ਚ ਚਲੇ ਗਏ। ਮੈਂ ਤੁਰੰਤ ਉਹਨੂੰ ਆਪਣੇ ਸੋਨੇ ਦਾ ਕਰਾਸ ਲਾਹਿਆ। ਇਹਨੂੰ ਚੁੰਮਿਆ ਅਤੇ ਗਲ ਮੱਤਰਾਸ ਨਾਲ ਮੇਜ 'ਤੇ ਰੱਖ ਦਿੱਤਾ। ਫੇਰ ਉਹਨੇ ਆਪਣੀ ਸਾੜੀ ਲਾਹੀ, ਇਹਦੀ ਥੈਲੀ ਲਾਹੀ ਤੇ ਚੁਮਸੀ 'ਤੇ ਰੱਖ ਦਿੱਤੀ। ਫਿਰ ਉਸ ਨੇ ਆਪਣਾ ਬਲਾਊਜ਼ ਲਾਹ ਦਿੱਤਾ। ਉਹਦੀਆਂ ਛਾਤੀਆਂ ਬਾਹਰ ਨੂੰ ਵਧ ਪਈਆਂ। ਉਹ ਨੇ ਸ਼ਰਮਾ ਕੇ ਇਨ੍ਹਾਂ ਵੱਲ ਦੇਖਿਆ। ਮੈਂ ਉਹਨੂੰ ਪੰਜੀ ਬੰਦ ਦਾ ਨਾਸ ਦੇ ਦਿੱਤਾ। ਇਹ ਹੇਠਾਂ ਫਰਸ਼ 'ਤੇ ਜਾ ਡਿਆ। ਉਹਨੇ ਆਪਣੇ ਨੰਗੇ ਨਾਸ ਆਪਣੇ ਮੂੰਹ ਨੂੰ ਢੱਕਿਆ ਅਤੇ ਹੱਸਣ ਲੱਗੀ।

ਮੈਂ ਵੀ ਆਪਣੇ ਕੱਪੜੇ ਲਾਹੇ ਅਤੇ ਉਹਨੂੰ ਨਾਲ ਬਿਸਤਰ 'ਤੇ ਪੈ ਗਿਆ। ਉਹ ਕਹਿਣ ਲੱਗੀ, ''ਸਰ ਤੁਹਾਡਾ ਅੰਦਾ ਬੜਾ ਵੱਡਾ ਹੈ'' ਮੈਂ ਉਹਨੂੰ ਛੇੜਦੇ ਹੋਏ ਪੁੱਛਿਆ, ''ਤੂੰ ਕਿੰਨੇ ਕੁ ਦੇਖੇ ਹਨ?''

''ਕਿੰਨੇ ਹੀ ਦੇਖੇ ਹਨ! ਮੇਰੇ ਪਤੀ ਦਾ ਦਾ ਜਿਸ ਦਾ ਅੰਦਾ ਵੀ ਨਹੀਂ ਅਤੇ ਪੂਰ ਵਰਤੀ ਛੇਤੀ ਹੀ ਖਲਾਸ ਹੋ ਜਾਂਦਾ ਹੈ। ਇਕ ਵਾਰੀ ਮੈਂ ਪੂਰਾ ਵਰਤ ਨਾਲ ਰੱਖੀ ਸੀ। ਪੂਜਾ ਵੀ ਇਹੀ ਹਾਲ ਸੀ। ਸਾਡੇ ਪਿੰਡ ਦਾ ਪਾਦਰੀ ਕਿਹੜੇ ਪੰਜ ਸੌ ਪਾਪ ਪੂਰ ਦਿਸ ਤੋਂ ਬਾਅਦ ਮਾਫੀ ਹੀ ਮੰਗੀ ਜਾਂਦਾ ਸੀ। ਖਤਮ ਕਰਨ ਤੋਂ ਬਾਅਦ ਪੂਰਾ ਮੈਂਦੀ ਮਾਫੀ ਮੰਗੀ ਅਤੇ ਨਾਲ ਹੀ ਮੈਨੂੰ ਇਹ ਪ੍ਰਾਰਥਨਾ ਕਰਨ ਲਈ ਕਿਹਾ ਕਿ ਯਸੂ ਪੂਜ ਨੂੰ ਮਾਫ ਕਰ ਦੇਵੇ। ਕਲਪਨਾ ਕਰੋ ਕਿ ਅਸੀਂ ਦੋਵੇਂ ਨੰਗੇ ਅਤੇ ਪਸੀਨੇ ਨਾਲ ਤਰ ਹੋਏ ਫਰਸ਼ 'ਤੇ ਗੋਡਿਆਂ ਭਾਰ ਬੈਠ ਕੇ ਰੱਬ ਨੂੰ ਪ੍ਰਾਰਥਨਾ ਕਰ ਰਹੇ ਸੀ। ਮੈਨੂੰ ਤਾਂ ਐਂ ਲੱਗਿਆ ਜਿਵੇਂ ਮੈਂ ਕੋਈ ਹੋਵਾਂ ਜਿਹੜੀ ਪੈਸੇ ਲੈ ਕੇ ਇਹ ਸਭ ਕੁਝ ਕਰਦੀ ਹੈ। ਸਰ ਮੈਨੂੰ ਦੱਸੋ ਕਿ ਜਿਸ ਨੂੰ ਤੁਸੀਂ ਪਸੰਦ ਕਰਦੇ ਹੋ, ਉਸ ਨਾਲ ਸੋਣਾ ਕੋਈ ਪਾਪ ਹੈ?''

ਮੈਰੀ ਜੋਸਫ ਦਾ ਮੂੰਹ ਬੰਦ ਕਰਨ ਦਾ ਇਕੋ ਤਰੀਕਾ ਸੀ ਕਿ ਮੈਂ ਆਪਣੇ ਮੂੰਹ ਨੂੰ ਉਹ ਦੇ ਮੂੰਹ 'ਤੇ ਰੱਖਦਾ। ਮੈਂ ਉਹ ਦੇ ਪੱਟਾਂ 'ਤੇ ਹੱਥ ਫੇਰਦਾ ਰਿਹਾ ਅਤੇ ਹੌਲੀ ਹੌਲੀ ਉਹ ਉਤੇਜਿਤ ਹੋ ਗਈ। ਉਹ ਖ਼ੁਸ਼ੀ ਨਾਲ ਕਹਿਣ ਲੱਗੀ, ''ਓਹ! ਇਸ ਤਰ੍ਹਾਂ ਦੀ ਵਧੀਆ ਚੀਜ਼ ਪਾਪ ਕਿਵੇਂ ਹੋ ਸਕਦੀ ਹੈ। ਮੈਨੂੰ ਦੱਸੋ, ਸਰ ਦੱਸੋ।'' ਉਹ ਨੇ ਮੇਰਾ ਹੱਥ ਪਰ੍ਹੇ ਸੁੱਟਿਆ ਅਤੇ ਲੱਤਾਂ ਖਿਲਾਰ ਕੇ ਪੈ ਗਈ। ਇਸ ਵਾਰ ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਫੁਰਤੀਲੀ ਦਿਖਾਈ ਦਿੱਤੀ। ਫਿਰ ਉਸ ਨੇ ਆਪਣੀਆਂ ਨਹੁੰਦਰਾਂ ਮੇਰੀ ਧੌਣ ਵਿਚ ਗੱਡ ਦਿੱਤੀਆਂ ਅਤੇ ਮੇਰੇ ਬੁੱਲ੍ਹਾਂ 'ਤੇ ਦੰਦੀ ਵੱਢ ਦਿੱਤੀ। ਫਿਰ ਉਹ ਢਹਿ ਢੇਰੀ ਹੋ ਗਈ।

ਜਦੋਂ ਉਹਦਾ ਸਾਹ ਪਰਤਿਆ ਤਾਂ ਉਹ ਕਹਿਣ ਲੱਗੀ, ''ਇਹ ਤਾਂ ਸਵਰਗੀ ਨਜ਼ਾਰਾ ਸੀ। ਤੁਹਾਡੇ ਲਈ ਕਿਵੇਂ ਰਿਹਾ ਸਰ?''

ਮੈਂ ਜਵਾਬ ਦਿੱਤਾ, ''ਬਹੁਤ ਵਧੀਆ। ਚਲੋ ਆਪਾਂ ਕੱਪੜੇ ਪਾ ਲਈਏ। ਚਾਹ ਮੰਗਾਈਏ ਜਾਂ ਕੌਫੀ?''

''ਮੇਰੇ ਲਈ ਕੌਫੀ ਸਰ।''

ਅਸਾਂ ਇਕੱਠਿਆਂ ਹੀ ਆਪਣੇ ਆਪ ਨੂੰ ਸਾਫ਼ ਕੀਤਾ। ਜਦੋਂ ਮੈਂ ਉਹਦੇ ਕਾਲੇ ਅਤੇ ਬੇਢਬੇ ਸਰੀਰ ਵੱਲ ਦੇਖਿਆ ਤਾਂ ਮੈਨੂੰ ਸਮਝ ਨਾ ਆਈ ਕਿ ਮੈਂ ਉਸ ਨਾਲ ਪਿਆਰ ਕਿਉਂ ਕੀਤਾ ਸੀ। ਮੈਂ ਇਸ ਦਾ ਪੂਰਾ ਮਜ਼ਾ ਲਿਆ ਸੀ। ਮੈਂ ਕੱਪੜੇ ਪਾਏ ਤੇ ਫਿਰ ਬੈਠ ਕੇ ਉਹਨੂੰ ਕੱਪੜੇ ਪਾਉਂਦੀ ਨੂੰ ਵੇਖਦਾ ਰਿਹਾ। ਸਭ ਤੋਂ ਪਹਿਲਾਂ ਉਹਨੇ ਆਪਣੇ ਗਲ਼ੇ ਦੁਆਰੇ ਸੋਨੇ ਦਾ ਕਰਾਸ ਪਾਇਆ ਤੇ ਉਹਨੂੰ ਚੁੰਮਿਆ। ਫਿਰ ਉਹਨੇ ਬਲਾਊਜ਼ ਪਾਇਆ, ਪੇਟੀ ਕੋਟ ਅਤੇ ਆਖਰਕਾਰ ਹੈਰਾਨੀਜਨਕ ਕਾਹਲੀ ਨਾਲ ਸਾੜੀ। ਮੈਂ ਵੇਟਰ ਨੂੰ ਸੱਦਿਆ ਅਤੇ ਦੋ ਕਾਫੀਆਂ ਅਤੇ ਬਿਸਕੁਟਾਂ ਦੀ ਇਕ ਪਲੇਟ ਦਾ ਆਡਰ ਦਿੱਤਾ।

ਮੈਰੀ ਜੋਸਫ ਬੜੀ ਖੁਸ਼ ਸੀ। ਉਹ ਮੈਨੂੰ ਆਪਣੇ ਪਿੰਡ ਬਾਰੇ, ਆਪਣੀ ਵਿਆਹੁਤਾ ਜ਼ਿੰਦਗੀ ਬਾਰੇ, ਆਪਣੇ ਪਤੀ, ਉਹਦੇ ਭਰਾ, ਆਪਣੇ ਪੁੱਤਰ, ਨਰਸਿੰਗ ਹੋਮ, ਡਾਕਟਰਾਂ ਅਤੇ ਹੋਰ ਨਰਸਾਂ ਬਾਰੇ ਸਭ ਕੁਝ ਦੱਸਣਾ ਚਾਹੁੰਦੀ ਸੀ। ਉਸ ਨੂੰ ਛੇਤੀ ਹੀ ਪਤਾ ਲੱਗ ਗਿਆ ਕਿ ਮੈਂ ਉਹਦੀਆਂ ਗੱਲਾਂ ਨਹੀਂ ਸੀ ਸੁਣ ਰਿਹਾ। ਉਹ ਕਹਿਣ ਲੱਗੀ, ''ਮੈਂ ਬਹੁਤ ਗੱਲਾਂ ਮਾਰਦੀ ਹਾਂ ਸਰ। ਹਰ ਕੋਈ ਮੈਨੂੰ ਗੱਲਾਂ ਕਰਨ ਤੋਂ ਟੋਕਦਾ ਹੈ। ਹੁਣ ਮੈਂ ਆਪਣਾ ਮੂੰਹ ਬੰਦ ਰੱਖਾਂਗੀ ਤੇ ਤੁਸੀਂ ਗੱਲਾਂ ਕਰੋ।''

ਮੈਂ ਉਹਨੂੰ ਦੱਸਿਆ, ''ਮੈਂ ਬਹੁਤੀਆਂ ਗੱਲਾਂ ਨਹੀਂ ਕਰਦਾ।'' ਉਹਨੂੰ ਲੱਗਿਆ ਜਿਵੇਂ ਮੈਂ ਉਹ ਨੂੰ ਝਾੜ ਦਿੱਤਾ ਹੈ। ਬਹਿਰਾ ਕੌਫੀ ਅਤੇ ਬਿਸਕੁਟ ਲੈ ਕੇ ਆਇਆ। ਮੈਂ ਉਹਨੂੰ ਆਪਣਾ ਕਰੈਡਿਟ ਕਾਰਡ ਦਿੱਤਾ ਅਤੇ ਕਿਹਾ ਕਿ ਕੈਸ਼ੀਅਰ ਨੂੰ ਦੇ ਕੇ ਰਸੀਦ ਲੈ ਆਵੇ। ਕੁਝ ਮਿੰਟਾਂ ਮਗਰੋਂ ਉਹ ਵਾਪਸ ਪਰਤਿਆ ਅਤੇ ਮੇਰੇ ਦਸਤਖਤ ਕਰਵਾਏ। ਮੈਰੀ ਜੋਸਫ ਨਾਲ ਬਿਤਾਏ ਦੋ ਘੰਟਿਆਂ ਦੇ ਸਮੇਂ ਦਾ ਖਰਚਾ ਦੋ ਕੁ ਹਜ਼ਾਰ ਰੁਪਏ ਆਇਆ ਸੀ। ਮੈਂ ਬੇਅਰੇ ਨੂੰ ਸੌ ਰੁਪਏ ਦਾ ਟਿੱਪ ਦਿੱਤਾ।

ਮੈਂ ਮੈਰੀ ਨੂੰ ਕਿਹਾ, ''ਚਲੋ ਚੱਲੀਏ।'' ਇਸ ਦੇ ਨਾਲ ਹੀ ਮੈਂ ਉਹਨੂੰ ਕੇਕ ਅਤੇ ਪੈਟੀਜ਼ਾਂ ਵਾਲੇ ਦੋ ਡੱਬੇ ਵੀ ਫੜਾ ਦਿੱਤੇ ਜਿਹੜੇ ਮੈਂ ਉਸਦੇ ਲਈ ਖਰੀਦੇ ਸਨ।

''ਸ਼ੁਕਰੀਆ ਸਰ, ਬਹੁਤ ਬਹੁਤ ਸ਼ੁਕਰੀਆ। ਇਹ ਕਰਨ ਦੀ ਕੀ ਲੋੜ ਸੀ। ਤੁਹਾਡਾ ਤਾਂ ਬੜਾ ਖਰਚ ਹੋ ਗਿਆ ਹੈ। ਇਸ ਫਾਈਵ ਸਟਾਰ ਹੋਟਲ ਦਾ ਕਮਰਾ ਵੀ ਬੜਾ ਮਹਿੰਗਾ ਹੋਵੇਗਾ!'' ਉਹਨੇ ਆਪਣੀਆਂ ਬਾਹਾਂ ਮੇਰੇ ਗਲ਼ ਦੁਆਲੇ ਪਾਈਆਂ ਅਤੇ ਮੇਰੀਆਂ ਅੱਖਾਂ ਵਿਚ ਸਿੱਧਾ ਦੇਖਦੇ ਹੋਏ ਕਹਿਣ ਲੱਗੀ, ''ਸਰ ਤੁਸੀਂ ਮੈਨੂੰ ਛੇਤੀ ਹੀ ਮਿਲੋਗੇ! ਛੇਤੀ

ਹੀ ਮਿਲੋਗੇ ਕਿ ਨਹੀਂ, ਛੇਤੀ ਹੀ? ਮੈਂ ਕਮਰੇ ਦੇ ਕਿਰਾਏ ਦਾ ਆਪਣਾ ਹਿੱਸਾ ਦੇ ਦਿਆਂਗੀ।''

''ਮੂਰਖਤਾ ਨਾ ਕਰ। ਮੈਂ ਪੈਸੇ ਦੇ ਸਕਦਾ ਹਾਂ। ਤੂੰ ਨਹੀਂ ਦੇ ਸਕਦੀ। ਇਸ ਤੋਂ ਬਿਨਾ ਮੈਂ ਵੀ ਤਾਂ ਉਨਾ ਹੀ ਮਜ਼ਾ ਲਿਆ ਹੈ ਜਿੰਨਾ ਤੂੰ ਲਿਆ ਹੈ।''

ਉਹਦੀਆਂ ਅੱਖਾਂ 'ਚ ਇੰਨੀ ਜ਼ਿਆਦਾ ਬੇਨਤੀ ਦੀ ਭਾਵਨਾ ਸੀ ਕਿ ਮੈਨੂੰ ਉਸ ਨਾਲ ਵਾਅਦਾ ਕਰਨਾ ਹੀ ਪਿਆ ਕਿ ਮੈਂ ਉਸ ਨੂੰ ਫਿਰ ਮਿਲਾਂਗਾ। ਜੇ ਅਸ਼ੋਕਾ ਹੋਟਲ ਵਿਚ ਨਹੀਂ ਤਾਂ ਕਿਸੇ ਹੋਰ ਹੋਟਲ ਵਿਚ। ਮੈਂ ਉਹਨੂੰ ਕਿਹਾ ਕਿ ਉਹ ਮੈਥੋਂ ਪਹਿਲਾਂ ਛੋਟੀ ਲਿਫਟ ਲੈ ਕੇ ਬਾਹਰ ਚਲੀ ਜਾਵੇ। ਮੈਂ ਉਹਨੂੰ ਆਪਣੀ ਕਾਰ ਦਾ ਨੰਬਰ ਦੱਸਿਆ ਅਤੇ ਕਿਹਾ ਕਿ ਕਾਰ ਦੇ ਕੋਲ ਮੇਰੀ ਉਡੀਕ ਕਰੇ। ਕੁਝ ਮਿੰਟਾਂ ਮਗਰੋਂ ਮੈਂ ਵੀ ਉਹਦੇ ਮਗਰ ਗਿਆ, ਕਾਰ ਦਾ ਦਰਵਾਜ਼ਾ ਖੋਲ੍ਹਿਆ ਅਤੇ ਉਹਨੂੰ ਅੰਦਰ ਬਿਠਾ ਲਿਆ ਤੇ ਮੈਂ ਪੁੱਛਿਆ, ''ਤੂੰ ਹੋਟਲ ਕਿਵੇਂ ਆਈ ਸੀ?''

''ਥ੍ਰੀ ਵੀਲਰ ਵਿਚ। ਟੈਕਸੀ ਦਾ ਕਿਰਾਇਆ ਮੈਂ ਨਹੀਂ ਦੇ ਸਕਦੀ।''

''ਤੇਰੇ ਆਉਣ ਜਾਣ ਦਾ ਖਰਚਾ ਮੈਂ ਕਰਿਆ ਕਰਾਂਗਾ। ਜਾਂਦੇ ਹੋਏ ਤੈਨੂੰ ਮੈਂ ਖੁਦ ਛੱਡ ਆਇਆ ਕਰਾਂਗਾ।''

ਮੈਂ ਉਹਨੂੰ ਉਸ ਸੜਕ ਦੇ ਸਿਰੇ ਤੱਕ ਲੈ ਗਿਆ ਜਿੱਥੇ ਉਸ ਦਾ ਨਰਸਿੰਗ ਹੋਮ ਸੀ। ਕਾਰ ਵਿਚੋਂ ਨਿਕਲਦੀ ਹੋਈ ਪੁੱਛਣ ਲੱਗੀ, ''ਤੁਸੀਂ ਅਗਲੀ ਵਾਰ ਮੈਨੂੰ ਕਦੋਂ ਫੋਨ ਕਰੋਗੇ ਸਰ?'' ਮੈਂ ਜਵਾਬ ਦਿੱਤਾ, ''ਛੇਤੀ ਹੀ। ਪਰ ਤੂੰ ਮੇਰੇ ਦਫਤਰ ਵਿਚ ਫੋਨ ਨਾ ਕਰੀਂ। ਲੋਕ ਗੱਲਾਂ ਕਰਨ ਲੱਗ ਪੈਂਦੇ ਹਨ।''

ਮੈਂ ਆਮ ਨਾਲੋਂ ਕੁਝ ਦੇਰੀ ਨਾਲ ਘਰ ਪਹੁੰਚਿਆ। ਸੋਨੂੰ ਨੇ ਇਹ ਗੱਲ ਨੋਟ ਕਰ ਲਈ ਕਿ ਮੈਂ ਖੁਦ ਹੀ ਕਾਰ ਚਲਾ ਕੇ ਆਇਆ ਸਾਂ। ਉਹ ਪੁੱਛਣ ਲੱਗੀ, ''ਡਰਾਈਵਰ ਤੋਂ ਬਿਨਾ ਤੁਸੀਂ ਕਿੱਧਰ ਕਿੱਧਰ ਘੁੰਮਦੇ ਰਹੇ ਹੋ?''

''ਮੈਂ ਕਲੱਬ ਚਲਾ ਗਿਆ ਸੀ ਅਤੇ ਡਰਾਈਵਰ ਨੂੰ ਮੈਂ ਕਹਿ ਦਿੱਤਾ ਸੀ ਕਿ ਉਹ ਘਰ ਚਲਾ ਜਾਵੇ।''

ਕਿਉਂਕਿ ਮੇਰੇ ਮੂੰਹ ਵਿਚੋਂ ਵਿਸਕੀ ਦੀ ਮੁਸ਼ਕ ਆ ਰਹੀ ਸੀ ਇਸ ਕਰਕੇ ਉਹਨੇ ਹੋਰ ਸਵਾਲ ਨਹੀਂ ਪੁੱਛੇ। ਮੈਂ ਬੱਚੇ ਨੂੰ ਦੇਖਣ ਗਿਆ। ਉਹਨੇ ਆਪਣਾ ਛੋਟਾ ਜਿਹਾ ਪੈਰ ਆਪਣੇ ਮੂੰਹ ਵਿਚ ਪਾਇਆ ਹੋਇਆ ਸੀ ਅਤੇ ਚੱਟ ਰਿਹਾ ਸੀ। ਉਹਦੀਆਂ ਵੱਡੀਆਂ ਵੱਡੀਆਂ ਅੱਖਾਂ ਖੁੱਲ੍ਹੀਆਂ ਹੋਈਆਂ ਸਨ ਜਿਸ ਨਾਲ ਉਹ ਸਾਰੇ ਸੰਸਾਰ ਨੂੰ ਦੇਖਣਾ ਚਾਹੁੰਦਾ ਸੀ। ਉਹ ਮੈਨੂੰ ਪਛਾਨਣ ਲੱਗਿਆ ਸੀ। ਅਕਸਰ ਹੀ ਮੈਨੂੰ ਦੇਖਦੇ ਹੋਏ ਉਹ ਖ਼ੁਸ਼ੀ ਨਾਲ ਮੰਜੀ 'ਤੇ ਆਪਣੀਆਂ ਲੱਤਾਂ 'ਤੇ ਹੱਥ ਮਾਰਦਾ ਸੀ। ਮੈਂ ਉਹਦੀ ਠੋਡੀ ਫੜ ਕੇ ਉਹਦੇ ਗੁਦਗੁਦਾਹਟ ਕੀਤੀ। ਉਹ ਬਿਨਾਂ ਦੰਦਾਂ ਦੇ ਮੁਸਕਰਾਇਆ ਅਤੇ ਹਲਕੀ ਹਲਕੀ ਅਵਾਜ਼ 'ਚ ਹੱਸਿਆ। ਸੋਨੂੰ ਨਾਲ ਬਹਿਸ 'ਚ ਪੈਣ ਤੋਂ ਬਚਣ ਲਈ ਪਹਿਲਾ ਬਹਾਨਾ ਟੀ ਵੀ ਬਣਦਾ ਤੇ ਦੂਜਾ ਇਹ ਬੱਚਾ।

# ਸ਼ਾਦੀ ਦਾ ਅੰਤ

ਸੋਨੂੰ ਅਤੇ ਮੈਂ ਦੂਰ ਹੁੰਦੇ ਜਾ ਰਹੇ ਸਾਂ। ਉਹ ਮੈਨੂੰ ਹਰ ਵੇਲੇ ਤੰਗ ਕਰਦੀ ਅਤੇ ਚੋਭਾਂ ਮਾਰਦੀ ਰਹਿੰਦੀ। ਅਸਾਂ ਸ਼ਾਇਦ ਹੀ ਕਦੇ ਸਹਿਵਾਸ ਕੀਤਾ ਹੋਵੇ। ਮੈਂ ਉਸ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਅਤੇ ਜਦੋਂ ਵੀ ਉਹ ਲੜਨ ਦੀ ਕੋਸ਼ਿਸ਼ ਕਰਦੀ ਮੈਂ ਉਹਨੂੰ ਨਜ਼ਰਅੰਦਾਜ਼ ਕਰ ਦਿੰਦਾ। ਇਸ ਨਾਲ ਉਹ ਹੋਰ ਗੁੱਸੇ ਹੋ ਜਾਂਦੀ। ਕਿਸੇ ਨਾ ਕਿਸੇ ਗੱਲ 'ਤੇ ਉਹ ਮੇਰੇ ਪਿਤਾ ਜੀ ਨਾਲ ਲੜਨ ਲੱਗਦੀ।

ਪਿਤਾ ਜੀ ਰੱਬ ਤੋਂ ਡਰਨ ਵਾਲੇ ਆਦਮੀ ਸਨ ਜਿਨ੍ਹਾਂ ਕਿਸੇ ਨਾਲ ਵੀ ਉੱਚੀ ਅਵਾਜ਼ ਵਿਚ ਗੱਲ ਨਹੀਂ ਸੀ ਕੀਤੀ। ਉਹ ਆਪਣੇ ਵਿਚ ਮਸਤ ਰਹਿੰਦੇ ਸਨ। ਉਹ ਹਰ ਰੋਜ਼ ਸਵੇਰੇ ਗੁਰਦੁਆਰੇ ਜਾਂਦੇ ਅਤੇ ਸ਼ਾਮ ਨੂੰ ਸਾਈਂ ਬਾਬਾ ਦੇ ਮੰਦਰ। ਉਹ ਆਪਣੇ ਕਮਰੇ ਵਿਚ ਹੀ ਬੈਠ ਕੇ ਖਾਣਾ ਖਾਂਦੇ। ਇਸ ਕਮਰੇ 'ਚ ਬੈਠ ਕੇ ਉਹ ਧਰਮ ਬਾਰੇ ਕਿਤਾਬਾਂ ਪੜ੍ਹਦੇ। ਇਨ੍ਹਾਂ ਕਿਤਾਬਾਂ ਵਿਚ ਉਪਨਿਸ਼ਦਾਂ ਤੋਂ ਇਲਾਵਾ ਜਿੱਡੂ ਕ੍ਰਿਸ਼ਨਾਮੂਰਤੀ ਦੀਆਂ ਲਿਖਤਾਂ ਵੀ ਸ਼ਾਮਲ ਸਨ ਜਾਂ ਫਿਰ ਉਹ ਸਾਈਂ ਬਾਬਾ, ਸਵਾਮੀ ਚਿੰਨਮਈਆ ਨੰਦ ਅਤੇ ਹੋਰਾਂ ਦੀਆਂ ਟੇਪਾਂ ਸੁਣਦੇ। ਮਕਾਨ ਦੇ ਜਿਸ ਹਿੱਸੇ ਵਿਚ ਅਸੀਂ ਰਹਿੰਦੇ ਸਾਂ ਉਸ ਵਿਚ ਉਹ ਸਿਰਫ ਦੋ ਵਾਰੀ ਆਉਂਦੇ ਸਨ। ਸਵੇਰ ਵੇਲੇ ਕੁਝ ਮਿੰਟ ਮੇਰੇ ਕੋਲ ਬੈਠਦੇ ਅਤੇ ਫਿਰ ਸਾਡੇ ਬੇਟੇ ਰਣਜੀਤ ਨਾਲ ਕੁਝ ਮਿੰਟ ਬਿਤਾਉਂਦੇ। ਸ਼ਾਮ ਨੂੰ ਉਹ ਰਤਾ ਕੁ  ਬਹੁਤਾ ਸਮਾਂ ਬੈਠੇ ਰਹਿੰਦੇ, ਜਦੋਂ ਉਹ ਰਣਜੀਤ ਨਾਲ ਉਰਲੀਆਂ ਪਰਲੀਆਂ ਮਾਰਦੇ ਰਹਿੰਦੇ। ਰਣਜੀਤ ਵੱਡਿਆਂ ਵਿਚ ਸਭ ਤੋਂ ਵੱਧ ਉਨ੍ਹਾਂ ਨੂੰ ਹੀ ਪਸੰਦ ਕਰਦਾ ਸੀ। ਜਿਉਂ ਜਿਉਂ ਮੇਰੇ ਪਿਤਾ ਦੇ ਪੈਰਾਂ ਦੀ ਆਵਾਜ਼ ਸੁਣਦਾ 'ਦਾਦਾ ਦਾਦਾ' ਕਰਨ ਲੱਗਦਾ। ਉਹ ਆਪਣੇ ਹੱਥ ਅੱਗੇ ਨੂੰ ਕਰਦਾ ਤਾਂ ਕਿ ਉਸ ਨੂੰ ਚੁੱਕਿਆ ਜਾਵੇ। ਉਹ ਆਪਣੇ ਨਿੱਕੇ ਨਿੱਕੇ ਹੱਥ ਆਪਣੇ ਦਾਦੇ ਦੇ ਮੂੰਹ 'ਤੇ ਮਾਰਦਾ, ਉਨ੍ਹਾਂ ਦੀਆਂ ਐਨਕਾਂ ਖਿੱਚ ਲੈਂਦਾ ਅਤੇ ਉਨ੍ਹਾਂ ਦੀਆਂ ਮੁੱਛਾਂ ਪੁੱਟਦਾ। ਪਿਤਾ ਜੀ ਨੂੰ ਇਹ ਸਭ ਕੁਝ ਬੜਾ ਚੰਗਾ ਲੱਗਦਾ ਅਤੇ ਉਹ ਬਹੁਤ ਨਰਮੀ ਨਾਲ ਕਹਿੰਦੇ, ''ਬੇਟਾ ਤੂੰ ਮੇਰੀਆਂ ਐਨਕਾਂ ਤੋੜ ਦੇਵੇਂਗਾ ਤਾਂ ਤੂੰ ਫੇਰ ਨਵੀਆਂ ਬਣਾ ਕੇ ਦੇਵੇਂਗਾ?''

ਜਦੋਂ ਰਣਜੀਤ ਨੇ ਰਿੜਨਾ ਸਿੱਖਿਆ ਤਾਂ ਉਹ ਰਿੜਦਾ ਹੋਇਆ ਮੇਰੇ ਪਿਤਾ ਕੋਲ ਆਉਂਦਾ ਅਤੇ ਉਨ੍ਹਾਂ ਦਾ ਆਸਰਾ ਲੈ ਕੇ ਖੜ੍ਹਾ ਹੋ ਜਾਂਦਾ। ਦੋਵੇਂ ਇਕ ਦੂਜੇ ਨਾਲ ਜੱਫੀ ਪਾ ਕੇ ਕੁਝ ਸਮੇਂ ਲਈ ਹਿੱਲਦੇ ਰਹਿੰਦੇ। ਰਣਜੀਤ ਫਿਰ ਪਿਤਾ ਜੀ ਦੀਆਂ ਐਨਕਾਂ ਖਿੱਚਣ ਲੱਗਦਾ ਤੇ ਮੁੱਛਾਂ ਪੁੱਟਣ ਲੱਗਦਾ। ਉਹ ਆਪਣੇ ਮੂੰਹ ਵਿਚ ਥੁੱਕ ਇਕੱਠਾ ਕਰਦਾ ਅਤੇ

ਬੁਲਬੁਲੇ ਬਣਾ ਕੇ ਆਪਣੇ ਦਾਦੇ ਦੇ ਚੇਹਰੇ 'ਤੇ ਮਾਰਦਾ। ਪਿਤਾ ਜੀ ਨੂੰ ਇਹ ਗੱਲ ਵੀ ਪਸੰਦ ਆਉਂਦੀ। ਉਹ ਕਹਿੰਦੇ, ''ਮੇਰਾ ਨੰਨਾ ਮੁੰਨਾ ਵੱਡਾ ਹੋ ਕੇ ਕੀ ਬਣੇਗਾ?'' ਰਣਜੀਤ 'ਦਾਦਾ ਦਾਦਾ' ਕਹਿੰਦੇ ਹੋਏ ਉਨ੍ਹਾਂ ਦੇ ਚੇਹਰੇ 'ਤੇ ਲਗਾਤਾਰ ਹੱਥ ਮਾਰਦਾ ਰਹਿੰਦਾ।

ਸੋਨੂੰ ਨੂੰ ਉਨ੍ਹਾਂ ਦੀ ਨੇੜਤਾ ਪਸੰਦ ਨਹੀਂ ਸੀ। ਉਹ ਅਕਸਰ ਹੀ ਕਹਿੰਦੀ, ''ਪਿਤਾ ਜੀ ਤੁਸੀਂ ਇਹਨੂੰ ਖਰਾਬ ਕਰ ਰਹੇ ਹੋ। ਜਦੋਂ ਤੁਸੀਂ ਹੁੰਦੇ ਹੋ ਤਾਂ ਇਹ ਬਹੁਤ ਭੂਤਰ ਜਾਂਦਾ ਹੈ ਤੇ ਸੌਂਦਾ ਤੱਕ ਨਹੀਂ।''

ਮੇਰੇ ਪਿਤਾ ਸ਼ਾਂਤ ਰਹਿੰਦੇ। ਕਈ ਵਾਰ ਜਦੋਂ ਦਾਦਾ ਪੋਤਾ ਆਪਸ ਵਿਚ ਖੇਡ ਰਹੇ ਹੁੰਦੇ ਤਾਂ ਸੋਨੂੰ ਚੀਕ ਕੇ ਕਹਿੰਦੀ, ''ਬਸ ਕਾਫੀ ਹੋ ਗਿਆ। ਆਇਆ, ਬੱਚੇ ਨੂੰ ਬਿਸਤਰੇ 'ਚ ਲੈ ਜਾਹ। ਉਹਦੇ ਸੌਣ ਦਾ ਸਮਾਂ ਹੋ ਗਿਆ।'' ਜਦੋਂ ਆਇਆ ਉਸ ਨੂੰ ਦਾਦੇ ਦੀ ਗੋਦੀ 'ਚੋਂ ਚੁੱਕਣ ਦੀ ਕੋਸ਼ਿਸ਼ ਕਰਦੀ ਤਾਂ ਰਣਜੀਤ ਪੂਰੀ ਟੱਕਰ ਲੈਂਦਾ ਤੇ ਚੀਕਦਾ। ਇਸ 'ਤੇ ਸੋਨੂੰ ਆਉਂਦੀ, ਬੱਚੇ ਨੂੰ ਦਾਦੇ ਦੀ ਗੋਦੀ 'ਚੋਂ ਖਿੱਚਦੀ ਤੇ ਆਇਆ ਦੇ ਹਵਾਲੇ ਕਰ ਦਿੰਦੀ। ਰਣਜੀਤ ਉੱਚੀ ਉੱਚੀ ਚੀਕਦਾ ਤੇ ਆਇਆ ਦੇ ਮੁੱਕੀਆਂ ਮਾਰਦਾ। ਉਹ ਰੋਂਦਾ ਰਹਿੰਦਾ ਅਤੇ ਨਾਲ ਹੀ ਆਪਣੇ ਦਾਦਾ ਨੂੰ ਬੁਲਾਉਂਦਾ ਰਹਿੰਦਾ ਅਤੇ ਆਖਰਕਾਰ ਉਸ ਨੂੰ ਨੀਂਦ ਆ ਜਾਂਦੀ। ਪਿਤਾ ਜੀ ਚੁੱਪ ਚੁਪੀਤੇ ਆਪਣੇ ਕਮਰੇ 'ਚ ਚਲੇ ਜਾਂਦੇ।

ਇਸ ਨਾਲ ਮੈਨੂੰ ਬਹੁਤ ਗੁੱਸਾ ਆਉਂਦਾ, ਪਰ ਮੈਂ ਆਪਣਾ ਮੂੰਹ ਨਾ ਖੋਲ੍ਹਦਾ।

ਸੋਨੂੰ ਅਕਸਰ ਕਹਿੰਦੀ, ''ਘਰ ਦੇ ਵਿਚ ਕੋਈ ਤਾਂ ਡਸਿਪਲਨ ਚਾਹੀਦਾ ਹੈ। ਬੱਚੇ ਨੂੰ ਸਮੇਂ ਸਿਰ ਖਾਣਾ ਅਤੇ ਸੌਣਾ ਸਿਖਾਉਣਾ ਚਾਹੀਦਾ ਹੈ। ਹੋਰਾਂ ਲੋਕਾਂ ਦੀ ਖ਼ੁਸ਼ੀ ਲਈ ਮੈਂ ਆਪਣੇ ਬੱਚੇ ਨੂੰ ਨਹੀਂ ਵਿਗਾੜ ਸਕਦੀ।''

ਮੈਂ ਟੈਲੀਵਿਜ਼ਨ ਚਾਲੂ ਕਰ ਲੈਂਦਾ, ਆਪਣੇ ਲਈ ਸਕਾਚ ਪਾਉਂਦਾ ਅਤੇ ਪੀਂਦਾ ਪੀਂਦਾ ਟੀ ਵੀ ਦੇਖਦਾ ਰਹਿੰਦਾ। ਸਾਡੀਆਂ ਬਹੁਤੀਆਂ ਸ਼ਾਮਾਂ ਇਸੇ ਤਰ੍ਹਾਂ ਹੀ ਬੀਤਦੀਆਂ ਸਨ।

ਮੇਰੇ ਪਿਤਾ ਨੂੰ ਇਹ ਮਹਿਸੂਸ ਹੋ ਗਿਆ ਸੀ ਕਿ ਸੋਨੂੰ ਨੂੰ ਉਨ੍ਹਾਂ ਦਾ ਘਰ ਵਿਚ ਰਹਿਣਾ ਚੰਗਾ ਨਹੀਂ ਲੱਗਦਾ। ਇਕ ਦਿਨ ਉਹ ਮੈਨੂੰ ਕਹਿਣ ਲੱਗੇ, ''ਪੁੱਤਰ ਮੈਂ ਕੁਝ ਦਿਨਾਂ ਲਈ ਆਪਣੇ ਆਸ਼ਰਮ ਜਾਣਾ ਚਾਹੁੰਦਾ ਹਾਂ। ਮੌਸਮ ਬੜਾ ਚੰਗਾ ਹੈ। ਨਾ ਬਹੁਤੀ ਠੰਡ ਅਤੇ ਨਾ ਹੀ ਗਰਮੀ। ਕੁਝ ਸਮਾਂ ਮੈਂ ਆਪਣੇ ਆਪ ਨਾਲ ਬਿਤਾਉਣਾ ਚਾਹੁੰਦਾ ਹਾਂ। ਮੇਰੇ ਲਈ ਬੱਸ ਵਿਚ ਸੀਟ ਬੁਕ ਕਰਵਾ ਦੇ।''

''ਪਿਤਾ ਜੀ ਮੈਂ ਤੁਹਾਨੂੰ ਹਰਦੁਆਰ ਤੱਕ ਛੱਡ ਆਵਾਂਗਾ। ਮੈਨੂੰ ਵੀ ਛੁੱਟੀ ਚਾਹੀਦੀ ਹੈ। ਗੰਗਾ ਦੇ ਦਰਸ਼ਨਾਂ ਨਾਲ ਮੈਨੂੰ ਵੀ ਸਕੂਨ ਮਿਲੇਗਾ।''

ਮੈਂ ਸੋਨੂੰ ਨੂੰ ਦੱਸਿਆ ਕਿ ਪਿਤਾ ਜੀ ਨੇ ਹਰਦੁਆਰ ਜਾਣ ਦਾ ਫੈਸਲਾ ਕਰ ਲਿਆ ਹੈ। ਅਫਸੋਸ ਕਰਨ ਦੀ ਥਾਂ ਉਹ ਕਹਿਣ ਲੱਗੀ, ''ਬੱਚੇ ਲਈ ਇਹ ਬੜਾ ਚੰਗਾ ਹੋਵੇਗਾ। ਹੁਣ ਉਹਨੂੰ ਕੋਈ ਲੋਲੋ ਪੋਪੋ ਨਹੀਂ ਕਰੇਗਾ ਅਤੇ ਉਹ ਲੋਕਾਂ ਤੋਂ ਬਗੈਰ ਹੀ ਰਹਿਣਾ ਸਿੱਖ

ਲਏਗਾ।'' ਮੈਂ ਪੂਰਨਮਾਸ਼ੀ ਵਾਲੇ ਦਿਨ ਪਿਤਾ ਜੀ ਨੂੰ ਹਰਦੁਆਰਾ ਲਿਜਾਣ ਦਾ ਫੈਸਲਾ ਕੀਤਾ। ਇਹ ਸ਼ਨੀਵਾਰ ਦਾ ਦਿਨ ਸੀ ਜਦੋਂ ਦਫਤਰ ਅੱਧੇ ਦਿਨ ਬੰਦ ਹੋ ਜਾਣਾ ਸੀ। ਪਿਤਾ ਜੀ ਨੇ ਆਪਣਾ ਸਮਾਨ ਬੰਨ੍ਹ ਲਿਆ ਸੀ। ਜਦੋਂ ਮੈਂ ਘਰ ਪਹੁੰਚਿਆ, ਬੱਚਾ ਸੌਂ ਚੁੱਕਾ ਸੀ। ਪਿਤਾ ਜੀ ਲੰਮੇ ਸਮੇਂ ਤੱਕ ਰਣਜੀਤ ਦੇ ਚੇਹਰੇ ਵੱਲ ਦੇਖਦੇ ਰਹੇ। ਉਨ੍ਹਾਂ ਦੇ ਹੰਝੂ ਵਹਿ ਤੁਰੇ। ਉਨ੍ਹਾਂ ਚੁੱਪ ਚਾਪ ਹੀ ਪ੍ਰਾਰਥਨਾ ਕੀਤੀ ਅਤੇ ਫਿਰ ਤੁਰ ਪਏ। ਸਾਡੇ ਘਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਸੋਨੂੰ ਨੇ ਪਿਤਾ ਜੀ ਦੇ ਪੈਰੀਂ ਹੱਥ ਲਾਉਣ ਦਾ ਬਹਾਨਾ ਜਿਹਾ ਕੀਤਾ। ਚਾਰ ਘੰਟਿਆਂ ਮਗਰੋਂ ਹੀ ਅਸੀਂ ਆਸ਼ਰਮ 'ਚ ਪਹੁੰਚ ਗਏ।

ਮੈਂ ਸ਼ਾਮ ਨੂੰ ਹਰ ਕੀ ਪੌੜੀ ਵਿਚ ਸੂਰਜ ਡੁੱਬਦਾ ਦੇਖਣ ਦਾ ਚਾਹਵਾਨ ਸਾਂ। ਅਸੀਂ ਆਪਣਾ ਸਮਾਨ ਕਮਰੇ 'ਚ ਰੱਖਿਆ ਅਤੇ ਬਜ਼ਾਰਾਂ ਵਿਚ ਦੀ ਹੁੰਦੇ ਹੋਏ ਦਰਿਆ ਦੇ ਕੰਢੇ ਪਹੁੰਚ ਗਏ। ਮਾਰਚ ਦਾ ਮਹੀਨਾ ਸੀ। ਪਹਾੜੀਆਂ ਦੀਆਂ ਢਲਾਣਾਂ 'ਤੇ ਜੰਗਲ ਲਾਲ ਰੰਗ ਦੇ ਫੁੱਲਾਂ ਨਾਲ ਭਰਿਆ ਪਿਆ ਸੀ। ਜਦੋਂ ਸੂਰਜ ਪੱਛਮੀ ਪਹਾੜੀਆਂ ਦੇ ਪਿੱਛੇ ਛੁਪਿਆ ਤਾਂ ਨਾਲ ਹੀ ਪੂਰਨਮਾਸ਼ੀ ਦਾ ਚੰਨ ਚੜ੍ਹ ਆਇਆ। ਉਸ ਤੋਂ ਬਾਅਦ ਦੀਵਿਆਂ ਨਾਲ ਭਰੀਆਂ ਥਾਲੀਆਂ ਦੀ ਆਰਤੀ ਦਾ ਦ੍ਰਿਸ਼ ਦੁਹਰਾਇਆ ਗਿਆ। ਜਿਸ ਦੇ ਨਾਲ ਹੀ ਸ਼ਲੋਕ ਪੜ੍ਹੇ ਗਏ ਅਤੇ ਮੰਦਰਾਂ ਦੀਆਂ ਘੰਟੀਆਂ ਉੱਚੀ ਉੱਚੀ ਵਜਾਈਆਂ ਗਈਆਂ। ਫਿਰ ਡੂਨਿਆਂ ਵਿਚ ਰੱਖ ਕੇ ਤੇਲ ਦੇ ਦੀਵੇ ਦਰਿਆ 'ਚ ਛੱਡੇ ਗਏ ਜਿਨ੍ਹਾਂ ਦੀ ਲਿਸ਼ਕ ਪਾਣੀ 'ਚ ਆਉਂਦੀ ਰਹੀ। ਮੈਂ ਮਹਿਸੂਸ ਕੀਤਾ ਕਿ ਇਹ ਇਕ ਐਸਾ ਅਨੁਭਵ ਸੀ ਜਿਹੜਾ ਮੈਨੂੰ ਸੰਸਾਰ ਵਿਚੋਂ ਹੋਰ ਕਿਤੇ ਵੀ ਨਹੀਂ ਸੀ ਮਿਲ ਸਕਦਾ। ਹਰਦੁਆਰ 'ਚ ਸ਼ਾਮ ਵੇਲੇ ਗੰਗਾ ਦੀ ਪੂਜਾ ਦਾ ਇਹ ਅਨੁਭਵ ਕਮਾਲ ਦਾ ਸੀ।

ਉਸ ਰਾਤ ਮੇਰੇ ਮਨ 'ਚ ਬੜੀ ਸ਼ਾਂਤੀ ਰਹੀ। ਸੋਨੂੰ ਦੀਆਂ ਲੜਾਈਆਂ ਵੀ ਮੇਰੇ ਮਨ 'ਚ ਨਹੀਂ ਸਨ। ਜਿਹੜੀਆਂ ਔਰਤਾਂ ਥੋੜ੍ਹੇ ਥੋੜ੍ਹੇ ਸਮੇਂ ਲਈ ਮੇਰੀ ਜ਼ਿੰਦਗੀ 'ਚ ਆਈਆਂ ਉਨ੍ਹਾਂ ਦਾ ਵੀ ਮੈਨੂੰ ਚੇਤਾ ਨਹੀਂ ਸੀ ਆ ਰਿਹਾ। ਇੱਥੋਂ ਤੱਕ ਕਿ ਮੈਰੀ ਜੋਸਫ ਜਿਸ ਨੂੰ ਮੈਂ ਕੁਛ ਸਮੇਂ ਤੋਂ ਵੱਖ ਵੱਖ ਹੋਟਲਾਂ ਦੇ ਕਮਰਿਆਂ 'ਚ ਲਿਜਾਂਦਾ ਰਿਹਾ ਸਾਂ, ਦੀ ਵੀ ਮੇਰੇ ਲਈ ਕੋਈ ਹੋਂਦ ਨਹੀਂ ਸੀ। ਗੰਗਾ ਮਾਤਾ ਨੇ ਮੈਨੂੰ ਆਪਣੀ ਆਗੋਸ਼ 'ਚ ਲੈ ਲਿਆ ਸੀ ਅਤੇ ਹੋਰ ਕਿਸੇ ਲਈ ਕੋਈ ਥਾਂ ਨਹੀਂ ਸੀ ਬਚੀ। ਮੈਂ ਸਾਰੀ ਰਾਤ ਗਹਿਰੀ ਨੀਂਦ ਸੁੱਤਾ।

ਪਿਤਾ ਜੀ ਨੇ ਸਵੇਰ ਵੇਲੇ ਗਰਮ ਗਰਮ ਚਾਹ ਦਾ ਕੱਪ ਲਿਆ ਕੇ ਮੈਨੂੰ ਜਗਾਇਆ। ਅਸੀਂ ਫਿਰ ਘਾਟ 'ਤੇ ਗਏ ਅਤੇ ਦਰਿਆ 'ਚ ਇਸ਼ਨਾਨ ਕੀਤਾ। ਇਸ ਵਾਰ ਮੇਰੀਆਂ ਨਜ਼ਰਾਂ ਨਹਾ ਰਹੀਆਂ ਔਰਤਾਂ ਵੱਲ ਨਹੀਂ ਸਨ ਫਿਸਲੀਆਂ। ਖਬਰੇ ਮੇਰੀ ਵਾਸਨਾ 'ਤੇ ਹੌਲੀ ਹੌਲੀ ਕੰਟਰੋਲ ਹੋ ਰਿਹਾ ਸੀ!

ਮੈਂ ਲੰਮਾ ਸਮਾਂ ਪਿਤਾ ਜੀ ਨਾਲ ਗੱਲਾਂ ਕਰਦਾ ਰਿਹਾ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਪੂਰਨਮਾਸ਼ੀ ਵਾਲੇ ਦਿਨ ਹਰ ਮਹੀਨੇ ਆਇਆ ਕਰਾਂਗਾ; ਅਤੇ ਇਸ ਤੋਂ ਬਿਨਾਂ ਜਦੋਂ ਵੀ

ਉਹ ਚਾਹੁਣ ਮੈਂ ਆ ਜਾਇਆ ਕਰਾਂਗਾ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮਹੀਨੇ ਵਿਚ ਘੱਟੋ ਘੱਟ ਇਕ ਵਾਰੀ ਉਹ ਵੀ ਜ਼ਰੂਰ ਘਰ ਆਉਣ। ਮੈਂ ਉਨ੍ਹਾਂ ਨੂੰ ਲੈਣ ਲਈ ਅਤੇ ਵਾਪਸ ਭੇਜਣ ਲਈ ਆਪਣੀ ਕਾਰ ਭੇਜ ਦਿਆ ਕਰਾਂਗਾ। ਉਨ੍ਹਾਂ ਕੋਈ ਵਾਅਦਾ ਨਾ ਕੀਤਾ। ਜਦੋਂ ਵੀ ਮੈਂ ਉਨ੍ਹਾਂ ਨੂੰ ਵਾਅਦਾ ਕਰਨ ਲਈ ਕਹਿੰਦਾ ਹਰ ਵਾਰੀ ਉਹ 'ਦੇਖੋ' ਕਹਿ ਕੇ ਟਾਲ ਦਿੰਦੇ।

ਜਦੋਂ ਮੈਂ ਵਾਪਸ ਪਰਤਿਆ ਤਾਂ ਮੈਂ ਬਹੁਤ ਅਰਾਮ ਨਾਲ ਕਾਰ ਚਲਾਈ। ਖੇਤਾਂ 'ਚ ਕਣਕ ਦੀ ਫਸਲ ਪੱਕ ਕੇ ਤਿਆਰ ਹੋ ਗਈ ਸੀ, ਗੰਗਾ ਨਹਿਰ ਦੇ ਕਿਨਾਰੇ ਕਾਰ ਚਲਾਉਣੀ ਬੜੀ ਚੰਗੀ ਲੱਗਦੀ ਸੀ। ਸੜਕ 'ਤੇ ਪੈਂਦੇ ਕਸਬਿਆਂ 'ਚ ਕਾਫੀ ਭੀੜ ਸੀ। ਦੁਪਹਿਰ ਤੱਕ ਮੈਂ ਘਰ ਵਾਪਸ ਪਰਤ ਆਇਆ।

ਰਣਜੀਤ ਸੌਂ ਰਿਹਾ ਸੀ। ਉਹਨੂੰ ਉਦੋਂ ਜਾਗ ਆਈ ਜਦੋਂ ਮੈਂ ਚਾਹ ਪੀ ਰਿਹਾ ਸਾਂ। ਮੈਨੂੰ ਦੇਖ ਕੇ ਉਹ ਬਹੁਤ ਖੁਸ਼ ਹੋਇਆ ਪਰ ਉਸ ਦੀਆਂ ਨਜ਼ਰਾਂ ਕਿਸੇ ਹੋਰ ਦੀ ਭਾਲ ਕਰ ਰਹੀਆਂ ਸਨ। ਉਹ ਆਪਣੇ ਚੇਹਰੇ 'ਤੇ ਹੈਰਤ ਭਰੇ ਭਾਵ ਲਿਆਉਂਦੇ ਹੋਏ, ਦਾਦਾ ਦਾਦਾ ਕਰਦਾ ਹੋਇਆ ਸੋਫਿਆਂ ਤੇ ਕੁਰਸੀਆਂ ਦੁਆਲੇ ਰਿੜ੍ਹਦਾ ਰਿਹਾ। ਉਹ ਦੋਵੇਂ ਅਕਸਰ ਹੀ ਲੁਕਣ-ਮੀਟੀ ਖੇਡਿਆ ਕਰਦੇ ਸਨ। ਜਦੋਂ ਉਹਨੂੰ ਕਿਤੇ ਵੀ ਦਾਦਾ ਨਾ ਮਿਲ ਸਕਿਆ ਤਾਂ ਉਹ ਨੇ ਆਪਣੀਆਂ ਵੱਡੀਆਂ ਸਵਾਲ ਕਰਦੀਆਂ ਅੱਖਾਂ ਮੇਰੇ ਚੇਹਰੇ ਵੱਲ ਗਡੀਆਂ ਅਤੇ ਪੁੱਛਣ ਲੱਗਾ, ''ਦਾਦਾ? ਦਾਦਾ?'' ਮੈਂ ਉਹਨੂੰ ਚੁੱਕ ਕੇ ਆਪਣੀ ਛਾਤੀ ਨਾਲ ਲਾ ਲਿਆ ਅਤੇ ਕਿਹਾ, ''ਦਾਦਾ ਜੀ ਹਰਦੁਆਰ ਗਏ ਹਨ। ਉਹ ਛੇਤੀ ਹੀ ਪਰਤ ਆਉਣਗੇ।''

ਸੋਨੂੰ ਨੇ ਸਾਡੀ ਗੱਲ ਸੁਣ ਲਈ ਸੀ। ਉਹ ਪੁੱਛਣ ਲੱਗੀ, ''ਕੀ ਉਹ ਛੇਤੀ ਵਾਪਸ ਆ ਜਾਏਗਾ?''

ਮੈਂ ਕਾਹਲੀ ਨਾਲ ਜਵਾਬ ਦਿੱਤਾ, ''ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਆਉਣਾ ਵੀ ਹੈ ਜਾਂ ਨਹੀਂ। ਉਨ੍ਹਾਂ ਨੂੰ ਮਹਿਸੂਸ ਹੋਣ ਲੱਗਾ ਸੀ ਕਿ ਉਨ੍ਹਾਂ ਦੀ ਇੱਥੇ ਲੋੜ ਨਹੀਂ ਹੈ।''

ਉਹ ਚਿੱਲਾਈ, ''ਤੂੰ ਸਦਾ ਮੇਰੇ 'ਤੇ ਦੋਸ਼ ਧਰਦਾ ਰਹਿੰਦਾ ਹੈਂ। ਉਹ ਆਪਣੀ ਮਰਜ਼ੀ ਨਾਲ ਗਿਆ ਹੈ। ਮੈਂ ਤਾਂ ਉਹਨੂੰ ਜਾਣ ਲਈ ਨਹੀਂ ਸੀ ਕਿਹਾ।'' ਮੈਂ ਟੀ ਵੀ ਚਲਾਇਆ ਅਤੇ ਬੇਅਰੇ ਨੂੰ ਸਕਾਚ ਲਿਆਉਣ ਲਈ ਕਿਹਾ।

*****

ਮੈਂ ਆਪਣੇ ਇਸ ਫੈਸਲੇ 'ਤੇ ਦ੍ਰਿੜ੍ਹ ਰਿਹਾ ਕਿ ਪੂਰਨਮਾਸ਼ੀ ਦੀ ਰਾਤ ਹਰਦੁਆਰ 'ਚ ਆਪਣੇ ਪਿਤਾ ਜੀ ਕੋਲ ਬਿਤਾਇਆ ਕਰਾਂਗਾ। ਮੈਂ ਉਨ੍ਹਾਂ ਨੂੰ ਵਾਰ ਵਾਰ ਕਹਿੰਦਾ ਕਿ ਮੇਰੇ ਨਾਲ ਵਾਪਸ ਚੱਲਣ ਅਤੇ ਕੁਝ ਦਿਨ ਆਪਣੇ ਪੋਤੇ ਨਾਲ ਬਿਤਾਉਣ। ਉਨ੍ਹਾਂ ਨੂੰ ਦੇਖ ਕੇ ਗਿਆਨ ਹੁੰਦਾ ਸੀ ਕਿ ਦਾਦਿਆਂ ਅਤੇ ਪੋਤਿਆਂ ਵਿਚਕਾਰ ਕਿਸ ਤਰ੍ਹਾਂ ਦੇ ਮੋਹ ਦੇ ਬੰਧਨ ਹੁੰਦੇ

ਹਨ। ਸੋਨੂੰ ਇਸ ਗੱਲ ਲਈ ਸਹਿਮਤ ਹੋ ਗਈ ਸੀ ਕਿ 'ਬੁੜ੍ਹਾ' ਮਹੀਨੇ 'ਚ ਚਾਰ ਜਾਂ ਪੰਜ ਦਿਨ ਸਾਡੇ ਨਾਲ ਬਿਤਾ ਲਿਆ ਕਰੇ। ਪਿਤਾ ਜੀ ਆਉਂਦੇ ਹੋਏ ਆਪਣੇ ਨਾਲ ਆਸ਼ਰਮ ਤੋਂ ਕੁਝ ਪ੍ਰਸ਼ਾਦ, ਗੰਗਾ ਜਲ ਦੀ ਇਕ ਬੋਤਲ ਅਤੇ ਰਣਜੀਤ ਲਈ ਕੁਝ ਖਿਡੌਣੇ ਲੈ ਕੇ ਆਉਂਦੇ। ਸੋਨੂੰ ਨੇ ਹਾਲੇ ਮੈਥੋਂ ਕਈ ਬਦਲੇ ਲੈਣੇ ਸਨ। ਜਿਵੇਂ ਉਸ ਨੇ ਇਹ ਸਾਜ਼ਿਸ਼ ਹੀ ਘੜੀ ਹੋਈ ਸੀ ਕਿ ਸ਼ਾਮ ਵੇਲੇ ਮੇਰੀ ਸ਼ਰਾਬ ਦਾ ਮਜ਼ਾ ਵੀ ਕਿਰਕਿਰਾ ਕਰਨਾ ਹੈ। ਇਕ ਸ਼ਾਮ ਜਦ ਮੈਂ ਆਪਣੇ ਲਈ ਅਤੇ ਉਸ ਲਈ (ਰਣਜੀਤ ਦੇ ਦੁੱਧ ਚੁੰਘਣਾ ਬੰਦ ਕਰਨ ਤੋਂ ਬਅਦ ਉਹ ਸ਼ੈਰੀ ਪੀ ਲੈਂਦੀ ਸੀ ਤੇ ਕਦੇ ਕਦੇ ਸਕਾਚ ਵੀ) ਗਲਾਸਾਂ 'ਚ ਸਕਾਚ ਪਾ ਰਿਹਾ ਸਾਂ ਤਾਂ ਉਹ ਪੁੱਛਣ ਲੱਗੀ, ''ਮੇਰੇ ਨਾਲ ਵਿਆਹ ਕਰਨ ਤੋਂ ਪਹਿਲਾਂ ਤੂੰ ਕਿੰਨੀਆਂ ਔਰਤਾਂ ਨਾਲ ਸੁੱਤਾ ਸੀ?''

ਮੈਂ ਜਾਣਦਾ ਸਾਂ ਕਿ ਉਹ ਲੜਾਈ ਕਰਨ ਦੀ ਤਿਆਰੀ ਕਰ ਰਹੀ ਹੈ। ਮੈਂ ਗੱਲ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਅਤੇ ਕਿਹਾ, ''ਥੋੜ੍ਹੀਆਂ ਜਿਹੀਆਂ ਨਾਲ। ਮੈਨੂੰ ਉਨ੍ਹਾਂ ਦੀ ਗਿਣਤੀ ਪਤਾ ਨਹੀਂ।''

''ਫਿਰ ਵੀ ਤੂੰ ਆਸ ਕਰਦਾ ਸੀ ਕਿ ਤੇਰੀ ਭਾਰਤੀ ਪਤਨੀ ਕੁਆਰੀ ਹੋਵੇ। ਸਾਰੇ ਭਾਰਤੀ ਮਰਦ ਇਕੋ ਜਿਹੇ ਹਨ। ਉਨ੍ਹਾਂ ਦਾ ਆਪਣੇ ਲਈ ਇਕ ਵੱਖਰਾ ਨਿਯਮ ਹੁੰਦਾ ਹੈ ਜਦ ਕਿ ਔਰਤਾਂ ਲਈ ਵੱਖਰਾ।''

ਮੈਂ ਉਹਦੀ ਗੱਲ ਨਾ ਕੱਟੀ ਪਰ ਇਸ ਦੇ ਬਾਵਜੂਦ ਉਹਨੇ ਸਵਾਲ ਕਰਨੇ ਜਾਰੀ ਰੱਖੇ : ''ਪਹਿਲੀ ਕੌਣ ਸੀ?''

ਮੈਂ ਇਵੇਂ ਬਹਾਨਾ ਕੀਤਾ ਜਿਵੇਂ ਮੈਨੂੰ ਚੇਤੇ ਨਹੀਂ ਹੈ ਅਤੇ ਕਿਹਾ, ''ਮੇਰਾ ਖਿਆਲ ਹੈ ਇਹ ਕੋਈ ਜੈਸਿਕਾ ਬਰਾਊਨ ਨਾਂ ਦੀ ਔਰਤ ਸੀ। ਪਰ ਮੈਨੂੰ ਪੱਕਾ ਨਹੀਂ ਪਤਾ।''

''ਇਹਦਾ ਕੀ ਮਤਲਬ ਹੋਇਆ ਕਿ ਮੈਨੂੰ ਪੱਕਾ ਪਤਾ ਨਹੀਂ? ਜਿਸ ਵਿਅਕਤੀ ਨਾਲ ਕਿਸੇ ਨੇ ਪਹਿਲੀ ਵਾਰ ਸਹਿਵਾਸ ਕੀਤਾ ਹੋਵੇ ਉਹਨੂੰ ਕੋਈ ਨਹੀਂ ਭੁੱਲ ਸਕਦਾ। ਇਹ ਜੈਸਿਕਾ ਕੌਣ ਸੀ?''

''ਇਹ ਇਕ ਕਾਲੀ ਅਮਰੀਕੀ ਔਰਤ ਸੀ। ਉਹ ਯੂਨੀਵਰਸਿਟੀ ਦੀ ਔਰਤਾਂ ਦੀ ਟੈਨਿਸ ਟੀਮ ਦੀ ਕਪਤਾਨ ਸੀ।''

''ਕਾਲੀ! ਤੇਰਾ ਮਤਲਬ ਹੈ ਹਬਸ਼ੀ, ਨੀਗਰੋ?''

''ਪੜ੍ਹੇ ਲਿਖੇ ਅਮਰੀਕੀ ਨੀਗਰੋ ਸ਼ਬਦ ਦੀ ਵਰਤੋਂ ਕਰਨਾ ਬਹੁਤ ਗ਼ਲਤ ਸਮਝਦੇ ਹਨ। ਉਹ ਜਾਂ ਤਾਂ ਰੰਗਦਾਰ ਕਹਿੰਦੇ ਹਨ ਜਾਂ ਫਿਰ ਅਫਰੀਕੀ ਅਮਰੀਕਨ ਕਹਿੰਦੇ।''

ਉਹਨੇ ਮੋੜਵਾਂ ਜਵਾਬ ਦਿੱਤਾ, ''ਸਵਾਲ ਇਹ ਨਹੀਂ ਹੈ। ਮੈਨੂੰ ਪਤਾ ਹੈ ਕਿ ਉਨ੍ਹਾਂ ਨੂੰ ਮੂੰਹ 'ਤੇ ਨੀਗਰੋ ਨਹੀਂ ਕਿਹਾ ਜਾਂਦਾ। ਉਨ੍ਹਾਂ ਦੀ ਪਿੱਠ ਪਿੱਛੇ ਗੋਰੇ ਹਾਲੇ ਵੀ ਨੀਗਰੋ ਹੀ ਕਹਿੰਦੇ ਹਨ। ਤੂੰ ਕਾਲੀ ਔਰਤ ਹੀ ਕਿਉਂ ਚੁਣੀ?''

''ਮੈਨੂੰ ਚੇਤੇ ਨਹੀਂ। ਬਸ ਹੋ ਹੀ ਗਿਆ। ਮੈਂ ਗੋਰੀਆਂ ਕੁੜੀਆਂ ਨਾਲ ਘੁੰਮਣ,

ਫਿਰਨ ਤੇ ਸ਼ਰਮ ਮਹਿਸੂਸ ਕਰਦਾ ਸਾਂ। ਲੋਕ ਮੇਰੇ ਵੱਲ ਝਾਕਦੇ ਸਨ। ਪਰ ਜੇ ਮੈਂ ਕਿਸੇ ਰੰਗਦਾਰ ਔਰਤ ਦੇ ਨਾਲ ਘੁੰਮਦਾ ਸਾਂ ਤਾਂ ਉਹ ਮੇਰੇ ਵੱਲ ਨਹੀਂ ਸੀ ਝਾਕਦੇ ਕਿਉਂਕਿ ਉਹ ਮੈਨੂੰ ਰੰਗਦਾਰ ਹੀ ਸਮਝਦੇ ਸਨ...ਅਤੇ ਉਹ ਮੈਂ ਸਾਂ ਵੀ।''

''ਇਸ ਜੈਸਿਕਾ ਨਾਂ ਦੀ ਔਰਤ ਨਾਲ ਤੂੰ ਕਿੰਨੀ ਵਾਰੀ ਸੁੱਤਾ ਸੀ?''

''ਮੈਨੂੰ ਨਹੀਂ ਪਤਾ। ਖਬਰੇ ਕੁਝ ਵਾਰੀ। ਇਹ ਸਬੰਧ ਬਹੁਤੀ ਦੇਰ ਤੱਕ ਨਹੀਂ ਸਨ ਚੱਲੇ। ਉਹ ਹੋਰ ਗੋਰੇ ਮੁੰਡਿਆਂ ਨਾਲ ਘੁੰਮਣ ਫਿਰਨ ਲੱਗੀ ਤੇ ਸਾਡੇ ਸਬੰਧ ਖਤਮ ਹੋ ਗਏ।''

''ਅਤੇ ਹੋਰ ਕੌਣ?''

''ਰੱਬ ਦੇ ਵਾਸਤੇ ਇਹ ਸਵਾਲ ਜਵਾਬ ਬੰਦ ਕਰ! ਇਹ ਸਾਰੀਆਂ ਗੱਲਾਂ ਬੀਤੇ 'ਚ ਹੋਈਆਂ ਅਤੇ ਹੁਣ ਖਤਮ ਹੋ ਗਈਆਂ ਹਨ। ਜਿਹੜੀ ਗੱਲ ਖਤਮ ਹੋ ਗਈ ਉਹਦਾ ਹੁਣ ਕੀ ਕੀਤਾ ਜਾ ਸਕਦਾ ਹੈ। ਕੀ ਜ਼ਰੂਰੀ ਹੈ ਕਿ ਹਰ ਰੋਜ਼ ਸ਼ਾਮ ਨੂੰ ਬਹਿਸ ਸ਼ੁਰੂ ਕਰਕੇ ਮੂਡ ਖਰਾਬ ਕਰਨਾ ਹੀ ਹੈ?''

ਮੈਂ ਆਪਣੇ ਲਈ ਹੋਰ ਪੈੱਗ ਪਾਇਆ ਤੇ ਟੀ ਵੀ ਚਾਲੂ ਕਰ ਦਿੱਤਾ।

ਉਹਨੇ ਹਾਲੇ ਮੈਨੂੰ ਇਸ ਮਾਮਲੇ ਬਾਰੇ ਸਵਾਲ ਪੁੱਛਣੇ ਸਨ ਕਿ ਕਦੇ ਕਦੇ ਮੈਂ ਦਫਤਰ ਤੋਂ ਸ਼ਾਮ ਨੂੰ ਲੇਟ ਕਿਉਂ ਆਉਂਦਾ ਹਾਂ ਅਤੇ ਮੇਰੇ ਮੂੰਹ ਤੋਂ ਵਿਸਕੀ ਦੀ ਬਦਬੂ ਕਿਉਂ ਆ ਰਹੀ ਹੁੰਦੀ ਹੈ। ਮੈਨੂੰ ਪਤਾ ਸੀ ਕਿ ਉਹ ਛੇਤੀ ਹੀ ਇਹ ਸਵਾਲ ਵੀ ਪੁੱਛਣ ਲੱਗੇਗੀ। ਉਹ ਹਰ ਸ਼ਾਮ ਹੀ ਸਵਾਲ ਪੁੱਛਿਆ ਕਰੇਗੀ। ਮੈਨੂੰ ਮਹਿਸੂਸ ਹੋ ਗਿਆ ਸੀ ਕਿ ਮੈਂ ਹੁਣ ਬਹੁਤ ਹੀ ਲੰਮੀ ਦੇਰ ਤੱਕ ਮੈਰੀ ਜੋਸਫ਼ ਨਾਲ ਮੁਲਾਕਾਤਾਂ ਜਾਰੀ ਨਹੀਂ ਰੱਖ ਸਕਾਂਗਾ। ਹੋਟਲਾਂ ਦੇ ਕਮਰਿਆਂ 'ਚ ਉਸ ਨਾਲ ਮੁਲਾਕਾਤਾਂ ਕਰਨੀਆਂ ਖਤਰੇ ਤੋਂ ਖਾਲੀ ਨਹੀਂ ਸਨ। ਕਿਸੇ ਨਾ ਕਿਸੇ ਨੇ ਮੈਨੂੰ ਪਛਾਣ ਹੀ ਲੈਣਾ ਸੀ ਅਤੇ ਉਹਨੇ ਸਵਾਲ ਵੀ ਪੁੱਛਣੇ ਸਨ ਜਾਂ ਫਿਰ ਮੈਰੀ ਨੂੰ ਪਛਾਣ ਲੈਣਾ ਸੀ ਜਿਸ ਨੇ ਪ੍ਰਾਈਵੇਟ ਨਰਸਿੰਗ ਹੋਮ 'ਚ ਹਜ਼ਾਰਾਂ ਹੀ ਮਰੀਜ਼ਾਂ ਦੀ ਦੇਖਭਾਲ ਕੀਤੀ ਹੋਣੀ ਹੈ। ਮੇਰੇ ਲਈ ਚੰਗੀ ਗੱਲ ਇਹ ਰਹੀ ਕਿ ਸਾਡੀਆਂ ਇਨ੍ਹਾਂ ਗੁਪਤ ਮੀਟਿੰਗਾਂ ਦਾ ਅੰਤ ਉਸ ਵੱਲੋਂ ਹੋਇਆ। ਉਹਨੇ ਮੇਰੇ ਦਫਤਰ 'ਚ ਸਿੱਧੇ ਨੰਬਰ 'ਤੇ ਫੋਨ ਕੀਤਾ ਅਤੇ ਦੱਸਿਆ ਕਿ ਆਪਣੇ ਪਿੰਡ ਵਾਪਸ ਜਾ ਰਹੀ ਹੈ ਕਿਉਂਕਿ ਉਸ ਦਾ ਪਤੀ ਬਹੁਤ ਬੀਮਾਰ ਦੱਸਿਆ ਜਾਂਦਾ ਹੈ। ਉਹ ਕਹਿਣ ਲੱਗੀ, ''ਉਸ ਦਾ ਮੇਹਦਾ ਖਰਾਬ ਹੋ ਗਿਆ ਹੈ। ਹੋਰ ਕੀ! ਸਰ, ਮੇਰੇ ਪੁੱਤਰ ਦੀ ਦੇਖ ਭਾਲ ਕਰਨ ਵਾਲਾ ਕੋਈ ਨਹੀਂ। ਮੈਂ ਤੁਹਾਨੂੰ ਖਤ ਲਿਖ ਕੇ ਸਾਰੀ ਜਾਣਕਾਰੀ ਦਿਆਂਗੀ।''

ਮੇਰੀ ਇਸ ਤੋਂ ਬਾਅਦ ਮੈਰੀ ਜੋਸਫ ਨਾਲ ਮੁਲਾਕਾਤ ਨਾ ਹੋਈ। ਉਸ ਨੇ ਸਿਰਫ ਇਕ ਖ਼ਤ ਲਿਖ ਕੇ ਮੈਨੂੰ ਦੱਸਿਆ ਕਿ ਉਸ ਦੇ ਪਤੀ ਦੀ ਮੌਤ ਹੋ ਗਈ ਹੈ ਅਤੇ ਉਸ ਨੂੰ ਪਿੰਡ ਦੇ ਸਿਹਤ ਕੇਂਦਰ ਵਿਚ ਸੀਨੀਅਰ ਨਰਸ ਲਗਾ ਦਿੱਤਾ ਗਿਆ ਹੈ। ਉਹਨੇ ਮੈਨੂੰ ਯਸੂ ਮਸੀਹ ਦਾ ਆਸ਼ੀਰਵਾਦ ਵੀ ਭੇਜਿਆ।

*****

ਮੈਂ ਤੇ ਸੋਨੂੰ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਸਾਡੀ ਸ਼ਾਦੀ ਠੀਕ ਨਹੀਂ ਸੀ ਚੱਲ ਰਹੀ। ਸਾਨੂੰ ਸਭ ਤੋਂ ਵੱਡੀ ਚਿੰਤਾ ਇਸ ਗੱਲ ਦੀ ਸੀ ਕਿ ਹੋਰ ਲੋਕ ਕੀ ਕਹਿਣਗੇ। ਜਿਹੜੀਆਂ ਸ਼ਾਦੀਆਂ ਕਾਮਯਾਬ ਹੁੰਦੀਆਂ ਹਨ ਉਨ੍ਹਾਂ ਬਾਰੇ ਕੋਈ ਚਿੰਤਾ ਨਹੀਂ ਕਰਦਾ। ਪਰ ਜੇ ਕੁਝ ਗੜਬੜ ਹੋ ਜਾਵੇ ਤਾਂ ਸਾਰੇ ਹੀ ਉਸ 'ਚ ਦਿਲਚਸਪੀ ਲੈਣ ਲੱਗਦੇ ਹਨ। ਜਦੋਂ ਕਦੇ ਵੀ ਮੈਂ ਘੁੱਟ ਪੀਣ ਲਈ ਜਿੰਮਖਾਨਾ ਜਾਂ ਗੌਲਫ ਕਲੱਬ ਜਾਂਦਾ ਤਾਂ ਮੇਰੇ ਮਿੱਤਰਾਂ ਤੇ ਉਨ੍ਹਾਂ ਦੀਆਂ ਪਤਨੀਆਂ ਵੱਲੋਂ ਅਕਸਰ ਸਵਾਲ ਪੁੱਛਿਆ ਜਾਂਦਾ, ''ਕੀ ਅੱਜ ਕੱਲ੍ਹ ਸੋਨੂੰ ਨੂੰ ਪਰਦੇ 'ਚ ਰੱਖ ਰਿਹਾ ਹੈਂ? ਉਹਨੂੰ ਆਪਣੇ ਨਾਲ ਕਿਉਂ ਨਹੀਂ ਲੈ ਕੇ ਆਉਂਦਾ।'' ਇਹ ਸਵਾਲ ਬੜੇ ਗਹਿਰੇ ਹੁੰਦੇ ਸਨ।

ਮੈਂ ਸੋਨੂੰ ਨੂੰ ਦੱਸਿਆ। ਉਹ ਕਹਿਣ ਲੱਗੀ, ''ਤੂੰ ਮੈਨੂੰ ਕਦੇ ਆਪਣੇ ਨਾਲ ਆਉਣ ਲਈ ਕਹਿੰਦਾ ਹੀ ਨਹੀਂ। ਤੂੰ ਸਿੱਧਾ ਹੀ ਦਫਤਰੋਂ ਉੱਥੇ ਚਲੇ ਜਾਂਦਾ ਹੈਂ। ਅਸੀਂ ਤਿੰਨ ਤਿੰਨ ਕਲੱਬਾਂ ਦੇ ਚੰਦੇ ਦਿੰਦੇ ਹਾਂ ਅਤੇ ਮੈਂ ਤਿੰਨ ਸਾਲ ਤੋਂ ਕਿਸੇ ਵੀ ਕਲੱਬ 'ਚ ਨਹੀਂ ਗਈ।''

ਸਾਡੇ ਵਿਚਾਲੇ ਇਕ ਹੋਰ ਅਣਸੁਖਾਵੀਂ ਬਹਿਸ ਸ਼ੁਰੂ ਹੋਣ ਲੱਗੀ ਸੀ। ਮੈਂ ਇਸ ਨੂੰ ਨੱਪਣ ਦੀ ਕੋਸ਼ਿਸ਼ ਕੀਤੀ : ''ਮੈਂ ਡਰਾਈਵਰ ਨੂੰ ਕਹਾਂਗਾ ਕਿ ਉਹ ਪਹਿਲਾਂ ਤੈਨੂੰ ਲਿਆਇਆ ਕਰੇ ਤੇ ਫੇਰ ਮੈਨੂੰ ਦਫਤਰ ਤੋਂ ਲੈ ਲਿਆ ਕਰੇ। ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਸਾਨੂੰ ਬਹੁਤੀ ਵਾਰ ਇਕੱਠੇ ਦਿਖਾਈ ਦੇਣਾ ਚਾਹੀਦਾ ਹੈ।''

ਉਹ ਕਹਿਣ ਲੱਗੀ, ''ਘਰ ਤੋਂ ਬਿਨਾਂ ਅਸੀਂ ਹੋਰ ਕਿਸੇ ਵੀ ਥਾਂ 'ਤੇ ਇਕੱਠੇ ਦਿਖਾਈ ਨਹੀਂ ਦਿੰਦੇ।''

ਇਸ ਤੋਂ ਬਾਅਦ ਹਫਤੇ 'ਚ ਘੱਟੋ ਘੱਟ ਦੋ ਵਾਰ ਅਸੀਂ ਜਿੰਮਖਾਨਾ ਜਾਂ ਗੌਲਫ ਕਲੱਬ ਜਾਂਦੇ ਅਤੇ ਘੰਟਾ ਦੋ ਘੰਟੇ ਦੋਸਤਾਂ ਨਾਲ ਬੈਠ ਕੇ ਪੀਂਦੇ ਰਹਿੰਦੇ। ਕਦੇ ਕਦੇ ਖਾਸ ਗਾਤਾਂ ਨੂੰ ਅਸੀਂ ਖਾਣਾ ਵੀ ਉਨ੍ਹਾਂ ਨਾਲ ਬੈਠ ਕੇ ਖਾਂਦੇ ਜਿੱਥੇ ਬਹੁਤ ਕਮਾਲ ਦਾ ਖਾਣਾ ਵਰਤਾਇਆ ਜਾਂਦਾ। ਵਾਪਸ ਪਰਤਦੇ ਹੋਏ ਉਹ ਮੈਨੂੰ ਫੇਰ ਘੇਰ ਲੈਂਦੀ, ''ਉਹ ਚੋਪੜੇ ਦੀ ਤੀਵੀਂ...ਉਹਦਾ ਕੀ ਨਾਂ ਏ... ਤੈਨੂੰ ਚੰਗੀ ਲੱਗੀ ਏ?''

''ਠੀਕ ਠੀਕ ਹੀ ਹੈ। ਉਂਝ ਬੜੀ ਖੁਸ਼ਦਿਲ ਹੈ।''

''ਤੂੰ ਪਾਰਟੀ 'ਚ ਕਿਸੇ ਹੋਰ ਵੱਲ ਧਿਆਨ ਹੀ ਨਹੀਂ ਦਿੱਤਾ। ਪਾਰਟੀ 'ਚ ਸਿਰਫ ਇਕੋ ਜਣੇ ਵੱਲ ਹੀ ਧਿਆਨ ਦੇਣਾ ਚੰਗਾ ਨਹੀਂ ਸਮਝਿਆ ਜਾਂਦਾ।''

''ਉਹ ਤਾਂ ਮੇਰੇ ਲਾਗੇ ਦੀ ਕੁਰਸੀ 'ਤੇ ਬੈਠੀ ਸੀ। ਇਸ ਕਰਕੇ ਮੇਰੇ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ। ਦੂਜੇ ਪਾਸੇ ਉਹ ਮੋਟੀ ਜਿਹੀ ਜਨਾਨੀ ਬੈਠੀ ਸੀ...ਉਹਦਾ ਕੀ ਨਾਂ ਹੈ, ਜਿਹੜੀ ਕਿਸੇ ਵੀ ਮਾਮਲੇ 'ਤੇ ਕੋਈ ਗੱਲ ਨਹੀਂ ਕਰਦੀ।''

''ਸ਼ੀਲਾ ਗੋਇਲ। ਮੈਨੂੰ ਤਾਂ ਬੜੀ ਦਿਲਚਸਪ ਲੱਗੀ। ਉਹਨੂੰ ਹਿੰਦੀ ਫਿਲਮਾਂ ਬਾਰੇ ਅਤੇ ਸੁਗਮ ਸੰਗੀਤ ਬਾਰੇ ਬੜੀ ਜਾਣਕਾਰੀ ਹੈ। ਮੈਨੂੰ ਪਤਾ ਲੱਗਾ ਹੈ ਕਿ ਉਹਦੀ ਅਵਾਜ਼ ਵੀ

ਬੜੀ ਚੰਗੀ ਹੈ।''

''ਤੇਰੀ ਉਸ ਨਾਲ ਬਣਦੀ ਏ ਤਾਂ ਠੀਕ ਹੈ। ਮੇਰੀ ਹਿੰਦੀ ਫਿਲਮਾਂ ਜਾਂ ਪੱਕੇ ਰਾਗ 'ਚ ਕੋਈ ਦਿਲਚਸਪੀ ਨਹੀਂ। ਸੰਸਾਰ 'ਚ ਇੰਨਾ ਕੁਝ ਹੋਰ ਵਾਪਰ ਰਿਹਾ ਹੈ ਕਿ ਬੰਦੇ ਨੂੰ ਇਸ ਬਾਰੇ ਜਾਣਕਾਰੀ ਹਾਸਲ ਕਰਕੇ ਆਪਣੀਆਂ ਰਾਵਾਂ ਬਣਾਉਣੀਆਂ ਚਾਹੀਦੀਆਂ ਹਨ। ਉਸ ਗੋਇਲਣੀ ਨੂੰ ਤਾਂ ਇਹ ਪਤਾ ਹੀ ਨਹੀਂ ਕਿ ਉਹ ਦੇ ਆਲੇ ਦੁਆਲੇ ਸੰਸਾਰ 'ਚ ਕੀ ਵਾਪਰ ਰਿਹਾ ਹੈ। ਜਦੋਂ ਮੈਂ ਉਹਨੂੰ ਪੁੱਛਿਆ ਕਿ ਦਿੱਲੀ ਦੀਆਂ ਚੋਣਾਂ ਦੇ ਨਤੀਜਿਆਂ ਬਾਰੇ ਉਸ ਦੀ ਕੀ ਰਾਏ ਹੈ ਤਾਂ ਉਹਨੇ ਇਹ ਕਹਿ ਕੇ ਮੇਰਾ ਮੂੰਹ ਬੰਦ ਕਰ ਦਿੱਤਾ ਕਿ ਸਿਆਸਤ ਵਿਚ ਉਸ ਦੀ ਕੋਈ ਦਿਲਚਸਪੀ ਨਹੀਂ। ਉਹਦੀ ਤਾਂ ਖੇਡਾਂ 'ਚ ਵੀ ਕੋਈ ਦਿਲਚਸਪੀ ਨਹੀਂ। ਜੇ ਕਿਹਾ ਜਾਵੇ ਤਾਂ ਕਾਸੇ ਵਿਚ ਵੀ ਨਹੀਂ।''

ਇਸ ਨਾਲ ਸਾਡੇ ਦੋਹਾਂ ਵਿਚਾਲੇ ਫਿਰ ਬਹਿਸ ਛਿੜ ਗਈ। ਮੈਂ ਮਰੀਣਾਲ ਚੋਪੜਾ ਦੇ ਹੱਕ ਵਿਚ ਖੜਾ ਹੋ ਗਿਆ ਤੇ ਉਹ ਸ਼ੀਲਾ ਗੋਇਲ ਦੇ ਹੱਕ ਵਿਚ। ਜਦੋਂ ਕਦੇ ਵੀ ਅਸੀਂ ਕਿਸੇ ਪਾਰਟੀ 'ਚ ਥੋੜ੍ਹੀ ਜਿਹੀ ਸ਼ਰਾਬ ਪੀ ਕੇ ਘਰ ਆਉਂਦੇ ਤਾਂ ਇਸ ਤਰ੍ਹਾਂ ਦੀ ਵਾਰਤਾਲਾਪ ਹਰ ਵਾਰੀ ਦੁਹਰਾਈ ਜਾਂਦੀ। ਸਾਲੋ ਸਾਲ ਹਾਲਾਤ ਬਦਤਰ ਹੁੰਦੇ ਗਏ। ਕਦੇ ਕਦੇ ਉਹ ਮੈਨੂੰ ਸੜਕ ਦੇ ਐਨ ਵਿਚਕਾਰ ਗੱਡੀ ਰੋਕਣ ਨੂੰ ਕਹਿੰਦੀ, ਬਾਹਰ ਨਿਕਲਦੀ ਅਤੇ ਇਹ ਕਹਿੰਦੀ ਹੋਈ ਪੈਦਲ ਤੁਰ ਪੈਂਦੀ ਕਿ ਉਹ ਕਿਸੇ ਤੀਵੀਂਬਾਜ਼ ਨਾਲ ਰਹਿਣਾ ਬਰਦਾਸ਼ਤ ਨਹੀਂ ਕਰ ਸਕਦੀ। ਪਹਿਲੀਆਂ ਇਕ ਦੋ ਵਾਰੀਆਂ ਤਾਂ ਮੈਂ ਸੜਕ ਦੇ ਕਿਨਾਰੇ ਕਾਰ ਖੜ੍ਹੀ ਕਰਕੇ ਉਹਦੀ ਵਾਪਸੀ ਦੀ ਉਡੀਕ ਕੀਤੀ। ਉਸ ਤੋਂ ਬਾਅਦ ਮੈਂ ਉਹਦੀ ਪ੍ਰਵਾਹ ਕਰਨੀ ਬੰਦ ਕਰ ਦਿੱਤੀ ਕਿ ਉਹ ਟੈਕਸੀ ਕਰਕੇ ਵਾਪਸ ਘਰ ਪਹੁੰਚਦੀ ਹੈ ਜਾਂ ਪੈਦਲ ਤੁਰ ਕੇ।

ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬੱਚਿਆਂ ਦੀ ਆਮਦ ਨਾਲ ਸ਼ਾਦੀ ਦੇ ਸਬੰਧ ਪੱਕੇ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੱਚਿਆਂ ਨੂੰ ਦੋਵੇਂ ਮਾਪਿਆਂ ਦੀ ਲੋੜ ਹੁੰਦੀ ਹੈ। ਉਨ੍ਹਾਂ ਦੀ ਮਾਨਸਿਕ ਸਥਿਰਤਾ ਲਈ ਅਤੇ ਸੁਰੱਖਿਆ ਦੀ ਭਾਵਨਾ ਲਈ ਉਨ੍ਹਾਂ ਨੂੰ ਦੋਵੇਂ ਹੀ ਚਾਹੀਦੇ ਹੁੰਦੇ ਹਨ। ਪਰ ਮੇਰਾ ਤਜਰਬਾ ਇਸ ਵਿਸ਼ਵਾਸ ਦੇ ਉਲਟ ਹੈ ਕਿ ਇਸ ਨਾਲ ਸ਼ਾਦੀ ਵਿਚ ਤਣਾਅ ਘੱਟ ਹੁੰਦਾ ਹੈ। ਸਗੋਂ ਇਸ ਦੇ ਉਲਟ ਮੇਰੇ ਪੁੱਤਰ ਦੀ ਪੈਦਾਇਸ਼ ਤੋਂ ਬਾਅਦ ਸਾਡੀ ਨੇੜਤਾ ਵਧਣ ਨਾਲੋਂ ਕਲੇਸ਼ ਜ਼ਿਆਦਾ ਵਧਿਆ। ਇਹ ਗੱਲ ਮੰਨੀ ਕਿ ਅਸਾਂ ਬੱਚਾ ਪੈਦਾ ਕਰਨ ਬਾਰੇ ਸੋਚਿਆ ਨਹੀਂ ਸੀ। ਉਹ ਇਸ ਲਈ ਪੈਦਾ ਹੋਇਆ ਕਿਉਂਕਿ ਇਕ ਦੂਜੇ ਦੇ ਸਰੀਰਾਂ ਦੀ ਘੋਖ ਪੜਤਾਲ ਕਰਦੇ ਹੋਏ ਅਸੀਂ ਸੰਜਮ ਨਹੀਂ ਸੀ ਵਰਤਿਆ ਅਤੇ ਨਾ ਹੀ ਗਰਭ ਨਿਰੋਧਕ ਹੀ ਵਰਤੇ ਸਨ। ਪਰ ਸਾਡੇ ਦੋਹਾਂ ਵਿਚਾਲੇ ਵਿਰੋਧ ਪੈਦਾ ਕਰਨ ਵਾਲਾ ਸਾਡਾ ਬੱਚਾ ਨਹੀਂ ਸੀ। ਅਸੀਂ ਦੋਵੇਂ ਹੀ ਉਸ ਨੂੰ ਬਹੁਤ ਪਿਆਰ ਕਰਦੇ ਸਾਂ ਅਤੇ ਉਸ ਦਾ ਖਿਆਲ ਰੱਖਦੇ ਸਾਂ। ਜਦੋਂ ਉਹ ਹਾਲੇ ਬਹੁਤ ਛੋਟਾ ਸੀ ਉਦੋਂ ਵੀ ਸਾਡੀ ਲੜਾਈ ਦੌਰਾਨ ਉਹ ਮੇਰੇ ਪਿਤਾ ਜੀ ਦਾ ਸਾਥ ਭਾਲਿਆ ਕਰਦਾ ਸੀ। ਇਸ ਕਾਰਨ ਸੋਨੂੰ ਪਿਤਾ ਜੀ ਦੇ

ਖਿਲਾਫ ਹੋ ਗਈ ਸੀ। ਉਹਨੇ ਆਪਣੇ ਵਰਤੋਂ ਵਿਵਹਾਰ ਰਾਹੀਂ ਇਹ ਦਰਸਾ ਦਿੱਤਾ ਕਿ ਪਿਤਾ ਜੀ ਦਾ ਇਸ ਘਰ ਵਿਚ ਰਹਿਣਾ ਉਹਨੂੰ ਪਸੰਦ ਨਹੀਂ। ਕਿਉਂਕਿ ਉਹ ਮਾਣਮੱਤੇ ਅਤੇ ਆਪਣੀ ਕਦਰ ਸਮਝਣ ਵਾਲੇ ਵਿਅਕਤੀ ਸਨ ਇਸ ਲਈ ਉਨ੍ਹਾਂ ਪੱਕੇ ਤੌਰ 'ਤੇ ਹਰਦੁਆਰ ਦੇ ਆਸ਼ਰਮ ਵਿਚ ਜਾ ਕੇ ਰਹਿਣ ਦਾ ਫੈਸਲਾ ਕੀਤਾ। ਛੋਟੇ ਰਣਜੀਤ ਨੂੰ ਉਨ੍ਹਾਂ ਦੀ ਬਹੁਤ ਯਾਦ ਆਉਂਦੀ ਸੀ ਅਤੇ ਉਨ੍ਹਾਂ ਦੇ ਜਾਣ ਤੋਂ ਬਾਅਦ ਉਹ ਆਪਣੀ ਮਾਂ ਦੀ ਥਾਂ ਆਇਆ ਨਾਲ ਜ਼ਿਆਦਾ ਘੁਲ ਮਿਲ ਗਿਆ ਸੀ। ਸੋਨੂੰ ਨੂੰ ਇਹ ਗੱਲ ਵੀ ਪਸੰਦ ਨਹੀਂ ਸੀ। ਉਹ ਛੋਟੇ ਤੋਂ ਛੋਟਾ ਬਹਾਨਾ ਲਗਾ ਕੇ ਇਕ ਤੋਂ ਬਾਅਦ ਇਕ, ਕਈ ਨੌਕਰਾਣੀਆਂ ਨੂੰ ਨੌਕਰੀ ਤੋਂ ਹਟਾ ਚੁੱਕੀ ਸੀ। ਕਦੇ ਉਹ ਕਹਿੰਦੀ ਕਿ ਇਹ ਚੀਜ਼ਾਂ ਚੋਰੀ ਕਰਦੀ ਹੈ, ਇਹ ਬਹੁਤ ਜਿੱਲੜ ਹੈ, ਇਹ ਮੇਰੇ ਬੱਚੇ ਨੂੰ ਖਰਾਬ ਕਰ ਰਹੀ ਹੈ, ਵਗੈਰਾ ਵਗੈਰਾ...। ਥੋੜ੍ਹੇ ਥੋੜ੍ਹੇ ਚਿਰ ਬਾਅਦ ਬਦਲ ਕੇ ਅਉਂਦੀਆਂ ਨੌਕਰਾਣੀਆਂ ਨਾਲ ਰਣਜੀਤ ਦੀ ਸੁਰ ਨਾ ਰਲ ਸਕੀ। ਉਹ ਸ਼ਾਮਾਂ ਨੂੰ ਮੇਰੇ ਘਰ ਪਰਤਣ ਦੀ ਉਡੀਕ ਕਰਦਾ ਅਤੇ ਉਨੀ ਦੇਰ ਤੱਕ ਮੈਨੂੰ ਹੀ ਚਿੰਬੜਿਆ ਰਹਿੰਦਾ ਜਦੋਂ ਤੱਕ ਉਸ ਦੇ ਖਾਣਾ ਖਾ ਕੇ ਸੌਣ ਦਾ ਸਮਾਂ ਨਾ ਹੋ ਜਾਂਦਾ। ਉਹ ਕਹਿੰਦਾ ਕਿ ਮੈਂ ਉਹਨੂੰ ਕਹਾਣੀਆਂ ਸੁਣਾਵਾਂ। ਸੋਨੂੰ ਨੂੰ ਹੁਣ ਮੇਰੇ ਖਿਲਾਫ ਹੋਰ ਗੱਲ ਮਿਲ ਗਈ ਸੀ। ਸਾਡੇ ਪੁੱਤਰ ਵੱਲੋਂ ਮਾਂ ਦੀ ਥਾਂ ਮੇਰੇ ਵੱਲ ਜ਼ਿਆਦਾ ਮੋਹ ਦਿਖਾਉਣ 'ਤੇ ਵੀ ਉਸ ਨੂੰ ਤਕਲੀਫ ਹੋਣ ਲੱਗੀ। ਉਹਨੂੰ ਲੱਗਦਾ ਸੀ ਕਿ ਮੈਂ ਬੱਚੇ ਨੂੰ ਉਸ ਦੇ ਖਿਲਾਫ ਕਰ ਰਿਹਾ ਹਾਂ। ਜੇਕਰ ਕਹਾਣੀ ਸੁਣਾਉਣ ਦਾ ਸਿਲਸਿਲਾ ਲੰਮਾ ਹੋ ਜਾਂਦਾ ਹੈ ਤਾਂ ਉਹ ਚੀਕ ਕੇ ਕਹਿੰਦੀ, ''ਤੂੰ ਉਹਨੂੰ ਇਕੱਲਿਆਂ ਛੱਡ ਦੇ ਤਾਂ ਕਿ ਉਹ ਚੰਗੀ ਤਰ੍ਹਾਂ ਸੌਂ ਸਕੇ। ਸਵੇਰੇ ਉਹ ਨੇ ਸਕੂਲ ਵੀ ਜਾਣਾ ਹੈ।''

ਸਹਿਵਾਸ ਹਰ ਮਹੀਨੇ ਇਕ ਜਾਂ ਦੋ ਵਾਰੀ ਕਰਨ ਵਾਲੀ ਰਸਮ ਮਾਤਰ ਰਹਿ ਗਈ ਸੀ। (ਇਹ ਵੀ ਬਕਾਇਦਗੀ ਨਾਲ ਨਹੀਂ ਸੀ) ਅਜਿਹਾ ਕਰਕੇ ਮੈਂ ਚਾਹੁੰਦਾ ਸਾਂ ਕਿ ਸੋਨੂੰ ਨੂੰ ਇਹ ਸ਼ੱਕ ਨਾ ਹੋਵੇ ਕਿ ਮੈਂ ਉਸ ਦਾ ਕੋਈ ਬਦਲ ਲੱਭ ਲਿਆ ਹੈ। ਅਸਲੀ ਗੱਲ ਤਾਂ ਇਹ ਹੈ ਕਿ ਮੈਂ ਤਿੰਨ ਬਦਲ ਲੱਭੇ ਹੋਏ ਸਨ ਪਰ ਹਰ ਵੇਲੇ ਇਹ ਡਰ ਰਹਿੰਦਾ ਸੀ ਕਿ ਇਨ੍ਹਾਂ ਦਾ ਪਤਾ ਲੱਗ ਜਾਏਗਾ ਅਤੇ ਇਹ ਸਬੰਧ ਓਨੇ ਸਵਾਦਲੇ ਵੀ ਨਹੀਂ ਸਨ ਜਿੰਨੇ ਮੇਰੇ ਕੁਆਰੇ ਹੋਣ ਦੇ ਦਿਨਾਂ ਦੇ ਸਬੰਧ ਸਨ। ਮੈਨੂੰ ਹੋਰ ਕੋਈ ਰਸਤਾ ਨਹੀਂ ਸੀ ਲੱਭ ਰਿਹਾ ਸਿਵਾ ਇਸ ਦੇ ਕਿ ਮੈਂ ਸੋਨੂੰ ਤੋਂ ਅਲੱਗ ਰਹਿ ਕੇ ਅਜ਼ਾਦੀ ਹਾਸਲ ਕਰਾਂ ਤੇ ਫਿਰ ਤਲਾਕ ਲੈ ਲਵਾਂ। ਕਿਸੇ ਖਾਸ ਲੜਾਈ ਤੋਂ ਬਾਅਦ ਇਹ ਵਿਚਾਰ ਮੇਰੇ ਮਨ ਵਿਚ ਆਉਂਦਾ ਪਰ ਮੈਂ ਇਸ ਨੂੰ ਜ਼ੁਬਾਨ 'ਤੇ ਕਦੇ ਵੀ ਨਾ ਲਿਆਂਦਾ। ਅਸਲ ਵਿਚ ਤਾਂ ਇਹ ਗੱਲ ਪਹਿਲੀ ਵਾਰ ਸੋਨੂੰ ਨੇ ਹੀ ਕਹੀ : ''ਅਸੀਂ ਇਸ ਤਰ੍ਹਾਂ ਹੋਰ ਬਹੁਤੀ ਦੇਰ ਨਹੀਂ ਕੱਟ ਸਕਦੇ। ਅਸੀਂ ਇਕ ਦੂਜੇ ਨੂੰ ਦੁਖੀ ਕਰਦੇ ਹਾਂ। ਚੰਗਾ ਰਹੇਗਾ ਜੇ ਅਸੀਂ ਵੱਖ ਵੱਖ ਰਹੀਏ।'' ਉਹ ਮੇਰਾ ਹੁੰਗਾਰਾ ਉਡੀਕਦੀ ਰਹੀ। ਮੈਂ ਕੋਈ ਹੁੰਗਾਰਾ ਨਾ ਭਰਿਆ। ਕੁਝ ਦਿਨਾਂ ਬਾਅਦ ਉਹਨੇ ਇਹੀ ਗੱਲ ਫਿਰ ਕਹੀ ਅਤੇ ਇਸ ਵਾਰੀ ਮੈਂ ਹਾਂ ਕਰ ਦਿੱਤੀ : ''ਹਾਂ, ਸਾਨੂੰ ਅਲੱਗ ਹੋ ਜਾਣਾ ਚਾਹੀਦਾ ਹੈ। ਮੈਂ ਸ਼ਾਦੀ ਦਾ

ਬਹੁਤ ਮਜ਼ਾ ਲੁੱਟ ਲਿਆ ਹੈ।'' ਉਹ ਹੈਰਾਨ ਰਹਿ ਗਈ ਅਤੇ ਇਕਦਮ ਹੀ ਚੁੱਪ ਹੋ ਗਈ। ਇਸ ਤਰ੍ਹਾਂ ਦੀ ਗੱਲ ਫਿਰ ਕੁਝ ਵਾਰੀ ਦੁਹਰਾਈ ਗਈ। ਇਸ ਤੋਂ ਬਾਅਦ ਜਿਹੜੀ ਚੁੱਪ ਵਾਪਰਦੀ ਉਸ ਨੂੰ ਅਕਸਰ ਉਹ ਹੀ ਤੋੜਦੀ। ਇਹ ਸਾਰਾ ਸਿਲਸਿਲਾ ਇਕੋ ਤਰ੍ਹਾਂ ਨਾਲ ਦੁਹਰਾਇਆ ਜਾਂਦਾ। ਕੁਝ ਦਿਨ ਅਸੀਂ ਇਕ ਦੂਜੇ ਨਾਲ ਨਾ ਬੋਲਦੇ ਅਤੇ ਰਾਤ ਨੂੰ ਉਹ ਆਪਣਾ ਹੱਥ ਮੇਰੇ ਵੱਲ ਵੱਧਾ ਦਿੰਦੀ। ਮੈਂ ਉਹ ਦੇ ਕੋਲ ਜਾਂਦਾ ਅਤੇ ਪਿਆਰ ਦਾ ਕੋਈ ਸ਼ਬਦ ਕਹੇ ਬਿਨਾਂ ਉਹ ਆਪਣੀਆਂ ਲੱਤਾਂ ਫੈਲਾ ਦਿੰਦੀ ਅਤੇ ਮੈਂ ਆਪਣਾ ਫਰਜ਼ ਪੂਰਾ ਕਰ ਲੈਂਦਾ। ਮੈਂ ਇਸ ਕੰਮ ਵਿਚ ਜਿੰਨੀ ਮਰਜ਼ੀ ਦੇਰੀ ਕਰ ਸਕਦਾ ਸਾਂ ਅਤੇ ਨਾਲ ਹੀ ਸੋਨੂੰ ਦੀ ਥਾਂ ਹੋਰ ਕਿਸੇ ਵੀ ਔਰਤ ਦੀ ਕਲਪਨਾ ਕਰ ਸਕਦਾ ਸਾਂ : ਕਿਸੇ ਰਾਤੀ ਜੈਸਿਕਾ ਹੁੰਦੀ, ਕਦੇ ਯਾਸਮਿਨ ਤੇ ਕਦੇ ਮੈਰੀ ਜੋਸਫ...।

ਜ਼ਿੰਦਗੀ ਬੜੀ ਅਕਾਊ ਹੋ ਗਈ ਸੀ। ਮੇਰੇ ਚੇਹਰੇ 'ਤੇ ਹਮੇਸ਼ਾ ਬੋਰੀਅਤ ਫੈਲੀ ਰਹਿੰਦੀ ਸੀ। ਜ਼ਿੰਦਗੀ ਨੂੰ ਦਿਲਚਸਪ ਅਤੇ ਖੁਸ਼ਹਾਲ ਹੋਣਾ ਚਾਹੀਦਾ ਹੈ ਨਹੀਂ ਤਾਂ ਇਕੱਠੇ ਰਹਿਣ ਦਾ ਕੀ ਲਾਭ? ਜਿਨ੍ਹਾਂ ਕਲੱਬਾਂ ਜਾਂ ਪਾਰਟੀਆਂ ਵਿਚ ਅਸੀਂ ਜਾਂਦੇ ਸਾਂ ਉਹ ਬੇਮਤਲਬ ਸਨ। ਮੁੜ ਮੁੜ ਉਹੀ ਲੋਕ ਮਿਲਦੇ, ਇਕੋ ਤਰ੍ਹਾਂ ਦੀ ਸ਼ਰਾਬ ਪੀਤੀ ਜਾਂਦੀ ਅਤੇ ਇਕੋ ਤਰ੍ਹਾਂ ਦੀ ਗੱਲਬਾਤ ਅਤੇ ਚੁਗਲੀ ਹੁੰਦੀ। ਸਾਰੇ ਲੋਕੀਂ ਪੈਸੇ, ਸੰਸਾਰਕ ਸੁੱਖਾਂ ਅਤੇ ਸਮਾਜਕ ਸਤਿਕਾਰ ਦੀ ਬੇਮਤਲਬ ਦੌੜ ਵਿਚ ਲੱਗੇ ਹੋਏ ਸਨ। ਅਸੀਂ ਆਪਣੀਆਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਹੀ ਆਪਣੀਆਂ ਜ਼ਿੰਦਗੀਆਂ ਦੇ ਬੇਹਤਰੀਨ ਸਾਲ ਖਰਾਬ ਕਰ ਦਿੰਦੇ ਹਾਂ। ਜੋ ਕੁਝ ਅਸੀਂ ਸੰਸਾਰ ਤੋਂ ਲੈ ਰਹੇ ਸਾਂ ਸੰਸਾਰ ਕੋਲ ਦੇਣ ਲਈ ਉਸ ਤੋਂ ਕਿਤੇ ਵੱਧ ਸੀ : ਸੁੰਦਰ ਥਾਂ, ਖ਼ੂਬਸੂਰਤ ਲੋਕ, ਖ਼ੂਬਸੂਰਤ ਪੇਂਟਿਗਾਂ ਅਤੇ ਅੱਖਾਂ ਨੂੰ ਭਾਉਣ ਵਾਲੇ ਬੁੱਤ, ਵਧੀਆ ਸੰਗੀਤ ਅਤੇ ਗਾਣੇ, ਫੁੱਲਾਂ ਦੀ ਮਹਿਕ ਅਤੇ ਬਰਸਾਤ ਦੀ ਪਹਿਲੀ ਬੂੰਦ ਨਾਲ ਗਰਮ ਧਰਤੀ ਤੋਂ ਉੱਠਣ ਵਾਲੀ ਮਹਿਕ, ਸਵਾਦਲਾ ਭੋਜਨ ਅਤੇ ਸ਼ਰਾਬਾਂ। ਵਧੀਆ ਸਕਾਚ ਦੇ ਨਾਲ ਭੁੰਨੇ ਹੋਏ ਬਦਾਮ, ਬੱਗੂਗੋਸ਼ੇ ਅਤੇ ਫਾਲਸੇ ਜੰਗਲੀ ਚੌਲਾਂ ਦੇ ਨਾਲ ਖੁੰਭਾਂ ਦੀ ਚਟਣੀ ਅਤੇ ਪੀਣ ਲਈ ਤੇ ਖਾਣ ਲਈ ਹੋਰ ਕਿੰਨਾ ਸਾਰਾ ਸਮਾਨ। ਖਾਣੇ ਤੋਂ ਬਾਅਦ ਹਵਾਨਾ ਦਾ ਸਿਗਾਰ।

ਪਰ ਦ੍ਰਿਸ਼ਾਂ, ਅਵਾਜ਼ਾਂ, ਸੁਗੰਧਾਂ ਅਤੇ ਸੁਆਦਾਂ ਤੋਂ ਵੀ ਵੱਧ ਮਹੱਤਵਪੂਰਨ ਗੱਲ ਸੀ, ਇਕ ਦੂਜੇ ਨੂੰ ਛੂਹਣ ਦੀ ਭਾਵਨਾ। ਸਿਲਕ ਜਾਂ ਵੈਲਵਟ ਦੇ ਕੱਪੜੇ ਦੀ ਥਾਂ ਕਿਸੇ ਔਰਤ ਦੇ ਸਰੀਰ ਦੀ ਛੋਹ ਸਭ ਤੋਂ ਵੱਧ ਖ਼ੁਸ਼ੀ ਦਿੰਦੀ ਸੀ। ਬੁੱਲ੍ਹਾਂ 'ਤੇ ਭਰਵਾਂ ਚੁੰਮਣ, ਛਾਤੀਆਂ 'ਤੇ ਹੱਥ ਫੇਰਨ ਅਤੇ ਫਿਰ ਮਖਮਲੀ ਪੱਟਾਂ 'ਤੇ ਹੱਥ ਫੇਰਨ ਦਾ ਸੁਆਦ ਹੀ ਵੱਖਰਾ ਸੀ। ਬਹੁਤੇ ਲੋਕ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਬਹੁਤ ਗੰਦੇ ਅਤੇ ਦਿਹਾਤੀ ਗਵਾਰ ਦੇ ਵਿਚਾਰ ਮੰਨਦੇ ਹਨ। ਮੇਰੇ ਲਈ ਇਹ ਉਹ ਗੱਲਾਂ ਹਨ ਜਿਹੜੀਆਂ ਜ਼ਿੰਦਗੀ ਨੂੰ ਜਿਊਣਯੋਗ ਬਣਾਉਂਦੀਆਂ ਹਨ। ਬਾਕੀ ਦੀਆਂ ਸਭ ਗੱਲਾਂ ਛੋਟੀਆਂ ਹਨ।

*****

ਮੈਂ ਆਪਣੇ ਆਪ ਨੂੰ ਸਿਖਾ ਲਿਆ ਕਿ ਜਦੋਂ ਸੋਨੂੰ ਗੁੱਸੇ ਵਿਚ ਹੋਵੇ ਤਾਂ ਆਪਣੇ 'ਤੇ ਕਿਵੇਂ ਕੰਟਰੋਲ ਕਰਨਾ ਹੈ। ਇਸ ਲਈ ਜਦੋਂ ਉਹ ਮੈਨੂੰ ਸਖਤ ਬੋਲ ਬੋਲਦੀ ਤਾਂ ਮੈਂ ਸ਼ਾਂਤ ਰਹਿੰਦਾ। ਇਸ ਨਾਲ ਉਹ ਹੋਰ ਔਖੀ ਹੁੰਦੀ। ਉਹਨੂੰ ਮਹਿਸੂਸ ਹੋਣ ਲੱਗਾ ਕਿ ਮੈਂ ਉਸ ਦੀ ਪਕੜ 'ਚੋਂ ਬਾਹਰ ਜਾ ਰਿਹਾ ਹਾਂ। ਉਹਨੂੰ ਡਰ ਸੀ ਕਿ ਅਗਲੀ ਵਾਰ ਜਦੋਂ ਉਸ ਨੇ ਅਲੱਗ ਰਹਿਣ ਜਾਂ ਤਲਾਕ ਦਾ ਮਸਲਾ ਉਠਾਇਆ ਤਾਂ ਮੈਂ ਹਾਂ ਕਰ ਦਿਆਂਗਾ। ਉਸ ਨੇ ਇਹ ਮਸਲਾ ਹੀ ਦੁਬਾਰਾ ਨਾ ਉਠਾਇਆ। ਪਤਾ ਨਹੀਂ ਇਹ ਉਸ ਦਾ ਆਪਣਾ ਵਿਚਾਰ ਸੀ ਜਾਂ ਉਸ ਦੀ ਮਾਂ ਦੀ ਸਲਾਹ ਸੀ, ਉਸ ਸੰਕੇਤ ਦਿੱਤਾ ਕਿ ਇਕੋ ਇਕ ਬੱਚਾ ਹੋਣ ਕਰਕੇ ਰਣਜੀਤ ਨੂੰ ਲੋੜ ਤੋਂ ਵੱਧ ਧਿਆਨ ਮਿਲਦਾ ਹੈ। ਹੋਰ ਕੁਝ ਕਹੇ ਤੋਂ ਬਿਨਾਂ ਅਸੀਂ ਗਰਭ ਨਿਰੋਧਕ ਵਰਤਣੇ ਬੰਦ ਕਰ ਦਿੱਤੇ। ਥੋੜ੍ਹੀ ਦੇਰ ਬਾਅਦ ਹੀ ਸੋਨੂੰ ਫਿਰ ਗਰਭਵਤੀ ਹੋ ਗਈ। ਇਸ ਤੋਂ ਬਾਅਦ ਫਿਰ ਉਹ ਝਗੜਾਲੂ ਅਤੇ ਗੁਸਿਆਲੂ ਬਣ ਗਈ। ਗਰਭ ਦੇ ਛੇਵੇਂ ਮਹੀਨੇ ਦੇ ਬਾਅਦ ਉਹ ਫਿਰ ਆਪਣੇ ਮਾਪਿਆਂ ਦੇ ਘਰ ਚਲੀ ਗਈ ਤਾਂ ਕਿ ਆਪਣੀ ਡਾਕਟਰ ਅਤੇ ਹਸਪਤਾਲ ਦੇ ਨੇੜੇ ਹੋ ਸਕੇ। ਦਫਤਰ ਤੋਂ ਵਾਪਸ ਪਰਤਦੇ ਹੋਏ ਮੈਂ ਉਸ ਕੋਲ ਰੁਕਦਾ। ਉਹਦੇ ਮਾਪਿਆਂ ਅਤੇ ਭਰਾਵਾਂ ਨੇ ਮੇਰੇ ਨਾਲ ਦੋਸਤੀ ਵਾਲਾ ਵਿਵਹਾਰ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ। ਉਨ੍ਹਾਂ ਦੀਆਂ ਨਜ਼ਰਾਂ 'ਚ ਮੈਂ ਹਾਲੇ ਵੀ ਪੜ੍ਹਿਆ ਲਿਖਿਆ ਬੇਵਕੂਫ ਸਾਂ ਜਿਹੜਾ ਉੱਚੀਆਂ ਹਵਾਵਾਂ ਵਿਚ ਰਹਿੰਦਾ ਸਾਂ। ਉਹ ਇਸ ਗੱਲ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸਨ ਕਿ ਮੈਂ ਉਨ੍ਹਾਂ 'ਤੇ ਨਿਰਭਰ ਨਹੀਂ ਸਾਂ ਰਿਹਾ ਅਤੇ ਆਪਣੇ ਤੌਰ 'ਤੇ ਹੀ ਮੇਰਾ ਕਾਰੋਬਾਰ ਚੰਗਾ ਚੱਲ ਰਿਹਾ ਸੀ। ਮੈਂ ਨੌਜਵਾਨ ਕਰੋੜਪਤੀਆਂ ਦੀ ਕਲੱਬ ਦਾ ਮੁੱਖ ਧੁਰਾ ਸਾਂ। ਸੋਨੂੰ ਦੇ ਭਰਾਵਾਂ ਵਿਚੋਂ ਕੋਈ ਵੀ ਉੱਥੇ ਤੱਕ ਨਹੀਂ ਸੀ ਪਹੁੰਚ ਸਕਿਆ।

ਰਣਜੀਤ ਤੋਂ ਛੇ ਸਾਲ ਬਾਅਦ ਸਾਡੀ ਬੇਟੀ ਪੈਦਾ ਹੋਈ। ਕਿਉਂਕਿ ਮੇਰੇ ਪਿਤਾ ਜੀ ਹਰਦੁਆਰ ਗਏ ਹੋਏ ਸਨ, ਇਸ ਲਈ ਬੇਟੀ ਦਾ ਨਾਂ ਰੱਖਣ ਦਾ ਕੰਮ ਸੋਨੂੰ 'ਤੇ ਛੱਡ ਦਿੱਤਾ। ਉਹਨੇ ਤੇ ਉਹਦੇ ਮਾਪਿਆਂ ਨੇ ਮੋਹਣੀ ਨਾਂ ਰੱਖਿਆ। ਖਬਰੇ ਉਹ ਮੈਨੂੰ ਖੁਸ਼ ਕਰਨਾ ਚਾਹੁੰਦੇ ਸਨ ਕਿਉਂਕਿ ਮੇਰਾ ਨਾਂ ਮੋਹਣ ਸੀ। ਰਣਜੀਤ ਆਪਣੀ ਛੋਟੀ ਜਿਹੀ ਭੈਣ ਨੂੰ ਦੇਖ ਕੇ ਬਹੁਤ ਖੁਸ਼ ਸੀ। ਖ਼ਬਰ ਸੁਣ ਕੇ ਪਿਤਾ ਜੀ ਵੀ ਬਹੁਤ ਖੁਸ਼ ਹੋਏ। ਉਨ੍ਹਾਂ ਜਵਾਬੀ ਖ਼ਤ ਲਿਖਿਆ ਕਿ ਜਦੋਂ ਬੱਚਾ ਆਪਣੇ ਘਰ ਆ ਜਾਵੇਗਾ ਤਾਂ ਉਸ ਨੂੰ ਦੇਖਣ ਆਉਣਗੇ। ਸਾਫ਼ ਹੈ ਕਿ ਅਚਿੰਤ ਰਾਮ ਦੇ ਘਰ ਜਾਣਾ ਉਨ੍ਹਾਂ ਨੂੰ ਵੀ ਓਨਾ ਹੀ ਨਾਖੁਸ਼ਗਵਾਰ ਲੱਗਦਾ ਸੀ, ਜਿੰਨਾ ਮੈਨੂੰ।

ਸੋਨੂੰ ਨੇ ਇਕ ਮਹੀਨਾ ਹੋਰ ਆਪਣੇ ਮਾਪਿਆਂ ਦੇ ਘਰ ਬਿਤਾਇਆ ਅਤੇ ਫਿਰ ਮੋਹਣੀ ਨੂੰ ਨਾਲ ਲੈ ਕੇ ਘਰ ਆ ਗਈ। ਇਸ ਵਾਰ ਉਹਨੇ ਆਪਣੇ ਨਾਲ ਰਾਤ ਨੂੰ ਜਾਗਣ ਵਾਲੀ ਇਕ ਨਰਸ ਅਤੇ ਇਕ ਆਇਆ ਲਿਆਂਦੀ। ਮੇਰੇ ਪਿਤਾ ਜੀ ਬੱਚੀ ਨੂੰ ਆਸ਼ੀਰਵਾਦ ਦੇਣ ਲਈ ਹਰਦੁਆਰ ਤੋਂ ਆਏ। ਉਨ੍ਹਾਂ ਸਾਡੇ ਨਾਲ ਹਫਤੇ ਤੋਂ ਵੱਧ ਸਮਾਂ ਬਿਤਾਇਆ। ਹੁਣ ਤੱਕ ਉਨ੍ਹਾਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਸੋਨੂੰ ਉਨ੍ਹਾਂ ਨੂੰ ਪਸੰਦ ਨਹੀਂ ਕਰਦੀ। ਇਸ ਲਈ

ਉਹ ਲੱਗਦੀ ਵਾਹ ਉਹਦੇ ਰਾਹ ਵਿਚ ਨਾ ਆਉਂਦੇ। ਪਰ ਰਣਜੀਤ ਉਨ੍ਹਾਂ ਨੂੰ ਇਕੱਲਿਆਂ ਨਾ ਰਹਿਣ ਦਿੰਦਾ। ਸਕੂਲ ਤੋਂ ਵਾਪਸ ਆਉਂਦੇ ਸਾਰ ਹੀ ਉਹ ਸਿੱਧਾ ਆਪਣੇ ਦਾਦਾ ਜੀ ਦੇ ਕਮਰੇ 'ਚ ਜਾਂਦਾ ਅਤੇ ਉਨ੍ਹਾਂ ਨਾਲ ਲੁਕਣ-ਮੀਟੀ ਖੇਡਦਾ। ਭਾਵੇਂ ਉਹ ਛੇ ਸਾਲ ਦਾ ਹੋ ਗਿਆ ਸੀ ਫਿਰ ਵੀ ਉਹ ਉਨ੍ਹਾਂ ਦੀ ਗੋਦੀ ਵਿਚ ਬੈਠ ਜਾਂਦਾ ਅਤੇ ਕਹਾਣੀਆਂ ਸੁਣਨ ਦੀ ਜ਼ਿੱਦ ਕਰਦਾ। ਸੋਨੂੰ ਚੀਕ ਕੇ ਉਹਨੂੰ ਕਹਿੰਦੀ ਕਿ ਉਹ ਖਾਣਾ ਖਾਣ ਆਵੇ। ਅੱਗੋਂ ਉਹ ਵੀ ਚੀਕ ਕੇ ਕਹਿੰਦਾ, ''ਮੈਂ ਦਾਦਾ ਜੀ ਨਾਲ ਖਾਵਾਂਗਾ।'' ਅੱਗੋਂ ਉਹ ਵੀ ਚੀਕਦੀ, ''ਤੂੰ ਏਦਾਂ ਨਹੀਂ ਕਰੇਂਗਾ। ਹੁਣੇ ਆ ਜਾਹ ਨਹੀਂ ਤਾਂ ਮੈਂ ਤੇਰੇ ਥੱਪੜ ਮਾਰੂੰਗੀ।'' ਹਰ ਰੋਜ਼ ਹੀ ਘਰ ਵਿਚ ਇਸ ਤਰ੍ਹਾਂ ਦੇ ਦ੍ਰਿਸ਼ ਵਾਪਰਦੇ। ਪਿਤਾ ਜੀ ਆਪਣੇ ਕਮਰੇ ਵਿਚ ਇਕੱਲੇ ਬੈਠ ਕੇ ਖਾਣਾ ਖਾਂਦੇ। ਦੂਜੇ ਪਾਸੇ ਰਣਜੀਤ ਲੱਤਾਂ ਮਾਰ ਮਾਰ ਕੇ ਗੁੱਸਾ ਜ਼ਾਹਰ ਕਰਦਾ। ਉਸ ਨੂੰ ਉਹਦੀ ਮਾਂ ਜਾਂ ਨੌਕਰ ਜ਼ਬਰਦਸਤੀ ਖਾਣਾ ਖੁਆਉਂਦੇ।

ਮੇਰੇ ਦਫਤਰੋਂ ਪਰਤਣ 'ਤੇ ਹਰ ਸ਼ਾਮ ਸੋਨੂੰ ਸ਼ਿਕਾਇਤ ਕਰਦੀ, ''ਜਦੋਂ ਤੇਰਾ ਬੁੜ੍ਹਾ ਘਰ ਹੁੰਦਾ ਹੈ ਮੈਂ ਇਸ ਘਰ ਵਿਚ ਕੋਈ ਡਸਿਪਲਨ ਲਾਗੂ ਨਹੀਂ ਕਰ ਸਕਦੀ।'' ਮੈਂ ਕੋਈ ਜਵਾਬ ਨਾ ਦਿੰਦਾ। ਮੈਂ ਆਪਣੇ ਇਸ ਫੈਸਲੇ 'ਤੇ ਕਾਇਮ ਸਾਂ ਕਿ ਆਪਣੇ ਅਤੇ ਪਿਤਾ ਜੀ ਦੇ ਵਿਚਾਲੇ ਉਸ ਨੂੰ ਦਖਲ ਨਹੀਂ ਦੇਣ ਦਿਆਂਗਾ। ਜਦੋਂ ਪਿਤਾ ਜੀ ਮੁੜ ਹਰਦੁਆਰ ਚਲੇ ਗਏ ਤਾਂ ਮੈਂ ਉਨ੍ਹਾਂ ਨੂੰ ਪੂਰਨਮਾਸ਼ੀ ਵਾਲੇ ਦਿਨ ਲਗਾਤਾਰ ਮਿਲਣ ਜਾਂਦਾ ਰਿਹਾ ਅਤੇ ਹਰ ਵਾਰੀ ਹੀ ਉਨ੍ਹਾਂ ਕੋਲ ਦੋ ਕੁ ਦਿਨ ਰਹਿੰਦਾ ਰਿਹਾ। ਜਦੋਂ ਕਿਤੇ ਉਨ੍ਹਾਂ ਦਾ ਆਉਣ ਨੂੰ ਜੀਅ ਕਰਦਾ ਤਾਂ ਮੈਂ ਉਨ੍ਹਾਂ ਨੂੰ ਲੈਣ ਲਈ ਕਾਰ ਭੇਜ ਦਿੰਦਾ।

ਇਹ ਸਿਲਸਿਲਾ ਪੰਜ ਸਾਲ ਤੱਕ ਚੱਲਦਾ ਰਿਹਾ। ਇਨ੍ਹਾਂ ਪੰਜ ਸਾਲਾਂ ਦੌਰਾਨ ਵੀ ਅਸੀਂ ਇਕ ਦੂਜੇ ਦੇ ਨੇੜੇ ਨਾ ਆ ਸਕੇ। ਮੈਨੂੰ ਬੱਚਿਆਂ ਨਾਲ ਬੜਾ ਪਿਆਰ ਸੀ ਅਤੇ ਉਨ੍ਹਾਂ ਕਾਰਨ ਹੀ ਮੈਂ ਸ਼ਾਦੀ ਨੂੰ ਬਰਕਰਾਰ ਰੱਖਣਾ ਚਾਹੁੰਦਾ ਸੀ। ਖਬਰੇ ਸੋਨੂੰ ਵੀ ਇਸ ਤਰ੍ਹਾਂ ਸੋਚਦੀ ਸੀ। ਮੋਹਣੀ ਦੇ ਆਉਣ ਨਾਲ ਬਹੁਤ ਸੁੱਖ ਮਿਲਿਆ ਸੀ। ਮੈਂ ਸ਼ਾਮ ਨੂੰ ਘਰ ਆਉਣ ਦੀ ਉਡੀਕ ਕਰਦਾ। ਅਤੇ ਮੇਰੀ ਧੀ ਦੌੜ ਕੇ ਮੇਰੇ ਕੋਲ ਆਉਂਦੀ ਅਤੇ ਕਹਿੰਦੀ ਕਿ ਮੈਂ ਉਹਨੂੰ ਕਾਰ ਵਿਚ ਸੈਰ ਕਰਵਾਉਣ ਜਾਵਾਂ। ਮੈਂ ਖੁਦ ਕਾਰ ਚਲਾ ਕੇ ਉਸਨੂੰ ਆਲੇ-ਦੁਆਲੇ ਦਾ ਚੱਕਰ ਲੁਆਉਂਦਾ। ਪਰ ਇਸ ਨਾਲ ਸੋਨੂੰ ਹੋਰ ਵੀ ਮੂੰਹ ਵੱਟ ਲੈਂਦੀ। ਬੱਚਿਆਂ ਨੂੰ ਕੀ ਹਕ ਸੀ ਕਿ ਉਸ ਆਦਮੀ ਨੂੰ ਪਿਆਰ ਕਰਨ ਜਿਸ ਨੂੰ ਉਹ ਪਿਆਰ ਨਹੀਂ ਸੀ ਕਰਦੀ? ਮੈਨੂੰ ਦਿਲੋਂ ਇਹ ਪਤਾ ਸੀ ਕਿ ਮੈਂ ਇਸ ਪਿਆਰ-ਰਹਿਤ ਜ਼ਿੰਦਗੀ ਨੂੰ ਹਮੇਸ਼ਾ ਲਈ ਬਰਦਾਸ਼ਤ ਨਹੀਂ ਕਰ ਸਕਾਂਗਾ। ਪਰ ਮੈਨੂੰ ਇਸ ਦੇ ਨਾਟਕੀ ਅੰਤ ਦਾ ਕਿਆਸ ਨਹੀਂ ਸੀ।

ਇਕ ਸਵੇਰ ਮੇਰੀ ਡਾਕ 'ਚ ਹਿੰਦੀ ਵਿਚ ਲਿਖਿਆ ਇਕ ਪੋਸਟ ਕਾਰਡ ਆਇਆ। ਇਹ ਪਿਤਾ ਜੀ ਦੇ ਆਸ਼ਰਮ ਵੱਲੋਂ ਭੇਜਿਆ ਗਿਆ ਸੀ ਅਤੇ ਦੋ ਦਿਨ ਪਹਿਲਾਂ ਪਾਇਆ ਗਿਆ ਸੀ। ਇਸ ਵਿਚ ਲਿਖਿਆ ਗਿਆ ਸੀ : ''ਬੜੇ ਦੁਖ ਨਾਲ ਤੁਹਾਨੂੰ ਸੂਚਿਤ ਕੀਤਾ

ਜਾਂਦਾ ਹੈ ਕਿ ਤੁਹਾਡੇ ਸਤਿਕਾਰਯੋਗ ਪਿਤਾ ਜੀ ਅੱਜ ਸਵੇਰੇ ਬੈਕੁੰਠ ਲਈ ਰਵਾਨਾ ਹੋ ਗਏ। ਉਨ੍ਹਾਂ ਦੀ ਸਿਹਤ ਚੰਗੀ ਭਲੀ ਸੀ ਅਤੇ ਉਹ ਸਵੇਰ ਵੇਲੇ ਗੰਗਾ ਮਾਤਾ ਵਿਚ ਇਸ਼ਨਾਨ ਕਰਨ ਲਈ ਹਰ ਕੀ ਪੌੜੀ ਗਏ ਸਨ। ਇਸ਼ਨਾਨ ਕਰਨ ਤੋਂ ਬਾਦ ਵਾਪਸ ਆਉਣ 'ਤੇ ਉਨ੍ਹਾਂ ਛਾਤੀ ਵਿਚ ਦਰਦ ਹੋਣ ਦੀ ਸ਼ਿਕਾਇਤ ਕੀਤੀ ਅਤੇ ਚਾਹ ਦਾ ਕੱਪ ਮੰਗਿਆ। ਜਦੋਂ ਉਹ ਚਾਹ ਪੀ ਰਹੇ ਸਨ ਤਾਂ ਕੱਪ ਉਨ੍ਹਾਂ ਦੇ ਹੱਥ ਵਿਚੋਂ ਛੁਟ ਗਿਆ ਤੇ ਉਹ ਚੱਲ ਵਸੇ। ਸਾਨੂੰ ਤੁਹਾਡਾ ਟੈਲੀਫੋਨ ਨਾ ਲੱਭਿਆ ਨਹੀਂ ਤਾਂ ਤੁਹਾਨੂੰ ਤੁਰੰਤ ਸੂਚਨਾ ਦਿੰਦੇ। ਇਸ ਲਈ ਕਾਰਡ ਪਾ ਰਹੇ ਹਾਂ। ਅਸੀਂ ਉਨ੍ਹਾਂ ਦੀ ਦੇਹ ਨੂੰ ਵੀ ਬਹੁਤੀ ਦੇਰ ਤੱਕ ਨਹੀਂ ਸਾਂ ਸੰਭਾਲ ਸਕਦੇ ਤੇ ਇਸ ਕਰਕੇ ਅਸੀਂ ਉਨ੍ਹਾਂ ਦਾ ਆਰੀਆ ਸਮਾਜੀ ਨੀਤੀਆਂ ਨਾਲ ਸਸਕਾਰ ਕਰ ਦਿੱਤਾ ਹੈ। ਉਨ੍ਹਾਂ ਦੀਆਂ ਅਸਥੀਆਂ ਇਕ ਬਰਤਨ ਵਿਚ ਰੱਖ ਦਿੱਤੀਆਂ ਗਈਆਂ ਹਨ ਤਾਂ ਕਿ ਤੁਸੀਂ ਆ ਕੇ ਇਨ੍ਹਾਂ ਨੂੰ ਗੰਗਾ ਵਿਚ ਪ੍ਰਵਾਹ ਕਰੋ।''

ਮੈਂ ਸਕਤੇ ਵਿਚ ਆ ਗਿਆ। ਕਈ ਮਿੰਟਾਂ ਤੱਕ ਮੈਂ ਆਪਣਾ ਸਿਰ ਹੱਥਾਂ ਵਿਚ ਲਈ ਬੈਠਿਆ ਰਿਹਾ। ਕੋਈ ਵੀ ਐਸਾ ਬੰਦਾ ਨਹੀਂ ਸੀ ਜਿਸ ਨਾਲ ਮੈਂ ਆਪਣਾ ਦੁੱਖ ਸਾਂਝਾ ਕਰ ਸਕਦਾ। ਮੈਂ ਆਪਣੀ ਸੈਕਟਰੀ ਨੂੰ ਕਹਿ ਕੇ ਜੀਵਨ ਰਾਮ ਨੂੰ ਸੁਨੇਹਾ ਪਹੁੰਚਾਇਆ ਕਿ ਉਹ ਪੈਟਰੋਲ ਦੀ ਟੈਂਕੀ ਭਰਵਾ ਲਵੇ ਕਿਉਂਕਿ ਮੈਂ ਹੁਣੇ ਹੀ ਹਰਦੁਆਰ ਲਈ ਰਵਾਨਾ ਹੋਣਾ ਸੀ। ਮੈਂ ਸੈਕਟਰੀ ਨੂੰ ਦੱਸਿਆ, ''ਮੇਰੇ ਪਿਤਾ ਜੀ ਠੀਕ ਨਹੀਂ ਹਨ। ਘਰ ਵੀ ਫੋਨ ਕਰ ਕੇ ਦੱਸ ਦੇਈਂ ਕਿ ਮੈਂ ਕੁਝ ਦਿਨਾਂ ਲਈ ਵਾਪਸ ਨਹੀਂ ਆਵਾਂਗਾ।''

ਅੱਧੇ ਘੰਟੇ ਬਾਅਦ ਹੀ ਮੈਂ ਹਰਦੁਆਰ ਵਾਲੀ ਸੜਕ 'ਤੇ ਪੈ ਗਿਆ ਸਾਂ। ਇਸ ਸੜਕ 'ਤੇ ਮੈਂ ਕਈ ਵਾਰ ਪਿਤਾ ਜੀ ਨਾਲ ਬੈਠ ਕੇ ਸਫਰ ਕੀਤਾ ਸੀ। ਜਦੋਂ ਅਸੀਂ ਗਾਜ਼ੀਆਬਾਦ ਲੰਘੇ ਤਾਂ ਜੀਵਨ ਰਾਮ ਨੇ ਮੈਨੂੰ ਪੁੱਛਿਆ, ''ਸਾਹਬ ਸ਼ਰਮਾ ਮੇਮ ਸਾਹਬ ਨੇ ਦੱਸਿਆ ਕਿ ਪਿਤਾ ਜੀ ਦੀ ਸਿਹਤ ਠੀਕ ਨਹੀਂ। ਕੀ ਕੋਈ ਗੰਭੀਰ ਗੱਲ ਹੈ?''

''ਹੁਣ ਕੋਈ ਗੰਭੀਰ ਗੱਲ ਨਹੀਂ। ਉਹ ਦੋ ਦਿਨ ਪਹਿਲਾਂ ਪੂਰੇ ਹੋ ਚੁੱਕੇ ਹਨ। ਮੈਂ ਤਾਂ ਉਨ੍ਹਾਂ ਦੀਆਂ ਅਸਥੀਆਂ ਲੈਣ ਚੱਲਿਆ ਹਾਂ।''

''ਹਰੇ ਰਾਮ! ਹਰੇ ਰਾਮ! ਉਹ ਕਿੰਨੀ ਪਵਿੱਤਰ ਆਤਮਾ ਸਨ! ਉਨ੍ਹਾਂ ਦੇ ਬੁੱਲ੍ਹਾਂ 'ਚੋਂ ਮੈਂ ਕਦੇ ਗੁੱਸੇ ਵਾਲੀ ਗੱਲ ਨਹੀਂ ਸੀ ਸੁਣੀ। ਉਨ੍ਹਾਂ ਨੂੰ ਪ੍ਰਮਾਤਮਾ ਦੇ ਚਰਨਾਂ ਵਿਚ ਥਾਂ ਮਿਲੇਗੀ।''

ਇਕ ਵਾਰ ਫੇਰ ਮੈਂ ਆਪਣਾ ਚੇਹਰਾ ਦੋਹਾਂ ਹੱਥਾਂ ਵਿਚ ਲਿਆ ਅਤੇ ਰੋ ਪਿਆ। ਜੀਵਨ ਰਾਮ ਨੇ ਮੈਨੂੰ ਰੋਂਦਿਆਂ ਸੁਣਿਆ ਅਤੇ ਕਹਿਣ ਲੱਗਿਆ, ''ਸਾਹਬ, ਧੀਰਜ ਧਰੋ। ਕਿਸੇ ਨੂੰ ਵੀ ਨਹੀਂ ਪਤਾ ਕਿ ਮੌਤ ਕਦੋਂ ਆਉਣੀ ਹੈ। ਬੰਦੇ ਨੂੰ ਇਸ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਉਹਨੂੰ ਪ੍ਰਮਾਤਮਾ ਦੀ ਮਰਜ਼ੀ ਸਮਝ ਕੇ ਪ੍ਰਵਾਨ ਕਰਨਾ ਚਾਹੀਦਾ ਹੈ। ਦ੍ਰਿੜ ਬਣੋ, ਪ੍ਰਮਾਤਮਾ ਤੁਹਾਨੂੰ ਹੌਸਲਾ ਦੇਵੇਗਾ।''

ਹਰੇਕ ਮੌਤ 'ਤੇ ਹੀ ਮੈਂ ਇਸ ਤਰ੍ਹਾਂ ਦੇ ਸ਼ਬਦ ਸੁਣੇ ਸਨ। ਇਹ ਸ਼ਬਦ ਕਿੰਨੇ ਵੀ ਸੰਵੇਦਨਾ ਰਹਿਤ ਅਤੇ ਬੇਮਤਲਬ ਹੋਣ ਫਿਰ ਵੀ ਇਨ੍ਹਾਂ ਨਾਲ ਪੀੜਤ ਲੋਕਾਂ ਨੂੰ ਰਾਹਤ ਮਿਲਦੀ ਹੈ।

ਸੂਰਜ ਡੁੱਬਣ ਤੱਕ ਅਸੀਂ ਆਸ਼ਰਮ ਪਹੁੰਚ ਗਏ ਸਾਂ। ਮੈਨੂੰ ਮੇਰੇ ਪਿਤਾ ਜੀ ਦੇ ਕਮਰੇ ਤੱਕ ਲਿਜਾਇਆ ਗਿਆ। ਜਿਸ ਮੰਜੀ 'ਤੇ ਉਹ ਕੁਝ ਦਿਨ ਪਹਿਲਾਂ ਤੱਕ ਸੌਂਦੇ ਹੁੰਦੇ ਸਨ ਉਸ 'ਤੇ ਉਨ੍ਹਾਂ ਦੀਆਂ ਅਸਥੀਆਂ ਵਾਲਾ ਇਕ ਪਿੱਤਲ ਦਾ ਬਰਤਨ ਪਿਆ ਸੀ। ਇਸ ਬਰਤਨ ਦੇ ਦੁਆਲੇ ਗੇਂਦੇ ਦੇ ਫੁੱਲਾਂ ਦਾ ਹਾਰ ਲਪੇਟਿਆ ਹੋਇਆ ਸੀ। ਮੈਂ ਉਹਨੂੰ ਆਪਣੇ ਹੱਥਾਂ ਵਿਚ ਫੜਿਆ ਤੇ ਫਿਰ ਰੋ ਪਿਆ। ਮੈਂ ਰੋਂਦਾ ਰੋਂਦਾ ਕਹਿ ਰਿਹਾ ਸਾਂ : ''ਹਾਏ ਪਿਤਾ ਜੀ! ਮੈਨੂੰ ਛੱਡ ਕੇ ਤੁਸੀਂ ਕਿੱਥੇ ਚਲੇ ਗਏ ਹੋ? ਤੁਸਾਂ ਤਾਂ ਅੰਤਿਮ ਸਮੇਂ ਆਪਣੇ ਕੋਲ ਹੋਣ ਦਾ ਮੌਕਾ ਵੀ ਨਾ ਦਿੱਤਾ!'' ਆਸ਼ਰਮ ਦੇ ਲੋਕ ਮੇਰੇ ਦੁਆਲੇ ਇਕੱਠੇ ਹੋ ਗਏ ਅਤੇ ਮੇਰੇ ਨਾਲ ਹਮਦਰਦੀ ਕਰਨ ਲੱਗੇ। ਉਨ੍ਹਾਂ ਮੈਨੂੰ ਖੁੱਲ੍ਹ ਕੇ ਰੋਣ ਦਿੱਤਾ ਅਤੇ ਆਖਰਕਾਰ ਮੇਰੀਆਂ ਅੱਖਾਂ 'ਚੋਂ ਹੰਝੂ ਮੁੱਕ ਗਏ। ਮੇਰਾ ਦੁੱਖ ਹੌਲੀ ਹੌਲੀ ਘੱਟ ਹੁੰਦਾ ਗਿਆ। ਮੈਂ ਆਪਣੇ ਚੇਹਰੇ ਤੋਂ ਹੰਝੂ ਪੂੰਝੇ। ਮੈਂ ਬਰਤਨ ਆਪਣੇ ਹੱਥਾਂ 'ਚ ਲਿਆ ਤੇ ਜੀਵਨ ਰਾਮ ਨੂੰ ਹਰ ਕੀ ਪੌੜੀ ਚੱਲਣ ਲਈ ਕਿਹਾ, ''ਪਿਤਾ ਜੀ ਆਖਰੀ ਵਾਰੀ ਆਪਣੇ ਪੁੱਤਰ ਦੇ ਨਾਲ ਆਰਤੀ ਦੇਖ ਲੈਣਗੇ। ਕੱਲ੍ਹ ਨੂੰ ਮੈਂ ਉਨ੍ਹਾਂ ਦੀਆਂ ਅਸਥੀਆਂ ਗੰਗਾਂ ਵਿਚ ਵਹਾਅ ਦਿਆਂਗਾ।''

ਮੈਂ ਹਰ ਕੀ ਪੌੜੀ ਦੇ ਸਾਹਮਣੇ ਘੰਟਾ ਘਰ ਦੇ ਕੋਲ ਪਹੁੰਚਿਆ ਤਾਂ ਉਸ ਦੇ ਕੁਝ ਮਿੰਟਾਂ ਮਗਰੋਂ ਹੀ ਆਰਤੀ ਸ਼ੁਰੂ ਹੋ ਗਈ। ਜਦੋਂ ਪਰਲੇ ਕਿਨਾਰੇ 'ਤੇ ਖੜ੍ਹੇ ਪੁਜਾਰੀਆਂ ਨੇ ਆਰਤੀਆਂ ਘੁੰਮਾਣੀਆਂ ਅਤੇ ਮੰਤਰ ਪੜ੍ਹਨੇ ਸ਼ੁਰੂ ਕੀਤੇ ਅਤੇ ਮੰਦਰਾਂ ਵਿਚ ਘੰਟੀਆਂ ਖੜਕਣ ਲੱਗੀਆਂ, ਮੈਂ ਗਿੱਟਿਆਂ ਭਰ ਪਾਣੀ ਵਿਚ ਖੜ੍ਹਾ ਹੋ ਕੇ ਪਿੱਤਲ ਦਾ ਬਰਤਨ ਹਿਲਾਉਣ ਲੱਗਾ। ਅਜਿਹਾ ਕਰਦੇ ਹੋਏ ਮੈਂ ਇਸ ਬਰਤਨ ਦਾ ਥੱਲਾ ਪਾਣੀ ਨਾਲ ਛੁਹਾਉਂਦਾ। ਹਰ ਵਾਰ ਜਦੋਂ ਮੈਂ ਬਰਤਨ ਨੂੰ ਹੇਠਾਂ ਲਿਆਉਂਦਾ, ਮੈਨੂੰ ਲੱਗਦਾ ਕਿ ਮੈਂ ਅੰਦਰੋਂ ਸ਼ਾਂਤ ਹੋ ਰਿਹਾ ਹਾਂ। ਹਨੇਰਾ ਹੋਣ ਤੱਕ ਮੈਂ ਘਾਟ 'ਤੇ ਬੈਠਾ ਪਾਣੀ ਵਿਚ ਤੈਰਦੀਆਂ ਰੋਸ਼ਨੀਆਂ ਵੱਲ ਵੇਖਦਾ ਰਿਹਾ। ਜੇ ਮੈਂ ਹੋਰ ਕੁਝ ਲੰਮਾ ਸਮਾਂ ਬੈਠਾ ਦੇਖਦਾ ਰਿਹਾ ਤਾਂ ਸਾਰੇ ਦੀਵੇ ਹੌਲੀ ਹੌਲੀ ਬੁਝ ਜਾਣਗੇ। ਪਰ ਇਸ ਸੋਚ ਨਾਲ ਮੈਂ ਨਿਰਾਸ਼ ਨਾ ਹੋਇਆ। ਕਾਫੀ ਲੰਮੇ ਸਮੇਂ ਬਾਅਦ ਮੈਂ ਕਾਰ ਤੱਕ ਪਹੁੰਚਿਆ। ਅਰਥੀਆਂ ਵਾਲਾ ਬਰਤਨ ਅਜੇ ਵੀ ਮੇਰੇ ਹੱਥਾਂ ਵਿਚ ਫੜਿਆ ਹੋਇਆ ਸੀ। ਮੈਂ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ। ਸਾਰੀ ਰਾਤ ਮੈਂ ਇਹ ਬਰਤਨ ਆਪਣੇ ਨਾਲ ਲਾ ਕੇ ਰੱਖਿਆ ਅਤੇ ਪਿਤਾ ਜੀ ਨੂੰ ਚੇਤੇ ਕਰਦੇ ਹੋਏ ਸੌਂ ਗਿਆ। ਮੈਂ ਮਹਿਸੂਸ ਕੀਤਾ ਕਿ ਮੌਤ ਤੋਂ ਬਾਅਦ ਵੀ ਉਹ ਓਨਾ ਹੀ ਮੇਰੇ ਨੇੜੇ ਸਨ, ਜਿੰਨਾ ਜਿਉਂਦੇ ਸਮੇਂ।

*****

ਅਗਲੇ ਦਿਨ ਤੜਕੇ ਹੀ ਮੈਂ ਹਰ ਕੀ ਪੌੜੀ ਤੋਂ ਕਰੀਬ ਇਕ ਫਰਲਾਂਗ ਹੇਠਾਂ ਕੁਸ਼ਾ ਘਾਟ 'ਤੇ ਪਹੁੰਚਿਆ। ਤੁਰੰਤ ਹੀ ਮੇਰੇ ਦੁਆਲੇ ਪਾਂਡਿਆਂ ਦੀ ਭੀੜ ਜਮ੍ਹਾਂ ਹੋ ਗਈ, ਜਿਹੜੇ ਅਸਥੀਆਂ ਪ੍ਰਵਾਹ ਕਰਕੇ ਆਪਣੀ ਦਕਸ਼ਣਾ ਲੈਣ ਲਈ ਕਾਹਲੇ ਸਨ। ਉਹ ਮੈਨੂੰ ਪੁੱਛਣ ਲੱਗੇ ਕਿ ਮੈਂ ਕਿੱਥੋਂ ਆਇਆ ਸਾਂ ਤੇ ਅਸਥੀਆਂ ਕਿਸ ਦੀਆਂ ਸਨ। ਮੈਂ ਰੋ ਰਿਹਾ ਸਾਂ। ਇਕ ਜਣੇ ਨੇ ਬਾਕੀ ਸਾਰਿਆਂ ਨੂੰ ਲਾਂਭੇ ਹਟਾਉਂਦੇ ਹੋਏ ਕਿਹਾ, ''ਮੈਂ ਤੁਹਾਡੇ ਪਰਿਵਾਰ ਦਾ ਪਾਂਡਾ ਹਾਂ। ਮੈਨੂੰ ਪਤਾ ਹੈ ਕਿ ਤੁਹਾਡੇ ਪਿਤਾ ਜੀ ਇੱਥੇ ਆਸ਼ਰਮ ਵਿਚ ਰਹਿ ਰਹੇ ਸਨ। ਉਨ੍ਹਾਂ ਮੇਰੇ ਪਰਿਵਾਰ ਦੇ ਦੂਰ ਦੂਰ ਦੇ ਰਿਸ਼ਤੇਦਾਰਾਂ ਦੇ ਨਾਂ ਗਿਣਾਏ। ਉਹ ਮੈਨੂੰ ਦਰਿਆ ਕਿਨਾਰੇ ਲੈ ਗਿਆ ਅਤੇ ਆਪਣੇ ਵੱਲ ਮੂੰਹ ਕਰਵਾ ਕੇ ਬੈਠਣ ਲਈ ਕਿਹਾ। ਅਸਥੀਆਂ ਵਾਲਾ ਬਰਤਨ ਸਾਡੇ ਵਿਚਕਾਰ ਪਿਆ ਸੀ। ਉਸ ਨੇ ਸੰਸਕ੍ਰਿਤ ਵਿਚ ਸ਼ਲੋਕ ਪੜ੍ਹਨੇ ਸ਼ੁਰੂ ਕੀਤੇ। ਅੱਧ ਵਿਚਾਲੇ ਜਾ ਕੇ ਉਹਨੇ ਆਪਣਾ ਹੱਥ ਵਧਾਇਆ ਤੇ ਦਕਸ਼ਣਾ ਮੰਗੀ।

''ਕਿੰਨੇ!''

''ਜਿੰਨੇ ਤੁਸੀਂ ਠੀਕ ਸਮਝੋ। ਮੈਨੂੰ ਪਤਾ ਹੈ ਕਿ ਤੁਸੀਂ ਬਹੁਤ ਅਮੀਰ ਹੋ ਅਤੇ ਆਪਣੇ ਪਿਤਾ ਦੇ ਇਕਲੌਤੇ ਪੁੱਤਰ ਹੋ।''

ਮੈਂ ਉਸ ਨੂੰ ਸੌ ਰੁਪਏ ਦਾ ਨੋਟ ਦਿੱਤਾ। ਇਹ ਉਸ ਦੀ ਆਸ ਤੋਂ ਕਿਤੇ ਜ਼ਿਆਦਾ ਸੀ। ਉਸ ਨੇ ਪਹਿਲਾਂ ਨਾਲੋਂ ਵੀ ਵੱਧ ਜੋਸ਼ ਨਾਲ ਮੰਤਰ ਪੜ੍ਹਨੇ ਸ਼ੁਰੂ ਕਰ ਦਿੱਤੇ। ਫਿਰ ਉਸ ਨੇ ਬਰਤਨ ਵੱਲ ਇਸ਼ਾਰਾ ਕਰਕੇ ਕਿਹਾ ਕਿ ਅਸਥੀਆਂ ਪਾਣੀ ਵਿਚ ਵਹਾਅ ਦੇਵਾਂ। ਇਸ ਤੋਂ ਪਹਿਲਾਂ ਕਿ ਉਹ ਬਰਤਨ ਨੂੰ ਹੱਥ ਲਗਾਉਂਦਾ, ਮੈਂ ਇਸ ਨੂੰ ਚੁੱਕ ਲਿਆ। ਮੈਂ ਉਸਨੂੰ ਕਿਹਾ, ''ਇਹ ਕੰਮ ਮੈਂ ਖ਼ੁਦ ਕਰਾਂਗਾ। ਮੇਰੇ ਪਿਤਾ ਦੀਆਂ ਅਸਥੀਆਂ ਨੂੰ ਹੋਰ ਕੋਈ ਹੱਥ ਨਹੀਂ ਲਗਾਏਗਾ।''

ਉਹਨੇ ਮੈਨੂੰ ਨਾ ਰੋਕਿਆ। ਮੈਂ ਪਾਣੀ ਦੇ ਪ੍ਰਵਾਹ ਵਿਚ ਗੋਡਿਆਂ ਤੱਕ ਪਾਣੀ ਵਿਚ ਖੜ੍ਹਿਆ ਰਿਹਾ। ਜਦੋਂ ਸੂਰਜ ਪੂਰਬੀ ਪਹਾੜੀਆਂ ਤੋਂ ਉੱਪਰ ਉੱਠਿਆ ਮੈਂ ਅਸਥੀਆਂ ਦਰਿਆ ਵਿਚ ਪਾ ਦਿੱਤੀਆਂ।

ਅਜੇ ਹੋਰ ਕਈ ਕੁਝ ਕਰਨਾ ਬਾਕੀ ਸੀ। ਇਕ ਨਾਈ ਸੱਦਿਆ ਗਿਆ। ਮੈਂ ਪੈਰਾਂ ਭਾਰ ਬੈਠ ਗਿਆ ਅਤੇ ਉਹਨੇ ਕੈਂਚੀ ਨਾਲ ਮੇਰੇ ਵਾਲ ਕੱਟੇ। ਫਿਰ ਉਸ ਨੇ ਬਾਕੀ ਦੇ ਬਚਦੇ ਵਾਲ ਉਸਤਰੇ ਨਾਲ ਕੱਟ ਦਿੱਤੇ। ਮੇਰਾ ਸਿਰ ਆਂਡੇ ਵਰਗਾ ਨਿਕਲ ਆਇਆ ਸੀ। ਹਰੇਕ ਨੂੰ ਪਤਾ ਲੱਗ ਜਾਏਗਾ ਕਿ ਮੇਰੇ ਮਾਪਿਆਂ 'ਚੋਂ ਕਿਸੇ ਦਾ ਦਿਹਾਂਤ ਹੋਇਆ ਹੈ।

ਮੈਂ ਆਸ਼ਰਮ ਆਇਆ ਤਾਂ ਕਿ ਪਿਤਾ ਜੀ ਦਾ ਹਿਸਾਬ ਕਿਤਾਬ ਕਰ ਸਕਾਂ। ਇੱਥੇ ਭਾਵਨਾਵਾਂ ਲਈ ਕੋਈ ਥਾਂ ਨਹੀਂ ਸੀ। ਆਸ਼ਰਮ ਦੇ ਡਾਇਰੈਕਟਰ ਨੇ ਕਾਗਜ਼ ਦੀ ਇਕ ਪਰਚੀ ਕੱਢੀ ਜਿਸ ਵਿਚ ਉਸ ਨੇ ਹਿਸਾਬ ਕਿਤਾਬ ਲਿਖਿਆ ਹੋਇਆ ਸੀ : ਮੌਤ ਦਾ ਸਰਟੀਫਿਕੇਟ ਲੈਣ ਲਈ ਪੰਜਾਹ ਰੁਪਏ, ਲੱਕੜ ਘਿਓ ਤੇ ਅਗਰਬੱਤੀ ਲਈ ਇਕ ਸੌ

ਪੰਜਾਹ ਰੁਪਏ, ਪੂਜਾ ਕਰਨ ਦੇ ਪੰਜਾਹ ਰੁਪਏ, ਪਿੱਤਲ ਦੇ ਬਰਤਨ ਦੇ ਪੰਜਾਹ ਰੁਪਏ। ਕੁੱਲ ਤਿੰਨ ਸੌ ਰੁਪਏ। ਉਹ ਕਹਿਣ ਲੱਗਾ, ''ਜੇ ਤੁਸੀਂ ਆਪਣੇ ਪਿਤਾ ਜੀ ਦਾ ਸਮਾਨ ਲੈ ਜਾਓ ਤਾਂ ਅਸੀਂ ਇਹ ਕਮਰਾ ਕਿਸੇ ਹੋਰ ਨੂੰ ਕਿਰਾਏ 'ਤੇ ਦੇ ਦੇਈਏ।'' ਉਹਨੇ ਇਹ ਗੱਲ ਸਪੱਸ਼ਟ ਸ਼ਬਦਾਂ ਵਿਚ ਕਹੀ। ਉਹ ਕਿਸ ਤਰ੍ਹਾਂ ਦਾ ਬੰਦਾ ਸੀ? ਮੈਨੂੰ ਚੇਤਾ ਆਇਆ ਕਿ ਇਸੇ ਨੇ ਹੀ ਪਿਤਾ ਜੀ ਦੀ ਮੌਤ ਬਾਰੇ ਪੋਸਟ ਕਾਰਡ ਭੇਜਿਆ ਸੀ। ਉਹ ਤਾਰ ਵੀ ਭੇਜ ਸਕਦਾ ਸੀ। ਪਰ ਉਹ ਕਿਸੇ ਐਸੇ ਬੰਦੇ 'ਤੇ ਖਰਚਾ ਕਿਉਂ ਕਰੇ ਜਿਹੜਾ ਸਿਰਫ ਕਿਰਾਏਦਾਰ ਮਾਤਰ ਸੀ? ਇਸ ਆਸ਼ਰਮ ਵਿਚ ਮੇਰੇ ਪਿਤਾ ਜੀ ਵਰਗੇ ਹੋਰ ਵੀ ਕਈ ਲੋਕ ਰਹਿੰਦੇ ਸਨ।

ਮੈਂ ਆਸ਼ਰਮ ਦੇ ਡਾਇਰੈਕਰ ਨੂੰ ਪੈਸੇ ਦਿੱਤੇ ਅਤੇ ਉਸ ਨੂੰ ਦੱਸਿਆ ਕਿ ਮੈਂ ਪਿਤਾ ਜੀ ਵਾਲੀ ਦਰ 'ਤੇ ਹੀ ਇਹ ਕਮਰਾ ਆਪਣੇ ਲਈ ਰੱਖਣਾ ਚਾਹਾਂਗਾ। ਉਨ੍ਹਾਂ ਦਾ ਸਮਾਨ ਛੇੜਿਆ ਨਹੀਂ ਜਾਏਗਾ। ਦਰਵਾਜ਼ਾ ਬੰਦ ਰਹੇਗਾ ਅਤੇ ਮੈਂ ਚਾਬੀ ਆਪਣੇ ਨਾਲ ਲੈ ਜਾਵਾਂਗਾ। ਇਸ ਗੱਲ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ। ਆਸ਼ਰਮ ਦੇ ਅਧਿਕਾਰੀਆਂ ਦੀ ਦਿਲਚਸਪੀ ਇਸ ਗੱਲ ਵਿਚ ਹੀ ਸੀ ਕਿ ਉਨ੍ਹਾਂ ਨੂੰ ਕਿਰਾਇਆ ਮਿਲਦਾ ਰਹੇ। ਉਹਦਾ ਡਾਇਰੈਕਟਰ ਤਾਲਾ ਅਤੇ ਚਾਬੀ ਲੈ ਕੇ ਆਇਆ ਅਤੇ ਦੋਵੇਂ ਮੈਨੂੰ ਫੜਾ ਦਿੱਤੇ।

ਹਰਦੁਆਰ ਵਿਚ ਘੋਨੇ ਮੋਨੇ ਸਿਰ ਬਹੁਤ ਦਿਖਾਈ ਦਿੰਦੇ ਹਨ। ਹਰ ਰੋਜ਼ ਹੀ ਸੈਂਕੜੇ ਲੋਕ ਆਪੋ ਆਪਣੇ ਮਾਪਿਆਂ ਦੀਆਂ ਅਸਥੀਆਂ ਲੈ ਕੇ ਗੰਗਾ ਵਿਚ ਪ੍ਰਵਾਹ ਕਰਨ ਲਈ ਆਉਂਦੇ ਹਨ। ਮੰਤਰ ਪੜ੍ਹਨ ਵਾਲੇ ਪਾਂਡਿਆਂ ਤੋਂ ਇਲਾਵਾ ਇਸ ਥਾਂ 'ਤੇ ਦੋ ਹੋਰ ਧੰਦੇ ਬਹੁਤ ਚੱਲਦੇ ਹਨ। ਇਨ੍ਹਾਂ 'ਚੋਂ ਇਕ ਧੰਦਾ ਅਸਥੀਆਂ 'ਚੋਂ ਮ੍ਰਿਤਕਾਂ ਦੇ ਸੋਨੇ ਜਾਂ ਚਾਂਦੀ ਦੇ ਦੰਦ ਲੱਭਣ ਦਾ ਹੈ। ਇਹ ਕੰਮ ਐਸੇ ਗਰੀਬ ਮੁੰਡਿਆਂ ਵੱਲੋਂ ਕੀਤਾ ਜਾਂਦਾ ਹੈ ਜਿਹੜੇ ਲੱਕ ਲੱਕ ਡੂੰਘੇ ਪਾਣੀ ਵਿਚ ਖੜ੍ਹ ਕੇ ਆਪਣੇ ਹੱਥ ਵਿਚ ਫੜੇ ਸ਼ੀਸ਼ਿਆਂ ਦੀ ਮਦਦ ਨਾਲ ਪਾਣੀ ਵਿਚ ਪਿਆ ਸਮਾਨ ਲੱਭਦੇ ਹਨ। ਫਿਰ ਉਹ ਆਪਣੇ ਪੈਰਾਂ ਨਾਲ ਅਸਥੀਆਂ ਨੂੰ ਟੋਲਦੇ ਹਨ ਅਤੇ ਜੇ ਉਨ੍ਹਾਂ ਨੂੰ ਕੋਈ ਸੋਨਾ ਜਾਂ ਚਾਂਦੀ ਲੱਭ ਜਾਵੇ ਤਾਂ ਡੁੱਬਕੀ ਮਾਰ ਕੇ ਉਹਨੂੰ ਕੱਢ ਲੈਂਦੇ ਹਨ। ਉਹ ਪਾਂਡਿਆਂ ਨਾਲ ਹਿੱਸੇਦਾਰੀ ਰੱਖ ਕੇ ਕੰਮ ਕਰਦੇ ਹਨ। ਪਾਂਡੇ ਵੀ ਇਹ ਕੋਸ਼ਿਸ਼ ਕਰਦੇ ਹਨ ਕਿ ਅਸਥੀਆਂ ਨੂੰ ਕਿਨਾਰੇ ਦੇ ਵੱਧ ਤੋਂ ਵੱਧ ਨੇੜੇ ਉਲਟਾਇਆ ਜਾਵੇ ਤਾਂ ਕਿ ਸੋਨੇ ਜਾਂ ਚਾਂਦੀ ਨੂੰ ਲੱਭਣ ਦਾ ਕੰਮ ਸੌਖਾ ਹੋ ਸਕੇ। ਇਸੇ ਕਾਰਨ ਹੀ ਮੈਂ ਪਾਂਡੇ ਨੂੰ ਆਪਣੇ ਪਿਤਾ ਦੀਆਂ ਅਸਥੀਆਂ ਵਾਲੇ ਬਰਤਨ ਨੂੰ ਹੱਥ ਨਹੀਂ ਸੀ ਲਗਾਉਣ ਦਿੱਤਾ ਅਤੇ ਇਹ ਅਸਥੀਆਂ ਦਰਿਆ ਵਿਚ ਇੰਨੀ ਦੂਰੀ 'ਤੇ ਉਲਟਾਈਆਂ ਸਨ ਕਿ ਇਨ੍ਹਾਂ ਨੂੰ ਕੋਈ ਪੈਰਾਂ ਹੇਠ ਨਾ ਮਧੋਲ ਸਕੇ। ਜੇ ਮੇਰੇ ਪਿਤਾ ਦੇ ਦੰਦਾਂ ਵਿਚ ਕੋਈ ਚਾਂਦੀ ਜਾਂ ਸੋਨਾ ਸੀ ਤਾਂ ਇਹ ਮਾਤਾ ਗੰਗਾ ਦੇ ਹਵਾਲੇ ਸੀ। ਹਰਦੁਆਰ ਦਾ ਦੂਜਾ ਧੰਦਾ ਟੋਪੀਆਂ ਦਾ ਧੰਦਾ ਹੈ। ਮਰਦਾਂ ਨੂੰ ਆਪਣੇ ਗੰਜੇ ਕੀਤੇ ਹੋਏ ਸਿਰ ਸ਼ੀਸ਼ਿਆਂ ਵਿਚ ਦੇਖਣੇ ਚੰਗੇ ਨਹੀਂ ਲੱਗਦੇ। ਇਸ ਲਈ ਉਹ ਆਪਣੇ ਇਸ ਗੰਜ ਨੂੰ ਲੁਕੋਣ ਲਈ ਟੋਪੀਆਂ ਖਰੀਦਦੇ ਹਨ। ਮੇਰੇ ਸਿਰ 'ਤੇ ਕਾਲੇ ਛਾਹ ਰੰਗ ਦੇ ਕੁੰਡਲਦਾਰ ਵਾਲ ਸਨ।

ਮਿਲਾਂ ਜੱਜ ਦੇ ਨਾਲ ਮੈਂ ਇਸਮ ਕਹਦਾ ਰਿਹਾ ਸਾਂ ਉਹ ਬੜੇ ਪਿਆਰ ਨਾਲ ਮੇਰੀਆਂ ਕੁੰਡਲਾਂ ਵਿਚ ਉਂਗਲਾਂ ਫੇਰਦੀਆਂ ਸਨ ਅਤੇ ਇਨ੍ਹਾਂ ਦੀ ਪ੍ਰਸ਼ੰਸਾ ਕਰਦੀਆਂ ਸਨ। ਉਹ ਅਕਸਰ ਇਹ ਕਹਿੰਦੀਆਂ, ''ਤੂੰ ਏਨਾ ਜਾਨਦਾਰ ਅਤੇ ਖ਼ੂਬਸੂਰਤ ਆਪਣੇ ਵਾਲਾਂ ਕਰਕੇ ਹੀ ਲੱਗਦਾ ਹੈਂ।'' ਮੋਹ ਇਨ੍ਹਾਂ ਵਾਲਾਂ ਨੂੰ ਮੁੜ ਉਸੇ ਸ਼ਾਨ ਤੱਕ ਪਹੁੰਚਣ ਲਈ ਕਈ ਦਿਨ ਲੱਗਣੇ ਸਨ। ਇਸ ਲਈ ਮੈਂ ਦੀ ਟੋਪੀਆਂ ਵਾਲੀ ਦੁਕਾਨ 'ਤੇ ਰੁਕਿਆ ਅਤੇ ਬਹੁਤ ਸਾਰੀਆਂ ਟੋਪੀਆਂ ਦੇਖਣ ਤੋਂ ਬਾਅਦ ਇਕ ਫ਼ਰਾਂਸੀਸੀ ਕਿਸਮ ਦੀ ਟੋਪੀ ਖਰੀਦ ਲਈ। ਇਸ ਨਾਲ ਮੇਰਾ ਸਾਰਾ ਸਿਰ ਢੱਕਿਆ ਗਿਆ ਅਤੇ ਮੇਰਾ ਸਿਰ ਨਿੱਘਾ ਹੋ ਗਿਆ।

ਮੈਂ ਇਕ ਹੋਰ ਰਾਤ ਪਿਤਾ ਜੀ ਦੇ ਕਮਰੇ 'ਚ ਬਿਤਾਈ ਅਤੇ ਉਨ੍ਹਾਂ ਦੀ ਮੰਜੀ 'ਤੇ ਹੀ ਸੁੱਤਾ। ਅਗਲੀ ਸਵੇਰ ਮੈਂ ਵਾਪਸ ਰਵਾਨਾ ਹੋਣਾ ਸੀ। ਮੇਰੇ ਪਿਤਾ ਜੀ ਦੀ ਮੌਤ ਦਾ ਦੁੱਖ ਸੋਨੂੰ ਦੇ ਖ਼ਿਲਾਫ਼ ਸਖਤ ਰੋਸ ਵਿਚ ਬਦਲ ਗਿਆ ਸੀ ।ਜਿਸ ਨੇ ਪਿਤਾ ਜੀ ਨਾਲ ਚੰਗਾ ਵਰਤਾਅ ਨਹੀਂ ਸੀ ਕੀਤਾ। ਮੈਂ ਉਸ ਨੂੰ ਮਾਫੀ ਨਹੀਂ ਸੀ ਦੇ ਸਕਦਾ। ਇਸ ਲਈ ਮੈਂ ਫੈਸਲਾ ਕੀਤਾ ਕਿ ਮੈਂ ਅਗਲਾ ਜੀਵਨ ਉਸੇ ਤਰ੍ਹਾਂ ਜੀਵਾਂਗਾ ਜਿਵੇਂ ਮੇਰੀ ਇੱਛਾ ਹੋਵੇਗੀ।

ਜਿਉਂ ਹੀ ਮੈਂ ਘਰ ਦਾਖਲ ਹੋਇਆ ਸੋਨੂੰ ਨੇ ਪਹਿਲੀ ਗੱਲ ਇਹੀ ਪੁੱਛੀ, ''ਇੰਨੇ ਦਿਨ ਕਿੱਥੇ ਰਿਹੈਂ? ਕਿਸੇ ਨੂੰ ਦੱਸ ਕੇ ਵੀ ਨਹੀਂ ਗਿਆ ਕਿ ਕਦੋਂ ਵਾਪਸ ਪਰਤਣਾ ਹੈ। ਇਹਦਾ ਮਤਲਬ ਹੈ ਕਿ ਸਾਡੀ ਤੈਨੂੰ ਕੋਈ ਪ੍ਰਵਾਹ ਨਹੀਂ।''

ਮੈਂ ਜਵਾਬ ਦਿੱਤਾ, ''ਮੈਂ ਹਰਦੁਆਰ ਗਿਆ ਸਾਂ। ਪੋਸਟ ਕਾਰਡ ਪਾ ਕੇ ਮੈਨੂੰ ਸੂਚਨਾ ਦਿੱਤੀ ਗਈ ਸੀ ਕਿ ਪਿਤਾ ਜੀ ਦੀ ਮੌਤ ਹੋ ਗਈ ਹੈ ਤੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ ਹੈ। ਮੈਂ ਗੰਗਾ ਵਿਚ ਉਨ੍ਹਾਂ ਦੀਆਂ ਅਸਥੀਆਂ ਪ੍ਰਵਾਹ ਕਰਨੀਆਂ ਸਨ।'' ਮੈਂ ਆਪਣੀ ਟੋਪੀ ਸਿਰ ਤੋਂ ਲਾਹੀ।

''ਓਹ, ਮੈਨੂੰ ਸੁਣ ਕੇ ਬੜਾ ਅਫਸੋਸ ਹੋਇਆ। ਮੈਨੂੰ ਸੱਚਮੁੱਚ ਬੜਾ ਅਫਸੋਸ ਹੈ।''

ਮੈਂ ਗੁੱਸੇ ਨਾਲ ਭੜਕ ਕੇ ਕਿਹਾ, ''ਤੈਨੂੰ ਅਫਸੋਸ ਕਿਉਂ ਹੋਣਾ ਚਾਹੀਦਾ ਹੈ? ਤੂੰ ਹੀ ਤਾਂ ਉਨ੍ਹਾਂ ਨੂੰ ਘਰੋਂ ਕੱਢਿਆ ਸੀ। ਹੁਣ ਉਹ ਤੈਨੂੰ ਪ੍ਰੇਸ਼ਾਨ ਨਹੀਂ ਕਰਨਗੇ।''

ਉਹ ਰੋਂਦੀ ਹੋਈ ਚੀਕੀ ਅਤੇ ਆਪਣੇ ਕਮਰੇ ਤੋਂ ਬਾਹਰ ਚਲੀ ਗਈ, ''ਤੇਰੀ ਇਹ ਗੱਲ ਬੜੀ ਜ਼ੁਲਮ ਵਾਲੀ ਹੈ। ਤੂੰ ਤਾਂ ਮੈਨੂੰ ਕਾਤਲ ਕਰਾਰ ਦੇ ਰਿਹਾਂ ਹੈਂ।'' ਮੈਂ ਕੁਰਸੀ 'ਤੇ ਢਹਿ ਪਿਆ ਤੇ ਰੋਣ ਲੱਗਾ। ਰਣਜੀਤ ਅਤੇ ਮੋਹਣੀ ਇਹ ਸਾਰਾ ਦ੍ਰਿਸ਼ ਦੇਖ ਰਹੇ ਸਨ ਤੇ ਮੈਨੂੰ ਆ ਚਿੰਬੜੇ। ਰਣਜੀਤ ਪੁੱਛਣ ਲੱਗਾ, ''ਪਾਪਾ ਕੀ ਹੋਇਆ ਹੈ? ਮੰਮੀ ਇੰਨੇ ਗੁੱਸੇ 'ਚ ਕਿਉਂ ਹੈ?''

''ਮੇਰੇ ਪਿਤਾ ਜੀ, ਤੁਹਾਡੇ ਦਾਦਾ, ਮਰ ਗਏ ਹਨ। ਤੁਸੀਂ ਹੁਣ ਉਨ੍ਹਾਂ ਨੂੰ ਮਿਲ ਨਹੀਂ ਸਕੋਗੇ।'' ਉਹ ਪੁੱਛਣ ਲੱਗਾ, ''ਕਿਉਂ? ਉਹ ਕਿੱਥੇ ਚਲੇ ਗਏ ਹਨ?''

''ਉਹ ਬੈਕੁੰਠ ਚਲੇ ਗਏ ਹਨ।''

''ਬੈਕੁੰਠ ਕਿੱਥੇ ਹੈ?''

ਮੈਂ ਜਵਾਬ ਦਿੱਤਾ, ''ਦੂਰ, ਬਹੁਤ ਦੂਰ, ਬੈਕੁੰਠ ਤੋਂ ਕੋਈ ਵਾਪਸ ਨਹੀਂ ਆਉਂਦਾ।''

ਰਣਜੀਤ ਨੇ ਜਵਾਬ ਦਿੱਤਾ, ''ਮੈਂ ਉਨ੍ਹਾਂ ਨੂੰ ਮਿਲਣ ਬੈਕੁੰਠ ਜਾਵਾਂਗਾ।'' ਉਹ ਹਾਲੇ ਇੰਨਾ ਛੋਟਾ ਸੀ ਕਿ ਉਸ ਨੂੰ ਮੌਤ ਦਾ ਕੋਈ ਪਤਾ ਨਹੀਂ ਸੀ। ਮੋਹਣੀ ਮਸਾਂ ਪੰਜ ਸਾਲ ਦੀ ਸੀ ਅਤੇ ਉਹਨੂੰ ਮੇਰੀ ਗੱਲ ਦੀ ਕੋਈ ਸਮਝ ਨਹੀਂ ਸੀ ਆ ਰਹੀ। ਮੈਂ ਦੋਹਾਂ ਨੂੰ ਆਪਣੀ ਗੋਦੀ ਵਿਚ ਚੁੱਕਿਆ। ਉਹ ਮੇਰੀ ਛਾਤੀ ਨਾਲ ਚਿਪਕ ਗਏ ਤੇ ਚੁੱਪ ਹੋ ਗਏ।

ਮੈਂ ਸੁਣਿਆ ਕਿ ਸੋਨੂੰ ਆਪਣੀ ਮਾਂ ਨੂੰ ਟੈਲੀਫੋਨ ਕਰਕੇ ਇਹ ਖ਼ਬਰ ਦੇ ਰਹੀ ਸੀ। ਉਹਨੇ ਬਿਮਲਾ ਸ਼ਰਮਾ ਨੂੰ ਵੀ ਟੈਲੀਫੋਨ ਕਰਕੇ ਕਿਹਾ ਕਿ ਉਹ ਦਫਤਰ ਦੇ ਸਟਾਫ ਨੂੰ ਦੱਸ ਦੇਵੇ ਕਿ ਕੱਲ੍ਹ ਤੋਂ ਪਹਿਲਾਂ ਕੋਈ ਘਰ ਟੈਲੀਫੋਨ ਨਾ ਕਰੇ, ਨਾ ਹੀ ਆਵੇ। ਉਸ ਦਾ ਕਹਿਣਾ ਸੀ ਕਿ ਮ੍ਰਿਤਕ ਦੇ ਸਤਿਕਾਰ 'ਚ ਦਫਤਰ ਬੰਦ ਰਹਿਣਾ ਚਾਹੀਦਾ ਹੈ।

ਉਸੇ ਦਿਨ ਸ਼ਾਮ ਨੂੰ ਹਾਏ ਬਹਾਦਰ ਅਚਿੰਤ ਰਾਮ, ਉਸ ਦੀ ਪਤਨੀ, ਉਨ੍ਹਾਂ ਦੇ ਬੱਚੇ, ਉਨ੍ਹਾਂ ਦੀਆਂ ਪਤਨੀਆਂ ਅਤੇ ਘਰੇਲੂ ਨੌਕਰ ਅਫਸੋਸ ਕਰਨ ਆਏ। ਮੈਂ ਆਪਣੇ ਲਈ ਸਕਾਚ ਦਾ ਪੈੱਗ ਤੇ ਸੋਡਾ ਪਾ ਕੇ ਹਟਿਆ ਸਾਂ। ਉਨ੍ਹਾਂ ਵਾਰੀ ਵਾਰੀ ਮੈਨੂੰ ਜੱਫੀ ਪਾਈ ਅਤੇ ਅਫਸੋਸ ਵਾਲੇ ਸ਼ਬਦ ਕਹੇ, ''ਬਹੁਤ ਅਫਸੋਸ ਹੋਇਆ।'' ਉਨ੍ਹਾਂ ਦੇ ਨੌਕਰਾਂ ਨੇ ਮੇਰੇ ਨੌਕਰਾਂ ਨਾਲ ਅਫਸੋਸ ਕੀਤਾ ਅਤੇ ਸਾਡੇ ਦੁਆਲੇ ਫਰਸ਼ 'ਤੇ ਹੀ ਬੈਠ ਗਏ। ਕੁਝ ਦੇਰ ਤੱਕ ਉਹ ਮੌਤ ਦੀ ਅਟੱਲਤਾ ਬਾਰੇ ਗੱਲਾਂ ਕਰਦੇ ਰਹੇ। ਰਾਏ ਬਹਾਦਰ ਕਹਿਣ ਲੱਗੇ, ''ਜਿਨ੍ਹਾਂ ਨੂੰ ਰੱਬ ਬਹੁਤ ਪਿਆਰ ਕਰਦਾ ਹੈ ਉਹੀ ਐਨੀ ਛੇਤੀ ਅਤੇ ਬਿਨਾਂ ਕਿਸੇ ਤਕਲੀਫ ਦੇ ਉਸ ਦੇ ਘਰ ਜਾਂਦੇ ਹਨ। ਮੈਨੂੰ ਡਰਾਈਵਰ ਨੇ ਦੱਸਿਆ ਹੈ ਕਿ ਤੁਹਾਡੇ ਸਤਿਕਾਰਯੋਗ ਪਿਤਾ ਜੀ ਦੀ ਸਿਹਤ ਬੜੀ ਚੰਗੀ ਸੀ ਅਤੇ ਮੌਤ ਤੋਂ ਪਹਿਲਾਂ ਉਹ ਚਾਹ ਦਾ ਕੱਪ ਪੀ ਕੇ ਹਟੇ ਸੀ। ਇਸ ਸੰਸਾਰ ਨੂੰ ਅਲਵਿਦਾ ਕਹਿਣ ਲਈ ਇਸ ਤੋਂ ਵਧੀਆ ਤਰੀਕਾ ਕਿਹੜਾ ਹੋ ਸਕਦਾ ਹੈ!'' ਮੈਂ ਆਪਣਾ ਸਿਰ ਹਿਲਾਇਆ ਅਤੇ ਵਿਸਕੀ ਦੇ ਗਿਲਾਸ 'ਚੋਂ ਘੁੱਟ ਭਰਿਆ।

ਰਾਏ ਬਹਾਦਰ ਨੇ ਫਿਰ ਪੁੱਛਿਆ, ''ਚੌਥਾ ਅਤੇ ਉਠਾਲਾ ਕਦੋਂ ਕਰਨਾ ਹੈ? ਅਸੀਂ 'ਦੀ ਹਿੰਦੋਸਤਾਨ ਟਾਈਮਜ਼' ਵਿਚ ਇਸ਼ਤਿਹਾਰ ਦੇ ਦਿਆਂਗੇ ਅਤੇ ਕੀਰਤਨ ਲਈ ਮਾਤਾ ਕਾਲੀ ਮੰਦਰ 'ਚ ਸਮਾਂ ਬੁਕ ਕਰ ਲਵਾਂਗੇ।''

ਮੈਂ ਸਕਾਚ ਦਾ ਇਕ ਹੋਰ ਘੁੱਟ ਭਰਦੇ ਹੋਏ ਕਿਹਾ, ''ਤਰੀਕ ਅਤੇ ਸਮੇਂ ਦਾ ਫੈਸਲਾ ਤੁਸੀਂ ਹੀ ਕਰ ਲਓ। ਮੈਨੂੰ ਇਨ੍ਹਾਂ ਧਾਰਮਿਕ ਰਸਮਾਂ ਬਾਰੇ ਕੁਝ ਨਹੀਂ ਪਤਾ।''

ਪਰਿਵਾਰ ਨੇ ਮੇਰੇ ਕੋਲ ਘੰਟਾ ਕੁ ਬਿਤਾਇਆ। ਜਦੋਂ ਉਹ ਰਵਾਨਾ ਹੋਏ ਉਦੋਂ ਤੱਕ ਮੈਂ ਸਕਾਚ ਦਾ ਤੀਜਾ ਗਿਲਾਸ ਪੀ ਰਿਹਾ ਸਾਂ। ਮੈਂ ਜਾਣਦਾ ਹਾਂ ਕਿ ਉਨ੍ਹਾਂ ਦੇ ਮੁਤਾਬਕ ਅਫਸੋਸ ਦੇ ਇਨ੍ਹਾਂ ਦਿਨਾਂ ਦੌਰਾਨ ਇਸ ਤਰ੍ਹਾਂ ਕਰਨਾ ਠੀਕ ਨਹੀਂ ਸੀ। ਪਰ ਮੈਂ ਇਸ ਗੱਲ ਦੀ ਪ੍ਰਵਾਹ ਨਹੀਂ ਸੀ ਕਰਦਾ ਕਿ ਉਹ ਕੀ ਸੋਚਦੇ ਸਨ। ਦੁੱਖ ਮੇਰਾ ਸੀ ਅਤੇ ਦੁੱਖ ਨੂੰ ਦੂਰ

ਕਰਨ ਦਾ ਤਰੀਕਾ ਵੀ ਮੇਰਾ ਆਪਣਾ। ਸੋਨੂੰ ਦੇ ਸਭ ਤੋਂ ਛੋਟੇ ਭਾਈ ਨੇ ਰਵਾਨਾ ਹੋਣ ਤੋਂ ਪਹਿਲਾਂ ਮੇਰੇ ਨਾਲ ਹੱਥ ਮਿਲਾਉਂਦੇ ਹੋਏ ਬੜੀ ਤਿੱਖੀ ਟਿੱਪਣੀ ਕੀਤੀ। ਉਹ ਨੇ ਮੇਰੇ ਹੱਥ 'ਚ ਫੜੇ ਵਿਸਕੀ ਦੇ ਗਿਲਾਸ ਵੱਲ ਵੇਖਿਆ ਤੇ ਕਿਹਾ, ''ਆਪਣੇ ਅਫਸੋਸ 'ਚ ਡੁੱਬਣ ਦਾ ਇਹ ਸਭ ਤੋਂ ਵਧੀਆ ਤਰੀਕਾ ਹੈ, ਬੌਸ।''

ਅਗਲੇ ਤਿੰਨ ਦਿਨਾਂ ਤੱਕ ਸਾਡੇ ਘਰ ਕੋਈ ਖਾਣਾ ਨਾ ਪੱਕਿਆ। ਇਹ ਖਾਣਾ ਅਚਿੰਤ ਰਾਮ ਦੇ ਪਰਿਵਾਰ ਵੱਲੋਂ ਆਉਂਦਾ ਰਿਹਾ। ਰਿਵਾਜ ਸੀ ਕਿ ਜਿਸ ਘਰ ਮੌਤ ਹੋਈ ਹੋਵੇ ਉਸ ਘਰ ਅੱਗ ਨਹੀਂ ਬਾਲੀ ਜਾਵੇਗੀ। 'ਦ ਹਿੰਦੋਸਤਾਨ ਟਾਈਮਜ਼' ਵਿਚ ਹਰਦੁਆਰ ਵਿਚ ਪਿਤਾ ਜੀ ਦੀ ਮੌਤ ਬਾਰੇ ਇਸ਼ਤਿਹਾਰ ਛਪਿਆ ਤੇ ਨਾਲ ਹੀ ਮਾਤਾ ਕਾ ਮੰਦਰ 'ਚ ਚੌਥੇ ਤੇ ਉਠਾਲੇ ਦੀ ਤਰੀਕ ਵੀ ਛਪੀ। 'ਦੁੱਖੀ ਹਿਰਦੇ' ਦੇ ਹੇਠਾਂ ਇਕ ਪਾਸੇ, ਮੇਰਾ, ਸੋਨੂ ਦਾ ਤੇ ਬੱਚਿਆਂ ਦਾ ਨਾਂ ਸੀ ਤੇ ਉਸ ਦੇ ਸਾਹਮਣੇ ਅਚਿੰਤ ਰਾਮ ਦੇ ਪਰਿਵਾਰ ਦੇ ਮੈਂਬਰਾਂ ਦੇ ਨਾਂ ਮੋਟੇ ਮੋਟੇ ਛਾਪੇ ਗਏ ਸਨ। ਸਵੇਰੇ ਤੋਂ ਲੈ ਕੇ ਸ਼ਾਮ ਤੱਕ ਅਫਸੋਸ ਕਰਨ ਲਈ ਲੋਕ ਮੇਰੇ ਕੋਲ ਆਉਂਦੇ ਰਹੇ। ਇਨ੍ਹਾਂ ਵਿਚ ਮੇਰੇ ਦਫਤਰ ਦਾ ਸਟਾਫ, ਦੋਸਤ, ਉਨ੍ਹਾਂ ਦੀਆਂ ਪਤਨੀਆਂ ਅਤੇ ਅਚਿੰਤ ਰਾਮ ਦੇ ਪਰਿਵਾਰ ਦੇ ਮੈਂਬਰ ਅਤੇ ਮਿੱਤਰ ਸ਼ਾਮਲ ਸਨ। ਅਸਾਂ ਭਾਰਤੀਆਂ ਨੇ ਸਮਾਂ ਬਰਬਾਦ ਕਰਨ ਵਾਲੇ ਕਿੰਨੇ ਜ਼ਿਆਦਾ ਰਸਮ ਰਿਵਾਜ਼ ਬਣਾ ਲਏ ਹਨ! ਭਾਵੇਂ ਮੈਂ ਇਨ੍ਹਾਂ ਦਿਨਾਂ ਦੌਰਾਨ ਦਫਤਰ ਨਹੀਂ ਸਾਂ ਗਿਆ ਫਿਰ ਵੀ ਮੈਂ ਬਿਮਲਾ ਸ਼ਰਮਾ ਨੂੰ ਕਹਿ ਦਿੱਤਾ ਸੀ ਕਿ ਬਾਕੀ ਦਾ ਸਾਰਾ ਸਟਾਫ ਸਮੇਂ ਸਿਰ ਕੰਮ 'ਤੇ ਆਵੇ ਅਤੇ ਹਰ ਸ਼ਾਮ ਮੈਨੂੰ ਨਾ ਸਿਰਫ ਕੰਮ ਦੀ ਰਿਪੋਰਟ ਵੀ ਦੇਵੇ ਸਗੋਂ ਆਉਂਦੀ ਹੋਈ ਆਪਣੇ ਨਾਲ ਮੇਰੀ ਡਾਕ ਵੀ ਲਈ ਆਵੇ। ਹਰ ਸ਼ਾਮ ਨੂੰ ਅੱਧਾ ਘੰਟਾ ਮੈਂ ਆਪਣੇ ਪੜ੍ਹਨ ਕਮਰੇ 'ਚ ਬੈਠ ਕੇ ਚਿੱਠੀਆਂ ਦੇ ਜਵਾਬ ਲਿਖਾਉਂਦਾ।

ਮਾਤਾ ਕਾ ਮੰਦਰ 'ਚ ਕੀਤੀ ਗਈ ਪ੍ਰਾਰਥਨਾ ਸਭਾ ਤੋਂ ਬਾਅਦ ਲੋਕਾਂ ਦਾ ਆਉਣਾ ਜਾਣਾ ਇਕਦਮ ਬੰਦ ਹੋ ਗਿਆ। ਘਰ ਵਿਚ ਉਦਾਸੀ ਛਾ ਗਈ। ਬੱਚੇ ਅਤੇ ਨੌਕਰ ਧੀਮੀ ਅਵਾਜ਼ ਵਿਚ ਗੱਲ ਕਰਦੇ। ਮੈਂ ਅਤੇ ਸੋਨੂੰ ਨੇ ਆਪਸ ਵਿਚ ਦੂਰੀ ਕਾਇਮ ਰੱਖੀ, ਕਿਉਂਕਿ ਸਾਨੂੰ ਪਤਾ ਸੀ ਕਿ ਜਦੋਂ ਵੀ ਟਕਰਾਅ ਹੋਇਆ ਬੜਾ ਜ਼ਬਰਦਸਤ ਹੋਏਗਾ। ਉਹ ਮੇਰੀ ਇਸ ਗੱਲ ਤੋਂ ਦੁਖੀ ਸੀ ਕਿ ਉਸ ਨੇ ਹੀ ਮੇਰੇ ਪਿਤਾ ਨੂੰ ਘਰੋਂ ਬਾਹਰ ਕੱਢਿਆ ਸੀ। ਉਹ ਇਸ ਤਰ੍ਹਾਂ ਦੀ ਗੱਲ ਨੂੰ, ਭਾਵੇਂ ਉਹ ਦੁੱਖ ਵਿਚ ਹੀ ਕਹੀ ਗਈ ਹੋਵੇ, ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸੀ। ਇਕ ਦਿਨ ਉਹ ਮੇਰੇ ਨਾਲ ਹਿਸਾਬ ਬਰਾਬਰ ਕਰੇਗੀ ਹੀ। ਇਸ ਦੇ ਉਲਟ ਮੇਰਾ ਸੁਭਾਅ ਐਸਾ ਨਹੀਂ ਸੀ ਕਿ ਮੈਂ ਅਮਨ, ਸ਼ਾਂਤੀ ਦੇ ਲਈ ਮਾਫੀ ਮੰਗ ਲਵਾਂ। ਅਸੀਂ ਇਕ ਦੂਜੇ ਨਾਲ ਲੜਾਈ ਕਰਨ ਲਈ, ਇਕ ਦੂਜੇ ਦੇ ਖਿਲਾਫ ਅਸਲਾ ਇਕੱਠਾ ਕਰ ਰਹੇ ਸਾਂ। ਮੈਂ ਪਹਿਲੀ ਗੋਲੀ ਦਾਗਣ ਤੋਂ ਝਿਜਕ ਰਿਹਾ ਸਾਂ। ਉਹ ਟਕਰਾਅ ਸ਼ੁਰੂ ਕਰਨ ਲਈ ਵਾਜਿਬ ਸਮੇਂ ਦੀ ਭਾਲ ਕਰ ਰਹੀ ਸੀ।

ਅਸਾਂ ਇਕ ਦੂਜੇ ਨਾਲ ਗੱਲਬਾਤ ਕਰਨੀ ਬੰਦ ਕਰ ਦਿੱਤੀ। ਮੈਂ ਦਫਤਰ ਤੋਂ ਸਿੱਧਾ

ਕਲੱਬ ਚਲਾ ਜਾਂਦਾ ਅਤੇ ਘਰ ਦੇਰੀ ਨਾਲ ਪਰਤਦਾ। ਉਦੋਂ ਤੱਕ ਸੋਨੂੰ ਅਤੇ ਬੱਚਿਆਂ ਨੇ ਰੋਟੀ ਖਾ ਲਈ ਹੁੰਦੀ ਤੇ ਸੌਣ ਚਲੇ ਗਏ ਹੁੰਦੇ। ਮੈਂ ਰਾਤ ਦਾ ਖਾਣਾ ਇਕੱਲਾ ਹੀ ਖਾਂਦਾ। ਇਸ ਤੋਂ ਬਿਨਾਂ ਮੈਂ ਹੇਠਲੀ ਮੰਜ਼ਿਲ 'ਤੇ ਸੌਣਾ ਸ਼ੁਰੂ ਕਰ ਦਿੱਤਾ ਸੀ। ਸਵੇਰ ਦੀ ਚਾਹ ਮੈਨੂ ਇੱਥੇ ਹੀ ਦਿੱਤੀ ਜਾਂਦੀ। ਮੈਂ ਹੇਠਾਂ ਹੀ ਨਹਾਉਂਦਾ ਤੇ ਕੱਪੜੇ ਪਾਉਂਦਾ। ਰਣਜੀਤ ਅਤੇ ਮੋਹਣੀ ਸਵੇਰੇ ਸਵੇਰੇ ਮਨੂੰ ਮਿਲਣ ਆਉਂਦੇ। ਜਦੋਂ ਮੈਂ ਸਵੇਰ ਦੇ ਅਖ਼ਬਾਰ ਪਲਟ ਰਿਹਾ ਹੁੰਦਾ ਅਤੇ ਸਿਗਾਰ ਪੀ ਰਿਹਾ ਹੁੰਦਾ ਤਾਂ ਉਹ ਕੁਝ ਸਮਾਂ ਮੇਰੇ ਨਾਲ ਗੱਲਾਂ ਕਰਦੇ। ਮੈਂ ਨਾਸ਼ਤਾ ਕਰਨਾ ਬੰਦ ਕਰ ਦਿੱਤਾ ਸੀ ਕਿਉਂਕਿ ਇਸ ਨਾਲ ਸੋਨੂੰ ਨੂੰ ਸਵਾਲ ਕਰਨ ਦਾ ਮੌਕਾ ਮਿਲ ਜਾਣਾ ਸੀ। ਅਸਾਂ ਦੋਵਾਂ ਨੇ ਮਹਿਸੂਸ ਕੀਤਾ ਕਿ ਟਕਰਾਓ ਹੁਣ ਹੋਰ ਨਜ਼ਦੀਕ ਆ ਰਿਹਾ ਹੈ।

ਸੋਨੂੰ ਚੁੱਪ ਚਾਪ ਇਸ ਗੱਲ ਦੀ ਉਡੀਕ ਕਰਦੀ ਰਹੀ ਕਿ ਮੇਰੇ ਪਿਤਾ ਦੀ ਮੌਤ ਨੂੰ ਕੁਝ ਦਿਨ ਬੀਤ ਜਾਣ ਤਾਂ ਹੀ ਮੇਰੇ ਨਾਲ ਹਿਸਾਬ ਬਰਾਬਰ ਕਰੇਗੀ। ਸ਼ੋਕ ਦੀਆਂ ਰਸਮਾਂ ਖਤਮ ਹੋਣ ਦੇ ਇਕ ਮਹੀਨਾ ਮਗਰੋਂ ਉਹਨੇ ਮੈਨੂੰ ਬੇਅਰੇ ਰਾਹੀਂ ਇਕ ਲਿਖਤੀ ਪਰਚੀ ਭੇਜੀ। ਇਹ ਪਰਚੀ ਬੇਅਰਾ ਸਵੇਰੇ ਦੀ ਚਾਹ ਦੇ ਨਾਲ ਹੀ ਲੈ ਕੇ ਆਇਆ। ਇਸ 'ਤੇ ਲਿਖਿਆ ਹੋਇਆ ਸੀ : ''ਮੈਂ ਤੁਹਾਡੇ ਨਾਲ ਕੁਝ ਵਿਚਾਰ ਕਰਨੀ ਹੈ-ਅੱਜ ਹੀ। ਅੱਜ ਸ਼ਾਮ ਨੂੰ ਟਾਈਮ ਸਿਰ ਘਰ ਆ ਜਾਣਾ- ਸੋਨੂੰ।''

ਮੈਂ ਵੀ ਹੁਣ ਇਸ ਦਿਨ ਨੂੰ ਹੋਰ ਨਹੀਂ ਸਾਂ ਟਾਲ ਸਕਦਾ। ਮੈਂ ਦਫਤਰ ਤੋਂ ਸਿੱਧਾ ਹੀ ਘਰ ਆਇਆ। ਮੈਂ ਆਪਣੀਆਂ ਦਲੀਲਾਂ ਵੀ ਪੱਕੀਆਂ ਕੀਤੀਆਂ ਹੋਈਆਂ ਸਨ ਅਤੇ ਸ਼ਾਂਤ ਰਹਿ ਕੇ ਆਪਣੀ ਗੱਲ 'ਤੇ ਅੜੇ ਰਹਿਣ ਦਾ ਨਿਸ਼ਚਾ ਵੀ ਕੀਤਾ ਹੋਇਆ ਸੀ। ਫਿਰ ਵੀ ਮੈਂ ਕਾਫੀ ਤਣਾਅ ਵਿਚ ਸਾਂ।

ਮੈਂ ਉੱਪਰਲੀ ਮੰਜ਼ਿਲ 'ਤੇ ਗਿਆ ਅਤੇ ਆਪਣੀ ਕੁਰਸੀ 'ਤੇ ਬੈਠ ਗਿਆ। ਸੋਨੂੰ ਆਪਣੇ ਸੌਣ ਕਮਰੇ 'ਚੋਂ ਬਾਹਰ ਆਈ ਤੇ ਆਇਆ ਨੂੰ ਕਿਹਾ ਕਿ ਬੱਚਿਆਂ ਨੂੰ ਬਾਗ ਵਿਚ ਖਿਡਾਉਣ ਲੈ ਜਾਵੇ।

ਹਮਲਾ ਉਸੇ ਨੇ ਸ਼ੁਰੂ ਕੀਤਾ। ਉਹ ਪੁੱਛਣ ਲੱਗੀ, ''ਕੀ ਆਪਣੀ ਪਤਨੀ ਨਾਲ ਇਸ ਤਰ੍ਹਾਂ ਵਿਵਹਾਰ ਕਰਨਾ ਠੀਕ ਹੈ?''

ਮੈਂ ਆਪਣੇ ਸਿਰ 'ਤੇ ਉੱਗ ਰਹੇ ਨਵੇਂ ਵਾਲਾਂ 'ਤੇ ਹੱਥ ਫੇਰਿਆ ਪਰ ਜਵਾਬ ਨਾ ਦਿੱਤਾ।

ਉਸ ਨੇ ਦੂਜਾ ਗੋਲਾ ਦਾਗਦੇ ਹੋਏ ਕਿਹਾ, ''ਤੂੰ ਮੈਨੂੰ ਨਫਰਤ ਕਰਦਾ ਏਂ, ਹੈਂ ਨਾ?''

ਮੈਂ ਸ਼ਾਂਤੀ ਨਾਲ ਜਵਾਬ ਦਿੱਤਾ, ''ਮੈਂ ਕਿਸੇ ਨੂੰ ਨਫਰਤ ਨਹੀਂ ਕਰਦਾ।''

''ਤਾਂ ਤੂੰ ਫਿਰ ਮੇਰੇ 'ਤੇ ਇਹ ਦੋਸ਼ ਕਿਉਂ ਲਾਇਆ ਕਿ ਮੈਂ ਤੇਰੇ ਪਿਓ ਨੂੰ ਘਰੋਂ ਬਾਹਰ ਕੱਢਿਆ ਸੀ? ਜਵਾਬ ਦੇ। ਤੈਨੂੰ ਪਤਾ ਹੈ ਕਿ ਇਸ ਦੋਸ਼ 'ਚ ਕੋਈ ਸੱਚਾਈ ਨਹੀਂ ਹੈ।

ਉਹ ਆਪਣੀ ਮਰਜ਼ੀ ਨਾਲ ਗਿਆ ਸੀ। ਤੂੰ ਇਹ ਗੱਲ ਇਸ ਕਰਕੇ ਕਹੀ ਸੀ ਕਿ ਤੂੰ ਮੈਨੂੰ ਦੁਖੀ ਕਰਨਾ ਚਾਹੁੰਦਾ ਸੀ। ਇਹ ਸੱਚ ਹੈ ਕਿ ਨਹੀਂ?''

ਮੈਂ ਆਪਣੇ ਸ਼ਬਦਾਂ 'ਚੋਂ ਗੁੱਸੇ ਨੂੰ ਦੂਰ ਰੱਖਣ ਦੀ ਕੋਸ਼ਿਸ਼ ਕਰਦੇ ਹੋਏ ਜਵਾਬ ਦਿੱਤਾ, ''ਇਹ ਸੱਚ ਨਹੀਂ। ਤੂੰ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੀ ਕਿ ਤੂੰ ਮੇਰੇ ਪਿਤਾ-ਜਿਸ ਨੂੰ ਤੂੰ ਬੁੜ੍ਹਾ ਕਹਿੰਦੀ ਸੈਂ- ਨੂੰ ਇਸ ਤਰ੍ਹਾਂ ਜਚਾ ਦਿੱਤਾ ਸੀ ਕਿ ਉਹ ਇਸ ਘਰ ਵਿਚ ਪਸੰਦ ਨਹੀਂ ਕੀਤੇ ਜਾਂਦੇ। ਉਹ ਸਵੈਮਾਨ ਵਾਲੇ ਸਨ। ਇਸ ਲਈ ਉਨ੍ਹਾਂ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਬਾਹਰ ਹੀ ਰਹਿਣਾ ਚਾਹੀਦਾ ਹੈ। ਇਸ ਧਰਤੀ 'ਤੇ ਮੇਰੇ ਇਕੋ ਇਕ ਸਬੰਧੀ ਨਾਲ ਤੇਰੇ ਇਸ ਵਤੀਰੇ ਨੂੰ ਮੈਂ ਕਿਵੇਂ ਭੁੱਲ ਸਕਦਾ ਹਾਂ!''

''ਜਿੱਥੋਂ ਤੱਕ ਮੇਰਾ ਸਬੰਧ ਹੈ, ਮੈਂ ਤਾਂ ਕਦੇ ਕੋਈ ਠੀਕ ਗੱਲ ਕੀਤੀ ਹੀ ਨਹੀਂ। ਮੈਂ ਤਾਂ ਸਦਾ ਹੀ ਗ਼ਲਤ ਹੁੰਦੀ ਹਾਂ!''

''ਮੈਂ ਇਹ ਗੱਲ ਤਾਂ ਨਹੀਂ ਕਹੀ। ਮੇਰੇ ਮੂੰਹ 'ਚ ਗ਼ਲਤ ਸ਼ਬਦ ਨਾ ਪਾ।''

''ਤੈਨੂੰ ਲੱਗਦਾ ਕਿ ਮੈਂ ਕੁੱਤੀ ਹਾਂ! ਤੂੰ ਮੈਨੂੰ ਆਪਣੇ ਰਸਤੇ ਤੋਂ ਬਾਹਰ ਕੱਢਣਾ ਚਾਹੁੰਦਾ ਹੈਂ ਤਾਂ ਕਿ ਤੂੰ ਹੋਰ ਔਰਤਾਂ ਨਾਲ ਸੌਣਾ ਸ਼ੁਰੂ ਕਰ ਸਕੇਂ,'' ਉਹ ਨੇ ਇਹ ਗੱਲ ਤਿੱਖੀ ਅਵਾਜ਼ ਵਿਚ ਕਹੀ।

''ਜ਼ੁਬਾਨ ਬੰਦ ਕਰ।''

''ਮੈਂ ਮੂੰਹ ਬੰਦ ਨਹੀਂ ਰੱਖਾਂਗੀ। ਮੈਂ ਹੁਣੇ ਹੀ ਇਸ ਮਾਮਲੇ ਨੂੰ ਨਿਬੇੜ ਦੇਣਾ ਹੈ।''

ਮੈਂ ਜਵਾਬ ਦਿੱਤਾ, ''ਜਿੰਦਾ ਮਰਜ਼ੀ ਕਰ। ਮੈਂ ਹੋਰ ਕੁਝ ਨਹੀਂ ਕਹਿਣਾ।'' ਉਹ ਕੁਝ ਪਲਾਂ ਤੱਕ ਮੇਰੇ ਵੱਲ ਝਾਕਦੀ ਰਹੀ ਅਤੇ ਫਿਰ ਗੁੱਸੇ ਨਾਲ ਆਪਣੇ ਸੌਣ ਕਮਰੇ 'ਚ ਚਲੇ ਗਈ। ਮੈਂ ਹੇਠਾਂ ਆਪਣੇ ਪੜ੍ਹਨ ਕਮਰੇ 'ਚ ਚਲਾ ਗਿਆ ਤੇ ਬੇਅਰੇ ਨੂੰ ਕਿਹਾ ਕਿ ਮੇਰੀ ਸਕਾਚ ਅਤੇ ਖਾਣਾ ਹੇਠਾਂ ਹੀ ਲੈ ਆਵੇ। ਮੈਂ ਮਹਿਸੂਸ ਕੀਤਾ ਕਿ ਪਹਿਲੇ ਗੇੜ ਵਿਚ ਮੈਂ ਜੇਤੂ ਰਿਹਾ ਸਾਂ।

ਦੂਜੇ ਗੇੜ ਦੀ ਲੜਾਈ ਅਗਲੇ ਦਿਨ ਹੀ ਲੜੀ ਗਈ।

ਸੋਨੂੰ ਨੇ ਫਿਰ ਹਮਲਾ ਸ਼ੁਰੂ ਕੀਤਾ। ਉਹ ਕਹਿਣ ਲੱਗੀ, ''ਮੈਂ ਇਸ ਮਾਮਲੇ ਬਾਰੇ ਵਿਚਾਰ ਕੀਤੀ ਹੈ। ਮੈਂ ਸੋਚਦੀ ਹਾਂ ਕਿ ਸਾਨੂੰ ਅਲੱਗ ਰਹਿਣਾ ਚਾਹੀਦਾ ਹੈ।''

''ਜੇ ਤੂੰ ਇਹੀ ਚਾਹੁੰਦੀ ਹੈਂ ਤਾਂ ਇਹੀ ਸਹੀ। ਜੇ ਤੂੰ ਚਾਹੁੰਦੀ ਹੈਂ ਮੈਂ ਘਰੋਂ ਜਾਵਾਂ, ਮੈਂ ਜਿੰਨੀ ਜਲਦੀ ਹੋ ਸਕੇ, ਚਲਾ ਜਾਵਾਂਗਾ। ਜੇ ਤੂੰ ਆਪਣੇ ਮਾਪਿਆਂ ਕੋਲ ਜਾਣਾ ਚਾਹੁੰਦੀ ਹੈਂ ਤਾਂ ਤੂੰ ਜਾ ਸਕਦੀ ਹੈਂ।''

''ਤੂੰ ਮੈਥੋਂ ਖਹਿੜਾ ਛੁਡਾਉਣ ਲਈ ਕਾਹਲਾ ਲੱਗਦਾ ਹੈਂ।''

''ਇਹ ਮਸ਼ਵਰਾ ਤੇਰਾ ਹੈ ਮੇਰਾ ਨਹੀਂ।''

''ਤੂੰ ਹਰ ਵਾਰੀ ਹੀ ਮੇਰੀ ਗ਼ਲਤੀ ਕੱਢਦਾ ਹੈਂ।''

ਇਸ ਤਰ੍ਹਾਂ ਦੀ ਬਹਿਸ ਅੱਧੇ ਘੰਟੇ ਤੱਕ ਚੱਲਦੀ ਰਹੀ ਅਤੇ ਇਸ ਦਾ ਅੰਤ ਵੀ ਪਹਿਲਾਂ ਵਾਂਗ ਹੀ ਹੋਇਆ। ਉਹ ਆਪਣੇ ਕਮਰੇ 'ਚ ਚਲੇ ਗਈ ਅਤੇ ਮੈਂ ਆਪਣੇ ਪੜ੍ਹਨ ਕਮਰੇ 'ਚ ਜਾ ਕੇ ਸ਼ਰਾਬ ਪੀਣ ਲੱਗਾ ਅਤੇ ਫਿਰ ਮੁਕਾਬਲਤਨ ਅਮਨ ਭਰੇ ਮਾਹੌਲ ਵਿਚ ਖਾਣਾ ਖਾਧਾ।

ਮੈਂ ਸੋਚਿਆ ਕਿ ਦੂਜੇ ਗੇੜ 'ਚ ਵੀ ਮੈਂ ਹੀ ਜਿੱਤ ਗਿਆ ਸਾਂ।

ਅਸੀਂ ਆਪੋ ਆਪਣੀਆਂ ਕਿਲ੍ਹੇਬੰਦੀਆਂ ਵਿਚ ਦੋ ਹਫਤੇ ਤੱਕ ਮਸਰੂਫ ਰਹੇ। ਠੰਡੀ ਜੰਗ ਦਿਨੋਂ ਦਿਨ ਹੋਰ ਠੰਡੀ ਹੁੰਦੀ ਗਈ। ਇਕ ਦਿਨ ਮੈਂ ਦਫਤਰ ਨਹੀਂ ਸੀ ਜਾਣਾ ਅਤੇ ਘਰ ਬੈਠਾ ਚੈਨ ਨਾਲ ਟੀ ਵੀ ਦੇਖ ਰਿਹਾ ਸਾਂ ਕਿ ਸੋਨੂੰ ਇਕਦਮ ਅੰਦਰ ਆਈ। ਉਹਨੇ ਟੀ ਵੀ ਬੰਦ ਕੀਤਾ ਅਤੇ ਮੇਰੇ ਸਾਹਮਣੇ ਆ ਖੜ੍ਹੀ ਹੋਈ। ਉਹਦਾ ਚੇਹਰਾ ਗੁੱਸੇ ਨਾਲ ਭਖਿਆ ਪਿਆ ਸੀ। ਉਹ ਕਹਿਣ ਲੱਗੀ, ''ਕਿੰਨੇ ਦਿਨ ਹੋ ਗਏ ਹਨ ਕਿ ਤੈਨੂੰ ਘਰ ਵਿਚ ਮੇਰੀ ਹੋਂਦ ਦਾ ਪਤਾ ਹੀ ਨਹੀਂ ਹੈ। ਜਿਵੇਂ ਮੈਂ ਕੋਈ ਹੋਵਾਂ ਹੀ ਨਾ। ਉਹ ਰੰਡੀ ਮਰੀਣਾਲ ਤੇਰਾ ਬਹੁਤ ਧਿਆਨ ਰੱਖਦੀ ਹੈ, ਰੱਖਦੀ ਹੈ ਕਿ ਨਹੀਂ? ਤਾਂ ਫਿਰ ਤੈਨੂੰ ਪਤਨੀ ਕਾਹਦੇ ਲਈ ਚਾਹੀਦੀ ਹੈ!''

ਮੈਂ ਟੀ ਵੀ ਚਾਲੂ ਕਰਨ ਲਈ ਆਪਣਾ ਹੱਥ ਵਧਾਉਂਦੇ ਹੋਏ ਕਿਹਾ, ''ਰੱਬ ਦੇ ਵਾਸਤੇ ਚੁੱਪ ਕਰ ਜਾ, ਤੂੰ ਮੈਨੂੰ ਟੀ ਵੀ ਦੇਖਣ ਦੇ।'' ਉਹਨੇ ਮੇਰੇ ਹੱਥ ਦੇ ਪਿਛਲੇ ਪਾਸੇ ਆਪਣਾ ਹੱਥ ਮਾਰਿਆ ਤੇ ਚਿੱਲਾਈ, ''ਤੂੰ ਇਸ ਤਰ੍ਹਾਂ ਨਹੀਂ ਕਰ ਸਕੇਂਗਾ। ਮੈਂ ਤੈਨੂੰ ਸਿਖਾਵਾਂਗੀ ਕਿ ਭੱਦਰ ਪੁਰਸ਼ਾਂ ਵਾਂਗ ਕਿਵੇਂ ਵਿਵਹਾਰ ਕੀਤਾ ਜਾਂਦਾ ਹੈ। ਤੂੰ ਗੰਦਾ ਬੰਦਾ ਹੈਂ!''

ਮੈਨੂੰ ਗੁੱਸਾ ਆ ਗਿਆ ਅਤੇ ਮੈਂ ਉਹਦੇ ਚਪੇੜ ਕੱਢ ਮਾਰੀ। ਇਸ ਤੋਂ ਪਹਿਲਾਂ ਮੈਂ ਕਦੇ ਵੀ ਹਿੰਸਾ 'ਤੇ ਨਹੀਂ ਸਾਂ ਉਤਰਿਆ। ਉਹ ਇਕਦਮ ਹੈਰਾਨ ਰਹਿ ਗਈ। ਉਹਨੇ ਆਪਣੇ ਦੰਦ ਮੀਚ ਲਏ ਅਤੇ ਗੁੱਸੇ ਤੇ ਅਪਮਾਨ ਨਾਲ ਕੰਬਦੀ ਹੋਈ ਕਹਿਣ ਲੱਗੀ, ''ਤੇਰੀ ਮੇਰੇ 'ਤੇ ਹੱਥ ਚੁੱਕਣ ਦੀ ਹਿੰਮਤ ਕਿਵੇਂ ਪਈ? ਮੈਂ ਤੈਨੂੰ ਐਸਾ ਸਬਕ ਸਿਖਾਵਾਂਗੀ ਕਿ ਤੂੰ ਜ਼ਿੰਦਗੀ ਭਰ ਨਹੀਂ ਭੁੱਲ ਸਕੇਂਗਾ।''

ਮੈਂ ਜਾਣਦਾ ਸਾਂ ਕਿ ਮੈਂ ਤੀਜਾ ਗੇੜ ਹਾਰ ਗਿਆ ਸਾਂ ਅਤੇ ਇਸ ਦੇ ਨਾਲ ਹੀ ਲੜਾਈ ਵੀ।

ਇਸੇ ਦਿਨ ਹੀ ਉਸ ਨੇ ਮਾਮਲਾ ਪੁਲਿਸ ਨੂੰ ਦੇ ਦਿੱਤਾ ਅਤੇ ਇਸ ਤਰ੍ਹਾਂ ਨਾਲ ਤੇਰਾਂ ਸਾਲ ਤੋਂ ਚੱਲ ਰਹੀ ਸਾਡੀ ਧੂੰਆਂਧਾਰ ਸ਼ਾਦੀ ਦਾ ਅੰਤ ਹੋ ਗਿਆ।

ਜਦੋਂ ਮੈਂ ਥਾਣੇ ਤੋਂ ਵਾਪਸ ਪਰਤਿਆ ਤਾਂ ਉਹ ਬੱਚਿਆਂ ਨੂੰ ਲੈ ਕੇ ਆਪਣੇ ਮਾਪਿਆਂ ਕੋਲ ਜਾ ਚੁੱਕੀ ਸੀ। ਮੈਂ ਉਹਨੂੰ ਮਿਲਣ ਜਾਣ ਜਾਂ ਟੈਲੀਫੋਨ ਕਰਨ ਦੀ ਚਿੰਤਾ ਨਾ ਕੀਤੀ। ਉਹ ਮਹੀਨੇ ਕੁ ਬਾਅਦ ਵਾਪਸ ਪਰਤ ਆਈ। ਮੈਂ ਉਹਨੂੰ ਨਜ਼ਰਅੰਦਾਜ਼ ਕਰ ਦਿੱਤਾ। ਜਦੋਂ

ਮੈਂ ਬੱਚਿਆਂ ਨੂੰ ਜੱਫੀਆਂ ਪਾ ਰਿਹਾ ਸੀ ਅਤੇ ਚੁੰਮ ਰਿਹਾ ਸੀ ਤਾਂ ਉਹ ਕਹਿਣ ਲੱਗੀ ਕਿ ਮੈਨੂੰ ਇਸ ਤਰ੍ਹਾਂ ਕਰਨ ਦਾ ਕੋਈ ਹੱਕ ਨਹੀਂ। ਮੈਂ ਚੁੱਪ ਰਿਹਾ। ਉਸ ਕਿਹਾ, ''ਤੈਨੂੰ ਕੋਈ ਹੱਕ ਨਹੀਂ ਹੈ। ਤੈਨੂੰ ਇਕ ਵਾਰੀ ਵੀ ਚੇਤਾ ਨਹੀਂ ਆਇਆ ਕਿ ਤੂੰ ਇਨ੍ਹਾਂ ਬੱਚਿਆਂ ਨੂੰ ਅਤੇ ਉਹਦੀ ਮਾਂ ਨੂੰ ਲੈਣ ਆਵੇਂ।'' ਮੈਂ ਉਹਦੇ ਵੱਲ ਸਿੱਧਾ ਝਾਕ ਕੇ ਕਿਹਾ, ''ਹਾਂ ਮੈਂ ਨਹੀਂ ਲੈਣ ਆਇਆ। ਮੈਂ ਬੱਚਿਆਂ ਨੂੰ ਪਿਆਰ ਕਰਦਾ ਹਾਂ ਪਰ ਤੇਰੇ ਬਿਨਾਂ ਰਹਿ ਕੇ ਮੈਂ ਬੜਾ ਖੁਸ਼ ਹਾਂ।'' ਉਸ ਉੱਚੀ ਅਵਾਜ਼ ਵਿਚ ਕਿਹਾ, ''ਹਰਾਮਜ਼ਾਦੇ! ਮੈਂ ਇਹ ਜਾਣਦੀ ਹਾਂ। ਪਰ ਜੇ ਤੂੰ ਇਹ ਚਾਹੁੰਦਾਂ ਕਿ ਤੈਨੂੰ ਇਸ ਘਰ ਵਿਚ ਰੰਡੀਆਂ ਲਿਆਉਣ ਦੀ ਅਜ਼ਾਦੀ ਮਿਲ ਜਾਵੇ ਤਾਂ ਤੂੰ ਬੱਚਿਆਂ ਨੂੰ ਆਪਣੇ ਕੋਲ ਨਹੀਂ ਰੱਖ ਸਕਦਾ।''

ਬੜੇ ਮੁਸ਼ਕਲ ਦਿਨ ਸਨ ਪਰ ਕੁਝ ਮਹੀਨੇ ਤੱਕ ਹੋਰ ਲੜਦੇ ਰਹਿਣ ਤੋਂ ਬਾਅਦ ਮੈਂ ਹਥਿਆਰ ਸੁੱਟ ਦਿੱਤੇ। ਮੈਂ ਉਹਨੂੰ ਕਿਹਾ ਕਿ ਮੈਨੂੰ ਤਲਾਕ ਚਾਹੀਦਾ ਹੈ ਅਤੇ ਬੱਚਿਆਂ ਨੂੰ ਉਹ ਆਪਣੇ ਕੋਲ ਰੱਖ ਸਕਦੀ ਹੈਂ। ਦੋ ਦਿਨਾਂ ਮਗਰੋਂ ਹੀ ਉਹ ਬੱਚਿਆਂ ਦੇ ਨਾਲ ਨਾਲ ਤਿੰਨ ਸੂਟਕੇਸਾਂ ਵਿਚ ਆਪਣਾ ਸਮਾਨ ਭਰ ਕੇ ਰਵਾਨਾ ਹੋ ਗਈ।

# ਮੌਲੀ ਗੋਮਜ਼

ਸੋਨੂੰ ਦੇ ਬੱਚਿਆਂ ਨੂੰ ਨਾਲ ਲੈ ਕੇ ਜਾਣ ਤੋਂ ਬਾਅਦ ਮੈਂ ਬੜਾ ਇਕੱਲਾ ਅਤੇ ਬੇਦਿਲ ਜਿਹਾ ਸਾਂ। ਉਸ ਤੋਂ ਬਾਅਦ ਹੀ ਮੈਂ ਔਰਤਾਂ ਦੇ ਸਾਥ ਲਈ ਇਸਤਿਹਾਰ ਦਿੱਤਾ ਸੀ। ਇਹ ਬੜਾ ਵੱਖਰੀ ਤਰ੍ਹਾਂ ਦਾ ਫੈਸਲਾ ਸੀ ਪਰ ਮੈਨੂੰ ਖੁਸ਼ੀ ਹੈ ਕਿ ਮੈਂ ਇਹ ਫੈਸਲਾ ਲਿਆ ਕਿਉਂਕਿ ਇਸ ਨਾਲ ਮੈਨੂੰ ਬਹੁਤ ਸਾਰੀਆਂ ਖੁਸ਼ੀਆਂ ਮਿਲੀਆਂ। ਮੇਰੇ ਲੇਖਕ ਦੋਸਤ ਨੇ ਮੇਰੀ ਪਹਿਲੀ ਸਾਥਣ ਸਰੋਜਨੀ ਭਾਰਦਵਾਜ ਬਾਰੇ ਪਹਿਲਾਂ ਹੀ ਲਿਖ ਦਿੱਤਾ ਹੈ। ਉਸ ਵਿਚ ਮੈਂ ਹੋਰ ਕੁਝ ਨਹੀਂ ਜੋੜ ਸਕਦਾ। ਉਸ ਨੇ ਉਹ ਸਾਰਾ ਕੁਝ ਲਿਖ ਦਿੱਤਾ ਹੈ ਜੋ ਕੁਝ ਮੈਂ ਉਹਨੂੰ ਦੱਸਿਆ ਸੀ।

ਸਰੋਜਨੀ ਦੇ ਜਾਣ ਤੋਂ ਬਾਅਦ ਮਿਰਚ ਪੈਨ ਖਲੀ ਸੀ। ਜਦੋਂ ਵੀ ਮੈਨੂੰ ਲੋੜ ਹੁੰਦੀ ਉਹ ਮੇਰੀ ਚੰਗੀ ਸੇਵਾ ਕਰਦੀ ਸੀ। ਪਰ ਇਹ ਮੇਰਾ ਸਾਥ ਨਹੀਂ ਸੀ। ਅਸੀਂ ਕਦੇ ਵੀ ਦੋ ਸ਼ਬਦਾਂ ਤੋਂ ਵੱਧ ਕੋਈ ਗੱਲ ਨਾ ਕਰਦੇ। ਜਦੋਂ ਮੈਨੂੰ ਸਾਥ ਚਾਹੁੰਦਾ ਤਾਂ ਮੈਂ ਉਹ ਨੂੰ ਕਹਿੰਦਾ 'ਚਲੋ'। ਉਹ ਭੱਜ ਵਾਂਗ ਮੇਰੇ ਮਕਾਨ ਮੇਰੇ ਕਮਰੇ 'ਚ ਆ ਜਾਂਦੀ, ਸਲਵਾਰ ਕਮੀਜ਼ ਲਾਹੁੰਦੀ ਤੇ ਬਿਸਤਰੇ 'ਤੇ ਲੰਮੀ ਪੈ ਜਾਂਦੀ। ਮੈਂ ਆਪਣੀ ਮੈਨਜਮੈਂਟ ਕਰਦਾ। ਉਹ ਅਖੀਰ ਵਿਚ ''ਬਸ, ਸਾਹਬ ਤਸੱਲੀ ਹੋ ਗਈ'' ਕਹਿੰਦੀ ਆਪਣੇ ਆਪ ਨੂੰ ਸਾਫ਼ ਕਰਦੀ, ਪੈਸੇ ਲੈਂਦੀ ਤੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਚਲੀ ਜਾਂਦੀ। ਜਿੰਨੀ ਦੇਰ ਤੱਕ ਪੈਨ ਮੌਜੂਦ ਸੀ ਉਨੀ ਦੇਰ ਤੱਕ ਮੈਂ ਕਿਸੇ ਔਰਤ ਨੂੰ ਨਹੀਂ ਸਾਂ ਲਿਆ ਸਕਦਾ। ਮੇਰੇ ਕੋਲ ਉਹਨੂੰ ਨੌਕਰੀ ਤੋਂ ਕੱਢਣ ਦਾ ਵੀ ਕੋਈ ਬਹਾਨਾ ਨਹੀਂ ਸੀ ਪਰ ਉਹ ਮੇਰੀ ਜ਼ਿੰਦਗੀ 'ਚੋਂ ਅਚਨਚੇਤ ਹੀ ਬਾਹਰ ਨਿਕਲ ਗਈ।

ਇਕ ਸ਼ਾਮ ਜਦੋਂ ਮੈਂ ਦਫਤਰ ਤੋਂ ਵਾਪਸ ਪਰਤਿਆ ਤਾਂ ਮੈਂ ਦੇਖਿਆ ਕਿ ਲੇਡੀ ਪੁਲਿਸ ਅਤੇ ਇਕ ਮਰਦ ਸਬ ਇੰਸਪੈਕਟਰ ਮੇਰੇ ਘਰਦੇ ਬਾਗ 'ਚ ਬੈਠੇ ਸਨ। ਉਨ੍ਹਾਂ ਬਾਗ 'ਚ ਆਪਣੇ ਲਈ ਕੁਰਸੀਆਂ ਡਹਾ ਲਈਆਂ ਸਨ। ਉਨ੍ਹਾਂ ਦੇ ਵਿਚਕਾਰ ਜ਼ਮੀਨ 'ਤੇ ਇਕ ਔਰਤ ਬੈਠੀ ਸੀ ਜਿਸ ਨੇ ਆਪਣਾ ਸਿਰ ਆਪਣੇ ਗੋਡਿਆਂ ਵਿਚ ਲਿਆ ਹੋਇਆ ਸੀ। ਜਿਉਂ ਹੀ ਮੈਂ ਅੰਦਰ ਦਾਖਲ ਹੋਇਆ, ਸਬ ਇੰਸਪੈਕਟਰ ਅਤੇ ਪੁਲਿਸ ਦੀਆਂ ਸਪੈਹਿਣਾਂ ਖੜ੍ਹੇ ਹੋ ਗਏ। ਬੇਅਰੇ ਨੇ ਮੇਰੇ ਲਈ ਵੀ ਕੁਰਸੀ ਲੈ ਆਂਦੀ। ਮੈਂ ਪੁੱਛਿਆ, ''ਇਹ ਸਾਰਾ ਕੁਝ ਕੀ ਹੋ ਰਿਹਾ ਹੈ?'' ਸਬ ਇੰਸਪੈਕਟਰ ਕਹਿਣ ਲੱਗਾ, ''ਜਨਾਬ ਜਿਨ੍ਹਾਂ ਦੋ ਘਰਾਂ ਵਿਚ ਇਹ ਔਰਤ ਕੰਮ ਕਰਦੀ ਸੀ, ਉੱਥੇ ਚੋਰੀਆਂ ਹੋਣ ਦੀ ਸ਼ਿਕਾਇਤ ਥਾਣੇ ਵਿਚ ਲਿਖਾਈ ਗਈ ਹੈ। ਅਸੀਂ ਇਹਦੇ ਕਮਰੇ 'ਚ ਛਾਪਾ ਮਾਰਿਆ ਅਤੇ ਬਹੁਤ ਸਾਰੀਆਂ ਚੋਰੀ ਦੀਆਂ ਚੀਜ਼ਾਂ ਬਰਾਮਦ ਕੀਤੀਆਂ ਹਨ। ਚੱਲ ਉੱਠ, ਸਾਹਬ ਨੂੰ ਆਪਣਾ ਮੂੰਹ ਦਿਖਾ।''

ਔਰਤ ਉੱਠ ਖੜ੍ਹੀ ਹੋਈ ਅਤੇ ਉਹਨੇ ਆਪਣਾ ਚਿਹਰਾ ਨੰਗਾ ਕੀਤਾ।

ਇਹ ਧੰਨੋ ਸੀ।

''ਜਨਾਬ ਇਹ ਔਰਤ ਤੁਹਾਡੇ ਘਰ ਦੇ ਫਰਸ਼ ਵੀ ਸਾਫ਼ ਕਰਦੀ ਸੀ। ਤੁਸੀਂ ਇਸ ਨੂੰ ਜਾਣਦੇ ਹੋ?''

''ਹਾਂ। ਇਹ ਜਮਾਂਦਾਰਨੀ ਹੈ। ਇਹ ਦਿਨ ਵਿਚ ਦੋ ਵਾਰੀ ਬਾਥਰੂਮ ਅਤੇ ਫਰਸ਼ ਸਾਫ਼ ਕਰਨ ਆਉਂਦੀ ਹੈ। ਇਹਦਾ ਨਾਂ ਧੰਨੋ ਹੈ।''

''ਕੀ ਤੁਹਾਡੇ ਘਰ ਵਿਚੋਂ ਵੀ ਕੋਈ ਸਮਾਨ ਚੋਰੀ ਹੋਇਆ ਹੈ? ਈਸ਼ਵਰੀ, ਬੈਗ ਖੋਲ੍ਹ ਕੇ ਸਾਹਬ ਨੂੰ ਦਿਖਾਓ ਕਿ ਕਿਹੜੀਆਂ ਚੀਜ਼ਾਂ ਐਸੀਆਂ ਹਨ ਜਿਹੜੀਆਂ ਹੋਰ ਸ਼ਿਕਾਇਤ ਕਰਨ ਵਾਲਿਆਂ ਨੇ ਨਹੀਂ ਪਛਾਣੀਆਂ।''

ਇਕ ਸਪੈਹਿਣ ਨੇ ਬੈਗ 'ਚੋਂ ਕੱਢ ਕੇ ਫਰਾਂਸੀਸੀ ਸੈਂਟ ਦੀਆਂ ਕਈ ਬੋਤਲਾਂ ਅਤੇ ਨੇਲ ਪਾਲਿਸ਼, ਸੋਨੇ ਦੇ ਬੂੰਦੇ, ਦੋ ਜੋੜੇ ਜਨਾਨਾ ਜੁੱਤੀਆਂ, ਦੋ ਸਾੜੀਆਂ, ਦੋ ਸਲਵਾਰ ਕਮੀਜ਼ਾਂ ਅਤੇ ਕਾਰਟੀਅਰ ਦਾ ਸੋਨੇ ਦਾ ਪੈੱਨ ਬਾਹਰ ਕੱਢਿਆ। ਮੈਨੂੰ ਚੇਤਾ ਆ ਗਿਆ ਕਿ ਇਹ ਪੈੱਨ ਮੈਂ ਕਿਸੇ ਥਾਂ 'ਤੇ ਰੱਖ ਕੇ ਭੁੱਲ ਗਿਆ ਸਾਂ। ਬਾਕੀ ਸਾਰੀਆਂ ਚੀਜ਼ਾਂ ਸੋਨੂੰ ਦੀਆਂ ਸਨ। ਉਹਦੇ ਕੋਲ ਏਨਾ ਸਮਾਨ ਇਕੱਠਾ ਹੋਇਆ ਪਿਆ ਸੀ ਕਿ ਕਿਸੇ ਚੀਜ਼ ਦੇ ਚੋਰੀ ਹੋਣ ਦਾ ਉਹਨੂੰ ਪਤਾ ਵੀ ਨਹੀਂ ਸੀ ਲੱਗਦਾ।

ਮੈਂ ਲਾਨ ਵਿਚ ਖਿਲਾਰੇ ਗਏ ਸਮਾਨ ਵੱਲ ਦੇਖਿਆ ਅਤੇ ਜਵਾਬ ਦਿੱਤਾ, ''ਸਬ ਇੰਸਪੈਕਟਰ ਸਾਹਿਬ ਮੈਨੂੰ ਨਹੀਂ ਲੱਗਦਾ ਇਨ੍ਹਾਂ ਵਿਚੋਂ ਕੋਈ ਸਮਾਨ ਸਾਡੇ ਘਰ ਦਾ ਹੈ। ਮੈਨੂੰ ਇਸ ਔਰਤ ਬਾਰੇ ਸਿਰਫ਼ ਇੰਨਾ ਹੀ ਪਤਾ ਹੈ ਕਿ ਇਹ ਬੜੀ ਈਮਾਨਦਾਰ ਹੈ ਅਤੇ ਆਪਣਾ ਕੰਮ ਬੜੀ ਚੰਗੀ ਤਰ੍ਹਾਂ ਕਰਦੀ ਹੈ। ਮੈਨੂੰ ਇਹਦੇ ਖਿਲਾਫ ਕੋਈ ਸ਼ਿਕਾਇਤ ਨਹੀਂ।''

ਇਕ ਸਪੈਹਿਣ ਤੁਰੰਤ ਬੋਲੀ, ''ਈਮਾਨਦਾਰ ਤੇ ਸਾਫ਼ ਤਾਂ ਇਹ ਹੈ ਨਹੀਂ। ਸਾਨੂੰ ਇਸ ਤਰ੍ਹਾਂ ਦੀਆਂ ਕਈ ਸ਼ਿਕਾਇਤਾਂ ਮਿਲੀਆਂ ਹਨ ਕਿ ਇਸ ਇਲਾਕੇ ਵਿਚ ਧੰਦਾ ਵੀ ਕਰਦੀ ਰਹੀ ਹੈ-ਇਸ ਦੇ ਟਰੰਕ ਵਿਚੋਂ ਕਾਫੀ ਨਕਦੀ ਮਿਲੀ ਹੈ।''

ਮੈਂ ਅਗਿਆਨਤਾ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ, ''ਧੰਦਾ! ਕਾਹਦਾ ਧੰਦਾ?''

ਸਪੈਹਿਣ ਨੇ ਫਿਰ ਦੱਸਿਆ, ''ਧੰਦਾ ਜਨਾਬ। ਇਹ ਚੋਰ ਵੀ ਹੈ ਤੇ ਰੰਡੀ ਵੀ।''

ਮੈਂ ਜਵਾਬ ਦਿੱਤਾ, ''ਮੈਨੂੰ ਇਹਦੇ ਬਾਰੇ ਕੋਈ ਪਤਾ ਨਹੀਂ ਹੈ। ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਇਹਨੇ ਇਸ ਮਕਾਨ ਤੋਂ ਕੁਝ ਚੋਰੀ ਨਹੀਂ ਕੀਤਾ ਤੇ ਬੜੀ ਮਿਹਨਤ ਨਾਲ ਕੰਮ ਕਰਦੀ ਰਹੀ ਹੈ। ਜੇ ਤੁਸੀਂ ਚਾਹੋ ਤਾਂ ਮੈਂ ਇਸ ਨੂੰ ਵਧੀਆ ਚਰਿੱਤਰ ਦਾ ਸਰਟੀਫਿਕੇਟ ਵੀ ਦੇ ਸਕਦਾ ਹਾਂ। ਮੈਂ ਤਾਂ ਤੁਹਾਨੂੰ ਸਲਾਹ ਦੇਵਾਂਗਾ ਕਿ ਇਸ ਘਰ ਵਿਚੋਂ ਚੋਰੀ ਦਾ ਦੋਸ਼ ਸ਼ਿਕਾਇਤ 'ਚੋਂ ਕੱਢ ਦਿਓ।''

ਧੰਨੋ ਰੋਣ ਲੱਗੀ ਪਈ। ਉਹਨੇ ਮੇਰੇ ਪੈਰ ਫੜੇ ਅਤੇ ਕਹਿਣ ਲੱਗੀ, ''ਸਾਹਬ ਮੈਨੂੰ

ਪੁਲਿਸ ਤੋਂ ਬਚਾ ਲਵੋ। ਜੇ ਇਨ੍ਹਾਂ ਮੈਨੂੰ ਜੇਲ੍ਹ ਭੇਜ ਦਿੱਤਾ ਤਾਂ ਮੇਰੇ ਬੱਚੇ ਭੁੱਖੇ ਮਰ ਜਾਣਗੇ। ਉਨ੍ਹਾਂ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ।''

ਸਬ ਇੰਸਪੈਕਟਰ ਦਹਾੜਿਆ, ''ਇਹ ਗੱਲ ਤਾਂ ਲੋਕਾਂ ਦੇ ਘਰੇ ਚੋਰੀ ਕਰਨ ਅਤੇ ਧੰਦਾ ਕਰਨ ਤੋਂ ਪਹਿਲਾਂ ਤੈਨੂੰ ਸੋਚਣੀ ਚਾਹੀਦੀ ਸੀ।''

ਮੈਂ ਧੰਨੋ ਦੇ ਸਿਰ 'ਤੇ ਆਪਣਾ ਹੱਥ ਰੱਖਿਆ ਤੇ ਉਹਨੂੰ ਵਿਸ਼ਵਾਸ ਦਿਵਾਇਆ, ''ਤੇਰੇ ਬੱਚਿਆਂ ਨੂੰ ਮੇਰੇ ਨੌਕਰ ਖਾਣਾ ਖੁਆਉਂਦੇ ਰਹਿਣਗੇ। ਉਨ੍ਹਾਂ ਬਾਰੇ ਚਿੰਤਾ ਨਾ ਕਰ। ਜੇ ਤੈਨੂੰ ਵਕੀਲ ਚਾਹੀਦਾ ਹੈ ਤਾਂ ਆਪਣੇ ਪਤੀ ਨੂੰ ਕਹਿਣਾ ਕਿ ਮੈਨੂੰ ਮਿਲੇ। ਮੈਂ ਵਕੀਲ ਦਾ ਬੰਦੋਬਸਤ ਕਰ ਦਿਆਂਗਾ। ਜੇ ਮੈਜਿਸਟ੍ਰੇਟ ਨੂੰ ਤੇਰੀ ਗਵਾਹੀ ਦੇਣ ਦੀ ਲੋੜ ਪਵੇ ਤਾਂ ਤੂੰ ਮੇਰਾ ਨਾਂ ਲੈ ਦੇਵੀਂ।''

ਪੁਲਿਸ ਨੇ ਧੰਨੋ ਨੂੰ ਆਪਣੀ ਗੱਡੀ ਵਿਚ ਬੈਠਾਇਆ ਤੇ ਉਹਨੂੰ ਲੈ ਗਈ। ਉਸ ਤੋਂ ਬਾਅਦ ਮੈਂ ਉਸ ਨੂੰ ਨਹੀਂ ਦੇਖਿਆ। ਕੁਝ ਦਿਨ ਬੱਚੇ ਖਾਣਾ ਖਾਣ ਰਸੋਈ ਵਿਚ ਆਉਂਦੇ ਰਹੇ। ਉਸ ਤੋਂ ਬਾਅਦ ਉਹ ਲਾਪਤਾ ਹੋ ਗਏ। ਉਨ੍ਹਾਂ ਬੱਚਿਆਂ ਦਾ ਪਿਤਾ ਇਹ ਘੁਸਰ ਮੁਸਰ ਬਰਦਾਸ਼ਤ ਨਹੀਂ ਸੀ ਕਰ ਸਕਿਆ ਕਿ ਉਹਦੀ ਪਤਨੀ ਨਾ ਸਿਰਫ ਚੋਰ ਸੀ ਸਗੋਂ ਪੈਸਿਆਂ ਬਦਲੇ ਆਪਣਾ ਸਰੀਰ ਵੀ ਵੇਚਦੀ ਸੀ। ਉਹ ਕਿਸੇ ਹੋਰ ਮੁਹੱਲੇ ਵਿਚ ਜਾ ਕੇ ਰਹਿਣ ਲੱਗਾ।

ਧੰਨੋ ਦਾ ਵਕੀਲ ਕਰਨ ਦੇ ਸਬੰਧ 'ਚ ਮੇਰੇ ਨਾਲ ਕਿਸੇ ਨੇ ਗੱਲ ਨਾ ਕੀਤੀ। ਚੋਰੀ ਦੇ ਦੋਸ਼ ਤੋਂ ਬਚਾਉਣ ਲਈ ਉਸ ਕੋਲ ਕੋਈ ਨਹੀਂ ਸੀ। ਪੁਲਿਸ ਨੇ ਧੰਦੇ ਦਾ ਦੋਸ਼ ਹਟਾ ਦਿੱਤਾ ਸੀ। ਉਹਨੂੰ ਇਕ ਸਾਲ ਕੈਦ ਦੀ ਸਜ਼ਾ ਹੋ ਗਈ। ਉਹ ਮੁੜ ਮੈਨੂੰ ਕਦੇ ਨਾ ਮਿਲਣ ਆਈ। ਮੈਨੂੰ ਸੋਨੇ ਦੇ ਪੈੱਨ ਦੇ ਗੁੰਮਣ ਦਾ ਅਫਸੋਸ ਸੀ ਅਤੇ ਮੈਨੂੰ ਪੱਕਾ ਵਿਸ਼ਵਾਸ ਹੈ ਕਿ ਇਹ ਪੈੱਨ ਸਬ ਇੰਸਪੈਕਟਰ ਨੇ ਆਪਣੇ ਕੋਲ ਰੱਖ ਲਿਆ ਸੀ। ਸੋਨੇ ਦਾ ਸਮਾਨ ਸਪੈਹਿਣਾਂ ਨੇ ਰੱਖ ਲਿਆ ਹੋਣਾ ਹੈ। ਮੈਨੂੰ ਪੰਦਰਾਂ ਹਜ਼ਾਰ ਰੁਪਏ ਦਾ ਇਕ ਨਵਾਂ ਪੈੱਨ ਖਰੀਦਣਾ ਪਿਆ ਸੀ।

*******

ਇਕ ਵਾਰ ਫੇਰ ਮੈਂ ਇਕੱਲਾ ਰਹਿ ਗਿਆ ਸੀ। ਰਸੋਈਏ ਨੇ ਇਕ ਬੁੱਢੀ ਜਮਾਦਾਰਨੀ ਲੱਭ ਲਈ। ਇਹ ਕਾਣੀ ਵਿਧਵਾ ਸੀ ਅਤੇ ਝਾੜੂ ਪੋਚਾ ਅਤੇ ਸਫ਼ਾਈ ਕਰਦੀ ਸੀ। ਮੈਨੂੰ ਹੁਣ ਕਿਸੇ ਆਰਜ਼ੀ ਸਾਥ ਦੀ ਲੋੜ ਸੀ। ਮੈਂ ਚਿੱਠੀਆਂ ਤੇ ਤਸਵੀਰਾਂ ਦਾ ਪੁਲੰਦਾ ਬਾਹਰ ਕੱਢ ਲਿਆ। ਇਹ ਤਸਵੀਰਾਂ ਮੇਰੀ ਪੇਸ਼ਕਸ਼ ਦੇ ਜਵਾਬ ਵਿਚ ਔਰਤਾਂ ਵੱਲੋਂ ਭੇਜੀਆਂ ਗਈਆਂ ਸਨ।

ਮੈਂ ਵਾਰ ਵਾਰ ਇਨ੍ਹਾਂ ਤਸਵੀਰਾਂ ਅਤੇ ਖ਼ਤਾਂ ਨੂੰ ਵਾਚਿਆ। ਮੈਂ ਸਹੀ ਮਾਅਨਿਆਂ ਵਿਚ ਕਾਹਦੀ ਭਾਲ ਕਰ ਰਿਹਾ ਸਾਂ! ਸਭ ਤੋਂ ਉੱਤੇ ਤਾਂ ਨਿਸ਼ਚੇ ਹੀ ਸਹਿਵਾਸ ਸੀ। ਮੈਂ ਇਸ ਤੋਂ ਕਦੇ ਵੀ ਨਹੀਂ ਸਾਂ ਅੱਕਦਾ। ਹੁਣ ਮੇਰੇ ਲਈ ਇਕ ਵਾਰੀ ਕਰਨਾ ਕਾਫੀ ਨਹੀਂ ਸੀ ਹੁੰਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਔਰਤਾਂ ਨੇ ਮੇਰੇ ਇਸ਼ਤਿਹਾਰ ਦੇ ਜਵਾਬ ਵਿਚ ਚਿੱਠੀਆਂ ਪਾਈਆਂ ਸਨ ਉਹ ਮੇਰੇ ਨਾਲ ਸਰੀਰਕ ਸਬੰਧ ਕਾਇਮ ਕਰਨ ਲਈ ਤਿਆਰ ਹੋਣਗੀਆਂ। ਮੈਂ ਚਾਹੁੰਦਾ ਸਾਂ ਕਿ ਇਹ ਸਬੰਧ ਭਰਪੂਰ ਲੈਣ ਦੇਣ ਦੇ ਹੋਣ ਅਤੇ ਉਹ ਵੀ ਖੁੱਲ੍ਹੇ ਵਿਚ : ਦਿਨੇਂ ਸੂਰਜ ਦੀ ਰੋਸ਼ਨੀ ਵਿਚ, ਚੰਨ ਚਾਨਣੀ ਵਿਚ, ਤਾਰਿਆਂ ਦੀ ਛਾਵੇਂ। ਹੋਰ ਕੀ? ਔਰਤ ਖੁਸ਼ਮਿਜਾਜ਼ ਹੋਵੇ ਜਿਹੜੀ ਨਾ ਤਾਂ ਮੂੰਹ ਵੱਟ ਕੇ ਬੈਠੇ ਅਤੇ ਨਾ ਹੀ ਜ਼ੁਬਾਨਦਰਾਜੀ ਕਰੇ। ਇਸ ਦਾ ਪਰਾਗਾ ਮੈਨੂੰ ਪਹਿਲਾਂ ਹੀ ਕਾਫੀ ਮਿਲ ਚੁੱਕਾ ਹੈ। ਇਸ ਦੇ ਬਿਨਾਂ ਔਰਤ ਮੇਰੇ 'ਤੇ ਕਿਸੇ ਤਰ੍ਹਾਂ ਦਾ ਅਧਿਕਾਰ ਨਾ ਰੱਖਦੀ ਹੋਵੇ। ਇਹ ਗੱਲ ਵੀ ਮਹੱਤਵਪੂਰਨ ਹੈ ਕਿ ਉਹ ਜ਼ਿੰਦਗੀ ਦੀਆਂ ਚੰਗੀਆਂ ਚੀਜ਼ਾਂ ਵਿਚ ਦਿਲਚਸਪੀ ਰੱਖਦੀ ਹੋਵੇ, ਜਿਵੇਂ ਕਿ ਚੰਗਾ ਖਾਣਾ, ਚੰਗੀ ਸ਼ਰਾਬ, ਸੰਗੀਤ ਅਤੇ ਕਲਾ। ਕਿਉਂਕਿ ਮੈਂ ਬਹੁਤਾ ਪੜ੍ਹਦਾ ਨਹੀਂ ਸਾਂ ਇਸ ਕਰਕੇ ਮੈਨੂੰ ਸਾਹਿਤ ਦੀ ਬਹੁਤੀ ਸਮਝ ਨਹੀਂ ਸੀ।

ਸਾਰੀਆਂ ਤਸਵੀਰਾਂ ਦੀ ਪੜਤਾਲ ਕਰਨ ਤੋਂ ਬਾਅਦ ਮੈਂ ਗੋਆ ਦੀ ਮੋਲੀ ਗੋਮਜ਼ ਦੀ ਚੋਣ ਕੀਤੀ। ਇਹ ਫੈਸਲਾ ਕਰਨ 'ਚ ਮੇਰੀ ਮਦਦ ਇਸ ਗੱਲ ਨੇ ਕੀਤੀ ਕਿ ਮੇਰੀ ਤਸਵੀਰ ਭੇਜੇ ਜਾਣ ਤੋਂ ਬਾਅਦ ਆਏ ਖ਼ਤਾਂ ਵਿਚੋਂ ਦੂਜਾ ਖ਼ਤ ਉਹਦਾ ਸੀ। ਇਸ ਵਿਚ ਲਿਖਿਆ ਹੋਇਆ ਸੀ :

*''ਹਾਏ ਹੈਂਡਸਮ! ਮੈਂ ਮੋਲੀ ਗੋਮਜ਼ ਫਿਰ ਲਿਖਦੀ ਹਾਂ। ਤੂੰ ਮੇਰੇ ਬਾਰੇ ਹੋਰ ਜਾਨਣਾ ਚਾਹੁੰਦਾ ਸੈਂ। ਇਹ ਇਸ ਤਰ੍ਹਾਂ ਹੈ। ਮੈਂ ਇਕ ਟ੍ਰੇਂਡ ਨਰਸ ਹਾਂ ਅਤੇ ਫਿਜੀਓਥਰੈਪੀ ਵਿਚ ਮਾਹਰ ਹਾਂ। ਮੈਂ ਉਨ੍ਹਾਂ ਲੋਕਾਂ ਦਾ ਮਾਲਿਸ਼ ਰਾਹੀਂ ਇਲਾਜ ਕਰਦੀ ਹਾਂ ਜਿਨ੍ਹਾਂ ਨੂੰ ਅਧਰੰਗ ਦੀ ਮਾਰ ਹੋਈ ਹੋਵੇ ਜਾਂ ਫਿਰ ਕੋਈ ਹੋਰ ਅੰਗ ਮਾਰਿਆ ਗਿਆ ਹੋਵੇ। ਟੂਰਿਸਟ ਸੀਜ਼ਨ ਦੌਰਾਨ ਪੰਜ ਤਾਰਾ ਹੋਟਲਾਂ ਵਿਚ ਮੇਰੀ ਬਹੁਤ ਮੰਗ ਰਹਿੰਦੀ ਹੈ। ਇਕ ਵਾਰ ਮੈਂ ਇਕ ਵਿਦੇਸ਼ੀ ਨਾਲ ਸ਼ਾਦੀ ਕਰਵਾਈ ਸੀ। ਉਹ ਬੜਾ ਨਿਕੰਮਾ ਆਦਮੀ ਸੀ। ਬਸ ਉਹ ਹਰ ਰੋਜ਼ ਮਾਲਿਸ਼ ਦੀ ਮੰਗ ਕਰਦਾ ਸੀ। ਇਸ ਲਈ ਕੁਝ ਦਿਨਾਂ ਮਗਰੋਂ ਹੀ ਮੈਂ ਉਹਨੂੰ ਛੱਡ ਦਿੱਤਾ। ਅਜਿਹੇ ਬੰਦੇ 'ਤੇ ਛੋਟੀ ਜਿਹੀ ਜ਼ਿੰਦਗੀ ਬਰਬਾਦ ਕਰਨ ਦਾ ਕੀ ਲਾਭ ਜਿਹੜਾ ਬਿਲਕੁਲ ਨਿਕੰਮਾ ਹੋਵੇ। ਕੀ ਤੂੰ ਸਹਿਮਤ ਨਹੀਂ ਹੈ? ਮੈਂ ਕੋਂਕਨੀ (KONKAN), ਇੰਗਲਿਸ਼ ਅਤੇ ਪੁਰਤਗੀਜ਼ੀ ਬੋਲ ਸਕਦੀ ਹਾਂ। ਮੇਰੀ ਹਿੰਦੀ ਬਹੁਤੀ ਚੰਗੀ ਨਹੀਂ ਹੈ। ਭਾਵੇਂ ਮੈਂ ਕੈਥੋਲਿਕ ਹਾਂ ਫਿਰ ਵੀ ਮੈਂ ਧਰਮ ਬਾਰੇ ਬਹੁਤੀ ਕੱਟੜ ਨਹੀਂ। ਚਰਚ ਮੈਂ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਨੂੰ ਖੁਸ਼ ਕਰਨ ਲਈ ਜਾਂਦੀ ਹਾਂ। ਮੈਂ ਉਨ੍ਹਾਂ ਨੂੰ ਦੱਸਦੀ ਹਾਂ ਕਿ ਓਥੇ ਚੰਗਾ ਅਤੇ ਈਮਾਨਦਾਰ ਬਣਨ ਦੀ ਸਿੱਖਿਆ ਦਿੰਦੇ ਹਨ। ਇਸ ਲਈ ਈਸਾਈ, ਹਿੰਦੂ, ਮੁਸਲਿਮ ਜਾਂ ਪਾਰਸੀ ਹੋਣ ਵਿਚ ਕੋਈ ਵੱਡਾ ਫਰਕ ਨਹੀਂ। ਮੈਂ ਖਾਣਾ ਵੀ ਚੰਗਾ ਪਕਾਉਂਦੀ ਹਾਂ। ਗੋਆ ਦੀਆਂ ਮਸਾਲੇਦਾਰ ਡਿੱਸ਼ਾਂ ਬੜੀਆ ਵਧੀਆ ਬਣਾ ਲੈਂਦੀ ਹਾਂ। ਮੈਨੂੰ ਸੰਗੀਤ ਤੇ ਨ੍ਰਿਤ ਦਾ ਸ਼ੌਕ ਹੈ। ਮੈਂ ਬੜੀ*

*ਖੁਸ਼ਮਿਜਾਜ਼ ਔਰਤ ਹਾਂ। ਤੈਨੂੰ ਮੇਰਾ ਸਾਥ ਚੰਗਾ ਲੱਗੇਗਾ। ਜੇ ਕੁਝ ਮੇਰੇ ਬਾਰੇ ਹੋਰ ਜਾਣਕਾਰੀ ਹਾਸਲ ਕਰਨੀ ਚਾਹਵੇਂ ਤਾਂ ਜ਼ਰੂਰ ਪੁੱਛ ਲੈਣਾ।*

*ਪਿਆਰ ਨਾਲ ਤੁਹਾਡੀ*
*ਮੌਲੀ*

ਉਹਦੀ ਤਸਵੀਰ ਦੇਖ ਕੇ ਮੈਂ ਮਹਿਸੂਸ ਕਰ ਸਕਦਾ ਸਾਂ ਕਿ ਉਹ ਛੋਟੇ ਕੱਦ ਦੀ, ਭਰਵੇਂ ਸਰੀਰ ਦੀ ਅਤੇ ਕਾਲੀ ਹੋਵੇਗੀ। ਉਸ ਦੀ ਮੁਸਕਰਾਹਟ ਬੜੀ ਚੰਗੀ ਸੀ ਅਤੇ ਉਸ ਦੇ ਚਿੱਟੇ ਚਮਕੀਲੇ ਦੰਦ ਦਿਖਾਈ ਦਿੰਦੇ ਸਨ। ਉਹਦੇ ਕਾਲੇ ਘੁੰਗਰਾਲੇ ਵਾਲਾਂ ਵਿਚ ਇਕ ਗੂੜ੍ਹਾ ਲਾਲ ਰੰਗ ਦਾ ਫੁੱਲ ਟੰਗਿਆ ਹੋਇਆ ਸੀ। ਕਿਉਂ ਨਹੀਂ? ਮੈਂ ਆਪਣੇ ਆਪ ਨੂੰ ਪੁੱਛਿਆ ਅਤੇ ਫੇਰ ਖ਼ਤ ਲਿਖ ਕੇ ਮੌਲੀ ਗੋਮਜ਼ ਨੂੰ ਆਉਣ ਦਾ ਸੱਦਾ ਦਿੱਤਾ। ਮੈਂ ਗੋਆ-ਦਿੱਲੀ-ਗੋਆ ਦੀ ਇਕ ਹਵਾਈ ਟਿਕਟ ਉਸ ਨੂੰ ਭੇਜੀ ਅਤੇ ਮਸ਼ਵਰਾ ਦਿੱਤਾ ਕਿ ਜਿਉਂ ਹੀ ਟੂਰਿਸਟ ਸੀਜ਼ਨ ਖਤਮ ਹੋਵੇ, ਉਹ ਮੇਰੇ ਸੱਦੇ ਨੂੰ ਪ੍ਰਵਾਨ ਕਰ ਲਵੇ। ਜਨਵਰੀ ਦੇ ਅਖੀਰ ਤੱਕ ਯੂਰਪ, ਅਮਰੀਕਾ ਅਤੇ ਅਸਟ੍ਰੇਲੀਆ ਤੋਂ ਗੋਆ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਕਾਫੀ ਘਟ ਜਾਂਦੀ ਹੈ। ਵੈਸੇ ਵੀ ਗੋਆ ਗੋਰੀਆਂ ਚਮੜੀਆਂ ਲਈ ਬਹੁਤ ਗਰਮ ਹੋਣ ਲੱਗਦਾ ਹੈ। ਹੁਣ ਜਨਵਰੀ ਦਾ ਮਹੀਨਾ ਖਤਮ ਹੋਣ ਵਾਲਾ ਸੀ। ਸਰਦੀ ਖਤਮ ਹੋ ਰਹੀ ਸੀ ਅਤੇ ਬਹਾਰ ਦਾ ਮੌਸਮ ਆ ਰਿਹਾ ਸੀ। ਦਿੱਲੀ ਰੰਗ ਬਿਰੰਗੀ ਹੋਈ ਪਈ ਸੀ। ਮੌਸਮ ਕਾਫੀ ਠੰਡਾ ਸੀ। ਹਰ ਪਾਰਕ, ਹਰ ਬਾਗ ਅਤੇ ਹਰ ਚੌਕ ਵਿਚ ਫੁੱਲ ਸਨ। ਬਿਨਾਂ ਕਿਸੇ ਗੁੰਝਲ ਦੇ ਨਵਾਂ ਸਬੰਧ ਸ਼ੁਰੂ ਕਰਨ ਦਾ ਇਹ ਸਭ ਤੋਂ ਵਧੀਆ ਸਮਾਂ ਸੀ।

ਮੌਲੀ ਨੇ ਬਹੁਤਾ ਸਮਾਂ ਬਰਬਾਦ ਨਾ ਕੀਤਾ। ਮੇਰੇ ਖ਼ਤ ਪਾਉਣ ਦੇ ਤੀਜੇ ਦਿਨ ਹੀ ਉਸ ਦੀ ਤਾਰ ਆ ਗਈ : ''ਪਹਿਲੀ ਫਰਵਰੀ ਨੂੰ ਏਅਰ ਇੰਡੀਆ ਦੀ ਉਡਾਣ ੮੦੪ ਰਾਹੀਂ ਆ ਰਹੀ ਹਾਂ। ਹਵਾਈ ਅੱਡੇ 'ਤੇ ਮਿਲੋ। ਪਿਆਰ, ਮੌਲੀ।'' ਮੈਂ ਆਪਣੇ ਨੌਕਰਾਂ ਨਾਲ ਗੱਲ ਕੀਤੀ ਤੇ ਦੱਸਿਆ ਕਿ ਗੋਆ ਦੀ ਇਕ ਲੇਡੀ ਡਾਕਟਰ ਕੁਝ ਹਫਤਿਆਂ ਲਈ ਮੇਰੇ ਨਾਲ ਰਹਿਣ ਆ ਰਹੀ ਹੈ। ਉਸ ਨੂੰ ਹਿੰਦੋਸਤਾਨੀ ਨਹੀਂ ਆਉਂਦੀ। ਜਦੋਂ ਮੈਂ ਦਫਤਰ ਵਿਚ ਹੋਵਾਂ ਤਾਂ ਉਹ ਉਹਦੀਆਂ ਲੋੜਾਂ ਪੂਰੀਆਂ ਕਰਨ। ਹੋਰਾਂ ਨੌਕਰਾਂ ਨਾਲ ਉਸ ਬਾਰੇ ਕੋਈ ਅਫਵਾਹਾਂ ਵੀ ਨਾ ਫੈਲਾਉਣ। ਹੁਣ ਤੱਕ ਨੌਕਰ ਆਪਣੇ ਮਾਲਕ ਦੀਆਂ ਜਵਾਨੀ ਦੀਆਂ ਲੋੜਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲੱਗੇ ਸਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਅਫਸੋਸ ਸੀ ਕਿ ਉਨ੍ਹਾਂ ਸਰੋਜਨੀ ਬਾਰੇ ਅਫਵਾਹਾਂ ਫੈਲਾਈਆਂ ਸਨ। ਮੈਂ ਗੈਸਟ ਰੂਮ ਠੀਕ ਠਾਕ ਕਰਵਾਇਆ, ਦਸ ਹਜ਼ਾਰ ਰੁਪਏ ਦੇ ਨੋਟ ਪਾ ਕੇ ਲਿਫਾਫਾ ਸਰਹਾਣੇ ਹੇਠਾਂ ਰੱਖਿਆ ਅਤੇ ਦਰਵਾਜ਼ਾ ਬੰਦ ਕਰ ਦਿੱਤਾ। ਇੰਤਜ਼ਾਮ ਮੁਕੰਮਲ ਕਰਨ ਤੋਂ ਬਾਅਦ ਮੈਂ ਆਪਣੀ ਮਹਿਮਾਨ ਨੂੰ ਲੈਣ ਹਵਾਈ ਅੱਡੇ ਚਲਾ ਗਿਆ।

ਗੋਆ ਤੋਂ ਹਵਾਈ ਉਡਾਣ ਸਮੇਂ ਸਿਰ ਪਹੁੰਚ ਗਈ। ਮੈਂ ਦਰਵਾਜ਼ੇ ਤੋਂ ਬਾਹਰ ਨਿਕਲਦੇ ਹੋਏ ਮੁਸਾਫਰਾਂ ਨੂੰ ਵੇਖਿਆ ਜਿਹੜੇ ਟਰਾਲੀਆਂ ਖਿੱਚ ਰਹੇ ਸਨ ਅਤੇ ਸਮਾਨ ਵਾਲੀ ਬੈਲਟ ਦੇ ਦੁਆਲੇ ਖੜ੍ਹੇ ਹੋ ਰਹੇ ਸਨ। ਮੈਨੂੰ ਮੌਲੀ ਗੌਮਜ਼ ਨੂੰ ਪਛਾਨਣ ਵਿਚ ਕੋਈ ਮੁਸ਼ਕਲ ਨਾ ਆਈ। ਉਹ ਆਪਣੀ ਤਸਵੀਰ ਵਾਂਗ ਹੀ ਛੋਟੀ, ਭਰਵੇਂ ਜੁੱਸੇ ਵਾਲੀ ਦਿਖਾਈ ਦਿੰਦੀ ਸੀ ਅਤੇ ਉਸ ਦਾ ਰੰਗ ਵੀ ਕਾਲਾ ਸੀ। ਉਹਨੇ ਲਾਲ ਰੰਗ ਦੀ ਟੀ ਸ਼ਰਟ ਅਤੇ ਨੀਲੀ ਜੀਨ ਪਾਈ ਹੋਈ ਸੀ ਅਤੇ ਮੋਢੇ 'ਤੇ ਇਕ ਭਾਰੀ ਬੈਗ ਟੰਗਿਆ ਹੋਇਆ ਸੀ। ਉਹਨੇ ਭੀੜ ਵੱਲ ਵੇਖਿਆ ਜਿਹੜੀ ਕਿ ਆ ਰਹੇ ਮੁਸਾਫਰਾਂ ਨੂੰ ਲੈਣ ਆਈ ਹੋਈ ਸੀ। ਉਹ ਮੈਨੂੰ ਨਾ ਲੱਭ ਸਕੀ। ਮੈਂ ਉਸ ਵੱਲ ਹੱਥ ਵੀ ਨਾ ਹਿਲਾਇਆ ਕਿ ਕਿਤੇ ਮੈਂ ਉਹਨੂੰ ਪਛਾਨਣ ਵਿਚ ਗ਼ਲਤੀ ਹੀ ਨਾ ਕਰ ਰਿਹਾ ਹੋਵਾਂ।

ਸਮਾਨ ਵਾਲੀ ਪਟੜੀ ਚੱਲਣ ਲੱਗੀ। ਇਕ ਤੋਂ ਬਾਅਦ ਇਕ ਸੂਟਕੇਸ, ਬਿਸਤਰਾ ਬੰਦ, ਲੱਕੜੀ ਦੇ ਡੱਬੇ ਆਉਣ ਲੱਗੇ ਜਿਹੜੇ ਵਾਰੀ ਵਾਰੀ ਉਨ੍ਹਾਂ ਦੇ ਮਾਲਕਾਂ ਵੱਲੋਂ ਚੁੱਕ ਲਏ ਗਏ। ਮੈਂ ਦੇਖਿਆ ਕਿ ਮੌਲੀ ਨੇ ਦੋ ਸੂਟਕੇਸ ਚੁੱਕ ਕੇ ਉਨ੍ਹਾਂ ਨੂੰ ਆਪਣੀ ਟਰਾਲੀ 'ਤੇ ਲੱਦਿਆ। ਜਦੋਂ ਉਹਨੇ ਆਪਣਾ ਸਮਾਨ ਦਾ ਟਿਕਟ ਹਵਾਈ ਅੱਡੇ ਦੇ ਅਧਿਕਾਰੀਆਂ ਨੂੰ ਫੜਾਇਆ ਮੈਂ ਅੱਗੇ ਵੱਧ ਕੇ ਉਹਦੇ ਅੱਗੋਂ ਟਰਾਲੀ ਫੜ ਲਈ। ਉਹਨੇ ਮੈਨੂੰ ਉੱਚੀ ਅਵਾਜ਼ 'ਚ ਕਿਹਾ, ''ਹੈਲੋ। ਮੈਨੂੰ ਡਰ ਸੀ ਕਿ ਤੂੰ ਮੈਨੂੰ ਲੈਣ ਨਹੀਂ ਆਏਂਗਾ। ਫਿਰ ਮੈਂ ਕਿੱਥੇ ਜਾਂਦੀ!''

ਮੈਂ ਉਸ ਨਾਲ ਹੱਥ ਮਿਲਾਉਂਦੇ ਹੋਏ ਕਿਹਾ, ''ਚਿੰਤਾ ਦੀ ਕੋਈ ਲੋੜ ਨਹੀਂ। ਤੂੰ ਥੜੇ ਸੁਰੱਖਿਅਤ ਹੱਥਾਂ ਵਿਚ ਹੈਂ। ਮੋਹਣ ਕੁਮਾਰ ਤੁਹਾਡੀ ਸੇਵਾ ਵਿਚ ਹਾਜ਼ਰ ਹੈ।'' ਉਹਦੀ ਪਕੜ ਬੜੀ ਮਜ਼ਬੂਤ ਸੀ, ਜਿਸ ਤਰ੍ਹਾਂ ਦੀ ਕਿ ਮਾਲਸ਼ਾਂ ਕਰਨ ਵਾਲੀ ਦੀ ਹੋਣੀ ਚਾਹੀਦੀ ਹੈ।

''ਹੋਰ ਤੁਸੀਂ ਕੌਣ ਹੋ ਸਕਦੇ ਸੀ। ਤੁਸੀਂ ਆਪਣੀ ਤਸਵੀਰ ਵਾਂਗ ਲੱਗਦੇ ਹੋ। ਬਸ ਤਸਵੀਰ ਨਾਲੋਂ ਲੰਮੇ ਤੇ ਖ਼ੂਬਸੂਰਤ ਜ਼ਿਆਦਾ ਹੋ।''

''ਸ਼ੁਕਰੀਆ''

ਮੈਂ ਲੋਕਾਂ ਦੇ ਨਾਂ ਦੀਆਂ ਤਖਤੀਆਂ ਲੈ ਕੇ ਖੜ੍ਹੇ ਡਰਾਈਵਰਾਂ ਦੀ ਭੀੜ ਵਿਚੋਂ ਦੀ ਟਰਾਲੀ ਨੂੰ ਧੱਕਦਾ ਹੋਇਆ ਬਾਹਰ ਚਲਾ ਗਿਆ। ਅਸੀਂ ਦੋਵੇਂ ਮੇਰੀ ਕਾਰ ਤੱਕ ਪਹੁੰਚੇ ਅਤੇ ਮੈਂ ਉਹਦਾ ਸਮਾਨ ਡਿੱਗੀ ਵਿਚ ਰੱਖ ਦਿੱਤਾ। ਫਿਰ ਮੈਂ ਮੂਹਰਲਾ ਦਰਵਾਜ਼ਾ ਉਸ ਲਈ ਖੋਲ੍ਹਿਆ ਅਤੇ ਖਿੜਕੀ ਦਾ ਸ਼ੀਸ਼ਾ ਹੇਠਾਂ ਕਰ ਦਿੱਤਾ। ਆਪ ਮੈਂ ਡਰਾਈਵਰ ਵਾਲੀ ਸੀਟ 'ਤੇ ਜਾ ਬੈਠਿਆ।

ਉਹ ਪੁੱਛਣ ਲੱਗੀ, ''ਕੀ ਤੂੰ ਮੈਨੂੰ ਚੁੰਮੇਗਾ ਨਹੀਂ!''

''ਬਿਲਕੁਲ!'' ਮੈਂ ਉਸ ਵੱਲ ਝੁਕਿਆ ਅਤੇ ਉਹ ਦੇ ਬੁੱਲ੍ਹਾਂ ਨੂੰ ਚੁੰਮਿਆ। ਤਿੰਨ ਵਾਰੀ ਗੱਲ੍ਹ 'ਤੇ ਹੱਥ ਮਾਰਦਿਆਂ ਕਿਹਾ, ''ਇਸ ਲਈ ਸਾਡੇ ਕੋਲ ਬਹੁਤ ਸਮਾਂ ਹੋਵੇਗਾ।''

ਉਹਨੇ ਖਿੜਕੀ ਦਾ ਸ਼ੀਸ਼ਾ ਉੱਪਰ ਕਰਦੇ ਹੋਏ ਕਿਹਾ, ''ਉੱਥੇ ਤਾਂ ਬੜੀ ਠੰਡ ਹੈ। ਗੋਆ ਤੋਂ ਬਾਅਦ ਤਾਂ ਇਹ ਆਰਕਟੀਕਾ ਵਰਗਾ ਲੱਗਦਾ ਹੈ।''

ਮੈਂ ਆਪਣੇ ਵਾਲੀ ਖਿੜਕੀ ਦਾ ਸ਼ੀਸ਼ਾ ਵੀ ਉੱਪਰ ਚੁੱਕ ਦਿੱਤਾ। ਉਹ ਆਲੇ ਦੁਆਲੇ ਦੇ ਦ੍ਰਿਸ਼ ਦੇਖਦੀ ਰਹੀ ਅਤੇ ਕਹਿਣ ਲੱਗੀ, ''ਗੋਆ ਨਾਲੋਂ ਇੱਥੇ ਹਰਿਆਵਲ ਜ਼ਿਆਦਾ ਹੈ। ਉੱਚੇ ਤਾਂ ਸਿਰਫ ਭੂਰੇ ਪੱਥਰ, ਵੱਡੇ ਵੱਡੇ ਨਾਰੀਅਲ, ਖਜੂਰਾਂ ਤੇ ਕਾਜੂ ਦੇ ਜੰਗਲੀ ਦਰੱਖਤ ਹਨ। ਘਾਹ ਤਾਂ ਹੁੰਦਾ ਹੀ ਨਹੀਂ। ਮੇਰੀ ਆਸ ਨਾਲੋਂ ਇੱਥੇ ਬਹੁਤੇ ਦਰੱਖਤ ਹਨ ਅਤੇ ਝਾੜੀਆਂ ਵੀ ਬਹੁਤ ਜ਼ਿਆਦਾ।'' ਸੁਤੇ ਸਿੱਧ ਹੀ ਮੈਂ ਵੈਸਟ ਐਂਡ ਨੂੰ ਕਾਰ ਮੋੜ ਲਈ। ਸੜਕ ਦੇ ਆਲੇ ਦੁਆਲੇ ਫੁੱਲਾਂ ਦੀਆਂ ਕਿਆਰੀਆਂ ਨੂੰ ਦੇਖ ਕੇ ਉਹ ਹੈਰਾਨ ਰਹਿ ਗਈ। ਉਹ ਕਹਿਣ ਲੱਗੀ, ''ਇਹ ਬਹੁਤ ਖ਼ੂਬਸੂਰਤ ਹੈ। ਮੈਨੂੰ ਇਹ ਸ਼ਹਿਰ ਚੰਗਾ ਲੱਗਣ ਲੱਗ ਪਿਆ ਹੈ। ਕੀ ਤੁਹਾਡੇ ਬਾਗ ਵਿਚ ਵੀ ਫੁੱਲ ਹਨ?''

ਮੈਂ ਜਵਾਬ ਦਿੱਤਾ, ''ਬਹੁਤੇ ਨਹੀਂ। ਘਰ ਦੇ ਬਾਹਰ ਇਕ ਛੋਟਾ ਜਿਹਾ ਲਾਨ ਹੈ ਜਿਸ ਦੇ ਆਲੇ ਦੁਆਲੇ ਵਾੜ ਲਾਈ ਹੋਈ ਹੈ। ਦੋ ਚੀਲ ਦੇ ਦਰੱਖਤ ਹਨ। ਬਾਗ ਦੀ ਦੇਖਭਾਲ ਲਈ ਮੈਨੂੰ ਬਹੁਤਾ ਸਮਾਂ ਨਹੀਂ ਮਿਲਦਾ। ਇਕ ਮਾਲੀ ਹਫਤੇ 'ਚ ਇਕ ਵਾਰੀ ਆ ਕੇ ਘਾਹ ਕੱਟ ਜਾਂਦਾ ਹੈ ਤੇ ਪਾਣੀ ਦੇ ਜਾਂਦਾ ਹੈ।''

ਅਸੀਂ ਦਿੱਲੀ-ਮਥਰਾ ਸੜਕ 'ਤੇ ਆ ਗਏ। ਇਸ ਦੁਹਰੀ ਸੜਕ 'ਤੇ ਤਿੰਨ ਤਿੰਨ ਕਾਰਾਂ ਦੌੜ ਰਹੀਆਂ ਸਨ। ਸੈਂਕੜੇ ਹੀ ਫਿਟਫਟੀਏ ਸਨ ਜਿਹੜੇ ਚੱਲਦੀਆਂ ਕਾਰਾਂ ਦੇ ਵਿਚ ਦੀ ਰਸਤਾ ਬਣਾਉਂਦੇ ਹੋਏ ਲੰਘ ਰਹੇ ਸਨ। ਟ੍ਰੈਫਿਕ ਲਾਈਟਾਂ 'ਤੇ ਬਹੁਤ ਲੰਮੀ ਦੇਰ ਤੱਕ ਜੁਕਣਾ ਪੈਂਦਾ ਸੀ ਅਤੇ ਪੈਟਰੋਲ ਦੀ ਗੰਧ ਨਾਲ ਹਵਾ ਭਾਰੀ ਅਤੇ ਭੂਰੀ ਹੋਈ ਪਈ ਸੀ। ਉਹ ਕਹਿਣ ਲੱਗੀ, ''ਇਹ ਤਾਂ ਬੜਾ ਅਜੀਬ ਹੈ! ਇਸ ਤਰ੍ਹਾਂ ਦੀ ਅਵਾਜ਼ ਅਤੇ ਗੰਦੀ ਹਵਾ ਵਿਚ ਤੁਸੀਂ ਕਿਵੇਂ ਰਹਿੰਦੇ ਹੋ?'' ਅਚਨਚੇਤ ਹੀ ਉਹਨੂੰ ਇਹ ਸ਼ਹਿਰ ਹੁਣ ਪਸੰਦ ਨਹੀਂ ਸੀ ਅਤੇ ਇਸ ਵਿਚ ਉਹਦਾ ਕੋਈ ਕਸੂਰ ਵੀ ਨਹੀਂ ਸੀ।

''ਸਾਨੂੰ ਇਸ ਦੀ ਆਦਤ ਪੈ ਗਈ ਹੈ। ਦਿੱਲੀ ਦੇ ਕੁਝ ਇਲਾਕੇ ਤਾਂ ਇਸ ਤੋਂ ਵੀ ਮਾੜੇ ਹਨ।'' ਆਸ਼ਰਮ ਦੇ ਚੌਕ ਤੋਂ ਮੈਂ ਮਹਾਰਾਣੀ ਬਾਗ ਵੱਲ ਮੁੜ ਪਿਆ। ਇੱਥੇ ਭੀੜ ਵੀ ਘੱਟ ਸੀ, ਰੌਲਾ ਵੀ ਘੱਟ ਅਤੇ ਆਲੇ ਦੁਆਲੇ ਵੱਡੇ ਬਾਗਾਂ ਵਾਲੇ ਵੱਡੇ ਬੰਗਲੇ ਵੀ ਸਨ। ਮੈਂ ਆਪਣੇ ਘਰ ਵੱਲ ਨੂੰ ਮੁੜਿਆ ਅਤੇ ਉਹਨੂੰ ਕਿਹਾ, ''ਇਹ ਗੱਲ ਚੇਤੇ ਰੱਖੀਂ ਕਿ ਨੌਕਰਾਂ ਲਈ ਤੂੰ ਡਾਕਟਰ ਗੋਮਜ਼ ਹੈਂ। ਉਨ੍ਹਾਂ ਸਾਹਮਣੇ ਚੁੰਮਣ, ਚੱਟਣ ਅਤੇ ਜੱਫੀਆਂ ਪਾਉਣ ਦਾ ਕੰਮ ਵੀ ਨਹੀਂ ਚੱਲੇਗਾ।''

ਉਹਨੇ ਮੈਨੂੰ ਸਲਾਮ ਕਰਦੇ ਹੋਏ ਕਿਹਾ, ''ਠੀਕ ਹੈ ਬੌਸ। ਹੁਣ ਤੋਂ ਮੈਂ ਗੋਆ ਦੀ ਸਤਿਕਾਰਯੋਗ ਲੇਡੀ ਡਾਕਟਰ ਹਾਂ। ਤੂੰ ਇਸ ਸੰਸਾਰ ਦਾ ਸਭ ਤੋਂ ਵੱਡਾ ਬਹਿਰੂਪੀਆ ਲੱਗਦਾ ਹੈਂ।''

''ਉਹ ਤਾਂ ਮੈਂ ਹਾਂ ਹੀ।'' ਮੈਂ ਜਾਣਦਾ ਸਾਂ ਕਿ ਇਸ ਛੋਟੇ ਕੱਦ ਦੀ ਗਲਾਧੜ ਔਰਤ ਨੂੰ ਮੈਂ ਪਸੰਦ ਕਰਾਂਗਾ।

ਨੌਕਰ ਸਾਡੀ ਉਡੀਕ ਕਰ ਰਹੇ ਸਨ। ਉਨ੍ਹਾਂ ਰਣਜੀਤ ਵਿਲਾ ਦਾ ਲੋਹੇ ਦਾ ਗੇਟ ਖੋਲ੍ਹ ਕੇ ਕਾਰ ਨੂੰ ਅੰਦਰ ਆਉਣ ਦਿੱਤਾ। ਮੈਂ ਮੌਲੀ ਦਾ ਤੁਆਰਫ ਆਪਣੇ ਰਸੋਈਏ ਅਤੇ ਬੇਅਰੇ ਨਾਲ ਕਰਵਾਇਆ। ਉਹਨੇ ਦੋਹਾਂ ਨਾਲ ਹੀ ਹੱਥ ਮਿਲਾਇਆ ਅਤੇ ਆਪਣੇ ਵਲਾਇਤੀ ਅੰਦਾਜ਼ ਵਿਚ ਕਹਿਣ ਲੱਗੀ, ''ਤੁਹਾਡੇ ਨਾਲ ਮਿਲ ਕੇ ਖ਼ੁਸ਼ੀ ਹੋਈ।'' ਉਹ ਉਸ ਦਾ ਸਮਾਨ ਚੁੱਕ ਕੇ ਮਹਿਮਾਨ ਕਮਰੇ ਤੱਕ ਲੈ ਗਏ। ਮੌਲੀ ਪੌੜ੍ਹੀਆਂ ਚੜ੍ਹ ਕੇ ਮੇਰੇ ਮਗਰ ਆ ਗਈ। ਮੈਂ ਉਹਨੂੰ ਉੱਪਰਲੀ ਮੰਜ਼ਿਲ ਦਿਖਾਈ ਅਤੇ ਫਿਰ ਉਸ ਨੂੰ ਉਸ ਦੇ ਕਮਰੇ 'ਚ ਲੈ ਗਿਆ। ਕਮਰੇ 'ਚ ਬਿਜਲੀ ਦਾ ਹੀਟਰ ਬਲ ਰਿਹਾ ਸੀ। ਕਮਰਾ ਨਿੱਘਾ ਸੀ। ਬਿਸਤਰੇ 'ਤੇ ਹੋਰ ਕੰਬਲ ਰੱਖ ਦਿੱਤੇ ਗਏ ਸਨ।

''ਤੂੰ ਸਮਾਨ ਖੋਲ੍ਹ ਅਤੇ ਕੁਝ ਦੇਰ ਅਰਾਮ ਕਰ। ਜੇ ਨਹਾਉਣਾ ਹੋਵੇ ਤਾਂ ਟੂਟੀਆਂ ਵਿਚ ਗਰਮ ਪਾਣੀ ਆਉਂਦਾ ਹੈ। ਮੈਂ ਕੁਝ ਦੇਰ ਦਫਤਰ ਦਾ ਕੰਮ ਕਰ ਆਵਾਂ। ਬਾਰ ਸ਼ਾਮੀਂ ਸਾਢੇ ਛੇ ਵਜੇ ਖੁੱਲ੍ਹਦੀ ਹੈ।''

ਮੈਂ ਆਪਣੇ ਪੜ੍ਹਨ ਕਮਰੇ ਵਿਚ ਗਿਆ ਤੇ ਬਿਮਲਾ ਸ਼ਰਮਾ ਨੂੰ ਫੋਨ ਕਰਕੇ ਇਹ ਪੁੱਛਿਆ ਕਿ ਹੁਣ ਤੱਕ ਕੀ ਕੰਮ ਹੋਇਆ ਹੈ। ਮੈਂ ਉਹਨੂੰ ਕਿਹਾ ਕਿ ਅੱਜ ਦੀ ਸ਼ਾਮ ਮੈਨੂੰ ਕੋਈ ਖ਼ਤ ਨਾ ਭੇਜੇ। ਮੈਂ ਕੱਲ੍ਹ ਨੂੰ ਇਨ੍ਹਾਂ 'ਤੇ ਝਾਤੀ ਮਾਰਾਂਗਾ।

ਬੈਠਣ ਵਾਲੇ ਕਮਰੇ 'ਚ ਮੈਂ ਅੱਗ ਬਾਲਣ ਲਈ ਕਿਹਾ। ਵੱਡੀਆਂ ਮੋਟੀਆਂ ਲੱਕੜਾਂ ਦੇ ਕੋਲੇ ਦਾ ਢੇਰ ਲਗਾਇਆ ਗਿਆ। ਸ਼ਰਾਬ ਦੇ ਗਿਲਾਸ ਰੱਖੇ ਗਏ। ਮੈਂ ਸਟੀਰੀਓ ਚਾਲੂ ਕਰ ਦਿੱਤਾ ਅਤੇ ਇਸ 'ਤੇ ਇਕ ਰੁਮਾਂਟਿਕ ਗੀਤ ਲਗਾ ਦਿੱਤਾ। ਮੈਂ ਮੌਲੀ ਨੂੰ ਦੇਖਣ ਗਿਆ। ਉਹਦੇ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਸੀ। ਜਦੋਂ ਮੈਂ ਪੌੜ੍ਹੀਆਂ ਉਤਰ ਰਿਹਾ ਸਾਂ ਅਤੇ ਬੈਠਣ ਵਾਲੇ ਕਮਰੇ ਦੇ ਪਿਛਲੇ ਪਾਸੇ ਸਾਂ ਤਾਂ ਉਹਦੇ ਗਾਉਣ ਦੀ ਅਵਾਜ਼ ਸੁਣਾਈ ਦਿੱਤੀ। ਉਹ ਇਕ ਹਿੰਦੀ ਫਿਲਮ ਦਾ ਗਾਣਾ ਗਾ ਰਹੀ ਸੀ :

*ਜਬ ਜਬ ਬਹਾਰ ਆਈ*
*ਔਰ ਫੂਲ ਮੁਸਕਰਾਏ*
*ਮੁਝੇ ਤੁਮ ਯਾਦ ਆਏ*

ਇਹ ਬੜਾ ਖ਼ੂਬਸੂਰਤ ਗੀਤ ਸੀ, ਹਾਲਾਂ ਕਿ ਉਹ ਇਸ ਨੂੰ ਬਹੁਤ ਬੇਸੁਰੇ ਢੰਗ ਨਾਲ ਗਾ ਰਹੀ ਸੀ। ਪਰ ਉਹ ਖੁਸ਼ ਪ੍ਰਤੀਤ ਹੁੰਦੀ ਸੀ। ਜਿਸ ਕਾਰਨ ਮੈਂ ਵੀ ਨਿੱਘਾ ਅਤੇ ਖੁਸ਼ ਮਹਿਸੂਸ ਕੀਤਾ। ਠੀਕ ਸਾਢੇ ਛੇ ਵਜੇ ਉਹ ਮੇਰੇ ਕੋਲ ਬੈਠਣ ਵਾਲੇ ਕਮਰੇ 'ਚ ਆ ਗਈ। ਉਹਨੇ ਸੁਨਿਹਰੇ ਪੀਲੇ ਰੰਗ ਵਾਲਾ ਬਲਾਊਜ਼ ਅਤੇ ਲੰਮੀ ਸਫੈਦ ਰੰਗੀ ਸਕੱਰਟ ਪਾਈ ਹੋਈ ਸੀ। ਗਲ਼ ਵਿਚ ਉਹਨੇ ਮੋਤੀਆਂ ਦਾ ਹਾਰ, ਕੰਨਾਂ ਵਿਚ ਮੋਤੀਆਂ ਦੇ ਬੁੰਦੇ ਅਤੇ ਸੱਜੇ ਗਿੱਟੇ

ਦੁਆਲੇ ਪਤਲੀ ਜਿਹੀ ਸੋਨੇ ਦੀ ਚੇਨ ਪਾਈ ਹੋਈ ਸੀ। ਉਹ ਦੋ ਬੋਤਲਾਂ ਅਤੇ ਕਾਜੂਆਂ ਦਾ ਇਕ ਵੱਡਾ ਪੈਕੇਟ ਲੈ ਕੇ ਆਈ ਸੀ। ਬੋਤਲਾਂ ਮੈਨੂੰ ਦਿੰਦੇ ਹੋਏ ਉਸ ਨੇ ਕਿਹਾ, ''ਇਹ ਤੁਹਾਡੇ ਲਈ ਹਨ। ਇਹ ਗੋਆ ਦੀ ਸਭ ਤੋਂ ਵਧੀਆ ਫੇਨੀ ਹੈ ਜਿਹੜੀ ਮੇਰੇ ਪਿਤਾ ਨੇ ਘਰੇ ਕੱਢੀ ਹੈ। ਇਕ ਕਾਜੂ ਦੀ ਹੈ, ਇਕ ਨਾਰੀਅਲ ਦੀ। ਤੁਹਾਨੂੰ ਫੇਨੀ ਪਸੰਦ ਹੈ?''

''ਮੈਂ ਕਦੇ ਚਖ ਕੇ ਨਹੀਂ ਦੇਖੀ। ਮੈਨੂੰ ਦੱਸਿਆ ਗਿਆ ਹੈ ਕਿ ਇਹ ਅੱਗ ਵਰਗੀ ਹੁੰਦੀ ਹੈ।''

''ਪੀ ਕੇ ਦੇਖ। ਇਹ ਬੜੀ ਸ਼ੁੱਧ ਹੈ। ਇਸ ਵਿਚ ਕੋਈ ਫਾਲਤੂ ਚੀਜ਼ ਨਹੀਂ ਪਾਈ ਜਾਂਦੀ। ਇਹ ਕਾਜੂ ਭੁੰਨਣੇ ਪੈਣੇ ਹਨ। ਗੋਆ ਵਿਚ ਬਸ ਇਹੀ ਦੋ ਚੀਜ਼ਾਂ ਮਿਲਦੀਆਂ ਹਨ। ਇਸ ਲਈ ਮੈਂ ਇਹ ਦੋਵੇਂ ਤੁਹਾਡੇ ਲਈ ਲੈ ਆਈ ਹਾਂ।''

''ਕੁੜੀਆ। ਪੀਣ ਲਈ ਕੀ ਲਵੇਂਗੀ? ਸਕਾਚ, ਬੀਅਰ, ਜਿੰਨ, ਸ਼ੈਰੀ ਜਾਂ ਵਾਈਨ?''

''ਕੀ ਇਹ ਸਾਰਾ ਸਮਾਨ ਤੁਹਾਡੇ ਕੋਲ ਹਰ ਵੇਲੇ ਘਰ ਵਿਚ ਰਹਿੰਦਾ ਹੈ? ਮੈਂ ਦੇਖ ਸਕਦੀ ਹਾਂ ਕਿ ਤੁਸੀਂ ਅਮੀਰ ਆਦਮੀ ਹੋ। ਪਰ ਮੇਰੇ ਸਰਹਾਣੇ ਹੇਠਾਂ ਰੱਖੇ ਹੋਏ ਪੈਸੇ ਕਿਸ ਲਈ ਹਨ?''

''ਮੈਂ ਬਹੁਤਾ ਅਮੀਰ ਨਹੀਂ ਪਰ ਚੰਗਾ ਖਾਂਦਾ ਪੀਂਦਾ ਹਾਂ। ਇਹ ਪੈਸੇ ਆਪਣੇ ਸਮਝੌਤੇ ਮੁਤਾਬਕ ਪੇਸ਼ਗੀ ਹਨ।''

''ਇਸ ਸਿਲਸਿਲੇ ਨੂੰ ਏਨਾ ਕਾਰੋਬਾਰੀ ਨਾ ਬਣਾਓ। ਮੈਂ ਤੁਹਾਡੇ ਕੋਲ ਪੈਸੇ ਲਈ ਨਹੀਂ ਆਈ, ਸਗੋਂ ਉਸ ਰੁਮਾਂਸ ਲਈ ਆਈ ਹਾਂ ਜਿਹੜਾ ਮੈਨੂੰ ਮੇਰੀ ਜ਼ਿੰਦਗੀ ਵਿਚ ਨਹੀਂ ਮਿਲਿਆ।

ਮੈਂ ਉਹਦੀ ਗੱਲ੍ਹ 'ਤੇ ਹਲਕਾ ਜਿਹਾ ਚੁੰਮਣ ਲਿਆ ਤੇ ਕਿਹਾ, ''ਤੂੰ ਦੋਵੇਂ ਹੀ ਲੈ ਸਕਦੀ ਹੈ। ਹੁਣ ਕੀ ਲੈਣਾ ਚਾਹੇਂਗੀ?''

''ਉਹੀ ਜੋ ਤੁਸੀਂ ਲੈ ਰਹੇ ਹੋ।''

ਮੈਂ ਦੋ ਗਿਲਾਸਾਂ ਵਿਚ ਵਿਸਕੀ ਦੇ ਵੱਡੇ ਪੈੱਗ ਪਾਏ। ਉਨ੍ਹਾਂ ਵਿਚ ਸੋਡਾ ਤੇ ਬਰਫ਼ ਪਾਈ ਅਤੇ ਇਕ ਗਿਲਾਸ ਉਸ ਨੂੰ ਫੜਾ ਦਿੱਤਾ। ਉਹ ਅੱਗ ਦੇ ਕੋਲ ਪਈ ਕੁਰਸੀ 'ਤੇ ਬੈਠ ਗਈ।

ਮੈਂ ਪੁੱਛਿਆ, ''ਹੁਣ ਦੱਸ ਕਿ ਤੂੰ ਕੰਮ ਕੀ ਕਰਦੀ ਹੈਂ?''

''ਮੈਂ ਆਪਣੇ ਖ਼ਤ ਵਿਚ ਲਿਖ ਹੀ ਦਿੱਤਾ ਸੀ ਕਿ ਮੈਂ ਮਾਲਸ਼ਣ ਹਾਂ। ਟੂਰਿਸਟ ਸੀਜ਼ਨ ਦੌਰਾਨ ਮੈਂ ਦਿਨ ਵਿਚ ਦਰਜਨ ਭਰ ਮਾਲਸ਼ਾਂ ਕਰਦੀ ਹਾਂ। ਡੇਢ ਸੌ ਰੁਪਏ ਮੈਂ ਫੀ ਮਾਲਿਸ਼ ਲੈਂਦੀ ਹਾਂ। ਇਸ ਤੋਂ ਬਿਨਾਂ ਮੈਨੂੰ ਟਿੱਪ ਵਿਚ ਵੀ ਕਾਫੀ ਪੈਸੇ ਮਿਲ ਜਾਂਦੇ ਹਨ। ਇਸ ਨਾਲ ਘਰ ਦਾ ਚੁੱਲ੍ਹਾ ਬਲਦਾ ਰਹਿੰਦਾ ਹੈ।''

''ਕੀ ਤੂੰ ਸਿਰਫ ਔਰਤਾਂ ਦੀ ਹੀ ਮਾਲਿਸ਼ ਕਰਦੀ ਹੈ ਜਾਂ ਕਿ ਮਰਦਾਂ ਦੀ ਵੀ?''

''ਬਹੁਤਾ ਕਰਕੇ ਔਰਤਾਂ ਦੀ ਹੀ। ਕਦੇ ਕਦੇ ਬਜ਼ੁਰਗ ਮਰਦਾਂ ਦੀ ਵੀ ਕਰਦੀ ਹਾਂ। ਮੈਂ ਨੌਜਵਾਨ ਮਰਦਾਂ ਦੀ ਮਾਲਿਸ਼ ਨਹੀਂ ਕਰਦੀ। ਉਨ੍ਹਾਂ ਦੇ ਦਿਮਾਗ ਵਿਚ ਫਤੂਰ ਉੱਠਣ ਲੱਗਦਾ ਹੈ ਅਤੇ ਉਹ ਮੇਰੇ ਨਾਲ ਖੁੱਲਾਂ ਲੈਣਾ ਚਾਹੁੰਦੇ ਹਨ। ਮੈਂ ਉਨ੍ਹਾਂ ਨੂੰ ਤੁਰੰਤ ਝਾੜ ਦਿੰਦੀ ਹਾਂ, 'ਮਿਸਟਰ ਇਹ ਬੈਂਕਾਕ, ਟੋਕੀਓ ਨਹੀਂ ਹੈ ਜਿੱਥੇ ਤੁਸੀਂ ਮਾਲਿਸ਼ ਕਰਨ ਵਾਲੀ ਔਰਤ ਨਾਲ ਸਹਿਵਾਸ ਵੀ ਕਰ ਸਕਦੇ ਹੋ।' ਬੁੱਢੇ ਆਦਮੀਆਂ ਦੀ ਮਾਲਿਸ਼ ਮੈਂ ਕਰ ਦਿੰਦੀ ਹਾਂ। ਕਦੇ ਕਦੇ ਕੋਈ ਬੁੱਢਾ ਆਦਮੀ ਮੇਰਾ ਹੱਥ ਫੜ੍ਹ ਕੇ ਆਪਣੇ ਬੇਤੁਕੇ ਅੰਗ 'ਤੇ ਰੱਖ ਦਿੰਦਾ ਹੈ। ਮੈਂ ਉਹ ਨੂੰ ਪੁੱਛਦੀ ਹਾਂ, 'ਮਿਸਟਰ ਕੀ ਮੈਂ ਇਹਦੀ ਵੀ ਮਾਲਿਸ਼ ਕਰਾਂ? ਇਹਦੇ ਵਿਚ ਤਾਂ ਕੋਈ ਜ਼ਿੰਦਗੀ ਹੀ ਨਹੀਂ ਬਚੀ,' ਅਤੇ ਫਿਰ ਮੈਂ ਆਪਣਾ ਮਤਲਬ ਸਮਝਾਉਣ ਲਈ ਉਹਨੂੰ ਹਿਲਾ ਕੇ ਦਿਖਾਉਂਦੀ ਹਾਂ।'' ਉਹ ਹੱਸੀ ਅਤੇ ਫੇਰ ਕਹਿਣ ਲੱਗੀ, ''ਕਈ ਮੈਨੂੰ ਬੇਨਤੀ ਕਰਦੇ ਹਨ ਇਹ ਨੂੰ ਰਤਾ ਕੁ ਹਿਲਾ ਕੇ ਤਾਂ ਦੇਖ। ਮੈਂ ਉਨ੍ਹਾਂ ਨੂੰ ਕਹਿੰਦੀ ਹਾਂ ਮੈਂ ਜਿੰਨਾ ਮਰਜ਼ੀ ਇਸ ਨੂੰ ਹਿਲਾ ਲਵਾਂ, ਇਸ ਨੂੰ ਕੁਝ ਨਹੀਂ ਹੋਣਾ ਅਤੇ ਉਹ ਮੇਰੇ ਵੱਲ ਇਸ ਤਰ੍ਹਾਂ ਦੇਖਦੇ ਹਨ ਜਿਵੇਂ ਮੈਂ ਉਨ੍ਹਾਂ ਦੇ ਦੰਦ ਭੰਨ ਦਿੱਤੇ ਹੋਣ। ਫਿਰ ਵੀ ਹੈਰਾਨੀ ਵਾਲੀ ਗੱਲ ਹੈ ਕਿ ਉਹੀ ਬੁੱਢੇ ਮੈਥੋਂ ਵਾਰ ਵਾਰ ਮਾਲਿਸ਼ ਕਰਵਾਉਂਦੇ ਹਨ। ਫਿਰ ਇਹੀ ਹਰਕਤਾਂ ਕਰਦੇ ਹਨ ਤੇ ਮੈਨੂੰ ਭਾਰੀ ਟਿੱਪ ਦਿੰਦੇ ਹਨ!''

''ਮੇਰੇ ਨਾਲ ਤੈਨੂੰ ਇਹ ਸਮੱਸਿਆ ਨਹੀਂ ਹੋਣ ਲੱਗੀ।''

''ਮੈਂ ਆਸ ਕਰਦੀ ਹਾਂ ਕਿ ਨਹੀਂ ਹੋਵੇਗੀ। ਨਹੀਂ ਤਾਂ ਅਗਲਾ ਜਹਾਜ਼ ਲੈ ਕੇ ਘਰ ਵਾਪਸ ਚਲੀ ਜਾਵਾਂਗੀ।'' ਉਸ ਨੂੰ ਦੇਖ ਕੇ ਮੈਨੂੰ ਜੈਸਿਕਾ ਬਰਾਊਨ ਯਾਦ ਆਈ। ਦੋਹਾਂ ਵਿਚ ਹੀ ਕੋਈ ਝਿਜਕ ਨਹੀਂ ਸੀ।

ਡਾਕਟਰ ਗੌਮਜ਼ ਦੇ ਮਾਣ 'ਚ ਰਸੋਈਏ ਨੇ ਗੋਆ ਦੀ ਮੱਛੀ ਅਤੇ ਚੌਲ ਪਕਾਏ ਸਨ। ਮੈਂ ਗਰੋਵਰਜ਼ ਦੀ ਚਿੱਟੀ ਵਾਈਨ ਦੀ ਬੋਤਲ ਖੋਲ੍ਹੀ ਅਤੇ ਅੱਗ ਕੋਲ ਬੈਠ ਕੇ ਹੀ ਰਾਤ ਦਾ ਖਾਣਾ ਖਾਧਾ। ਮੌਲੀ ਨੇ ਰਸੋਈਏ ਨੂੰ ਵਧਾਈ ਦਿੱਤੀ ਅਤੇ ਕਹਿਣ ਲੱਗੀ, ''ਤੇਰਾ ਪਕਾਇਆ ਖਾਣਾ ਮੇਰੇ ਘਰ ਮਿਲਦੇ ਖਾਣੇ ਤੋਂ ਵੀ ਬੇਹਤਰ ਸੀ।'' ਰਸੋਈਏ ਨੇ ਬੜਾ ਕਮਾਲ ਦਾ ਖਾਣਾ ਬਣਾਇਆ ਸੀ। ਕਸਟਰਡ ਖਾਣ ਤੋਂ ਬਾਅਦ ਅਸਾਂ ਕੌਫੀ ਪੀਤੀ ਅਤੇ ਫਿਰ ਕੌਗ। ਬੇਅਰਾ ਪਲੇਟਾਂ ਚੁੱਕ ਕੇ ਲੈ ਗਿਆ। ਮੈਂ ਨੌਕਰਾਂ ਨੂੰ ਬਾਹਰ ਭੇਜਿਆ ਤੇ ਪਿਛਲਾ ਦਰਵਾਜ਼ਾ ਬੰਦ ਕਰ ਦਿੱਤਾ। ਫਿਰ ਮੈਂ ਬਾਹਰ ਲਾਨ ਵਿਚ ਗਿਆ ਅਤੇ ਝਾੜੀਆਂ ਕੋਲ ਖੜ੍ਹ ਕੇ ਪਿਸ਼ਾਬ ਕੀਤਾ। ਬਾਹਰ ਬੜੀ ਠੰਡ ਸੀ। ਮੈਂ ਕੰਬਣ ਲੱਗ ਪਿਆ। ਮੈਂ ਤੁਰੰਤ ਹੀ ਅੰਦਰ ਗਿਆ ਅਤੇ ਅੱਗ ਕੋਲ ਜਾ ਬੈਠਿਆ। ਫਿਰ ਮੈਂ ਅੱਗ ਵਿਚ ਕੁਝ ਹੋਰ ਲੱਕੜੀਆਂ ਪਾਈਆਂ ਅਤੇ ਇਸ ਦੇ ਕੋਲ ਖੜ੍ਹ ਕੇ ਆਪਣੇ ਹੱਥ ਸੇਕਣ ਲੱਗਿਆ।

ਉਹ ਪੁੱਛਣ ਲੱਗੀ, ''ਰਾਤ ਦੇ ਖਾਣੇ ਤੋਂ ਬਾਅਦ ਤੁਸੀਂ ਕੀ ਕਰਦੇ ਹੋ?''

''ਮੈਂ ਅਕਸਰ ਸੌਣ ਤੋਂ ਪਹਿਲਾਂ ਸਿਗਾਰ ਪੀਂਦਾ ਹਾਂ ਪਰ ਅੱਜ ਸਿਗਾਰ ਪੀਣ ਨੂੰ ਮੇਰਾ ਜੀਅ ਨਹੀਂ ਕਰਦਾ।''

''ਬੈੱਡਰੂਮ ਨਾਲੋਂ ਇੱਥੇ ਕਿਤੇ ਵੱਧ ਚੰਗਾ ਲੱਗਦਾ ਹੈ। ਇਹ ਥਾਂ ਵਧੇਰੇ ਘਰੇਲੂ ਲੱਗਦੀ ਹੈ ਤੇ ਵਧੇਰੇ ਚੰਗੀ ਵੀ। ਜਦੋਂ ਤੱਕ ਅੱਗ ਖਤਮ ਨਹੀਂ ਹੁੰਦੀ ਆਪਾਂ ਇੱਥੇ ਬੈਠੇ ਰਹਿੰਦੇ ਹਾਂ।''

''ਜਿਵੇਂ ਤੇਰੀ ਮਰਜ਼ੀ। ਅੱਗ ਕਾਫੀ ਸਮਾਂ ਹੋਰ ਬਲਦੀ ਰਹੇਗੀ।''

ਸਾਡੀ ਗੱਲਬਾਤ ਮੁੱਕ ਗਈ ਸੀ। ਮੌਲੀ ਆਪਣੀ ਕੁਰਸੀ ਤੋਂ ਉੱਠੀ ਅਤੇ ਮੇਰੇ ਕੋਲ ਆ ਗਈ। ਬਿਨਾਂ ਕੋਈ ਹੋਰ ਸ਼ਬਦ ਕਿਹਾਂ ਉਹਨੇ ਆਪਣਾ ਬਲਾਊਜ਼ ਲਾਹ ਦਿੱਤਾ ਅਤੇ ਫਿਰ ਅੰਗੀ ਵੀ ਖੋਲ੍ਹ ਦਿੱਤੀ। ਕਾਲੇ ਨਿੱਪਲਾਂ ਵਾਲੀਆਂ ਦੋ ਖ਼ੂਬਸੂਰਤ ਗੋਲ ਛਾਤੀਆਂ ਦਿਖਾਈ ਦੇਣ ਲੱਗੀਆਂ। ਉਹਨੇ ਆਪਣੀਆਂ ਬਾਹਾਂ ਮੇਰੇ ਮੋਢਿਆਂ 'ਤੇ ਰੱਖੀਆਂ ਅਤੇ ਆਪਣਾ ਮੂੰਹ ਖੋਲ੍ਹ ਦਿੱਤਾ। ਮੈਂ ਆਪਣੇ ਬੁੱਲ੍ਹ ਉਹਦੇ ਬੁੱਲ੍ਹਾਂ 'ਤੇ ਰੱਖ ਦਿੱਤਾ ਤੇ ਉਹਦੀਆਂ ਛਾਤੀਆਂ ਨੂੰ ਨਿੱਘੇ ਹੱਥਾਂ ਨਾਲ ਸਹਿਲਾਉਣ ਲੱਗਾ। ਉਸ ਨੇ ਆਪਣੀ ਸਕੱਰਟ ਵੀ ਖੋਲ੍ਹ ਦਿੱਤੀ ਜਿਹੜੀ ਹੇਠਾਂ ਫਰਸ਼ 'ਤੇ ਜਾ ਪਈ। ਫਿਰ ਉਸ ਨੇ ਮੇਰੀ ਪਤਲੂਨ ਦੀ ਪੇਟੀ ਖੋਲ੍ਹੀ ਅਤੇ ਮੇਰੀ ਪਤਲੂਨ ਲਾਹ ਦਿੱਤੀ। ਹੋਰ ਔਰਤਾਂ ਵਾਂਗ ਹੀ ਉਹ ਹੈਰਾਨੀ ਨਾਲ ਕਹਿਣ ਲੱਗੀ, ''ਏਡਾ ਵੱਡਾ ਅੰਗ ਮੈਂ ਕਦੇ ਨਹੀਂ ਦੇਖਿਆ। ਯਕੀਨ ਰੱਖ ਮੈਂ ਬਹੁਤ ਸਾਰੇ ਦੇਖੇ ਹੋਏ ਹਨ।''

ਇਸ ਔਰਤ ਨੇ ਮੇਰੇ ਵਿਚ ਬਹੁਤ ਵਿਸ਼ਵਾਸ ਪੈਦਾ ਕਰ ਦਿੱਤਾ ਸੀ। ਮੈਂ ਕਾਹਲੀ ਵਿਚ ਨਹੀਂ ਸਾਂ। ਅਸੀਂ ਦਰੀ 'ਤੇ ਲੰਮੇ ਪੈ ਗਏ ਅਤੇ ਇਕ ਦੂਜੇ ਨੂੰ ਸਹਿਲਾਉਂਦੇ ਰਹੇ। ਉਸ ਨੂੰ ਮਾਲਸ਼ ਕਰਨ ਦਾ ਹੁਨਰ ਆਉਂਦਾ ਸੀ। ਉਸ ਨੇ ਮੇਰੇ ਕੰਨਾਂ ਦੇ ਸਿਰੇ ਆਪਣੇ ਮੂੰਹ ਵਿਚ ਪਾਏ, ਆਪਣੇ ਅੰਗੂਠੇ ਮੇਰੇ ਮੋਢਿਆਂ ਵਿਚ ਦਬਾਏ, ਆਪਣੀਆਂ ਉਂਗਲਾਂ ਮੇਰੇ ਪੇਟ, ਛਾਤੀ, ਪੱਟਾਂ ਅਤੇ ਗੋਡਿਆਂ 'ਤੇ ਲਹਿਰਾਈਆਂ। ਫਿਰ ਉਹ ਮੇਰੇ ਪੈਰਾਂ ਤੱਕ ਉਂਗਲਾਂ ਫੇਰਨ ਲੱਗੀ। ਉਹ ਨੇ ਮੇਰੇ ਪੈਰਾਂ ਦੀਆਂ ਉਂਗਲਾਂ ਅਤੇ ਫਿਰ ਤਲੀਆਂ ਦਬਾਈਆਂ। ਮੇਰੇ ਸਰੀਰ ਦੇ ਸਾਰੇ ਅੰਗਾਂ 'ਤੇ ਉਹਨੇ ਹੱਥ ਫੇਰਿਆ। ਇਸ ਨਾਲ ਮੈਂ ਬਹੁਤ ਅਰਾਮ ਮਹਿਸੂਸ ਕੀਤਾ। ਮੈਂ ਕਿਹਾ, ''ਜੇ ਤੂੰ ਇਸ ਤਰ੍ਹਾਂ ਹੀ ਕਰਦੀ ਰਹੀ ਤਾਂ ਮੈਨੂੰ ਨੀਂਦ ਆ ਜਾਣੀ ਹੈ।'' ਉਹ ਮੇਰੇ ਉੱਪਰ ਆ ਗਈ, ਮੈਨੂੰ ਚੁੰਮਿਆ ਅਤੇ ਕਹਿਣ ਲੱਗੀ, ''ਡਾਰਲਿੰਗ ਤੁਸੀਂ ਸੌਂ ਜਾਓ, ਪਿਆਰ ਮੈਂ ਖੁਦ ਹੀ ਕਰ ਲਵਾਂਗੀ।'' ਫਿਰ ਉਹ ਮੇਰੇ ਉੱਪਰ ਆ ਲੰਮੀ ਪਈ ਅਤੇ ਫਿਰ ਸੌਣ ਦਾ ਬਹਾਨਾ ਕਰਦੇ ਹੋਏ ਕਹਿਣ ਲੱਗੀ, ''ਹੁਣ ਅਸੀਂ ਇੱਥੇ ਹੀ ਸੌਂ ਸਕਦੇ ਹਾਂ।'' ਉਸ ਦੀਆਂ ਹਰਕਤਾਂ ਤੋਂ ਮੈਨੂੰ ਲੱਗਦਾ ਸੀ ਕਿ ਉਹ ਪੂਰੀ ਤਰ੍ਹਾਂ ਜਾਗਦੀ ਸੀ। ਬੜਾ ਆਨੰਦ ਆਇਆ। ਇਹ ਸਿਲਸਿਲਾ ਕਾਫੀ ਦੇਰ ਤੱਕ ਚੱਲਿਆ। ਅਸੀਂ ਵਾਰੀ ਵਾਰੀ ਇਕ ਦੂਜੇ ਦੇ ਉੱਪਰ ਹੁੰਦੇ ਰਹੇ। ਕਰੀਬ ਇਕ ਘੰਟੇ ਬਾਅਦ ਮੈਂ ਉਸ ਨੂੰ ਪੁੱਛਿਆ, ''ਕੀ ਤੂੰ ਤਿਆਰ ਹੈਂ?''

ਉਹ ਨੇ ਸਿਰ ਹਿਲਾਇਆ ਤੇ ਕਹਿਣ ਲੱਗੀ, ''ਮੈਂ ਲੰਮੇ ਸਮੇਂ ਤੋਂ ਤਿਆਰ ਹਾਂ।''

ਉਹਨੇ ਆਪਣੇ ਦੋਵੇਂ ਹੱਥ ਧਰੀ 'ਤੇ ਮਾਰੇ ਤੇ ਮੁਸੀ ਨਾਲ ਚੀਕਣ ਲੱਗੀ। ਅਸੀਂ ਦੋਵੇਂ ਇਕੋ ਸਮੇਂ ਹੀ ਸਿਖਰ 'ਤੇ ਪਹੁੰਚੇ। ਉਸ ਨੇ ਮੇਰੇ ਚੁਆਲੇ ਵਰਗੀਆ ਹੋਈਆ ਲੱਤਾ ਨੂੰ ਢਿੱਲਿਆ ਛੱਡ ਦਿੱਤਾ। ਉਹ ਪੂਰੀ ਤਰ੍ਹਾਂ ਨਿਹਾਲ ਹੋਈ ਪਿਓ ਵਾਂਗ ਲੰਮੀ ਪੈ ਗਈ। ਮਰਦ ਅਤੇ ਔਰਤ ਦੇ ਸ਼ਰੀਰਜਨਤ ਸਹਿਵਾਸ ਨਾਲ ਵੱਧ ਸਹੀ ਜ਼ਿੰਦਗੀ ਵਿਚ ਹੋਰ ਕਿਤੇ ਨਹੀਂ ਮਿਲਦੀ।

ਆਪੇ ਆਈ ਹੋਸ਼ ਵਿਚ ਨਾਲ ਨਾਲ ਮੈਂ ਪਏ ਹੱਥ ਅਤੇ ਉਹ ਕਹਿਣ ਲੱਗੀ, "ਜਿੰਦਗੀ ਨਹੀਂ। ਮੈਂ ਤੁਹਾਨੂੰ ਵਾਅਦਾ ਕਰਦੀ ਹਾਂ।"

ਉਹ ਸਿਖਰਲੇ ਨਿਹਾਲ ਪਲ ਵੀ ਆਪਣੇ ਮੌਨ ਅੰਦਰ 'ਚ ਲੁਕੋ ਗਈ। ਵਾਪਸ ਧਰਤੀ ਤੇ ਉਹਦੇ ਨੰਗ ਦਿਸ ਰਹੇ ਸਨ ਤੇ ਚਿੱਟਿਆ ਹੱਡੀਆ ਸੀ। ਮੈਂ ਨੇ ਅਤੇ ਸਿਆਹ ਨਾਲ ਮੇਰੇ ਅੰਗਾ 'ਤੇ ਮੱਲੜ ਦਿੱਤਾ। ਹਵੇਲੀ ਦਾ ਵਾਹ ਜਿਹਾ ਨਾਮ ਉਹ ਨੇ ਮਲੀ ਜਿੰਨ ਨੂੰ ਸਾਫ਼ ਕੀਤਾ। ਫਿਰ ਉਹ ਨੇ ਹੱਥੀਆ ਮੱਲ ਕਿਹਾ ਤੇ ਮਰ ਨਾਲ ਆ ਲੱਗੀ ਚੱਲੀ।

"ਜਿੰਦ ਮੱਲਾਂ"

ਮੈਂ ਸੱਚ ਮੁੱਚ ਜਿਹਾ, "ਤੇਰਾ ਨੰਗ ਦਾ ਮਰ ਤੇ ਚੰਗ ਆਇਆ ਆਖਿਆ। ਤੂੰ ਤਾ ਇਕ ਕਸਾਈਆ ਨੇ। ਜਿਹਾ ਵਰਗੀ ਤੇਰੇ ਜਿਹਾ ਜਿਹਾ ਜਾਨੀਆ ਨੇ।"

"ਅਜੀਆ ਜਿਹਾ ਤਰਾ ਜਿਹਾ ਤੇ ਜਿਹਾ ਜਿਹਾ ਨੇ ਮਰ?" ਉਸ ਪੁੱਛਿਆ।

"ਮੈਂਹਿਨ ਸਹਿਜ ਜਿਹਾ ਦਾ ਜਿਹਾ ਵੀ ਜਿਹਾ ਜਿਹਾ ਸੀ ਪਰ ਔਰਤਾਂ ਤੋਂ ਕੁਝ ਹੋਰ ਜਿਹਾ ਵੀ ਤਾਰਾ ਵੀ ਤੇ ਮਰ ਦੇ ਜਿਹਾ ਦਾ ਜਾਨਾ ਨਾਲ ਮੱਲੀ ਨੇ?"

"ਮਰੀਆ ਨਾਲ ਨਹੀਂ। ਮੈਂ ਜਿਹਾ ਮੱਲ ਤੇ ਜਾਹਿਰ ਸਮਾਜ ਜਿਹਾ ਚਹਿੰਦੀ ਹਾਂ। ਪੰਜ ਤਾਰਾ ਜਾਨਾ ਜਿਹਾ ਮੱਲ ਜਾਨਾ ਜਾਨਾ ਵੀ ਮੈਂ ਆਪ ਜਿਹਾਨੀਆ ਨਾਲ ਮੌਜ ਲਈ ਸਹਿਮਤ ਹੋਈ ਸਾਂ। ਮੈਨੂੰ ਜਿਹਾ ਮਰ ਦਾ ਸਮਾ ਨਹੀਂ ਸੀ ਆਇਆ। ਸਹਿਜਾ ਪਹਿਲ ਸਦੇ ਆਪਣਾ ਕੰਮ ਮੁਕਾਉਣ ਤੇ ਆਮਾਦਾ ਹੋ ਜਾਣਾ ਜਿਹਾ ਤਰਾਨਾ ਜਿਹਾ ਸਮ ਤਾ ਮੈਨੂੰ ਬੜਾ ਚੰਗਾ ਲੱਗਦਾ ਸੀ। ਪਰ ਆਪ ਸਮਾ ਤੇ ਆਮਾਦਾ ਜਿਹਾ ਆਪ ਤਾਰ ਸੰਭਾਲ ਲੱਗ ਪਈ। ਮੈਂ ਕਦੇ ਵੀ ਆਪਣੇ ਆਪ ਨੂੰ ਜੰਤੀ ਨਹੀਂ ਸੀ ਮਹਿਸੂਸ ਕੀਤਾ। ਪਰ ਜਿਸ ਤਰ੍ਹਾਂ ਦਾ ਪਿਆਰ ਤੂੰ ਕੀਤਾ ਹੈ, ਉਸ ਤਰ੍ਹਾਂ ਦਾ ਮਜ਼ਾ ਕਦੇ ਨਹੀਂ ਆਇਆ। ਕੀ ਤੂੰ ਨਿਰੰਤ ਵੀ ਵਰਤੋਂ ਨਹੀਂ ਕਰਦਾ?"

"ਮੈਂ ਕਰਦਾ ਹਾਂ। ਪਰ ਅੱਜ ਮੈਂ ਖੁੰਝ ਗਿਆ, ਮੱਲੀ।"

"ਜੇ ਮੈਂ ਗਰਭਵਤੀ ਹੋ ਜਾਵਾਂ ਫੇਰ? ਮੈਨੂੰ ਤੇਰਾ ਬੱਚਾ ਜੰਮਣ ਵਿਚ ਕੋਈ ਇਤਰਾਜ਼ ਨਹੀਂ? ਪਰ ਲੋਕੀਂ ਕੀ ਕਹਿਣਗੇ? ਉਹ ਮੈਨੂੰ ਗਾਲ੍ਹਾਂ ਕੱਢਣਗੇ। ਸਾਡੇ ਚਰਚ ਦਾ ਪਾਦਰੀ ਵੀ ਮਾਫ਼ ਨਹੀਂ ਕਰੇਗਾ ਅਤੇ ਤੂੰ ਮੇਰੇ ਨਾਲ ਸਾਦੀ ਕਰਨੀ ਨਹੀਂ।"

"ਤੂੰ ਆਪਣੇ ਆਪ ਹੀ ਕੋਈ ਇੰਤਜਾਮ ਕਿਉਂ ਨਹੀਂ ਕਰਦੀ?"

ਉਹਨੇ ਮੇਰੀਆਂ ਗੱਲ੍ਹਾਂ ਥਪਥਪਾਉਂਦੇ ਹੋਏ ਕਿਹਾ, "ਚਿੰਤਾ ਨਾ ਕਰ ਮੈਂ ਗੋਲੀ ਖਾ ਰਹੀ ਹਾਂ। ਜਿੰਨੀ ਦੇਰ ਮੈਂ ਤੇਰੇ ਕੋਲ ਰਹਾਂਗੀ ਉਨੀ ਦੇਰ ਗੋਲੀ ਖਾਂਦੀ ਰਹਾਂਗੀ। ਮੈਨੂੰ ਪਤਾ ਹੈ

ਨਿਰੋਧ ਨਾਲ ਬਹੁਤਾ ਮਜ਼ਾ ਨਹੀਂ ਆਉਂਦਾ।''

ਮੈਂ ਅੱਗ ਵਿਚ ਹੋਰ ਬਾਲਣ ਪਾਉਂਦਾ ਰਿਹਾ। ਅਸੀਂ ਸਾਰੀ ਰਾਤ ਦਰੀ 'ਤੇ ਹੀ ਬਿਤਾਈ। ਅਸੀਂ ਤਿੰਨ ਵਾਰੀ ਪਿਆਰ ਕੀਤਾ।

ਜੱਦ ਮੌਲੀ ਨੇ ਮੈਨੂੰ ਹਿਲਾ ਕੇ ਜਗਾਇਆ, ਦਿਨ ਚੜ੍ਹ ਆਇਆ ਸੀ। ਆਪਣੇ ਕੱਪੜੇ ਚੁੱਕਦੀ ਹੋਈ ਕਹਿਣ ਲੱਗੀ, ''ਕੋਈ ਪਿਛਲਾ ਦਰਵਾਜ਼ਾ ਖੜਕਾ ਰਿਹਾ ਹੈ।''

''ਇਹ ਜ਼ਰੂਰ ਨੌਕਰ ਹੋਣਗੇ। ਮੈਂ ਬਹੁਤ ਜ਼ਿਆਦਾ ਸੁੱਤਾ ਰਿਹਾ।'' ਜਦੋਂ ਉਹ ਦੌੜ ਕੇ ਆਪਣੇ ਬੈੱਡਰੂਮ ਵਿਚ ਗਈ ਤਾਂ ਮੈਂ ਆਪਣਾ ਗਾਊਨ ਪਹਿਨਿਆ ਅਤੇ ਕਾਹਲੀ ਕਾਹਲੀ ਪੌੜੀਆਂ ਉਤਰਿਆ ਤਾਂ ਕਿ ਨੌਕਰਾਂ ਨੂੰ ਅੰਦਰ ਲਿਆ ਸਕਾਂ। ਮੈਂ ਉਹਨਾਂ ਨੂੰ ਕਿਹਾ, ''ਮੈਂ ਰਾਤ ਬੜੀ ਦੇਰ ਨਾਲ ਸੁੱਤਾ। ਸਵੇਰ ਦੀ ਚਾਹ ਮੈਂ ਆਪਣੇ ਬਿਸਤਰੇ ਵਿਚ ਪੀਵਾਂਗਾ। ਮੇਮ ਸਾਹਬ ਨੂੰ ਉਹਨਾਂ ਦੀ ਚਾਹ ਉਹਨਾਂ ਦੇ ਕਮਰੇ ਵਿਚ ਪਹੁੰਚਾ ਦਿਉ।''

ਮੈਂ ਫੇਰ ਦੌੜ ਕੇ ਉੱਪਰ ਗਿਆ। ਆਪਣੇ ਬਿਸਤਰੇ ਨੂੰ ਸਿਲਵਟਾਂ ਪਾਈਆਂ ਜਿਵੇਂ ਮੈਂ ਇਸ ਉਤੇ ਸੁੱਤਾ ਸਾਂ।

ਮੈਂ ਮੌਲੀ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਤੇ ਕਿਹਾ, ''ਸਵੇਰ ਦੀ ਚਾਹ ਬਿਸਤਰੇ ਵਿਚ ਪੀਣਾ ਚਾਹੋਂਗੀ ਜਾਂ ਮੇਰੇ ਨਾਲ ਬੈਠ ਕੇ?''

''ਮੈਂ ਇਕ ਸਕਿੰਟ ਵਿਚ ਆਈ।''

ਜਦੋਂ ਬਾਹਰ ਆਈ ਤਾਂ ਉਸਨੇ ਆਪਣਾ ਮੂੰਹ ਧੋਤਾ ਹੋਇਆ ਸੀ ਅਤੇ ਬਹੁਤ ਖ਼ੁਸ਼ੀ ਨਾਲ ਚਹਿਕ ਰਹੀ ਸੀ। ਬੇਅਰੇ ਅਤੇ ਰਸੋਈਏ ਨੂੰ ਨਮਸਕਾਰ ਕੀਤੀ। ਫੇਰ ਮੇਰੇ ਵਲ ਵੇਖ ਕੇ ਸ਼ਰਾਰਤੀ ਢੰਗ ਨਾਲ ਮੁਸਕਰਾਈ ਅਤੇ ਪੁੱਛਣ ਲੱਗੀ, ''ਤੁਹਾਡਾ ਕੀ ਹਾਲ ਹੈ? ਕੀ ਨੀਂਦ ਚੰਗੀ ਆਈ?''

''ਬੜੀ ਕਮਾਲ ਦੀ ਨੀਂਦ ਆਈ।'' ਇਸ ਦੇ ਨਾਲ ਹੀ ਮੈਂ ਗਾਲ੍ਹ ਕੱਢ ਦਿੱਤੀ।

ਉਹਨੇ ਸਕੂਲ ਅਧਿਆਪਕਾਂ ਵਾਂਗ ਆਪਣੀ ਉਂਗਲ ਸਿੱਧੀ ਕਰਦੇ ਹੋਏ ਮੈਨੂੰ ਝਾੜਿਆ ਅਤੇ ਕਿਹਾ, ''ਕੋਈ ਗੰਦੀ ਗੱਲ ਨਹੀਂ ਕਰਨੀ। ਪਿਛਲੀ ਸ਼ਾਮ ਨੂੰ ਖੁਸ਼ਗਵਾਰ ਬਣਾਉਣ ਲਈ ਥੈਂਕ ਯੂ। ਅੱਜ ਦਾ ਕੀ ਪ੍ਰੋਗਰਾਮ ਹੈ?''

''ਇਕ ਘੰਟੇ ਵਿਚ ਮੈਂ ਦਫ਼ਤਰ ਚਲਾ ਜਾਵਾਂਗਾ। ਡਰਾਈਵਰ ਕਾਰ ਲੈ ਕੇ ਵਾਪਸ ਆ ਜਾਵੇਗਾ। ਉਹਦਾ ਨਾਂ ਜੀਵਨ ਰਾਮ ਹੈ। ਉਹ ਤੈਨੂੰ ਸ਼ਹਿਰ ਦਾ ਚੱਕਰ ਲਵਾਏਗਾ- ਜਿੱਥੇ ਵੀ ਤੂੰ ਜਾਣਾ ਚਾਹੇਂ-ਬਾਜ਼ਾਰ, ਪੁਰਾਣੀਆਂ ਇਮਾਰਤਾਂ ਤੇ ਅਜਾਇਬ ਘਰ ਜਾਂ ਗੈਲਰੀਆਂ। ਛੇ ਵਜੇ ਦੇ ਕਰੀਬ ਉਹ ਮੈਨੂੰ ਦਫ਼ਤਰੋਂ ਲੈ ਲਵੇਗਾ।''

''ਤੁਹਾਨੂੰ ਇਕ ਗੱਲ ਦੱਸਾਂ! ਮੈਂ ਤੁਹਾਡੇ ਰਸੋਈਏ ਦੇ ਨਾਲ ਜਾ ਕੇ ਰਾਤ ਦੇ ਖਾਣੇ ਦਾ ਸਾਮਾਨ ਖਰੀਦ ਕੇ ਲਿਆਵਾਂਗੀ। ਅੱਜ ਸ਼ਾਮ ਦਾ ਖਾਣਾ ਮੈਂ ਬਣਾਵਾਂਗੀ।''

ਮੈਂ ਸਾਰਾ ਦਿਨ ਦਫ਼ਤਰ ਵਿਚ ਬਿਤਾਇਆ। ਮੇਰਾ ਮਨ ਕੰਮ ਵਿਚ ਨਹੀਂ ਸੀ। ਰਾਤ

ਮੱਲੀ ਗੋਮਜ਼ ਦੇ ਨਾਲ ਕੀਤੇ ਪਿਆਰ ਵੱਲ ਧਿਆਨ ਜਾ ਰਿਹਾ ਸੀ। ਮੈਂ ਉਬਾਸੀਆਂ ਲੈ ਰਿਹਾ ਸਾਂ ਅਤੇ ਮੇਰਾ ਉਹਨਾਂ ਗੱਲਾਂ ਵੱਲ ਧਿਆਨ ਨਹੀਂ ਸੀ ਜਾ ਰਿਹਾ ਜਿਹੜੀਆਂ ਮੇਰੇ ਸਟਾਫ ਵੱਲੋਂ ਕਹੀਆਂ ਜਾ ਰਹੀਆਂ ਸਨ। ਦੁਪਹਿਰ ਦੇ ਖਾਣੇ ਸਮੇਂ ਮੈਂ ਸੂਪ ਅਤੇ ਸੈਂਡਵਿਚ ਮੰਗਾਏ। ਮੈਂ ਬਿਮਲਾ ਸ਼ਰਮਾ ਨੂੰ ਕਿਹਾ ਕਿ ਜਿੰਨੀ ਦੇਰ ਮੈਂ ਨਾ ਕਹਾਂ ਉਨੀ ਦੇਰ ਮੈਨੂੰ ਟੈਲੀਫੋਨ ਕਾਲ ਲਈ ਤੰਗ ਨਾ ਕਰੇ। ਮੈਂ ਸੋਫੇ 'ਤੇ ਲੰਮਾ ਪੈ ਗਿਆ ਅਤੇ ਤੁਰੰਤ ਹੀ ਨੀਂਦ ਆ ਗਈ। ਮੈਂ ਤਿੰਨ ਘੰਟੇ ਸੁੱਤਾ ਰਿਹਾ। ਫਿਰ ਮੈਂ ਆਪਣਾ ਮੂੰਹ ਧੋਤਾ ਤੇ ਚਾਹ ਮੰਗਵਾਈ। ਮੈਂ ਚਾਹ ਪੀ ਕੇ ਤਰੋ ਤਾਜ਼ਾ ਹੋ ਗਿਆ ਅਤੇ ਫਿਰ ਮੈਂ ਡਾਕ ਦੇਖੀ, ਚਿੱਠੀਆਂ 'ਤੇ ਦਸਤਖਤ ਕੀਤੇ। ਛੇ ਵਜੇ ਤੱਕ ਮੈਂ ਆਪਣਾ ਮੇਜ਼ ਖਾਲੀ ਕਰ ਦਿੱਤਾ ਸੀ ਅਤੇ ਘਰ ਜਾਣ ਲਈ ਤਿਆਰ ਸੀ। ਮੋਲੀ ਉੱਪਰਲੀ ਮੰਜ਼ਲ 'ਤੇ ਸੀ। ਜਦੋਂ ਮੈਂ ਉੱਪਰ ਗਿਆ ਤਾਂ ਮੈਂ ਸੁਣਿਆ ਕਿ ਸਟੀਰੀਓ ਪੂਰੀ ਆਵਾਜ਼ ਵਿਚ ਵੱਜ ਰਿਹਾ ਸੀ। ਕੋਈ ਓਪੇਰਾ ਚੱਲ ਰਿਹਾ ਸੀ। ਇਹ ਮੇਰੀ ਕੈਸੇਟ ਨਹੀਂ ਸੀ। ਮੈਂ ਕਦੀ ਵੀ ਓਪੇਰੇ ਦਾ ਸੰਗੀਤ ਪਸੰਦ ਨਹੀਂ ਸੀ ਕਰਦਾ। ਮੋਲੀ ਨੇ ਮੇਰੇ ਕਦਮਾਂ ਦੀ ਥਾਪ ਸੁਣੀ। ਸੰਗੀਤ ਦੀ ਆਵਾਜ਼ ਘੱਟ ਕੀਤੀ ਅਤੇ ਪੌੜੀਆਂ ਦੇ ਸਿਰੇ 'ਤੇ ਖੜ੍ਹ ਕੇ ਹੈਲੋ ਕਿਹਾ। ਉਹ ਹੇਠਾਂ ਨੂੰ ਝੁਕੀ ਅਤੇ ਕਹਿਣ ਲੱਗੀ, ''ਸਵਾਗਤ ਹੈ ਮਿਸਟਰ ਕੁਮਾਰ! ਮੈਨੂੰ ਭਰੋਸਾ ਹੈ ਦਫ਼ਤਰ ਵਿਚ ਤੁਹਾਡਾ ਦਿਨ ਚੰਗਾ ਬੀਤਿਆ ਹੋਵੇਗਾ। ਤੁਹਾਨੂੰ ਮੇਰਾ ਨਵਾਂ ਸਟਾਈਲ ਕਿਦਾਂ ਦਾ ਲੱਗਾ? ਇਹ ਕੱਪੜੇ ਅੱਜ ਹੀ ਸਵੇਰੇ ਖਰੀਦੇ ਹਨ।'' ਅਜਿਹਾ ਕਹਿੰਦੇ ਹੋਏ ਇਕ ਵਾਰ ਫੇਰ ਝੁਕੀ।

ਉਹਨੇ ਸਲਵਾਰ ਕਮੀਜ਼ ਪਾਏ ਹੋਏ ਸਨ ਅਤੇ ਮੋਢਿਆਂ 'ਤੇ ਗੂੜ੍ਹੇ ਲਾਲ ਰੰਗ ਦਾ ਦੁਪੱਟਾ ਲਿਆ ਹੋਇਆ ਸੀ। ਮੱਥੇ 'ਤੇ ਲਾਲ ਬਿੰਦੀ ਵੀ ਲਾਈ ਹੋਈ ਸੀ। ਉਹ ਕਹਿਣ ਲੱਗੀ, ''ਮੈਂ ਸੋਚਿਆ ਕਿ ਗੋਆ ਦੀ ਕਾਲੀ ਇਸਾਈ ਮੇਮ ਸਾਹਬ ਨਾਲੋਂ ਮੈਨੂੰ ਸ੍ਰੀ ਮੋਹਨ ਕੁਮਾਰ ਨਾਲ ਰਹਿੰਦਿਆਂ ਪੰਜਾਬੀ ਹਿੰਦੂ ਸ੍ਰੀਮਤੀ ਦਿਖਾਈ ਦੇਣਾ ਚਾਹੀਦਾ ਹੈ।''

ਮੈਂ ਜਵਾਬ ਦਿੱਤਾ, ''ਇਹ ਕੱਪੜੇ ਤੈਨੂੰ ਬਹੁਤ ਜਚੇ ਹਨ। ਮੈਨੂੰ ਲਗਦਾ ਹੈ ਕਿ ਜੋ ਵੀ ਪਾ ਲਵੇਂ ਤੈਨੂੰ ਉਹ ਹੀ ਜੱਚ ਜਾਵੇਗਾ। ਤੇਰਾ ਸਰੀਰ ਹੀ ਇਸ ਤਰ੍ਹਾਂ ਦਾ ਹੈ।''

ਉਹਨੇ ਝੁਕਦੇ ਹੋਏ ਜਵਾਬ ਦਿੱਤਾ, ''ਸ਼ੁਕਰੀਆ ਜਨਾਬ। ਤੁਹਾਡਾ ਰਸੋਈਆ ਮੈਨੂੰ ਆਈ. ਐਨ. ਏ. ਨਾਮ ਦੀ ਕਿਸੇ ਮਾਰਕੀਟ ਵਿਚ ਲੈ ਗਿਆ ਸੀ। ਉੱਥੇ ਸੰਸਾਰ ਦੀ ਹਰ ਚੀਜ਼ ਮਿਲਦੀ ਸੀ। ਅਸੀਂ ਕਈ ਤਰ੍ਹਾਂ ਦੀਆਂ ਮੱਛੀਆਂ ਅਤੇ ਹੋਰ ਖਾਣ ਦਾ ਸਮਾਨ ਦੇਖਿਆ। ਫਿਰ ਮੈਂ ਕਰੈਬ ਲੈ ਲਿਆ। ਇਸ ਨੂੰ ਆਪਣੇ ਹੱਥਾਂ ਨਾਲ ਪਕਾਇਆ ਹੈ। ਗੋਆ ਦੇ ਖਾਸ ਤਰੀਕੇ ਨਾਲ। ਇਸ ਵਿਚ ਥੋੜੀ ਵਾਇਨ ਪਾ ਕੇ। ਆਸ ਹੈ ਤੁਹਾਨੂੰ ਪਸੰਦ ਆਵੇਗਾ।''

ਮੈਂ ਆਪਣਾ ਕੋਟ, ਟਾਈ ਅਤੇ ਜੁੱਤੀਆਂ ਲਾਹੀਆਂ ਅਤੇ ਗਰਮ ਗਾਊਨ ਪਾਇਆ ਅਤੇ ਪੈਰੀਂ ਸਲਿੱਪਰ ਪਾ ਲਏ। ਮੈਂ ਬੇਅਰੇ ਨੂੰ ਕਿਹਾ ਕਿ ਬੈਠਕ ਵਿਚ ਅੱਗ ਬਾਲ ਦੇਵੇ ਅਤੇ ਸ਼ਰਾਬ ਲਈ ਗਲਾਸ ਰੱਖ ਦੇਵੇ।

''ਖਰੀਦਦਾਰੀ ਅਤੇ ਖਾਣਾ ਬਣਾਉਣ ਤੋਂ ਬਿਨਾਂ ਤੂੰ ਕੀ ਕੀਤਾ?''

''ਸੁੱਤੀ ਰਹੀ ਤਿੰਨ ਘੰਟੇ, ਜਾਂ ਸ਼ਾਇਦ ਚਾਰ ਘੰਟੇ, ਕੱਲ ਰਾਤ ਤੂੰ ਮੈਨੂੰ ਤੰਗ ਕਰ ਮਾਰਿਆ।''

ਇਹ ਗੱਲ ਸੁਣ ਕੇ ਮੈਨੂੰ ਖ਼ੁਸ਼ੀ ਹੋਈ। ਮੈਂ ਜਵਾਬ ਦਿੱਤਾ, ''ਮੇਰਾ ਵੀ ਇਹੀ ਹਾਲ ਹੈ। ਦੁਪਹਿਰ ਤੋਂ ਬਾਅਦ ਦਫ਼ਤਰ ਵਿਚ ਸੁੱਤਾ ਹੀ ਰਿਹਾ।''

ਉਹ ਕਹਿਣ ਲੱਗੀ, ''ਜਨਾਬ ਇਸ ਤੋਂ ਸਬਕ ਸਿਖਣਾ ਚਾਹੀਦਾ ਹੈ। ਬਾਕੀ ਦੇ ਕੰਮਾਂ ਵਾਂਗ ਹੀ ਇਹ ਕੰਮ ਵੀ ਸੰਕੋਚ ਵਿਚ ਕਰਨਾ ਚਾਹੀਦਾ ਹੈ। ਫਿਰ ਵੀ ਮੈਂ ਤੈਨੂੰ ਦੱਸ ਦੇਵਾਂ ਕਿ ਮੈਨੂੰ ਮਹਾਂਵਾਰੀ ਆ ਗਈ ਹੈ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਮੈਂ ਗਰਭਵਤੀ ਨਹੀਂ ਹੋਈ। ਇਸ ਲਈ ਅਗਲੇ ਚਾਰ ਦਿਨਾਂ ਤੱਕ ਕੋਈ ਗੜਬੜ ਨਹੀਂ।''

ਇਹ ਸੁਣ ਕੇ ਮੈਨੂੰ ਵੀ ਰਾਹਤ ਮਿਲੀ। ਮੈਂ ਨਹੀਂ ਸੀ ਚਾਹੁੰਦਾ ਕਿ ਉਹਨੂੰ ਇੰਝ ਲੱਗੇ ਕਿ ਪਹਿਲੀ ਰਾਤ ਵਰਗਾ ਜੋਸ਼ ਹਰ ਰੋਜ਼ ਦੁਹਰਾਉਣ ਦੇ ਸਮਰੱਥ ਹਾਂ। ਮੈਂ ਜਵਾਬ ਦਿੱਤਾ, ''ਠੀਕ ਹੈ, ਸੈਕਸ ਤੋਂ ਚਾਰ ਦਿਨ ਦੀ ਜਬਰੀ ਛੁੱਟੀ। ਚਾਰ ਦਿਨ ਆਪੋ ਆਪਣੇ ਥਾਂ ਰਹਾਂਗੇ। ਫੇਰ ਅਸੀਂ ਪਿਆਰ ਦਾ ਸਮਾਂ ਬੰਨ੍ਹਾਂਗੇ। ਨਾ ਬਹੁਤ ਜ਼ਿਆਦਾ ਨਾ ਬਹੁਤ ਘੱਟ।''

ਮੋਲੀ ਨੇ ਬਹੁਤ ਕਮਾਲ ਦਾ ਖਾਣਾ ਬਣਾਇਆ ਸੀ। ਸੂਪ ਮਸਾਲੇ ਦਾਰ ਅਤੇ ਗਰਮ ਸੀ, ਕਰੈਬ ਬਹੁਤ ਹੀ ਸੁਆਦਲਾ ਅਤੇ ਕਸਟਰਡ ਏਨਾ ਵਧੀਆ ਕਿ ਅਮਰੀਕਾ ਜਾਂ ਇੰਗਲੈਂਡ ਵਿਚ ਨਾ ਮਿਲੇ।

ਮੈਂ ਉਸ ਦੀ ਉਸਤਤ ਕੀਤੀ, ''ਤੂੰ ਹਰ ਕੰਮ ਵਿਚ ਹੀ ਮਾਹਰ ਲੱਗਦੀ ਹੈਂ।''

''ਹਰ ਕੰਮ ਤੋਂ ਤੇਰਾ ਕੀ ਮਤਲਬ ਹੈ? ਅਸੀਂ ਸਿਰਫ ਖਾਣੇ ਦੀ ਗੱਲ ਕਰ ਰਹੇ ਹਾਂ।'' ਉਹ ਨੇ ਇਹ ਗੱਲ ਹੱਸਦੇ ਹੋਏ ਕਹੀ।

''ਹਰ ਕੰਮ ਦਾ ਮਤਲਬ ਹੈ ਕਿ ਹਰ ਕੰਮ, ਸਣੇ ਉਸ ਕੰਮ ਦੇ ਜੋ ਤੂੰ ਸਮਝ ਰਹੀ ਹੈਂ।''

''ਮੈਂ ਕਿਸੇ ਤੇ ਨਿਰਭਰ ਨਹੀਂ ਕਰਦੀ। ਮੈਂ ਆਪਣੇ ਕੱਪੜੇ ਖੁਦ ਸਿਉਂਦੀ ਹਾਂ ਅਤੇ ਬਿਜਲੀ ਦਾ ਫਿਊਜ਼ ਵੀ ਆਪ ਹੀ ਲਾ ਲੈਂਦੀ ਹਾਂ। ਛੋਟੇ ਜਿਹੇ ਬਜਟ 'ਤੇ ਇਕੱਲਿਆਂ ਗੁਜ਼ਾਰਾ ਕਰਦਿਆਂ ਮੈਨੂੰ ਹਰ ਕੰਮ ਆਪੇ ਹੀ ਕਰਨਾ ਪੈਂਦਾ ਹੈ।''

ਅਸੀਂ ਲੰਮੇ ਸਮੇਂ ਤੱਕ ਅੱਗ ਦੇ ਕੋਲ ਬੈਠੇ ਰਹੇ। ਉਹ ਬਹੁਤ ਖੁਸ਼ਮਿਜਾਜ਼ੀ ਨਾਲ ਗੋਆ ਬਾਰੇ, ਆਪਣੇ ਮਾਤਾ ਪਿਤਾ ਅਤੇ ਭਰਾਵਾਂ ਬਾਰੇ, ਆਪਣੇ ਭਤੀਜੇ ਅਤੇ ਭਤੀਜਿਆਂ ਬਾਰੇ ਗੱਲਾਂ ਕਰਦੀ ਰਹੀ। ਇਹਨਾਂ ਸਭ ਦੇ ਨਾਮ ਪੁਰਤਗੇਜ਼ੀ ਸਨ। ਇਹਨਾਂ ਨਾਵਾਂ ਨੂੰ ਸੁਣ ਕੇ ਇੰਜ ਲੱਗਦਾ ਸੀ ਕਿ ਗੋਆ ਵਿਚ ਸਿਰਫ ਪੁਰਤਗੇਜ਼ੀ ਕੈਥੋਲਕ ਹੀ ਰਹਿੰਦੇ ਸਨ। ਉਹ ਕਹਿਣ ਲੱਗੀ, ''ਅਸਲੀ ਗੱਲ ਇਹ ਹੈ ਕਿ ਹਿੰਦੂਆਂ ਦੀ ਗਿਣਤੀ ਸਾਡੇ ਨਾਲੋਂ ਵੱਧ ਹੈ। ਉਹ ਸਾਡੇ ਨਾਲੋਂ ਅਮੀਰ ਵੀ ਬਹੁਤ ਹਨ। ਬਹੁਤ ਸਾਰੇ ਕਰੋੜਪਤੀ ਵੀ ਸਨ। ਬਹੁਤ ਬਹੁਤ

ਅਮੀਰ। ਵੱਡੇ ਵੱਡੇ ਮਕਾਨ ਪਰ ਸਟਾਈਲ ਕੋਈ ਨਹੀਂ। ਨਾ ਹੀ ਮੌਜ ਮੇਲਾ। ਅਸੀਂ ਜ਼ਿੰਦਗੀ ਦਾ ਆਨੰਦ ਮਾਣਦੇ ਹਾਂ। ਪੀਂਦੇ ਹਾਂ, ਨੱਚਦੇ ਹਾਂ, ਗਾਉਂਦੇ ਹਾਂ ਅਤੇ ਚੰਗਾ ਖਾਂਦੇ ਹਾਂ। ਉਹ ਤਾਂ ਸਿਰਫ ਪੈਸਾ ਬਣਾਉਂਦੇ ਹਨ। ਤੁਲਸੀ ਦੀ ਪੂਜਾ ਕਰਦੇ ਹਨ ਅਤੇ ਛੁੱਟੀਆਂ ਵਾਲੇ ਦਿਨ ਮੰਗੇਸ਼ ਮੰਦਰ ਜਾ ਆਉਂਦੇ ਹਨ। ਭਾਵੇਂ ਉਹਨਾਂ ਦੀ ਗਿਣਤੀ ਸਾਥੋਂ ਵੱਧ ਹੈ ਫਿਰ ਵੀ ਉਹਨਾਂ ਨੂੰ ਮੰਦਰਾਂ ਨਾਲੋਂ ਸਾਡੇ ਗਿਰਜੇ ਬਹੁਤੇ ਹਨ। ਅਸੀਂ ਇਸਾਈ ਲੋਕ ਹਿੰਦੂਆਂ ਦੇ ਮੁਕਾਬਲੇ ਗਿਰਜਾਂ ਘਰਾਂ ਵਿਚ ਬਹੁਤੀ ਵਾਰ ਜਾਂਦੇ ਹਾਂ। ਅਸੀਂ ਹਿੰਦੂਆਂ ਨੂੰ ਬਹੁਤਾ ਪਸੰਦ ਵੀ ਨਹੀਂ ਕਰਦੇ ਅਤੇ ਉਨ੍ਹਾਂ ਨਾਲ ਸ਼ਾਦੀਆਂ ਵੀ ਨਹੀਂ ਕਰਦੇ।''

''ਤਾਂ ਤੂੰ ਮੈਨੂੰ ਨਫਰਤ ਕਰਦੀ ਹੈਂ ਅਤੇ ਮੇਰੇ ਨਾਲ ਇਸ ਕਰਕੇ ਸ਼ਾਦੀ ਨਹੀਂ ਕਰੇਂਗੀ ਕਿਉਂਕਿ ਮੈਂ ਹਿੰਦੂ ਹਾਂ।''

''ਮੂਰਖ ਨਾ ਬਣ। ਮੈਂ ਤੇਰੇ ਬਾਰੇ ਨਹੀਂ ਸੀ ਕਹਿ ਰਹੀ ਤੂੰ ਤਾਂ ਅਲੱਗ ਹੈਂ। ਉਹ ਮੇਰੇ ਵੱਲ ਝੁਕੀ ਤੇ ਨੱਕ ਨੂੰ ਚੁੰਮਿਆ।''

ਕਿਉਂਕਿ ਮੌਲੀ ਨੂੰ ਮਹਾਂਵਾਰੀ ਆਈ ਹੋਈ ਸੀ ਅਤੇ ਗੱਲਾਂ ਨਾਲ ਹੀ ਸਾਰਨਾ ਪੈਣਾ ਸੀ ਇਸ ਲਈ ਮੈਂ ਸਹਿਜ ਸੁਭਾਅ ਪੁੱਛਿਆ ''ਤੇਰਾ ਨਾਮ ਗੋਆ ਨਾਲੋਂ ਅੰਗਰੇਜ਼ਾਂ ਵਰਗਾ ਵੱਧ ਲੱਗਦਾ ਹੈ। ਇਹਦਾ ਕੀ ਕਾਰਨ ਹੈ?''

''ਜਦੋਂ ਮੈਂ ਕਾਨਵੈਂਟ ਸਕੂਲ ਵਿਚ ਨਰਸਰੀ ਕਲਾਸ ਵਿਚ ਦਾਖਲ ਹੋਈ ਤਾਂ ਸਕੂਲ ਵਾਲਿਆਂ ਨੇ ਛੋਟਾ ਕਰਕੇ ਮੌਲੀ ਰੱਖ ਦਿੱਤਾ ਸੀ। ਜਨਮ ਵੇਲੇ ਮੇਹਾ ਨਾਮ ਗਜ਼ ਭਰ ਲੰਮਾ ਰੱਖਿਆ ਗਿਆ ਸੀ: ਮਾਰੀਆ ਮੈਨੂਏਲਾ ਫਰਾਂਸੀਕਾ ਜੋਸ ਦਾ ਪਿਦਾਦੇ ਫਿਲੋਮੀਨਾ ਗੋਮਜ਼। ਜੇ ਇਕੋ ਸਾਹ ਲੈਣਾ ਪੈ ਜਾਵੇ ਤਾਂ ਸਾਹ ਚੜ੍ਹ ਜਾਵੇ। ਮੌਲੀ ਛੋਟਾ ਵੀ ਹੈ ਤੇ ਚੰਗਾ ਵੀ ਹੈ। ਮੈਨੂੰ ਇਹ ਨਾਮ ਪਸੰਦ ਹੈ। ਜੇ ਤੂੰ ਮੇਰੇ ਨਾਲ ਸ਼ਾਦੀ ਕਰਨਾ ਚਾਹੇਂ ਤਾਂ ਤੇਰੇ ਨਾਲ ਜੁੜ ਕੇ ਚੰਗਾ ਲੱਗੇਗਾ। ਸਿਮਨੋਰਾ ਮੌਲੀ ਮੋਹਨ ਕੁਮਾਰ! ਤੇਰਾ ਕੀ ਵਿਚਾਰ ਹੈ?''

ਮੈਂ ਇਸ ਮਾਮਲੇ 'ਤੇ ਸੋਚਣਾ ਵੀ ਨਹੀਂ ਚਾਹੁੰਦਾ। ਭਾਵੇਂ ਮੌਲੀ 'ਤੇ ਕਿੰਨਾ ਵੀ ਮੋਹਿਤ ਹੋ ਗਿਆ ਹੋਵਾਂ। ਸਾਡੇ ਸਬੰਧ ਵਾਸਨਾ 'ਤੇ ਅਧਾਰਿਤ ਸਨ। ਜਿਉਂ ਹੀ ਇਕ ਦੂਜੇ ਦੀਆਂ ਉਂਗਲਾਂ 'ਤੇ ਵਿਆਹ ਦੀਆਂ ਮੁੰਦਰਾਂ ਪਾਈਆਂ ਜਾਂਦੀਆਂ ਹਨ ਤਾਂ ਵਾਸਨਾ ਦੀ ਭਾਵਨਾ ਇਕ ਦਮ ਹੀ ਘਟ ਜਾਂਦੀ ਹੈ। ਮੌਲੀ ਨੇ ਮੇਰੀ ਹਾਲਤ ਭਾਂਪ ਲਈ ਅਤੇ ਹਲਕਾ ਜਿਹਾ ਹੱਸ ਕੇ ਕਹਿਣ ਲੱਗੀ, ''ਚਿੰਤਾ ਨਾ ਕਰ ਪਿਆਰੇ. ਮੈਂ ਆਪਣਾ ਨਾਮ ਗੋਮਜ਼ ਤੋਂ ਬਦਲ ਕੇ ਕੁਮਾਰ ਰੱਖਣ ਦੀ ਇੱਛਾ ਨਹੀਂ ਰੱਖਦੀ।''

ਕੁਝ ਚਿਰ ਰੁਕਣ ਅਤੇ ਸਕਾਚ ਦਾ ਘੁੱਟ ਭਰਨ ਤੋਂ ਬਾਅਦ ਮੈਂ ਉਹ ਨੂੰ ਸਵਾਲ ਪੁੱਛਣ ਦੀ ਹਿੰਮਤ ਕਰ ਲਈ ਜਿਹੜਾ ਮੇਰੇ ਮਨ ਵਿਚ ਕਈ ਚਿਰ ਤੋਂ ਅਟਕਿਆ ਹੋਇਆ ਸੀ: ''ਮੌਲੀ ਤੂੰ ਕਿੰਨੇ ਸਾਲਾਂ ਦੀ ਸੀ ਜਦੋਂ ਤੇਰਾ ਕੁਆਰਪਣ ਪਹਿਲੀ ਵਾਰ ਭੰਗ ਹੋਇਆ ਸੀ?''

ਉਹ ਪਹਿਲਾਂ ਵਾਂਗ ਹੀ ਦਰੀ ਉਤੇ ਬੈਠੀ ਹੋਈ ਸੀ। ਉਸਨੇ ਉੱਪਰ ਵੱਲ ਦੇਖਿਆ। ਆਪਣੀਆਂ ਵੱਡੀਆਂ ਅੱਖਾਂ ਮੇਰੇ 'ਤੇ ਟਿਕਾਈਆਂ ਅਤੇ ਬੋਲੀ, ''ਤੂੰ ਇਹ ਕਿਉਂ ਜਾਨਣਾ ਚਾਹੁੰਦਾ ਹੈਂ? ਜੇ ਤੂੰ ਮੈਨੂੰ ਇਹ ਦੱਸੇਂ ਕਿ ਤੇਰਾ ਕੁਆਰਪਣ ਕਦੋਂ ਭੰਗ ਹੋਇਆ ਸੀ ਤਾਂ ਮੈਂ ਵੀ ਇਹ ਦੱਸ ਦੇਵਾਂਗੀ। ਕਿ ਮੇਰਾ ਕੁਆਰਪਣ ਕਦੋਂ ਅਤੇ ਕਿਸ ਨੇ ਭੰਗ ਕੀਤਾ।''

''ਠੀਕ ਹੈ।''

ਮੈਨੂੰ ਆਪਣੇ ਸੈਕਸ ਦੇ ਤਜਰਬੇ ਬਾਰੇ ਗੱਲ ਕਰਨ ਵਿਚ ਕੋਈ ਸਮੱਸਿਆ ਨਹੀਂ ਸੀ। ਜੇ ਮੇਰੀ ਗੱਲ ਨਾਲ ਉਹ ਆਪਣੇ ਬਾਰੇ ਗੱਲ ਦੱਸ ਸਕੇ ਤਾਂ ਹੋਰ ਵੀ ਬਿਹਤਰ ਸੀ।

ਇਹ ਸ਼ਾਮ ਵੀ ਬੜੀ ਖੁਸ਼ਗਵਾਰ ਰਹੀ ਅਤੇ ਅਸੀਂ ਬੀਤੇ ਸਮੇਂ ਬਾਰੇ ਗੱਲਾਂ ਕਰਦੇ ਰਹੇ। ਮੈਂ ਉਸ ਨੂੰ ਜੈਸਿਕਾ ਬਰਾਊਨ ਬਾਰੇ ਦੱਸਿਆ।

ਉਹ ਪੁੱਛਣ ਲੱਗੀ, ''ਉਹ ਦੇਖਣ ਵਿਚ ਕਿਸ ਤਰ੍ਹਾਂ ਦੀ ਸੀ?''

''ਰੰਗ ਤੇਰੇ ਵਰਗਾ ਸੀ-ਕਾਫ਼ੀ ਅਤੇ ਕਰੀਮ ਵਰਗਾ। ਉਹ ਕਾਫੀ ਲੰਮੀ ਸੀ ਅਤੇ ਐਥਲੀਟ ਵੀ। ਉਹ ਟੈਨਿਸ ਦੀ ਚੈਂਪੀਅਨ ਸੀ। ਉਹ ਬੜੀ ਭਰਪੂਰ ਸੀ.....।''

ਮੌਲੀ ਨੇ ਫਿਰ ਮੈਨੂੰ ਟੋਕਿਆ, ''ਪਹਿਲ ਉਸ ਨੇ ਕੀਤੀ ਸੀ ਜਾਂ ਤੂੰ?''

''ਉਸ ਨੇ ਕੀਤੀ ਸੀ। ਅਸੀਂ ਕੁਝ ਦਿਨਾਂ ਤੋਂ ਇਕੱਠੇ ਘੁੰਮਦੇ ਫਿਰਦੇ ਸਾਂ। ਇਕ ਦੂਜੇ ਦੇ ਹੱਥ ਫੜਦੇ ਸਾਂ ਅਤੇ ਚੁੰਮਣ ਲੈਂਦੇ ਸਾਂ। ਇਕ ਸ਼ਾਮ ਉਹਨੇ ਆਪਣੇ ਕਮਰੇ ਵਿਚ ਘੁੱਟ ਪੀਣ ਲਈ ਸੱਦਿਆ ਅਤੇ ਅਸਾਂ ਇਕ ਇਕ ਗਿਲਾਸ ਪੀਤਾ ਅਤੇ ਮੈਂ ਉਸ ਦੇ ਸਰੀਰ ਦੀ ਬਣਤਰ ਦੀ ਪ੍ਰਸ਼ੰਸਾ ਕੀਤੀ। ਉਹ ਪੁੱਛਣ ਲੱਗੀ ਕਿ ਮੈਂ ਸੱਚ ਮੁੱਚ ਉਸ ਦੇ ਸਰੀਰ ਨੂੰ ਦੇਖਣਾ ਚਾਹੁੰਦਾ ਹਾਂ? ਮੇਰੇ ਹਾਂ ਕਹਿਣ ਤੋਂ ਪਹਿਲਾਂ ਹੀ ਉਹਨੇ ਆਪਣੇ ਸਾਰੇ ਕੱਪੜੇ ਲਾਹ ਦਿੱਤੇ ਅਤੇ ਅਲਫ ਨੰਗੀ ਹੋ ਕੇ ਮੇਰੇ ਸਾਹਮਣੇ ਖੜ੍ਹ ਗਈ। ਫਿਰ ਹੌਲੀ ਹੌਲੀ ਦੂਜੇ ਪਾਸੇ ਨੂੰ ਘੁੰਮੀ ਅਤੇ ਸਰੀਰ ਦਾ ਦੂਜਾ ਪਾਸਾ ਵੀ ਦਿਖਾਇਆ। ਉਸ ਤੋਂ ਪਹਿਲਾਂ ਮੈਂ ਕਦੇ ਨੰਗੀ ਔਰਤ ਨਹੀਂ ਸੀ ਦੇਖੀ। ਮੈਂ ਉਸ ਨੂੰ ਆਪਣੀ ਬਾਹਾਂ ਵਿਚ ਭਰਨ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਮੈਨੂੰ ਪਿਛਾਂਹ ਧੱਕ ਦਿੱਤਾ ਅਤੇ ਕਹਿਣ ਲੱਗੀ ਕਿ ਜਿੰਨੀ ਦੇਰ ਤੱਕ ਮੈਂ ਆਪਣੇ ਸਰੀਰ ਨੂੰ ਕੱਪੜਿਆਂ ਵਿਚ ਲਕੋ ਕੇ ਰੱਖਾਂਗਾ ਉਨੀ ਦੇਰ ਉਸ ਨੂੰ ਜੱਫੀ ਨਹੀਂ ਪਾ ਸਕਦਾ। ਮੈਂ ਆਪਣੇ ਕੱਪੜੇ ਲਾਹੇ ਤਾਂ ਮੇਰੇ ਅੰਗ ਨੂੰ ਦੇਖ ਕੇ ਦੰਗ ਰਹਿ ਗਈ। ਨਾ ਤਾਂ ਉਹਨੇ ਮੇਰੇ ਪੇਟ ਅਤੇ ਨਾ ਹੀ ਚੌੜੀ ਛਾਤੀ ਵੱਲ ਵੇਖਿਆ। ਬਸ ਇਸ ਵੱਲ ਹੀ ਦੇਖਦੀ ਰਹੀ।।'' ਮੈਂ ਵੀ ਆਪਣੇ ਪੱਟਾਂ ਦੇ ਵਿਚਕਾਰ ਹੱਥ ਮਾਰਿਆ ਅਤੇ ਮੌਲੀ ਹੱਸਣ ਲੱਗੀ। ਫੇਰ ਉਸਨੇ ਪਿਆਰ ਨਾਲ ਅੰਗ ਨੂੰ ਛੋਹਿਆ ਇਸ ਵਿਚ ਤਨਾਅ ਪੈਦਾ ਹੋ ਗਿਆ।

ਉਹ ਪੁੱਛਣ ਲੱਗੀ, ''ਤੁਸੀਂ ਉਸਨੂੰ ਪਿਆਰ ਕੀਤਾ?''

''ਹਾਂ''

''ਕਿੰਨੀ ਵਾਰੀ?''

''ਸਾਰੀ ਰਾਤ। ਮੇਰਾ ਖਿਆਲ ਹੈ ਕਿ ਚਾਰ ਵਾਰੀ। ਥੋੜੀ, ਥੋੜੀ ਦੇਰ ਬਾਦ ਹੀ। ਮੈਂ ਵੀਹਾਂ ਦਾ ਸਾਂ। ਉਹ ਇਕ ਸਾਲ ਵੱਡੀ। ਬੱਸ ਏਨਾ ਹੀ। ਹੁਣ ਤੂੰ ਆਪਣੀ ਪਹਿਲੀ ਵਾਰੀ ਦੀ ਕਹਾਣੀ ਦੱਸ।''

''ਅੱਛਾ ਠੀਕ ਹੈ। ਮੈਂ ਚੌਦਾਂ ਸਾਲ ਦੀ ਸਾਂ ਤੇ ਸਕੂਲ ਵਿਚ ਪੜ੍ਹਦੀ ਸਾਂ। ਪਰ ਮੈਨੂੰ ਮੁੰਡਿਆਂ ਅਤੇ ਕੁੜੀਆਂ ਵਿਚਾਲੇ ਦਾ ਫਰਕ ਪਤਾ ਸੀ। ਮੇਰੇ ਬਹੁਤ ਸਾਰੇ ਕਜ਼ਨ ਸਨ ਜਿਹੜੇ ਬਚਪਨ ਤੋਂ ਇਕ ਦੂਜੇ ਨੂੰ ਅੰਗ ਦਿਖਾਉਂਦੇ ਸਾਂ। ਮੁੰਡੇ ਬੜੀ ਸ਼ਾਨ ਨਾਲ ਦਿਖਾਉਂਦੇ ਸਨ। ਮੁੰਡੇ ਕਿੰਨੀ ਦੂਰ ਤੱਕ ਪਿਸ਼ਾਬ ਦੀ ਧਾਰ ਮਾਰ ਸਕਦੇ ਸਨ। ਕਦੀ ਕਦੀ ਉਹ ਆਪਣੇ ਤਨਾਓ ਵਿਚ ਆਏ ਅੰਗ ਦਿਖਾਉਂਦੇ ਅਤੇ ਦਾਅਵੇ ਕਰਦੇ ਇਹਨਾਂ ਦੀ ਵਰਤੋਂ ਕਰਕੇ ਸਾਡੇ ਅੰਗਾਂ ਨੂੰ ਪੰਕਚਰ ਕਰ ਸਕਦੇ ਸਨ। ਮੈਂ ਇਸ ਮਾਮਲੇ ਵਿਚ ਬਹੁਤ ਕਾਹਲੀ ਸਾਂ। ਤੈਨੂੰ ਪਤਾ ਹੈ ਕਿ ਮੈਂ ਗੰਦੀ ਕੁੜੀ ਸਾਂ। ਪਰ ਪਹਿਲੀ ਵਾਰ ਸਹਿਵਾਸ ਉਹਨਾਂ ਮੁੰਡਿਆਂ ਨਾਲ ਨਹੀਂ ਕੀਤਾ। ਇਹ ਕੰਮ ਤਾਂ ਮੇਰੇ ਮਾਮੇ ਨੇ ਕੀਤਾ, ਜਿਹੜਾ ਮੇਰੇ ਤੋਂ ਵੀਹ ਸਾਲ ਵੱਡਾ ਸੀ। ਜਾਨਵਰ। ਉਹਨੇ ਮੇਰੇ ਵਰਗੀ ਮਾਸੂਮ ਕੁੜੀ ਦਾ ਫਾਇਦਾ ਉਠਾਇਆ।'' ਇਹ ਗੱਲ ਕਹਿੰਦੇ ਹੋਏ ਉਹ ਹੱਸੀ। ਇਹ ਹਾਸਾ ਓਪਰਾ ਜਿਹਾ ਸੀ ''ਖੈਰ ਇਹ ਸਭ ਉਸ ਦਿਨ ਵਾਪਰਿਆ ਜਦੋਂ ਮੇਰਾ ਮਾਮਾ ਮੇਰੇ ਮਾਪਿਆਂ ਨੂੰ ਮਿਲਣ ਆਇਆ ਪਰ ਉਹ ਦੋਵੇਂ ਘਰ ਨਹੀਂ ਸਨ। ਮੈਂ ਹਾਲੀਂ ਵੀ ਸਕੂਲ ਦੀ ਵਰਦੀ ਪਾਈ ਹੋਈ ਸੀ। ਮੇਰੀ ਫਰਾਕ ਗੋਡਿਆਂ ਤੋਂ ਉੱਪਰ ਤੱਕ ਉੱਚੀ ਸੀ ਅਤੇ ਇਸ ਨਾਲ ਮੇਰੇ ਪੱਟ ਪੂਰੀ ਤਰ੍ਹਾਂ ਢਕੇ ਹੋਏ ਨਹੀਂ ਸਨ। ਉਸਨੇ ਮੈਨੂੰ ਹਮੇਸ਼ਾ ਵਾਂਗ ਚੁੰਮਿਆ ਪਰ ਇਸ ਵਾਰੀ ਬੁੱਲ੍ਹਾਂ ਤੋਂ। ਉਹ ਸੋਫੇ ਉਤੇ ਬੈਠ ਗਿਆ, ਮੈਨੂੰ ਆਪਣੀ ਗੋਦੀ ਵਿਚ ਬਿਠਾ ਲਿਆ ਅਤੇ ਮੇਰੀ ਧੌਣ ਦੇ ਪਿਛਲੇ ਪਾਸੇ ਮੇਰੇ ਕੰਨਾਂ ਨੂੰ ਚੁੰਮਣ ਲੱਗਾ। ਉਹਦੀ ਗੋਦੀ ਵਿਚ ਬੈਠਿਆਂ ਮੈਂ ਮਹਿਸੂਸ ਕੀਤਾ ਉਹਦੇ ਪੱਟਾਂ ਵਿਚ ਤਣਾਅ ਆ ਰਿਹਾ ਸੀ। ਫਿਰ ਉਹਨੇ ਮੇਰੀ ਛਾਤੀਆਂ ਨੂੰ ਹੱਥ ਲਾਉਣੇ ਸ਼ੁਰੂ ਕੀਤੇ ਅਤੇ ਫਿਰ ਜ਼ੋਰ ਨਾਲ ਦੱਬਣ ਲੱਗਾ। ਉਸਦਾ ਸਾਹ ਫੁੱਲ ਰਿਹਾ ਸੀ। ਮੈਂ ਜਾਣਦੀ ਸਾਂ ਕਿ ਉਹ ਕੋਈ ਗਲਤ ਕੰਮ ਕਰਨ ਜਾ ਰਿਹਾ ਸੀ ਅਤੇ ਉਸ ਨੂੰ ਰੋਕ ਦੇਣਾ ਚਾਹੀਦਾ ਹੈ ਪਰ ਹੁਣ ਤੱਕ ਮੈਂ ਉਤੇਜਿਤ ਹੋ ਗਈ ਸਾਂ। ਮੈਂ ਉਸ ਨੂੰ ਨਾ ਰੋਕਿਆ। ਉਹਨੇ ਮੈਨੂੰ ਸੋਫੇ ਉਤੇ ਲਿਟਾਇਆ ਅਤੇ ਮੇਰੀ ਫਰਾਕ ਉੱਪਰ ਨੂੰ ਚੁੱਕੀ ਅਤੇ ਮੇਰੀ ਕੱਛੀ ਲਾਹ ਸੁੱਟੀ।

''ਫਿਰ ਉਸ ਨੇ ਆਪਣੀ ਪਤਲੂਨ ਦੇ ਬਟਨ ਖੋਲ੍ਹਣੇ ਸ਼ੁਰੂ ਕੀਤੇ ਅਤੇ ਆਪਣਾ ਮੋਟਾ ਅੰਗ ਬਾਹਰ ਕੱਢਿਆ ਅਤੇ ਮੇਰੇ ਵੱਲ ਨੂੰ ਧਾਇਆ। ਉਹ ਬੜਾ ਕਾਹਲਾ ਸੀ। ਮੈਨੂੰ ਬੜੀ ਤਕਲੀਫ ਹੋਈ ਅਤੇ ਮੈਂ ਦਰਦ ਨਾਲ ਚੀਖ ਪਈ। ਥੋੜ੍ਹੇ ਜਿਹੇ ਧੱਕੇ ਮਾਰਨ ਤੋਂ ਬਾਅਦ ਉਸ ਨੇ ਮੇਰੇ ਪੱਟਾਂ ਵਿਚ ਆਪਣੇ ਆਪ ਨੂੰ ਖਾਰਜ ਕਰ ਦਿੱਤਾ। ਉਹਨੇ ਮੇਰੇ ਤੋਂ ਵਾਅਦਾ ਲਿਆ ਕਿ ਮੈਂ ਆਪਣੇ ਮਾਤਾ ਪਿਤਾ ਨੂੰ ਇਸ ਬਾਰੇ ਨਾ ਦੱਸਾਂ। ਮੈਂ ਸੱਚੀ ਮੁੱਚੀ ਉਹਨਾਂ ਨੂੰ ਨਾ ਦੱਸਿਆ। ਤੈਨੂੰ ਦੱਸਿਆ ਤਾਂ ਹੈ ਕਿ ਮੈਂ ਗੰਦੀ ਕੁੜੀ ਸੀ। ਇੱਥੋਂ ਤੱਕ ਕਿ ਕੰਨਫੈਸ਼ਨ ਕਰਦਿਆਂ ਪਾਦਰੀ ਤਕ ਨੂੰ ਨਾ ਦੱਸਿਆ। ਮੈਂ ਕਿਸੇ ਨੂੰ ਵੀ ਨਾ ਦੱਸਿਆ। ਤੂੰ ਪਹਿਲਾਂ ਬੰਦਾ ਹੈਂ।''

ਮੈਂ ਕਿਹਾ ਕਿ, ''ਇਸ ਦਾ ਬਹੁਤਾ ਮਜ਼ਾ ਤਾਂ ਨਹੀਂ ਆਇਆ ਹੋਣਾ। ਪਹਿਲੀ ਵਾਰ ਸੈਕਸ ਦਾ ਸਹੀ ਆਨੰਦ ਕਦੋਂ ਮਾਣਿਆ?''

ਉਹਦਾ ਜਵਾਬ ਸੀ, ''ਇਕ ਸ਼ਾਮ ਲਈ ਇੰਨਾ ਹੀ ਕਾਫੀ ਹੈ। ਜਦੋਂ ਤੂੰ ਆਪਣੀਆਂ ਹੋਰ ਸਹੇਲੀਆਂ ਬਾਰੇ ਦੱਸੇਂਗਾ ਤਾਂ ਮੈਂ ਵੀ ਆਪਣੀ ਜ਼ਿੰਦਗੀ ਵਿਚ ਆਏ ਮਰਦਾਂ ਬਾਰੇ ਦੱਸਾਂਗੀ।''

ਅੱਗ ਬੁਝ ਗਈ ਸੀ। ਮੈਂ ਹੇਠਾਂ ਗਿਆ ਅਤੇ ਝਾੜੀਆਂ ਵਿਚ ਪਿਸ਼ਾਬ ਕੀਤਾ। ਮੈਂ ਦੇਖਿਆ ਕਿ ਮੈਂ ਹਾਲੇ ਵੀ ਕਾਫੀ ਲੰਮੀ ਧਾਰ ਮਾਰ ਸਕਦਾ ਸਾਂ। ਮੈਂ ਦਰਵਾਜ਼ਾ ਬੰਦ ਕੀਤਾ ਅਤੇ ਉੱਪਰ ਆਇਆ। ਮੌਲੀ ਨੇ ਆਪਣੀਆਂ ਬਾਹਾਂ ਆਪਣੇ ਸਿਰ ਤੋਂ ਉੱਪਰ ਤੱਕ ਖਿੱਚੀਆਂ ਹੋਈਆਂ ਸਨ ਅਤੇ ਮੂੰਹ ਖੋਲ੍ਹ ਕੇ ਉਬਾਸੀਆਂ ਲੈ ਰਹੀ ਸੀ। ਮੈਂ ਉਹਦੀਆਂ ਬਗਲਾਂ ਵਿਚ ਕੁਤ ਕੁਤਾਰੀ ਕੀਤੀ ਅਤੇ ਉਹਨੂੰ ਚੁੱਕ ਕੇ ਪੈਰਾਂ ਭਾਰ ਖੜ੍ਹੀ ਕਰ ਦਿੱਤਾ ਅਤੇ ਹੇਠ ਉਹਨੂੰ ਚੁੱਕ ਲਿਆ। ਉਹ ਬੇਹੱਦ ਖ਼ੁਸ਼ੀ ਨਾਲ ਚੀਕੀ ਅਤੇ ਆਪਣੀਆਂ ਲੱਤਾਂ ਹਵਾ ਵਿਚ ਮਾਰਨ ਲੱਗੀ। ਮੈਂ ਉਹਨੂੰ ਉਹਦੇ ਕਮਰੇ 'ਚ ਲੈ ਗਿਆ ਅਤੇ ਉਹਦੇ ਬਿਸਤਰੇ 'ਤੇ ਜਾ ਸੁੱਟਿਆ। ਉਹਦੇ ਬੁੱਲ੍ਹਾਂ ਨੂੰ ਚੁੰਮ ਕੇ ਮੈਂ ਕਿਹਾ, ''ਸ਼ੁੱਭ ਰਾਤਰੀ, ਅਤੇ ਚੰਗੀ ਨੀਂਦ ਲਵੀਂ। ਦਰਵਾਜ਼ਾ ਖੁੱਲ੍ਹਾ ਰੱਖੀਂ ਕਿਉਂਕਿ ਖਬਰੇ ਰਾਤ ਨੂੰ ਮੇਰਾ ਮਨ ਬਦਲ ਜਾਵੇ। ਮੈਂ ਆਪਣਾ ਦਰਵਾਜ਼ਾ ਖੁੱਲ੍ਹਾ ਰੱਖਾਂਗਾ, ਖਬਰੇ ਰਾਤ ਨੂੰ ਹਨੇਰੇ ਵਿਚ ਤੂੰ ਇਕੱਲੀ ਡਰ ਨਾ ਜਾਵੇਂ ਅਤੇ ਖਬਰੇ ਤੂੰ ਮੇਰੇ ਨਾਲ ਜੱਫੀ ਪਾ ਕੇ ਸੌਣਾ ਚਾਹਵੇਂ।''

ਉਸ ਰਾਤ ਅਸੀਂ ਆਪੋ ਆਪਣੇ ਬਿਸਤਰਿਆਂ ਵਿਚ ਸੁੱਤੇ। ਮੈਂ ਰੋਜ਼ ਵਾਂਗ ਹੀ ਸਵੇਰੇ ਉੱਠਿਆ ਅਤੇ ਨੌਕਰਾਂ ਦੇ ਅੰਦਰ ਆਉਣ ਵਾਲਾ ਦਰਵਾਜ਼ਾ ਖੋਲ੍ਹਿਆ। ਸਵੇਰ ਦੀ ਚਾਹ ਮੈਂ ਇਕੱਲਿਆਂ ਹੀ ਪੀਤੀ ਕਿਉਂਕਿ ਮੌਲੀ ਨੂੰ ਬੈੱਡ ਟੀ ਪੀਣ ਦੀ ਆਦਤ ਨਹੀਂ ਸੀ। ਫੇਰ ਮੈਂ ਅਖ਼ਬਾਰ ਪੜ੍ਹੇ। ਜਦੋਂ ਮੈਂ ਆਪਣੇ ਦਫਤਰ ਦੀਆਂ ਫਾਈਲਾਂ ਪੜ੍ਹ ਰਿਹਾ ਸਾਂ, ਉਦੋਂ ਉਹ ਬਾਹਰ ਨਿਕਲੀ। ਉਸ ਨੇ ਮਹਿਸੂਸ ਕਰ ਲਿਆ ਸੀ ਕਿ ਮੈਂ ਉਸ ਵੇਲੇ ਦਫਤਰ ਦਾ ਕੰਮ ਕਰਨਾ ਚਾਹੁੰਦਾ ਸਾਂ। ਇਸ ਲਈ ਉਹ ਚੁੱਪ ਚੁਪੀਤੇ ਆਪਣੇ ਕਮਰੇ 'ਚ ਵਾਪਸ ਚਲੀ ਗਈ।

ਬੜੀ ਅਜੀਬ ਗੱਲ ਸੀ ਕਿ ਮੇਰਾ ਸਹਿਵਾਸ ਨੂੰ ਭਾਵੇਂ ਜੀਅ ਨਹੀਂ ਸੀ ਕਰਦਾ ਫਿਰ ਵੀ ਮੈਂ ਚਾਹੁੰਦਾ ਸਾਂ ਕਿ ਮੌਲੀ ਮੇਰੇ ਕੋਲ ਰਹੇ। ਮੈਨੂੰ ਪਤਾ ਸੀ ਕਿ ਦੇਰ ਸਵੇਰ ਲੋਕਾਂ ਨੇ ਸਾਡੇ ਬਾਰੇ ਗੱਲਾਂ ਸ਼ੁਰੂ ਕਰ ਦੇਣੀਆਂ ਹਨ। ਮੌਲੀ ਆਪਣੇ ਘਰ ਤੋਂ ਬੜੀ ਦੂਰ ਸੀ। ਇਸ ਕਰਕੇ ਉਸ 'ਤੇ ਬਹੁਤਾ ਅਸਰ ਨਹੀਂ ਸੀ ਪੈਣਾ। ਦਿੱਲੀ ਅਫਵਾਹਾਂ ਫੈਲਾਉਣ ਵਾਲਿਆਂ ਦੀ ਰਾਜਧਾਨੀ ਸੀ ਅਤੇ ਮੇਰੀ ਨਵੀਂ ਦੋਸਤ ਨੇ ਵੀ ਮੇਰੇ ਉਨ੍ਹਾਂ ਮਿੱਤਰਾਂ ਦੀ ਚੁੰਝ ਚਰਚਾ ਦਾ ਪਾਤਰ ਬਣਨਾ ਸੀ, ਜਿਹੜੇ ਦੂਜਿਆਂ ਦੇ ਮਾਮਲਿਆਂ ਨੂੰ ਸੁੰਘਦੇ ਫਿਰਦੇ ਹਨ। ਮੈਂ ਫੈਸਲਾ ਕੀਤਾ ਕਿ ਮੈਂ ਉਨ੍ਹਾਂ ਦੀ ਪਰਵਾਹ ਨਹੀਂ ਕਰਾਂਗਾ ਅਤੇ ਮੌਲੀ ਨੂੰ ਆਪਣੇ ਨਾਲ ਬਾਹਰ ਲਿਜਾਇਆ ਕਰਾਂਗਾ। ਆਖਰਕਾਰ ਜ਼ਿੰਦਗੀ ਹੈ ਵੀ ਕੀ!

ਕਿਸੇ ਨਾ ਕਿਸੇ ਬਹਾਨੇ ਹਰ ਰੋਜ਼ ਹੀ ਮੈਂ ਮਿੱਥੇ ਸਮੇਂ ਤੋਂ ਇਕ ਘੰਟਾ ਪਹਿਲਾਂ ਦਫ਼ਤਰੋਂ ਰਵਾਨਾ ਹੋਣ ਲੱਗਿਆ। ਮੈਂ ਜੀਵਨ ਰਾਮ ਨੂੰ ਛੁੱਟੀ ਦੇ ਦਿੰਦਾ ਅਤੇ ਘਰ ਆ ਕੇ ਮੌਲੀ ਨੂੰ ਨਾਲ ਲੈ ਕੇ ਘੁੰਮਣ ਜਾਂਦਾ। ਪਹਿਲੀ ਸ਼ਾਮ ਉਹਨੇ ਪੁੱਛਿਆ, ''ਅੱਜ ਤੂੰ ਰਤਾ ਤੂੰ ਪਹਿਲਾਂ ਨੀ ਆ ਗਿਆ?''

''ਮੈਂ ਸੋਚਿਆ ਤੈਨੂੰ ਮੈਂ ਇਸ ਸ਼ਹਿਰ ਦੇ ਕੁਝ ਪਾਰਕ ਦਿਖਾਵਾਂ। ਇਨ੍ਹਾਂ ਦਿਨਾਂ ਵਿਚ ਇਹ ਬੜੇ ਖ਼ੂਬਸੂਰਤ ਹੁੰਦੇ ਹਨ-ਫੁੱਲਾਂ ਨਾਲ ਲੱਦੇ ਹੋਏ। ਕੁਝ ਦਿਨਾਂ ਵਿਚ ਹੀ ਇਹ ਫੁੱਲ ਨਹੀਂ ਰਹਿਣਗੇ।''

ਉਸ ਨੇ ਸਲੇਟੀ ਸਕਰਟ ਅਤੇ ਫਲੀਟ ਦੀਆਂ ਜੁੱਤੀਆਂ ਪਾਈਆਂ। ਮੈਂ ਉਹਨੂੰ ਇੰਡੀਆ ਗੇਟ ਤੋਂ ਲੈ ਕੇ ਰਾਜਪਥ ਰਾਹੀਂ ਹੁੰਦਾ ਹੋਇਆ ਰਾਸ਼ਟਰਪਤੀ ਭਵਨ ਤੱਕ ਲੈ ਕੇ ਗਿਆ। ਉਸ ਤੋਂ ਬਾਅਦ ਰਿੱਜ ਤਕ ਅਤੇ ਫੇਰ ਬੁੱਧ ਜਿਅੰਤੀ ਪਾਰਕ ਤੱਕ। ਕਾਰ ਪਾਰਕ ਵਿਚ ਬਹੁਤ ਸਾਰੀਆਂ ਕਾਰਾਂ ਤੇ ਸਕੂਟਰ ਖੜ੍ਹੇ ਸਨ। ਜਿਉਂ ਹੀ ਅਸੀਂ ਪਾਰਕ ਵਿਚ ਦਾਖਲ ਹੋਏ ਦੋਹੇਂ ਪਾਸੀਂ ਗੂੜ੍ਹੇ ਲਾਲ ਰੰਗ ਦੇ ਫੁੱਲ ਖਿੜੇ ਹੋਏ ਸਨ। ਉਸ ਤੋਂ ਅੱਗੇ ਕਾਸ਼ਨੀ ਰੰਗ ਦੇ ਫੁੱਲਾਂ ਦੀਆਂ ਕਿਆਰੀਆਂ ਸਨ। ਮੈਨੂੰ ਫੁੱਲਾਂ ਬਾਰੇ ਬਹੁਤਾ ਕੁਝ ਨਹੀਂ ਪਤਾ। ਪਰ ਮੈਨੂੰ ਬੁੱਧ ਜਿਅੰਤੀ ਪਾਰਕ ਇਸ ਲਈ ਚੰਗਾ ਲੱਗਦਾ ਹੈ ਕਿ ਇਹ ਬਹੁਤ ਵੱਡਾ ਪਾਰਕ ਹੈ ਜਿਸ ਦੇ ਵਿਸ਼ਾਲ ਘਾਹਦਾਰ ਮੈਦਾਨ ਹਨ ਅਤੇ ਹਰੇਕ ਕਿਆਰੀ ਵਿਚ ਹੀ ਕਿਸੇ ਨਾ ਕਿਸੇ ਕਿਸਮ ਦੇ ਫੁੱਲ ਖਿੜੇ ਹੋਏ ਹੁੰਦੇ ਹਨ। ਇਸ ਪਾਰਕ ਵਿਚ ਵੱਖ-ਵੱਖ ਮਹੱਤਵਪੂਰਨ ਬੰਦਿਆਂ ਵੱਲੋਂ ਲਾਏ ਗਏ ਦਰੱਖਤ ਵੀ ਮੌਜੂਦ ਹਨ ਜਿਨ੍ਹਾਂ ਦੇ ਤਣਿਆਂ 'ਤੇ ਉਨ੍ਹਾਂ ਬੰਦਿਆਂ ਦੇ ਨਾਂ ਅਤੇ ਇਨ੍ਹਾਂ ਦਰੱਖਤਾਂ ਨੂੰ ਬੀਜਣ ਦੀਆਂ ਤਾਰੀਕਾਂ ਲਿਖੀਆਂ ਹੋਈਆਂ ਹਨ। ਅਸੀਂ ਇਕ ਦੂਜੇ ਦਾ ਹੱਥ ਫੜੀ ਪੱਤਿਆਂ ਨਾਲ ਭਰੇ ਪਏ ਰਸਤੇ 'ਤੇ ਤੁਰਦੇ ਗਏ। ਇਸ ਰਸਤੇ ਦੇ ਆਲੇ ਦੁਆਲੇ ਅੱਗ ਰੰਗੇ ਫੁੱਲਾਂ ਵਾਲੇ ਦਰੱਖਤ ਉੱਗੇ ਹੋਏ ਸਨ।

ਮੌਲੀ ਨੂੰ ਫੁੱਲਾਂ ਅਤੇ ਦਰੱਖਤਾਂ ਬਾਰੇ ਬੜੀ ਜਾਣਕਾਰੀ ਸੀ ਅਤੇ ਉਹ ਆਪਣੇ ਗਿਆਨ ਦਾ ਪ੍ਰਗਟਾਵਾ ਕਰਨਾ ਪਸੰਦ ਕਰਦੀ ਸੀ। ਕਰੀਬ ਇਕ ਘੰਟਾ ਘੁੰਮਣ ਫਿਰਨ ਤੋਂ ਬਾਅਦ ਉਹ ਮੈਨੂੰ ਕਹਿਣ ਲੱਗੀ, ''ਮੈਂ ਥੱਕ ਗਈ ਹਾਂ। ਮੈਨੂੰ ਮਾਹਵਾਰੀ ਦੇ ਇਨ੍ਹਾਂ ਦਿਨਾਂ ਵਿਚ ਬਹੁਤਾ ਤੁਰਨਾ ਨਹੀਂ ਚਾਹੀਦਾ। ਮੈਂ ਅੰਦਰੋਂ ਗਿੱਲੀ ਅਤੇ ਗੰਦੀ ਮਹਿਸੂਸ ਕਰਦੀ ਹਾਂ। ਮੈਂ ਆਪਣਾ ਪੈਡ ਬਦਲਣਾ ਹੈ।'' ਅਸੀਂ ਪਾਰਕ ਵਿਚ ਬਣੇ ਰੇਸਤਰਾਂ ਵਿਚ ਗਏ। ਉਹ ਬਾਥਰੂਮ ਵਿਚ ਗਈ ਤਾਂ ਕਿ ਆਪਣੇ ਆਪ ਨੂੰ ਸਾਫ਼ ਕਰ ਸਕੇ। ਜਦੋਂ ਉਹ ਬਾਹਰ ਆਈ ਤਾਂ ਬੇਅਰੇ ਨੇ ਮੇਜ਼ 'ਤੇ ਚਾਹ ਰੱਖ ਦਿੱਤੀ ਹੋਈ ਸੀ। ਮੈਂ ਨਾਲ ਹੀ ਸਮੋਸਿਆਂ ਅਤੇ ਪੈਟੀਆਂ ਦੀਆਂ ਪਲੇਟਾਂ ਵੀ ਮੰਗਵਾਈਆਂ ਸਨ। ਮੈਂ ਜਾਣਦਾ ਸਾਂ ਕਿ ਉਹਨੂੰ ਵਾਹਵਾ ਭੁੱਖ ਲੱਗ ਰਹੀ ਹੈ।

ਮੈਂ ਹੌਲੀ ਹੌਲੀ ਇਕ ਸਮੋਸਾ ਖਾਂਦਾ ਰਿਹਾ। ਮੌਲੀ ਨੇ ਬਾਕੀ ਦੀ ਪਲੇਟ ਸਾਫ਼ ਕਰ ਦਿੱਤੀ। ਸੂਰਜ ਰਿੱਜ ਦੇ ਪਿੱਛੇ ਛੁਪ ਗਿਆ ਸੀ ਅਤੇ ਘਾਹਦਾਰ ਮੈਦਾਨਾਂ ਅਤੇ ਫੁੱਲਾਂ ਦੀਆਂ

ਕਿਆਰੀਆਂ 'ਤੇ ਗਹਿਰੇ ਪ੍ਰਛਾਵੇਂ ਫੈਲ ਗਏ ਸਨ। ਰਤਾ ਕੁ ਠੰਡ ਵੀ ਹੋ ਗਈ ਸੀ ਅਤੇ ਲੋਕ ਜਾਣੇ ਸ਼ੁਰੂ ਹੋ ਗਏ ਸਨ। ਮੈਂ ਵੀ ਪੈਸੇ ਦਿੰਦੇ ਹੋਏ ਮੌਲੀ ਨੂੰ ਕਿਹਾ, ''ਚਲੋ ਘਰ ਚੱਲੀਏ।''

ਅਸੀਂ ਆਪਣੀ ਕਾਰ ਤੱਕ ਵਾਪਸ ਪੁੱਜੇ। ਜਦੋਂ ਅਸੀਂ ਵਾਪਸ ਪਰਤ ਰਹੇ ਸਾਂ ਤਾਂ ਉਹ ਪੁੱਛਣ ਲੱਗੀ, ''ਦਿੱਲੀ ਦੇ ਹੋਰ ਪਾਰਕ ਵੀ ਇਸੇ ਤਰ੍ਹਾਂ ਦੇ ਹੀ ਹਨ?''

''ਇੰਨੇ ਵੱਡੇ ਤਾਂ ਨਹੀਂ ਪਰ ਖ਼ੂਬਸੂਰਤ ਇੰਨੇ ਹੀ ਹਨ। ਕੱਲ੍ਹ ਨੂੰ ਮੈਂ ਤੈਨੂੰ ਲੋਧੀ ਗਾਰਡਨ ਦਿਖਾਵਾਂਗਾ। ਉੱਥੇ ਤਾਂ ਕਈ ਬਹੁਤ ਸਾਰੇ ਪੁਰਾਣੇ ਸਮਾਰਕ ਵੀ ਹਨ।''

ਅਗਲੀ ਸ਼ਾਮ ਵੀ ਮੈਂ ਘੰਟਾ ਪਹਿਲਾਂ ਹੀ ਦਫਤਰ ਤੋਂ ਚਲਾ ਗਿਆ ਅਤੇ ਮੌਲੀ ਨੂੰ ਲੋਧੀ ਗਾਰਡਨ ਲੈ ਗਿਆ। ਮੈਂ ਆਪਣੀ ਕਾਰ ਇੰਡੀਆ ਇੰਟਰਨੈਸ਼ਨਲ ਸੈਂਟਰ ਦੇ ਗੇਟ ਲਾਗੇ ਖੜ੍ਹੀ ਕੀਤੀ ਅਤੇ ਅਸੀਂ ਪੁਰਾਤਨ ਮਸਜਿਦ ਦੇ ਸਾਹਮਣੇ ਵਾਲੇ ਰਸਤੇ ਰਾਹੀਂ ਅੰਦਰ ਗਏ। ਇਸ ਮਸਜਿਦ ਦਾ ਗੁੰਬਦ ਕਿਸੇ ਨੌਜਵਾਨ ਔਰਤ ਦੀ ਛਾਤੀ ਵਰਗਾ ਹੈ ਜਿਸ ਦੇ ਸਿਰੇ 'ਤੇ ਮੁਣਮੁਣਾ ਵੀ ਬਣਿਆ ਹੋਇਆ ਹੈ। ਬਹੁਤ ਸਾਰੇ ਫੁੱਲ ਖਿੜੇ ਹੋਏ ਸਨ। ਇਸ ਵਾਰ ਮੈਂ ਹਲਕੇ ਜਿਹੇ ਉਹਨੂੰ ਦੱਸਿਆ, ''ਮੌਲੀ ਇੱਥੇ ਹੱਥ ਨਹੀਂ ਫੜਨੇ। ਇੱਥੇ ਐਸੇ ਲੋਕ ਮਿਲ ਸਕਦੇ ਹਨ ਜਿਹੜੇ ਮੈਨੂੰ ਪਛਾਣਦੇ ਹਨ ਅਤੇ ਉਹ ਜਾਨਣਾ ਚਾਹੁਣਗੇ ਕਿ ਮੇਰੇ ਨਾਲ ਤੀਵੀਂ ਕੌਣ ਹੈ!''

''ਠੀਕ ਹੈ ਬਾਸ। ਹੱਥ ਨਹੀਂ ਫੜਾਂਗੀ। ਤੁਹਾਡੇ ਤੋਂ ਵਾਜਬ ਦੂਰੀ ਕਾਇਮ ਰੱਖੀ ਜਾਏਗੀ।''

ਅਸੀਂ ਪਾਰਕ ਵਿਚ ਤੁਰਦੇ ਹੋਏ ਮੁਹੰਮਦ ਸ਼ਾਹ ਤੁਗਲਕ ਦੇ ਮਕਬਰੇ ਤੱਕ, ਗਰੀਨ ਹਾਊਸ ਤੱਕ ਪੈਦਲ ਗਏ ਅਤੇ ਫੇਰ ਵਾਪਸ ਪਰਤਦੇ ਹੋਏ ਸਿਕੰਦਰ ਲੋਧੀ ਦੇ ਮਕਬਰੇ ਕੋਲ ਦੀ ਹੁੰਦੇ ਹੋਏ ਇੰਡੀਆ ਇੰਟਰਨੈਸ਼ਨਲ ਸੈਂਟਰ ਆ ਗਏ ਜਿੱਥੇ ਅਸਾਂ ਚਾਹ ਪੀਣੀ ਸੀ। ਅਸੀਂ ਲਿੱਲੀ ਫੁੱਲਾਂ ਨਾਲ ਭਰੇ ਤਲਾਬ ਕੋਲ ਕੁਝ ਚਿਰ ਲਈ ਰੁਕੇ। ਇਸ ਤਲਾਬ ਵਿਚ ਭੂਰੇ ਪੱਤਿਆਂ ਦੇ ਉੱਤੇ ਛੇ ਨੀਲੇ ਵਾਟਰ ਲਿਲੀ ਫਲਾਵਰ ਖਿੜੇ ਹੋਏ ਸਨ। ਜਿੰਨੇ ਵੀ ਲੋਕ ਸੈਂਟਰ ਵਿਚ ਆਉਂਦੇ ਸਭ ਤੋਂ ਪਹਿਲਾਂ ਇਨ੍ਹਾਂ ਫੁੱਲਾਂ ਨੂੰ ਦੇਖਦੇ। ਇਕ ਮੈਂਬਰ ਨੇ ਦਿਨ ਦਿਹਾੜੇ ਇਸ ਤਲਾਬ ਵਿਚ ਪਿਸ਼ਾਬ ਕਰਨ ਦੀ ਹਿਮਾਕਤ ਕਰ ਦਿੱਤੀ ਸੀ ਜਿਸ ਕਰਕੇ ਉਸ ਨੂੰ ਤੁਰੰਤ ਬਾਹਰ ਕੱਢ ਦਿੱਤਾ ਗਿਆ ਅਤੇ ਉਹ ਦੀ ਮੈਂਬਰੀ ਰੱਦ ਕਰ ਦਿੱਤੀ ਗਈ।

ਮੈਂ ਚਾਹ ਅਤੇ ਕੇਕ ਦਾ ਆਰਡਰ ਦੇ ਕੇ ਦੋ ਕੁਰਸੀਆਂ ਵਾਲਾ ਮੇਜ਼ ਲੱਭਿਆ। ਹੌਲੀ ਹੌਲੀ ਲੋਕ ਆਉਂਦੇ ਗਏ। ਕੁਝ ਲੋਕਾਂ ਨੇ ਹੈਲੋ ਕਹਿਣ ਲਈ ਆਪਣੇ ਹੱਥ ਵੀ ਹਿਲਾਏ। ਮੇਰਾ ਇਕ ਜਾਣਕਾਰ ਬੰਦਾ ਸਾਡੇ ਮੇਜ਼ ਤੱਕ ਵੀ ਆਇਆ। ਉਹ ਮੌਲੀ ਨੂੰ ਦੇਖ ਕੇ ਕਹਿਣ ਲੱਗਾ, ''ਕੀ ਗੱਲ ਲੰਮੇ ਸਮੇਂ ਤੋਂ ਤੂੰ ਮਿਲਿਆ ਨਹੀਂ!'' ਮੈਂ ਜਾਣਦਾ ਸਾਂ ਕਿ ਉਹ ਇਹ ਨਹੀਂ ਸੀ ਜਾਨਣਾ ਚਾਹੁੰਦਾ ਕਿ ਮੈਂ ਲੰਮੇ ਸਮੇਂ ਤੋਂ ਕਿਉਂ ਨਹੀਂ ਸੀ ਮਿਲਿਆ, ਸਗੋਂ ਇਹ ਜਾਨਣਾ ਚਾਹੁੰਦਾ ਸੀ ਕਿ ਮੇਰੇ ਨਾਲ ਵਾਲੀ ਤੀਵੀਂ ਕੌਣ ਹੈ। ਮੈਂ ਉਹਦਾ ਤੁਆਰਫ ਕਰਵਾਇਆ,

''ਇਹ ਡਾਕਟਰ ਗੋਮਜ਼ ਹੈ। ਅੱਜ ਕੱਲ੍ਹ ਦਿੱਲੀ ਦੇ ਦੌਰੇ 'ਤੇ ਆਈ ਹੋਈ ਹੈ।''

''ਤੁਹਾਨੂੰ ਮਿਲ ਕੇ ਖ਼ੁਸ਼ੀ ਹੋਈ,'' ਮੌਲੀ ਨੇ ਉਸ ਨਾਲ ਹੱਥ ਮਿਲਾਉਂਦੇ ਹੋਏ ਕਿਹਾ।

ਉਹ ਹਰਾਮਜ਼ਾਦਾ ਅੱਗੋਂ ਕਹਿਣ ਲੱਗਾ, ''ਮੈਨੂੰ ਵੀ ਮਿਲ ਕੇ ਬੇਹੱਦ ਖ਼ੁਸ਼ੀ ਹੋਈ। ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ?''

ਇਸ ਤੋਂ ਪਹਿਲਾਂ ਕਿ ਉਹ ਕੋਈ ਜਵਾਬ ਦਿੰਦੀ, ਮੈਂ ਕਿਹਾ, ''ਡਾ. ਗੋਮਜ਼ ਬੰਬਈ ਤੋਂ ਹੈ। ਉਹ ਦਿੱਲੀ ਵਿਚ ਆਪਣੇ ਦੋਸਤਾਂ ਨਾਲ ਰਹਿ ਰਹੀ ਹੈ।'' ਪਰ ਉਹ ਬੰਦਾ ਉੱਥੋਂ ਨਾ ਹਿੱਲਿਆ। ਇਸ ਲਈ ਮੈਂ ਰਤਾ ਕੁ ਸਖਤੀ ਨਾਲ ਉਸ ਤੋਂ ਪਿੱਛਾ ਛੁਡਾਉਣ ਦਾ ਫੈਸਲਾ ਕੀਤਾ। ''ਫਿਰ ਕਿਸੇ ਵੇਲੇ ਮਿਲਾਂਗੇ,'' ਮੈਂ ਕਿਹਾ ਅਤੇ ਮੌਲੀ ਵੱਲ ਮੁੜ ਪਿਆ।

ਉਹਨੂੰ ਸੰਕੇਤ ਮਿਲ ਗਿਆ ਅਤੇ ਉਹ ਆਪਣੇ ਮੇਜ਼ 'ਤੇ ਵਾਪਸ ਚਲਾ ਗਿਆ।

ਕਾਹਲ ਵਿਚ ਵਾਪਸ ਪਰਤ ਕੇ ਮੌਲੀ ਮੈਨੂੰ ਕਹਿਣ ਲੱਗੀ, ''ਤੇਰੇ ਵਰਗਾ ਝੂਠਾ ਮੈਂ ਕੋਈ ਨਹੀਂ ਦੇਖਿਆ। ਬੰਬਈ ਦੀ ਡਾ. ਗੋਮਜ਼ ਜਿਹੜੀ ਦਿੱਲੀ ਵਿਚ ਆਪਣੇ ਦੋਸਤਾਂ ਨਾਲ ਰਹਿ ਰਹੀ ਹੈ! ਬਿਲਕੁਲ! ਕਿਉਂ ਨਹੀਂ ਕਹਿੰਦਾ ਕਿ ਮੈਂ ਗੋਆ ਦੀ ਰਹਿਣ ਵਾਲੀ ਮਾਲਸ਼ਣ ਮੌਲੀ ਹਾਂ, ਜਿਹੜੀ ਮੋਹਣ ਕੁਮਾਰ ਨਾਲ ਰਹਿ ਰਹੀ ਹਾਂ ਅਤੇ ਮੋਹਣ ਕੁਮਾਰ ਨੂੰ ਹਰ ਦੋ ਦਿਨਾਂ ਬਾਅਦ ਨਵੀਂ ਔਰਤ ਦੀ ਲੋੜ ਪੈਂਦੀ ਹੈ।''

ਮੈਂ ਉਸ ਵੱਲ ਝੁਕਿਆ ਅਤੇ ਉਹਦੇ ਕੰਨ 'ਤੇ ਚੁੰਮਦੇ ਹੋਏ ਕਿਹਾ, ''ਦੋ ਦਿਨ ਨਹੀਂ, ਦੋ ਮਹੀਨੇ। ਜੇ ਕੋਈ ਤੇਰੇ ਵਰਗੀ ਮਿਲ ਜਾਏ ਤਾਂ ਕਈ ਕਈ ਸਾਲ। ਤੂੰ ਬਿਲਕੁਲ ਉਸ ਤਰ੍ਹਾਂ ਦੀ ਔਰਤ ਹੈਂ, ਜਿਸ ਤਰ੍ਹਾਂ ਦੀ ਔਰਤ ਦੀ ਮੈਂ ਲੰਮੇ ਸਮੇਂ ਤੋਂ ਭਾਲ ਕਰ ਰਿਹਾ ਹਾਂ।''

''ਲੱਖ ਲੱਖ ਧੰਨਵਾਦ।''

ਉਹਨੇ ਕਾਰ ਦਾ ਸਟੀਰਿਓ ਚਾਲੂ ਕੀਤਾ। ਮੇਰੇ ਕੋਲ ਪੂਰਬੀ ਅਤੇ ਪੱਛਮੀ ਦੋਵਾਂ ਕਿਸਮ ਦੇ ਸੰਗੀਤ ਦੀਆਂ ਕੈਸੇਟਾਂ ਸਨ। ਉਹਨੇ ਪੂਰੀ ਆਵਾਜ਼ ਛੱਡ ਕੇ ਬੀਥੋਵਨ ਦੀ ਕੈਸੇਟ ਲਗਾ ਦਿੱਤੀ। ਐਸ ਵੇਲੇ ਉਹ ਕੋਈ ਗੱਲ ਨਹੀਂ ਸੀ ਕਰਨਾ ਚਾਹੁੰਦੀ, ਸਗੋਂ ਚੁੱਪ ਚੁਪੀਤੇ ਸੁਣਨਾ ਚਾਹੁੰਦੀ ਸੀ ਜਾਂ ਸ਼ਾਇਦ ਆਪਣੀ ਜ਼ਿੰਦਗੀ ਬਾਰੇ ਸੋਚਣਾ ਚਾਹੁੰਦੀ ਸੀ। ਮੈਂ ਉਸ ਦੀਆਂ ਸੋਚਾਂ ਵਿਚ ਕੋਈ ਵਿਘਨ ਨਾ ਪਾਇਆ। ਉਸ ਬਾਰੇ ਝੂਠ ਬੋਲ ਕੇ ਖਬਰੇ ਮੈਂ ਉਸ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ ਪਰ ਮੈਂ ਹੋਰ ਕਰਦਾ ਵੀ ਕੀ? ਮੈਂ ਸੋਚਿਆ ਮੈਂ ਬਾਅਦ ਵਿਚ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂਗਾ।

ਜਦੋਂ ਅਸੀਂ ਘਰ ਪਹੁੰਚੇ ਉਹ ਮੇਰੇ ਤੋਂ ਪਹਿਲਾਂ ਪੌੜੀਆਂ ਚੜ ਕੇ ਉੱਪਰ ਗਈ ਅਤੇ ਸਿੱਧੀ ਰਸੋਈ ਵਿਚ ਚਲੇ ਗਈ ਤਾਂ ਕਿ ਰਾਤ ਦੇ ਖਾਣੇ ਬਾਰੇ ਪੁੱਛ ਪੜਤਾਲ ਕਰ ਸਕੇ। ਰਸੋਈਏ ਦੀ ਬੰਗਾਲੀ ਰਲੀ ਅੰਗਰੇਜ਼ੀ ਦੇ ਮੁਕਾਬਲੇ ਮੌਲੀ ਦੀ ਬੋਲੀ ਟੁੱਟੀ ਭੱਜੀ ਹਿੰਦੀ ਸੀ। ਫਿਰ ਵੀ ਉਹ ਦੋਵੇਂ ਇਕ ਦੂਜੇ ਨਾਲ ਲੰਮੀਆਂ ਗੱਲਾਂ ਕਰ ਲੈਂਦੇ ਸਨ। ਉਹ ਕਈ ਵਾਰੀ ਹਿੰਦੀ ਫਿਲਮਾਂ ਵਿਚਲੀਆਂ ਐਂਗਲੋ ਇੰਡੀਅਨ ਮੇਮ ਸਾਹਿਬਾਂ ਦੇ ਅੰਦਾਜ਼ ਵਿਚ ਬੇਅਰੇ ਨਾਲ

ਵੀ ਗੱਲਾਂ ਕਰ ਲੈਂਦੀ ਸੀ। ਦੋ ਦਿਨਾਂ ਵਿਚ ਹੀ ਉਹਨੇ ਮੇਰੇ ਨੌਕਰਾਂ ਦੇ ਦਿਲ ਜਿੱਤ ਲਏ ਸਨ, ਅਤੇ ਮੇਰਾ ਵੀ।

ਉਹ ਮੇਰੇ ਕੋਲ ਅੱਗ ਦੇ ਸਾਹਮਣੇ ਆ ਬੈਠੀ। ਮੈਂ ਗਿਲਾਸਾਂ ਵਿਚ ਸ਼ਰਾਬ ਪਾਈ ਅਤੇ ਗੱਲ ਸ਼ੁਰੂ ਕਰਨ ਲਈ ਉਸ ਤੋਂ ਪੁੱਛਿਆ, ''ਤੈਨੂੰ ਲੋਧੀ ਗਾਰਡਨ ਕਿਹੋ ਜਿਹਾ ਲੱਗਿਆ?''

''ਖ਼ੂਬਸੂਰਤ! ਗੋਆ ਵਿਚ ਇਸ ਤਰ੍ਹਾਂ ਦਾ ਕੋਈ ਬਾਗ ਨਹੀਂ, ਕੋਈ ਪਾਰਕ ਨਹੀਂ। ਸਿਰਫ ਪੁਰਤਗੇਜੀ ਕਿਲ੍ਹੇ ਅਤੇ ਚਰਚ ਹਨ। ਪਰ ਸਾਡੇ ਸ਼ਹਿਰ ਵਿਚ ਬੀਚਾਂ ਬਹੁਤ ਖ਼ੂਬਸੂਰਤ ਹਨ। ਕਈ ਦਰਜਨਾਂ। ਅਤੇ ਸਮੁੰਦਰ ਬਹੁਤ ਸਾਫ਼ ਅਤੇ ਨਿੱਘਾ ਹੈ। ਰੇਤ 'ਤੇ ਲੰਮੇ ਪੈ ਕੇ ਧੁੱਪ ਸੇਕਣੀ ਬੜੀ ਚੰਗੀ ਲੱਗਦੀ ਹੈ। ਬਹੁਤੇ ਵਿਦੇਸ਼ੀ ਇਸੇ ਕਰਕੇ ਹੀ ਗੋਆ ਆਉਂਦੇ ਹਨ। ਸਾਡੀ ਪੁਲਿਸ ਉਨ੍ਹਾਂ ਨੂੰ ਜਨਤਕ ਤੌਰ 'ਤੇ ਕੱਪੜੇ ਨਹੀਂ ਲਾਹੁਣ ਦਿੰਦੀ ਜਿਸ ਕਰਕੇ ਉਹ ਆਪਣੇ ਹੋਟਲਾਂ ਦੇ ਮੈਦਾਨਾਂ ਵਿਚ ਵੀ ਨੰਗੇ ਪਏ ਰਹਿੰਦੇ ਹਨ। ਪਿੱਠ ਭਾਰ ਲੰਮੇ ਪੈ ਕੇ ਜਾਂ ਫਿਰ ਪੇਟ ਭਰਨੇ ਪੈ ਕੇ ਉਹ ਆਪਣੇ ਆਪ ਨੂੰ ਇੰਝ ਰਾੜ੍ਹਦੇ ਹਨ ਜਿਵੇਂ ਅਸੀਂ ਰੋਟੀਆਂ ਰਾੜ੍ਹਦੇ ਹਾਂ। ਉਹਨਾਂ ਦੀਆਂ ਚਿੱਟੀਆਂ ਚਮੜੀਆਂ ਬਹੁਤੀ ਧੁੱਪ ਨਹੀਂ ਸਹਿ ਸਕਦੀਆਂ ਜਿਸ ਕਰਕੇ ਉਹ ਸਰੀਰ 'ਤੇ ਕਈ ਤਰ੍ਹਾਂ ਦੀਆਂ ਕਰੀਮਾਂ ਲਗਾਉਂਦੇ ਹਨ ਤਾਂ ਕਿ ਧੁੱਪ ਉਨ੍ਹਾਂ ਨੂੰ ਸਾੜ ਨਾ ਦੇਵੇ। ਦੇਖਦੇ ਸਾਰ ਹੀ ਪਤਾ ਲੱਗ ਜਾਂਦਾ ਹੈ ਕਿ ਕਿਸ ਨੇ ਧੁੱਪ ਜ਼ਿਆਦਾ ਸੇਕੀ ਹੈ ਤੇ ਕਿਸ ਨੇ ਨਹੀਂ। ਜਿਹੜੇ ਧੁੱਪ ਬਹੁਤੀ ਸੇਕਦੇ ਹਨ ਉਨ੍ਹਾਂ ਦਾ ਸਾਰਾ ਸਰੀਰ ਹੀ ਭੂਰਾ ਹੋ ਜਾਂਦਾ ਹੈ। ਜਿਹੜੇ ਲੋਕ ਆਪਣੀਆਂ ਛਾਤੀਆਂ ਅਤੇ ਗੁਪਤ ਅੰਗ ਕੱਪੜਿਆਂ ਨਾਲ ਢਕ ਲੈਂਦੇ ਹਨ ਉਨ੍ਹਾਂ ਦੇ ਇਹ ਹਿੱਸੇ ਵੱਖਰੇ ਹੀ ਦਿਖਾਈ ਦਿੰਦੇ ਹਨ। ਜੈਬਰਿਆਂ ਵਰਗੇ ਬੜੇ ਅਜੀਬ ਜਿਹੇ ਉਹ ਲੱਗਦੇ ਹਨ। ਤੇਰੇ ਘਰ ਵਿਚ ਬਹੁਤੀ ਧੁੱਪ ਨਹੀਂ ਆਉਂਦੀ। ਸਿਰਫ ਬਾਗ ਵਿਚ ਹੀ ਆਉਂਦੀ ਹੈ। ਤੈਨੂੰ ਧੁੱਪ ਸੇਕਣੀ ਚਾਹੀਦੀ ਹੈ। ਇਹ ਤੇਰੀ ਸਿਹਤ ਲਈ ਬੜੀ ਚੰਗੀ ਹੈ।''

''ਮੇਰੇ ਘਰ ਦੀ ਛੱਤ ਦੇ ਆਲੇ ਦੁਆਲੇ ਬਨੇਰੇ ਕੀਤੇ ਹੋਏ ਹਨ। ਕਦੇ ਕਦੇ ਮੈਂ ਸਵੇਰੇ ਸੂਰਿਆ ਨਮਸਕਾਰ ਲਈ ਉੱਪਰ ਜਾਂਦਾ ਹਾਂ। ਸਰਦੀਆਂ ਵਿੱਚ ਦਿਨੇਂ ਹੀ ਮੈਂ ਕਦੇ ਕਦੇ ਆਰਾਮ ਕੁਰਸੀ ਲੈ ਕੇ ਉੱਪਰ ਜਾਂਦਾ ਹਾਂ ਅਤੇ ਘੰਟਾ ਦੋ ਘੰਟੇ ਧੁੱਪ ਸੇਕਦਾ ਹਾਂ।''

ਉਹ ਫਿਰ ਕਹਿਣ ਲੱਗੀ, ''ਇੰਨਾ ਹੀ ਕਾਫੀ ਨਹੀਂ। ਇਕ ਮੋਟੀ ਦਰੀ ਅਤੇ ਸਰਾਹਣਾ ਲਵੋ। ਉੱਪਰ ਜਾ ਕੇ ਦਰਵਾਜ਼ੇ ਨੂੰ ਬੰਦ ਕਰ ਦਿਓ ਤਾਂ ਕਿ ਤੁਸੀਂ ਆਪਣੇ ਕੱਪੜੇ ਲਾਹ ਸਕੋ ਅਤੇ ਸਰੀਰ ਦੇ ਹਰੇਕ ਹਿੱਸੇ ਤੱਕ ਸੂਰਜ ਦੀਆਂ ਕਿਰਨਾਂ ਪਹੁੰਚਾ ਸਕੋ।''

ਇਹ ਗੱਲ ਕਹਿ ਕੇ ਉਹਨੇ ਮੇਰੇ ਦਿਮਾਗ ਵਿਚ ਇਕ ਦਿਲਕਸ਼ ਵਿਚਾਰ ਪੈਦਾ ਕਰ ਦਿੱਤਾ। ਮੈਂ ਫੈਸਲਾ ਕੀਤਾ ਕਿ ਤਰਖਾਣ ਨੂੰ ਕਹਿ ਕੇ ਛੱਤ ਉੱਪਰਲੇ ਦਰਵਾਜ਼ੇ ਨੂੰ ਕੁੰਡੀ ਲਗਵਾ ਲਵਾਂਗਾ। ਇਹੀ ਨਹੀਂ, ਸਗੋਂ ਇਕ ਦੀ ਥਾਂ 'ਤੇ ਨੌਕਰ ਨੂੰ ਕਹਿ ਮੈਂ ਦੋ ਦਰੀਆਂ ਵਿਛਵਾ ਲਵਾਂਗਾ। ਮੈਂ ਕਲਪਨਾ ਵਿਚ ਹੀ ਸੋਚਣ ਲੱਗਿਆ ਕਿ ਛੱਤ 'ਤੇ ਜਾ ਕੇ ਮੈਂ ਅਤੇ ਮੋਲੀ ਕੀ ਕੁਝ ਕਰਾਂਗੇ। ਇਹਦੀ ਸੰਭਾਵਨਾ ਨਾਲ ਹੀ ਮੈਂ ਖੁਸ਼ ਹੋ ਗਿਆ।

ਮੌਲੀ ਪੁੱਛਣ ਲੱਗੀ, ''ਤੂੰ ਮੁਸਕਰਾ ਕਿਉਂ ਰਿਹਾ ਹੈਂ?''

ਮੈਂ ਜਵਾਬ ਦਿੱਤਾ, ''ਕੋਈ ਗੱਲ ਨਹੀਂ।''

''ਤੇਰੇ ਮਨ ਵਿਚ ਰੀਦੇ ਵਿਚਾਰ ਆ ਰਹੇ ਹਨ। ਮੈਂ ਤੇਰੇ ਚੇਹਰੇ ਨੂੰ ਦੇਖ ਕੇ ਹੀ ਦੱਸ ਸਕਦੀ ਹਾਂ!''

ਮੈਂ ਹੱਸ ਕੇ ਗੱਲ ਬਦਲ ਦਿੱਤੀ, ''ਤੂੰ ਚਿੰਤਾ ਨਾ ਕਰ। ਇੰਡੀਆ ਇੰਟਰਨੈਸ਼ਨਲ ਸੈਂਟਰ ਬਾਰੇ ਤੇਰਾ ਕੀ ਵਿਚਾਰ ਹੈ? ਇਹ ਦਿੱਲੀ ਦੀ ਸਭ ਤੋਂ ਮਹਿੰਗੀ ਕਲੱਬ ਹੈ। ਚੰਗੀ ਲਾਇਬ੍ਰੇਰੀ ਹੈ, ਚੰਗੇ ਰੇਸਤਰਾਂ ਹਨ, ਚੰਗੇ ਦਰਾਂ 'ਤੇ ਚੰਗੀ ਰਿਹਾਇਸ਼ ਮਿਲ ਜਾਂਦੀ ਹੈ। ਹਰ ਸ਼ਾਮ ਕੁਝ ਨਾ ਕੁਝ ਹੁੰਦਾ ਹੀ ਰਹਿੰਦਾ ਹੈ। ਕਦੇ ਨ੍ਰਿਤ, ਕਦੇ ਸੰਗੀਤ, ਕਦੇ ਭਾਸ਼ਣ ਜਾਂ ਵਿਦੇਸ਼ੀ ਫਿਲਮਾਂ। ਮੈਂ ਕਈ ਐਸੇ ਸੇਵਾ ਮੁਕਤ ਲੋਕਾਂ ਨੂੰ ਜਾਣਦਾ ਹਾਂ ਜਿਹੜੇ ਸਾਰਾ ਸਾਰਾ ਦਿਨ ਸੈਂਟਰ ਵਿਚ ਬਿਤਾਉਂਦੇ ਹਨ।''

''ਐਸੇ ਥਾਵਾਂ 'ਤੇ ਜਾਣ ਦਾ ਕੀ ਫਾਇਦਾ ਜਿੱਥੇ ਸਭ ਲੋਕ ਇਕ ਦੂਜੇ ਨੂੰ ਜਾਣਦੇ ਹਨ। ਉੱਥੇ ਹਰੇਕ ਮੈਂਬਰ ਜਾਣਨਾ ਚਾਹੁੰਦਾ ਹੈ ਕਿ ਦੂਜੇ ਦੇ ਨਾਲ ਆਇਆ ਬੰਦਾ ਕੌਣ ਹੈ। ਜਿਵੇਂ ਤੇਰੇ ਉਸ ਮਿੱਤਰ ਨੇ ਕੀਤਾ ਸੀ।''

''ਇਹ ਗੱਲ ਤਾਂ ਸਾਰੇ ਕਲੱਬਾਂ ਵਿਚ ਹੀ ਚੱਲਦੀ ਹੈ। ਨਵੇਂ ਬੰਦੇ ਵੱਲ ਸਾਰੇ ਧਿਆਨ ਨਾਲ ਦੇਖਦੇ ਹਨ। ਅਗਲੀ ਵਾਰ ਮੈਂ ਤੈਨੂੰ ਪੱਬ ਲੈ ਕੇ ਚੱਲਾਂਗਾ। ਇਹ ਬੜਾ ਛੋਟਾ ਜਿਹਾ ਨਿੱਘਾ ਥਾਂ ਹੈ। ਸ਼ਰਾਬ ਪੀਣ ਵਾਲੇ ਆਪਣੇ ਵਿਚ ਹੀ ਇੰਨੇ ਰੁਝੇ ਹੁੰਦੇ ਹਨ ਕਿ ਉਹ ਹੋਰਾਂ ਦੀ ਪਰਵਾਹ ਨਹੀਂ ਕਰਦੇ।''

ਮੌਲੀ ਸ਼ਾਂਤ ਹੋ ਗਈ ਸੀ। ਉਹਨੇ ਸਟੀਰਿਓ ਵਿਚ ਇਕ ਡਿਸਕ ਪਾਈ ਅਤੇ ਇਹ ਚਾਲੂ ਕਰ ਦਿੱਤੀ। ਫਿਰ ਉਹਨੇ ਮੇਰੇ ਵੱਲ ਹੱਥ ਵਧਾਉਂਦੇ ਹੋਏ ਕਿਹਾ, ''ਆਪਾਂ ਡਾਂਸ ਕਰੀਏ? ਇਹ ਮੇਰਾ ਪਸੰਦੀਦਾ ਨ੍ਰਿਤ-ਸੰਗੀਤ ਹੈ।''

''ਮੈਨੂੰ ਬਹੁਤਾ ਨੱਚਣਾ ਨਹੀਂ ਆਉਂਦਾ ਅਤੇ ਮੈਂ ਨੱਚਦਾ ਹੋਇਆ ਜੋਕਰ ਲੱਗਦਾ ਹਾਂ। ਤੂੰ ਮੈਨੂੰ ਸਿਖਾ।''

ਮੈਂ ਉੱਠ ਖੜ੍ਹਾ ਹੋਇਆ ਅਤੇ ਆਪਣੀ ਖੱਬੀ ਬਾਂਹ ਉਹਦੇ ਮੋਢੇ ਦੁਆਲੇ ਵਲਾ ਲਈ। ਉਹਨੇ ਮੈਨੂੰ ਦੱਸਿਆ ਕਿ ਇਹ ਬਾਂਹ ਕਿਵੇਂ ਵਲਣੀ ਹੈ। ਇਕ ਦੋ ਵਾਰ ਮੈਂ ਉਹਦੇ ਪੈਰ ਵੀ ਮਿੱਧੇ। ਉਹਨੇ ਮੈਨੂੰ ਧੱਕ ਕੇ ਕੁਰਸੀ 'ਤੇ ਬਿਠਾ ਦਿੱਤਾ ਅਤੇ ਫਿਰ ਇਕੱਲਿਆਂ ਹੀ ਉਨੀ ਦੇਰ ਤੱਕ ਘੁੰਮਦੀ ਅਤੇ ਲਹਿਰਾਉਂਦੀ ਰਹੀ ਜਿੰਨੀ ਦੇਰ ਤੱਕ ਸੰਗੀਤ ਚੱਲਦਾ ਰਿਹਾ।

ਆਪਣੀ ਕੁਰਸੀ 'ਤੇ ਬੈਠਦੇ ਹੋਏ ਉਹ ਕਹਿਣ ਲੱਗੀ, ''ਮੈਂ ਸੋਚਦੀ ਸੀ ਕਿ ਤੂੰ ਸਭ ਕੰਮ ਚੰਗੇ ਕਰ ਲੈਂਦਾ ਹੈਂ ਪਰ ਤੂੰ ਡਾਂਸ ਨਹੀਂ ਕਰ ਸਕਦਾ। ਮੈਂ ਤੈਨੂੰ ਵੱਖ ਵੱਖ ਕਿਸਮ ਦੇ ਨ੍ਰਿਤਾਂ ਦੇ ਕੁਝ ਕਦਮ ਸਿਖਾ ਸਕਦੀ ਹਾਂ। ਤੇਰੀਆਂ ਅਮਰੀਕੀ ਸਹੇਲੀਆਂ ਨੇ ਤੈਨੂੰ ਕੁਝ ਵੀ ਨਹੀਂ ਸੀ ਸਿਖਾਇਆ?''

''ਅਮਰੀਕਾ ਦੇ ਕਾਲਜਾਂ ਵਿਚ ਇਸ ਤਰ੍ਹਾਂ ਦਾ ਕੁਝ ਨਹੀਂ ਹੁੰਦਾ। ਜਿਨ੍ਹਾਂ ਨੂੰ ਸੋਚ ਹੁੰਦਾ ਹੈ ਉਹ ਨ੍ਰਿਤ ਕਰਨ ਲਈ ਬਣੇ ਵਿਸ਼ੇਸ਼ ਡਿਸਕੋ 'ਚ ਚਲੇ ਜਾਂਦੇ ਹਨ।''

''ਸਾਡੇ ਗੋਆ ਵਾਸੀਆਂ ਦੇ ਤਾਂ ਖ਼ੂਨ ਵਿਚ ਨ੍ਰਿਤ ਰਲਿਆ ਹੋਇਆ ਹੈ। ਹਰ ਕੋਈ ਹੀ ਗਾਉਣਾ ਅਤੇ ਨ੍ਰਿਤ ਕਰਨਾ ਜਾਣਦਾ ਹੈ। ਤੂੰ ਕਦੇ ਕ੍ਰਿਸਮਸ ਜਾਂ ਕਾਰਨੀਵਾਲ ਦੇ ਸਮੇਂ ਆਈਂ। ਉਨ੍ਹੀਂ ਦਿਨੀਂ ਸਭ ਥਾਂ ਭੀੜ ਹੁੰਦੀ ਹੈ। ਫੈਨੀ ਦਾ ਦਰਿਆ ਵਗਦਾ ਹੈ, ਜੋੜੇ ਸਾਰੀ ਸਾਰੀ ਰਾਤ ਸਮੁੰਦਰ ਦੇ ਕਿਨਾਰੇ ਪਿਆਰ ਕਰਦੇ ਰਹਿੰਦੇ ਹਨ। ਗੋਆ ਵਰਗੀ ਇਸ ਧਰਤੀ 'ਤੇ ਹੋਰ ਕੋਈ ਥਾਂ ਨਹੀਂ।''

ਉਹ ਇਕ ਵਾਰ ਫੇਰ ਖੁਸ਼ ਮਿਜਾਜ਼ ਹੋ ਗਈ ਸੀ। ਰਾਤ ਦੇ ਖਾਣੇ ਸਮੇਂ ਵੀ ਉਹ ਗੱਲਾਂ ਮਾਰਦੀ ਰਹੀ। ਖਾਣੇ ਤੋਂ ਬਾਅਦ ਅਸੀਂ ਫਿਰ ਅੱਗ ਦੇ ਮੂਹਰੇ ਜਾ ਬੈਠੇ। ਮੈਂ ਕੁਰਸੀ 'ਤੇ ਬੈਠਿਆ ਅਤੇ ਉਹ ਦਰੀ 'ਤੇ। ਬੈਠੀ ਹੋਈ ਨੇ ਉਹਨੇ ਆਪਣਾ ਸਿਰ ਮੇਰੀਆਂ ਲੱਤਾਂ ਵਿਚਕਾਰ ਟਿਕਾ ਲਿਆ। ਅਸਾਂ ਬਿਲਕੁਲ ਸਪੱਸ਼ਟਤਾ ਨਾਲ ਇਕ ਦੂਜੇ ਨੂੰ ਆਪੋ ਆਪਣੇ ਇਸ਼ਕ ਦੇ ਮਾਮਲੇ ਬਿਆਨ ਕੀਤੇ। ਉਹਦੇ ਬਹੁਤੇ ਇਸ਼ਕ ਉਨ੍ਹਾਂ ਗੋਰੇ ਲੋਕਾਂ ਨਾਲ ਹੀ ਸਨ ਜਿਨ੍ਹਾਂ ਨੂੰ ਉਹ ਖਾਸ ਕਲੱਬ ਵਿਚ ਮਿਲੀ ਸੀ ਜਾਂ ਜਿਨ੍ਹਾਂ ਦੇ ਉਹ ਕਮਰਿਆਂ ਵਿਚ ਮਾਲਿਸ਼ ਕਰਨ ਜਾਂਦੀ ਸੀ।

''ਮੈਂ ਗੋਆ ਦੇ ਰਹਿਣ ਵਾਲੇ ਲੋਕਾਂ ਨਾਲ ਇਸ ਤਰ੍ਹਾਂ ਦੇ ਸਬੰਧ ਨਹੀਂ ਬਣਾ ਸਕਦੀ। ਛੇਤੀ ਹੀ ਲੋਕਾਂ ਵਿਚ ਗੱਲ ਫੈਲ ਜਾਵੇਗੀ ਅਤੇ ਉਹ ਮੈਨੂੰ ਰੰਡੀ ਕਹਿਣ ਲੱਗਣਗੇ। ਵਿਦੇਸ਼ੀਆਂ ਦੇ ਮਾਮਲੇ ਵਿਚ ਇਸ ਤਰ੍ਹਾਂ ਦਾ ਕੋਈ ਖਤਰਾ ਨਹੀਂ ਹੈ। ਭਾਵੇਂ ਉਹ ਮੈਨੂੰ ਪੈਸੇ ਦਿੰਦੇ ਹਨ ਫਿਰ ਵੀ ਮੈਨੂੰ ਕਦੇ ਵੀ ਰੰਡੀਆਂ ਵਾਂਗ ਮਹਿਸੂਸ ਨਹੀਂ ਹੁੰਦਾ, ਕਿਉਂਕਿ ਕਦੇ ਵੀ ਪੈਸਿਆਂ ਬਾਰੇ ਪਹਿਲਾਂ ਗੱਲ ਨਹੀਂ ਹੁੰਦੀ ਨਾ ਹੀ ਸੌਦੇਬਾਜ਼ੀ ਹੁੰਦੀ ਹੈ। ਮਾਲਿਸ਼ ਤੋਂ ਬਾਅਦ ਹਰ ਕੋਈ ਮੈਨੂੰ ਟਿੱਪ ਦਿੰਦਾ ਹੈ। ਜੇ ਮੈਂ ਮਾਲਿਸ਼ ਤੋਂ ਬਾਅਦ ਉਨ੍ਹਾਂ ਨੂੰ ਮਜ਼ਾ ਦੇਵਾਂ ਤਾਂ ਟਿੱਪ ਸੈਂਕੜਿਆਂ ਵਿਚ ਨਹੀਂ ਸਗੋਂ ਹਜ਼ਾਰਾਂ ਵਿਚ ਹੁੰਦਾ ਹੈ। ਇਸ ਪੈਸੇ ਨੂੰ ਕੋਈ ਕਿਵੇਂ ਛੱਡ ਸਕਦਾ ਹੈ? ਪਰ ਮੇਰਾ ਨਿਸ਼ਾਨਾ ਇਕ ਹੈ-ਗੋਰਿਆਂ ਨਾਲ ਮੌਜ ਮੇਲਾ ਕਰੋ ਅਤੇ ਸ਼ਾਦੀ ਕਿਸੇ ਗੋਆ ਵਾਸੀ ਨਾਲ। ਕੀ ਤੂੰ ਸੈਕਸ ਲਈ ਕਦੇ ਪੈਸੇ ਦਿੱਤੇ ਹਨ?''

ਮੈਂ ਜਵਾਬ ਦਿੱਤਾ, ''ਕਦੇ ਨਹੀਂ। ਸਗੋਂ ਜਿਨ੍ਹਾਂ ਔਰਤਾਂ ਨਾਲ ਮੈਂ ਸੌਂਦਾ ਰਿਹਾ ਹਾਂ ਉਹ ਹੀ ਮੈਨੂੰ ਮਹਿੰਗੇ ਤੋਹਫੇ ਦਿੰਦੀਆਂ ਰਹੀਆਂ ਹਨ।''

''ਮੈਂ ਤੈਨੂੰ ਦੱਸਦੀ ਹਾਂ ਕਿ ਤੂੰ ਬਹੁਤ ਖਾਸ ਹੈਂ! ਤੈਨੂੰ ਤਾਂ ਸਗੋਂ ਪੇਸ਼ੇਵਰ ਹੋਣਾ ਚਾਹੀਦਾ ਸੀ। ਜਿਸ ਤਰ੍ਹਾਂ ਦਾ ਅੰਗ ਤੇਰੇ ਕੋਲ ਹੈ ਉਹਨੂੰ ਦੇਖਦੇ ਹੋਏ ਤਾਂ ਸਗੋਂ ਔਰਤਾਂ ਨੂੰ ਤੈਨੂੰ ਪੈਸੇ ਦੇਣੇ ਚਾਹੀਦੇ ਹਨ।'' ਉਹ ਜ਼ਰਾ ਕੁ ਹੱਸੀ ਅਤੇ ਫਿਰ ਕਹਿਣ ਲੱਗੀ, ''ਅਤੇ ਮੈਂ ਇਹ ਮਾਲ ਮੁਫਤੋ ਮੁਫਤ ਹਾਸਲ ਕਰ ਰਹੀ ਹਾਂ। ਸਗੋਂ ਇਸ ਲਈ ਮੈਨੂੰ ਪੈਸੇ ਵੀ ਮਿਲ ਰਹੇ ਹਨ! ਪਰ ਤੂੰ ਮੈਨੂੰ ਸੈਕਸ ਲਈ ਤਾਂ ਪੈਸੇ ਨਹੀਂ ਦੇ ਰਿਹਾ। ਸੈਕਸ ਲਈ ਤਾਂ ਤੂੰ ਕਦੇ ਪੈਸੇ ਨਹੀਂ

ਇੰਦਾ। ਠੀਕ ਹੈ ਨਾ?''

ਉਹ ਮੇਰੇ ਨਾਲ ਛੇੜਛਾੜ ਕਰ ਰਹੀ ਸੀ ਪਰ ਮੈਨੂੰ ਇਹ ਪਸੰਦ ਸੀ। ਉਸ ਸ਼ਾਮ ਦੀ ਮੈਨੂੰ ਹਰੇਕ ਗੱਲ ਪਸੰਦ ਸੀ। ਇਕ ਦੂਜੇ ਦੇ ਜੀਵਨ ਬਾਰੇ ਇਕ ਦੂਜੇ ਨਾਲ ਗੱਲ ਕਰਨ ਤੋਂ ਬਾਅਦ ਅਸੀਂ ਹੋਰ ਨੇੜੇ ਆ ਗਏ ਸਾਂ। ਅਸੀਂ ਇਸ ਤੋਂ ਵੀ ਹੋਰ ਨੇੜੇ ਹੋਣ ਦੀ ਇੱਛਾ ਰੱਖਦੇ ਸਾਂ।

ਮੈਂ ਉਸ ਦੀਆਂ ਜ਼ੁਲਫਾਂ ਨਾਲ ਖੇਡਦਾ ਰਿਹਾ ਤੇ ਆਖਰਕਾਰ ਅੱਗ ਬੁਝ ਗਈ। ਖੜ੍ਹੇ ਹੁੰਦੇ ਮੈਂ ਕਿਹਾ, ''ਮੈਨੂੰ ਪਤਾ ਹੈ ਕਿ ਇਹ ਵੇਲਾ ਤੇਰੇ ਨਾਲ ਪਿਆਰ ਕਰਨ ਦਾ ਨਹੀਂ ਹੈ। ਪਰ ਕੀ ਅਸੀਂ ਇਕ ਦੂਜੇ ਨੂੰ ਨਿੱਘ ਦੇਣ ਲਈ ਇਕੋ ਬਿਸਤਰੇ ਵਿਚ ਨਹੀਂ ਸੌਂ ਸਕਦੇ? ਰਾਤਾਂ ਬਹੁਤ ਠੰਡੀਆਂ ਹਨ।''

ਉਸ ਦਾ ਜਵਾਬ ਸੀ, ''ਮੈਂ ਵੀ ਇਹੀ ਗੱਲ ਸੋਚ ਰਹੀ ਸੀ। ਪਰ ਕੋਈ ਸ਼ਰਾਰਤ ਨਹੀਂ ਕਰਨੀ। ਤੇਰਾ ਬਿਸਤਰਾ ਜਾਂ ਮੇਰਾ!''

''ਮੈਨੂੰ ਆਪਣਾ ਬਿਸਤਰਾ ਪਸੰਦ ਹੈ। ਮੈਂ ਤੜਕੇ ਉੱਠ ਕੇ ਨੌਕਰਾਂ ਨੂੰ ਅੰਦਰ ਬੁਲਾਉਣਾ ਹੁੰਦਾ ਹੈ। ਤੈਨੂੰ ਚੁੱਕ ਕੇ ਮੈਂ ਤੇਰੇ ਬਿਸਤਰੇ ਵਿਚ ਛੱਡ ਆਵਾਂਗਾ। ਤੂੰ ਉਸ ਤੋਂ ਬਾਅਦ ਵੀ ਸੌਂ ਸਕਦੀ ਹੈਂ।''

ਉਹ ਨੇ ਹਾਂ ਵਿਚ ਆਪਣਾ ਸਿਰ ਹਿਲਾਇਆ।

ਮੈਂ ਹੇਠਾਂ ਜਾ ਕੇ ਬਾਗ ਵਿਚ ਆਪਣਾ ਨਿੱਤ ਵਾਲਾ ਕਰਮ ਕੀਤਾ ਅਤੇ ਫੇਰ ਦਰਵਾਜ਼ੇ ਬੰਦ ਕੀਤੇ। ਜਦੋਂ ਮੈਂ ਉੱਪਰ ਆਇਆ ਤਾਂ ਮੌਲੀ ਬਿਸਤਰੇ 'ਚ ਲੇਟੀ ਹੋਈ ਸੀ। ਮੈਂ ਆਪਣੇ ਦੰਦਾਂ ਨੂੰ ਬੁਰਸ਼ ਕੀਤਾ, ਰਾਤ ਵਾਲੇ ਕੱਪੜੇ ਪਾਏ ਅਤੇ ਉਹਦੇ ਨਾਲ ਜਾ ਲੰਮਾ ਪਿਆ। ਮੈਂ ਉਸ ਨੂੰ ਆਪਣੀਆਂ ਬਾਹਾਂ ਵਿਚ ਭਰਿਆ ਅਤੇ ਉਹਦੀਆਂ ਛਾਤੀਆਂ ਨੂੰ ਆਪਣੇ ਹੱਥਾਂ ਵਿਚ ਲਿਆ। ਉਹ ਮੇਰੇ ਹੋਰ ਨੇੜੇ ਹੋ ਗਈ ਅਤੇ ਫੁਸਫੁਸਾਈ, ''ਬਸ ਇਸ ਤੋਂ ਅੱਗੇ ਨਹੀਂ।''

ਅਸਾਂ ਉਹ ਰਾਤ ਇਕ ਦੂਜੇ ਦੀਆਂ ਬਾਹਾਂ ਵਿਚ ਲੰਮੇ ਪਿਆਂ ਅਤੇ ਇਕ ਦੂਜੇ ਦੇ ਸਰੀਰ ਦਾ ਨਿੱਘ ਮਾਣਦਿਆਂ ਬਿਤਾਈ। ਜਦੋਂ ਦੋ ਸਰੀਰਾਂ ਦੀ ਸਾਂਝ ਬਣ ਜਾਵੇ ਤਾਂ ਇਕ ਦੂਜੇ ਨਾਲ ਸੰਪਰਕ ਤੋਂ ਵੀ ਓਨਾ ਹੀ ਆਨੰਦ ਲਿਆ ਜਾ ਸਕਦਾ ਹੈ ਜਿੰਨਾ ਸਹਿਵਾਸ ਤੋਂ। ਜਦੋਂ ਮੈਂ ਸਵੇਰੇ ਉੱਠਿਆ ਉਦੋਂ ਉਹ ਸੁੱਤੀ ਪਈ ਸੀ। ਮੈਂ ਰਸੋਈ ਵਿਚ ਗਿਆ ਅਤੇ ਗੈਸ 'ਤੇ ਚਾਹ ਦੀ ਕੇਤਲੀ ਰੱਖ ਦਿੱਤੀ। ਮੈਂ ਆਪਣੀ ਅਲਮਾਰੀ ਵਿਚੋਂ ਗਰਮ ਪਾਣੀ ਵਾਲੀਆਂ ਰਬੜ ਦੀਆਂ ਦੋ ਬੋਤਲਾਂ ਕੱਢੀਆਂ ਅਤੇ ਉਨ੍ਹਾਂ ਵਿਚ ਉਬਲਦਾ ਪਾਣੀ ਪਾਇਆ। ਇਹ ਬੋਤਲਾਂ ਮੈਂ ਲਿਜਾ ਕੇ ਮੌਲੀ ਦੇ ਬਿਸਤਰੇ ਵਿਚ ਰੱਖ ਦਿੱਤੀਆਂ ਤਾਂ ਕਿ ਠੰਡ ਦੂਰ ਹੋ ਸਕੇ। ਕੁਝ ਮਿੰਟਾਂ ਮਗਰੋਂ ਮੈਂ ਉਹਨੂੰ ਚੁੱਕਿਆ ਅਤੇ ਉਸ ਦੇ ਨਿੱਘੇ ਬਿਸਤਰੇ ਵਿਚ ਜਾ ਸੁੱਟਿਆ। ਉਸ ਨੂੰ ਚਾਰੇ ਪਾਸਿਆਂ ਤੋਂ ਰਜਾਈ ਵਿਚ ਲਪੇਟ ਦਿੱਤਾ। ਉਹ ਕੁਝ ਫੁਸਫੁਸਾਈ, ਥੋੜ੍ਹੇ ਚਿਰ ਲਈ ਹਿੱਲੀ ਅਤੇ ਫੇਰ ਪਾਸਾ ਲੈ ਕੇ ਸੌਂ ਗਈ। ਮੈਂ ਥੱਲੇ ਜਾ ਕੇ ਦਰਵਾਜ਼ਿਆਂ ਦੇ ਤਾਲੇ ਖੋਲ੍ਹੇ ਅਤੇ ਨੌਕਰਾਂ

ਦੇ ਆਉਣ ਤੋਂ ਪਹਿਲਾਂ ਹੀ ਆਪਣੇ ਬਿਸਤਰੇ 'ਚ ਜਾ ਵੜਿਆ।

ਮੈਂ ਸਵੇਰ ਦੀ ਚਾਹ ਪੀਤੀ, ਅਖ਼ਬਾਰ ਪੜ੍ਹੇ, ਨਹਾਇਆ, ਕੰਮ 'ਤੇ ਜਾਣ ਲਈ ਕੱਪੜੇ ਪਾਏ। ਮੈਂ ਨਾਸ਼ਤਾ ਇਕੱਲਿਆਂ ਹੀ ਕੀਤਾ। ਮੈਂ ਸਿਗਾਰ ਪੀ ਰਿਹਾ ਸਾਂ ਜਦੋਂ ਮੌਲੀ ਅੱਖਾਂ ਮਲਦੀ ਹੋਈ ਆਪਣੇ ਕਮਰੇ 'ਚੋਂ ਬਾਹਰ ਨਿਕਲੀ। ਉਹ ਆਪਣੀਆਂ ਬਾਹਾਂ ਸਿਰ 'ਤੋਂ ਉੱਪਰ ਚੁੱਕ ਕੇ ਆਕੜ ਭੰਨ ਰਹੀ ਸੀ ਅਤੇ ਉਬਾਸੀਆਂ ਲੈ ਰਹੀ ਸੀ, ''ਹੇ ਰੱਬਾ! ਟਾਈਮ ਕੀ ਹੋ ਗਿਆ?''

ਮੈਂ ਆਪਣੀ ਘੜੀ ਵੇਖੀ ਤੇ ਉਹਨੂੰ ਦੱਸਿਆ, ''ਸਾਢੇ ਅੱਠ। ਮੈਂ ਛੇਤੀ ਹੀ ਦਫਤਰ ਜਾ ਰਿਹਾ ਹਾਂ। ਅੱਜ ਸ਼ਨੀਵਾਰ ਹੈ। ਅੱਧਾ ਦਿਨ ਕੰਮ ਹੋਵੇਗਾ। ਇਸ ਲਈ ਮੈਂ ਦੁਪਹਿਰ ਦੇ ਖਾਣੇ ਤੱਕ ਘਰ ਪਹੁੰਚ ਜਾਵਾਂਗਾ। ਬਾਅਦ ਦੁਪਹਿਰ ਅਸੀਂ ਸ਼ਾਪਿੰਗ ਲਈ ਜਾਵਾਂਗੇ। ਜੇ ਤੇਰੀ ਇੱਛਾ ਹੈ ਤਾਂ ਤੈਨੂੰ ਕੁਝ ਹੋਰ ਜੋੜੇ ਸਲਵਾਰ ਕਮੀਜ਼ ਦੇ ਜਾਂ ਸ਼ਾਇਦ ਕੁਝ ਸਾੜ੍ਹੀਆਂ ਖਰੀਦ ਲੈਣੀਆਂ ਚਾਹੀਦੀਆਂ ਹਨ।''

''ਜੇ ਮੈਂ ਇਹ ਕਹਾਂ ਕਿ ਮੈਂ ਅੱਜ ਤੱਕ ਕਦੇ ਸਾੜ੍ਹੀ ਨਹੀਂ ਪਾਈ ਤਾਂ ਵਿਸ਼ਵਾਸ ਕਰੇਂਗਾ? ਮੈਨੂੰ ਪਤਾ ਹੀ ਨਹੀਂ ਕਿ ਸਾੜ੍ਹੀ ਕਿਵੇਂ ਬੰਨੀਦੀ ਹੈ। ਵੈਸੇ ਵੀ ਇਹ ਬੜੀ ਅਜੀਬ ਡਰੈਸ ਹੈ। ਕੰਮ ਕਰਨ ਵਾਲੀ ਜਿਸ ਔਰਤ ਨੂੰ ਭੀੜ ਭਰੀਆਂ ਬੱਸਾਂ ਵਿਚ ਸਫ਼ਰ ਕਰਨਾ ਪਵੇ, ਸਕੂਟਰਾਂ ਜਾਂ ਸਾਈਕਲਾਂ 'ਤੇ ਜਾਣਾ ਪਵੇ ਜਾਂ ਮਾਲਿਸ਼ ਕੇਂਦਰਾਂ ਵਿਚ ਕੰਮ ਕਰਨਾ ਪਵੇ ਉਹ ਆਪਣੇ ਦੁਆਲੇ ਸਾੜ੍ਹੀ ਕਿਵੇ ਵਲ ਸਕਦੀ ਹੈ? ਸਲਵਾਰ ਕਮੀਜ਼ ਵਧੇਰੇ ਚੰਗੀ ਹੈ। ਇਹ ਸਕਰਟ ਨਾਲੋਂ ਵੀ ਚੰਗੀ ਹੈ ਅਤੇ ਜੀਨ ਨਾਲੋਂ ਵਧੀਆ ਲੱਗਦੀ ਹੈ।''

''ਠੀਕ ਹੈ। ਮੈਂ ਤੈਨੂੰ ਸਲਵਾਰ ਕਮੀਜ਼ ਦੀਆਂ ਰੈਡੀਮੇਡ ਦੁਕਾਨਾਂ 'ਤੇ ਲੈ ਚੱਲਾਂਗਾ।''

ਉਸ ਸ਼ਾਮ ਦਫਤਰੋਂ ਰਵਾਨਾ ਹੋਣ ਤੋਂ ਪਹਿਲਾਂ ਮੈਂ ਬੈਂਕ ਤੋਂ ਆਪਣੇ ਨਾਂ ਦਾ ਇਕ ਚੈੱਕ ਕੈਸ਼ ਕਰਵਾਇਆ ਕਿਉਂਕਿ ਮੈਂ ਔਰਤਾਂ ਦੇ ਕੱਪੜਿਆਂ ਲਈ ਪੈਸੇ ਆਪਣੇ ਕਰੈਡਿਟ ਕਾਰਡ ਤੋਂ ਨਹੀਂ ਸਾਂ ਦੇਣਾ ਚਾਹੁੰਦਾ। ਮੈਂ ਦੁਪਹਿਰ ਦੇ ਖਾਣੇ ਤੋਂ ਪਹਿਲਾਂ ਹੀ ਘਰ ਪਹੁੰਚ ਗਿਆ। ਅੱਜ ਵੀ ਮੌਲੀ ਨੇ ਹੀ ਖਾਣਾ ਪਕਾਇਆ ਸੀ। ਖਾਣੇ ਵਿਚ ਬਣਾਈਆਂ ਵਸਤਾਂ ਹਲਕੀਆਂ ਤੇ ਸਵਾਦੀ ਸਨ। ਦੋ ਘੰਟੇ ਬਾਅਦ ਅਸੀਂ ਖਰੀਦਦਾਰੀ ਲਈ ਨਿਕਲੇ। ਪਹਿਲਾਂ ਸਾਊਥ ਐਕਸਟੈਨਸ਼ਨ, ਫੇਰ ਜਨਪਥ ਅਤੇ ਆਖਰਕਾਰ ਸਰਕਾਰੀ ਇਮਪੋਰੀਅਮ ਵਿਚ ਗਏ ਜਿੱਥੇ ਭਾਰਤ ਦੇ ਵੱਖ ਵੱਖ ਰਾਜਾਂ ਨਾਲ ਸਬੰਧਤ ਦਸਤਕਾਰੀ ਦੇ ਕੱਪੜੇ ਮਿਲਦੇ ਸਨ। ਚਾਰ ਜੋੜੇ ਸਲਵਾਰ ਕਮੀਜ਼ ਤੋਂ ਇਲਾਵਾ ਮੌਲੀ ਨੇ ਬਹੁਤ ਸਾਰੀਆਂ ਹੋਰ ਚੀਜ਼ਾਂ ਵੀ ਖਰੀਦੀਆਂ ਜਿਨ੍ਹਾਂ ਵਿਚ ਸ਼ਿੰਗਾਰ ਦਾ ਸਮਾਨ ਵੀ ਸ਼ਾਮਲ ਸੀ। ਮੈਂ ਐਮ ਆਰ ਸਟੋਰ ਤੋਂ ਹਵਾਨਾ ਸਿਗਾਰ ਦੇ ਦੋ ਡੱਬੇ ਖਰੀਦੇ। ਮੇਰੀ ਕਾਫੀ ਸਾਰੀ ਨਕਦੀ ਖਰਚ ਹੋਈ। ਫੇਰ ਅਸੀਂ ਚਾਹ ਪੀਣ ਲਈ ਗੋਲਾਰਡ ਗਏ। ਸੈਂਡਵਿਚ ਅਤੇ ਗਰਮ ਪਕੌੜੇ ਖਾਂਦੇ ਹੋਏ ਉਹਨੇ ਆਪਣਾ ਹੱਥ ਮੇਰੇ ਹੱਥ 'ਤੇ ਰੱਖਿਆ ਤੇ ਪੁੱਛਣ ਲੱਗੀ, ''ਕੀ ਤੂੰ ਆਪਣੀਆਂ ਸਾਰੀਆਂ ਸਹੇਲੀਆਂ 'ਤੇ ਇਵੇਂ ਹੀ ਖਰਚ

ਕਰਦਾ ਹੈਂ?''

''ਜੇ ਉਹ ਮੇਰੇ ਨਾਲ ਖੁੱਲ੍ਹਦਿਲੀਆਂ ਹੋਣ ਤਾਂ ਮੈਂ ਵੀ ਉਨ੍ਹਾਂ ਨਾਲ ਖੁੱਲ੍ਹਦਿਲਾ ਹੁੰਦਾ ਹਾਂ। ਹੁਣ ਤੱਕ ਇਸ ਮਾਮਲੇ ਵਿਚ ਤੂੰ ਸਭ ਤੋਂ ਉੱਪਰ ਹੈ ਅਤੇ ਮੈਨੂੰ ਕੋਈ ਗਿਲਾ ਨਹੀਂ ਹੈ।''

ਜੋ ਮੈਂ ਕਿਹਾ ਸੀ ਉਹ ਉਸ 'ਤੇ ਸੋਚਦੀ ਰਹੀ ਅਤੇ ਫਿਰ ਸੈਂਡਵਿਚ ਅਤੇ ਪਕੌੜਿਆਂ ਦੀ ਪਲੇਟ 'ਤੇ ਹਮਲਾ ਕਰਨ ਲੱਗੀ। ਆਖਰਕਾਰ ਪਲੇਟਾਂ ਖਾਲੀ ਹੋ ਗਈਆਂ। ਫਿਰ ਉਹ ਕਹਿਣ ਲੱਗੀ, ''ਮੈਂ ਸਿਗਰਟ ਪੀਣਾ ਚਾਹਾਂਗੀ। ਤੇਰੇ ਕੋਲ ਸਿਗਰਟ ਹੈ?''

''ਮੈਂ ਕੁਝ ਸਾਲ ਤੋਂ ਸਿਗਾਰ ਪੀ ਰਿਹਾ ਹਾਂ। ਇਹ ਸਿਗਰਟਾਂ ਤੋਂ ਕਿਤੇ ਚੰਗੀ ਹੈ। ਤੇਰੇ ਲਈ ਮੈਂ ਡੱਬੀ ਮੰਗਵਾਉਂਦਾ ਹਾਂ। ਕਿਹੜੀ ਮੰਗਾਵਾਂ?''

''ਕੋਈ ਵੀ-ਗੋਲਡ ਫਲੇਕ, ਚਾਰ ਮਿਨਾਰ। ਮੈਨੂੰ ਤਾਂ ਫਰਕ ਦਾ ਪਤਾ ਹੀ ਨਹੀਂ ਲੱਗਦਾ। ਜਦੋਂ ਮੈਂ ਥੱਕ ਜਾਂਦੀ ਹੈ ਤਾਂ ਸਿਗਰਟ ਪੀਣਾ ਚੰਗਾ ਲੱਗਦਾ ਹੈ।''

ਮੈਂ ਬੇਅਰੇ ਨੂੰ ਵੀਹ ਰੁਪਏ ਦਾ ਨੋਟ ਦਿੱਤਾ ਤਾਂ ਕਿ ਬਾਹਰੋਂ ਸਿਗਰਟ ਵਾਲੇ ਤੋਂ ਡੱਬੀ ਲੈ ਕੇ ਆਵੇ। ਉਸ ਨੇ ਸਿਗਰਟ ਸੁਲਘਾਈ, ਸੂਟਾ ਅੰਦਰ ਖਿੱਚਿਆ ਅਤੇ ਆਪਣੀਆਂ ਨਾਸਾਂ ਰਾਹੀਂ ਧੂੰਆਂ ਛੱਡਿਆ। ਉਹ ਕਹਿਣ ਲੱਗੀ, ''ਜਦੋਂ ਮੇਰੇ ਕੱਪੜੇ ਆਏ ਹੁੰਦੇ ਹਨ ਤਾਂ ਮੈਂ ਬਹੁਤ ਛੇਤੀ ਥੱਕ ਜਾਂਦੀ ਹਾਂ। ਦੋ ਦਿਨ ਤੱਕ ਮੇਰੇ ਬਹੁਤ ਖੂਨ ਵਹਿੰਦਾ ਹੈ, ਜਿਵੇਂ ਕਿਸੇ ਸੂਰ ਦੇ ਵੱਢਣ ਤੋਂ ਨਿਕਲਦਾ ਹੈ। ਤੀਜੇ ਦਿਨ ਇਹ ਰਤਾ ਘਟ ਜਾਂਦਾ ਹੈ। ਕੱਲ੍ਹ ਤੱਕ ਮੈਂ ਬਿਲਕੁਲ ਠੀਕ ਹੋ ਜਾਵਾਂਗੀ ਅਤੇ ਤੁਹਾਡੀ ਸੇਵਾ ਵਿਚ ਹਾਜ਼ਰ ਰਹਾਂਗੀ।''

ਉਹਨੇ ਮੇਰੇ ਵੱਲ ਦੇਖ ਕੇ ਅੱਖ ਦਬਾਈ ਤਾਂ ਕਿ ਮੈਂ ਉਹਦੀ ਗੱਲ ਸਮਝ ਸਕਾਂ।

ਜਦੋਂ ਤੱਕ ਅਸੀਂ ਰੇਸਤਰਾਂ ਤੋਂ ਬਾਹਰ ਆਏ ਉਦੋਂ ਤੱਕ ਕਨਾਟ ਸਰਕਸ 'ਤੇ ਡੁੱਬਦੇ ਸੂਰਜ ਦੀ ਰੌਸ਼ਨੀ ਪੈਣ ਲੱਗੀ ਸੀ। ਟ੍ਰੈਫਿਕ ਦੀ ਭਾਰੀ ਆਵਾਜ਼ ਦੇ ਨਾਲ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਤੋਤੇ ਰੌਲਾ ਪਾਉਂਦੇ ਹੋਏ ਦਰੱਖਤਾਂ 'ਤੇ ਬੈਠ ਰਹੇ ਸਨ। ਮਹਾਰਾਣੀ ਬਾਗ ਨੂੰ ਜਾਂਦੀ ਸੜਕ 'ਤੇ ਸਦਾ ਵਾਂਗ ਹੀ ਭਾਰੀ ਆਵਾਜਾਈ ਸੀ। ਕਾਰਾਂ ਦੀ ਲੰਮੀ ਭੀੜ ਵਿਚ ਲੱਗ ਕੇ ਘਰ ਪਹੁੰਚਣ ਵਿਚ ਸਾਨੂੰ ਕਰੀਬ ਚਾਲੀ ਮਿੰਟ ਲੱਗ ਗਏ।

ਬੈਠਕ ਵਿਚ ਨਿੱਘ ਲਈ ਲੱਕੜਾਂ ਦੀ ਅੱਗ ਬਾਲੀ ਹੋਈ ਸੀ। ਸ਼ਰਾਬ ਦੇ ਗਿਲਾਸ ਰੱਖੇ ਹੋਏ ਸਨ। ਕਈ ਘੰਟੇ ਤੱਕ ਖਰੀਦਦਾਰੀ ਕਰਨ ਮਗਰੋਂ ਮੈਂ ਵੀ ਥੱਕਿਆ ਹੋਇਆ ਮਹਿਸੂਸ ਕਰ ਰਿਹਾ ਸਾਂ। ਮੈਂ ਗਰਮ ਪਾਣੀ ਨਾਲ ਨਹਾਤਾ ਅਤੇ ਰਾਤ ਵਾਲੇ ਕੱਪੜੇ ਪਾ ਲਏ। ਮੋਲੀ ਨੇ ਵੀ ਇਸ ਤਰ੍ਹਾਂ ਹੀ ਕੀਤਾ। ਜਦੋਂ ਆਪਣੇ ਕਮਰੇ ਵਿਚੋਂ ਬਾਹਰ ਨਿਕਲੀ ਤਾਂ ਉਹ ਬੜੀ ਤਾਜ਼ਾ ਅਤੇ ਖੁਸ਼ਮਿਜਾਜ਼ ਲੱਗ ਰਹੀ ਸੀ। ਉਹਨੇ ਆਪਣੇ ਖਰੀਦੇ ਸਮਾਨ ਦੇ ਡੱਬੇ ਆਪਣੇ ਨਾਲ ਲਿਆਂਦੇ ਅਤੇ ਇਹ ਕੱਪੜੇ ਦਰੀ 'ਤੇ ਹੀ ਵਿਛਾ ਦਿੱਤੇ। ਉਹ ਪੁੱਛਣ ਲੱਗੀ, ''ਤੈਨੂੰ ਸਭ ਤੋਂ ਚੰਗਾ ਕਿਹੜਾ ਲੱਗਦਾ ਹੈ?''

''ਮੈਨੂੰ ਨਹੀਂ ਪਤਾ। ਮੈਨੂੰ ਸਾਰੇ ਹੀ ਚੰਗੇ ਲੱਗਦੇ ਹਨ।''

ਉਹਨੇ ਵਾਰੀ ਵਾਰੀ ਸਾਰੀਆਂ ਕਮੀਜ਼ਾਂ ਚੁੱਕੀਆਂ ਅਤੇ ਉਨ੍ਹਾਂ ਨੂੰ ਆਪਣੀ ਛਾਤੀ ਨਾਲ ਲਗਾ ਕੇ ਵੇਖਿਆ। ਫਿਰ ਉਹਨੇ ਸਾਰੀਆਂ ਵਾਰੀ ਵਾਰੀ ਤਹਿ ਕੀਤੀਆਂ ਅਤੇ ਉਨ੍ਹਾਂ ਨੂੰ ਆਪਣੇ ਕਮਰੇ ਵਿਚ ਲੈ ਗਈ। ਮੈਂ ਉਸ ਲਈ ਗਿਲਾਸ ਵਿਚ ਸ਼ਰਾਬ ਪਾਈ। ਵਾਪਸ ਪਰਤ ਕੇ ਉਹ ਨੇ ਸਟੀਰਿਓ 'ਤੇ ਚੈਅਕੋਵਸਕੀ ਦਾ ਸੰਗੀਤ ਲਗਾ ਦਿੱਤਾ ਅਤੇ ਕਹਿਣ ਲੱਗੀ, ''ਅੱਜ ਮੈਂ ਬਹੁਤ ਥੱਕੀ ਹੋਈ ਹਾਂ ਤੇ ਨੱਚ ਨਹੀਂ ਸਕਦੀ ਪਰ ਸ਼ਰਾਬ ਪੀਂਦੇ ਹੋਏ ਸੰਗੀਤ ਚੰਗਾ ਲੱਗਦਾ ਹੈ।''

ਅਸੀਂ ਪੀਂਦੇ ਰਹੇ, ਸੰਗੀਤ ਸੁਣਦੇ ਰਹੇ ਤੇ ਗੱਲਾਂ ਕਰਦੇ ਰਹੇ। ਅਸਾਂ ਅੱਗ ਕੋਲ ਬੈਠ ਕੇ ਹੀ ਖਾਣਾ ਖਾਧਾ।

ਉਹ ਪੁੱਛਣ ਲੱਗੀ, ''ਅਸੀਂ ਅੱਜ ਫੇਰ ਇਕੱਠੇ ਸੌਂ ਸਕਦੇ ਹਾਂ? ਮੈਂ ਹਾਲੇ ਤੱਕ ਪੂਰੀ ਤਰ੍ਹਾਂ ਠੀਕ ਨਹੀਂ ਹੋਈ। ਕੱਲ੍ਹ ਸਵੇਰ ਤੱਕ ਠੀਕ ਹੋ ਜਾਵਾਂਗੀ। ਕੀ ਤੂੰ ਦੱਸ ਸਕਦੈਂ ਕਿ ਪ੍ਰਮਾਤਮਾ ਨੇ ਔਰਤਾਂ ਨੂੰ ਹੀ ਇਹ ਤਕਲੀਫ ਕਿਉਂ ਦਿੱਤੀ!''

''ਮੈਨੂੰ ਕੋਈ ਪਤਾ ਨਹੀਂ। ਮੈਨੂੰ ਦੱਸਿਆ ਗਿਆ ਸੀ ਕਿ ਭਾਵੇਂ ਮਰਦਾਂ ਨੂੰ ਮਹਾਂਵਾਰੀ ਨਹੀਂ ਆਉਂਦੀ ਫਿਰ ਵੀ ਪੰਜਾਹਾਂ ਦੀ ਉਮਰ ਤੱਕ ਪਹੁੰਚ ਕੇ ਉਨ੍ਹਾਂ ਵਿਚ ਵੀ ਮੀਨੋਪਾਜ਼ ਆਉਂਦਾ ਹੈ। ਕੁਝ ਲੋਕ ਬੇਤੁਕੀਆਂ ਹਰਕਤਾਂ ਕਰਨ ਲੱਗਦੇ ਹਨ। ਉਹ ਔਰਤਬਾਜ਼ੀ ਦਾ ਆਖਰੀ ਦੌਰ ਚਲਾਉਂਦੇ ਹਨ, ਨੌਜਵਾਨ ਕੁੜੀਆਂ ਛੇੜਦੇ ਹਨ, ਗੰਦੀ ਭਾਸ਼ਾ ਵਰਤਦੇ ਹਨ ਜਾਂ ਆਪ ਨੰਗੇ ਹੁੰਦੇ ਹਨ। ਕੁਝ ਹੋਰ ਲੋਕ ਧਾਰਮਿਕ ਹੋ ਜਾਂਦੇ ਹਨ ਅਤੇ ਕਈ ਕਈ ਘੰਟੇ ਯਾਤਰਾਵਾਂ ਅਤੇ ਪ੍ਰਾਥਨਾਵਾਂ 'ਤੇ ਬਰਬਾਦ ਕਰ ਦਿੰਦੇ ਹਨ।''

ਮੌਲੀ ਮੇਰੇ ਨਾਲ ਸਹਿਮਤ ਸੀ, ''ਇਹ ਤਾਂ ਠੀਕ ਹੈ। ਔਰਤਾਂ ਨੂੰ ਘੱਟੋ ਘੱਟ ਇਹ ਤਾਂ ਪਤਾ ਹੁੰਦਾ ਹੈ ਕਿ ਉਨ੍ਹਾਂ ਦਾ ਮੀਨੋਪਾਜ਼ ਕਦੋਂ ਹੋਵੇਗਾ, ਜਦੋਂ ਉਹ ਬੱਚੇ ਪੈਦਾ ਨਹੀਂ ਕਰ ਸਕਣਗੀਆਂ। ਸੈਕਸ ਲਈ ਉਨ੍ਹਾਂ ਦੀ ਭੁੱਖ ਵੀ ਘਟ ਜਾਂਦੀ ਹੈ। ਪਰ ਮਰਦ ਸਗੋਂ ਹੋਰ ਭੜਕੀਲੇ ਹੋ ਜਾਂਦੇ ਹਨ। ਭਾਵੇਂ ਉਨ੍ਹਾਂ ਦੇ ਅੰਗ ਸਿੱਧੇ ਖੜ੍ਹੇ ਹੋਣੋਂ ਹਟ ਜਾਂਦੇ ਹਨ ਫਿਰ ਵੀ ਉਹ ਔਰਤਾਂ ਵੱਲ ਤੱਕਣਾ ਬੰਦ ਨਹੀਂ ਕਰਦੇ। ਕੀ ਤੂੰ ਪੰਜਾਹ ਸਾਲ ਦੇ ਮਰਦਾਂ ਨੂੰ ਵਾਸਨਾਵਾਂ ਨਾਲ ਭਰੇ ਹੋਏ ਦੇਖਿਆ ਹੈ? ਇਹ ਬੜੀ ਉਦਾਸ ਕਰਨ ਵਾਲੀ ਗੱਲ ਹੁੰਦੀ ਹੈ। ਬਹੁਤ ਹੀ ਮਾੜੀ। ਉਹ ਬਹੁਤ ਮੂਰਖ ਬਣਦੇ ਹਨ। ਮੈਨੂੰ ਬੁੱਢੇ ਮਰਦਾਂ 'ਤੇ ਬੜਾ ਅਫਸੋਸ ਹੁੰਦਾ ਹੈ। ਉਹ ਆਪਣੇ ਬੁੱਢੇ ਅੰਗਾਂ ਦਾ ਖਹਿੜਾ ਨਹੀਂ ਛੱਡਦੇ।'' ਉਹ ਬਹੁਤ ਉੱਚੀ ਸਾਰੀ ਹੱਸੀ ਅਤੇ ਕਹਿਣ ਲੱਗੀ, ''ਚਲੋ ਹੁਣ ਸੌਣ ਚੱਲੀਏ। ਮੈਨੂੰ ਲੱਗਦਾ ਹੈ ਤੇਰੇ ਬਿਸਤਰੇ ਵਿਚ ਹੀ ਸੌਵਾਂਗੇ? ਅੱਜ ਰਾਤ ਵੀ ਕੁਝ ਨਹੀਂ ਕਰਨਾ। ਤੈਨੂੰ ਜੱਫੀ ਪਾ ਕੇ ਸੌਂਣਾ ਹੀ ਹੈ।''

ਅੱਜ ਦੀ ਰਾਤ ਵੀ ਪਹਿਲੀ ਰਾਤ ਵਾਂਗ ਹੀ ਹੋਇਆ। ਅਸੀਂ ਇਕ ਦੂਜੇ ਨੂੰ ਜੱਫੀ ਪਾ ਕੇ ਲੰਮੇ ਪਏ ਅਤੇ ਇਕ ਦੂਜੇ ਦੇ ਸਰੀਰ ਦਾ ਨਿੱਘ ਮਾਣਦੇ ਹੋਏ ਸੌਂ ਗਏ।

*****

ਐਤਵਾਰ ਦਾ ਦਿਨ ਸੀ। ਦਫਤਰ ਨਹੀਂ ਸੀ ਜਾਣਾ। ਮੈਂ ਆਮ ਨਾਲੋਂ ਕੁਝ ਲੰਮੀ ਦੇਰ ਤੱਕ ਸੁੱਤਾ ਰਿਹਾ। ਫਿਰ ਮੈਂ ਮੋਲੀ ਨੂੰ ਚੁੱਕਿਆ ਅਤੇ ਉਸਨੂੰ ਉਸ ਦੇ ਕਮਰੇ ਵਿਚ ਲਿਜਾ ਕੇ ਉਹਦੇ ਬਿਸਤਰੇ ਵਿਚ ਪਾ ਦਿੱਤਾ ਅਤੇ ਕਿਹਾ, ''ਜਿੰਨੀ ਦੇਰ ਤੱਕ ਚਾਹੇਂ, ਸੁੱਤੀ ਰਹੀਂ। ਅੱਜ ਐਤਵਾਰ ਹੈ। ਨਾਸ਼ਤਾ ਵੀ ਦੇਰ ਨਾਲ ਕਰਾਂਗੇ।'' ਉਹ ਕੁਝ ਫੁਸਫੁਸਾਈ, ਪਾਸਾ ਲਿਆ ਅਤੇ ਫਿਰ ਸੌਂ ਗਈ।

ਮੈਂ ਦਰਵਾਜ਼ੇ ਖੋਲ੍ਹੇ। ਗੇਟ ਦੇ ਕੋਲ ਪਏ ਐਤਵਾਰ ਦੇ ਅਖ਼ਬਾਰ ਚੁੱਕੇ ਅਤੇ ਆਪਣੇ ਕਮਰੇ 'ਚ ਵਾਪਸ ਆ ਗਿਆ। ਮੈਂ ਬਿਜਲੀ ਵਾਲਾ ਰੇਡੀਏਟਰ ਚਾਲੂ ਕੀਤਾ ਅਤੇ ਬਿਸਤਰੇ 'ਚ ਬੈਠ ਕੇ ਅਖ਼ਬਾਰ ਪੜ੍ਹਨ ਲੱਗਾ। ਬੇਅਰਾ ਮੇਰੇ ਲਈ ਚਾਹ ਲੈ ਆਇਆ। ਅੱਧੇ ਘੰਟੇ ਵਿਚ ਹੀ ਮੈਂ ਛੇ ਅਖ਼ਬਾਰ ਅਤੇ ਉਨ੍ਹਾਂ ਦੇ ਰੰਗਦਾਰ ਮੈਗਜ਼ੀਨ ਪੜ੍ਹ ਲਏ ਸਨ। ਪੜ੍ਹਨ ਲਈ ਬਹੁਤਾ ਕੁਝ ਸੀ ਹੀ ਨਹੀਂ। ਮੈਂ ਬੰਦੋਬਸਤ ਦੇਖਣ ਲਈ ਛੱਤ 'ਤੇ ਗਿਆ। ਬਰੋ ਬਰਾਬਰ ਰੈਕਸੀਨ ਦੀਆਂ ਦੋ ਦਰੀਆਂ ਵਿਛੀਆਂ ਹੋਈਆਂ ਸਨ ਜਿਨ੍ਹਾਂ 'ਤੇ ਤਰੇਲ ਪਈ ਹੋਈ ਸੀ। ਮੈਂ ਛੱਤ 'ਤੇ ਚੱਕਰ ਕੱਢਿਆ। ਇਹ ਬਾਕੀ ਦੀਆਂ ਮਕਾਨਾਂ ਤੋਂ ਉੱਚੀ ਸੀ। ਮੈਂ ਆਪਣੇ ਗੁਆਂਢੀਆਂ ਨੂੰ ਦੇਖ ਸਕਦਾ ਸਾਂ ਪਰ ਉਹ ਮੈਨੂੰ ਨਹੀਂ ਸਨ ਦੇਖ ਸਕਦੇ। ਜਿੱਥੋਂ ਤੱਕ ਵੀ ਨਜ਼ਰ ਜਾਂਦੀ ਸੀ ਛੱਤਾਂ 'ਤੇ ਟੀ ਵੀ ਅਤੇ ਡਿਸ਼ ਐਨਟੀਨੇ ਜੰਗਲ ਵਾਂਗ ਲੱਗੇ ਹੋਏ ਸਨ। ਸਵੇਰ ਦੀ ਠੰਡ ਵਿਚ ਛੱਤ 'ਤੇ ਘੁੰਮਦੇ ਹੋਏ ਮੈਨੂੰ ਚੇਤੇ ਆਇਆ ਕਿ ਕਈ ਦਿਨਾਂ ਤੋਂ ਮੈਂ ਸੂਰਿਆ ਨਮਸਕਾਰ ਨਹੀਂ ਸੀ ਕੀਤਾ। ਮੈਂ ਨਿਕਲ ਰਹੇ ਸੂਰਜ ਵੱਲ ਮੂੰਹ ਕਰ ਕੇ ਖੜ੍ਹਾ ਹੋਇਆ ਤੇ ਨਮਸਕਾਰ ਕੀਤਾ। ਮੈਨੂੰ ਚੰਗਾ ਚੰਗਾ ਮਹਿਸੂਸ ਹੋਇਆ।

ਮੈਂ ਨਹਾਇਆ, ਕੱਪੜੇ ਬਦਲੇ ਅਤੇ ਠੰਡ ਤੋਂ ਬਚਣ ਲਈ ਮੋਟਾ ਸਵੈਟਰ ਵੀ ਪਾ ਲਿਆ। ਦਸ ਵਜੇ ਤੋਂ ਬਾਅਦ ਮੋਲੀ ਆਪਣੇ ਕਮਰੇ ਤੋਂ ਬਾਹਰ ਨਿਕਲੀ। ਉਹ ਨਹਾ ਕੇ ਹਟੀ ਸੀ ਅਤੇ ਕੱਲ੍ਹ ਹੀ ਖਰੀਦੇ ਕੱਪੜਿਆਂ ਵਿਚੋਂ ਸਲਵਾਰ ਕਮੀਜ਼ ਪਾਈ ਹੋਈ ਸੀ। ਉਹਨੇ ਆਪਣੀ ਲੰਮੀ ਕਮੀਜ਼ ਵੱਲ ਝਾਤੀ ਮਾਰਦੇ ਹੋਏ ਪੁੱਛਿਆ, ''ਮੈਂ ਕਿਵੇਂ ਲੱਗਦੀ ਹਾਂ?''

''ਬਹੁਤ ਵਧੀਆ! ਮੇਰੀ ਸਲਾਹ ਹੈ ਕਿ ਤੂੰ ਆਪਣੇ ਮੋਢਿਆਂ ਦੁਆਲੇ ਸ਼ਾਲ ਲਪੇਟ ਲੈ। ਅੱਜ ਕੱਲ੍ਹ ਦਾ ਮੌਸਮ ਬੜਾ ਖਤਰਨਾਕ ਹੁੰਦਾ ਹੈ।''

ਉਹ ਅੰਦਰ ਗਈ ਅਤੇ ਜਦੋਂ ਵਾਪਸ ਪਰਤੀ ਤਾਂ ਉਹ ਦੇ ਗਲ ਦੁਆਲੇ ਹੱਥ ਦਾ ਬੁਣਿਆ ਹੋਇਆ ਉੱਨ ਦਾ ਸਕਾਰਫ ਸੀ ਜਿਹੜਾ ਉਹਦੀ ਛਾਤੀ ਨੂੰ ਮਸਾਂ ਹੀ ਢਕ ਰਿਹਾ ਸੀ। ਅਸੀਂ ਬਿਜਲੀ ਦੇ ਹੀਟਰ ਸਾਹਮਣੇ ਬੈਠ ਗਏ। ਮੈਂ ਸਿਗਾਰ ਬਾਲ ਲਿਆ ਅਤੇ ਉਹ ਨੇ ਸਿਗਰਟ।

''ਮੌਸਮ ਵਿਭਾਗ ਵੱਲੋਂ ਕਿਹਾ ਗਿਆ ਹੈ ਕਿ ਅੱਜ ਦਾ ਦਿਨ ਬੜਾ ਖੁੱਲ੍ਹਾ ਅਤੇ ਧੁੱਪ ਵਾਲਾ ਰਹੇਗਾ। ਛੱਤ 'ਤੇ ਚਟਾਈਆਂ ਵਿਛਾ ਦਿੱਤੀਆਂ ਗਈਆਂ ਹਨ ਅਤੇ ਮਾਲਿਸ਼ ਲਈ ਮੈਂ ਹਰਬਲ ਤੇਲ ਦੀ ਇਕ ਬੋਤਲ ਮੰਗਵਾ ਲਈ ਹੈ। ਅਸੀਂ ਦੁਪਹਿਰ ਤੋਂ ਬਾਅਦ ਸੂਰਜ ਡੁੱਬਣ

ਤੱਕ ਧੁੱਪ ਇਸ਼ਨਾਨ ਕਰ ਸਕਦੇ ਹਾਂ।''

''ਇਹ ਬੜਾ ਚੰਗਾ ਰਹੇਗਾ।''

ਅਸਾਂ ਹਲਕਾ ਖਾਣਾ ਖਾਧਾ। ਇਸ ਵਿਚ ਗਰਮ ਚੀਨੀ ਸੂਪ ਅਤੇ ਸੈਂਡਵਿਚ ਸ਼ਾਮਲ ਸਨ। ਨੌਕਰਾਂ ਨੇ ਮੇਜ਼ ਸਾਫ਼ ਕੀਤਾ ਅਤੇ ਆਪੋ ਆਪਣਿਆਂ ਕਮਰਿਆਂ ਵਿਚ ਚਲੇ ਗਏ।

''ਚੱਲ ਆ ਤੈਨੂੰ ਬੰਦੋਬਸਤ ਦਿਖਾਵਾਂ।'' ਇਹ ਕਹਿੰਦੇ ਹੋਏ ਮੈਂ ਉਹਦਾ ਹੱਥ ਫੜਿਆ ਅਤੇ ਪੌੜੀਆਂ ਚੜਦਾ ਹੋਇਆ ਛੱਤ 'ਤੇ ਲੈ ਗਿਆ। ਧੁੱਪ ਬੜੀ ਚਮਕੀਲੀ ਅਤੇ ਨਿੱਘੀ ਸੀ। ਇਸ ਕਾਰਨ ਚਟਾਈਆਂ 'ਤੇ ਪਈ ਹੋਈ ਤਰੇਲ ਸੁੱਕ ਗਈ ਸੀ। ਧੁੱਪ ਵਿਚ ਪਈ ਤੇਲ ਦੀ ਸ਼ੀਸ਼ੀ ਵੀ ਨਿੱਘੀ ਹੋ ਰਹੀ ਸੀ। ਮੌਲੀ ਨੇ ਛੱਤ 'ਤੇ ਚੱਕਰ ਕੱਢਿਆ ਤਾਂ ਕਿ ਤਸੱਲੀ ਕਰ ਸਕੇ ਕਿ ਸਾਨੂੰ ਕੋਈ ਨਹੀਂ ਦੇਖ ਸਕੇਗਾ।

ਉਹਨੇ ਮੈਨੂੰ ਹੁਕਮ ਦਿੱਤਾ ਅਤੇ ਇਹ ਹੁਕਮ ਮਿਲਦੇ ਹੀ ਉਹਦੀ ਆਵਾਜ਼ ਪੇਸ਼ੇਵਰ ਅਤੇ ਹੁਕਮਰਾਨਾ ਹੋ ਗਈ ਸੀ, ''ਤੂੰ ਕੋਈ ਹਲਕਾ ਗਾਊਨ ਪਹਿਨ ਲੈ। ਮੈਂ ਆਪਣੇ ਕੰਮ ਵਾਲੇ ਕੱਪੜੇ ਪਾਉਂਦੀ ਹਾਂ।''

ਅਸੀਂ ਚਾਹੁੰਦੇ ਸਾਂ ਕਿ ਧੁੱਪ ਰਤਾ ਕੁ ਹੋਰ ਨਿੱਘੀ ਹੋ ਲਵੇ। ਜਦੋਂ ਅਸੀਂ ਦੁਬਾਰਾ ਛੱਤ 'ਤੇ ਗਏ ਤਾਂ ਸੂਰਜ ਬਿਲਕੁਲ ਸਿਰ 'ਤੇ ਸੀ। ਹਵਾ ਵੀ ਨਹੀਂ ਸੀ ਲੱਗ ਰਹੀ। ਮੌਲੀ ਕਹਿਣ ਲੱਗੀ, ''ਧੁੱਪ ਇਸ਼ਨਾਨ ਲਈ ਇਹ ਬਹੁਤ ਵਧੀਆ ਮੌਕਾ ਹੈ। ਗਾਊਨ ਲਾਹ ਦੇ ਅਤੇ ਪੇਟ ਭਾਰ ਲੰਮਾ ਪੈ ਜਾਹ।''

ਜਿਵੇਂ ਉਸ ਕਿਹਾ ਸੀ ਮੈਂ ਉਵੇਂ ਹੀ ਕੀਤਾ। ਉਹਨੇ ਵੀ ਆਪਣੀ ਸੂਤੀ ਨਾਈਟੀ ਲਾਹ ਦਿੱਤੀ ਅਤੇ ਫਰਸ਼ 'ਤੇ ਵਗਾਹ ਮਾਰੀ। ਉਹਦੇ ਗਿੱਟਿਆਂ ਦੁਆਲੇ ਸੋਨੇ ਦੀ ਇਕ ਚੇਨੀ ਤੋਂ ਇਲਾਵਾ ਸਰੀਰ 'ਤੇ ਹੋਰ ਕੁਝ ਵੀ ਨਹੀਂ ਸੀ। ਉਹ ਆ ਕੇ ਮੇਰੀ ਪਿੱਠ 'ਤੇ ਬੈਠ ਗਈ, ਜਿਵੇਂ ਕੋਈ ਘੋੜੇ ਦੀ ਸਵਾਰੀ ਕਰ ਰਿਹਾ ਹੁੰਦਾ ਹੈ। ਮੈਨੂੰ ਆਪਣੀ ਰੀੜ੍ਹ ਦੀ ਹੱਡੀ 'ਤੇ ਉਹ ਦੇ ਗੁਪਤ ਅੰਗਾਂ ਦੇ ਵਾਲ ਘਿਸਰਦੇ ਮਹਿਸੂਸ ਹੋ ਰਹੇ ਸਨ। ਦੋਵਾਂ ਹੱਥਾਂ ਨਾਲ ਉਹਨੇ ਹੇਠਾਂ ਤੋਂ ਲੈ ਕੇ ਉੱਪਰ ਤੱਕ ਮੇਰੀ ਰੀੜ੍ਹ ਦੀ ਹੱਡੀ ਦੀ ਮਾਲਿਸ਼ ਕੀਤੀ ਅਤੇ ਫਿਰ ਲਗਾਤਾਰ ਕਰਦੀ ਰਹੀ। ਉਹਨੇ ਆਪਣੇ ਅੰਗੂਠੇ ਜ਼ੋਰ ਨਾਲ ਮੇਰੇ ਮੋਢਿਆਂ ਦੀਆਂ ਹੱਡੀਆਂ 'ਚ ਦਬਾਏ। ਫਿਰ ਉਨ੍ਹਾਂ ਨੂੰ ਘੁੰਮਾਇਆ ਅਤੇ ਇਸ ਤਰ੍ਹਾਂ ਮੇਰੇ ਸਰੀਰ ਦਾ ਸਾਰਾ ਤਣਾਅ ਖਤਮ ਕਰ ਦਿੱਤਾ। ਉਹਨੇ ਆਪਣੀਆਂ ਤਲੀਆਂ 'ਤੇ ਨਿੱਘਾ ਹੋ ਚੁੱਕਾ ਹਰਬਲ ਤੇਲ ਪਾਇਆ ਅਤੇ ਮੇਰੀ ਪਿੱਠ 'ਤੇ ਮਲ ਦਿੱਤਾ। ਇਸ ਤੋਂ ਬਾਅਦ ਉਸ ਨੇ ਫੇਰ ਮੇਰੀ ਰੀੜ੍ਹ ਦੀ ਹੱਡੀ ਦਬਾਉਣੀ ਸ਼ੁਰੂ ਕਰ ਦਿੱਤੀ। ਫਿਰ ਉਹਨੇ ਮੇਰੀ ਧੌਣ ਅਤੇ ਮੇਰੀ ਖੋਪੜੀ ਦੇ ਮੁੱਢ ਤੱਕ ਮਾਲਿਸ਼ ਕੀਤੀ, ਕੰਨਾਂ ਦੁਆਲੇ ਹੱਥ ਮਾਰੇ, ਫਿਰ ਮੋਢਿਆਂ 'ਤੇ ਅਤੇ ਆਖਰਕਾਰ ਰੀੜ੍ਹ ਦੀ ਹੱਡੀ ਦੇ ਮੁੱਢ ਤੱਕ ਮਾਲਿਸ਼ ਕੀਤੀ। ਉਹ ਉੱਠ ਖੜ੍ਹੀ ਹੋਈ। ਮੇਰੀ ਪਿੱਠ 'ਤੇ ਦੋ ਵਾਰੀ ਪੈਰ ਰੱਖੇ ਅਤੇ ਫਿਰ ਮੇਰੀ ਪਿੱਠ 'ਤੇ ਬੈਠ ਗਈ। ਇਸ ਵਾਰੀ ਉਹਨੇ ਆਪਣਾ ਮੂੰਹ ਮੇਰੇ ਪੈਰਾਂ ਵੱਲ ਕਰ ਲਿਆ ਸੀ। ਉਸ

ਆਪਣੀਆਂ ਤਲੀਆਂ 'ਤੇ ਹੋਰ ਤੇਲ ਪਾਇਆ। ਇਨ੍ਹਾਂ ਨੂੰ ਮੇਰੇ ਚਿੱਤੜਾਂ 'ਤੇ ਤੇ ਇਨ੍ਹਾਂ ਦੇ ਵਿਚਕਾਰ ਮਲਿਆ ਤੇ ਮੇਰੇ ਪੱਟਾਂ, ਲੱਤਾਂ, ਗਿੱਟਿਆਂ ਅਤੇ ਪੈਰਾਂ ਦੀਆਂ ਤਲੀਆਂ ਤੱਕ ਇਸ ਦੀ ਮਾਲਿਸ਼ ਕੀਤੀ। ਇਹ ਸਾਰਾ ਸਿਲਸਿਲਾ ਅੱਧੇ ਘੰਟੇ ਤੱਕ ਚੱਲਦਾ ਰਿਹਾ। ਇਹ ਬੜਾ ਆਰਾਮਦਾਇਕ ਤੇ ਉਤੇਜਿਤ ਸੀ। ਮੇਰੇ ਸਰੀਰ ਦਾ ਇੰਚ ਇੰਚ ਇਸ ਗੱਲ ਦੀ ਮੰਗ ਕਰ ਰਿਹਾ ਸੀ ਕਿ ਉਹਦੀਆਂ ਪਿਆਰੀਆਂ ਉਂਗਲਾਂ ਉਸ ਨੂੰ ਛੂਹਣ। ਫਿਰ ਉਹ ਉੱਠ ਖੜ੍ਹੀ ਹੋਈ ਅਤੇ ਕਹਿਣ ਲੱਗੀ, ''ਪਾਸਾ ਵੱਟ।''

ਮੈਂ ਪਾਸਾ ਵੱਟਿਆ ਤੇ ਆਪਣੀ ਪਿੱਠ ਭਾਰ ਲੰਮਾ ਪੈ ਗਿਆ। ਉੱਥੇ ਲੰਮੇ ਪਿਆਂ ਮੈਨੂੰ ਉਸ ਦੇ ਪੱਟ ਅਤੇ ਗੁਪਤ ਅੰਗ ਦਿਖਾਈ ਦੇ ਰਹੇ ਸਨ। ਉਹ ਮੇਰੇ ਪੇਟ 'ਤੇ ਬੈਠ ਗਈ। ਉਸ ਆਪਣੀਆਂ ਉਂਗਲਾਂ ਮੇਰੀ ਛਾਤੀ ਦੇ ਨਿੱਪਲਾਂ 'ਤੇ ਫੇਰੀਆਂ। ਮੈਨੂੰ ਨਹੀਂ ਸੀ ਪਤਾ ਕਿ ਆਦਮੀ ਦੇ ਨਿੱਪਲ ਵੀ ਔਰਤਾਂ ਦੇ ਨਿੱਪਲਾਂ ਜਿੰਨੇ ਹੀ ਸੰਵਦੇਨਸ਼ੀਲ ਹੋ ਸਕਦੇ ਹਨ। ਉਹਨੇ ਮੇਰੀ ਛਾਤੀ 'ਤੇ ਤੇਲ ਪਾਇਆ ਅਤੇ ਆਪਣੀਆਂ ਤਲੀਆਂ ਨਾਲ ਮੇਰੇ ਸਰੀਰ 'ਤੇ ਕਈ ਵਾਰ ਮਲਿਆ। ਇਸ ਵਾਰ ਵੀ ਉਹਨੇ ਆਪਣੀ ਪੁਜ਼ੀਸ਼ਨ ਬਦਲੀ। ਹੁਣ ਉਹਦਾ ਪਿੱਛਾ ਮੇਰੇ ਮੂੰਹ ਵੱਲ ਸੀ। ਜਿਉਂ ਜਿਉਂ ਉਹ ਮਾਲਿਸ਼ ਕਰਦੀ ਹੋਈ ਅੱਗੇ ਪਿੱਛੇ ਹੁੰਦੀ ਉਸ ਦੇ ਗੁਪਤ ਵਾਲ ਮੇਰੇ ਗੁਪਤ ਵਾਲਾਂ ਨਾਲ ਖਹਿੰਦੇ। ਫਿਰ ਉਹਨੇ ਮੇਰੇ ਪੱਟਾਂ ਦੇ ਵਿਚਕਾਰ ਕਾਫੀ ਸਾਰਾ ਤੇਲ ਪਾ ਕੇ ਪੱਟਾਂ ਦੇ ਅੰਦਰੋਂ ਮਾਲਿਸ਼ ਕੀਤੀ। ਉਸਨੇ ਆਪਣੇ ਹੱਥ ਮੇਰੇ ਗਿੱਟਿਆਂ ਅਤੇ ਪੈਰਾਂ ਤੱਕ ਮਲੇ। ਪੈਰਾਂ ਨੂੰ ਮਾਲਿਸ਼ ਕਰਦੇ ਸਮੇਂ ਉਹਨੂੰ ਕਾਫੀ ਅੱਗੇ ਤੱਕ ਝੁਕਣਾ ਪੈਂਦਾ ਸੀ ਜਿਸ ਕਾਰਨ ਮੈਨੂੰ ਉਹਦਾ ਪਿੱਛਾ ਚੰਗੀ ਤਰ੍ਹਾਂ ਦਿਖਾਈ ਦਿੰਦਾ ਸੀ। ਅਜਿਹਾ ਕਰਦੇ ਹੋਏ ਮੇਰੇ ਅੰਗਾਂ ਵਿਚ ਤਣਾਅ ਆ ਗਿਆ। ਉਸ ਨੇ ਮੇਰੇ ਅੰਗ 'ਤੇ ਹੱਥ ਮਾਰਦੇ ਹੋਏ ਕਿਹਾ ''ਸਬਰ ਕਰ।''

ਮਾਲਿਸ਼ ਘੰਟਾ ਭਰ ਚੱਲਦੀ ਰਹੀ। ਮੈਨੂੰ ਨਹੀਂ ਚੇਤੇ ਕਿ ਜ਼ਿੰਦਗੀ ਵਿਚ ਇਸ ਤੋਂ ਵੱਧ ਆਨੰਦਦਾਇਕ ਕੋਈ ਹੋਰ ਤਜਰਬਾ ਮੈਂ ਹਾਸਲ ਕੀਤਾ ਹੋਵੇ। ਇੱਥੋਂ ਤੱਕ ਕਿ ਸੈਕਸ ਵੀ ਇੰਨਾ ਸੁਆਦਲਾ ਨਹੀਂ ਹੁੰਦਾ। ਉਹਨੇ ਆਪਣੇ ਤੇਲ ਵਾਲੇ ਹੱਥ ਆਪਣੇ ਪੱਟਾਂ ਨਾਲ ਸਾਫ਼ ਕੀਤੇ ਅਤੇ ਮੂੰਹ ਹੇਠਾਂ ਨੂੰ ਕਰਕੇ ਆਪਣੀ ਚੱਟਾਈ 'ਤੇ ਲੰਮੀ ਪੈ ਗਈ। ਹੁਣ ਮੈਂ ਉਸ ਦੀ ਚੱਟਾਈ ਵੱਲ ਗਿਆ ਅਤੇ ਉਸ 'ਤੇ ਬੈਠ ਗਿਆ। ਭਾਵੇਂ ਮੈਂ ਇਸ ਤੋਂ ਪਹਿਲਾਂ ਕਦੇ ਕਿਸੇ ਦੀ ਮਾਲਿਸ਼ ਨਹੀਂ ਸੀ ਕੀਤੀ ਫਿਰ ਵੀ ਮੈਂ ਉਸ ਦੀ ਨਕਲ ਕਰਦਾ ਰਿਹਾ। ਮੈਂ ਉਹਦੀ ਧੌਣ ਤੋਂ ਲੈ ਕੇ ਉਹਦੇ ਪੈਰਾਂ ਦੀਆਂ ਉਂਗਲਾਂ ਤੱਕ ਉਹਦੇ ਸਰੀਰ ਦੀ ਮਾਲਿਸ਼ ਕੀਤੀ। ਪਹਿਲਾਂ ਪਿਛਲੇ ਪਾਸੇ ਅਤੇ ਫਿਰ ਸਾਹਮਣੇ। ਫਿਰ ਮੈਂ ਉਹ ਛਾਤੀਆਂ 'ਤੇ ਆਪਣੇ ਬੁੱਲ੍ਹ ਲਗਾ ਦਿੱਤੇ ਅਤੇ ਸੈਕਸ ਦੀ ਸ਼ੁਰੂਆਤ ਕੀਤੀ। ਬੜਾ ਸਵਰਗੀ ਨਜ਼ਾਰਾ ਸੀ।

ਅਸੀਂ ਦੋਵੇਂ ਜਣੇ ਲੰਮੇ ਸਮੇਂ ਤੱਕ ਬੇਹਰਕਤ ਪਏ ਰਹੇ। ਫਿਰ ਮੈਂ ਉਹਨੂੰ ਪੇਟ ਭਾਰ ਲੰਮੇ ਪੈਣ ਲਈ ਕਿਹਾ। ਉਹ ਲੱਤਾਂ ਚੌੜੀਆਂ ਕਰ ਪੇਟ ਭਾਰ ਪੈ ਗਈ। ਮੈਂ ਉਹਦੇ ਪੱਟਾਂ ਵਿਚ ਬੈਠ ਕੇ ਉਹਦੇ ਪਿੱਛੇ ਦੀ ਮਾਲਿਸ਼ ਕਰਨੀ ਸ਼ੁਰੂ ਕੀਤੀ। ਇੱਥੇ ਮੈਂ ਇਹ ਦੱਸ ਦਿਆਂ ਕਿ ਔਰਤ

ਦੇ ਸਰੀਰ ਦੇ ਕਿਸੇ ਵੀ ਹਿੱਸੇ ਨਾਲੋਂ ਉਸ ਦੇ ਚਿੱਤੜ ਮਰਦ ਨੂੰ ਸਭ ਤੋਂ ਵੱਧ ਉਤੇਜਿਤ ਕਰਦੇ ਹਨ। ਮੌਲੀ ਦੇ ਸਰੀਰ ਦਾ ਇਹ ਹਿੱਸਾ ਬਹੁਤ ਖ਼ੂਬਸੂਰਤ, ਗੋਲਾਈਦਾਰ ਅਤੇ ਮਜ਼ਬੂਤ ਸੀ। ਮੈਂ ਇਸ ਆਸਣ ਰਾਹੀਂ ਸਹਿਵਾਸ ਦੀ ਸ਼ੁਰੂਆਤ ਕੀਤੀ। ਉਹ ਨੇ ਖ਼ੁਸ਼ੀ ਦਾ ਲੰਮਾ ਸਾਹ ਲਿਆ। ਅਸਾਂ ਆਪਣੇ ਆਨੰਦ ਨੂੰ ਲਮਕਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਇਹ ਸਿਲਸਿਲਾ ਕਾਫੀ ਲੰਮੇ ਸਮੇਂ ਤੱਕ ਚੱਲਦਾ ਰਿਹਾ। ਜਦੋਂ ਸਾਡੇ ਵਿਚੋਂ ਕੋਈ ਵੀ ਹੋਰ ਸਬਰ ਕਰਨ ਯੋਗਾ ਨਾ ਰਿਹਾ ਤਾਂ ਅਸੀਂ ਜੰਗਲੀ ਜਾਨਵਰਾਂ ਵਾਂਗ ਇਕ ਦੂਜੇ 'ਚ ਭਿੜ ਪਏ ਅਤੇ ਇਕ ਦੂਜੇ ਦੇ ਮਾਸ ਵਿਚ ਨਹੁੰਦਰਾਂ ਮਾਰਨੀਆਂ ਸ਼ੁਰੂ ਕੀਤੀਆਂ। ਸਹਿਵਾਸ ਦਾ ਸਿਖਰ ਇੰਨਾ ਵਧੀਆ ਸੀ ਕਿ ਸਾਡੇ ਦੋਹਾਂ ਵਿਚੋਂ ਕਿਸੇ ਨੇ ਵੀ ਜ਼ਿੰਦਗੀ ਵਿਚ ਇੰਨਾ ਆਨੰਦ ਨਹੀਂ ਸੀ ਮਾਣਿਆ।

ਸਾਡੇ ਵਿਚੋਂ ਕੋਈ ਕੁਝ ਨਾ ਬੋਲਿਆ। ਸ਼ਬਦਾਂ ਦੀ ਲੋੜ ਹੀ ਨਹੀਂ ਸੀ। ਅਸੀਂ ਆਪੋ ਆਪਣੀਆਂ ਚੱਟਾਈਆਂ 'ਤੇ ਲੰਮੇ ਪਏ ਰਹੇ ਅਤੇ ਧੁੱਪ ਸੇਕਦੇ ਰਹੇ। ਕਰੀਬ ਤਿੰਨ ਘੰਟੇ ਤੱਕ ਅਸੀਂ ਇਸੇ ਤਰ੍ਹਾਂ ਪਏ ਰਹੇ।

ਇਸ ਨਿਵੇਕਲੇ ਤਰੀਕੇ ਨਾਲ ਅਤੇ ਆਪਣੇ ਸਰੀਰਾਂ ਨਾਲ ਸੂਰਜ ਦੀ ਪੂਜਾ ਕਰਨ ਤੋਂ ਬਾਅਦ ਅਸੀਂ ਹੇਠਾਂ ਗਏ ਤਾਂ ਕਿ ਆਪਣੇ ਸਰੀਰਾਂ ਤੋਂ ਤੇਲ ਸਾਫ਼ ਕਰ ਸਕੀਏ। ਨਹਾਉਣ ਤੋਂ ਬਾਅਦ ਮੈਂ ਇੰਨਾ ਸਾਫ਼ ਮਹਿਸੂਸ ਕੀਤਾ ਜਿੰਨਾ ਇਸ ਤੋਂ ਪਹਿਲਾਂ ਕਦੇ ਵੀ ਨਹੀਂ ਸੀ ਕੀਤਾ। ਫਿਰ ਮੈਂ ਗਰਮ ਗਾਊਨ ਪਾਇਆ, ਬਿਜਲੀ ਦਾ ਹੀਟਰ ਚਲਾਇਆ ਅਤੇ ਸਿਗਾਰ ਬਾਲ ਲਿਆ। ਕੁਝ ਮਿੰਟਾਂ ਮਗਰੋਂ ਮੌਲੀ ਵੀ ਮੇਰੇ ਕੋਲ ਆ ਗਈ ਅਤੇ ਉਹਨੇ ਸਿਗਰਟ ਬਾਲ ਲਈ।

ਮੈਂ ਕਿਹਾ, ''ਇਹ ਤਾਂ ਬੜਾ ਸਵਰਗੀ ਆਨੰਦ ਸੀ। ਤੇਰਾ ਕੀ ਵਿਚਾਰ ਹੈ?''

ਉਹਨੇ ਮੁਸਕਰਾ ਕੇ ਜਵਾਬ ਦਿੱਤਾ, ''ਜ਼ਿੰਦਗੀ ਵਿਚ ਇਸ ਤੋਂ ਬੇਹਤਰ ਆਨੰਦ ਮੈਂ ਕਦੇ ਨਹੀਂ ਮਾਣਿਆ। ਪਰ ਆਪਾਂ ਇਹਨੂੰ ਦੁਹਰਾਉਣ ਦੀ ਕੋਸ਼ਿਸ਼ ਨਾ ਹੀ ਕਰੀਏ।''

''ਕਿਉਂ ਨਹੀਂ ਭਲਾ?''

''ਇਸ ਤਰ੍ਹਾਂ ਦਾ ਆਨੰਦ, ਜਿਸ ਵਿਚ ਦੋ ਸਰੀਰਾਂ ਦੇ ਸਾਰੇ ਅੰਗ ਇਕ ਦੂਜੇ ਨੂੰ ਪਿਆਰ ਕਰ ਰਹੇ ਹੋਣ, ਜ਼ਿੰਦਗੀ ਵਿਚ ਇਕੋ ਵਾਰੀ ਹਾਸਲ ਹੁੰਦਾ ਹੈ। ਇਹਨੂੰ ਸਿਰਫ ਆਪਣੇ ਮਨ ਵਿਚ ਹੀ ਰੱਖੋ। ਇਹਨੂੰ ਦੁਹਰਾਉਣ ਦੀ ਕਦੇ ਕੋਸ਼ਿਸ਼ ਨਾ ਕਰਨੀ। ਬਹੁਤ ਜ਼ਿਆਦਾ ਨਿਰਾਸ਼ਾ ਹੱਥ ਲੱਗੇਗੀ।''

*****

ਉੱਤਰੀ ਭਾਰਤ ਦੇ ਮਾਪਦੰਡਾਂ ਮੁਤਾਬਕ ਮੌਲੀ ਕਿਸੇ ਤਰ੍ਹਾਂ ਵੀ ਸੁੰਦਰ ਨਹੀਂ ਸੀ ਕਹੀ ਜਾ ਸਕਦੀ। ਉਹ ਬਹੁਤ ਕਾਲੀ ਅਤੇ ਛੋਟੇ ਕੱਦ ਦੀ ਸੀ। ਮੇਰੀ ਪਿੱਠ ਪਿੱਛੇ ਮੇਰੇ ਦੋਸਤਾਂ

ਦੀਆਂ ਪਤਨੀਆਂ ਅਕਸਰ ਪੁੱਛਦੀਆਂ, ''ਆਖਰਕਾਰ ਇਹਨੂੰ ਇਸ ਦੇ ਵਿਚ ਲੱਭਾ ਕੀ? ਜਿੰਨਾ ਇਹਦੇ ਕੋਲ ਪੈਸਾ ਹੈ ਤੇ ਜਿੰਨਾ ਇਹ ਆਪ ਖ਼ੂਬਸੂਰਤ ਹੈ ਉਸ ਨਾਲ ਤਾਂ ਇਹ ਜਿਨੀ ਮਰਜ਼ੀ ਪੜ੍ਹੀ ਲਿਖੀ ਅਤੇ ਖ਼ੂਬਸੂਰਤ ਔਰਤ ਲੱਭ ਸਕਦਾ ਸੀ।'' ਉਨ੍ਹਾਂ ਦੇ ਪਤੀ ਮੁਸਕਰਾ ਕੇ ਜਵਾਬ ਦਿੰਦੇ, ''ਖਬਰੇ ਉਹ ਬਿਸਤਰੇ ਵਿਚ ਬੜੀ ਚੰਗੀ ਹੋਵੇ। ਬਿਸਤਰੇ ਵਿਚ ਚੰਗੇ ਹੋਣ ਲਈ ਗੋਰੀ ਚਮੜੀ ਜਾਂ ਬੀ ਏ ਦੀ ਡਿਗਰੀ ਦੀ ਲੋੜ ਨਹੀਂ ਹੁੰਦੀ।'' ਅਤੇ ਉਨ੍ਹਾਂ ਦੀਆਂ ਪਤਨੀਆਂ ਫਿਰ ਕਹਿੰਦੀਆਂ, ''ਸ਼ਾਦੀ ਵਿਚ ਸਿਰਫ ਇਸੇ ਚੀਜ਼ ਦੀ ਹੀ ਤਾਂ ਲੋੜ ਨਹੀਂ ਹੁੰਦੀ। ਕੋਈ ਵੀ ਪਤਨੀ ਬਿਸਤਰੇ ਵਿਚ ਚੰਗੀ ਹੋ ਸਕਦੀ ਹੈ ਜੇ ਉਹਦੇ ਪਤੀ ਨੂੰ ਪਤਾ ਹੋਵੇ ਕਿ ਕੀ ਕਰਨਾ ਹੈ?'' ਅਤੇ ਇਸ ਤਰ੍ਹਾਂ ਦੀ ਹੋਰ ਗੱਪਸ਼ੱਪ ਚੱਲਦੀ ਰਹਿੰਦੀ।

ਮੈਨੂੰ ਨਹੀਂ ਸੀ ਪਤਾ ਕਿ ਮੇਰੇ ਨਾਲ ਲੰਮੇ ਸਮੇਂ ਤੱਕ ਜੁੜੇ ਰਹਿਣ ਬਾਰੇ ਮੌਲੀ ਕੀ ਸੋਚੇਗੀ। ਜਿਸ ਤਰੀਕੇ ਨਾਲ ਉਹ ਗੱਲਾਂ ਕਰਦੀ ਸੀ ਉਸ ਤੋਂ ਹੀ ਪ੍ਰਭਾਵ ਪੈਂਦਾ ਸੀ ਕਿ ਉਹਨੂੰ ਗੋਆ ਦੀ ਬਹੁਤ ਯਾਦ ਆਉਂਦੀ ਹੈ। ਮੈਂ ਤਾਂ ਉਸ ਨੂੰ ਇਹ ਵੀ ਨਹੀਂ ਸੀ ਪੁੱਛ ਸਕਦਾ ਕਿ ਉਹ ਕਿੰਨੀ ਦੇਰ ਤੱਕ ਰਹਿਣਾ ਚਾਹੁੰਦੀ ਹੈ। ਇਸ ਤਰ੍ਹਾਂ ਪੁੱਛਣ ਨਾਲ ਉਹ ਇਹ ਸਮਝ ਸਕਦੀ ਸੀ ਕਿ ਮੈਂ ਉਸ ਤੋਂ ਛੁਟਕਾਰਾ ਹਾਸਲ ਕਰਨਾ ਚਾਹੁੰਦਾ ਹਾਂ। ਇਹ ਗੱਲ ਸੱਚ ਨਹੀਂ ਸੀ। ਬਾਕੀ ਸਾਰੀਆਂ ਔਰਤਾਂ ਨਾਲੋਂ ਵੱਧ ਮੈਂ ਉਸ ਦੇ ਸਾਥ ਦਾ ਆਨੰਦ ਮਾਣ ਰਿਹਾ ਸੀ। ਪਰ ਕਿੰਨੀ ਦੇਰ ਤੱਕ? ਮੈਂ ਜਾਣਦਾ ਸਾਂ ਕਿ ਉਹ ਹਰ ਹਫਤੇ ਆਪਣੀ ਮਾਂ ਨੂੰ ਖ਼ਤ ਲਿਖਦੀ ਹੈ। ਇਹ ਖ਼ਤ ਸਾਰੇ ਪਰਿਵਾਰ ਨੂੰ ਮੁਖਾਤਬ ਹੁੰਦਾ ਸੀ। ਉਹਦੀ ਕੋਈ ਡਾਕ ਨਹੀਂ ਸੀ ਆਉਂਦੀ ਕਿਉਂਕਿ ਉਹ ਨੇ ਸਿਆਣਪ ਕਰਦੇ ਹੋਏ ਆਪਣੇ ਮਾਪਿਆਂ ਨੂੰ ਆਪਣਾ ਪਤਾ ਨਹੀਂ ਸੀ ਦਿੱਤਾ। ਇਕ ਸ਼ਾਮ ਮੈਂ ਉਹਨੂੰ ਪੁੱਛਿਆ, ''ਦਿੱਲੀ ਲਈ ਰਵਾਨਾ ਹੋਣ ਤੋਂ ਪਹਿਲਾਂ ਤੂੰ ਆਪਣੇ ਮਾਪਿਆਂ ਨੂੰ ਕੀ ਕਿਹਾ ਸੀ?''

''ਮੈਂ ਕਿਹਾ ਸੀ ਕਿ ਮੈਂ ਲਕਵੇ ਦੀ ਮਾਰੀ ਹੋਈ ਇਕ ਬੁੱਢੀ ਔਰਤ ਦਾ ਇਲਾਜ ਕਰਨ ਜਾ ਰਹੀ ਹਾਂ। ਮੈਂ ਦੱਸਿਆ ਸੀ ਕਿ ਮੈਨੂੰ ਨਹੀਂ ਪਤਾ ਕਿ ਮੈਨੂੰ ਕਿੰਨੀ ਦੇਰ ਲੱਗੇਗੀ ਕਿਉਂਕਿ ਮੈਂ ਜਾਣਦੀ ਹੀ ਨਹੀਂ ਕਿ ਇਸ ਔਰਤ ਨੂੰ ਕਿੰਨੀ ਦੇਰ ਤੱਕ ਮੇਰੀ ਲੋੜ ਰਹੇਗੀ। ਖਬਰੇ ਤੂੰ ਹੀ ਮੈਨੂੰ ਦੱਸ ਸਕਦਾ ਹੈਂ। ਮੈਨੂੰ ਪਤਾ ਹੈ ਕਿ ਤੂੰ ਮੇਰੇ ਨਾਲ ਵਿਆਹ ਨਹੀਂ ਕਰੇਂਗਾ। ਮੈਂ ਵੀ ਤੇਰੇ ਨਾਲ ਵਿਆਹ ਨਹੀਂ ਕਰਨਾ ਚਾਹੁੰਦੀ। ਸਾਡਾ ਵਿਆਹ ਸਫਲ ਨਹੀਂ ਹੋਣ ਲੱਗਾ। ਇਸ ਲਈ ਮੈਂ ਉਨੀ ਦੇਰ ਤੱਕ ਹੀ ਇੱਥੇ ਰਹਾਂਗੀ ਜਿੰਨੀ ਦੇਰ ਤੱਕ ਤੇਰੀ ਇੱਛਾ ਹੈ। ਇਹ ਸਮਾਂ ਬਹੁਤਾ ਲੰਮਾ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਨਾਲ ਸਾਡੇ ਦੋਹਾਂ ਲਈ ਸਮੱਸਿਆਵਾਂ ਖੜ੍ਹੀਆਂ ਹੋ ਜਾਣਗੀਆਂ। ਇਹ ਸਮਾਂ ਬਹੁਤ ਥੋੜ੍ਹਾ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਨਾਲ ਮੇਰੀਆਂ ਭਾਵਨਾਵਾਂ ਨੂੰ ਠੇਸ ਪਹੁੰਚੇਗੀ।''

ਇਸ ਤੋਂ ਵੱਧ ਸੱਚਾ ਅਤੇ ਦੋ ਟੂਕ ਹੋਰ ਕੌਣ ਹੋ ਸਕਦਾ ਹੈ? ਮੈਂ ਉਸ ਦੀ ਸਪੱਸ਼ਟਤਾ 'ਤੇ ਭਾਵੁਕ ਹੋ ਗਿਆ ਅਤੇ ਉਸ ਨੂੰ ਚੁੰਮਦੇ ਹੋਏ ਕਿਹਾ, ''ਮੌਲੀ ਤੂੰ ਸਭ ਤੋਂ ਚੰਗੀ ਕੁੜੀ ਹੈ।

ਮੈਨੂੰ ਲੱਗਦਾ ਹੈ ਕਿ ਮੈਨੂੰ ਤੇਰੇ ਨਾਲ ਵੀ ਇਸ਼ਕ ਹੋ ਰਿਹਾ ਹੈ।''

ਉਹਨੇ ਜਿੰਨੀ ਤੇਜ਼ੀ ਨਾਲ ਅਤੇ ਜਿੰਨੇ ਜ਼ੋਰ ਨਾਲ ਜਵਾਬ ਦਿੱਤਾ ਉਸ ਨੇ ਮੈਨੂੰ ਹੈਰਾਨ ਕਰ ਦਿੱਤਾ। ਉਹ ਕਹਿਣ ਲੱਗੀ, ''ਇਸ਼ਕ ਵਿਸ਼ਕ ਦੀਆਂ ਗੱਲਾਂ ਛੱਡ। ਤੈਨੂੰ ਸਿਰਫ ਮੇਰੇ ਨਾਲ ਸਰੀਰਕ ਸਬੰਧਾਂ ਵਿਚ ਮਜ਼ਾ ਆਉਂਦਾ ਹੈ। ਛੇਤੀ ਹੀ ਤੂੰ ਇਸ ਤੋਂ ਥੱਕ ਜਾਏਂਗਾ। ਮੈਂ ਦੱਸਾਂ, ਮੇਰੇ ਵਿਚ ਸੈਕਸ ਦੀ ਨਾ ਮਿਟਣ ਵਾਲੀ ਭੁੱਖ ਹੈ। ਤੂੰ ਮੇਰੇ ਨਾਲ ਬਹੁਤੇ ਲੰਮੇ ਸਮੇਂ ਤੱਕ ਨਹੀਂ ਚੱਲ ਸਕੇਂਗਾ। ਹਾਂ ਜਾਂ ਨਾਂਹ?'' ਉਹ ਖੁੱਲ੍ਹ ਕੇ ਹੱਸੀ।

ਉਹਨੇ ਫੇਰ ਦੁਹਰਾਇਆ ''ਹਾਂ ਜਾਂ ਨਾਂਹ।''

ਮੈਂ ਜਵਾਬ ਦਿੱਤਾ, ''ਨਾਂਹ। ਮੌਲੀ ਗੋਮਜ਼ ਤੂੰ ਮੇਰੇ ਨਾਲੋਂ ਜਵਾਨ ਹੋ ਸਕਦੀ ਹੈਂ ਪਰ ਮੈਂ ਇਸ ਮੁਕਾਬਲੇ ਵਿਚ ਤੇਰੇ ਬਰਾਬਰ ਰਹਾਂਗਾ।''

''ਆਮੀਨ!''

*****

ਮੌਲੀ ਮੇਰੇ ਨਾਲ ਤਿੰਨ ਮਹੀਨੇ ਤੱਕ ਰਹੀ। ਇਸ ਸਮੇਂ ਤੱਕ ਸਾਡੇ ਦੋਹਾਂ ਲਈ ਹੀ ਹਾਲਾਤ ਕੁਝ ਬਦਮਿਜਾਜ਼ ਹੋ ਰਹੇ ਸਨ। ਮੇਰੇ ਕਈ ਦੋਸਤਾਂ ਨੇ ਮੈਨੂੰ ਪੁੱਛਿਆ ਸੀ ਕਿ ਇਨ੍ਹਾਂ ਅਫਵਾਹਾਂ ਵਿਚ ਕਿੰਨੀ ਕੁ ਸੱਚਾਈ ਹੈ ਕਿ ਮੈਂ ਗੋਆ ਦੀ ਲੇਡੀ ਡਾਕਟਰ ਨਾਲ ਸ਼ਾਦੀ ਕਰਨਾ ਚਾਹੁੰਦਾ ਹਾਂ। ਮੈਂ ਇਸ ਤੋਂ ਇਨਕਾਰ ਕਰਦੇ ਹੋਏ ਜਵਾਬ ਦਿੱਤਾ, ''ਉਹ ਤਾਂ ਇਕ ਬੀਮਾਰ ਦਾ ਇਲਾਜ ਕਰਦੀ ਹੈ ਜਿਸ ਨੂੰ ਹਰ ਰੋਜ਼ ਉਹਦੀ ਮਦਦ ਦੀ ਲੋੜ ਪੈਂਦੀ ਹੈ।'' ਉਹ ਫਿਰ ਮੈਨੂੰ ਪੁੱਛਣ ਲੱਗਦੇ, ''ਤੇਰੀ ਉਸ ਨਾਲ ਵਾਕਫੀ ਕਿਵੇਂ ਹੋਈ?'' ਮੈਨੂੰ ਇਸ ਤਰ੍ਹਾਂ ਦੇ ਸਵਾਲ ਪਸੰਦ ਨਹੀਂ ਸਨ ਆਉਂਦੇ। ਮੌਲੀ ਨੇ ਵੀ ਮਹਿਸੂਸ ਕੀਤਾ ਕਿ ਗੋਆ ਵਿਚ ਉਹਦੇ ਪਰਿਵਾਰ ਅਤੇ ਉਹਦੇ ਮਿੱਤਰਾਂ ਵਿਚ ਇਹ ਚਰਚਾ ਚੱਲਦੀ ਹੋਵੇਗੀ ਕਿ ਉਹ ਇੰਨੀ ਦੇਰ ਤੱਕ ਬਾਹਰ ਕਿਉਂ ਰਹਿ ਰਹੀ ਹੈ। ਇਸ ਦੇ ਨਾਲ ਪੰਜ ਤਾਰਾ ਹੋਟਲਾਂ ਵਿਚ ਉਹਦੇ ਕਾਰੋਬਾਰੀ ਸੰਪਰਕ ਵੀ ਖਤਮ ਹੋ ਸਕਦੇ ਸਨ। ਉਹ ਪੁੱਛਣ ਲੱਗੀ, ''ਮੇਰੇ ਪੱਕੇ ਗਾਹਕਾਂ ਨੂੰ ਜੇ ਮੈਂ ਨਾ ਮਿਲੀ ਤਾਂ ਉਹ ਕਿਸੇ ਹੋਰ ਨੂੰ ਲੱਭ ਲੈਣਗੇ। ਫਿਰ ਮੈਂ ਆਪਣੀ ਰੋਟੀ ਰੋਜ਼ੀ ਕਿਵੇਂ ਕਮਾਵਾਂਗੀ?''

ਮੈਂ ਫੈਸਲਾ ਉਸ 'ਤੇ ਛੱਡ ਦਿੱਤਾ। ਆਖਰਕਾਰ ਉਸੇ ਨੇ ਹੀ ਮੈਨੂੰ ਕਿਹਾ ਕਿ ਮੈਂ ਗੋਆ ਲਈ ਉਹਦੇ ਲਈ ਟਿਕਟ ਬੁਕ ਕਰਵਾ ਕੇ ਦਿਆਂ।

''ਮੌਲੀ ਤੂੰ ਜ਼ਰੂਰ ਜਾਣਾ ਹੈ? ਅਤੇ ਉਹ ਵੀ ਏਨੀ ਛੇਤੀ?''

ਉਸ ਜਵਾਬ ਦਿੱਤਾ, ''ਮੈਂ ਸੋਚਦੀ ਹਾਂ ਕਿ ਮੈਨੂੰ ਚਲੇ ਜਾਣਾ ਚਾਹੀਦਾ ਹੈ ਅਤੇ ਇਹ ਇੰਨੀ ਛੇਤੀ ਵੀ ਨਹੀਂ ਹੈ ਜਿੰਨਾ ਤੂੰ ਸੋਚ ਰਿਹਾ ਹੈਂ। ਤਿੰਨ ਮਹੀਨੇ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਸਾਰੀਆਂ ਚੰਗੀਆਂ ਚੀਜ਼ਾਂ ਦਾ ਕਿਸੇ ਨਾ ਕਿਸੇ ਦਿਨ ਅੰਤ ਹੁੰਦਾ ਹੈ। ਮਿਸਟਰ ਕੁਮਾਰ

ਇਸੇ ਤਰ੍ਹਾਂ ਹੀ ਜੀਵਨ ਦਾ ਵੀ ਅੰਤ ਹੁੰਦਾ ਹੈ।''

ਭਾਵੇਂ ਵਿਦੇਸ਼ੀ ਸੈਲਾਨੀਆਂ ਦਾ ਸੀਜ਼ਨ ਖਤਮ ਹੋ ਰਿਹਾ ਸੀ ਫਿਰ ਵੀ ਬਹੁਤ ਸਾਰੇ ਭਾਰਤੀ ਸੈਲਾਨੀ ਵੀ ਹੋਟਲਾਂ ਵਿਚ ਸਸਤੇ ਦਰਾਂ 'ਤੇ ਰਹਿ ਰਹੇ ਸਨ। ਮੇਰੇ ਟ੍ਰੈਵਲ ਏਜੰਟ ਨੇ ਹਫਤੇ ਬਾਅਦ ਦੀ ਇਕ ਟਿਕਟ ਐਕਜ਼ੈਕਟਿਵ ਕਲਾਸ ਦੀ ਫਲਾਈਟ ਬੁਕ ਕਰਵਾ ਦਿੱਤੀ। ਇਹ ਦਿਨੇਂ ਸਾਢੇ ਗਿਆਰਾਂ ਵਜੇ ਦਿੱਲੀ ਤੋਂ ਚੱਲਦੀ ਸੀ। ਜਦੋਂ ਮੈਂ ਮੌਲੀ ਨੂੰ ਟਿਕਟ ਫੜਾਈ ਤਾਂ ਉਹ ਮੈਨੂੰ ਚਿੰਬੜ ਗਈ। ਅਸਾਂ ਪਿਆਰ ਕੀਤਾ। ਇਸ ਹਫਤੇ ਭਰ ਵਿਚ ਅਸੀਂ ਹਰ ਰੋਜ਼ ਹੀ ਪਿਆਰ ਕਰਦੇ ਰਹੇ। ਇਕ ਦਿਨ ਪਿਆਰ ਦੇ ਲੰਮੇ ਸੈਸ਼ਨ ਤੋਂ ਬਾਅਦ ਉਹ ਕਹਿਣ ਲੱਗੀ, ''ਮੈਂ ਤੇਰੇ ਪੈਸਿਆਂ ਦਾ ਮੁੱਲ ਮੋੜਿਆ ਹੈ?'' ਮੈਂ ਜਵਾਬ ਦਿੱਤਾ, ''ਹਰ ਵਾਰੀ ਹੀ ਤੂੰ ਲੱਖਾਂ ਰੁਪਇਆ ਜਿੰਨਾਂ ਮੁੱਲ ਮੋੜਦੀ ਹੈ।''

''ਅੱਛਾ! ਤਾਂ ਤੂੰ ਮੈਨੂੰ ਘੱਟੋ ਘੱਟ 80 ਲੱਖ ਰੁਪਏ ਦੇ ਰਿਹਾ ਹੈਂ। ਮੈਂ ਆਪਣੀ ਡਾਇਰੀ ਵਿਚ ਸਾਰੀ ਗਿਣਤੀ ਲਿਖੀ ਹੋਈ ਹੈ। ਪਰ ਮੈਂ ਤੈਥੋਂ ਮਿੱਥੀ ਹੋਈ ਰਕਮ ਤੋਂ ਵੱਧ ਇਕ ਪੈਸਾ ਵੀ ਨਹੀਂ ਲਵਾਂਗੀ, ਕਿਉਂਕਿ ਜ਼ਿੰਦਗੀ ਵਿਚ ਜੋ ਮੈਂ ਤੈਥੋਂ ਹਾਸਲ ਕੀਤਾ ਹੈ ਉਹ ਮੈਂ ਕਿਸੇ ਮਰਦ ਤੋਂ ਹਾਸਲ ਨਹੀਂ ਕੀਤਾ। ਮੇਰੀ ਦੇਹ ਵਿਚ ਤੇਰੀ ਮਹਿਕ ਭਰੀ ਪਈ ਹੈ।''

ਜਿਸ ਸਵੇਰ ਉਹਨੇ ਰਵਾਨਾ ਹੋਣਾ ਸੀ ਉਸ ਸਵੇਰ ਵੀ ਅਸੀਂ ਪਿਆਰ ਕੀਤਾ। ਮੈਂ ਉਹਨੂੰ ਆਪਣੀ ਕਾਰ ਵਿਚ ਹਵਾਈ ਅੱਡੇ ਤੱਕ ਛੱਡਣ ਗਿਆ। ਜਦੋਂ ਉਹਦੀ ਉਡਾਣ ਦਾ ਐਲਾਨ ਕੀਤਾ ਗਿਆ, ਮੈਂ ਉਹਨੂੰ ਜੱਫੀ ਪਾਈ ਅਤੇ ਉਹਦਾ ਭਰਵਾਂ ਵਿਦਾਇਗੀ ਚੁੰਮਣ ਲਿਆ। ਮੈਂ ਕਿਹਾ, ''ਮੌਲੀ ਵਾਅਦਾ ਕਰ ਕਿ ਤੂੰ ਚਿੱਠੀ ਲਿਖੇਂਗੀ। ਅਸੀਂ ਲੰਮਾ ਸਮਾਂ ਇਕ ਦੂਜੇ ਨਾਲ ਸੰਪਰਕ ਵਿਚ ਰਹਾਂਗੇ।'' ਉਹਨੇ ਕੋਈ ਵਾਅਦਾ ਨਾ ਕੀਤਾ। ਉਹਨੇ ਹੱਥ ਹਿਲਾਏ ਅਤੇ ਮੁਸਾਫਰਾਂ ਦੀ ਭੀੜ ਵਿਚ ਗੁੰਮ ਹੋ ਗਈ।

ਮੌਲੀ ਨੇ ਮੈਨੂੰ ਕੋਈ ਖ਼ਤ ਨਾ ਲਿਖਿਆ। ਜਿਹੜੇ ਖ਼ਤ ਮੈਂ ਉਹਨੂੰ ਲਿਖੇ ਉਨ੍ਹਾਂ ਦਾ ਵੀ ਕੋਈ ਜਵਾਬ ਨਾ ਆਇਆ।

ਮੌਲੀ ਤੋਂ ਬਿਨਾਂ ਜ਼ਿੰਦਗੀ ਬਿਤਾਉਣ ਦੀ ਆਦਤ ਪੈਣ 'ਚ ਲੰਮਾ ਸਮਾਂ ਲੱਗ ਗਿਆ। ਵਿਛੋੜੇ ਦੀ ਤਕਲੀਫ ਜਾਣ ਵਾਲਿਆਂ ਨੂੰ ਘੱਟ ਹੁੰਦੀ ਹੈ ਪਰ ਪਿੱਛੇ ਰਹਿਣ ਵਾਲੇ ਨੂੰ ਸਿਆਪਾ। ਮੇਰੇ ਲਈ ਤਾਂ ਇਹ ਵਿਛੋੜਾ ਹੋਰ ਵੀ ਔਖਾ ਸੀ ਕਿਉਂਕਿ ਮੌਲੀ ਨੇ ਮੇਰੀ ਜ਼ਿੰਦਗੀ ਨੂੰ ਇੰਨਾ ਭਰਪੂਰ ਕਰ ਦਿੱਤਾ ਸੀ ਕਿ ਜਿਹੜਾ ਖਾਲੀਪਣ ਪੈਦਾ ਹੋਇਆ ਉਹ ਬਹੁਤ ਤਕਲੀਫਦੇਹ ਸੀ। ਕਈ ਵਾਰੀ ਮੈਂ ਸੋਚਿਆ ਕਿ ਮੈਂ ਉੱਡ ਕੇ ਗੋਆ ਜਾਵਾਂ ਅਤੇ ਸਾਰੇ ਹੋਟਲਾਂ ਵਿਚ ਉਹਦੀ ਭਾਲ ਕਰਾਂ। ਇਹ ਕੋਈ ਅਸੰਭਵ ਕੰਮ ਨਹੀਂ ਸੀ। ਪਰ ਮੈਂ ਆਪਣੇ ਆਪ ਨੂੰ ਰੋਕਦਾ ਰਿਹਾ। ਅਸਲ ਵਿਚ ਮੈਂ ਉਸ ਨੂੰ ਕੁਝ ਵੀ ਪੇਸ਼ਕਸ਼ ਨਹੀਂ ਸੀ ਕਰ ਸਕਦਾ ਅਤੇ ਮੇਰੀ ਹਾਜ਼ਰੀ ਨਾਲ ਉਸ ਨੂੰ ਪ੍ਰੇਸ਼ਾਨੀ ਹੋਣੀ ਸੀ। ਉਹਦੇ ਪਰਿਵਾਰ ਤੇ ਦੋਸਤਾਂ ਨੇ ਇਹ ਸੋਚ ਲੈਣਾ ਸੀ ਕਿ ਦਿੱਲੀ ਦਾ ਉਸ ਦਾ ਦੌਰਾ ਉਸ ਦੇ ਪੇਸ਼ੇ ਨਾਲ ਸਬੰਧਤ ਨਹੀਂ ਸੀ, ਸਗੋਂ ਹੋਰ ਕਾਰਨਾਂ ਕਰਕੇ ਸੀ। ਜਿਨ੍ਹਾਂ ਨੂੰ ਉਨ੍ਹਾਂ ਪਰਵਾਨ ਨਹੀਂ ਸੀ ਕਰਨਾ। ਇਸ ਦੇ ਨਾਲ ਹੀ ਮੈਨੂੰ ਉਹ ਗੱਲ ਵੀ ਚੇਤੇ ਆਈ ਜਿਹੜੀ ਉਹਨੇ ਛੱਤ 'ਤੇ ਕੀਤੇ ਗਏ ਬੇਹਤਰੀਨ ਸਹਿਵਾਸ ਤੋਂ ਬਾਅਦ ਕਹੀ ਸੀ। ਉਸ ਕਿਹਾ ਸੀ ਕਿ ਇਸ ਤਜਰਬੇ ਨੂੰ ਦੁਹਰਾਉਣ ਦੀ ਕਦੇ ਕੋਸ਼ਿਸ਼ ਨਾ ਕਰੀਂ। ਉਹ ਤਾਂ ਚਾਹੇਗੀ ਕਿ ਅਸੀਂ ਮੁੜ ਕਦੇ ਨਾ ਮਿਲੀਏ। ਉਹ ਕਦੇ ਵੀ ਨਿਰਾਸ਼ਾ ਦਾ ਪਤਰਾ ਮੁੱਲ ਨਹੀਂ ਲਵੇਗੀ। ਹੌਲ਼ੀ ਹੌਲ਼ੀ ਮੈਂ ਆਪਣੇ ਆਪ ਨੂੰ ਇਸ ਗੱਲ ਲਈ ਤਿਆਰ ਕਰ ਲਿਆ ਕਿ ਮੈਂ ਮੌਲੀ ਨੂੰ ਕਦੇ ਵੀ ਨਹੀਂ ਮਿਲਾਂਗਾ। ਹੌਲ਼ੀ-ਹੌਲ਼ੀ ਉਹਦੀ ਯਾਦ ਧੁੰਦਲੀ ਹੁੰਦੀ ਗਈ ਤੇ ਆਖਰਕਾਰ ਇਹ ਇਕ ਸੁਆਦਲੀ ਯਾਦ ਬਣ ਕੇ ਰਹਿ ਗਈ।

*****

ਜਦੋਂ ਮੈਨੂੰ ਤਲਾਕ ਮਿਲ ਗਿਆ ਤਾਂ ਮੈਂ ਮਹਿਸੂਸ ਕੀਤਾ ਕਿ ਹੁਣ ਮੈਂ ਸੋਨੂੰ ਤੋਂ ਆਜ਼ਾਦ ਹੋ ਗਿਆ ਹਾਂ ਅਤੇ ਜਿਵੇਂ ਚਾਹਾਂ ਆਪਣੀ ਜ਼ਿੰਦਗੀ ਬਤੀਤ ਕਰ ਸਕਦਾ ਹਾਂ। ਪਰ ਉਸਦਾ ਪਰਛਾਵਾਂ ਮੇਰਾ ਸਦਾ ਹੀ ਪਿੱਛਾ ਕਰਦਾ ਰਹਿੰਦਾ। ਜਦੋਂ ਵੀ ਮੈਂ ਜਿੰਮਖਾਨਾ ਜਾਂ ਗੋਲਫ ਕਲੱਬ ਜਾਂਦਾ ਮੈਂ ਮਹਿਸੂਸ ਕਰਦਾ ਕਿ ਮੇਰੇ ਮਿੱਤਰਾਂ ਤੇ ਉਨ੍ਹਾਂ ਦੀਆਂ ਪਤਨੀਆਂ ਦਾ ਮੇਰੇ ਪ੍ਰਤੀ ਵਤੀਰਾ ਬਦਲ ਗਿਆ ਹੈ। ਉਹ ਮੇਰੇ ਵੱਲ ਇੰਜ ਦੇਖਦੇ ਜਿਵੇਂ ਮੈਨੂੰ ਪਹਿਲੀ ਵਾਰ ਦੇਖ ਰਹੇ ਹੋਣ। ਮਰਦ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਜਿਹੜੀਆਂ ਮੈਨੂੰ ਤਕਲੀਫ

ਪਹੁੰਚਾਉਂਦੀਆਂ। ਇਕ ਵਾਰ ਤਾਂ ਇਕ ਬੰਦੇ ਨੇ ਮੇਰੀ ਪਿੱਠ 'ਤੇ ਹੱਥ ਮਾਰ ਕੇ ਕਿਹਾ, ''ਯਾਰ ਮੋਹਨ ਤੂੰ ਤਾਂ ਛੁਪਿਆ ਰੁਸਤਮ ਨਿਕਲਿਆ। ਸਾਨੂੰ ਪਤਾ ਲੱਗਿਆ ਹੈ ਕਿ ਤੂੰ ਤਾਂ ਤੀਸ ਮਾਰ ਖਾਂ ਹੈਂ ਅਤੇ ਸੈਕਸ ਦਾ ਮੁਹੰਮਦ ਅਲੀ।'' ਮੈਂ ਗੱਲ ਨੂੰ ਹੱਸ ਕੇ ਟਾਲਣ ਦੀ ਕੋਸ਼ਿਸ਼ ਕੀਤੀ। ਇਕ ਹੋਰ ਮੌਕੇ 'ਤੇ ਇਕ ਔਰਤ ਨੇ ਭਰੇ ਇਕੱਠ ਵਿਚ ਪੁੱਛਿਆ, ''ਮੋਹਨ ਜੀ, ਮੈਂ ਸੁਣਿਆ ਕਿ ਤੁਸੀਂ ਦੁਬਾਰਾ ਸ਼ਾਦੀ ਕਰਵਾ ਰਹੇ ਹੋ। ਕੀ ਇਹ ਸੱਚ ਹੈ?'' ਮੈਂ ਜਵਾਬ ਦਿੱਤਾ, ''ਮੈਂ ਤਾਂ ਇਹਦੇ ਬਾਰੇ ਸੁਣਿਆ ਨਹੀਂ। ਇਸ ਲਈ ਹੋ ਸਕਦਾ ਹੈ ਠੀਕ ਹੀ ਹੋਵੇ।'' ਉਹ ਰਤਾ ਕੁ ਸ਼ਰਮਾਈ ਪਰ ਫਿਰ ਕਹਿਣ ਲੱਗੀ, ''ਜੇ ਮੈਂ ਕੋਈ ਗ਼ਲਤ ਗੱਲ ਕਹੀ ਹੈ ਤਾਂ ਮਾਫ ਕਰਨਾ। ਪਰ ਹਰ ਕੋਈ ਮੈਨੂੰ ਦੱਸਦਾ ਹੈ ਕਿ ਤੁਸੀਂ ਦੱਖਣ ਦੀ ਕਿਸੇ ਲੇਡੀ ਡਾਕਟਰ ਨਾਲ ਸ਼ਾਦੀ ਕਰਵਾ ਰਹੇ ਹੋ।''

ਮੈਨੂੰ ਪਤਾ ਸੀ ਕਿ ਉਹ ਮੌਲੀ ਦਾ ਜ਼ਿਕਰ ਕਰ ਰਹੀ ਸੀ। ਮੈਂ ਉਹਨੂੰ ਜਵਾਬ ਦਿੱਤਾ, ''ਮੈਂ ਬੜਾ ਧੰਨਵਾਦੀ ਹੋਵਾਂਗਾ ਕਿ ਜੇ ਤੁਸੀਂ ਮੈਨੂੰ ਉਸ ਲੇਡੀ ਡਾਕਟਰ ਨਾਲ ਮਿਲਾ ਦੇਵੋ। ਸ਼ਾਦੀ ਤੋਂ ਪਹਿਲਾਂ ਮੈਂ ਉਹਨੂੰ ਜਾਨਣਾ ਚਾਹਾਂਗਾ।''

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਸਾਰੀ ਗੱਪਸ਼ੱਪ ਲਈ ਸੋਨੂੰ ਜ਼ਿੰਮੇਵਾਰ ਸੀ। ਉਹਦੇ ਨੌਕਰਾਂ ਨੂੰ ਮੇਰੇ ਨੌਕਰਾਂ ਤੋਂ ਪਤਾ ਲੱਗ ਗਿਆ ਹੋਣਾ ਹੈ ਕਿ ਲੇਡੀ ਡਾਕਟਰ ਕਹਾਉਂਦੀ ਕੋਈ ਔਰਤ ਮੇਰੇ ਨਾਲ ਰਹਿ ਰਹੀ ਹੈ। ਮੇਰੀ ਬਦਮਿਜਾਜ਼ ਸਾਬਕਾ ਪਤਨੀ ਮੇਰੀ ਨਿੱਜੀ ਜ਼ਿੰਦਗੀ ਬਾਰੇ ਗੱਲਾਂ ਕਰਨ ਦਾ ਕੋਈ ਮੌਕਾ ਨਹੀਂ ਸੀ ਖੁਝਾਉਂਦੀ। ਉਸ ਦੇ ਯਤਨਾਂ ਕਰਕੇ ਹੀ ਦਿੱਲੀ ਵਿਚ ਇਹ ਅਫਵਾਹਾਂ ਫੈਲੀਆਂ ਹੋਣਗੀਆਂ। ਮੈਂ ਕਲੱਬਾਂ ਵਿਚ ਇਸ ਲਈ ਜਾਂਦਾ ਸਾਂ ਕਿ ਦੋਸਤਾਂ 'ਚ ਬੈਠ ਕੇ ਆਨੰਦ ਮਾਣ ਸਕਾਂ। ਪਰ ਇਸ ਨਾਲ ਸਗੋਂ ਮੈਂ ਹੋਰ ਤਣਾਅ ਵਿਚ ਆ ਜਾਂਦਾ ਅਤੇ ਵਿਸਕੀ ਮੇਰੇ ਪੇਟ ਵਿਚ ਉਛਾਲੇ ਮਾਰਨ ਲੱਗਦੀ। ਸੋਨੂੰ ਨੇ ਇਸ ਗੱਲ ਵਿਚ ਸਫਲਤਾ ਹਾਸਲ ਕਰ ਲਈ ਸੀ ਕਿ ਲੋਕਾਂ ਦੀਆਂ ਨਜ਼ਰਾਂ ਵਿਚ ਮੈਂ ਇਕ ਔਰਤਬਾਜ਼ ਬਣ ਗਿਆ ਸਾਂ। ਭਾਵੇਂ ਬਹੁਤ ਸਾਰੀਆਂ ਨੌਜਵਾਨ ਔਰਤਾਂ ਮੈਨੂੰ ਉਤਸੁਕਤਾ ਨਾਲ ਦੇਖਦੀਆਂ ਸਨ ਫਿਰ ਵੀ ਉਨ੍ਹਾਂ 'ਚੋਂ ਕਿਸੇ ਦੀ ਵੀ ਇੰਨੀ ਹਿੰਮਤ ਨਹੀਂ ਸੀ ਕਿ ਮੇਰੇ ਨਾਲ ਕਦਮ ਮਿਲਾ ਕੇ ਤੁਰ ਸਕਣ। ਉਨ੍ਹਾਂ ਦੇ ਮਾਪਿਆਂ ਦੀਆਂ ਨਜ਼ਰਾਂ ਵਿਚ ਮੈਂ ਇਕ ਲਫੰਗਾ ਆਦਮੀ ਸਾਂ ਜਿਹੜਾ ਮਾੜੀਆਂ ਔਰਤਾਂ ਦੇ ਚੱਕਰ ਵਿਚ ਫਸਿਆ ਹੋਇਆ ਸੀ। ਮੈਨੂੰ ਸਭ ਤੋਂ ਵੱਡੀ ਚਿੰਤਾ ਇਸ ਗੱਲ ਦੀ ਸੀ ਕਿ ਸਾਧਾਰਨ ਮਾਨਵੀ ਮਰਿਆਦਾ ਵੀ ਗੁੰਮ ਹੁੰਦੀ ਜਾ ਰਹੀ ਸੀ। ਜੋ ਕੁਝ ਮੈਂ ਕੀਤਾ ਸੀ ਕਿ ਉਸ ਵਿਚ ਕੁਝ ਵੀ ਗੰਦਾ ਨਹੀਂ ਸੀ। ਪਰ ਲੋਕਾਂ ਦੀਆਂ ਨਜ਼ਰਾਂ ਅਤੇ ਟਿੱਪਣੀਆਂ ਕਾਰਨ ਮੈਂ ਇਕ ਗੰਦਾ ਵਿਅਕਤੀ ਬਣ ਗਿਆ ਸਾਂ। ਹੌਲੀ-ਹੌਲੀ ਮੈਂ ਕਲੱਬਾਂ ਵਿਚ ਜਾਣਾ ਬੰਦ ਕਰ ਦਿੱਤਾ ਅਤੇ ਪਾਰਟੀਆਂ ਦੇ ਸੱਦੇ ਵੀ ਰੱਦ ਕਰਨੇ ਸ਼ੁਰੂ ਕਰ ਦਿੱਤੇ। ਮੈਂ ਘਰ ਹੀ ਰਹਿੰਦਾ, ਇਕੱਲਿਆਂ ਸ਼ਰਾਬ ਪੀਂਦਾ, ਸੰਗੀਤ ਸੁਣਦਾ ਜਾਂ ਟੀ ਵੀ ਦੇਖਦਾ। ਮੈਂ ਇਕ ਐਸਾ ਵਿਅਕਤੀ ਬਣ ਗਿਆ ਸਾਂ ਜਿਸ ਨੂੰ ਕੋਈ ਵੀ ਪਿਆਰ

ਨਹੀਂ ਮੀ ਕਰਦਾ। ਕੁਝ ਸਮੇਂ ਤੱਕ ਤਾਂ ਆਪਣੀ ਇਕੱਲਤਾ ਦਾ ਆਨੰਦ ਮਾਣਦਾ ਰਿਹਾ।

ਮੈਂ ਸੋਚਦਾ ਹੁੰਦਾ ਸਾਂ ਕਿ ਥੋੜ੍ਹੇ ਸਮੇਂ ਲਈ ਰਖੇਲਾਂ ਰੱਖਣ ਦਾ ਮੇਰਾ ਤਜਰਬਾ ਸਫਲ ਹੋਇਆ ਹੈ ਜਾਂ ਨਹੀਂ। ਇਹ ਸਫਲ ਹੋ ਸਕਦਾ ਸੀ ਜੇ ਸੋਨੂੰ ਨੇ ਮੈਨੂੰ ਆਪਣੇ ਮਨ ਵਿਚੋਂ ਕੱਢ ਦਿੱਤਾ ਹੁੰਦਾ ਅਤੇ ਮੇਰੇ ਖਿਲਾਫ ਪ੍ਰਚਾਰ ਬੰਦ ਕਰ ਦਿੱਤਾ ਹੁੰਦਾ। ਦੂਜੇ ਪਾਸੇ ਇਹ ਗੱਲ ਵੀ ਸਹੀ ਹੈ ਕਿ ਜੇ ਸੋਨੂੰ ਨਾ ਹੁੰਦੀ ਤਾਂ ਕੋਈ ਹੋਰ ਮਰਦ ਜਾਂ ਔਰਤ ਹੁੰਦੀ ਹੀ ਜਿਸ ਨੂੰ ਮੇਰੇ ਮੌਜ ਮੇਲੇ ਤੋਂ ਤਕਲੀਫ ਹੁੰਦੀ। ਪਰ ਜਿਸ ਤਰ੍ਹਾਂ ਦੇ ਗੁਪਤ ਸਬੰਧ ਮੈਂ ਬਣਾ ਰਿਹਾ ਸਾਂ ਉਨ੍ਹਾਂ ਦੀ ਥਾਂ ਹੋਰ ਕੀ ਕੀਤਾ ਜਾ ਸਕਦਾ ਸੀ? ਮੇਰੇ ਨਾਲ ਖੁੱਲ੍ਹੇ ਤੌਰ 'ਤੇ ਕਿਹੜੀ ਔਰਤ ਤੁਰ ਸਕਦੀ ਸੀ ਜਿਸ ਦੇ ਮਾਪੇ, ਭਰਾ, ਭੈਣਾਂ, ਸਾਬਕਾ ਪਤੀ ਵਗੈਰਾ ਇਸ ਗੱਲ ਨੂੰ ਬਰਦਾਸ਼ਤ ਕਰ ਲੈਣ ਕਿ ਉਹ ਇਕ ਤਲਾਕਸ਼ੁਦਾ ਬੰਦੇ ਨਾਲ ਦੋਸਤੀ ਗੰਢ ਲਵੇ? ਮੈਨੂੰ ਇਸ ਮੁਸ਼ਕਲ ਵਿਚੋਂ ਕੋਈ ਰਸਤਾ ਨਹੀਂ ਸੀ ਲੱਭਦਾ ਕਿਉਂਕਿ ਮੈਨੂੰ ਲਗਾਤਾਰ ਸਹਿਵਾਸ ਦੀ ਲੋੜ ਪੈਂਦੀ ਸੀ। ਕੁਝ ਮਹੀਨਿਆਂ ਦੇ ਵਕਫੇ ਬਾਅਦ ਮੈਨੂੰ ਸਾਥੀ ਬਦਲਣ ਦੀ ਲੋੜ ਵੀ ਪੈਂਦੀ ਸੀ। ਮੈਨੂੰ ਤਾਂ ਚਕਲਿਆਂ ਵਿਚ ਜਾਣਾ ਜਾਂ ਕਾਲ ਗਰਲਜ਼ ਨੂੰ ਸੱਦਣਾ ਚੰਗਾ ਨਹੀਂ ਸੀ ਲੱਗਦਾ। ਕਿਉਂਕਿ ਇਹ ਇਕੋ ਇਕ ਦਿਨ ਵਿਚ ਕਈ ਕਈ ਮਰਦਾਂ ਦਾ ਸਾਥ ਦਿੰਦੀਆਂ ਸਨ। ਮੈਂ ਤਾਂ ਇਹ ਚਾਹੁੰਦਾ ਸਾਂ ਕਿ ਜਿਹੜੀ ਔਰਤ ਮੇਰੇ ਨਾਲ ਸਬੰਧ ਬਣਾਵੇ ਉਹ ਸਿਰਫ ਮੇਰੇ ਤੱਕ ਹੀ ਸੀਮਿਤ ਰਹੇ। ਮੈਥੋਂ ਵਿਛੋੜਾ ਕਰਨ ਤੋਂ ਬਾਅਦ ਉਹ ਕੀ ਕਰਦੀ ਹੈ ਇਸ ਬਾਰੇ ਕੁਝ ਕਹਿਣ ਦਾ ਮੈਨੂੰ ਕੋਈ ਹੱਕ ਨਹੀਂ ਸੀ।

ਮੈਂ ਇਹ ਵੀ ਮਹਿਸੂਸ ਕਰ ਰਿਹਾ ਸੀ ਕਿ ਔਰਤਾਂ ਨਾਲ ਜਿਸ ਤਰ੍ਹਾਂ ਦੇ ਸਬੰਧ ਮੈਂ ਬਣਾ ਰਿਹਾ ਸਾਂ ਉਸ ਨਾਲ ਮੈਂ ਸਮਾਜੀ ਤੌਰ 'ਤੇ ਕੱਟਿਆ ਜਾ ਰਿਹਾ ਸਾਂ। ਮੈਨੂੰ ਇਹ ਗੱਲ ਪਸੰਦ ਨਹੀਂ ਸੀ। ਮੈਂ ਆਪਣਾ ਸਤਿਕਾਰ ਮੁੜ ਹਾਸਲ ਕਰਨਾ ਚਾਹੁੰਦਾ ਸਾਂ। ਪਰ ਮੈਂ ਇਹ ਸਤਿਕਾਰ ਉਸ ਸਮਾਜ ਵਿਚ ਕਿਵੇਂ ਹਾਸਲ ਕਰ ਸਕਦਾ ਸਾਂ ਜਿਹੜਾ ਇਕੱਲੀਆਂ ਅਤੇ ਇਛੁੱਕ ਔਰਤਾਂ ਨਾਲ ਮੇਰੇ ਸਬੰਧਾਂ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸੀ?

ਜਿੰਨੀ ਦੇਰ ਤੱਕ ਮੌਲੀ ਦਿੱਲੀ ਵਿਚ ਸੀ ਉਨੀ ਦੇਰ ਤੱਕ ਮੈਂ ਮਹੀਨੇ ਮਗਰੋਂ ਹਰਦੁਆਰ ਜਾਣ ਦਾ ਸਿਲਸਿਲਾ ਵੀ ਬੰਦ ਕੀਤਾ ਰੱਖਿਆ ਸੀ। ਉਸ ਦੇ ਜਾਣ ਤੋਂ ਬਾਅਦ ਮੈਨੂੰ ਕਾਫੀ ਗਿਲਾਨੀ ਮਹਿਸੂਸ ਹੋਈ ਕਿਉਂਕਿ ਗੰਗਾ ਬੜੇ ਆਚੰਭਕ ਤਰੀਕੇ ਨਾਲ ਮੇਰੀ ਆਤਮਿਕ ਸ਼ਾਂਤੀ ਦਾ ਸਾਧਨ ਬਣਦੀ ਸੀ। ਮੇਰੇ ਪਿਤਾ ਜੀ ਦੀ ਮੌਤ ਇਸ ਦੇ ਕਿਨਾਰੇ ਹੋਈ ਸੀ। ਉਨ੍ਹਾਂ ਦੀਆਂ ਅਸਥੀਆਂ ਇਸ ਦੇ ਪਾਣੀ ਵਿਚ ਪ੍ਰਵਾਹ ਕੀਤੀਆਂ ਗਈਆਂ ਸਨ ਅਤੇ ਆਪਣੇ ਆਖਰੀ ਸਾਲਾਂ ਦੌਰਾਨ ਗੁਰਦੁਆਰਿਆਂ ਜਾਂ ਮੰਦਰਾਂ ਵਿਚ ਜਾਣ ਦੀ ਥਾਂ ਮੇਰੇ ਪਿਤਾ ਗੰਗਾ ਵਿਚ ਰੋਜ਼ਾਨਾ ਇਸ਼ਨਾਨ ਕਰਨ ਨੂੰ ਤਰਜੀਹ ਦਿੰਦੇ ਸਨ। ਆਪਣੇ ਪਿਤਾ ਤੋਂ ਹੀ ਮੈਂ ਇਸ ਸਭ ਤੋਂ ਪਵਿੱਤਰ ਦਰਿਆ ਦੇ ਸਤਿਕਾਰ ਦੀ ਭਾਵਨਾ ਹਾਸਲ ਕੀਤੀ ਸੀ। ਜਿਸ ਆਸ਼ਰਮ ਵਿਚ ਮੈਂ ਆਪਣੇ ਪਿਤਾ ਵਾਲਾ ਕਮਰਾ ਆਪਣੇ ਲਈ ਰਾਖਵਾਂ ਰੱਖ ਰਿਹਾ ਸੀ ਉਸ

ਦੇ ਸੈਕਟਰੀ ਵੱਲੋਂ ਪਾਏ ਗਏ ਇਕ ਪੋਸਟ ਕਾਰਡ ਵਿਚ ਮੇਰੀ ਸਿਹਤ ਦਾ ਹਾਲ ਚਾਲ ਪੁੱਛਿਆ ਗਿਆ ਸੀ ਨਾਲ ਹੀ ਇਹ ਵੀ ਪੁੱਛਿਆ ਗਿਆ ਸੀ ਕਿ ਕਈ ਮਹੀਨਿਆਂ ਤੋਂ ਮੈਂ 'ਦਰਸ਼ਨ' ਕਿਉਂ ਨਹੀਂ ਸੀ ਦਿੱਤੇ। ਇਸ ਨਾਲ ਮੈਂ ਆਪਣਾ ਮਨ ਬਣਾ ਲਿਆ। ਮੈਂ ਆਪਣੀ ਡਾਇਰੀ ਦੇਖੀ ਅਤੇ ਜਵਾਬੀ ਖ਼ਤ ਲਿਖਿਆ ਕਿ ਅਗਲੀ ਪੂਰਨਮਾਸ਼ੀ 'ਤੇ ਮੈਂ ਉੱਥੇ ਹੋਵਾਂਗਾ।

ਕਾਕਟੇਲ ਪਾਰਟੀਆਂ ਵਿਚ ਦੋਸਤਾਂ ਨਾਲ ਗੱਲਾਂ ਕਰਦੇ ਹੋਏ ਮੈਂ ਕਈ ਵਾਰੀ ਸ਼ਾਮ ਵੇਲੇ ਦੀ ਆਰਤੀ ਦਾ ਜ਼ਿਕਰ ਕੀਤਾ ਸੀ। ਮੈਂ ਉਨ੍ਹਾਂ ਨੂੰ ਦੱਸਦਾ ਸੀ, ''ਜੇ ਤੁਸੀਂ ਜਿਉਂਦੇ ਜਾਗਦੇ ਹਿੰਦੂ ਧਰਮ ਦਾ ਅਨੁਭਵ ਹਾਸਲ ਕਰਨਾ ਹੈ ਤਾਂ ਤੁਹਾਨੂੰ ਇਹ ਧਾਰਮਿਕ ਪੁਸਤਕਾਂ ਪੜ੍ਹ ਕੇ ਜਾਂ ਮੰਦਰਾਂ ਦੇ ਦਰਸ਼ਨ ਕਰਕੇ ਨਹੀਂ ਹਾਸਲ ਹੋਣਾ। ਇਹ ਤਾਂ ਤੁਹਾਨੂੰ ਹਰਦੁਆਰ ਵਿਚ ਸ਼ਾਮ ਵੇਲੇ ਗੰਗਾ ਦੀ ਪੂਜਾ ਦੌਰਾਨ ਹੀ ਹਾਸਲ ਹੋਣਾ ਹੈ।'' ਉਨ੍ਹਾਂ ਵਿਚੋਂ ਕਈਆਂ ਨੇ ਮੈਨੂੰ ਕਿਹਾ ਸੀ ਕਿ ਅਗਲੀ ਵਾਰ ਜਦੋਂ ਵੀ ਮੈਂ ਉੱਥੇ ਜਾਵਾਂ ਉਨ੍ਹਾਂ ਨੂੰ ਨਾਲ ਲੈ ਚੱਲਾ। ਉਨ੍ਹਾਂ ਵਿਚੋਂ ਕਈ ਵਿਦੇਸ਼ੀ ਵੀ ਸਨ ਜਿਨ੍ਹਾਂ ਦਾ ਵਿਚਾਰ ਸੀ ਕਿ ਭਾਰਤ ਦੇ ਦਰਸ਼ਨ ਆਗਰਾ, ਜੈਪੁਰ, ਵਾਰਾਨਸੀ, ਖੁਜਰਾਹੋ ਅਤੇ ਦੱਖਣੀ ਭਾਰਤ ਦੇ ਕੁਝ ਮੰਦਰ ਦੇਖਣ ਤੱਕ ਹੀ ਸੀਮਿਤ ਹਨ। ਇਕ ਦੁਤਾਵਾਸੀ ਪਾਰਟੀ ਵਿਚ ਮੈਂ ਆਪਣੇ ਇਸ ਵਿਸ਼ੇ 'ਤੇ ਗੱਲਾਂ ਕਰ ਰਿਹਾ ਸਾਂ ਕਿ ਇਕ ਨੌਜਵਾਨ ਕੁੜੀ ਮੇਰੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ। ਇਹ ਤੀਹਾਂ ਸਾਲਾਂ ਤੋਂ ਘੱਟ ਉਮਰ ਦੀ, ਰਤਾ ਕੁ ਪੱਕੇ ਰੰਗ ਦੀ ਪਤਲੀ ਜਿਹੀ ਕੁੜੀ ਸੀ। ਮੈਂ ਉਸ ਨੂੰ ਪਹਿਲਾਂ ਕਦੇ ਨਹੀਂ ਸੀ ਦੇਖਿਆ ਅਤੇ ਮੈਨੂੰ ਇਹ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਭਾਰਤੀ ਹੈ, ਪਾਕਿਸਤਾਨੀ ਜਾਂ ਬੰਗਲਾਦੇਸ਼ੀ। ਉਹ ਇਨ੍ਹਾਂ ਵਿਚੋਂ ਕਿਸੇ ਥਾਂ ਦੀ ਨਹੀਂ ਸੀ। ਉਹ ਨੇ ਆਪਣਾ ਤੁਆਰਫ ਕਰਵਾਇਆ, ''ਹੈਲੋ। ਮੈਂ ਸ੍ਰੀਲੰਕਾ ਦੇ ਹਾਈ ਕਮਿਸ਼ਨ ਦੀ ਸ਼ੁਸਾਂਥਿਕਾ ਗੁਨਾਤਿਲਕੇ ਹਾਂ। ਗੰਗਾ ਦੀ ਪੂਜਾ ਬਾਰੇ ਜੋ ਕੁਝ ਤੁਸਾਂ ਕਿਹਾ ਉਹ ਮੈਨੂੰ ਬੜਾ ਚੰਗਾ ਲੱਗਿਆ। ਹਰਦੁਆਰ ਕਿਵੇਂ ਪਹੁੰਚਿਆ ਜਾ ਸਕਦਾ ਹੈ? ਉੱਥੇ ਰਾਤ ਰਹਿਣ ਲਈ ਕੋਈ ਇੰਤਜ਼ਾਮ ਹੈ?''

ਅਸੀਂ ਲੋਕਾਂ ਦੀ ਭੀੜ ਤੋਂ ਅਲੱਗ ਹੋ ਕੇ ਨੇੜੇ ਪਈਆਂ ਕੁਰਸੀਆਂ 'ਤੇ ਕੋਲ ਕੋਲ ਬੈਠ ਗਏ। ਮੈਂ ਉਹ ਨੂੰ ਦੱਸਿਆ ਕਿ ਹਰਦੁਆਰ ਲਈ ਕਿਹੜਾ ਰਸਤਾ ਜਾਂਦਾ ਹੈ ਅਤੇ ਸਾਢੇ ਤਿੰਨ ਘੰਟੇ ਦੇ ਸਫ਼ਰ ਦੌਰਾਨ ਕਿਹੜੇ ਕਿਹੜੇ ਸ਼ਹਿਰ ਆਉਂਦੇ ਹਨ। ਮੈਂ ਦੱਸਿਆ, ''ਉੱਥੇ ਬਹੁਤ ਸਾਰੇ ਬੰਗਲੇ ਅਤੇ ਸਰਕਾਰੀ ਹੋਸਟਲ ਹਨ। ਪਰ ਤੈਨੂੰ ਭਾਰਤ ਹੈਵੀ ਇਲੈਕਟ੍ਰਿਕਲਸ ਦਾ ਗੈਸਟ ਹਾਊਸ ਵਧੇਰੇ ਠੀਕ ਰਹੇਗਾ। ਇਹ ਹਰਦੁਆਰ ਤੋਂ ਕੁਝ ਮੀਲ ਦੂਰ ਹੈ। ਹਰਦੁਆਰ ਇਕ ਪਵਿੱਤਰ ਸ਼ਹਿਰ ਹੈ ਅਤੇ ਉੱਥੇ ਸ਼ਰਾਬ ਬੰਦੀ ਬੜੀ ਸਖਤੀ ਨਾਲ ਲਾਗੂ ਕੀਤੀ ਜਾਂਦੀ ਹੈ। ਨਾ ਸ਼ਰਾਬ ਅਤੇ ਨਾ ਮੀਟ। ਪਰ ਭਾਰਤ ਹੈਵੀ ਇਲੈਕਟ੍ਰਿਕਲਸ ਦਾ ਗੈਸਟ ਹਾਊਸ ਮਿਉਂਸਪਲ ਸੀਮਾ ਤੋਂ ਬਾਹਰ ਹੈ। ਮੈਨੂੰ ਇਹ ਵੀ ਪਤਾ ਲੱਗਿਆ ਹੈ ਕਿ ਉੱਥੋਂ ਦਾ

ਰਸੋਈਆ ਬੜਾ ਚੰਗਾ ਹੈ। ਮੇਰੀ ਸਲਾਹ ਹੈ ਕਿ ਜਾਣ ਤੋਂ ਪਹਿਲਾਂ ਹੀ ਕਮਰਾ ਬੁਕ ਕਰਵਾ ਲਵੀਂ। ਮੇਰੀ ਇਹ ਵੀ ਸਲਾਹ ਹੈ ਕਿ ਪੂਰਨਮਾਸ਼ੀ ਦੇ ਨੇੜੇ ਤੇੜੇ ਦੋ ਰਾਤਾਂ ਉੱਥੇ ਬਿਤਾਈਂ। ਤੈਨੂੰ ਰਿਹਾਇਸ਼ ਦੀ ਕੋਈ ਸਮੱਸਿਆ ਨਹੀਂ ਆਉਣ ਲੱਗੀ। ਜੇ ਤੇਰਾ ਪਤੀ ਭਾਰਤ ਹੈਵੀ ਇਲੈਕਟ੍ਰਿਕ ਦੇ ਜਨਰਲ ਮੈਨੇਜਰ ਨੂੰ ਖ਼ਤ ਲਿਖ ਦੇਵੇ ਤਾਂ ਮੈਨੂੰ ਪੱਕਾ ਪਤਾ ਹੈ ਕਿ ਉਹ ਬਹੁਤ ਖੁਸ਼ ਹੋਣਗੇ।''

ਉਸ ਜਵਾਬ ਦਿੱਤਾ, ''ਮੇਰਾ ਵਿਆਹ ਨਹੀਂ ਹੋਇਆ। ਮੈਂ ਹਾਈ ਕਮਿਸ਼ਨ ਵਿਚ ਸਿਰਫ ਸੈਕਿੰਡ ਸੈਕਟਰੀ ਹਾਂ। ਪਰ ਮੈਂ ਹਾਈ ਕਮਿਸ਼ਨ ਦੇ ਪ੍ਰਾਈਵੇਟ ਸੈਕਟਰੀ ਨੂੰ ਕਹਿ ਕੇ ਭਾਰਤ ਹੈਵੀ ਇਲੈਕਟ੍ਰੀਕਲਸ ਦੇ ਜਨਰਲ ਮੈਨੇਜਰ ਨੂੰ ਖ਼ਤ ਲਿਖਾਵਾਂਗੀ।''

''ਵਧੀਆ ਗੱਲ ਇਹ ਰਹੇਗੀ ਕਿ ਤੂੰ ਕੋਈ ਗਾਈਡ ਕਰ ਲਵੇਂ। ਸ਼ਹਿਰ ਵਿਚ ਮੰਗਤਿਆਂ, ਪਾਂਡਿਆਂ, ਪੁਜਾਰੀਆਂ, ਜੋਤਸ਼ੀਆਂ ਅਤੇ ਸਾਧੂਆਂ ਦੀ ਭਰਮਾਰ ਹੈ। ਉਨ੍ਹਾਂ ਵਿਚੋਂ ਬਹੁਤੇ ਤਾਂ ਆਪਣੇ ਸਰੀਰਾਂ 'ਤੇ ਸੁਆਹ ਮਲਣ ਤੋਂ ਬਿਨਾਂ ਕੁਝ ਨਹੀਂ ਕਰਦੇ। ਇਕੱਲੀ ਨੌਜਵਾਨ ਔਰਤ ਨੂੰ ਇਕੱਲਿਆਂ ਘਾਟ 'ਤੇ ਨਹੀਂ ਜਾਣਾ ਚਾਹੀਦਾ।''

''ਮੈਂ ਗਾਈਡ ਕਿੱਥੋਂ ਲੱਭਾਂਗੀ?''

''ਮੈਂ ਤੈਨੂੰ ਘੁੰਮਾ ਫਿਰਾ ਦਿਆਂਗਾ। ਮੈਂ ਉੱਥੇ ਹਰ ਪੂਰਨਮਾਸ਼ੀ ਦੀ ਰਾਤ ਜਾਣ ਦੀ ਕੋਸ਼ਿਸ਼ ਕਰਦਾ ਹਾਂ। ਉੱਥੇ ਇਕ ਆਸ਼ਰਮ ਵਿਚ ਮੇਰੇ ਕੋਲ ਇਕ ਕਮਰਾ ਹੈ। ਬਦਕਿਸਮਤੀ ਨੂੰ ਆਸ਼ਰਮ ਵਿਚ ਔਰਤਾਂ ਨੂੰ ਜਾਣ ਦੀ ਆਗਿਆ ਨਹੀਂ। ਮੈਂ ਆਪਣੇ ਰਸੋਈਏ ਅਤੇ ਬੇਅਰੇ ਨੂੰ ਵੀ ਵਾਅਦਾ ਕੀਤਾ ਹੈ ਕਿ ਉਹ ਅਗਲੀ ਵਾਰ ਮੇਰੇ ਨਾਲ ਜਾਣਗੇ ਪਰ ਅਸੀਂ ਤੈਨੂੰ ਵੀ ਕਾਰ ਵਿਚ ਬਿਠਾ ਲਵਾਂਗੇ।''

''ਕਾਰ ਦੀ ਕੋਈ ਸਮੱਸਿਆ ਨਹੀਂ। ਮੇਰੇ ਕੋਲ ਕਾਰ ਅਤੇ ਡਰਾਈਵਰ ਹਨ। ਅਸੀਂ ਤੁਹਾਡੀ ਕਾਰ ਦੇ ਪਿੱਛੇ ਪਿੱਛੇ ਆਈ ਜਾਵਾਂਗੇ। ਕੀ ਤੁਹਾਡੀ ਪਤਨੀ ਵੀ ਨਾਲ ਜਾਵੇਗੀ।''

''ਮੈਂ ਤਲਾਕਸ਼ੁਦਾ ਹਾਂ। ਜੇ ਤੁਹਾਨੂੰ ਇਹ ਗੱਲ ਪਸੰਦ ਨਹੀਂ ਤਾਂ ਮੈਂ ਤੁਹਾਡੇ ਲਈ ਹੋਰ ਗਾਈਡ ਲੱਭ ਲਵਾਂਗਾ।''

ਉਹ ਮੁਸਕਰਾਈ ਅਤੇ ਕਹਿਣ ਲੱਗੀ, ''ਤੁਹਾਡੇ ਸ਼ਾਦੀਸ਼ੁਦਾ ਹੋਣ ਜਾਂ ਤਲਾਕਸ਼ੁਦਾ ਹੋਣ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ। ਮੈਂ ਤੁਹਾਡੇ ਅਤੇ ਤੁਹਾਡੇ ਨੌਕਰਾਂ ਨਾਲ ਜਾ ਕੇ ਖੁਸ਼ੀ ਮਹਿਸੂਸ ਕਰਾਂਗੀ। ਮੈਂ ਤੁਹਾਡੇ ਨਾਲ ਸੰਪਰਕ ਕਿਵੇਂ ਕਰਾਂਗੀ? ਮੈਨੂੰ ਤਾਂ ਤੁਹਾਡਾ ਨਾਂ ਵੀ ਨਹੀਂ ਪਤਾ।''

ਮੈਂ ਆਪਣੀ ਜੇਬ ਵਿਚੋਂ ਆਪਣਾ ਕਾਰਡ ਕੱਢਿਆ ਅਤੇ ਉਹਨੂੰ ਫੜਾ ਦਿੱਤਾ। ਉਹਨੇ ਆਪਣੇ ਬੈਗ ਵਿਚੋਂ ਆਪਣਾ ਕਾਰਡ ਕੱਢਿਆ ਅਤੇ ਮੈਨੂੰ ਦੇ ਦਿੱਤਾ। ਉਹ ਕਹਿਣ ਲੱਗੀ, ''ਮੇਰਾ ਨਾਂ ਬਹੁਤ ਲੰਮਾ ਹੈ ਅਤੇ ਬੋਲਣ ਵਿਚ ਮੁਸ਼ਕਲ ਵੀ ਹੈ। ਇਸ ਲਈ ਦੋਸਤ ਮੈਨੂੰ ਸੂ ਕਹਿੰਦੇ ਹਨ। ਮੈਂ ਇਸਾਈ ਨਹੀਂ, ਸਗੋਂ ਬੋਧੀ ਹਾਂ।''

''ਮੈਂ ਹੁਣ ਤਕ ਕਿਸੇ ਬੋਧੀ ਨੂੰ ਨਹੀਂ ਮਿਲਿਆ। ਆਸ ਹੈ ਕਿ ਤੂੰ ਮੈਨੂੰ ਆਪਣੇ ਧਰਮ ਅਤੇ ਆਪਣੇ ਲੋਕਾਂ ਬਾਰੇ ਕੁਝ ਦੱਸੇਗੀ।''

ਪੂਰਨਮਾਸ਼ੀ ਦੀ ਰਾਤ ਨੂੰ ਦਸ ਦਿਨ ਰਹਿੰਦੇ ਸਨ। ਮੈਂ ਇਸ ਦੁਚਿੱਤੀ ਵਿਚ ਸਾਂ ਕਿ ਉਸਨੂੰ ਟੈਲੀਫੋਨ ਕਰਾਂ ਜਾਂ ਨਾ। ਕਿਉਂਕਿ ਉਸ ਨਾਲ ਗੱਲ ਕਰਨ ਤੋਂ ਪਹਿਲਾਂ ਮੈਨੂੰ ਉਹਦੇ ਪ੍ਰਾਈਵੇਟ ਸੈਕਟਰੀ ਕੋਲ ਸਾਰੀ ਗੱਲ ਕਰਨੀ ਪੈਣੀ ਸੀ। ਮੈਂ ਬਿਮਲਾ ਸ਼ਰਮਾ ਨੂੰ ਕਿਹਾ ਕਿ ਉਹ ਸੂ ਨੂੰ ਸੂਚਨਾ ਦੇਵੇ। ਸੂ ਨੇ ਅਗਲੇ ਦਿਨ ਹੀ ਮੈਨੂੰ ਟੈਲੀਫੋਨ ਕੀਤਾ ਅਤੇ ਦੱਸਿਆ ਕਿ ਉਹਨੇ ਗੈਸਟ ਹਾਊਸ ਵਿਚ ਕਮਰਾ ਬੁਕ ਕਰਵਾ ਲਿਆ ਹੈ। ਮੈਂ ਉਸ ਨੂੰ ਸਫ਼ਰ ਦੇ ਵੇਰਵੇ ਦੱਸੇ। ਉਹਨੇ ਸਵੇਰੇ ਗਿਆਰਾਂ ਵਜੇ ਮਹਾਰਾਣੀ ਬਾਗ ਸਥਿਤ ਮੇਰੇ ਬੰਗਲੇ ਵਿਚ ਆਉਣਾ ਸੀ। ਮੈਂ ਰਸਤੇ ਵਿਚ ਖਾਣ ਲਈ ਦੁਪਹਿਰ ਦਾ ਖਾਣਾ ਆਪਣੇ ਨਾਲ ਲਿਜਾਣਾ ਸੀ। ਅਸੀਂ ਸਾਢੇ ਤਿੰਨ ਵਜੇ ਦੇ ਕਰੀਬ ਉਹਦੇ ਗੈਸਟ ਹਾਊਸ ਪਹੁੰਚ ਜਾਣਾ ਸੀ। ਉੱਥੋਂ ਮੈਂ ਆਪਣੇ ਆਸ਼ਰਮ ਚਲਾ ਜਾਵਾਂਗਾ ਅਤੇ ਸਾਢੇ ਪੰਜ ਵਜੇ ਕਾਰ ਭੇਜ ਕੇ ਉਸ ਨੂੰ ਮੰਗਾ ਲਵਾਂਗਾ। ਮੇਰੀ ਕਾਰ ਉਸ ਨੂੰ ਰਾਤ ਦੇ ਖਾਣੇ ਤੋਂ ਪਹਿਲਾਂ ਗੈਸਟ ਹਾਊਸ ਛੱਡ ਦੇਵੇਗੀ। ਜੇ ਉਸ ਨੇ ਹਰ ਕੀ ਪੌੜੀ ਵਿਖੇ ਇਸ਼ਨਾਨ ਕਰਨਾ ਹੋਵੇ ਤਾਂ ਅਗਲੀ ਸਵੇਰ ਕਰ ਸਕਦੀ ਹੈ। ਜਦੋਂ ਜੀਅ ਚਾਹੇ ਉਹ ਦਿੱਲੀ ਪਰਤ ਸਕਦੀ ਹੈ। ਇਹ ਸਾਰੀਆਂ ਗੱਲਾਂ ਮੈਂ ਬਿਨਾਂ ਕਿਸੇ ਭਾਵਨਾਵਾਂ ਦੇ ਕਹੀਆਂ।

ਸ਼ੁਸਾਂਥਿਕਾ ਦੀ ਵੱਡੀ ਜਾਪਾਨੀ ਟੋਓਟਾ ਕਾਰ ਜਿਸ 'ਤੇ ਨੀਲੇ ਰੰਗ ਦਾ ਰਾਜਦੂਤਕ ਨੰਬਰ ਲਿਖਿਆ ਹੋਇਆ ਸੀ, ਠੀਕ ਗਿਆਰਾਂ ਵਜੇ ਰਣਜੀਤ ਵਿਲਾ ਦੇ ਬਾਹਰ ਆ ਕੇ ਰੁਕੀ। ਜੀਵਨ ਰਾਮ ਨੇ ਲੋਹੇ ਦਾ ਗੇਟ ਖੋਲ੍ਹ ਕੇ ਕਾਰ ਅੰਦਰ ਆਉਣ ਦਿੱਤੀ। ਅਸੀਂ ਸਮਾਨ ਬੰਨਿਆ ਹੋਇਆ ਸੀ ਅਤੇ ਜਾਣ ਲਈ ਤਿਆਰ ਸਾਂ। ਮੈਂ ਕਾਣੀ ਜਮਾਂਦਾਰਨੀ ਨੂੰ ਹਦਾਇਤ ਦਿੱਤੀ ਕਿ ਉਹ ਘਰ ਦੀ ਦੇਖਭਾਲ ਕਰੇ, ਨਾ ਤਾਂ ਕਿਸੇ ਨੂੰ ਅੰਦਰ ਆਉਣ ਦੇਵੇ ਅਤੇ ਨਾ ਹੀ ਘੰਟੀ ਦਾ ਜਵਾਬ ਦੇਵੇ।

ਜੀਵਨ ਰਾਮ ਅਤੇ ਨੌਕਰ ਮੇਰੀ ਕਾਰ ਵਿਚ ਰਵਾਨਾ ਹੋਏ। ਮੈਂ ਸ਼ੁਸਾਂਥਿਕਾ ਨਾਲ ਬੈਠਾ। ਅਸੀਂ ਉਨ੍ਹਾਂ ਦੇ ਮਗਰ ਮਗਰ ਗਏ। ਮੈਂ ਜੀਵਨ ਰਾਮ ਨੂੰ ਇਹ ਦੱਸਿਆ ਹੋਇਆ ਸੀ ਕਿ ਇਕ ਵਜੇ ਦੇ ਕਰੀਬ ਦੁਪਹਿਰ ਦੇ ਖਾਣੇ ਲਈ ਕਿਸੇ ਖਾਲੀ ਥਾਂ 'ਤੇ ਕਾਰ ਰੋਕ ਲਵੇ।

ਰਸਤੇ ਵਿਚ ਅਸੀਂ ਇਕ ਦੂਜੇ ਨਾਲ ਗੱਲਾਂ ਕਰਨ ਲੱਗੇ। ਮੈਂ ਪੁੱਛਿਆ ਕਿ ਉਹਨੇ ਹਾਲੇ ਤੱਕ ਸ਼ਾਦੀ ਕਿਉਂ ਨਹੀਂ ਕੀਤੀ। ਅਜਿਹਾ ਪੁੱਛਦੇ ਹੋਏ ਮੈਂ ਕੁਝ ਵਿਸ਼ੇਸ਼ਣ ਵੀ ਲਾਏ ਸਨ। ਜਿਵੇਂ ਕਿ ਇਕ ਦਿਲਕਸ਼ ਸਿਆਣੀ ਕੁੜੀ ਜਿਹੜੀ ਰਾਜਦੂਤ ਸੇਵਾ ਦੀ ਨੌਕਰੀ ਕਰਦੀ ਹੈ, ਵਗੈਰਾ ਵਗੈਰਾ। ਉਹ ਨੇ ਮੇਰੀ ਇਹ ਗੱਲ ਨੂੰ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕੀਤਾ ਤੇ ਜਵਾਬ ਦਿੱਤਾ, ''ਮੈਨੂੰ ਅਸਲ 'ਚ ਪਤਾ ਹੀ ਨਹੀਂ ਕਿ ਕਿਉਂ ਨਹੀਂ ਕੀਤੀ। ਅਸਲ ਵਿਚ ਹੋਈ ਹੀ ਨਹੀਂ। ਖ਼ਬਰੇ ਸਹੀ ਆਦਮੀ ਹੀ ਨਹੀਂ ਮਿਲਿਆ।'' ਅਜਿਹਾ ਕਹਿੰਦੇ ਹੋਏ ਉਹਨੇ ਆਪਣੇ ਮੋਢੇ ਉਚਕਾਏ।

''ਖ਼ਬਰੇ ਤੈਨੂੰ ਕੋਈ ਐਸਾ ਬੰਦਾ ਨਹੀਂ ਮਿਲਿਆ ਜਿਸ ਬਾਰੇ ਗੰਭੀਰਤਾ ਨਾਲ ਸੋਚ ਸਕੇ-?'' ਮੇਰੇ ਇਸ ਕਥਨ ਦੇ ਜਵਾਬ ਵਿਚ ਉਹ ਕਹਿਣ ਲੱਗੀ, ''ਮੇਰਾ ਇਕ ਦੋਸਤ ਸੀ। ਉਹ ਚਾਹ ਬਾਗਾਂ ਦੇ ਮਾਲਕ ਦਾ ਪੁੱਤਰ ਸੀ। ਉਹ ਬੜਾ ਖ਼ੁਸ਼ਮਿਜਾਜ਼ ਬੰਦਾ ਸੀ ਜਿਹੜਾ ਸਾਰੀ ਸਾਰੀ ਰਾਤ ਪਾਰਟੀਆਂ ਕਰਨ, ਸ਼ਰਾਬ ਪੀਣ ਅਤੇ ਨੱਚਣ ਦਾ ਸ਼ੌਕੀਨ ਸੀ। ਕੋਲੰਬੋ ਵਿਚ ਇਸ ਤਰ੍ਹਾਂ ਦੇ ਲੋਕ ਕਾਫੀ ਮਿਲ ਜਾਂਦੇ ਹਨ। ਮੈਨੂੰ ਪਤਾ ਸੀ ਕਿ ਮੈਂ ਇਸ ਤਰ੍ਹਾਂ ਦੀ ਜ਼ਿੰਦਗੀ ਬਤੀਤ ਨਹੀਂ ਕਰ ਸਕਾਂਗੀ। ਫਿਰ ਮੈਂ ਡਿਪਲੋਮੈਟਿਕ ਸੇਵਾਵਾਂ ਲਈ ਚੁਣੀ ਗਈ ਅਤੇ ਸਾਡੀ ਗੱਲ ਸਿਰੇ ਨਾ ਲੱਗੀ। ਦਿੱਲੀ ਵਿਚ ਮੇਰੀ ਪਹਿਲੀ ਨਿਯੁਕਤੀ ਹੋਈ ਹੈ। ਮੈਨੂੰ ਸਾਲ ਭਰ ਹੋ ਗਿਆ ਹੈ। ਦੋ ਸਾਲ ਦੀ ਹੋਰ ਨੌਕਰੀ ਤੋਂ ਬਾਅਦ ਮੈਨੂੰ ਜਾਂ ਤਾਂ ਕੋਲੰਬੋ ਭੇਜ ਦਿੱਤਾ ਜਾਵੇਗਾ ਜਾਂ ਕਿਸੇ ਹੋਰ ਦੂਤਾਵਾਸ ਵਿਚ। ਖਬਰੇ ਲੰਡਨ ਜਾਂ ਪੈਰਿਸ ਜਾਂ ਨਿਊਯਾਰਕ- ਕਿਤੇ ਵੀ। ਡਿਪਲੋਮੈਟ ਤਾਂ ਚੱਲਦਾ ਵਹੀਰ ਹਨ। ਅੱਜ ਕਿਤੇ ਕੱਲ੍ਹ ਕਿਤੇ। ਕਿਤੇ ਵੀ ਪੱਕੇ ਤੌਰ 'ਤੇ ਨਹੀਂ ਰਹਿ ਸਕਦੇ। ਜਿਸ ਦਿਨ ਮੈਂ ਸ਼ਾਦੀ ਕਰਵਾਈ ਉਸ ਦਿਨ ਨੌਕਰੀ ਛੱਡ ਕੇ ਕਿਤੇ ਪੱਕਾ ਟਿਕਾਣਾ ਕਰ ਲਵਾਂਗੀ। ਤੁਸੀਂ ਆਪਣੇ ਬਾਰੇ ਕੁਝ ਦੱਸੋ। ਮੈਨੂੰ ਦੱਸਿਆ ਗਿਆ ਹੈ ਕਿ ਔਰਤਾਂ ਤੁਹਾਨੂੰ ਬਹੁਤ ਪਸੰਦ ਕਰਦੀਆਂ ਹਨ ਅਤੇ ਤੁਸੀਂ ਅਮੀਰ ਵੀ ਹੋ।''

ਮੈਂ ਸਵਾਲ ਪੁੱਛਿਆ, ''ਤੂੰ ਇਹ ਗੱਪ ਕਿੱਥੋਂ ਸੁਣੀ? ਕਿਉਂਕਿ ਮੇਰਾ ਵਿਆਹ ਸਫਲ ਨਹੀਂ ਹੋਇਆ, ਇਸ ਦਾ ਮਤਲਬ ਇਹ ਤਾਂ ਨਹੀਂ ਕਿ ਮੈਂ ਨਿਕੰਮਾ ਤੇ ਵਿਹਲਾ ਬੰਦਾ ਹਾਂ। ਮੇਰਾ ਪਿਛੋਕੜ ਹੇਠਲੇ ਮੱਧ ਦਰਜੇ ਵਿਚੋਂ ਹੈ। ਮੈਂ ਹੇਠਾਂ ਤੋਂ ਸ਼ੁਰੂ ਕਰ ਕੇ ਆਪਣੀ ਮੇਹਨਤ ਨਾਲ ਹੀ ਸਫਲਤਾ ਹਾਸਲ ਕੀਤੀ ਹੈ।'' ਉਹਨੇ ਆਪਣਾ ਪਤਲਾ ਹੱਥ ਮੇਰੇ ਹੱਥ 'ਤੇ ਰੱਖਿਆ ਅਤੇ ਕਹਿਣ ਲੱਗੀ, ''ਮੇਰੀਆਂ ਗੱਲਾਂ ਨੂੰ ਗੰਭੀਰਤਾ ਨਾਲ ਨਾ ਲਵੋ। ਮੈਂ ਤਾਂ ਤੁਹਾਨੂੰ ਛੇੜ ਰਹੀ ਸਾਂ। ਮੈਨੂੰ ਪਤਾ ਹੈ ਕਿ ਤੁਸੀਂ ਪ੍ਰਿੰਸਟਨ ਵਿਚ ਪੜ੍ਹੇ ਹੋ ਅਤੇ ਫਾਈਨਲ ਇਮਤਿਹਾਨ ਵਿਚ ਇਨਾਮ ਹਾਸਲ ਕੀਤਾ ਸੀ। ਠੀਕ ਹੈ ਨਾ?''

''ਬਿਲਕੁਲ ਠੀਕ। ਪਰ ਤੂੰ ਇਹ ਸਾਰੀ ਜਾਣਕਾਰੀ ਕਿੱਥੋਂ ਹਾਸਲ ਕੀਤੀ?''

''ਮੈਨੂੰ ਇਹਦੇ ਲਈ ਬਹੁਤਾ ਤਰੱਦਦ ਨਹੀਂ ਕਰਨਾ ਪਿਆ। ਦੂਤਾਵਾਸ ਦੀਆਂ ਪਾਰਟੀਆਂ ਵਿਚ ਜਿੰਨੇ ਵੀ ਭਾਰਤੀ ਲੋਕ ਮੈਨੂੰ ਮਿਲਦੇ ਹਨ ਉਹ ਸਾਰੇ ਹੀ ਤੁਹਾਡੇ ਬਾਰੇ ਜਾਣਦੇ ਹਨ ਤੇ ਤੁਹਾਡਾ ਬੜਾ ਸਤਿਕਾਰ ਕਰਦੇ ਹਨ।''

''ਇਹ ਜਾਣ ਕੇ ਬੜਾ ਚੰਗਾ ਲੱਗਿਆ। ਮੈਨੂੰ ਤਾਂ ਆਪਣੀ ਸ਼ਾਦੀ ਦੇ ਟੁੱਟ ਜਾਣ ਬਾਰੇ ਹਮੇਸ਼ਾ ਗੱਪਾਂ ਹੀ ਸੁਣਨ ਨੂੰ ਮਿਲਦੀਆਂ ਹਨ।''

''ਇਹ ਸਭ ਕੁਝ ਸਾਡੇ ਕਾਰਨ ਹੁੰਦਾ ਹੈ। ਗਰੀਬ ਪਰਿਵਾਰ ਦਾ ਇਕ ਖ਼ੂਬਸੂਰਤ ਨੌਜਵਾਨ ਜਦੋਂ ਕਿਸੇ ਵਧੀਆ ਅਮਰੀਕੀ ਯੂਨੀਵਰਸਿਟੀ ਵਿਚੋਂ ਅੱਵਲ ਰਹੇ ਅਤੇ ਚਾਲੀ ਸਾਲ ਦੀ ਉਮਰ ਤੋਂ ਪਹਿਲਾਂ ਹੀ ਲੱਖਾਂ ਰੁਪਏ ਕਮਾਉਣ ਲੱਗ ਪਏ ਤਾਂ ਉਸ ਨਾਲ ਸਾੜਾ ਤੇ ਈਰਖਾ ਹੋਣਾ ਕੁਦਰਤੀ ਗੱਲ ਹੈ। ਮੈਂ ਤਾਂ ਇਸ ਤਰ੍ਹਾਂ ਦੇ ਲੋਕਾਂ ਦੀ ਪ੍ਰਵਾਹ ਨਾ ਕਰਾਂ।'' ਇਕ

ਵਾਰ ਫੇਰ ਉਹਨੇ ਆਪਣਾ ਹੱਡਲ ਤੇ ਠੰਡਾ ਹੱਥ ਮੇਰੇ ਹੱਥ 'ਤੇ ਰੱਖਿਆ। ਮੈਂ ਦੇਖਿਆ ਕਿ ਉਹਦੀਆਂ ਵੀਣੀਆਂ ਕਿੰਨੀਆਂ ਪਤਲੀਆਂ ਸਨ। ਜਿੰਨਾ ਮੈਂ ਪਹਿਲਾਂ ਸੋਚਿਆ ਸੀ ਉਹ ਤਾਂ ਉਸ ਨਾਲੋਂ ਵੀ ਪਤਲੀ ਸੀ। ਉਹਦੀਆਂ ਗੱਲ੍ਹਾਂ ਦੀਆਂ ਹੱਡੀਆਂ ਉੱਚੀਆਂ, ਬੁੱਲ੍ਹ ਕਾਲੇ, ਛੋਟੀਆਂ ਛੋਟੀਆਂ ਛਾਤੀਆਂ ਅਤੇ ਛੋਟਾ ਜਿਹਾ ਪਿੱਛਾ ਸੀ। ਉਹਦਾ ਸਿਰ ਮਸਾਂ ਹੀ ਮੇਰੀ ਠੋਡੀ ਤੱਕ ਪਹੁੰਚਦਾ ਸੀ। ਜਦੋਂ ਉਹ ਗੱਲਾਂ ਕਰਦੀ ਸੀ ਤਾਂ ਉਹਦੀਆਂ ਅੱਖਾਂ ਚਮਕ ਪੈਂਦੀਆਂ ਸਨ। ਉਹ ਬਹੁਤ ਹੀ ਸਿਆਣੀ ਅਤੇ ਜੋਸ਼ੀਲੀ ਸੀ।

ਜੀਵਨ ਰਾਮ ਨੇ ਗੰਗਾ ਨਹਿਰ ਦੇ ਕਿਨਾਰੇ ਮੁੱਖ ਸੜਕ ਤੋਂ ਕੁਝ ਗਜ਼ ਦੂਰ ਅੰਬ ਦੇ ਦਰੱਖਤਾਂ ਦੇ ਬਾਗ ਹੇਠਾਂ ਕਾਰ ਖੜ੍ਹੀ ਕੀਤੀ। ਸੂਰਜ ਐਨ ਸਾਡੇ ਸਿਰ 'ਤੇ ਚਮਕ ਰਿਹਾ ਸੀ। ਕਾਫੀ ਗਰਮੀ ਸੀ। ਨਹਿਰ ਤੋਂ ਦੀ ਹਲਕੀ ਹਲਕੀ ਹਵਾ ਵਗ ਕੇ ਤਾਜ਼ਾ ਕੱਟੇ ਗਏ ਕਣਕ ਦੇ ਖੇਤਾਂ ਵੱਲ ਨੂੰ ਜਾ ਰਹੀ ਸੀ। ਦੂਰ ਕੋਈ ਪਿੰਡ ਸੀ ਪਰ ਇਨਸਾਨਾਂ ਜਾਂ ਜਾਨਵਰਾਂ ਦਾ ਕੋਈ ਸੰਕੇਤ ਨਹੀਂ ਸੀ ਮਿਲਦਾ। ਅਸੀਂ ਉੱਥੇ ਆਰਾਮ ਨਾਲ ਬੈਠ ਗਏ। ਜੀਵਨ ਰਾਮ ਨੇ ਆਪਣੇ ਨਾਲ ਲਿਆਂਦਾ ਡੱਬਾ ਖੋਲ੍ਹਿਆ। ਇਸ ਵਿਚ ਬਹੁਤ ਸਾਰੇ ਸੈਂਡਵਿਚ ਅਤੇ ਨਾਲ ਠੰਡੀ ਬੀਅਰ ਦੇ ਡੱਬੇ ਸਨ। ਮੇਰੇ ਹੱਥੋਂ ਬੀਅਰ ਦਾ ਡੱਬਾ ਫੜਦੇ ਹੋਏ ਉਹ ਕਹਿਣ ਲੱਗੀ, ''ਮੈਂ ਆਮ ਤੌਰ 'ਤੇ ਦਿਨ ਵੇਲੇ ਨਹੀਂ ਪੀਂਦੀ। ਪਰ ਹੁਣ ਮੈਨੂੰ ਬਹੁਤ ਗਰਮੀ ਲੱਗ ਰਹੀ ਹੈ ਤੇ ਤਰੇਹ ਵੀ ਲੱਗੀ ਹੋਈ ਹੈ।'' ਉਹ ਨੇ ਬੀਅਰ ਦਾ ਘੁੱਟ ਭਰਿਆ ਤੇ ਕਹਿਣ ਲੱਗੀ, ''ਬਹੁਤ ਵਧੀਆ। ਏਦਾਂ ਦੇ ਗਰਮੀ ਵਾਲੇ ਦਿਨ ਵਿਚ ਠੰਡੀ ਬੀਅਰ ਨਾਲੋਂ ਹੋਰ ਵੱਧ ਕੀ ਹੋ ਸਕਦਾ ਹੈ।''

ਅਸਾਂ ਸੈਂਡਵਿਚ ਖਾਧੇ। ਜੀਵਨ ਰਾਮ ਅਤੇ ਹੋਰ ਨੌਕਰ ਨਹਿਰ ਦੇ ਕਿਨਾਰੇ ਬੈਠੇ ਪਰੌਂਠੇ ਅਤੇ ਆਲੂ ਭੁਜੀਆ ਖਾਂਦੇ ਰਹੇ। ਸੂ ਅਤੇ ਮੈਂ ਫਿਰ ਗੱਲਬਾਤ ਵਿਚ ਉਲਝ ਗਏ।

ਮੈਂ ਉਹਨੂੰ ਪੁੱਛਿਆ, ''ਕੀ ਤੂੰ ਬੁੱਧ ਧਰਮ ਨੂੰ ਮੰਨਦੀ ਹੈਂ?''

ਉਸ ਜਵਾਬ ਦਿੱਤਾ, ''ਮੈਨੂੰ ਨਹੀਂ ਪਤਾ ਮੰਨਣ ਜਾਂ ਪੂਜਣ ਦਾ ਕੀ ਮਤਲਬ ਹੁੰਦਾ ਹੈ। ਮੈਂ ਮੰਦਰ ਬਹੁਤ ਘੱਟ ਜਾਂਦੀ ਹਾਂ ਅਤੇ ਬਹੁਤੀ ਪ੍ਰਾਰਥਨਾ ਵੀ ਨਹੀਂ ਕਰਦੀ। ਪਰ ਮੈਂ ਇਸ ਲਈ ਬੋਧੀ ਹਾਂ ਕਿਉਂਕਿ ਬੁੱਧ ਦੀਆਂ ਸਿੱਖਿਆਵਾਂ ਬਾਰੇ ਜੋ ਕੁਝ ਵੀ ਮੈਂ ਪੜ੍ਹਿਆ ਹੈ ਉਹ ਮੈਨੂੰ ਚੰਗਾ ਲੱਗਦਾ ਹੈ। ਹੋਰ ਪੈਗੰਬਰਾਂ ਦੀਆਂ ਸਿੱਖਿਆਵਾਂ ਨਾਲੋਂ ਇਹ ਸਿੱਖਿਆਵਾਂ ਕਿਤੇ ਬੇਹਤਰ ਲੱਗਦੀਆਂ ਹਨ। ਸੰਸਾਰ ਦੇ ਸਾਰੇ ਧਰਮਾਂ ਨੇ ਬੁੱਧ ਧਰਮ ਤੋਂ ਕੁਝ ਨਾ ਕੁਝ ਜ਼ਰੂਰ ਲਿਆ ਹੈ। ਮੈਨੂੰ ਯਕੀਨ ਹੈ ਕਿ ਬਹੁਤ ਸਾਰੇ ਐਸੇ ਗੈਰ ਬੋਧੀ ਵੀ ਹੋਣਗੇ ਜਿਹੜੇ ਬੁੱਧ ਨੂੰ ਉਸੇ ਤਰ੍ਹਾਂ ਹੀ ਸਤਿਕਾਰਦੇ ਹਨ ਜਿਵੇਂ ਬੋਧੀ ਲੋਕ।''

ਮੈਂ ਪੰਦਰਾਂ ਸਾਲ ਪਹਿਲਾਂ ਦੇ ਦਿਨਾਂ ਨੂੰ ਚੇਤੇ ਕਰਦੇ ਹੋਏ ਜਵਾਬ ਦਿੱਤਾ, ''ਪ੍ਰਿੰਸਟਨ ਵਿਚ ਮੈਂ ਤੁਨਾਤਮਕ ਧਰਮਾਂ ਬਾਰੇ ਕਲਾਸਾਂ ਪੜ੍ਹੀਆਂ ਸਨ। ਸਾਡੇ ਪ੍ਰੋਫੈਸਰ ਨੇ ਬੁੱਧ ਬਾਰੇ ਭਾਸ਼ਣ ਦਿੰਦੇ ਹੋਏ ਉਸ ਦੀਆਂ ਸਿੱਖਿਆਵਾਂ ਵਿਚ ਦੁਖ ਦੇ ਵਰਨਣ ਬਾਰੇ ਕਾਫੀ ਜ਼ੋਰ ਦਿੱਤਾ ਸੀ। ਦੁਖ 'ਤੇ ਕਾਬੂ ਪਾਉਣ ਦਾ ਉਹਦਾ ਸਿਧਾਂਤ ਸੀ ਕਿ ਇੱਛਾ 'ਤੇ ਕਾਬੂ ਪਾਇਆ ਜਾਵੇ-

ਖਾਣੇ ਦੀ ਇੱਛਾ, ਸੈਕਸ ਦੀ ਇੱਛਾ ਅਤੇ ਜ਼ਿੰਦਗੀ ਦੀਆਂ ਹੋਰ ਵਧੀਆ ਚੀਜ਼ਾਂ ਦੀ ਇੱਛਾ। ਮੈਨੂੰ ਵੀ ਇਹ ਪ੍ਰਵਾਨ ਕਰਨਾ ਕਾਫੀ ਔਖਾ ਸੀ। ਹਿੰਦੂ ਧਰਮ ਦੀ ਸ਼ਕਤੀ ਇਸ ਗੱਲ ਵਿਚ ਹੈ ਕਿ ਇਹ ਖ਼ੁਸ਼ਗਵਾਰ ਧਰਮ ਹੈ। ਸਾਡੀਆਂ ਰਸਮਾਂ ਦੌਰਾਨ ਕਾਫੀ ਸਾਰਾ ਮੌਜ ਮੇਲਾ ਹੁੰਦਾ ਹੈ, ਨਸ਼ੇ ਹੁੰਦੇ ਹਨ, ਨ੍ਰਿਤ ਹੁੰਦਾ ਹੈ, ਜੂਆ ਖੇਡਿਆ ਜਾਂਦਾ ਹੈ ਅਤੇ ਇਸ਼ਕ ਮੁਸ਼ਕ ਹੁੰਦਾ ਹੈ। ਭੁੱਖ, ਪਸ਼ਚਾਤਾਪ ਅਤੇ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਨਾਲੋਂ ਮੈਨੂੰ ਮੌਜ ਮੇਲਾ ਬਹੁਤ ਚੰਗਾ ਲੱਗਦਾ ਹੈ।''

''ਤੁਸੀਂ ਮੌਜ ਮੇਲੇ ਨੂੰ ਧਰਮ ਕਹਿੰਦੇ ਹੋ?''

ਇਸ ਤੋਂ ਪਹਿਲਾਂ ਕਿ ਮੈਂ ਜਵਾਬ ਦੇਂਦਾ ਜੀਵਨ ਰਾਮ ਸਮਾਨ ਚੁੱਕਣ ਲਈ ਆ ਗਿਆ। ਇਸ ਤੋਂ ਬਾਅਦ ਹਰਦੁਆਰ ਲਈ ਇਕ ਘੰਟਾ ਹੋਰ ਲੱਗਣਾ ਸੀ।

ਮੈਂ ਉੱਠ ਖੜ੍ਹਾ ਹੋਇਆ ਅਤੇ ਆਪਣੀ ਪਤਲੂਨ ਤੋਂ ਧੂੜ ਝਾੜਦੇ ਹੋਏ ਕਿਹਾ, ''ਅਸੀਂ ਆਪਣੀ ਬਹਿਸ ਕਿਸੇ ਵੇਲੇ ਫਿਰ ਕਰਾਂਗੇ।'' ਉਹਨੇ ਆਪਣੇ ਦੋਵੇਂ ਹੱਥ ਉੱਪਰ ਕੀਤੇ ਤਾਂ ਕਿ ਮੈਂ ਉਨ੍ਹਾਂ ਨੂੰ ਫੜ ਕੇ ਉਸ ਨੂੰ ਖੜ੍ਹੀ ਕਰ ਸਕਾਂ। ਉਹ ਆਪਣੇ ਆਪ ਵੀ ਖੜ੍ਹੀ ਹੋ ਸਕਦੀ ਸੀ। ਮੈਨੂੰ ਲੱਗਿਆ ਕਿ ਅਜਿਹਾ ਕਰਕੇ ਉਹ ਦੋਸਤੀ ਕਰਨਾ ਚਾਹੁੰਦੀ ਹੈ। ਮੈਂ ਇਕ ਕਦਮ ਹੋਰ ਅੱਗੇ ਗਿਆ ਅਤੇ ਉਸ ਦੀ ਸਾੜ੍ਹੀ ਦੇ ਪਿਛਲੇ ਪਾਸੇ ਲੱਗੀ ਧੂੜ ਤੋਂ ਸੁੱਕੇ ਘਾਹ ਨੂੰ ਝਾੜ ਦਿੱਤਾ। ਉਹਨੇ ਮੇਰੇ ਵੱਲ ਖ਼ੁਸ਼ਗਵਾਰ ਮੁਸਕਰਾਹਟ ਸੁਟਦੇ ਹੋਏ ਧੰਨਵਾਦ ਕੀਤਾ। ਅਸੀਂ ਕਾਰ ਵਿਚ ਬੈਠੇ ਅਤੇ ਜੀਵਨ ਰਾਮ ਦੇ ਮਗਰ ਮਗਰ ਜਾਂਦੇ ਹੋਏ ਗੈਸਟ ਹਾਊਸ ਪਹੁੰਚ ਗਏ।

ਗੈਸਟ ਹਾਊਸ ਦਾ ਮੈਨੇਜਰ ਆਪਣੇ ਵਿਸ਼ੇਸ਼ ਪਰਾਹੁਣੇ ਦੀ ਉਡੀਕ ਕਰ ਰਿਹਾ ਸੀ। ਉਹ ਕਾਰ ਦੇ ਆਕਾਰ ਅਤੇ ਉਸ 'ਤੇ ਲੱਗੇ ਰਾਜਦੂਤਕ ਨੰਬਰ ਨੂੰ ਦੇਖ ਕੇ ਕਾਫੀ ਪ੍ਰਭਾਵਤ ਹੋਇਆ। ਪਰ ਉਹਨੂੰ ਛੋਟੇ ਕੱਦ ਦੀ ਕਾਲੀ ਜਿਹੀ ਕੁੜੀ ਦੇਖ ਕੇ ਅਜੀਬ ਜਿਹਾ ਵੀ ਲੱਗਿਆ ਜਿਹੜੀ ਦੱਖਣ ਦੀ ਕਿਸੇ ਕਾਲਜ ਵਿਚ ਪੜ੍ਹਦੀ ਕੁੜੀ ਵਰਗੀ ਲੱਗਦੀ ਸੀ। ਪਰ ਜਦੋਂ ਸੂ ਨੇ ਹੁਕਮਰਾਨਾ ਲਹਿਜ਼ੇ ਵਿਚ ਗੱਲ ਕੀਤੀ ਤਾਂ ਉਹ ਬਹੁਤ ਪ੍ਰਭਾਵਤ ਹੋਇਆ। ਪਹਿਲਾਂ ਉਹਨੇ ਡਰਾਇਵਰ ਨੂੰ ਹੁਕਮ ਦਿੱਤਾ, ''ਡਰਾਈਵਰ ਮੇਰਾ ਸਮਾਨ ਮੇਰੇ ਕਮਰੇ 'ਚ ਰੱਖ ਦਿਓ।'' ਫਿਰ ਉਹ ਮੈਨੇਜਰ ਨੂੰ ਕਹਿਣ ਲੱਗੀ, ''ਮੇਰੇ ਲਈ ਚਾਹ ਦਾ ਇੰਤਜ਼ਾਮ ਹੋ ਸਕਦਾ ਹੈ?'' ਮੈਂ ਸੂ ਦਾ ਕਮਰਾ ਦੇਖਣ ਨਹੀਂ ਗਿਆ। ਮੈਂ ਉਹਦਾ ਹੱਥ ਫੜਿਆ ਅਤੇ ਕਿਹਾ, ''ਮੇਰਾ ਡਰਾਈਵਰ ਸਾਢੇ ਪੰਜ ਵਜੇ ਤੁਹਾਨੂੰ ਲੈਣ ਆਵੇਗਾ। ਠੀਕ ਦੋ ਘੰਟਿਆਂ ਬਾਅਦ ਮੈਨੂੰ ਆਸ਼ਰਮ ਤੋਂ ਲੈ ਲੈਣਾ ਅਤੇ ਅਸੀਂ ਘਾਟ 'ਤੇ ਇਕ ਘੰਟਾ ਘੁੰਮਾਂਗੇ। ਫਿਰ ਅਸੀਂ ਸ਼ਾਮ ਦੀ ਆਰਤੀ ਵੇਖਾਂਗੇ।''

ਉਹਨੇ ਆਪਣੇ ਇਕੱਲੇ ਰਹਿ ਜਾਣ 'ਤੇ ਕੋਈ ਇਤਰਾਜ਼ ਨਾ ਕੀਤਾ।

ਆਸ਼ਰਮ ਜਾ ਕੇ ਮੈਂ ਆਪਣਾ ਕਮਰਾ ਖੁਲ੍ਹਵਾਇਆ ਅਤੇ ਉਸ ਨੂੰ ਸਾਫ਼ ਕਰਵਾਇਆ। ਮੈਨੂੰ ਪਿੱਤਲ ਦੇ ਗਿਲਾਸ ਵਿਚ ਬਹੁਤ ਜ਼ਿਆਦਾ ਖੰਡ ਵਾਲੀ ਚਾਹ ਦਿੱਤੀ ਗਈ। ਮੈਂ ਲੋਟੇ

ਨਾਲ ਇਸ਼ਨਾਨ ਕੀਤਾ, ਨਵੇਂ ਕੱਪੜੇ ਪਾਏ ਅਤੇ ਸੂ ਦੀ ਉਡੀਕ ਕਰਨ ਲੱਗਾ। ਜੀਵਨ ਰਾਮ ਸਮੇਂ ਦਾ ਬਹੁਤ ਪਾਬੰਦ ਸੀ। ਉਹ ਠੀਕ ਸਾਢੇ ਪੰਜ ਵਜੇ ਵਾਪਸ ਆ ਗਿਆ। ਸੂ ਦਾ ਡਰਾਈਵਰ ਵੀ ਕਾਰ ਵਿਚ ਸੀ। ਉਹ ਕਹਿਣ ਲੱਗੀ, ''ਇਹਨੇ ਵੀ ਗੰਗਾ ਦਰਸ਼ਨ ਲਈ ਆਉਣ ਦੀ ਜ਼ਿੱਦ ਕੀਤੀ। ਇਹ ਸਵੇਰ ਵੇਲੇ ਇਸ਼ਨਾਨ ਕਰਨ ਲਈ ਆਉਣਾ ਚਾਹੁੰਦਾ ਹੈ। ਮੈਨੂੰ ਆਸ ਹੈ ਤੁਹਾਨੂੰ ਬੁਰਾ ਨਹੀਂ ਲੱਗੇਗਾ।'' ਸੂ ਦੇ ਮੋਢੇ 'ਤੇ ਕੈਮਰਾ ਰੱਖਿਆ ਹੋਇਆ ਸੀ।

ਮੈਂ ਕਿਹਾ, ''ਜਿੰਨੇ ਵੱਧ ਲੋਕ ਹੋਣ ਉਨਾ ਹੀ ਚੰਗਾ ਹੈ।''

ਅਸੀਂ ਸਾਰੇ ਜਣੇ ਮੇਰੀ ਕਾਰ ਵਿਚ ਬੈਠੇ ਅਤੇ ਹਰ ਕੀ ਪੌੜੀ ਵੱਲ ਨੂੰ ਚੱਲ ਪਏ। ਮੈਂ ਗਾਈਡ ਦਾ ਕੰਮ ਸੰਭਾਲ ਲਿਆ। ਮੈਂ ਮੰਗਤਿਆਂ, ਪਾਂਡਿਆਂ ਅਤੇ ਚੰਦਾ ਮੰਗਣ ਵਾਲਿਆਂ ਨੂੰ ਭਜਾਉਂਦਾ ਰਿਹਾ। ਪੈਦਲ ਚੱਲਦੇ ਹੋਏ ਮੁੱਖ ਘਾਟ 'ਤੇ ਨੌਕਰ ਸਾਡੇ ਪਿੱਛੇ ਪਿੱਛੇ ਇਕ ਦੂਰੀ 'ਤੇ ਤੁਰਨ ਲੱਗੇ। ਸੂ ਦਾ ਕੈਮਰਾ ਹਰ ਵੇਲੇ ਤਿਆਰ ਰਹਿੰਦਾ ਸੀ। ਉਹ ਮੰਦਰਾਂ, ਸਾਧੂਆਂ, ਪਾਂਡਿਆਂ, ਗਊਆਂ, ਸ਼ਰਧਾਲੂਆਂ, ਦਰਿਆ ਅਤੇ ਦ੍ਰਿਸ਼ਾਂ ਦੀਆਂ ਫੋਟੋਆਂ ਖਿੱਚ ਰਹੀ ਸੀ। ਮੇਰੇ ਨਾਲ ਗੱਲ ਕਰਨ ਲਈ ਉਹਦੇ ਕੋਲ ਸਮਾਂ ਹੀ ਨਹੀਂ ਸੀ। ਉਹਦੇ ਇਸ ਵਤੀਰੇ ਕਾਰਨ ਮੇਰਾ ਉਤਸ਼ਾਹ ਮੱਠਾ ਪੈ ਰਿਹਾ ਸੀ।

ਸੂ ਨੇ ਮੇਰਾ ਮੂਡ ਵੇਖ ਲਿਆ ਅਤੇ ਕੈਮਰਾ ਆਪਣੇ ਬੈਗ ਵਿਚ ਪਾ ਲਿਆ। ਕਹਿਣ ਲੱਗੀ, ''ਇਨ੍ਹਾਂ ਤਸਵੀਰਾਂ ਨਾਲ ਮੈਨੂੰ ਗੰਗਾ ਦੀ ਯਾਤਰਾ ਚੇਤੇ ਆਇਆ ਕਰੇਗੀ। ਮੈਂ ਦਰਿਆ ਦੇ ਕਿਨਾਰੇ ਤੁਹਾਡੀਆਂ ਤਸਵੀਰਾਂ ਵੀ ਲਵਾਂਗੀ।'' ਮੈਂ ਕੁਝ ਨਾ ਬੋਲਿਆ।

ਸੂਰਜ ਪੱਛਮ ਦੀਆਂ ਪਹਾੜੀਆਂ ਵੱਲ ਚਲਿਆ ਗਿਆ ਸੀ। ਹੁਣ ਹਰ ਕੀ ਪੌੜੀ ਦੇ ਸਾਹਮਣੇ ਘੰਟਾ ਘਰ ਨੇੜੇ ਕੋਈ ਚੰਗੀ ਥਾਂ ਲੱਭ ਲੈਣ ਦਾ ਸਮਾਂ ਆ ਗਿਆ ਸੀ। ਮੈਂ ਆਪਣੀ ਬਾਂਹ ਉਹਦੇ ਮੋਢਿਆਂ ਦੁਆਲੇ ਵਲੀ ਅਤੇ ਭੀੜ ਵਿਚੋਂ ਰਾਹ ਬਣਾਉਂਦੇ ਹੋਏ ਸਭ ਤੋਂ ਮੋਹਰਲੀ ਕਤਾਰ ਵਿਚ ਪਹੁੰਚ ਗਿਆ। ਅਜਿਹੇ ਮੌਕੇ 'ਤੇ ਜਿੱਥੇ ਸਰੀਰ ਦਾ ਆਕਾਰ ਕੰਮ ਕਰਦਾ ਹੈ ਉੱਥੇ 'ਅੰਗਰੇਜ਼ ਸਾਹਬ' ਦਾ ਹੁਕਮ ਵੀ ਬਹੁਤ ਅਸਰ ਕਰਦਾ ਹੈ। ਰੌਸ਼ਨੀਆਂ ਤੇ ਆਵਾਜ਼ ਦਾ ਮੁਜੱਸਮਾ ਸ਼ੁਰੂ ਹੋਇਆ। ਜਿੰਨੀ ਦੇਰ ਤੱਕ ਆਰਤੀ ਹੁੰਦੀ ਰਹੀ ਸਲੋਕ ਚੱਲਦੇ ਰਹੇ ਅਤੇ ਘੰਟੀਆਂ ਖੜਕਦੀਆਂ ਰਹੀਆਂ ਮੈਂ ਸੂ ਦੇ ਮੋਢਿਆਂ ਦੁਆਲੇ ਆਪਣੀ ਬਾਂਹ ਵਲੀ ਰੱਖੀ। ਇੰਜ ਲੱਗਦਾ ਸੀ ਕਿ ਉਹਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਸੀ। ਸਗੋਂ ਉਹਨੇ ਤਾਂ ਆਪਣਾ ਸਿਰ ਵੀ ਮੇਰੀ ਛਾਤੀ 'ਤੇ ਰੱਖ ਦਿੱਤਾ ਸੀ। ਜਦੋਂ ਆਰਤੀ ਖਤਮ ਹੋਈ, ਉਹਨੇ ਮੇਰੀਆਂ ਅੱਖਾਂ ਵਿਚ ਝਾਕਿਆ ਅਤੇ ਕਹਿਣ ਲੱਗੀ, ''ਬਹੁਤ ਕਮਾਲ! ਮੈਨੂੰ ਆਪਣੇ ਨਾਲ ਲਿਆਉਣ ਦਾ ਬਹੁਤ ਬਹੁਤ ਸ਼ੁਕਰੀਆ।''

ਭੀੜ ਹੌਲੀ- ਹੌਲੀ ਘਟਣੀ ਸ਼ੁਰੂ ਹੋ ਗਈ। ਅਸੀਂ ਕੁਝ ਦੇਰ ਤੱਕ ਗੰਗਾ ਕਿਨਾਰੇ ਹੀ ਰਹੇ ਅਤੇ ਚੰਨ ਚਾਨਣੀ ਅਤੇ ਠੰਡੀ ਹਵਾ ਦਾ ਆਨੰਦ ਮਾਣਦੇ ਹੋਏ ਘਾਟ 'ਤੇ ਸੈਰ ਕਰਦੇ ਰਹੇ। ਫਿਰ ਅਸੀਂ ਰੌਸ਼ਨੀਆਂ ਨਾਲ ਲੱਦੇ ਬਜ਼ਾਰ ਵਿਚ ਦੀ ਚੱਲਦੇ ਹੋਏ ਕਾਰ ਤੱਕ ਪਹੁੰਚੇ।

ਜਿਉਂ ਹੀ ਅਸੀਂ ਕਾਰ ਵਿਚ ਬੈਠੇ, ਸੂ ਪੁੱਛਣ ਲੱਗੀ, ''ਹੁਣ ਕੀ?''

''ਮੈਂ ਆਪਣੇ ਆਸ਼ਰਮ ਜਾਵਾਂਗਾ, ਤੁਸੀਂ ਆਪਣੇ ਗੈਸਟ ਹਾਊਸ। ਆਸ਼ਰਮ ਵਿਚ ਔਰਤਾਂ ਨੂੰ ਆਉਣ ਦੀ ਇਜਾਜ਼ਤ ਨਹੀਂ। ਨਾ ਹੀ ਇਸ ਪਵਿੱਤਰ ਸ਼ਹਿਰ ਵਿਚ ਸ਼ਰਾਬ ਦੀ ਇਜਾਜ਼ਤ ਹੈ।''

''ਗੈਸਟ ਹਾਊਸ ਵਿਚ ਦੋਵਾਂ ਦੀ ਹੀ ਇਜਾਜ਼ਤ ਹੈ। ਤੁਸੀਂ ਦੱਸਿਆ ਸੀ ਕਿ ਇਹ ਮਿਉਂਸਪਲ ਸੀਮਾ ਤੋਂ ਬਾਹਰ ਹੈ। ਮੈਂ ਆਪਣੇ ਨਾਲ ਸਕਾਚ ਦੀ ਇਕ ਬੋਤਲ ਤੇ ਕੁਝ ਸੋਡੇ ਲਿਆਂਦੇ ਹਨ। ਕੀ ਤੁਸੀਂ ਮੇਰੇ ਨਾਲ ਬੈਠ ਕੇ ਪੀਣਾ ਪਸੰਦ ਕਰੋਗੇ?''

ਮੈਂ ਜਵਾਬ ਦਿੱਤਾ, ''ਮੈਨੂੰ ਜ਼ਰਾ ਇਸ 'ਤੇ ਵਿਚਾਰ ਕਰਨ ਦਿਓ। ਮੈਂ ਤੜਕੇ ਛੇਤੀ ਉੱਠਣਾ ਹੈ ਅਤੇ ਆਪਣੇ ਪਿਤਾ ਦੀ ਯਾਦ ਵਿਚ ਦਰਿਆ ਵਿਚ ਇਸ਼ਨਾਨ ਕਰਨਾ ਹੈ। ਮੈਂ ਪਾਪਾਂ ਨੂੰ ਧੋਣ ਦਾ ਮੌਕਾ ਨਹੀਂ ਜਾਣ ਦਿੰਦਾ। ਉਂਜ ਮੇਰੇ ਪਾਪਾਂ ਨੂੰ ਧੋਣ ਵਿਚ ਬਹੁਤ ਸਮਾਂ ਲੱਗਣਾ ਹੈ।''

ਉਸ ਦਾ ਜਵਾਬ ਸੀ, ''ਮੈਂ ਵੀ ਸਵੇਰੇ ਆਉਣਾ ਚਾਹੁੰਦੀ ਹਾਂ। ਪਰ ਮੈਂ ਇਸ਼ਨਾਨ ਨਾ ਵੀ ਕਰਾਂ ਤਾਂ ਵੀ ਮੈਂ ਦ੍ਰਿਸ਼ ਜ਼ਰੂਰ ਦੇਖਣਾ ਚਾਹਾਂਗੀ।''

''ਕਿਉਂ ਨਹੀਂ! ਜੇ ਤੂੰ ਸਵੇਰੇ ਪੰਜ ਵਜੇ ਆਸ਼ਰਮ ਪਹੁੰਚ ਜਾਵੇਂ ਤਾਂ ਮੈਂ ਆਪਣੇ ਨਾਲ ਲੈ ਚੱਲਾਂਗਾ। ਪਰ ਤਸਵੀਰਾਂ ਖਿੱਚਣ ਦੀ ਇਜਾਜ਼ਤ ਨਹੀਂ ਹੁੰਦੀ।''

ਮੈਂ ਅਤੇ ਮੇਰੇ ਨੌਕਰ ਆਸ਼ਰਮ ਉਤਰ ਗਏ। ਜੀਵਨ ਰਾਮ ਨੇ ਸੂ ਅਤੇ ਉਹਦੇ ਡਰਾਈਵਰ ਨੂੰ ਗੈਸਟ ਹਾਊਸ ਤੱਕ ਪਹੁੰਚਾ ਦਿੱਤਾ। ਸੂ ਦੇ ਸੱਦੇ ਨੂੰ ਇਸ ਤਰ੍ਹਾਂ ਰੱਦ ਕਰਨ ਦਾ ਮੈਨੂੰ ਬੁਰਾ ਵੀ ਲੱਗ ਰਿਹਾ ਸੀ। ਮੈਂ ਉਸ ਨੂੰ ਇਹ ਨਹੀਂ ਸੀ ਦੱਸਿਆ ਕਿ ਸ਼ਰਾਬਬੰਦੀ ਦੀ ਪ੍ਰਵਾਹ ਨਾ ਕਰਦੇ ਹੋਏ ਮੈਂ ਆਪਣੇ ਕਮਰੇ ਵਿਚ ਆਪਣੇ ਲਈ ਸਕਾਚ ਅਤੇ ਸੋਡਾ ਰੱਖਿਆ ਹੋਇਆ ਸੀ।

ਅਗਲੀ ਸਵੇਰ ਤੜਕੇ ਹੀ ਉਹ ਆਸ਼ਰਮ ਪਹੁੰਚ ਗਈ। ਆਸਮਾਨ ਵਿਚ ਹਲਕੀ ਹਲਕੀ ਲੋਅ ਲੱਗ ਰਹੀ ਸੀ। ਉਹਨੇ ਸਲਵਾਰ ਕਮੀਜ਼ ਪਾਏ ਹੋਏ ਸਨ ਅਤੇ ਮੋਢਿਆਂ 'ਤੇ ਇਕ ਬੈਗ ਟੰਗਿਆ ਹੋਇਆ ਸੀ। ਉਹ ਹੱਸਦੀ ਹੋਈ ਕਹਿਣ ਲੱਗੀ, ''ਮੈਂ ਸੋਚਿਆ ਕਿ ਮੈਂ ਵੀ ਗੰਗਾ ਵਿਚ ਆਪਣੇ ਪਾਪ ਧੋਅ ਹੀ ਲਵਾਂ। ਭਾਵੇਂ ਮੈਂ ਗੰਗਾ ਦੀ ਪੂਜਾ ਨਹੀਂ ਕਰਦੀ ਪਰ ਖਬਰੇ ਉਹ ਮੇਰੇ ਪਾਪ ਵੀ ਧੋਅ ਹੀ ਦੇਵੇ।''

ਹਰ ਕੀ ਪੌੜੀ ਵਿਖੇ ਅਸੀਂ ਵੱਖ ਵੱਖ ਹਿੱਸਿਆਂ ਵਿਚ ਸਾਂ। ਮੈਂ ਦੇਖਿਆ ਕਿ ਸੂ ਨੇ ਆਪਣੀ ਸਲਵਾਰ ਲਾਹੀ ਤੇ ਆਪਣੇ ਲੱਕ ਦੁਆਲੇ ਤੌਲੀਆ ਲਪੇਟਿਆ। ਫੇਰ ਉਹਨੇ ਆਪਣੀ ਕਮੀਜ਼ ਲਾਹੀ ਪਰ ਅੰਗੀ ਪਾਈ ਰੱਖੀ। ਕੁਝ ਔਰਤਾਂ ਨੇ ਉਸ ਤੋਂ ਵੀ ਘੱਟ ਕੱਪੜੇ ਪਾਏ ਹੋਏ ਸਨ। ਉਹ ਉਨ੍ਹਾਂ ਸਾਰੀਆਂ ਔਰਤਾਂ ਵਿਚੋਂ ਸਭ ਤੋਂ ਛੋਟੀ ਸੀ। ਮੈਂ ਆਪਣੀ ਨਜ਼ਰ ਫੇਰ ਲਈ। ਮੈਨੂੰ ਚੇਤੇ ਆਇਆ ਕਿ ਮੇਰੇ ਪਿਤਾ ਨਿਕਲ ਰਹੇ ਸੂਰਜ ਨੂੰ ਪਾਣੀ ਚੜ੍ਹਾਉਂਦੇ ਸਨ

ਅਤੇ ਅਜਿਹਾ ਕਰਦੇ ਹੋਏ ਪਾਣੀ ਵਿਚ ਕੁਝ ਡੁੱਬਕੀਆਂ ਲਗਾਉਂਦੇ ਹਨ। ਉਹ ਉਨ੍ਹਾਂ ਲੋਕਾਂ ਦੇ ਨਾਂ ਵੀ ਲੈਂਦੇ ਸਨ ਜਿਨ੍ਹਾਂ ਦੀ ਖਾਤਰ ਉਹ ਇਹ ਪੂਜਾ ਕਰਦੇ ਸਨ। ਮੈਂ ਸੂਰਜ ਨੂੰ ਦੋ ਬੁੱਕਾਂ ਪਾਣੀ ਭੇਟ ਕੀਤਾ ਅਤੇ ਜਦੋਂ ਮੈਂ ਪਾਣੀ ਦੀ ਡੁੱਬਕੀ ਲਗਾਈ ਤਾਂ ਮੈਂ ਕੁਝ ਉਨ੍ਹਾਂ ਲੋਕਾਂ ਨੂੰ ਹੀ ਚੇਤੇ ਕਰ ਸਕਿਆ ਜਿਹੜੇ ਮੇਰੇ ਨੇੜੇ ਰਹੇ ਸਨ : ਜੈਸਿਕਾ, ਯਾਸਮੀਨ, ਸਰੋਜਨੀ, ਮੌਲੀ, ਮੇਰੇ ਪਿਤਾ ਅਤੇ ਮੇਰੇ ਬੱਚੇ। ਇਸ ਤਰ੍ਹਾਂ ਮੈਂ ਕੁੱਲ ਸੱਤ ਡੁੱਬਕੀਆਂ ਲਗਾਈਆਂ। ਇਸ ਨਾਲ ਮੈਂ ਤਰੋ ਤਾਜ਼ਾ ਹੋ ਗਿਆ। ਮੈਂ ਮੁੜ ਕੇ ਦੇਖਿਆ ਕਿ ਸੂ ਕੀ ਕਰ ਰਹੀ ਸੀ। ਉਹਨੇ ਆਪਣਾ ਪੇਟੀਕੋਟ ਪਾ ਲਿਆ ਹੋਇਆ ਸੀ ਅਤੇ ਮੋਢਿਆਂ ਦੁਆਲੇ ਤੌਲੀਆ ਪਾਇਆ ਹੋਇਆ ਸੀ ਜਿਸ ਨਾਲ ਉਸ ਦੀਆਂ ਛਾਤੀਆਂ ਢਕੀਆਂ ਗਈਆਂ ਸਨ। ਸਾਫ਼ ਹੀ ਸੀ ਕਿ ਡੁੱਬਕੀ ਲੈਣ ਤੋਂ ਪਹਿਲਾਂ ਉਹਨੇ ਕੁਝ ਦਲੇਰੀ ਕਰਦੇ ਹੋਏ ਆਪਣੀ ਅੰਗੀ ਵੀ ਲਾਹ ਦਿੱਤੀ ਸੀ। ਦੂਜੇ ਤੌਲੀਏ ਨਾਲ ਉਹ ਆਪਣੀਆਂ ਲੱਤਾਂ ਨੂੰ ਸਾਫ਼ ਕਰ ਰਹੀ ਸੀ। ਆਪਣੇ ਆਲੇ ਦੁਆਲੇ ਅੱਧ ਨੰਗੀਆਂ ਔਰਤਾਂ ਵਿਚ ਘਿਰੀ ਹੋਈ ਉਹ ਕਾਫੀ ਸੁਰੱਖਿਅਤ ਮਹਿਸੂਸ ਕਰ ਰਹੀ ਸੀ। ਉਹਨੇ ਆਪਣੀਆਂ ਨਿੱਕੀਆਂ ਨਿੱਕੀਆਂ ਛਾਤੀਆਂ ਨੂੰ ਤੌਲੀਏ ਨਾਲ ਸਾਫ਼ ਕੀਤਾ ਤੇ ਫਿਰ ਅੰਗੀ ਪਾ ਲਈ।

ਫਿਰ ਉਹਨੇ ਆਪਣੇ ਦੁਆਲੇ ਸਾੜੀ ਲਪੇਟੀ-ਸਿਨਹਾਲੀ ਢੰਗ ਨਾਲ। ਫਿਰ ਅਸੀਂ ਆਪਣੀਆਂ ਕਾਰਾਂ ਤੱਕ ਗਏ। ਮੈਨੂੰ ਪੱਕਾ ਨਹੀਂ ਸੀ ਪਤਾ ਕਿ ਸੂ ਉਸੇ ਵੇਲੇ ਦਿੱਲੀ ਜਾਣਾ ਚਾਹੁੰਦੀ ਸੀ ਜਾਂ ਇਕ ਦਿਨ ਹੋਰ ਹਰਦੁਆਰ ਵਿਚ ਰਹਿਣਾ ਚਾਹੁੰਦੀ ਸੀ। ਮੈਂ ਪੁੱਛ ਲਿਆ ਤਾਂ ਉਸ ਜਵਾਬ ਦਿੱਤਾ, ''ਮੈਂ ਦੋ ਰਾਤਾਂ ਅਤੇ ਦੋ ਦਿਨਾਂ ਲਈ ਕਮਰੇ ਬੁਕ ਕੀਤੇ ਹਨ। ਮੈਂ ਸੋਚਿਆ ਸੀ ਕਿ ਮੈਂ ਇੱਥੇ ਆਲੇ ਦੁਆਲੇ ਦੇਖਣ ਵਾਲੀਆਂ ਸਭ ਚੀਜ਼ਾਂ ਦੇਖਾਂਗੀ ਅਤੇ ਤੁਹਾਡੇ ਨਾਲ ਹੀ ਵਾਪਸ ਜਾਵਾਂਗੀ।''

ਮੈਂ ਉਹ ਨੂੰ ਕਿਹਾ, ''ਦਿਨ ਵੇਲੇ ਤਾਂ ਗਰਮੀ ਬਹੁਤ ਹੋ ਜਾਵੇਗੀ। ਇਸ ਲਈ ਦਿਨ ਵੇਲੇ ਏਅਰਡਕੰਡੀਸ਼ਨਰ ਕਮਰੇ ਵਿਚ ਰਹਿਣਾ ਹੀ ਬਹੁਤਾ ਚੰਗਾ ਹੈ। ਮੈਨੂੰ ਪੁਰਾਣੇ ਜਿਹੇ ਛੱਤ ਦੇ ਪੱਖੇ ਨਾਲ ਹੀ ਗੁਜ਼ਾਰਾ ਕਰਨਾ ਪੈਣਾ ਹੈ ਜਿਹੜਾ ਹਵਾ ਵੀ ਗਰਮ ਹੀ ਦਿੰਦਾ ਹੈ। ਸ਼ਾਮ ਨੂੰ ਅਸੀਂ ਫਿਰ ਘਾਟ 'ਤੇ ਜਾਵਾਂਗੇ। ਇਸ ਵਾਰੀ ਕੈਮਰਾ ਨਹੀਂ ਲਵਾਂਗੇ ਅਤੇ ਸ਼ਾਮ ਨੂੰ ਮੈਂ ਤੁਹਾਡੇ ਨਾਲ ਬੈਠ ਕੇ ਘੁੱਟ ਪੀਵਾਂਗਾ ਵੀ।''

ਅਸੀਂ ਆਪੋ ਆਪਣੇ ਕਮਰਿਆਂ ਵਿਚ ਵਾਪਸ ਚਲੇ ਗਏ।

ਮੈਂ ਆਪਣੇ ਨੌਕਰ ਨੂੰ ਪੈਸੇ ਦਿੱਤੇ ਤਾਂ ਕਿ ਉਹ ਸੂ ਦੇ ਡਰਾਈਵਰ ਨੂੰ ਨਾਲ ਲੈ ਕੇ ਸਿਨੇਮੇ ਵਿਚ ਲੱਗੀ ਕੋਈ ਧਾਰਮਿਕ ਫਿਲਮ ਦੇਖ ਲੈਣ ਅਤੇ ਸ਼ਾਮ ਦਾ ਖਾਣਾ ਢਾਬੇ ਵਿਚ ਖਾ ਲੈਣ। ਸੂਰਜ ਡੁੱਬਣ ਤੋਂ ਬਾਅਦ ਮੈਂ ਗੈਸਟ ਹਾਊਸ ਗਿਆ ਅਤੇ ਮੈਨੂੰ ਸੂ ਦਾ ਕਮਰਾ ਨੰਬਰ ਦੱਸਿਆ ਗਿਆ। ਉਹਨੇ ਮੇਜ਼ 'ਤੇ ਸਕਾਚ, ਸੋਡਾ ਅਤੇ ਬਰਫ ਰੱਖੇ ਹੋਏ ਸਨ। ਉਹ ਸਿਗਰਟ ਪੀ ਰਹੀ ਸੀ। ਉਹਨੇ ਰਸਤੇ ਵਿਚ ਸਿਗਰਟ ਨਹੀਂ ਸੀ ਪੀਤੀ, ਨਾ ਹੀ ਨਹਿਰ ਕਿਨਾਰੇ,

ਦੁਪਹਿਰ ਦੇ ਖਾਣੇ ਸਮੇਂ ਹੀ ਪੀਤੀ ਸੀ। ਸਪੱਸ਼ਟ ਸੀ ਕਿ ਉਹ ਆਪਣੇ ਆਪ ਨੂੰ ਸ਼ਾਂਤ ਕਰਨ ਲਈ ਸਿਗਰਟ ਪੀ ਰਹੀ ਸੀ। ਉਹ ਕੁਰਸੀ ਤੋਂ ਉੱਠ ਖੜ੍ਹੀ ਹੋਈ ਅਤੇ ਮੇਰੇ ਨਾਲ ਹੱਥ ਮਿਲਾਉਣ ਦੀ ਥਾਂ ਮੇਰੀਆਂ ਦੋਵਾਂ ਗੱਲ੍ਹਾਂ 'ਤੇ ਚੁੰਮਣ ਲੈ ਕੇ ਮੇਰਾ ਸਵਾਗਤ ਕੀਤਾ ਅਤੇ ਕਿਹਾ, ''ਆਪਣੇ ਨਾਲ ਲਿਆਉਣ ਲਈ ਮੇਰੇ ਵੱਲੋਂ ਧੰਨਵਾਦ। ਇਹ ਬੜਾ ਯਾਦਗਾਰੀ ਤਜਰਬਾ ਸੀ ਅਤੇ ਇਹ ਸਾਰੀ ਜ਼ਿੰਦਗੀ ਮੈਨੂੰ ਚੇਤੇ ਰਹੇਗਾ।''

ਉਹਨੇ ਸਿਗਰਟ ਬੁਝਾਈ ਅਤੇ ਕਹਿਣ ਲੱਗੀ, ''ਤੁਸੀਂ ਪੈੱਗ ਬਣਾਓ ਅਤੇ ਮੈਂ ਮੂੰਹ ਸਾਫ਼ ਕਰ ਕੇ ਆਉਂਦੀ ਹਾਂ ਤਾਂ ਕਿ ਸਿਗਰਟ ਦੀ ਬਦਬੂ ਖਤਮ ਹੋ ਜਾਵੇ।''

ਉਹਨੇ ਬਾਥਰੂਮ ਵਿਚ ਕਾਫੀ ਸਮਾਂ ਲਗਾਇਆ। ਮੈਨੂੰ ਨਹੀਂ ਸੀ ਪਤਾ ਕਿ ਉਹਦੇ ਮਨ ਵਿਚ ਕੀ ਸੀ। ਪਰ ਉਹਨੇ ਅੰਦਰੋਂ ਦਰਵਾਜ਼ੇ ਦੀ ਕੁੰਡੀ ਲਗਾ ਲਈ ਸੀ। ਮੈਂ ਦੋ ਗਿਲਾਸਾਂ ਵਿਚ ਵਿਸਕੀ ਪਾਈ ਅਤੇ ਉਹਦੀ ਉਡੀਕ ਕਰਨ ਲੱਗਿਆ।

''ਸਾਰਾ ਦਿਨ ਤੁਸੀਂ ਕੀ ਕੀਤਾ?'' ਬਾਥਰੂਮ ਤੋਂ ਆਉਂਦੇ ਸਾਰ ਉਹਨੇ ਪੁੱਛਿਆ।

ਮੈਂ ਜਵਾਬ ਦਿੱਤਾ, ''ਬਹੁਤਾ ਕੁਝ ਨਹੀਂ। ਬਹੁਤ ਗਰਮੀ ਸੀ। ਮੈਂ ਅਖ਼ਬਾਰ ਤੇ ਰਸਾਲੇ ਪੜ੍ਹਦਾ ਰਿਹਾ, ਖਾਣਾ ਖਾਧਾ ਅਤੇ ਸੌਂ ਗਿਆ। ਇਸ ਤਰ੍ਹਾਂ ਹੀ ਦਿਨ ਮੁੱਕ ਗਿਆ। ਅਤੇ ਤੁਸੀਂ?''

''ਮੈਂ ਡਰਾਈਵਰ ਨੂੰ ਕਿਹਾ ਕਿ ਮੈਨੂੰ ਹਰਦੁਆਰ ਘੁੰਮਾ ਕੇ ਲਿਆਵੇ ਅਤੇ ਨਾਲ ਹੀ ਗੰਗਾ ਦੇ ਨਾਲ ਨਾਲ ਉੱਚੀਆਂ ਪਹਾੜੀਆਂ 'ਤੇ। ਉਸ ਨੂੰ ਬਹੁਤਾ ਰਸਤਾ ਨਹੀਂ ਸੀ ਪਤਾ। ਇਸ ਲਈ ਅਸੀਂ ਵਾਪਸ ਆ ਗਏ। ਮੈਂ ਕੁਝ ਦੇਰ ਲਈ ਬਜ਼ਾਰ ਵਿਚ ਘੁੰਮਦੀ ਰਹੀ ਤਾਂ ਕਿ ਕੋਈ ਸਮਾਨ ਖਰੀਦ ਸਕਾਂ। ਬਹੁਤ ਸਾਰਾ ਫਾਲਤੂ ਸਮਾਨ ਸੀ ਅਤੇ ਦੁਕਾਨਦਾਰਾਂ ਨੂੰ ਇਹ ਗੱਲ ਅਜੀਬ ਲੱਗ ਰਹੀ ਸੀ ਕਿ ਮੈਨੂੰ ਹਿੰਦੋਸਤਾਨੀ ਨਹੀਂ ਸੀ ਆਉਂਦੀ। ਇਸ ਲਈ ਮੈਨੂੰ ਵਾਰ ਵਾਰ ਇਹ ਦੱਸਣਾ ਪੈਂਦਾ ਸੀ ਕਿ ਮੈਂ ਸ੍ਰੀਲੰਕਾ ਤੋਂ ਹਾਂ ਅਤੇ ਹਰ ਕੋਈ ਜਵਾਬ ਦਿੰਦਾ ਸੀ 'ਅੱਛਾ ਲੰਕਾ, ਰਾਵਣ ਕੀ ਲੰਕਾ'। ਮੇਰੇ ਦੇਸ਼ ਬਾਰੇ ਬਹੁਤੇ ਭਾਰਤੀ ਲੋਕਾਂ ਨੂੰ ਇੰਨਾ ਹੀ ਪਤਾ ਹੈ।''

''ਮੈਨੂੰ ਵੀ ਇੰਨਾ ਕੁਝ ਹੀ ਪਤਾ ਹੈ। ਇਸ ਤੋਂ ਬਿਨਾਂ ਸਿਰਫ ਇਹ ਪਤਾ ਹੈ ਕਿ ਸ੍ਰੀਲੰਕਾ ਦੇ ਤਾਮਿਲ ਲੋਕ, ਈਲਮ ਲਈ ਲੜ ਰਹੇ ਹਨ ਅਤੇ ਸਾਨੂੰ ਭਾਰਤੀਆਂ ਨੂੰ ਇਸ ਲਈ ਗਾਲ੍ਹਾਂ ਦਿੰਦੇ ਹਨ ਕਿ ਅਸੀਂ ਉਨ੍ਹਾਂ ਦੀ ਮਦਦ ਨਹੀਂ ਕਰ ਰਹੇ। ਮੈਨੂੰ ਸਮਝ ਨਹੀਂ ਆਉਂਦੀ ਕਿ ਵੱਖ ਵੱਖ ਕੌਮਾਂ ਦੇ ਲੋਕ ਇਕ ਦੂਜੇ ਨੂੰ ਇੰਨੀ ਨਫ਼ਰਤ ਕਿਉਂ ਕਰਦੇ ਹਨ। ਕੀ ਤੁਸੀਂ ਸਾਨੂੰ ਨਫ਼ਰਤ ਕਰਦੇ ਹੋ?''

ਉਸ ਜਵਾਬ ਦਿੱਤਾ, ''ਨਹੀਂ। ਬੁੱਧ ਨੇ ਕਿਹਾ ਸੀ ਕਿ ਨਫ਼ਰਤ ਨਾਲ ਉਹੀ ਮਰਦਾ ਹੈ ਜੋ ਨਫ਼ਰਤ ਕਰਦਾ ਹੈ। ਮੈਂ ਤੁਹਾਨੂੰ ਨਫ਼ਰਤ ਨਹੀਂ ਕਰਦੀ ਤੁਸੀਂ ਮੈਨੂੰ ਨਹੀਂ ਕਰਦੇ। ਬਸ ਇਹੀ ਸਭ ਤੋਂ ਵੱਡੀ ਗੱਲ ਹੈ।'' ਉਹਨੇ ਮੇਰਾ ਹੱਥ ਫੜਿਆ ਅਤੇ ਆਪਣੇ ਬੁੱਲ੍ਹਾਂ 'ਤੇ ਰੱਖ

ਲਿਆ। ਮੈਂ ਉਸ ਦਾ ਹੱਡਲ ਹੱਥ ਫੜਿਆ ਅਤੇ ਉਸ ਨੂੰ ਚੁੰਮ ਲਿਆ।

ਉਹਨੇ ਹਲਕਾ ਜਿਹਾ ਹੱਸਦੇ ਹੋਏ ਕਿਹਾ, ''ਇਹ ਤਾਂ ਭਾਰਤ-ਸ੍ਰੀਲੰਕਾ ਅਮਨ ਸੰਧੀ ਵਿਚ ਦਸਤਖ਼ਤ ਕਰਨ ਵਾਲੀ ਗੱਲ ਹੋ ਗਈ।''

ਮੈਂ ਉਹਦਾ ਹੱਥ ਨਾ ਛੱਡਿਆ। ਉਹਨੇ ਵੀ ਇਸ ਨੂੰ ਵਾਪਸ ਖਿੱਚਣ ਦੀ ਕੋਸ਼ਿਸ਼ ਨਾ ਕੀਤੀ। ਕੁਝ ਚਿਰ ਬਾਅਦ ਉਹ ਕਹਿਣ ਲੱਗੀ, ''ਮਿਸਟਰ ਕੁਮਾਰ ਮੈਨੂੰ ਦੱਸਿਆ ਗਿਆ ਹੈ ਕਿ ਔਰਤਾਂ ਤੁਹਾਡੇ 'ਤੇ ਮਰ ਮਿਟਦੀਆਂ ਹਨ।''

''ਅਤੇ ਤੂੰ ਵੀ?''

''ਮੈਂ ਪੱਕੀ ਤਰ੍ਹਾਂ ਕੁਝ ਨਹੀਂ ਕਹਿ ਸਕਦੀ। ਤੁਸੀਂ ਬੜੇ ਖ਼ੂਬਸੂਰਤ ਮਰਦ ਹੋ ਅਤੇ ਔਰਤਾਂ ਨੂੰ ਭਰਮਾਉਣਾ ਜਾਣਦੇ ਹੋ। ਜੇ ਉਹ ਤੁਹਾਡੇ 'ਤੇ ਮਰ ਮਿਟਦੀਆਂ ਹਨ ਤਾਂ ਉਨ੍ਹਾਂ ਦਾ ਕੋਈ ਕਸੂਰ ਨਹੀਂ।''

''ਤੂੰ ਮੈਨੂੰ ਨਹੀਂ ਦੱਸਿਆ ਕਿ ਤੂੰ ਮਰ ਮਿਟੀ ਹੈਂ ਕਿ ਨਹੀਂ।''

''ਤੁਹਾਡਾ ਕੀ ਵਿਚਾਰ ਹੈ ਕਿ ਮੈਂ ਹਰਦੁਆਰ ਤੁਹਾਡੇ ਨਾਲ ਕਿਉਂ ਆਈ ਹਾਂ? ਪਰ ਮੈਨੂੰ ਇਹ ਨਹੀਂ ਪਤਾ ਕਿ ਮੈਂ ਉਸ ਤਰ੍ਹਾਂ ਦੀ ਔਰਤ ਹਾਂ ਜਾਂ ਨਹੀਂ ਜਿਸ ਤਰ੍ਹਾਂ ਦੀਆਂ ਤੁਹਾਨੂੰ ਪਸੰਦ ਹਨ। ਮੈਂ ਦੇਖਣ ਪਰਖਣ ਨੂੰ ਬਹੁਤੀ ਚੰਗੀ ਨਹੀਂ। ਮੈਂ ਬਹੁਤ ਕਾਲੀ ਤੇ ਬਹੁਤ ਪਤਲੀ ਹਾਂ, ਅਤੇ ਬਹੁਤੇ ਭਾਰਤੀਆਂ ਨੂੰ ਇਹ ਪਸੰਦ ਨਹੀਂ।''

''ਮੈਂ ਤੈਨੂੰ ਕਾਫੀ ਚੰਗੀ ਤਰ੍ਹਾਂ ਦੇਖ ਚੁੱਕਾ ਹਾਂ। ਜਦੋਂ ਤੂੰ ਘਾਟ ਉਤੇ ਸਲਵਾਰ ਕਮੀਜ਼ ਦੀ ਥਾਂ ਸਾੜੀ ਪਾ ਰਹੀ ਸੀ ਤਾਂ ਮੈਂ ਨਜ਼ਰ ਭਰ ਕੇ ਵੇਖਿਆ ਸੀ। ਸਭ ਕੁਝ ਛੋਟਾ ਛੋਟਾ ਹੈ ਪਰ ਸਹੀ ਅਨੁਪਾਤ ਵਿਚ ਹੈ। ਤੇਰੀ ਫਿਗਰ ਬੜੀ ਚੰਗੀ ਹੈ।''

''ਸ਼ੁਕਰੀਆ। ਮੈਂ ਤਾਂ ਸੋਚਦੀ ਸੀ ਕਿ ਤੁਸੀਂ ਪਵਿੱਤਰ ਦਰਿਆ ਵਿਚ ਜਾ ਕੇ ਆਪਣੇ ਗੰਦੇ ਵਿਚਾਰਾਂ ਨੂੰ ਸਾਫ਼ ਕਰ ਰਹੇ ਸੀ।''

''ਪਰ ਨਾਲ ਹੀ ਮੈਂ ਗੰਗਾ ਮਈਆ ਦਾ ਆਸ਼ੀਰਵਾਦ ਵੀ ਲੈ ਰਿਹਾ ਸਾਂ ਤਾਂ ਕਿ ਆਪਣੇ ਨਵੇਂ ਮਿਸ਼ਨ ਵਿਚ ਕਾਮਯਾਬ ਹੋਵਾਂ।''

ਉਹਨੇ ਆਪਣਾ ਵਿਸਕੀ ਦਾ ਗਿਲਾਸ ਇਕ ਪਾਸੇ ਰੱਖਿਆ, ਮੇਰੇ ਕੋਲ ਆਈ, ਮੇਰੀ ਗੋਦੀ ਵਿਚ ਬੈਠ ਗਈ, ਮੇਰੀ ਧੌਣ ਦੁਆਲੇ ਆਪਣੀਆਂ ਬਾਹਾਂ ਲਪੇਟੀਆਂ ਅਤੇ ਮੈਨੂੰ ਚੁੰਮਿਆ। ਅਸੀਂ ਕੁਝ ਮਿੰਟਾਂ ਤੱਕ ਉਸੇ ਤਰ੍ਹਾਂ ਹੀ ਬੈਠੇ ਰਹੇ। ਉਸ ਤੋਂ ਬਾਅਦ ਮੈਂ ਹਰਕਤ ਕਰਨੀ ਸ਼ੁਰੂ ਕੀਤੀ। ਮੈਂ ਉਹਦਾ ਸਿਰ ਆਪਣੇ ਸੱਜੇ ਮੋਢੇ 'ਤੇ ਰੱਖਿਆ ਅਤੇ ਉਹਦਾ ਮੂੰਹ ਖੋਲ੍ਹ ਕੇ ਆਪਣੀ ਜੀਭ ਉਸ ਵਿਚ ਪਾ ਦਿੱਤੀ। ਮੈਂ ਆਪਣਾ ਹੱਥ ਵੀ ਉਸ ਦੀ ਅੰਗੀ ਵਿਚ ਪਾਇਆ। ਇਹ ਬੜੀ ਸਖਤ ਸੀ। ਪਿਛਲੇ ਪਾਸੇ ਲੱਗੇ ਹੋਏ ਬਟਨ ਟੁੱਟ ਗਏ ਅਤੇ ਉਸ ਦੀਆਂ ਛਾਤੀਆਂ ਇਸ ਤੋਂ ਆਜ਼ਾਦ ਹੋ ਗਈਆਂ। ਮੈਂ ਉਸ ਦੀਆਂ ਨਿੱਕੀਆਂ ਨਿੱਕੀਆਂ ਪਰ ਮਜ਼ਬੂਤ ਛਾਤੀਆਂ ਨੂੰ ਵਾਰੀ ਵਾਰੀ ਆਪਣੇ ਮੂੰਹ ਵਿਚ ਪਾਇਆ। ਉਹਨੇ ਆਪਣਾ ਸਿਰ ਪਿੱਛੇ ਨੂੰ

ਲਿਆ, ਅੱਖਾਂ ਬੰਦ ਕੀਤੀਆਂ ਅਤੇ ਆਪਣੀਆਂ ਉਂਗਲਾਂ ਨਾਲ ਮੇਰੇ ਸਿਰ ਦੇ ਵਾਲਾਂ ਨੂੰ ਮਹਿਲਾਉਂਦੇ ਹੋਏ ਖ਼ੁਸ਼ੀ ਨਾਲ ਸਿਸਕਣ ਲੱਗੀ। ਗੋਦੀ ਵਿਚ ਬੈਠਿਆਂ ਹੀ ਉਸ ਨੇ ਮਹਿਸੂਸ ਕੀਤਾ ਕਿ ਮੇਰੇ ਅੰਗਾਂ ਵਿਚ ਤਣਾਅ ਆ ਰਿਹਾ ਹੈ। ਉਹ ਉੱਠ ਖੜ੍ਹੀ ਹੋਈ ਅਤੇ ਆਪਣੇ ਹੱਥਾਂ ਨਾਲ ਇਸ਼ਾਰਾ ਕਰਦੀ ਹੋਈ ਕਹਿਣ ਲੱਗੀ, ''ਇਹ ਕਾਹਲਾ ਪੈ ਰਿਹਾ ਹੈ। ਚਲੋ ਆਓ।'' ਉਹਨੇ ਮੇਰਾ ਹੱਥ ਫੜਿਆ ਅਤੇ ਮੈਨੂੰ ਬਿਸਤਰ ਤੱਕ ਲੈ ਕੇ ਗਈ। ਉਹ ਪਿੱਠ ਭਾਰ ਲੰਮੀ ਪਈ ਤੇ ਆਪਣੀ ਸਾੜੀ ਉੱਪਰ ਖਿੱਚ ਲਈ। ਉਹ ਨੇ ਕੱਛੀ ਨਹੀਂ ਸੀ ਪਾਈ ਹੋਈ। ਇਸ ਤੋਂ ਲੱਗਦਾ ਸੀ ਕਿ ਉਹ ਨੇ ਪਹਿਲਾਂ ਹੀ ਪ੍ਰੋਗਰਾਮ ਬਣਾਇਆ ਹੋਇਆ ਸੀ। ਉਸ ਨੂੰ ਦੇਖ ਕੇ ਲੱਗਦਾ ਸੀ ਕਿ ਉਹਨੇ ਸੈਕਸ ਦਾ ਭਰਪੂਰ ਆਨੰਦ ਮਾਣਿਆ ਸੀ। ਉਹਨੇ ਮੇਰੇ ਅੰਗ ਦੇ ਆਕਾਰ ਬਾਰੇ ਹੋਰਨਾਂ ਔਰਤਾਂ ਵਾਂਗ ਕੋਈ ਹੈਰਾਨੀ ਪ੍ਰਗਟ ਨਾ ਕੀਤੀ। ਸਗੋਂ ਇਹੀ ਕਿਹਾ ਕਿ ''ਇਹ ਅਸ਼ੋਕ ਦੇ ਸਤੰਭ ਵਾਂਗ ਲੱਗਦਾ ਹੈ। ਮੈਨੂੰ ਇਹ ਸਾਰੇ ਦਾ ਸਾਰਾ ਚਾਹੀਦਾ ਹੈ।''

ਉਹ ਖ਼ੁਸ਼ੀ ਨਾਲ ਚੀਕਣ ਲੱਗੀ। ਜਦੋਂ ਸਿਖਰ 'ਤੇ ਪਹੁੰਚਣ ਲੱਗੀ ਤਾਂ ਉਸ ਪੁੱਛਿਆ, ''ਤੇਰੇ ਕੋਲ ਨਿਰੋਧ ਨਹੀਂ?''

''ਨਹੀਂ। ਮੈਨੂੰ ਨਹੀਂ ਸੀ ਲੱਗਦਾ ਕਿ ਇਸ ਦੌਰੇ ਸਮੇਂ ਮੈਨੂੰ ਇਹਦੀ ਲੋੜ ਪਵੇਗੀ।''

''ਤਾਂ ਰੱਬ ਦੇ ਵਾਸਤੇ ਮੈਨੂੰ ਬਖਸ਼ ਦੇਵੀਂ। ਮੈਂ ਗਰਭਵਤੀ ਨਹੀਂ ਹੋਣਾ ਚਾਹੁੰਦੀ। ਮੈਨੂੰ ਪਤਾ ਹੈ ਕਿ ਤੈਨੂੰ ਬਹੁਤਾ ਮਜ਼ਾ ਨਹੀਂ ਆਉਣਾ। ਪਰ ਮੇਰੀ ਖਾਤਰ ਇਸ ਤਰ੍ਹਾਂ ਕਰ ਲਈਂ।''

ਜਦੋਂ ਸਿਖਰ 'ਤੇ ਪਹੁੰਚੀ ਤਾਂ ਉਹ ਨੇ ਆਪਣੀਆਂ ਦੰਦੀਆਂ ਮੇਰੀ ਧੌਣ ਵਿਚ ਗੱਡ ਦਿੱਤੀਆਂ ਅਤੇ ਹੱਥਾਂ ਨਾਲ ਮੇਰੇ ਵਾਲ ਖਿੱਚਣੇ ਸ਼ੁਰੂ ਕਰ ਦਿੱਤੇ। ਮੈਂ ਉਸ ਦੇ ਪੱਟਾਂ ਵਿਚ ਖਲਾਸ ਹੋ ਗਿਆ।

''ਮੇਰੇ ਪੱਟ ਲਿੱਬੜ ਗਏ ਹਨ, ਮੇਰੀ ਸਾੜੀ ਵੱਟੋ ਵੱਟ ਹੋਈ ਪਈ ਹੈ ਅਤੇ ਤੂੰ ਮੇਰੀ ਅੰਗੀ ਦੇ ਬਟਨ ਤੋੜ ਦਿੱਤੇ ਹਨ। ਪਰ ਇਸ ਸਭ ਕਾਸੇ ਦਾ ਬਹੁਤ ਮਜ਼ਾ ਆਇਆ।''

ਨਹਾਉਣ ਤੋਂ ਬਾਅਦ ਉਹ ਬਾਹਰ ਆਈ ਤੇ ਮੇਰੇ ਨਾਲ ਬਿਸਤਰੇ 'ਤੇ ਨੰਗੀ ਹੀ ਪੈ ਗਈ। ਉਹਨੇ ਮੇਰੇ ਅੰਗ ਨੂੰ ਆਪਣੇ ਹੱਥਾਂ ਵਿਚ ਫੜਿਆ ਅਤੇ ਕਹਿਣ ਲੱਗੀ, ''ਇਹ ਬੜਾ ਭਾਰੀ ਭਰਕਮ ਹੈ। ਇਸੇ ਲਈ ਤਾਂ ਔਰਤਾਂ ਮਰ ਮਿਟਦੀਆਂ ਹਨ। ਸਾਨੂੰ ਕੱਪੜੇ ਪਾ ਲੈਣੇ ਚਾਹੀਦੇ ਹਨ। ਮੈਂ ਰਾਤ ਦਾ ਖਾਣਾ ਕਮਰੇ ਵਿਚ ਹੀ ਮੰਗਾ ਲੈਂਦੀ ਹਾਂ।''

ਅਸਾਂ ਆਪੇ ਆਪਣੇ ਕੱਪੜੇ ਪਾਏ। ਉਹਨੇ ਬੇਅਰੇ ਨੂੰ ਸੱਦਿਆ ਅਤੇ ਖਾਣਾ ਪਰੋਸਣ ਲਈ ਹੁਕਮ ਦਿੱਤਾ।

ਜਦੋਂ ਅਸੀਂ ਖਾਣੇ ਦੀ ਉਡੀਕ ਕਰ ਰਹੇ ਸਾਂ ਤਾਂ ਮੈਂ ਸੋਚਿਆ ਕਿ ਮੈਨੂੰ ਸੂ ਬਾਰੇ ਕੁਝ ਹੋਰ ਜਾਨਣਾ ਚਾਹੀਦਾ ਹੈ। ਮੈਂ ਪੁੱਛਿਆ, ''ਮੈਨੂੰ ਤੇਰੇ ਬਾਰੇ ਇਸ ਤੋਂ ਬਿਨਾਂ ਕੁਝ ਨਹੀਂ ਪਤਾ ਕਿ ਤੂੰ ਡਿਪਲੋਮੈਟ ਹੈਂ ਅਤੇ ਇਸ ਲਈ ਬੜੀ ਚੁਸਤ ਔਰਤ ਹੋਵੇਂਗੀ। ਇਹ ਵੀ ਕਿ ਤੂੰ ਖੁੱਲ੍ਹੇ

ਵਿਚਾਰਾਂ ਵਾਲੀ ਔਰਤ ਹੈਂ।''

''ਮੈਂ ਚਾਹ ਦੀ ਕਾਸ਼ਤ ਕਰਨ ਵਾਲੇ ਇਕ ਵੱਡੇ ਪਰਿਵਾਰ ਦੀ ਮੈਂਬਰ ਹਾਂ। ਮੈਂ ਬੜੀ ਰੁਸਤ ਸਾਂ। ਇਸ ਲਈ ਮੈਂ ਸਿਵਲ ਸਰਵਿਸ ਇਮਤਿਹਾਨ ਪਾਸ ਕੀਤਾ ਅਤੇ ਵਿਦੇਸ਼ ਸੇਵਾ ਲਈ ਚੁਣੀ। ਜਿੱਥੋਂ ਤੱਕ ਆਜ਼ਾਦ ਖਿਆਲ ਹੋਣ ਦਾ ਸਬੰਧ ਹੈ, ਮੈਨੂੰ ਸੈਕਸ ਬਾਰੇ ਕੋਈ ਭਰਮ ਨਹੀਂ ਹੈ। ਜੇ ਮੈਨੂੰ ਕੋਈ ਬੰਦਾ ਪਸੰਦ ਹੈ ਅਤੇ ਬੰਦੇ ਨੂੰ ਮੈਂ ਪਸੰਦ ਹਾਂ ਤਾਂ ਅਸੀਂ ਹਮਬਿਸਤਰ ਹੋ ਜਾਂਦੇ ਹਾਂ। ਇਸ ਵਿਚ ਕੋਈ ਗ਼ਲਤ ਗੱਲ ਨਹੀਂ ਹੈ, ਕਿਉਂ?''

''ਬਿਲਕੁਲ ਨਹੀਂ। ਜਦੋਂ ਦੋ ਵਿਅਕਤੀ ਇਕ ਦੂਜੇ ਦੇ ਨੇੜੇ ਆਉਣਾ ਚਾਹੁਣ ਤਾਂ ਸੈਕਸ ਸਭ ਤੋਂ ਉੱਪਰ ਹੋਣਾ ਚੰਗਾ ਹੈ। ਤੂੰ ਆਪਣਾ ਕੁਆਰਪਣ ਪਹਿਲੀ ਵਾਰੀ ਕਦੋਂ ਗੁਆਇਆ?''

''ਹੁਣ ਤੂੰ ਬਹੁਤ ਅੱਗੇ ਵੱਧ ਰਿਹਾ ਹੈਂ। ਪਰ ਮੈਂ ਤੈਨੂੰ ਦੱਸਾਂਗੀ। ਮੈਂ ਸੋਲ੍ਹਾਂ ਸਾਲ ਦੀ ਸੀ। ਪਰ ਇਸ ਮਾਮਲੇ ਵਿਚ ਕੋਈ ਰੋਮਾਂਸ ਨਹੀਂ ਸੀ। ਮੇਰੇ ਆਪਣੇ ਚਾਚੇ ਨੇ ਹੀ ਇਹ ਹਰਕਤ ਕੀਤੀ। ਤੈਨੂੰ ਪਤੈ ਇਸੇ ਤਰ੍ਹਾਂ ਹੀ ਹੁੰਦਾ ਹੈ ਕਿ ਅਕਸਰ ਕੋਈ ਨੇੜਲਾ ਸਬੰਧੀ ਹੀ ਇਸ ਤਰ੍ਹਾਂ ਕਰਦਾ ਹੈ। ਪਹਿਲਾਂ ਪਹਿਲ ਤਾਂ ਸਾਰਾ ਕੁਝ ਹੀ ਸਧਾਰਨ ਜਿਹਾ ਲੱਗਦਾ ਸੀ, ਜਿਵੇਂ ਚੁੰਮਣਾ, ਜੱਫੀਆਂ ਪਾਉਣੀਆਂ ਵਗੈਰਾ ਵਗੈਰਾ। ਫਿਰ ਉਸ ਨੇ ਮੇਰੇ ਗੁਪਤ ਅੰਗਾਂ ਨੂੰ ਛੇੜਨਾ ਸ਼ੁਰੂ ਕੀਤਾ। ਮੈਂ ਗੁੱਸੇ ਵਿਚ ਆ ਗਈ ਪਰ ਉਸ ਨੇ ਤੁਰੰਤ ਹੀ ਮੈਨੂੰ ਫ਼ਰਸ਼ 'ਤੇ ਢੇਰੀ ਕਰ ਲਿਆ ਅਤੇ ਬਲਾਤਕਾਰ ਕਰ ਲਿਆ। ਮੈਂ ਆਪਣੇ ਮਾਤਾ ਪਿਤਾ ਨੂੰ ਦੱਸਣਾ ਚਾਹੁੰਦੀ ਸਾਂ ਪਰ ਨਹੀਂ ਦੱਸਿਆ। ਕਿਉਂਕਿ ਮੈਂ ਮਹਿਸੂਸ ਕੀਤਾ ਕਿ ਮੈਂ ਹੀ ਉਸ ਨੂੰ ਅੱਗੇ ਵੱਧਣ ਦੀ ਇਜਾਜ਼ਤ ਦਿੱਤੀ ਸੀ। ਮੈਂ ਉਸਨੂੰ ਸਬਕ ਸਿਖਾਇਆ ਅਤੇ ਉਸ ਦੇ ਚੌਦਾਂ ਸਾਲ ਦੇ ਪੁੱਤਰ, ਆਪਣੇ ਚਚੇਰੇ ਭਰਾ, ਨੂੰ ਭਰਮਾ ਲਿਆ। ਮੁੰਡਾ ਇੰਨਾ ਮੋਹਿਤ ਹੋ ਗਿਆ ਕਿ ਉਹਨੇ ਮੈਨੂੰ ਪ੍ਰੇਮ ਪੱਤਰ ਲਿਖਣੇ ਸ਼ੁਰੂ ਕੀਤੇ ਅਤੇ ਨਾਲ ਨਾਲ ਕਵਿਤਾਵਾਂ ਵੀ। ਮੈਂ ਉਹਨੂੰ ਕੁਝ ਚਿਰ ਲਈ ਇਸ ਤਰ੍ਹਾਂ ਕਰਨ ਦਿੱਤਾ। ਪਰ ਫਿਰ ਉਹਨੇ ਮੇਰੇ ਨਾਲ ਸ਼ਾਦੀ ਕਰਨ ਦੀ ਜ਼ਿੱਦ ਕੀਤੀ। ਉਹਨੇ ਜਾ ਕੇ ਆਪਣਿਆਂ ਮਾਪਿਆਂ ਨੂੰ ਦੱਸ ਦਿੱਤਾ ਕਿ ਅਸੀਂ ਇਸ਼ਕ ਕਰਦੇ ਸਾਂ ਅਤੇ ਸ਼ਾਦੀ ਕਰਨਾ ਚਾਹੁੰਦੇ ਸਾਂ। ਉਹਦਾ ਪਿਓ ਮੁੰਡੇ ਨੂੰ ਤੁਰੰਤ ਹੀ ਕੋਲੰਬੋ ਤੋਂ ਬਾਹਰ ਲੈ ਗਿਆ ਅਤੇ ਸ਼ਹਿਰ ਤੋਂ ਦੂਰ ਇਕ ਬੋਰਡਿੰਗ ਸਕੂਲ ਵਿਚ ਦਾਖਲ ਕਰਵਾ ਦਿੱਤਾ। ਕਿਸੇ ਕੁੜੀ ਲਈ ਕਿਸੇ ਮਰਦ ਨੂੰ ਭਰਮਾਉਣਾ ਬਹੁਤਾ ਔਖਾ ਨਹੀਂ। ਮੈਂ ਜਾਣਦੀ ਹਾਂ ਕਿ ਜਿਸ ਵੀ ਮਰਦ ਨੂੰ ਚਾਹਾਂ ਮੈਂ ਭਰਮਾ ਸਕਦੀ ਹਾਂ, ਕਿਉਂਕਿ ਮਰਦ ਸੈਕਸ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਮੈਂ ਤੈਨੂੰ ਵੀ ਤਾਂ ਭਰਮਾ ਹੀ ਲਿਆ ਹੈ।''

''ਅਸਾਂ ਇਕ ਦੂਜੇ ਨੂੰ ਭਰਮਾਇਆ ਹੈ।'' ਮੈਂ ਕਿਹਾ ਤੇ ਦੱਸਿਆ ਕਿ ਮੋਲੀ ਨੂੰ ਵੀ ਉਸ ਦੇ ਮਾਮੇ ਨੇ ਹੀ ਪਹਿਲੀ ਵਾਰ ਖਰਾਬ ਕੀਤਾ ਸੀ, ''ਬੜੀ ਹੈਰਾਨੀ ਵਾਲੀ ਗੱਲ ਹੈ ਕਿ ਬਹੁਤ ਸਾਰੀਆਂ ਕੁੜੀਆਂ ਨਾਲ ਪਹਿਲੀ ਵਾਰੀ ਸੈਕਸ ਉਨ੍ਹਾਂ ਦੇ ਵਡੇਰੀ ਉਮਰ ਦੇ ਰਿਸ਼ਤੇਦਾਰ

ਜਾਂ ਉਨ੍ਹਾਂ ਦੇ ਮਾਪਿਆਂ ਦੇ ਦੋਸਤ ਹੀ ਕਰਦੇ ਹਨ।'' ਸੂ ਦਾ ਜਵਾਬ ਸੀ, ''ਮੁੰਡਿਆਂ 'ਤੇ ਵੀ ਇਹੀ ਗੱਲ ਲਾਗੂ ਹੁੰਦੀ ਹੈ। ਉਨ੍ਹਾਂ ਨੂੰ ਵੀ ਉਨ੍ਹਾਂ ਦੀਆਂ ਆਂਟੀਆਂ ਜਾਂ ਵਡੇਰੀ ਉਮਰ ਦੀਆਂ ਨੌਕਰਾਣੀਆਂ ਭਰਮਾਉਂਦੀਆਂ ਹਨ। ਜਦੋਂ ਨੌਜਵਾਨ ਲੋਕਾਂ ਵਿਚ ਸੈਕਸ ਦੀ ਭਾਵਨਾ ਉਤੇਜਿਤ ਹੁੰਦੀ ਹੈ ਅਤੇ ਉਹ ਇਸ 'ਤੇ ਕੰਟਰੋਲ ਨਹੀਂ ਰੱਖ ਸਕਦੇ ਤਾਂ ਤਜਰਬੇ ਕਾਰਨ ਵੱਡੀ ਉਮਰ ਦਾ ਵਿਅਕਤੀ ਉਨ੍ਹਾਂ ਨੂੰ ਆਸਾਨੀ ਨਾਲ ਭਰਮਾ ਸਕਦਾ ਹੈ।''

''ਅਤੇ ਤੂੰ ਤਜਰਬੇਕਾਰ ਹੈਂ ਕਿ ਨਹੀਂ? ਮੇਰਾ ਮਤਲਬ ਹੈ ਕਿ ਤੇਰੇ ਕਿੰਨੇ ਲੋਕਾਂ ਨਾਲ ਸਬੰਧ ਰਹੇ ਹਨ?''

''ਕਾਫੀ ਸਾਰੇ; ਅਤੇ ਕਈ ਸਾਲਾਂ ਤੱਕ ਮੇਰਾ ਇਕ ਪੱਕਾ ਦੋਸਤ ਵੀ ਰਿਹਾ। ਮੈਂ ਤੈਨੂੰ ਉਹਦੇ ਬਾਰੇ ਦੱਸਿਆ ਵੀ ਸੀ। ਸਾਡੇ ਦੋਹਾਂ ਵਿਚੋਂ ਕੋਈ ਵੀ ਸ਼ਾਦੀ ਨਹੀਂ ਸੀ ਕਰਨਾ ਚਾਹੁੰਦਾ। ਇਸ ਲਈ ਕਿਸੇ ਨੂੰ ਕੋਈ ਤਕਲੀਫ ਨਹੀਂ ਹੋਈ। ਆਪਣੇ ਬਾਰੇ ਵੀ ਕੁਝ ਦੱਸ।''

''ਵੀਹਾਂ ਸਾਲਾਂ ਦੀ ਉਮਰ ਤੱਕ ਮੈਂ ਅਣਲੱਗ ਸਾਂ। ਯੂਨੀਵਰਸਿਟੀ ਵਿਚ ਇਕ ਕਾਲੀ ਕੁੜੀ ਨੇ ਮੈਨੂੰ ਸੈਕਸ ਦਾ ਪਹਿਲਾ ਸਬਕ ਦਿੱਤਾ। ਉਸ ਤੋਂ ਬਾਅਦ ਮੈਨੂੰ ਕਈ ਮੌਕੇ ਮਿਲੇ। ਮਨੁੱਖੀ ਜ਼ਿੰਦਗੀ ਵਿਚ ਸੈਕਸ ਸਭ ਤੋਂ ਵੱਡੀ ਚੀਜ਼ ਹੈ। ਇਸ ਵਿਚ ਜਿੰਨੀ ਭਿੰਨਤਾ ਹੋਏਗੀ ਓਨਾ ਹੀ ਮਜ਼ਾ ਹੋਏਗਾ। ਤੂੰ ਸਹਿਮਤ ਹੈਂ ਕਿ ਨਹੀਂ?''

''ਹਾਂ ਵੀ ਅਤੇ ਨਾਂਹ ਵੀ। ਮੈਂ ਨਹੀਂ ਸੋਚਦੀ ਕਿ ਇਕ ਰਾਤ ਦੇ ਸਬੰਧ ਕੋਈ ਅਰਥ ਰੱਖਦੇ ਹਨ। ਸਬੰਧ ਲੰਮੇ ਸਮੇਂ ਤੱਕ ਚੱਲਣੇ ਚਾਹੀਦੇ ਹਨ ਤਾਂ ਹੀ ਇਹ ਸੰਪੂਰਨ ਹੁੰਦੇ ਹਨ। ਦੋਨਾਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਸਬੰਧਾਂ ਵਿਚ ਤਾਜ਼ਗੀ ਕਦੋਂ ਖਤਮ ਹੋ ਰਹੀ ਹੈ। ਉਸ ਤੋਂ ਬਾਅਦ ਤੋੜ ਵਿਛੋੜਾ ਕਰਕੇ ਨਵੇਂ ਸਾਥੀ ਲੱਭ ਲੈਣੇ ਚਾਹੀਦੇ ਹਨ। ਮੈਨੂੰ ਆਸ ਹੈ ਕਿ ਦਿੱਲੀ ਵਿਚ ਰਹਿੰਦਿਆਂ ਅਸੀਂ ਅਕਸਰ ਹੀ ਮਿਲਦੇ ਰਹਾਂਗੇ।''

''ਮੈਂ ਵੀ ਇਹੀ ਆਸ ਕਰਦਾ ਹਾਂ। ਅਸਾਂ ਅਸਲ ਵਿਚ ਸ਼ੁਰੂਆਤ ਤਾਂ ਅਜੇ ਕਰਨੀ ਹੈ। ਜਿੰਨੀ ਦੇਰ ਤੱਕ ਤੁਹਾਨੂੰ ਇਹ ਡਰ ਹੋਵੇ ਕਿ ਕੋਈ ਆਉਣ ਵਾਲਾ ਹੈ ਜਾਂ ਗਰਭ ਠਹਿਰ ਸਕਦਾ ਹੈ ਉਨੀ ਦੇਰ ਤੱਕ ਅਸਲੀ ਮਜ਼ਾ ਨਹੀਂ ਆ ਸਕਦਾ।'' ਉਹ ਨੇ ਮੇਰਾ ਹੱਥ ਫੜਦੇ ਹੋਏ ਕਿਹਾ, ''ਮੈਨੂੰ ਅਫਸੋਸ ਹੈ। ਅਗਲੀ ਵਾਰ ਮੈਂ ਵਾਅਦਾ ਕਰਦੀ ਹਾਂ ਕਿ ਤੈਨੂੰ ਵੱਧ ਮਜ਼ਾ ਆਏਗਾ।''

ਅਗਲੀ ਸਵੇਰ ਅਸੀਂ ਤੜਕੇ ਹੀ ਹਰਦੁਆਰ ਤੋਂ ਰਵਾਨਾ ਹੋ ਗਏ। ਅਸੀਂ ਆਪੋ ਆਪਣੀਆਂ ਕਾਰਾਂ ਵਿਚ ਅਤੇ ਵੱਖੋ ਵੱਖ ਸਮਿਆਂ 'ਤੇ ਰਵਾਨਾ ਹੋ ਸਕਦੇ ਸਾਂ। ਪਰ ਅਸਾਂ ਫੈਸਲਾ ਕੀਤਾ ਕਿ ਇਕੱਠੇ ਹੀ ਸਫ਼ਰ ਕਰਾਂਗੇ। ਮੈਂ ਉਸ ਦੀ ਕਾਰ ਵਿਚ ਸਾਂ ਜਦ ਕਿ ਨੌਕਰ ਮੇਰੀ ਕਾਰ ਵਿਚ। ਸਮੇਂ ਸਮੇਂ ਸਿਰ ਉਹ ਆਪਣਾ ਹੱਥ ਮੇਰੇ ਵੱਲ ਵਧਾਉਂਦੀ ਅਤੇ ਅਸੀਂ ਘੁੱਟ ਕੇ ਇਕ ਦੂਜੇ ਦਾ ਹੱਥ ਫੜ ਲੈਂਦੇ। ਯਮੁਨਾ ਪਾਰ ਕਰਨ ਤੋਂ ਬਾਅਦ ਉਹਨੇ ਰਸਤੇ ਦੀਆਂ ਨਿਸ਼ਾਨੀਆਂ ਨੋਟ ਕਰਨੀਆਂ ਸ਼ੁਰੂ ਕੀਤੀਆਂ। ਇਹ ਰਸਤਾ ਮਹਾਰਾਣੀ ਬਾਗ ਅਤੇ ਮੇਰੇ

ਘਰ ਤੱਕ ਜਾਂਦਾ ਸੀ। ਉਹਦੀ ਕਾਰ ਮੇਰੇ ਦਰਵਾਜ਼ੇ ਸਾਹਮਣੇ ਜਾ ਕੇ ਰੁਕੀ। ਉਹ ਅੰਦਰ ਨਹੀਂ ਸੀ ਆਉਣਾ ਚਾਹੁੰਦੀ। ''ਮੈਂ ਦਫਤਰ ਤੋਂ ਲੇਟ ਹੋ ਰਹੀ ਹਾਂ। ਮੈਂ ਘਰ ਜਾ ਕੇ ਕੱਪੜੇ ਬਦਲਾਂਗੀ ਅਤੇ ਕੰਮ 'ਤੇ ਜਾਵਾਂਗੀ। ਹਾਈ ਕਮਿਸ਼ਨ ਜਾਂ ਮੇਰੇ ਘਰ ਟੈਲੀਫੋਨ ਨਾ ਕਰੀਂ, ਕਿਉਂਕਿ ਸਾਰੀਆਂ ਟੈਲੀਫੋਨ ਕਾਲਾਂ ਦਾ ਰਿਕਾਰਡ ਰੱਖਿਆ ਜਾਂਦਾ ਹੈ। ਜੇ ਤੇਰੇ ਦਫਤਰ ਵਿਚ ਕੋਈ ਸਿੱਧੀ ਟੈਲੀਫੋਨ ਲਾਈਨ ਹੈ ਤਾਂ ਮੈਂ ਤੇਰੇ ਨਾਲ ਸੰਪਰਕ ਕਰਾਂਗੀ। ਮੈਂ ਤੇਰੇ ਘਰ ਵੀ ਟੈਲੀਫੋਨ ਨਹੀਂ ਕਰਨਾ ਚਾਹੁੰਦੀ ਕਿਉਂਕਿ ਤੇਰੇ ਨੌਕਰ ਮੈਨੂੰ ਪਛਾਣ ਜਾਣਗੇ।''

ਮੈਂ ਉਹਨੂੰ ਆਪਣੇ ਦਫਤਰ ਦਾ ਸਿੱਧਾ ਨੰਬਰ ਦਿੱਤਾ। ਅਗਲੇ ਦਿਨ ਹੀ ਉਸ ਨੇ ਮੈਨੂੰ ਫੋਨ ਕੀਤਾ– ''ਹੈਲੋ! ਪਤਾ ਕੌਣ ਬੋਲ ਰਹੀ ਹਾਂ?''

''ਸੂ-ਨਾਲ ਕੁਝ ਹੋਰ ਨਾਂ ਜਿਹੜਾ ਬੋਲਿਆ ਨਹੀਂ ਜਾ ਸਕਦਾ! ਮੈਂ ਤੇਰੇ ਲਈ ਕੀ ਕਰ ਸਕਦਾ ਹਾਂ?''

''ਅਗਲੇ ਸ਼ਨਿੱਚਰਵਾਰ ਕੀ ਕਰ ਰਿਹਾ ਹੈਂ? ਸਾਨੂੰ ਉਸ ਦਿਨ ਛੁੱਟੀ ਹੈ।''

''ਉਸ ਦਿਨ ਮੈਂ ਸ੍ਰੀਲੰਕਾ ਹਾਈ ਕਮਿਸ਼ਨ ਦੀ ਇਕ ਲੇਡੀ ਨਾਲ ਦੁਪਹਿਰ ਦਾ ਖਾਣਾ ਖਾਣਾ ਹੈ। ਸ਼ਨੀਵਾਰ ਨੂੰ ਅਸੀਂ ਅੱਧਾ ਦਿਨ ਕੰਮ ਕਰਦੇ ਹਾਂ ਅਤੇ ਉਸ ਦਿਨ ਨੌਕਰਾਂ ਨੂੰ ਮੈਂ ਬਾਅਦ ਦੁਪਹਿਰ ਦੀ ਛੁੱਟੀ ਦੇ ਦਿਆਂਗਾ। ਦੁਪਹਿਰ ਡੇਢ ਵਜੇ ਤੱਕ ਮੈਂ ਘਰ ਹੋਵਾਂਗਾ।''

''ਓ ਕੇ ਓ ਕੇ। ਸ੍ਰੀਲੰਕਾ ਦੀ ਤੇਰੀ ਦੋਸਤ ਠੀਕ ਡੇਢ ਵਜੇ ਪਹੁੰਚੇਗੀ।''

ਸ਼ਨਿੱਚਰਵਾਰ ਦੀ ਸਵੇਰ ਨੂੰ ਮੈਂ ਰਸੋਈਏ ਨੂੰ ਕਿਹਾ ਕਿ ਕੋਈ ਠੰਡੀ ਚੀਜ਼ ਬਣਾਵੇ ਅਤੇ ਫਰਿਜ ਵਿਚ ਰੱਖ ਦੇਵੇ ਕਿਉਂਕਿ ਮੈਂ ਦਫਤਰ ਤੋਂ ਲੇਟ ਹੋ ਸਕਦਾ ਸਾਂ। ਜੀਵਨ ਰਾਮ ਨੂੰ ਵੀ ਮੈਂ ਛੁੱਟੀ ਦੇ ਦਿੱਤੀ। ਦੁਪਹਿਰੇ ਜਦੋਂ ਮੈਂ ਘਰ ਵਾਪਸ ਪਰਤਿਆ ਤਾਂ ਘਰ ਵਿਚ ਮਕਬਰੇ ਵਰਗੀ ਸ਼ਾਂਤੀ ਸੀ। ਮੈਂ ਬੈੱਡਰੂਮ ਦਾ ਏਅਰਕੰਡੀਸ਼ਨਰ ਚਲਾਇਆ ਅਤੇ ਫਰਿਜ ਵਿਚ ਝਾਤੀ ਮਾਰੀ। ਇਸ ਵਿਚ ਕਾਫੀ ਸਾਰਾ ਖਾਣ ਪੀਣ ਦਾ ਸਮਾਨ ਅਤੇ ਬੀਅਰ ਦੇ ਡੱਬੇ ਪਏ ਸਨ।

ਉਹ ਐਨ ਸਮੇਂ ਸਿਰ ਪਹੁੰਚੀ। ਉਹ ਆਪਣੇ ਸਰਕਾਰੀ ਕਾਰ ਵਿਚ ਨਹੀ, ਸਗੋਂ ਟੈਕਸੀ ਵਿਚ ਆਈ। ਬਾਲਕਨੀ ਤੋਂ ਮੈਂ ਦੇਖਿਆ ਕਿ ਟੈਕਸੀ ਰਣਜੀਤ ਵਿਲਾ ਦੇ ਬਾਹਰ ਆ ਕੇ ਹੌਲੀ ਹੋਈ ਅਤੇ ਗੁਆਂਢੀਆਂ ਦੇ ਦਰਵਾਜ਼ੇ ਅੱਗੇ ਜਾ ਰੁਕੀ। ਮੈਂ ਦੇਖਿਆ ਕਿ ਸੂ ਨੇ ਡਰਾਈਵਰ ਨੂੰ ਪੈਸੇ ਦਿੱਤੇ। ਆਪਣੇ ਸਿਰ 'ਤੇ ਦੁਪਹਿਰ ਦੀ ਧੁੱਪ ਤੋਂ ਬਚਣ ਲਈ ਕੱਪੜਾ ਲਿਆ ਅਤੇ ਫੇਰ ਰਣਜੀਤ ਵਿਲਾ ਵੱਲ ਵਾਪਸ ਤੁਰੀ। ਉਸ ਦੇ ਘੰਟੀ ਵਜਾਉਣ ਤੋਂ ਪਹਿਲਾਂ ਹੀ ਮੈਂ ਦਰਵਾਜ਼ਾ ਖੋਲ੍ਹ ਕੇ ਉਹਨੂੰ ਅੰਦਰ ਆਉਣ ਲਈ ਕਿਹਾ। ਉਹ ਕਹਿਣ ਲੱਗੀ ''ਹੈਲੋ! ਬਾਹਰ ਤਾਂ ਬਹੁਤ ਗਰਮੀ ਹੈ। ਮੈਂ ਪਸੀਨੇ ਨਾਲ ਭਿੱਜੀ ਪਈ ਹਾਂ। ਸ਼ੁਕਰ ਹੈ ਕਿ ਤੇਰਾ ਘਰ ਠੰਡਾ ਹੈ।''

''ਮੈਂ ਬੈਠਕ ਦਾ ਏ ਸੀ ਚਾਲੂ ਕਰ ਦਿੱਤਾ ਹੈ।'' ਮੈਂ ਉਹਦਾ ਹੱਥ ਫੜ ਕੇ ਉਹਨੂੰ

ਠੰਡੇ ਬੈਠਕ ਕਮਰੇ ਵਿਚ ਲੈ ਗਿਆ। ਏ ਸੀ ਦੇ ਨਾਲ ਨਾਲ ਪੱਖਾ ਵੀ ਪੂਰੀ ਸਪੀਡ 'ਤੇ ਚੱਲ ਰਿਹਾ ਸੀ। ਉਹ ਕੁਰਸੀ 'ਤੇ ਢੇਰੀ ਹੋ ਗਈ, ਆਪਣੀਆਂ ਬਾਹਾਂ ਪਿੱਛੇ ਨੂੰ ਲਿਜਾ ਕੇ ਅੰਗੜਾਈ ਭਰੀ ਤੇ ਕਹਿਣ ਲੱਗੀ, ''ਮੈਂ ਰਤਾ ਕੁ ਠੰਡ ਹਾਸਲ ਕਰ ਲਵਾਂ।''

''ਠੰਡੀ ਬੀਅਰ ਚੱਲੇਗੀ?''

''ਹਾਂ ਚੱਲੇਗੀ।''

ਮੈਂ ਠੰਡੀ ਬੀਅਰ ਦੇ ਦੋ ਡੱਬੇ ਖੋਲ੍ਹੇ ਅਤੇ ਬੀਅਰ ਦੋ ਸ਼ੀਸ਼ੇ ਦੇ ਗਿਲਾਸਾਂ ਵਿਚ ਪਾ ਕੇ ਇਕ ਉਸ ਨੂੰ ਫੜਾ ਦਿੱਤਾ। ਉਹਨੇ ਠੰਡਾ ਗਿਲਾਸ ਆਪਣੇ ਹੱਥ ਵਿਚ ਫੜਿਆ ਅਤੇ ਕਹਿਣ ਲੱਗੀ, ''ਵਾਹ ਕਮਾਲ ਹੈ ਮਿਸਟਰ ਕੁਮਾਰ, ਬਹੁਤ ਵਧੀਆ ਗਿਲਾਸ ਹਨ। ਤੁਹਾਨੂੰ ਮਹਿੰਗੀਆਂ ਚੀਜ਼ਾਂ ਦਾ ਸ਼ੌਕ ਹੈ।''

''ਯੈਸ ਮੈਡਮ। ਤੁਸੀਂ ਦੇਖ ਸਕਦੇ ਹੋ ਕਿ ਇਹ ਸਭ ਕੁਝ ਸੋਹਬਤ ਦਾ ਅਸਰ ਹੈ।''

ਉਹਨੇ ਚੀਕ ਕੇ ਕਿਹਾ, ''ਚਾਪਲੂਸ! ਮੈਂ ਸ਼ਰਤ ਲਗਾ ਕੇ ਕਹਿ ਸਕਦੀ ਹਾਂ ਕਿ ਉਨ੍ਹਾਂ ਸਾਰੀਆਂ ਔਰਤਾਂ ਨੂੰ ਤੂੰ ਇਹੀ ਗੱਲ ਕਹਿੰਦਾ ਹੋਏਗਾ ਜਿਨ੍ਹਾਂ ਬਾਰੇ ਤੇਰੇ ਇਰਾਦੇ ਠੀਕ ਨਹੀਂ ਹੁੰਦੇ।''

''ਸਿਰਫ ਮੇਰੇ ਇਰਾਦੇ ਨਹੀਂ ਮੈਡਮ ਸਗੋਂ ਦੋਵਾਂ ਦੇ ਹੀ ਇਰਾਦੇ।''

''ਬਿਲਕੁਲ ਠੀਕ। ਇਹ ਤਾਂ ਉਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਕੋਈ ਮੱਖੀ ਆਪਣੇ ਆਪ ਹੀ ਆ ਕੇ ਮੱਕੜੀ ਦੇ ਜਾਲੇ ਵਿਚ ਫਸ ਜਾਵੇ।''

ਅਸਾਂ ਬੀਅਰ ਖਤਮ ਕੀਤੀ। ''ਤੂੰ ਕੁਝ ਖਾਣਾ ਚਾਹੇਂਗੀ? ਰਸੋਈਏ ਨੇ ਕੁਝ ਮੱਛੀ ਅਤੇ ਠੰਡਾ ਸਲਾਦ ਫਰਿਜ 'ਚ ਰੱਖਿਆ ਹੈ।''

''ਕੀ ਇੰਝ ਨਹੀਂ ਲਗਦਾ ਕਿ ਤੂੰ ਤਰਜੀਹਾਂ ਵਿਚ ਗੜਬੜ ਕਰ ਰਿਹਾ ਹੈਂ? ਖਾਣਾ ਫਿਰ ਵੀ ਖਾ ਸਕਦੇ ਹਾਂ।''

ਉਹ ਖੜ੍ਹੀ ਹੋ ਗਈ। ਮੈਂ ਉਸ ਦਾ ਹੱਥ ਫੜਿਆ ਅਤੇ ਉਸ ਨੂੰ ਬੈੱਡਰੂਮ ਵਿਚ ਲੈ ਗਿਆ। ''ਮੈਂ ਪਸੀਨੇ ਨਾਲ ਭਿੱਜੀ ਪਈ ਹਾਂ। ਮੈਂ ਇਹ ਗੰਦੇ ਕੱਪੜੇ ਲਾਹ ਕੇ ਨਹਾਉਣਾ ਚਾਹਾਂਗੀ।''

''ਮਾੜੀ ਗੱਲ ਨਹੀਂ। ਮੈਂ ਵੀ ਆਉਂਦਾ ਹਾਂ।''

ਅਸਾਂ ਕੱਪੜੇ ਲਾਹੇ ਅਤੇ ਬਾਥਰੂਮ ਵਿਚ ਚਲੇ ਗਏ। ਮੈਂ ਫੁਹਾਰਾ ਚਲਾਇਆ, ਖ਼ੁਸ਼ਬੂਦਾਰ ਸਾਬਣ ਲਿਆ ਅਤੇ ਉਸ ਦੇ ਸਰੀਰ 'ਤੇ ਮਲਿਆ-ਚਿਹਰੇ, ਧੌਣ, ਛਾਤੀਆਂ, ਪੇਟ, ਪੱਟਾਂ ਦੇ ਵਿਚਕਾਰ ਅਤੇ ਉਸ ਦੇ ਨਿੱਕੇ ਨਿੱਕੇ ਚਿੱਤੜਾਂ ਅਤੇ ਗਿੱਟਿਆਂ 'ਤੇ। ਉਹਨੇ ਪਾਣੀ ਦੇ ਵਿਚ ਹੀ ਮੇਰੇ ਅੰਗ ਨੂੰ ਆਪਣੇ ਹੱਥ ਵਿਚ ਫੜਦੇ ਹੋਏ ਕਿਹਾ, ''ਮੈਂ ਜਿੰਨੇ ਵੀ ਦੇਖੇ ਹਨ ਉਨ੍ਹਾਂ ਵਿਚੋਂ ਤੇਰਾ ਅੰਗ ਸਭ ਤੋਂ ਵੱਡਾ ਹੈ। ਹਰਦੁਆਰ ਵਿਚ ਮੈਂ ਧਿਆਨ ਨਹੀਂ ਸੀ

ਦਿੱਤਾ। ਲਿਆ ਮੈਂ ਤੈਨੂੰ ਸਾਬਣ ਮਲਾਂ।''

ਉਹ ਇੰਨੀ ਲੰਮੀ ਨਹੀਂ ਸੀ ਕਿ ਮੇਰੀ ਧੌਣ ਤੱਕ ਸਾਬਣ ਮਲ ਸਕਦੀ। ਇਸ ਲਈ ਉਹਨੇ ਮੇਰੇ ਸਰੀਰ ਦੇ ਵਿਚਕਾਰਲੇ ਹਿੱਸੇ ਤੱਕ ਹੀ ਸਾਬਣ ਮਲਿਆ। ਬੜਾ ਕਮਾਲ ਦਾ ਤਜਰਬਾ ਸੀ। ਅਸੀਂ ਇਕ ਦੂਜੇ ਨੂੰ ਸੁਕਾਇਆ, ਤੌਲੀਏ ਫਰਸ਼ 'ਤੇ ਸੁੱਟੇ ਅਤੇ ਬਿਸਤਰੇ ਵਿਚ ਜਾ ਕੇ ਲੰਮੇ ਪੈ ਗਏ।

ਉਹ ਕਹਿਣ ਲੱਗੀ, ''ਫਰਿਜ 'ਚੋਂ ਕੁਝ ਬਰਫ ਦੀਆਂ ਟੁਕੜੀਆਂ ਲੈ ਕੇ ਆ। ਮੈਂ ਤੈਨੂੰ ਸ੍ਰੀਲੰਕਾ ਦਾ ਇਕ ਨਮੂਨਾ ਦਿਖਾਂਵਗੀ।'' ਮੈਂ ਨਹੀਂ ਜਾਣਦਾ ਸੀ ਕਿ ਉਹ ਕੀ ਕਰਨਾ ਚਾਹੁੰਦੀ ਹੈ। ਫਿਰ ਵੀ ਮੈਂ ਉਹ ਨੂੰ ਬਰਫ ਦੀ ਟਰੇਅ ਲਿਆ ਦਿੱਤੀ। ਉਹਨੇ ਬਰਫ ਦੀਆਂ ਕੁਝ ਟੁਕੜੀਆਂ ਇਕ ਰੁਮਾਲ ਵਿਚ ਲਪੇਟੀਆਂ ਅਤੇ ਮੈਨੂੰ ਕਿਹਾ ਕਿ ਮੈਂ ਉਹ ਦੀਆਂ ਛਾਤੀਆਂ 'ਤੇ ਮਲਾਂ। ਜਦੋਂ ਮੈਂ ਇਸ ਤਰ੍ਹਾਂ ਕੀਤਾ ਤਾਂ ਉਸਦੀਆਂ ਛਾਤੀਆਂ ਸਖਤ ਹੋਣ ਲੱਗੀਆਂ ਅਤੇ ਉਹਦੇ ਨਿੱਪਲ ਪੂਰੀ ਤਰ੍ਹਾਂ ਆਕੜ ਗਏ।

ਉਹ ਕਹਿਣ ਲੱਗੀ, ''ਮੈਨੂੰ ਪਤਾ ਹੈ ਕਿ ਮਰਦਾਂ ਨੂੰ ਸਖਤ ਛਾਤੀਆਂ ਹੀ ਪਸੰਦ ਹਨ। ਹੁਣ ਆਪਣੇ ਮੂੰਹ ਨਾਲ ਇਨ੍ਹਾਂ ਨੂੰ ਨਿੱਘੀਆਂ ਕਰ।'' ਮੈਂ ਇਸ ਤਰ੍ਹਾਂ ਹੀ ਕੀਤਾ। ਉਨ੍ਹਾਂ ਨੂੰ ਉਨੀ ਦੇਰ ਤੱਕ ਚੁੰਘਦਾ ਅਤੇ ਕੱਟਦਾ ਰਿਹਾ ਜਿੰਨੀ ਦੇਰ ਤੱਕ ਉਹਨੇ ਆਖਰਕਾਰ ਆਪਣੇ ਬੁੱਲ੍ਹ ਮੇਰੇ ਬੁੱਲ੍ਹਾਂ ਵਿਚ ਨਹੀਂ ਸਨ ਫਸਾ ਦਿੱਤੇ। ਅਸੀਂ ਪਾਸਾ ਲੈ ਕੇ ਲੇਟੇ ਰਹੇ। ਉਹਨੇ ਇਕ ਲੱਤ ਮੇਰੀ ਲੱਤ 'ਤੇ ਰੱਖੀ ਅਤੇ ਇਸ ਤਰ੍ਹਾਂ ਹੀ ਸਹਿਵਾਸ ਸ਼ੁਰੂ ਕੀਤਾ। ਇਹ ਬੜੀ ਅਜੀਬ ਜਿਹੀ ਪੁਜ਼ੀਸ਼ਨ ਸੀ। ਫਿਰ ਉਹ ਪਿੱਠ ਭਾਰ ਲੰਮੀ ਪਈ, ਲੱਤਾਂ ਚੁੱਕੀਆਂ ਤੇ ਕਹਿਣ ਲੱਗੀ ''ਚੱਲ ਹੁਣ ਉੱਪਰ ਆ ਜਾ। ਇਸ ਵਾਰ ਕੋਈ ਚਿੰਤਾ ਨਾ ਕਰੀਂ।''

ਉਹ ਭਾਵੇਂ ਛੋਟੀ ਸੀ ਪਰ ਸੈਕਸ ਦੇ ਮਾਮਲੇ ਵਿਚ ਉਹਦੀ ਸਮਰੱਥਾ ਬਹੁਤ ਜ਼ਿਆਦਾ ਸੀ। ਉਹ ਮੇਰੀ ਤਾਲ ਨਾਲ ਤਾਲ ਮਿਲਾ ਕੇ ਚੱਲ ਰਹੀ ਸੀ। ਮੈਂ ਉਸ ਦੀਆਂ ਛਾਤੀਆਂ 'ਤੇ ਦੰਦੀ ਵੱਢੀ ਅਤੇ ਉਹਨੇ ਮੈਨੂੰ ਹੋਰ ਦੰਦੀ ਵੱਢਣ ਲਈ ਕਿਹਾ।

ਮੈਂ ਇਸ ਤਰ੍ਹਾਂ ਹੀ ਕੀਤਾ। ਅਸੀਂ ਇਕੋ ਸਮੇਂ ਹੀ ਖਲਾਸ ਹੋਏ। ਲੰਮੀ ਪਈ ਪਈ ਉਹ ਕਹਿਣ ਲੱਗੀ, ''ਜ਼ਿੰਦਗੀ ਵਿਚ ਇਸ ਤਰ੍ਹਾਂ ਦਾ ਸਵਾਦ ਮੈਨੂੰ ਕਦੇ ਨਹੀਂ ਆਇਆ ਅਤੇ ਤੈਨੂੰ?''

ਮੈਂ ਜਵਾਬ ਦਿੱਤਾ, ''ਇਹ ਬੜਾ ਕਮਾਲ ਸੀ।'' ਮੈਂ ਉਨ੍ਹਾਂ ਔਰਤ ਪ੍ਰਤੀ ਵਫ਼ਦਾਰੀ ਕਾਇਮ ਰੱਖਣਾ ਚਾਹੁੰਦਾ ਸਾਂ ਜਿਨ੍ਹਾਂ ਮੈਨੂੰ ਇੰਨਾ ਸੁਆਦ ਦਿੱਤਾ ਸੀ। ਇਨ੍ਹਾਂ ਵਿਚੋਂ ਸਭ ਤੋਂ ਵੱਧ ਮੌਲੀ ਗੋਮਜ਼ ਸੀ। ਮੈਂ ਫਿਰ ਦੁਹਰਾਇਆ, ''ਇਹ ਕਮਾਲ ਸੀ।'' ਖ਼ਬਰੇ ਉਹ ਸਮਝ ਗਈ ਸੀ ਕਿ ਇਹ ਸਭ ਤੋਂ ਵੱਧ ਕਮਾਲ ਨਹੀਂ ਸੀ।

ਅਸੀਂ ਆਪਣੀਆਂ ਮੁਲਕਾਤਾਂ ਦਾ ਇਕ ਪ੍ਰੋਗਰਾਮ ਮਿੱਥ ਲਿਆ। ਸਾਡਾ ਕੋਡ ਸੀ 'ਆਪ੍ਰੇਸ਼ਨ ਕੋਲੰਬੋ'। ਉਹ ਕਰੀਬ ਹਰ ਸ਼ਨੀਵਾਰ ਆ ਜਾਂਦੀ ਸੀ। ਉਸ ਦੀ ਉਸ ਦਿਨ ਛੁੱਟੀ ਹੁੰਦੀ ਸੀ ਤੇ ਮੇਰੀ ਅੱਧੇ ਦਿਨ ਦੀ ਛੁੱਟੀ। ਮੈਂ ਆਪਣੇ ਨੌਕਰਾਂ ਨੂੰ ਅੱਧੇ ਦਿਨ ਦੀ ਛੁੱਟੀ ਦੇ ਦਿੰਦਾ ਅਤੇ ਉਨ੍ਹਾਂ ਨੂੰ ਕਹਿੰਦਾ ਕਿ ਪੰਜ ਵਜੇ ਤੋਂ ਪਹਿਲਾਂ ਨਾ ਪਰਤਣ ਕਿਉਂਕਿ ਮੈਂ ਉਦੋਂ ਤੱਕ ਸੌਂ ਰਿਹਾ ਹੋਵਾਂਗਾ। ਹਫਤੇ ਦੇ ਅੱਧ ਵਿਚ ਉਹ ਮੈਨੂੰ ਟੈਲੀਫੋਨ ਕਰਦੀ ਤੇ ਪੁੱਛਦੀ, ''ਆਪ੍ਰੇਸ਼ਨ ਕੋਲੰਬੋ ਲਈ ਤਿਆਰੀ ਹੈ?'' ਅਤੇ ਮੈਂ ਜਵਾਬ ਦਿੰਦਾ, ''ਬਿਲਕੁਲ।'' ਜਦੋਂ ਤੱਕ ਮੈਂ ਘਰ ਪਹੁੰਚਦਾ ਨੌਕਰ ਉਦੋਂ ਤੱਕ ਜਾ ਚੁੱਕੇ ਹੁੰਦੇ। ਮੈਂ ਨਜ਼ਰ ਰੱਖਦਾ। ਇਕ ਟੈਕਸੀ ਅਗਲੇ ਘਰ ਦੇ ਅੱਗੇ ਆ ਕੇ ਰੁਕਦੀ। ਇਕ ਛੋਟੇ ਜਿਹੇ ਕੱਦ ਦੀ ਔਰਤ ਬਾਹਰ ਨਿਕਲਦੀ, ਆਪਣਾ ਸਿਰ ਢਕਦੀ ਅਤੇ ਪੈਦਲ ਰਣਜੀਤ ਵਿਲਾ ਆ ਜਾਂਦੀ। ਉਹ ਹੈਲੋ ਕਹਿ ਕੇ ਅੰਦਰ ਆਉਂਦੀ। ਸਾਡੀ ਹਫਤਾਵਾਰੀ ਮੁਲਕਾਤ ਦੌਰਾਨ ਜੇ ਤਰਤੀਬ ਵਿਚ ਕੁਝ ਫਰਕ ਆਉਂਦਾ ਸੀ ਤਾਂ ਸਿਰਫ ਇੰਨਾ ਕਿ ਠੰਡੀ ਬੀਅਰ ਅਤੇ ਠੰਡੇ ਨਾਸ਼ਤੇ ਤੋਂ ਪਹਿਲਾਂ ਬਿਸਤਰੇ ਵਿਚ ਜਾਇਆ ਜਾਵੇ ਜਾਂ ਫਿਰ ਬਿਸਤਰੇ ਵਿਚ ਜਾਣ ਤੋਂ ਪਹਿਲਾਂ ਠੰਡੀ ਬੀਅਰ ਤੇ ਠੰਡਾ ਨਾਸ਼ਤਾ ਕੀਤਾ ਜਾਵੇ। ਅਸੀਂ ਨੰਗਿਆਂ ਹੀ ਇਕੱਠੇ ਨਹਾਉਂਦੇ ਅਤੇ ਇਕ ਦੂਜੇ ਨੂੰ ਪੂੰਝਦੇ। ਫਿਰ ਮੈਂ ਉਹ ਨੂੰ ਆਪਣੀਆਂ ਬਾਹਾਂ ਵਿਚ ਚੁੱਕਦਾ-ਉਹ ਬਹੁਤ ਹੀ ਹਲਕੀ ਸੀ-ਅਤੇ ਉਸ ਨੂੰ ਬਿਸਤਰੇ 'ਤੇ ਲੰਮੀ ਪਾ ਕੇ ਉਸ ਦੇ ਨਾਲ ਹੀ ਲੰਮਾ ਪੈ ਜਾਂਦਾ। ਅਸੀਂ ਬਹੁਤ ਆਰਾਮ ਨਾਲ ਪਿਆਰ ਕਰਦੇ। ਕਰੀਬ ਘੰਟਾ ਭਰ ਅਸੀਂ ਮੌਜ ਮਸਤੀ ਕਰਦੇ ਰਹਿੰਦੇ ਅਤੇ ਫੇਰ ਉਹ ਅੰਤਿਮ ਚਰਨ 'ਤੇ ਪੁੱਜ ਜਾਂਦੀ। ਉਦੋਂ ਉਹ ਮੇਰੀ ਧੌਣ 'ਤੇ ਦੰਦੀ ਵੱਢਦੀ ਅਤੇ ਮੇਰੇ ਸਿਰ 'ਚ ਆਪਣੀਆਂ ਨਹੁੰਦਰਾਂ ਖੋਭ ਦਿੰਦੀ। ਹਫਤੇ ਭਰ ਦਾ ਸਾਰਾ ਮਵਾਦ ਮੈਂ ਖਾਲੀ ਕਰ ਦਿੰਦਾ। ਉਸ ਤੋਂ ਬਾਅਦ ਅਸੀਂ ਇਕ ਵਾਰ ਫਿਰ ਨਹਾਉਂਦੇ ਅਤੇ ਕੱਪੜੇ ਪਾ ਲੈਂਦੇ। ਜਿੰਨੀ ਦੇਰ ਤੱਕ ਮੈਂ ਚੁਰਟ ਪੀਂਦਾ ਰਹਿੰਦਾ ਉਹ ਮੇਰੇ ਕੋਲ ਬੈਠੀ ਰਹਿੰਦੀ। ਫਿਰ ਮੈਂ ਉਹ ਨੂੰ ਹਾਈ ਕਮਿਸ਼ਨ ਵੱਲੋਂ ਕਿਰਾਏ 'ਤੇ ਲਏ ਹੋਏ ਸ਼ਾਂਤੀ ਨਿਕੇਤਨ ਨਾਂ ਦੇ ਮਕਾਨ ਦੇ ਦਰਵਾਜ਼ੇ ਕੋਲ ਫੁੱਲਾਂ ਦੀ ਦੁਕਾਨ 'ਤੇ ਛੱਡ ਆਉਂਦਾ। ਉਹ ਕਾਰ 'ਚੋਂ ਬਾਹਰ ਨਿਕਲਦੀ, ਆਪਣਾ ਸਿਰ ਢਕਦੀ ਅਤੇ ਨਜ਼ਰ ਤੋਂ ਦੂਰ ਚਲੇ ਜਾਂਦੀ। ਉਸ ਨੇ ਕਦੇ ਵੀ ਮੈਨੂੰ ਆਪਣੇ ਕਮਰੇ ਵਿਚ ਨਹੀਂ ਸੀ ਸੱਦਿਆ।

ਕਦੇ ਕਦੇ ਅਸੀਂ ਡਿਪਲੋਮੈਟਿਕ ਪਾਰਟੀਆਂ ਵਿਚ ਇਕ ਦੂਜੇ ਦੇ ਆਹਮੋ ਸਾਹਮਣੇ ਹੋ ਜਾਂਦੇ। ਜਦੋਂ ਸਾਡਾ ਤੁਆਰਫ ਕਰਵਾਇਆ ਜਾਂਦਾ ਤਾਂ ਉਹ ਬਿਲਕੁਲ ਨਾ ਪਛਾਣਦੀ। ਉਹ ਅਜਿਹੇ ਮੌਕੇ 'ਤੇ ਮੈਨੂੰ ਨਮਸਤੇ ਕਰਦੀ ਅਤੇ ਸਦਾ ਇਹੀ ਕਹਿੰਦੀ, ''ਤੁਹਾਨੂੰ ਮਿਲ ਕੇ ਖ਼ੁਸ਼ੀ ਹੋਈ ਮਿਸਟਰ ਕੁਮਾਰ।'' ਜੇ ਅਸੀਂ ਇਕ ਦੂਜੇ ਨਾਲ ਹੱਥ ਮਿਲਾਉਂਦੇ ਤਾਂ ਉਹ ਹਲਕਾ ਜਿਹਾ ਹੱਥ ਘੁੱਟਦੀ ਜਿਸ ਦਾ ਹੋਰ ਕਿਸੇ ਨੂੰ ਪਤਾ ਨਹੀਂ ਸੀ ਲੱਗਦਾ। ਇਸ ਦੇ ਹੱਥ ਘੁੱਟਣ ਤੋਂ ਹੀ ਪਤਾ ਲੱਗਦਾ ਸੀ ਕਿ ਇਕ ਦੂਜੇ ਨੂੰ ਕਿੰਨੀ ਚੰਗੀ ਤਰ੍ਹਾਂ ਜਾਣਦੇ ਹਾਂ।

ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਸਾਡੀ ਦੋ ਸਾਲ ਤੱਕ ਨੇੜਤਾ ਰਹੀ ਪਰ ਇਸ ਬਾਰੇ ਕੋਈ ਚੁੰਝ ਚਰਚਾ ਨਾ ਹੋਈ। ਇਸ ਸਾਰੀ ਗੱਲ ਦਾ ਮਾਣ ਮੁਕੰਮਲ ਤੌਰ 'ਤੇ ਸੂ ਨੂੰ ਜਾਂਦਾ ਸੀ। ਮੇਰੇ ਦੋਸਤਾਂ ਵਿਚੋਂ ਬਹੁਤੇ ਇਹ ਸਮਝਣ ਲੱਗ ਗਏ ਸਨ ਕਿ ਆਖਰਕਾਰ ਮੈਂ ਸੁਧਰ ਗਿਆ ਹਾਂ। ਬੜਾ ਸਾਧਾਰਣ ਜਿਹਾ ਫਾਰਮੂਲਾ ਸੀ : ਜੇ ਤੁਸੀਂ ਔਰਤਬਾਜ਼ੀ ਕਰਦੇ ਹੋ ਅਤੇ ਇਸ ਦਾ ਪਤਾ ਲੱਗ ਜਾਂਦਾ ਹੈ ਤਾਂ ਤੁਸੀਂ ਲੁੱਚੇ, ਗੁੰਡੇ ਅਤੇ ਸਮਾਜ ਨੂੰ ਨਾ ਪ੍ਰਵਾਨ ਵਿਅਕਤੀ ਹੋ। ਜੇ ਤੁਹਾਡੇ ਬਾਰੇ ਪਤਾ ਨਹੀਂ ਲੱਗਦਾ ਤਾਂ ਤੁਸੀਂ ਇਕ ਸਤਿਕਾਰਯੋਗ ਸ਼ਹਿਰੀ ਹੋ। ਜਿਹੜੇ ਦੋ ਸਾਲਾਂ ਦੌਰਾਨ ਮੈਂ ਸੂ ਨਾਲ ਮਿਲਦਾ ਰਿਹਾ ਉਨ੍ਹਾਂ ਦੌਰਾਨ ਮੇਰਾ ਅਕਸ ਬਿਲਕੁਲ ਬਦਲ ਗਿਆ ਸੀ। ਪਹਿਲਾਂ ਮੈਂ ਪੈਸੇ ਦੇ ਕੇ ਔਰਤਾਂ ਨੂੰ ਖਰੀਦਣ ਵਾਲਾ ਦਰਿੰਦਾ ਸਾਂ ਪਰ ਹੁਣ ਮੈਂ ਇਕ ਨਿਪੁੰਸਕ ਤੇ ਸਤਿਕਾਰਯੋਗ ਵਿਅਕਤੀ ਬਣ ਗਿਆ ਸਾਂ।

ਇਹ ਵੀ ਬੜੀ ਹੈਰਾਨੀ ਵਾਲੀ ਗੱਲ ਸੀ ਕਿ ਭਾਵੇਂ ਸੂ ਅਤੇ ਮੈਂ ਇਕ ਦੂਜੇ ਦੇ ਸਾਥ ਦਾ ਆਨੰਦ ਮਾਣਦੇ ਸਾਂ ਫਿਰ ਵੀ ਆਪਣੀ ਗੱਲਬਾਤ ਵਿਚ ਅਸਾਂ ਕਦੇ ਵੀ ਪਿਆਰ ਸ਼ਬਦ ਦੀ ਵਰਤੋਂ ਨਹੀਂ ਸੀ ਕੀਤੀ। ਸਾਡੇ ਸਰੀਰ ਇਕ ਦੂਜੇ ਨਾਲ ਮਿਲਣ ਦੇ ਚਾਹਵਾਨ ਸਨ ਅਤੇ ਇਹ ਇਕ ਜੱਗੋਂ ਬਾਹਰਾ ਮਿਲਣ ਹੁੰਦਾ ਸੀ। ਸਾਡੇ ਸਰੀਰ ਹੀ ਇਕ ਦੂਜੇ ਨਾਲ ਗੱਲਾਂ ਕਰਦੇ ਸਨ ਅਤੇ ਉਹੀ ਇਕ ਦੂਜੇ ਨੂੰ ਦੱਸਦੇ ਸਨ ਕਿ ਉਹ ਕਿੰਨੇ ਪਿਆਰੇ ਹਨ। ਖ਼ਬਰੇ ਸਾਡੇ ਮਨਾਂ ਵਿਚ ਇਹ ਗੱਲ ਬੈਠੀ ਹੋਈ ਸੀ ਕਿ ਸਾਡੇ ਸਬੰਧ ਸਰੀਰ ਦੇ ਹੀ ਹਨ ਅਤੇ ਇਨ੍ਹਾਂ ਦਾ ਛੇਤੀ ਹੀ ਅੰਤ ਹੋ ਜਾਣਾ ਹੈ।

ਇਹ ਅੰਤ ਆਸ ਤੋਂ ਕਿਤੇ ਪਹਿਲਾਂ ਆ ਗਿਆ। ਦਿੱਲੀ ਵਿਚ ਸੂ ਦੀ ਨੌਕਰੀ ਦੇ ਤਿੰਨ ਸਾਲ ਮੁਕੰਮਲ ਹੋਣ ਵਾਲੇ ਸਨ। ਉਹਨੂੰ ਲੱਗਦਾ ਸੀ ਕਿ ਕੋਲੰਬੋ ਵਿਚ ਉਹਦੇ ਮੰਤਰਾਲੇ ਨੂੰ ਉਹਦਾ ਚੇਤਾ ਭੁੱਲ ਗਿਆ ਹੈ ਪਰ ਨਹੀਂ ਸੀ ਭੁੱਲਿਆ। ਉਹਨੂੰ ਨਿਊਯਾਰਕ ਵਿਚ ਸ੍ਰੀਲੰਕਾ ਦੇ ਕੌਂਸਲੇਟ ਵਿਚ ਬਦਲ ਦਿੱਤਾ ਗਿਆ। ਉਹਨੂੰ ਦਿੱਲੀ ਵਿਚ ਇਕ ਮਹੀਨਾ ਹੋਰ ਰਹਿਣ ਦੀ ਆਗਿਆ ਸੀ ਜਿਸ ਤੋਂ ਬਾਅਦ ਉਹ ਨੇ ਕੋਲੰਬੋ ਵਾਪਸ ਜਾਣਾ ਸੀ। ਉੱਥੇ ਇਕ ਮਹੀਨਾ ਤਿਆਰੀ ਕਰਨ ਤੋਂ ਬਾਅਦ ਫਿਰ ਉਹਨੇ ਆਪਣੀ ਨਵੀਂ ਥਾਂ ਲਈ ਰਵਾਨਾ ਹੋਣਾ ਸੀ। ਉਹਨੇ ਮੈਨੂੰ ਇਹ ਗੱਲ ਇੰਨੇ ਸਾਧਾਰਨ ਲਹਿਜ਼ੇ 'ਚ ਕਹੀ ਜਿਵੇਂ ਕਹਿ ਰਹੀ ਹੋਵੇ, ''ਅਗਲੇ ਸ਼ਨੀਵਾਰ ਮੈਂ ਆ ਨਹੀਂ ਸਕਾਂਗੀ।''

ਮੈਂ ਨਿਰਾਸ਼ਾ ਭਰੇ ਢੰਗ ਨਾਲ ਪੁੱਛਿਆ, ''ਅਸੀਂ ਕੀ ਕਰਾਂਗੇ?''

ਉਹਨੇ ਬੜੇ ਸਾਂਤ ਢੰਗ ਨਾਲ ਜਵਾਬ ਦਿੱਤਾ, ''ਅਸੀਂ ਜਿੰਨੀ ਦੇਰ ਹੋ ਸਕੇ ਪਿਆਰ ਕਰਦੇ ਰਹਾਂਗੇ। ਤੇਰੇ ਨਾਲ ਰਹਿਣ ਦਾ ਸਮਾਂ ਬੜਾ ਚੰਗਾ ਸੀ। ਸਾਨੂੰ ਪਤਾ ਸੀ ਕਿ ਇਹ ਸਦਾ ਨਹੀਂ ਰਹਿਣਾ। ਸਾਨੂੰ ਕਿਸੇ ਗੱਲ ਦਾ ਅਫਸੋਸ ਨਹੀਂ ਰਹਿਣਾ ਚਾਹੀਦਾ।''

ਸਾਡੇ ਕੋਲ ਜਿਹੜੇ ਤਿੰਨ ਸ਼ਨੀਵਾਰ ਬਚਦੇ ਸਨ ਉਨ੍ਹਾਂ ਦੌਰਾਨ ਅਸੀਂ ਰੱਜ ਕੇ ਪਿਆਰ ਕੀਤਾ। ਸਾਡੇ ਪਿਆਰ ਵਿਚ ਪਹਿਲਾਂ ਨਾਲੋਂ ਵੱਧ ਸ਼ਿੱਦਤ ਸੀ। ਆਖਰੀ ਵਾਰੀ ਤਾਂ

ਅਸੀਂ ਪਿਆਰ ਦੇ ਅਮਰ ਨੂੰ ਜਾਣ ਬੁਝ ਕੇ ਲਮਕਾਇਆ ਤਾਂ ਕਿ ਇਹ ਸਦੀਵੀ ਬਣ ਜਾਵੇ। ਜਦੋਂ ਉਹ ਜਾਣ ਲੱਗੀ ਤਾਂ ਮੈਂ ਉਸ ਨੂੰ ਮੋਤੀਆਂ ਦਾ ਇਕ ਹਾਰ ਅਤੇ ਸੋਨੇ ਦੀ ਇਕ ਮੁੰਦੀ ਦਿੱਤੀ ਜਿਸ 'ਤੇ ਗੰਭੇ ਦੰਤ ਦਾ ਮੋਤੀ ਲੱਗਿਆ ਹੋਇਆ ਸੀ। ਉਸ ਨੇ ਮੈਨੂੰ ਕਿਹਾ ਕਿ ਮੈਂ ਹਾਰ ਉਸਦੇ ਗਲ਼ ਵਿਚ ਪਾਵਾਂ। ਇਸੇ ਤਰ੍ਹਾਂ ਹੀ ਉਹਨੇ ਮੁੰਦੀ ਵੀ ਆਪਣੀ ਉਂਗਲ ਵਿਚ ਮੈਂਥੋਂ ਹੀ ਪੁਆਈ। ਉਹਦੀਆਂ ਅੱਖਾਂ ਵਿਚ ਹੰਝੂ ਆ ਗਏ। ਮੈਂ ਇਹ ਹੰਝੂ ਚੁੰਮ ਕੇ ਸਾਫ਼ ਕਰ ਦਿੱਤੇ।

ਮੈਂ ਫੋਨਟੀ ਕੀਤੀ, "ਤੂੰ ਮੈਨੂੰ ਨਾਲ ਸੰਪਰਕ ਰੱਖੇਂਗੀ ਨਾ?"

"ਕਿਲਤੁਲ ਦੰਦਰਾਂ। ਮੈਂ ਤੈਨੂੰ ਸਨੇ ਸਨੇ ਖ਼ਤ ਲਿਖਦੀ ਵੀ ਰਹਾਂਗੀ ਅਤੇ ਖ਼ਬਰੇ ਤੈਨੂੰ ਨਿਊਯਾਰਕ ਤੋਂ ਟੈਲੀਫੋਨ ਵੀ ਕਰਾਂ ਅਤੇ ਦੱਸਾਂ ਕਿ ਮੇਰਾ ਕੀ ਹਾਲ ਹੈ। ਤੂੰ ਵੀ ਮੈਨੂੰ ਲਿਖਦਾ ਰਹੀਂ।"

ਸਾਡੀ ਆਖ਼ਰੀ ਮੁਲਾਕਾਤ ਤੋਂ ਕਾਫ਼ੀ ਦਿਨਾਂ ਮੈਂ ਉਹਨੂੰ ਸ਼ਾਂਤੀ ਨਿਕੇਤਨ ਛੱਡਣ ਗਿਆ ਤਾਂ ਉਹਦੇ ਆਖ਼ਰੀ ਲਫ਼ਜ਼ ਸਨ : "ਅੰਮ੍ਰਿਤ ਤੇਲਤੇ ਮੁਕੰਮਲ ਕਾਮਯਾਬ।"

ਹੰਝੂ ਉਹਨੂੰ ਪੂਰ ਰਹੇ।

---

ਤੂ ਪਾਸ ਪਹੁੰਚ ਕੇ ਪਹਿਲਾ ਫੋਨ ਮੈਨੂੰ ਫੋਨ ਕੀਤਾ। ਫਿਰ ਉਹਨੇ ਨਿਊਯਾਰਕ ਲਗਭਗ ਹਰ ਰੋਜ਼ ਫੋਨ ਕੀਤਾ ਅਤੇ ਫਿਰ ਨਿਊਯਾਰਕ ਤੋਂ ਉਸ ਫੋਨ ਕਰਨਾ ਘੱਟ ਕਰ ਦਿੱਤਾ ਅਤੇ ਚਿੱਠੀਆਂ ਵੱਧ ਕੇ ਲਿਖਣ ਲੱਗੀ। ਮੈਂ ਉਸ ਨੂੰ ਫੋਨ ਨਹੀਂ ਕੀਤਾ। ਅਸਲ ਵਿਚ ਮੈਨੂੰ ਫੋਨ ਕਰਨੇ ਵੀ ਨਹੀਂ ਕੀਤੀਆਂ ਜਾਂਦੀਆਂ ਸਨ। ਅਸੀਂ ਦੂਰ ਰਹਿਣ ਦਿਲ ਦੁਖੇ ਨੂੰ ਅਤੇ ਲਿਖਦੇ ਰਹੇ। ਚਿੱਠੀਆਂ ਖ਼ਤਾਂ ਵਿਚ ਅਸੀਂ ਪਿਆਰ ਅਤੇ ਹੋਰ ਬਹੁਤ ਕੁਝ ਲਿਖਦੇ ਰਹੇ ਜਿਨ੍ਹਾਂ ਦੀ ਅਸੀਂ ਪਿਆਰ ਕਰਦੇ ਸਮੇਂ ਵਰਤੋਂ ਨਹੀਂ ਸੀ ਕੀਤੀ। ਕੁਝ ਮਹੀਨਿਆਂ ਤੱਕ ਇਹ ਸਿਲਸਿਲਾ ਚੱਲਦਾ ਰਿਹਾ। ਇਸ ਸਮੇਂ ਦੌਰਾਨ ਮੈਂ ਆਪਣੇ ਆਪ ਨੂੰ ਉਸ ਦੇ ਨੇੜੇ ਮਹਿਸੂਸ ਕੀਤਾ। ਉਸ ਨਾਲੋਂ ਵੀ ਵੱਧ ਨੇੜੇ ਜਦੋਂ ਉਹ ਮੈਥੋਂ ਕੁਝ ਕਿਲੋਮੀਟਰ ਦੂਰ ਰਹਿੰਦੀ ਸੀ ਅਤੇ ਹਫਤੇ 'ਚ ਇਕ ਵਾਰ ਮੈਨੂੰ ਮਿਲਣ ਆਉਂਦੀ ਸੀ। ਫਿਰ ਉਹਦਾ ਟੈਲੀਫੋਨ ਅਤੇ ਉਸਦੇ ਖ਼ਤ ਹੌਲ਼ੀ-ਹੌਲ਼ੀ ਘਟਦੇ ਅਤੇ ਛੋਟੇ ਹੁੰਦੇ ਗਏ। ਉਸ ਕੋਲ ਹਰ ਵੇਲੇ ਕੋਈ ਨਾ ਕੋਈ ਬਹਾਨਾ ਹੁੰਦਾ ਸੀ। ਕਦੇ ਉਸ ਨੇ ਕਿਸੇ ਕੰਮ ਲਈ ਵਾਸ਼ਿੰਗਟਨ ਜਾਣਾ ਹੁੰਦਾ ਸੀ ਜਾਂ ਉਸ ਕੋਲ ਕੰਮ ਬਹੁਤ ਜ਼ਿਆਦਾ ਹੁੰਦਾ ਸੀ। ਛੇ ਮਹੀਨੇ ਬਾਅਦ ਉਹਨੇ ਮੈਨੂੰ ਦੱਸਿਆ ਕਿ ਉਸ ਦੀ ਵਾਸ਼ਿੰਗਟਨ ਵਿਚ ਕੰਮ ਕਰਦੇ ਸ੍ਰੀਲੰਕਾ ਦੇ ਹੀ ਇਕ ਰਾਜਦੂਤਕ ਸਹਿਯੋਗੀ ਨਾਲ ਮੰਗਣੀ ਹੋ ਗਈ ਹੈ ਅਤੇ ਉਹ ਹੁਣ ਮੈਨੂੰ ਨਾ ਤਾਂ ਖ਼ਤ

ਲਿਖੇਗੀ ਅਤੇ ਨਾ ਹੀ ਟੈਲੀਫੋਨ ਕਰੇਗੀ। ਉਸ ਨੇ ਮੇਰੇ ਨਾਲ ਵਾਅਦਾ ਕੀਤਾ ਕਿ ਉਸ ਦੇ ਦਿਲ ਵਿਚ ਮੇਰੇ ਲਈ ਵੱਖਰੀ ਥਾਂ ਬਣੀ ਰਹੇਗੀ ਅਤੇ ਉਹ ਮੈਨੂੰ ਪਹਿਲਾਂ ਵਾਂਗ ਹੀ ਪਿਆਰ ਕਰਦੀ ਰਹੇਗੀ।

ਜੇ ਮੈਂ ਇਹ ਕਹਾਂ ਕਿ ਇਸ ਗੱਲ ਨਾਲ ਮੇਰਾ ਬਹੁਤ ਬੁਰਾ ਹਾਲ ਹੋਇਆ ਤਾਂ ਇਹ ਇਮਾਨਦਾਰੀ ਵਾਲੀ ਗੱਲ ਨਹੀਂ ਹੋਵੇਗੀ ਪਰ ਮੈਂ ਉਦਾਸ ਜ਼ਰੂਰ ਹੋ ਗਿਆ ਸਾਂ। ਆਖਰਕਾਰ ਮੈਂ ਇਸ ਨਾਲ ਸਮਝੌਤਾ ਕਰ ਲਿਆ। ਕਿਸੇ ਔਰਤ ਤੋਂ ਵਿਛੜ ਜਾਣ ਨੂੰ ਜੀਵਨ ਦਾ ਅੰਤ ਤਾਂ ਨਹੀਂ ਕਿਹਾ ਜਾ ਸਕਦਾ। ਜਦੋਂ ਤੱਕ ਜ਼ਿੰਦਗੀ ਹੈ ਉਦੋਂ ਤੱਕ ਆਸ ਹੈ। ਮੈਂ ਅਜੇ ਤੱਕ ਪੰਜਾਹ ਸਾਲਾਂ ਦਾ ਨਹੀਂ ਸੀ ਹੋਇਆ ਅਤੇ ਜ਼ਿੰਦਗੀ ਵਿਚ ਬਹੁਤ ਕੁਝ ਹੋਣ ਵਾਲਾ ਸੀ।

ਮੇਰੇ 'ਤੇ ਅਜੀਬ ਕਿਸਮ ਦੀ ਸੁਸਤੀ ਛਾ ਗਈ। ਮੇਰਾ ਕੁਝ ਵੀ ਕਰਨ ਨੂੰ ਜੀਅ ਨਹੀਂ ਸੀ ਕਰਦਾ। ਕਾਰੋਬਾਰ ਵਿਚ ਮੇਰੀ ਦਿਲਚਸਪੀ ਜਾਂਦੀ ਰਹੀ। ਫਿਰ ਵੀ ਮੈਂ ਵਕਤ ਨੂੰ ਧੱਕਾ ਦਿੰਦਾ ਰਿਹਾ। ਹੁਣ ਮੇਰਾ ਹਰਦੁਆਰ ਜਾਣ ਨੂੰ ਵੀ ਜੀਅ ਨਹੀਂ ਸੀ ਕਰਦਾ। ਦੋ ਵਿਅਕਤੀਆਂ ਨੂੰ ਮੈਂ ਮਾਨਸਿਕ ਤੌਰ 'ਤੇ ਆਪਣੇ ਨੇੜੇ ਸਮਝਦਾ ਸਾਂ। ਇਹ ਮੇਰੇ ਪਿਤਾ ਅਤੇ ਸੂ ਸਨ। ਦੋਵੇਂ ਹੀ ਮੇਰੀ ਜ਼ਿੰਦਗੀ ਵਿਚੋਂ ਖਾਰਜ ਹੋ ਗਏ ਸਨ। ਮੈਂ ਆਸ਼ਰਮ ਦੇ ਸੈਕਟਰੀ ਨੂੰ ਲਿਖਿਆ ਕਿ ਮੈਨੂੰ ਹੁਣ ਕਮਰੇ ਦੀ ਲੋੜ ਨਹੀਂ ਰਹਿਣੀ। ਇਸ ਲਈ ਇਹ ਕਿਸੇ ਹੋਰ ਨੂੰ ਦੇ ਦਿੱਤਾ ਜਾਵੇ। ਮੈਂ ਉਸ ਨੂੰ ਕਮਰੇ ਦੀਆਂ ਚਾਬੀਆਂ ਵੀ ਭੇਜ ਦਿੱਤੀਆਂ।

ਇਨ੍ਹਾਂ ਦਿਨਾਂ ਦੌਰਾਨ ਹੀ ਮੈਂ ਆਪਣੇ ਬੱਚਿਆਂ ਨਾਲ ਵੱਧ ਤੋਂ ਵੱਧ ਮੁਲਾਕਾਤ ਕਰਨ ਦਾ ਚਾਹਵਾਨ ਸਾਂ। ਪਰ ਉਹ ਮੈਨੂੰ ਮਿਲਣ ਲਈ ਤਿਆਰ ਨਹੀਂ ਸਨ। ਸੋਨੂੰ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਮੇਰੇ ਖਿਲਾਫ ਕਰ ਦਿੱਤਾ ਸੀ। ਮੈਂ ਇਕ ਬੁਰਾ ਆਦਮੀ ਸਾਂ ਜਿਸ ਨੇ ਉਨ੍ਹਾਂ ਦੀ ਮਾਂ ਨਾਲ ਬਹੁਤ ਬੁਰਾ ਵਿਹਾਰ ਕੀਤਾ ਸੀ। ਭਾਵੇਂ ਉਨ੍ਹਾਂ ਨੂੰ ਜਦੋਂ ਵੀ ਮੈਂ ਚਾਹਾਂ ਮੇਰੇ ਕੋਲ ਆਉਣ ਦੀ ਇਜਾਜ਼ਤ ਸੀ ਪਰ ਮੈਨੂੰ ਇਹ ਪਰਤੱਖ ਦਿਖਾਈ ਦਿੰਦਾ ਸੀ ਕਿ ਬੱਚਿਆਂ ਨੂੰ ਮੇਰੇ ਕੋਲ ਆਉਣਾ ਚੰਗਾ ਨਹੀਂ ਸੀ ਲੱਗਦਾ ਅਤੇ ਉਹ ਵਾਪਸ ਜਾਣ ਲਈ ਸਦਾ ਕਾਹਲੇ ਰਹਿੰਦੇ ਸਨ। ਮੈਂ ਉਨ੍ਹਾਂ ਨੂੰ ਮਹਿੰਗੇ ਤੋਹਫੇ ਦਿੰਦਾ। ਉਹ ਬਿਨਾਂ ਉਤਸ਼ਾਹ ਦੇ ਇਹ ਤੋਹਫੇ ਲੈ ਲੈਂਦੇ। ਮੈਂ ਉਨ੍ਹਾਂ ਨੂੰ ਪੁੱਛਦਾ ਕਿ ਉਨ੍ਹਾਂ ਦੇ ਸਕੂਲ ਦੀ ਪੜ੍ਹਾਈ ਕਿਵੇਂ ਚੱਲਦੀ ਹੈ? ਉਹ ਆਮ ਤੌਰ 'ਤੇ ਰਸਮੀ ਜਿਹਾ ਜਵਾਬ ਦੇ ਦਿੰਦੇ। ਰਣਜੀਤ ਵਿਚ ਮੇਰੇ ਵਰਗੇ ਹਿਸਾਬ ਦੇ ਗੁਣ ਨਹੀਂ ਸਨ। ਅਤੇ ਉਹ ਹਿਸਾਬ-ਐਲਜਬਰਾ ਅਤੇ ਜਮੈਟਰੀ ਵਿਚੋਂ ਹਮੇਸ਼ਾ ਫੇਲ੍ਹ ਹੁੰਦਾ ਸੀ। ਮੋਹਣੀ ਮੇਰੇ ਨਾਲ ਰਤਾ ਕੁ ਵੱਧ ਪਿਆਰ ਕਰਦੀ ਸੀ। ਪਰ ਉਹਨੂੰ ਡਰ ਲੱਗਦਾ ਸੀ ਕਿ ਉਹਦਾ ਭਰਾ ਉਹਦੀ ਮਾਂ ਕੋਲ ਇਸ ਦੀ ਸ਼ਿਕਾਇਤ ਲਗਾ ਦੇਵੇਗਾ। ਇਕ ਵਾਰ ਮੈਂ ਰਣਜੀਤ ਨੂੰ ਪੁੱਛਿਆ ਕਿ ਤੂੰ ਵੱਡਾ ਹੋ ਕੇ ਕੀ ਬਣਨਾ ਚਾਹੇਂਗਾ। ਉਸ ਜਵਾਬ ਦਿੱਤਾ, ''ਮੈਨੂੰ ਨਹੀਂ ਪਤਾ। ਕੁਝ ਨਾ ਕੁਝ ਤਾਂ ਬਣਾਂਗਾ ਹੀ।'' ਮੈਂ ਉਹਨੂੰ ਦੱਸਿਆ ਕਿ ਮੇਰਾ ਕਾਰੋਬਾਰ ਚੱਲਦਾ ਹੈ ਜਿਸ ਨੂੰ ਉਹ ਸੰਭਾਲ ਸਕਦਾ ਹੈ। ਉਹਦਾ ਜਵਾਬ ਸੀ, ''ਮੈਂ ਕਾਰੋਬਾਰ ਨਹੀਂ ਕਰਾਂਗਾ। ਮੈਂ ਆਪਣਾ

ਵੱਖਰਾ ਕੰਮ ਸ਼ੁਰੂ ਕਰਾਂਗਾ।'' ਜਦੋਂ ਮੈਂ ਉਹਨੂੰ ਦੱਸਿਆ ਕਿ ਇਹ ਮਕਾਨ ਉਸ ਦੇ ਨਾਂ 'ਤੇ ਹੈ ਅਤੇ ਮੈਥੋਂ ਬਾਅਦ ਇਹ ਉਸ ਦਾ ਹੀ ਬਣਨਾ ਹੈ ਤਾਂ ਉਹ ਬਿਨਾਂ ਦਿਲਚਸਪੀ ਦੇ ਇੱਧਰ ਉੱਧਰ ਝਾਕਦਾ ਰਿਹਾ। ਮੋਹਣੀ ਪੁੱਛਣ ਲੱਗੀ, ''ਡੈਡੀ ਤੁਸੀਂ ਮੈਨੂੰ ਕੀ ਦੇਵੋਗੇ?'' ਮੈਂ ਜਵਾਬ ਦਿੱਤਾ, ''ਤੇਰੇ ਭਰਾ ਜਿੰਨਾ ਬਰਾਬਰ ਦਾ ਹਿੱਸਾ। ਪੈਸੇ ਪੈਸੇ ਦਾ ਹਿਸਾਬ ਹੋਏਗਾ। ਮੇਰੀ ਕੰਪਨੀ ਦੇ ਸ਼ੇਅਰ, ਨਕਦੀ ਅਤੇ ਗਹਿਣੇ ਤੇਰੀ ਸ਼ਾਦੀ ਦੇ ਸਮੇਤ ਦਿਆਂਗਾ। ਜੇ ਤੈਨੂੰ ਮਕਾਨ ਚਾਹੀਦਾ ਹੈ ਤਾਂ ਤੇਰੇ ਵੀਹ ਸਾਲ ਦੀ ਹੋਣ ਤੋਂ ਪਹਿਲਾਂ ਤੈਨੂੰ ਖਰੀਦ ਦੇਵਾਂਗਾ।'' ਉਹ ਸੰਤੁਸ਼ਟ ਹੋ ਗਈ ਅਤੇ ਕਹਿਣ ਲੱਗੀ, ''ਕੀ ਅਸੀਂ ਘਰ ਜਾਈਏ ਅਤੇ ਮੰਮੀ ਨੂੰ ਦੱਸੀਏ?'' ਮੈਨੂੰ ਪਤਾ ਸੀ ਕਿ ਉਹ ਮੈਥੋਂ ਦੂਰ ਜਾਣਾ ਚਾਹੁੰਦੇ ਹਨ। ਮੈਂ ਉਨ੍ਹਾਂ ਨੂੰ ਚਲੇ ਜਾਣ ਦਿੱਤਾ।

ਕਿਸੇ ਹੋਰ ਔਰਤ ਨੂੰ ਆਪਣੀ ਰਖੇਲ ਬਣਾ ਕੇ ਸੱਦਣ ਦਾ ਵਿਚਾਰ ਹੁਣ ਮੈਨੂੰ ਚੰਗਾ ਨਹੀਂ ਸੀ ਲੱਗਦਾ। ਮੈਂ ਉਨ੍ਹਾਂ ਛੇ ਜਾਂ ਸੱਤ ਹੋਰ ਔਰਤਾਂ ਦੀਆਂ ਤਸਵੀਰਾਂ ਅਤੇ ਖ਼ਤ ਪੜ੍ਹੇ ਜਿਨ੍ਹਾਂ ਮੇਰੇ ਇਸ਼ਤਿਹਾਰ ਦਾ ਜਵਾਬ ਦਿੱਤਾ ਸੀ ਅਤੇ ਉਨ੍ਹਾਂ ਨੂੰ ਪਾੜ ਦਿੱਤਾ।

ਮੈਂ ਹੁਣ ਬਾਕਾਇਦਗੀ ਨਾਲ ਸੂਰਜ ਨਮਸਕਾਰ ਨਹੀਂ ਸੀ ਕਰਦਾ ਅਤੇ ਮੇਰਾ ਢਿੱਡ ਵੀ ਵਧਣ ਲੱਗ ਪਿਆ ਸੀ। ਮੇਰੇ ਵਾਲ ਚਿੱਟੇ ਹੋਣ ਲੱਗ ਪਏ ਸਨ। ਮੈਂ ਅਕਸਰ ਗਾਇਤਰੀ ਮੰਤਰ ਪੜ੍ਹਣਾ ਵੀ ਭੁੱਲ ਜਾਂਦਾ ਸਾਂ। ਮੈਂ ਵਿਸ਼ਾਲ ਸਮੁੰਦਰ ਵਿਚ ਡਿੱਕੋ ਡੋਲੇ ਖਾਂਦੀ ਕਿਸ਼ਤੀ ਵਾਂਗ ਬਣ ਗਿਆ ਸਾਂ।

ਹਰ ਰੋਜ਼ ਸ਼ਾਮ ਨੂੰ ਮੇਰੇ ਅੰਦਰ ਪੈਦਾ ਹੋਣ ਵਾਲੇ ਖਾਲੀਪਣ ਅਤੇ ਬੇਚੈਨੀ ਦੇ ਭਾਵਨਾਵਾਂ ਦਾ ਟਾਕਰਾ ਕਰਨ ਲਈ ਮੈਂ ਆਪਣੀ ਜ਼ਿੰਦਗੀ ਦੀਆਂ ਘਟਨਾਵਾਂ ਰਿਕਾਰਡ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸੇ ਕੁਝ ਨੂੰ ਤੁਸਾਂ ਹੁਣੇ ਹੁਣੇ ਪੜ੍ਹਿਆ ਹੈ-ਪਰ ਇਹ ਔਨ ਉਸੇ ਤਰ੍ਹਾਂ ਨਹੀਂ ਹਨ ਜਿਵੇਂ ਮੈਂ ਲਿਖੀਆਂ ਸਨ, ਕਿਉਂਕਿ ਮੈਂ ਆਪਣੇ ਲੇਖਕ ਮਿੱਤਰ ਖੁਸ਼ਵੰਤ ਨੂੰ ਕਿਹਾ ਹੈ ਕਿ ਉਹ ਸ਼ਬਦਾਂ ਨੂੰ ਸੋਧ ਦੇਵੇ। ਮੈਂ ਖੁਦ ਲੇਖਕ ਨਹੀਂ ਹਾਂ। ਖੁਸ਼ਵੰਤ ਨੂੰ ਇਹ ਅਧਿਕਾਰ ਹੈ ਕਿ ਉਹ ਇਨ੍ਹਾਂ ਪੰਨਿਆਂ ਨਾਲ ਜੋ ਚਾਹੇ ਕਰੇ। ਜਿਨ੍ਹਾਂ ਔਰਤਾਂ ਨਾਲ ਮੈਂ ਪਿਆਰ ਕੀਤਾ ਉਨ੍ਹਾਂ ਦੀਆਂ ਯਾਦਾਂ ਮੈਂ ਆਪਣੇ ਹਿਸਾਬ ਨਾਲ ਲਿਖ ਦਿੱਤੀਆਂ ਹਨ। ਬਸ ਇੰਨਾ ਹੀ ਕਾਫੀ ਹੈ।

# [III]

# ਮੋਹਣ ਕੁਮਾਰ ਦੇ ਆਖਰੀ ਦਿਨ

# ਬੰਬਈ ਵਿਚ ਇਕ ਬਾਈ

ਆਪਣੀ ਬਾਲਗ ਜ਼ਿੰਦਗੀ ਦੌਰਾਨ ਮੋਹਨ ਕੁਮਾਰ ਨੂੰ ਜਿਹੜੀ ਸਭ ਤੋਂ ਵੱਡੀ ਮੁਸ਼ਕਲ ਆਈ, ਉਹ ਸੀ ਉਸ ਦੀ ਸੈਕਸ ਦੀ ਸ਼ਕਤੀ ਦਾ ਖਤਮ ਹੋਣਾ। ਇਹ ਘਟਨਾ ਸ਼ੁਸਾਂਥਿਕਾ ਨਾਲ ਉਸ ਦੇ ਸਬੰਧਾਂ ਦੇ ਖਾਤਮੇ ਤੋਂ ਇਕ ਸਾਲ ਬਾਦ ਵਾਪਰੀ। ਜਦੋਂ ਉਹ ਆਪਣੀ ਜ਼ਿੰਦਗੀ ਵਿਚ ਆਈਆਂ ਔਰਤਾਂ ਜਾਂ ਹੋਰ ਔਰਤਾਂ ਬਾਰੇ ਕਲਪਨਾ ਵੀ ਕਰਦਾ ਤਾਂ ਵੀ ਉਹਦੇ ਚੱਡਿਆਂ ਵਿਚ ਕੋਈ ਹਰਕਤ ਨਾ ਹੁੰਦੀ। ਉਹ ਕਈ ਤਰ੍ਹਾਂ ਦੇ ਸੁਪਨੇ ਲੈਂਦਾ ਅਤੇ ਸਰੀਰ ਵਿਚ ਹਰਕਤ ਪੈਦਾ ਕਰਨ ਲਈ 'ਪਲੇਅ ਬੁਆਏ 'ਅਤੇ 'ਡੈਬੋਨੇਅਰ' ਵਿਚ ਛਪੀਆਂ ਨੰਗੀਆਂ ਔਰਤਾਂ ਦੀਆਂ ਤਸਵੀਰਾਂ ਦੇਖਦਾ। ਇਨ੍ਹਾਂ ਨਾਲ ਕੋਈ ਫਰਕ ਨਾ ਪੈਂਦਾ। ਉਸ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗਦੀ। ਸੈਕਸ ਉਸ ਦੀ ਜ਼ਿੰਦਗੀ ਵਿਚ ਸਭ ਤੋਂ ਮਹੱਤਵਪੂਰਨ ਚੀਜ਼ ਸੀ। ਸੈਕਸ ਦੀ ਇੱਛਾ ਖਤਮ ਹੋਣ ਦੇ ਨਾਲ ਉਸ ਦੀ ਜ਼ਿੰਦਗੀ ਵਿਚ ਕੁਝ ਵੀ ਨਹੀਂ ਸੀ ਬਚਿਆ। ਪਰ ਕੁਝ ਦੇਰ ਬਾਅਦ ਇਹਦਾ ਥੋੜ੍ਹਾ ਜਿਹਾ ਲਾਭ ਵੀ ਹੋਣ ਲੱਗਿਆ। ਉਹ ਆਪਣੇ ਕਾਰੋਬਾਰ ਵੱਲ ਵੱਧ ਧਿਆਨ ਦੇਣ ਲੱਗਾ ਅਤੇ ਪਹਿਲਾਂ ਨਾਲੋਂ ਵੱਧ ਲੋਕਾਂ ਨਾਲ ਮੇਲ ਮਿਲਾਪ ਕਰਨ ਲੱਗਿਆ।

ਪਰ ਉਹਨੂੰ ਇਹ ਗੱਲ ਪ੍ਰਵਾਨ ਨਹੀਂ ਸੀ ਕਿ ਜਿਸ ਬੰਦੇ ਨੇ ਇੰਨੀ ਭਰਪੂਰਤਾ ਨਾਲ ਸੈਕਸ ਭੋਗਿਆ ਹੋਵੇ ਉਹ ਪੰਜਾਹ ਸਾਲ ਦੀ ਉਮਰ ਤੋਂ ਪਹਿਲਾਂ ਹੀ ਨਿਪੁੰਸਕ ਹੋ ਜਾਵੇ। ਉਹਨੇ ਕਈ ਤਰ੍ਹਾਂ ਦੇ ਟਾਨਿਕ ਖਾਧੇ-ਆਯੁਰਵੈਦਿਕ ਤੇ ਯੂਨਾਨੀ ਵੀ। ਕਈ ਤਰ੍ਹਾਂ ਦੀਆਂ ਸਿਹਤ ਕਲੱਬਾਂ ਵਿਚ ਉਸ ਨੇ ਕੇਰਲਾ ਆਯੁਰਵੈਦਿਕ, ਸਵੀਡਿਸ਼ ਅਤੇ ਸਾਧਾਰਨ ਪਹਿਲਵਾਨਾਂ ਵਾਲੀਆਂ ਮਾਲਿਸ਼ਾਂ ਵੀ ਕਰਵਾਈਆਂ। ਭਾਵੇਂ ਇਸ ਨਾਲ ਉਹ ਦੀ ਸਿਹਤ ਵਿਚ ਕੁਝ ਸੁਧਾਰ ਹੋਇਆ ਪਰ ਉਹਦੇ ਚੱਡਿਆਂ ਵਿਚ ਕੋਈ ਹਰਕਤ ਨਾ ਹੋਈ।

ਕਾਰੋਬਾਰ ਦੇ ਸਿਲਸਿਲੇ ਵਿਚ ਕੁਮਾਰ ਇਕ ਵਾਰ ਬੰਬਈ ਗਿਆ। ਉਹ ਗੇਟ ਵੇ ਆਫ ਇੰਡੀਆ ਦੇ ਲਾਗੇ 'ਤਾਜ ਮਹਲ' ਹੋਟਲ 'ਚ ਠਹਿਰਿਆ। ਜਿੱਥੇ ਉਹ ਅਕਸਰ ਠਹਿਰਿਆ ਕਰਦਾ ਸੀ। ਆਪਣੇ ਕਾਰੋਬਾਰ ਦਾ ਕੰਮ ਮੁਕਾਉਣ ਤੋਂ ਬਾਅਦ ਸ਼ਾਮ ਨੂੰ ਉਹ ਹੋਟਲ ਪਰਤਿਆ। ਲੌਬੀ ਵਿਚ ਬੈਠ ਕੇ ਉਹ ਆਉਂਦੇ ਜਾਂਦੇ ਲੋਕਾਂ ਨੂੰ ਦੇਖਣ ਲੱਗਿਆ। ਜਿਸਮ ਨਾਲ ਲਿਪਟੀਆਂ ਸਾੜੀਆਂ ਅਤੇ ਤੰਗ ਜੀਨਾਂ ਪਾਈ ਕੁੜੀਆਂ ਕਿੰਨੀਆਂ ਸੈਕਸੀ ਲੱਗਦੀਆਂ ਸਨ ਅਤੇ ਉਹ ਤੁਰਦੀਆਂ ਹੋਈਆਂ ਆਪਣੀਆਂ ਛਾਤੀਆਂ ਅਤੇ ਆਪਣੇ ਪਿੱਛਿਆਂ ਨੂੰ ਕਿਵੇਂ ਹਿਲਾਉਂਦੀਆਂ ਸਨ।

ਉਹ ਆਪਣੇ ਕਮਰੇ ਵਿਚ ਗਿਆ ਤੇ ਸਕਾਚ ਦੀ ਬੋਤਲ ਕੱਢ ਲਈ। ਉਸ ਬੇਅਰੇ ਨੂੰ ਬਰਫ, ਸੋਡੇ ਅਤੇ ਖਾਣ ਲਈ ਕੁਝ ਸਮਾਨ ਲਿਆਉਣ ਲਈ ਕਿਹਾ। ਬੇਅਰੇ ਨੇ ਰੂਮ ਸਰਵਿਸ ਵਾਲਿਆਂ ਨੂੰ ਫੋਨ ਕੀਤਾ। ਕੁਝ ਮਿੰਟਾਂ ਮਗਰੋਂ ਇਕ ਹੋਰ ਬੇਅਰਾ ਸਮਾਨ ਲੈ ਕੇ ਆਇਆ ਤੇ ਮੇਜ਼ 'ਤੇ ਰੱਖ ਦਿੱਤਾ। ਉਹਨੇ ਬਿੱਲ 'ਤੇ ਮੋਹਨ ਦੇ ਦਸਤਖਤ ਕਰਵਾਉਣੇ ਚਾਹੇ। ਮੋਹਨ ਨੇ ਉਸ ਨੂੰ ਸੌ ਰੁਪਏ ਦਾ ਨੋਟ ਟਿੱਪ ਵਜੋਂ ਦਿੱਤਾ। ਬੇਅਰਾ ਉਸ ਦਾ ਵਾਰ ਵਾਰ ਧੰਨਵਾਦ ਕਰਦਾ ਹੋਇਆ ਝੁਕਦਾ ਹੋਇਆ ਬਾਹਰ ਚਲਾ ਗਿਆ। ਕਮਰੇ 'ਚ ਸੇਵਾ ਕਰਨ ਵਾਲਾ ਬੇਅਰਾ ਦੇਖ ਰਿਹਾ ਸੀ। ਉਹ ਪੁੱਛਣ ਲੱਗਿਆ ਕਿ ਮੋਹਨ ਨੂੰ ਕੁਝ ਹੋਰ ਤਾਂ ਨਹੀਂ ਚਾਹੀਦਾ। ਮੋਹਨ ਨੇ ਨਾਂਹ ਵਿਚ ਜਵਾਬ ਦਿੱਤਾ।

ਮੋਹਨ ਨੇ ਆਪਣੇ ਕੋਟੇ ਮੁਤਾਬਕ ਤਿੰਨ ਪੈੱਗ ਪੀਤੇ ਅਤੇ ਖਾਣ ਵਾਲੀ ਪਲੇਟ ਖਾਲੀ ਕਰ ਦਿੱਤੀ। ਉਹ ਰਾਤ ਦਾ ਖਾਣਾ ਖਾਣ ਲਈ ਹੇਠਾਂ ਨਹੀਂ ਸੀ ਜਾਣਾ ਚਾਹੁੰਦਾ ਤੇ ਉਸ ਨੇ ਪਹਿਲਾਂ ਹੀ ਕਾਫੀ ਕੁਝ ਖਾ ਲਿਆ ਸੀ। ਉਹਨੇ ਬੇਅਰੇ ਨੂੰ ਸੱਦਿਆ। ਜਦੋਂ ਬੇਅਰੇ ਨੇ ਮੇਜ਼ ਸਾਫ਼ ਕੀਤਾ ਤਾਂ ਮੋਹਨ ਨੇ ਉਸ ਨੂੰ ਵੀ ਸੌ ਰੁਪਏ ਦਿੱਤੇ। ਬੇਅਰਾ ਖੁਸ਼ ਹੋਇਆ ਅਤੇ ਪੁੱਛਣ ਲੱਗਿਆ ਕਿ ਕੀ ਉਹ ਕੋਈ ਹੋਰ ਸੇਵਾ ਕਰ ਸਕਦਾ ਹੈ? ਇਸ ਵਾਰੀ ਮੋਹਨ ਨੇ ਬਿਨਾਂ ਸੋਚਿਆਂ ਜਵਾਬ ਦਿੱਤਾ, ''ਕੀ ਮੇਰੇ ਲਈ ਕੋਈ ਔਰਤ ਲਿਆ ਸਕਦਾ ਹੈਂ?''

''ਜ਼ਰੂਰ ਜਨਾਬ। ਕਿੰਨੇ ਦੀ?''

''ਕੋਈ ਵੀ। ਪੰਜ ਸੌ ਤੋਂ ਹਜ਼ਾਰ ਤੱਕ। ਪਰ ਉਹ ਨੌਜਵਾਨ ਅਤੇ ਖ਼ੂਬਸੂਰਤ ਹੋਵੇ।''

ਕੁਝ ਮਿੰਟਾਂ ਬਾਅਦ ਬੇਅਰਾ ਵਾਪਸ ਆਇਆ ਤਾਂ ਉਹਦੇ ਮਗਰ ਮਗਰ ਤੀਹਾਂ ਕੁ ਸਾਲਾਂ ਦੀ ਔਰਤ ਵੀ ਆ ਗਈ। ਉਹ ਕੱਦ ਦੀ ਛੋਟੀ ਸੀ। ਉਹਦੇ ਵਾਲ ਚੰਗੀ ਤਰ੍ਹਾਂ ਵਾਹੇ ਹੋਏ ਸਨ ਅਤੇ ਉਸ ਨੇ ਲੰਮੀ ਭੂਰੀ ਸਕਰਟ ਅਤੇ ਖੁੱਲ੍ਹੇ ਗਲ਼ੇ ਵਾਲਾ ਪੀਲਾ ਬਲਾਊਜ਼ ਪਾਇਆ ਹੋਇਆ ਸੀ। ਉਹ ਵੇਸਵਾ ਨਹੀਂ ਸੀ ਲੱਗਦੀ। ਬੇਅਰਾ ਉਨ੍ਹਾਂ ਨੂੰ ਇਕੱਲਿਆਂ ਛੱਡ ਕੇ ਬਾਹਰ ਚਲਾ ਗਿਆ। ਕੁਮਾਰ ਨੇ ਔਰਤ ਨੂੰ ਬੈਠਣ ਲਈ ਕਿਹਾ। ਉਹ ਬਿਸਤਰੇ 'ਤੇ ਬੈਠ ਗਈ ਅਤੇ ਕਹਿਣ ਲੱਗੀ, ''ਪਹਿਲਾਂ ਪੈਸੇ ਦਿਓ।''

''ਕਿੰਨੇ?''

''ਬੇਅਰੇ ਨੇ ਇਕ ਵਾਰੀ ਦੇ ਹਜ਼ਾਰ ਮਿੱਥੇ ਹਨ। ਜੇ ਤੁਹਾਡਾ ਜੀਅ ਕਰੇ ਤਾਂ ਵੱਧ ਦੇ ਦਿਓ।'' ਕੁਮਾਰ ਨੇ ਆਪਣੇ ਪਰਸ ਵਿਚੋਂ ਹਜ਼ਾਰ ਰੁਪਏ ਕੱਢੇ ਅਤੇ ਉਹਨੂੰ ਫੜਾ ਦਿੱਤੇ। ਉਹਨੇ ਇਹ ਗਿਣੇ ਅਤੇ ਆਪਣੇ ਬੈਗ ਵਿਚ ਪਾ ਲਏ।

''ਜਦੋਂ ਤੁਸੀਂ ਤਿਆਰ ਹੋਵੋਂ ਤਾਂ ਮੈਨੂੰ ਦੱਸਣਾ।''

''ਪਹਿਲਾਂ ਆਪਣੇ ਕੱਪੜੇ ਲਾਹ ਅਤੇ ਮੈਨੂੰ ਦੇਖਣ ਦੇ ਕਿ ਤੂੰ ਕਿਸ ਤਰ੍ਹਾਂ ਦੀ ਲੱਗਦੀ ਹੈਂ।''

ਉਸ ਨੇ ਕਹਿਣਾ ਮੰਨ ਲਿਆ। ਪਹਿਲਾਂ ਬਲਾਊਜ਼ ਅਤੇ ਸਕਰਟ ਲਾਹੀ ਅਤੇ ਫਿਰ

ਅੰਗੀ ਅਤੇ ਕੱਛੀ। ਮੋਹਨ ਦੇ ਨਲਾਂ ਵਿਚ ਹਰਕਤ ਹੋਈ। ਉਹ ਖੁਸ਼ ਹੋ ਗਿਆ। ਇਸ ਇਕ ਪਲ ਵਿਚ ਹੀ ਪਿਛਲੇ ਕਈ ਮਹੀਨਿਆਂ ਦੀ ਚਿੰਤਾ ਤੇ ਉਦਾਸੀ ਦੂਰ ਹੋ ਗਈ। ਉਹ ਪਹਿਲਾਂ ਵਰਗਾ ਹੀ ਮੋਹਨ ਬਣ ਗਿਆ ਸੀ। ਉਸ ਨੇ ਆਪਣੀ ਪੈਂਟ ਲਾਹੀ ਤਾਂ ਔਰਤ ਕਹਿਣ ਲੱਗੀ, ''ਇਸ ਚੀਜ਼ ਬਦਲੇ ਮੈਂ ਦੁੱਗਣੇ ਪੈਸੇ ਲਵਾਂਗੀ।'' ਇਸ 'ਤੇ ਮੋਹਨ ਕੁਮਾਰ ਨੇ ਚਸਕਾ ਲੈ ਕੇ ਜਵਾਬ ਦਿੱਤਾ, ''ਬਹੁਤੀਆਂ ਔਰਤਾਂ ਤਾਂ ਮੁਫਤੋ ਮੁਫਤੀ ਹਾਸਲ ਕਰਨ ਨੂੰ ਤਿਆਰ ਰਹਿੰਦੀਆਂ ਹਨ।''

ਉਸ ਔਰਤ ਦੀਆਂ ਹਰਕਤਾਂ ਵਿਚ ਕੋਈ ਪਿਆਰ ਨਹੀਂ ਸੀ। ਜਦੋਂ ਉਹਨੇ ਉਹਨੂੰ ਬੁੱਲ੍ਹਾਂ ਤੋਂ ਚੁੰਮਣ ਦੀ ਕੋਸ਼ਿਸ਼ ਕੀਤੀ ਤਾਂ ਉਹ ਮੂੰਹ ਫੇਰ ਗਈ। ਉਹਨੇ ਆਪਣੀਆਂ ਛਾਤੀਆਂ ਜ਼ਰੂਰ ਚੁੰਘਣ ਦਿੱਤੀਆਂ ਪਰ ਉਸ ਦੇ ਨਿੱਪਲ ਸਖਤ ਨਹੀਂ ਸਨ ਹੋਏ। ਸਾਰਾ ਕੁਝ ਹੀ ਉਸ ਨੇ ਕਾਹਲੀ ਕਾਹਲ ਵਿਚ ਕੀਤਾ। ਮੋਹਨ ਨੇ ਛੇ ਮਹੀਨੇ ਤੋਂ ਸੈਕਸ ਨਹੀਂ ਸੀ ਕੀਤਾ। ਜਦੋਂ ਮੋਹਨ ਸਿਖਰ 'ਤੇ ਪਹੁੰਚਿਆ ਤਾਂ ਉਸ ਔਰਤ ਨੇ ਵੀ ਇੰਜ ਹੀ ਬਹਾਨਾ ਕੀਤਾ। ਸਾਰਾ ਕੁਝ ਹੀ ਮਕਾਨਕੀ ਢੰਗ ਨਾਲ ਹੋਇਆ ਪਰ ਉਹ ਸੰਤੁਸ਼ਟ ਸੀ। ਉਹ ਨੂੰ ਲੱਗਦਾ ਸੀ ਕਿ ਆਖਰਕਾਰ ਉਹ ਨਿਪੁੰਸਕ ਨਹੀਂ ਸੀ ਹੋਇਆ।

ਔਰਤ ਨੇ ਆਪਣੇ ਆਪ ਨੂੰ ਸਾਫ਼ ਕੀਤਾ ਅਤੇ ਕੱਪੜੇ ਪਾ ਲਏ। ਕੁਮਾਰ ਨੇ ਉਹ ਨੂੰ ਸੌ ਰੁਪਏ ਦਾ ਨੋਟ ਹੋਰ ਦਿੱਤਾ। ਉਹ ਕਹਿਣ ਲੱਗੀ, ''ਜੇ ਤੁਸੀਂ ਚਾਹੋ ਤਾਂ ਮੈਂ ਫਿਰ ਆ ਸਕਦੀ ਹਾਂ। ਉਸ ਬੇਅਰੇ ਨੂੰ ਜਾਂ ਕਿਸੇ ਹੋਰ ਨੂੰ ਨਾ ਕਹਿਣਾ। ਉਹ ਆਪਣਾ ਹਿੱਸਾ ਲੈ ਲੈਂਦਾ ਹੈ, ਦਲਾਲ ਆਪਣਾ ਕਮਿਸ਼ਨ ਲੈਂਦਾ ਹੈ। ਮੈਨੂੰ ਤਾਂ ਅੱਧੇ ਤੋਂ ਵੀ ਘੱਟ ਮਿਲਦੇ ਹਨ।''

''ਕੱਲ੍ਹ ਸ਼ਾਮੀਂ ਆ ਜਾਵੀਂ। ਇਸੇ ਸਮੇਂ। ਤੇਰਾ ਨਾਂ ਕੀ ਹੈ?''

ਉਸ ਜਵਾਬ ਦਿੱਤਾ, ''ਕੋਈ ਨਾਂ ਨਹੀਂ। ਕੱਲ੍ਹ ਸ਼ਾਮ ਮੈਂ ਮੁੱਖ ਦਰਵਾਜ਼ੇ ਰਾਹੀਂ ਆਵਾਂਗੀ। ਉਸ ਵੇਲੇ ਹੋਰ ਬਹਿਰਾ ਡਿਊਟੀ 'ਤੇ ਹੋਵੇਗਾ। ਦਰਵਾਜ਼ਾ ਖੁੱਲ੍ਹਾ ਰੱਖਣਾ। ਮੈਂ ਚੁੱਪ ਚੁਪੀਤੇ ਅੰਦਰ ਆ ਜਾਵਾਂਗੀ।''

ਉਹ ਬੇਨਾਮ ਔਰਤ ਵਾਅਦੇ ਮੁਤਾਬਕ ਅਗਲੀ ਸ਼ਾਮ ਵੀ ਆ ਗਈ। ਇਸ ਵਾਰ ਉਹਨੇ ਸਾੜੀ ਪਾਈ ਹੋਈ ਸੀ। ਮੱਥੇ 'ਤੇ ਬਿੰਦੀ ਲਗਾਈ ਸੀ ਅਤੇ ਵਾਲਾਂ ਵਿਚ ਸੰਧੂਰ ਪਾਇਆ ਹੋਇਆ ਸੀ। ਇਸ ਤਰ੍ਹਾਂ ਉਹ ਇਕ ਸਤਿਕਾਰਯੋਗ ਮੱਧ ਵਰਗੀ ਗ੍ਰਹਿਣੀ ਲੱਗਦੀ ਸੀ। ਉਹਦੇ ਦਲਾਲ ਅਤੇ ਬੇਅਰੇ ਨੂੰ ਸਿਰਫ ਇਹੀ ਪਤਾ ਸੀ ਕਿ ਅੱਜ ਦੇ ਦਿਨ ਉਹ ਕੰਮ ਨਹੀਂ ਕਰ ਰਹੀ। ਅੱਜ ਦੇ ਦਿਨ ਜਿਹੜੇ ਉਹ ਪੈਸੇ ਕਮਾਏਗੀ ਉਹ ਸਾਰੇ ਉਸ ਦੇ ਹੋਣਗੇ। ਇਸ ਵਾਰ ਉਹਨੇ ਪੇਸ਼ਗੀ ਪੈਸਿਆਂ ਦੀ ਮੰਗ ਨਹੀਂ ਕੀਤੀ। ਇਸ ਨਾਲ ਉਹਦੀ ਕਾਰਗੁਜ਼ਾਰੀ ਵੀ ਬੇਹਤਰ ਹੋ ਗਈ। ਅੱਜ ਉਹ ਕੱਲ੍ਹ ਵਾਂਗ ਬੇਦਿਲ ਅਤੇ ਠੰਡੀ ਨਹੀਂ ਸੀ। ਅੱਜ ਉਹ ਨਾ ਸਿਰਫ ਬਹੁਤ ਹੀ ਨਿਮਰ ਸੀ ਸਗੋਂ ਗੱਲਾਂ ਵੀ ਪਿਆਰੀਆਂ ਕਰ ਰਹੀ ਸੀ। ਮੋਹਨ ਦੇ ਚੁੰਮਣ ਅਤੇ ਚੁੰਘਣ ਨਾਲ ਉਹਦੀਆਂ ਛਾਤੀਆਂ ਸਖਤ ਹੋ ਗਈਆਂ। ਅੱਜ ਉਹ ਸਹਿਵਾਸ ਨੂੰ

ਮੁਹਕਾਉਣ ਲਈ ਵੀ ਤਿਆਰ ਸੀ ਅਤੇ ਉਹ ਖਲਾਸ ਵੀ ਮੋਹਨ ਦੇ ਨਾਲ ਹੀ ਹੋਈ। ਜਦੋਂ ਮੋਹਨ ਨੇ ਉਸ ਨੂੰ ਪੈਸੇ ਦਿੱਤੇ ਜਿਸ ਵਿਚ ਸੌ ਰੁਪਏ ਅਜੇ ਫਾਲਤੂ ਹੀ ਸਨ ਤਾਂ ਉਹਨੇ ਇਨ੍ਹਾਂ ਦੀ ਗਿਣਤੀ ਨਹੀਂ ਕੀਤੀ ਅਤੇ ਉਸ ਨੇ ਮੋਹਨ ਨੂੰ ਬੁੱਲ੍ਹਾਂ ਤੋਂ ਚੁੰਮ ਲਿਆ।

''ਤੁਸੀਂ ਐਫ਼ ਐਲ ਦੀ ਵਰਤੋਂ ਨਹੀਂ ਕਰਦੇ?'' ਉਹਨੇ ਨਿਰੋਧ ਦੇ ਪੁਰਾਣੇ ਸ਼ਬਦ ਦੀ ਵਰਤੋਂ ਕਰਦੇ ਹੋਏ ਪੁੱਛਿਆ।

''ਮੈਂ ਕਦੇ ਕਦੇ ਕਰਦਾ ਹਾਂ। ਪਰ ਬੰਬਈ ਵਿਚ ਮੈਨੂੰ ਆਸ ਨਹੀਂ ਸੀ ਕਿ ਮੈਂ ਸੈਕਸ ਕਰਾਂਗਾ।''

''ਤੁਹਾਨੂੰ ਵਰਤੋਂ ਕਰਨੀ ਚਾਹੀਦੀ ਹੈ। ਇਹ ਠੀਕ ਰਹਿੰਦੀ ਹੈ।''

''ਤੂੰ ਮੈਨੂੰ ਆਪਣਾ ਨਾਂ ਨਹੀਂ ਦੱਸਿਆ। ਜੇ ਅਗਲੀ ਵਾਰੀ ਬੰਬਈ ਆਉਣ 'ਤੇ ਮੈਨੂੰ ਤੇਰੀ ਲੋੜ ਪਈ ਤਾਂ?''

''ਨਾਂ ਨਹੀਂ ਲਿਆ ਜਾਂਦਾ। ਮੈਂ ਸ਼ਾਦੀਸ਼ੁਦਾ ਔਰਤ ਹਾਂ ਅਤੇ ਮੇਰੇ ਬੱਚੇ ਵੀ ਹਨ। ਮੈਂ ਇਹ ਧੰਦਾ ਇਸ ਲਈ ਕਰਦੀ ਹਾਂ ਕਿਉਂਕਿ ਮੇਰਾ ਪਤੀ ਬਹੁਤੀ ਕਮਾਈ ਨਹੀਂ ਕਰਦਾ। ਤੁਸੀਂ ਉਸੇ ਬੇਅਰੇ ਨੂੰ ਕਹਿਣਾ ਕਿ ਪਿਛਲੀ ਵਾਰੀ ਵਾਲੀ ਬਾਈ ਨੂੰ ਹੀ ਬੁਲਾ ਲਵੇ।''

ਉਸ ਨੇ ਮੋਹਨ ਨੂੰ ਇਕ ਵਾਰ ਫੇਰ ਚੁੰਮਿਆ ਅਤੇ ਕਮਰੇ ਤੋਂ ਬਾਹਰ ਨਿਕਲ ਗਈ।

ਮੋਹਨ ਕੁਮਾਰ ਦਿੱਲੀ ਪਰਤ ਆਇਆ ਅਤੇ ਉਸ ਵਿਚ ਵਿਸ਼ਵਾਸ ਪੈਦਾ ਹੋ ਗਿਆ ਸੀ ਕਿ ਉਹ ਨਿਪੁੰਸਕ ਨਹੀਂ ਹੋਇਆ।

ਮੋਹਨ ਕੁਮਾਰ ਦਾ ਜ਼ਿੰਦਗੀ ਪ੍ਰਤੀ ਉਤਸ਼ਾਹ ਫਿਰ ਮੁੜ ਆਇਆ। ਭਾਵੇਂ ਸੈਕਸ ਪ੍ਰਤੀ ਪਹਿਲਾਂ ਜਿੰਨੀ ਉਤੇਜਨਾ ਨਹੀਂ ਰਹੀ ਸੀ ਫਿਰ ਵੀ ਉਹ ਇਸ ਗੱਲ 'ਤੇ ਖੁਸ਼ ਸੀ ਕਿ ਜਦੋਂ ਮੌਕਾ ਮਿਲਿਆ ਤਾਂ ਉਹ ਨਿਰਾਸ਼ ਨਹੀਂ ਹੋਵੇਗਾ। ਹਰ ਸ਼ਾਮ ਆਪਣੇ ਦੋਸਤਾਂ ਨਾਲ ਖਾਣ ਪੀਣ ਦੀਆਂ ਮਹਿਫਲਾਂ ਸਜਾਉਂਦਾ। ਹਫਤੇ ਵਿਚ ਦੋ ਵਾਰ ਉਹ ਆਪਣੇ ਘਰ ਪਾਰਟੀਆਂ ਕਰਦਾ ਜਿਸ ਦੌਰਾਨ ਬੇਹਤਰੀਨ ਖਾਣਾ ਅਤੇ ਸ਼ਰਾਬ ਵਰਤਾਈ ਜਾਂਦੀ। ਉਹਦੇ ਦੋਸਤਾਂ ਨੇ ਵੀ ਇਹ ਗੱਲ ਮਹਿਸੂਸ ਕੀਤੀ ਕਿ ਕਈ ਮਹੀਨੇ ਤੱਕ ਉਦਾਸ ਰਹਿਣ ਤੋਂ ਬਾਅਦ ਉਹ ਫਿਰ ਜੋਸ਼ੀਲਾ ਹੋ ਗਿਆ ਹੈ। ਉਸ ਦੇ ਘਰ ਕੀਤੀ ਇਕ ਪਾਰਟੀ ਵਿਚ ਉਹਦੇ ਇਕ ਦੋਸਤ ਦੀ ਨੌਜਵਾਨ ਪਤਨੀ ਨੇ ਪੁੱਛਿਆ ਕਿ ਇਸ ਦਾ ਕਾਰਨ ਕੀ ਹੈ, ''ਕੀ ਕੋਈ ਲਾਟਰੀ ਲੱਗੀ ਹੈ? ਕਰੋੜ, ਦੋ ਕਰੋੜ ਹੋਰ ਕਮਾਏ ਹਨ? ਜਾਂ ਕੋਈ ਨਵੀਂ ਸਹੇਲੀ ਲੱਭ ਪਈ ਹੈ?''

ਉਹ ਨੇ ਰਤਾ ਕੁ ਵੱਧਾ ਚੜ੍ਹਾ ਕੇ ਜਵਾਬ ਦਿੱਤਾ, ''ਇਹ ਸਾਰਾ ਕੁਝ ਵੀ ਅਤੇ ਇਕ ਗੱਲ ਹੋਰ। ਮੇਰੀ ਮਰਦਾਨਗੀ ਮੁੜ ਆਈ ਹੈ।''

ਇਸ 'ਤੇ ਉਹ ਬੋਲੀ, ''ਐਵੇਂ ਨਾ ਮਾਰ! ਤੂੰ ਤਾਂ ਸਦਾ ਹੀ ਦਿੱਲੀ ਦਾ ਮਰਦ ਰਿਹਾ ਹੈਂ। ਇਕ ਕਿਸਮ ਦਾ ਸਰਕਾਰੀ ਸਾਂਢ। ਤੇਰੇ ਬਾਰੇ ਜਿਹੜੀਆਂ ਕਹਾਣੀਆਂ ਮੈਂ ਸੁਣੀਆਂ ਹਨ ਜੇ ਉਨ੍ਹਾਂ 'ਚ ਅੱਧੀ ਵੀ ਸੱਚਾਈ ਹੈ ਤਾਂ ਤੂੰ ਸਦਾ ਹੀ ਔਰਤਾਂ ਦਾ ਚਹੇਤਾ ਰਿਹਾ ਹੈਂ। ਇਸ

ਵਿਚ ਨਵੀਂ ਗੱਲ ਕਿਹੜੀ ਹੈ? ਖੁਸ਼ ਹੋਣ ਵਾਲੀ ਗੱਲ ਕਿਹੜੀ ਹੈ?''

ਉਸ ਨੇ ਉਨ੍ਹਾਂ ਨੂੰ ਕੁਝ ਨਾ ਦੱਸਿਆ। ਉਹਦੀ ਇਸ ਗੱਲ 'ਤੇ ਉਹਦੇ ਦੋਸਤ ਹੱਸਦੇ ਰਹੇ। ਉਹਨੇ ਇਸ ਦਾ ਕੋਈ ਬੁਰਾ ਨਾ ਮਨਾਇਆ।

# ਘਾਤਕ ਬੀਮਾਰੀ

ਬੰਬਈ ਤੋਂ ਵਾਪਸ ਪਰਤਣ ਦੇ ਛੇ ਕੁ ਮਹੀਨੇ ਤੋਂ ਬਾਅਦ ਮੋਹਨ ਦੀ ਸਿਹਤ ਖਰਾਬ ਹੋਣ ਲੱਗੀ। ਉਦੋਂ ਤੱਕ ਉਹ ਕਦੇ ਇਕ ਦਿਨ ਵੀ ਬੀਮਾਰ ਨਹੀਂ ਸੀ ਹੋਇਆ। ਹਰ ਰੋਜ਼ ਸੂਰਜ ਨਮਸਕਾਰ ਕਰਨ ਕਰਕੇ ਉਸ ਦਾ ਪੇਟ ਸਾਫ਼ ਰਹਿੰਦਾ ਸੀ। ਉਸ ਨੂੰ ਪਤਾ ਸੀ ਕਿ ਕਬਜ਼ ਹੀ ਸਾਰੀਆਂ ਬੀਮਾਰੀਆਂ ਦੀ ਜੜ੍ਹ ਹੈ। ਉਸ ਨੂੰ ਕਦੇ ਠੰਡ ਵੀ ਨਹੀਂ ਸੀ ਲੱਗੀ ਅਤੇ ਜੇਕਰ ਲੱਗਦੀ ਵੀ ਸੀ ਤਾਂ ਦੋ ਦਿਨ ਵਿਚ ਠੀਕ ਹੋ ਜਾਂਦੀ ਸੀ। ਉਸ ਨੂੰ ਐਨਕਾਂ ਦੀ ਵੀ ਲੋੜ ਨਹੀਂ ਸੀ ਪੈਂਦੀ। ਉਹ ਦੀ ਨਜ਼ਰ ਬਿਲਕੁਲ ਠੀਕ ਠਾਕ ਸੀ। ਉਸ ਨੂੰ ਸੁਣਦਾ ਵੀ ਬਿਲਕੁਲ ਠੀਕ ਸੀ। ਉਹਦੇ ਬੱਤੀ ਦੇ ਬੱਤੀ ਦੰਦ ਇਕਦਮ ਠੀਕ ਸਨ। ਛੇ ਮਹੀਨਿਆਂ ਵਿਚ ਇਕ ਵਾਰ ਉਹ ਦੰਦਾਂ ਦੇ ਡਾਕਟਰ ਕੋਲ ਜਾਂਦਾ ਸੀ ਤਾਂ ਕਿ ਦੰਦਾਂ ਦੀ ਜਾਂਚ ਪੜਤਾਲ ਕਰਵਾ ਸਕੇ। ਮਲੇਰੀਆ, ਡੇਂਗੂ, ਟਾਈਫਾਈਡ, ਹੈਜ਼ਾ ਵਰਗੇ ਜਿਹੜੇ ਬੁਖ਼ਾਰ ਦਿੱਲੀ ਵਿਚ ਅਕਸਰ ਹੋ ਜਾਂਦੇ ਸਨ ਉਨ੍ਹਾਂ ਤੋਂ ਉਹ ਸਦਾ ਬਚਿਆ ਰਿਹਾ ਸੀ। ਨਾ ਕਦੇ ਖਾਂਸੀ ਹੋਈ ਸੀ ਤੇ ਨਾ ਕਦੇ ਸਾਹ ਦੀ ਸਮੱਸਿਆ। ਕੋਈ ਬੀਮਾਰੀ ਨਹੀਂ ਸੀ। ਉਹ ਕਦੇ ਹਸਪਤਾਲ ਨਹੀਂ ਸੀ ਗਿਆ। ਜੇ ਕਦੇ ਗਿਆ ਤਾਂ ਬੀਮਾਰ ਦੋਸਤਾਂ ਦਾ ਪਤਾ ਕਰਨ ਲਈ ਹੀ ਗਿਆ ਸੀ। ਉਸ ਦੀ ਸਿਹਤ ਦੇ ਖਰਾਬ ਹੋਣ ਨਾਲ ਉਹ ਪ੍ਰੇਸ਼ਾਨ ਹੋ ਗਿਆ ਸੀ।

ਸਭ ਤੋਂ ਪਹਿਲਾਂ ਖਰਾਬੀ ਉਹਦੇ ਪੇਟ ਵਿਚ ਹੋਈ। ਉਹਨੂੰ ਲੱਗਿਆ ਕਿ ਇਕ ਦੋ ਦਿਨ 'ਚ ਠੀਕ ਹੋ ਜਾਵੇਗੀ। ਪਰ ਇਹ ਜਾਰੀ ਰਹੀ। ਉਹਨੇ ਇਸਬਗੋਲ ਲੈ ਕੇ ਪੇਟ ਨੂੰ ਠੀਕ ਕਰਨਾ ਚਾਹਿਆ। ਇਸਬਗੋਲ ਬਾਰੇ ਕਿਹਾ ਜਾਂਦਾ ਹੈ ਕਿ ਇਹ ਕਬਜ਼ ਨੂੰ ਵੀ ਠੀਕ ਕਰਦੀ ਹੈ ਤੇ ਟੱਟੀਆਂ ਨੂੰ ਵੀ ਕੰਟਰੋਲ ਕਰਦੀ ਹੈ। ਇਸ ਨਾਲ ਉਹਨੂੰ ਕੋਈ ਲਾਭ ਨਾ ਹੋਇਆ ਤਾਂ ਉਹ ਨੇ ਐਲੋਪੈਥੀ ਦਵਾਈਆਂ ਲਈਆਂ। ਦਸਤ ਤਾਂ ਠੀਕ ਹੋ ਗਏ ਪਰ ਕੁਝ ਦਿਨਾਂ ਤੱਕ ਹੀ ਠੀਕ ਹੋਏ। ਇਸ ਤੋਂ ਬਾਅਦ ਫਿਰ ਉਹਨੂੰ ਦਿਨ ਵਿਚ ਛੇ ਤੋਂ ਸੱਤ ਵਾਰ ਦਸਤ ਆਉਣੇ ਸ਼ੁਰੂ ਹੋ ਗਏ। ਉਹਦਾ ਭਾਰ ਤੇਜ਼ੀ ਨਾਲ ਘਟਣ ਲੱਗਿਆ। ਉਸ ਨੇ ਸੋਚਿਆ ਕਿ ਉਹਨੇ ਕੋਈ ਗਲਤ ਮਲਤ ਚੀਜ਼ ਖਾ ਲਈ ਹੈ ਜਾਂ ਉਹਦੀਆਂ ਅੰਤੜੀਆਂ ਵਿਚ ਕੋਈ ਗੜਬੜ ਹੋ ਗਈ ਹੈ। ਉਸ ਨੇ ਐਲੋਪੈਥੀ ਦਵਾਈਆਂ ਜਾਰੀ ਰੱਖੀਆਂ ਅਤੇ ਕਰੀਬ ਦੋ ਹਫਤਿਆਂ ਬਾਅਦ ਉਹਨੂੰ ਲੱਗਿਆ ਕਿ ਉਹ ਠੀਕ ਹੋ ਗਿਆ ਹੈ।

ਪਰ ਇਹ ਰਾਹਤ ਥੋੜ੍ਹੇ ਚਿਰ ਦੀ ਸੀ। ਦਸਤਾਂ ਤੋਂ ਬਾਅਦ ਬੁਖਾਰ ਹੋ ਗਿਆ। ਕਿਉਂਕਿ ਇਸ ਤੋਂ ਪਹਿਲਾਂ ਕਦੇ ਉਸ ਨੂੰ ਬੁਖਾਰ ਨਹੀਂ ਸੀ ਹੋਇਆ ਇਸ ਲਈ ਘਰ ਵਿਚ

ਥਰਮਾਮੀਟਰ ਵੀ ਨਹੀਂ ਸੀ ਜਿਸ ਤੋਂ ਪਤਾ ਲੱਗ ਸਕੇ ਕਿ ਬੁਖਾਰ ਕਿੰਨਾ ਹੈ। ਇਸ ਦਿਨ ਦਫਤਰ ਵਿਚ ਬਿਮਲਾ ਸ਼ਰਮਾ ਕਹਿਣ ਲੱਗੀ : ''ਮਿਸਟਰ ਕੁਮਾਰ ਤੁਹਾਡੀ ਸਿਹਤ ਠੀਕ ਨਹੀਂ ਲੱਗਦੀ। ਤੁਹਾਡਾ ਚੇਹਰਾ ਸੁੱਜਿਆ ਪਿਆ ਹੈ।'' ਉਹਨੇ ਆਪਣੇ ਹੱਥ ਦੀ ਤਲੀ ਮੋਹਨ ਦੇ ਮੱਥੇ 'ਤੇ ਰੱਖੀ ਅਤੇ ਕਹਿਣ ਲੱਗੀ, ''ਇਹ ਗਰਮ ਲੱਗਦਾ ਹੈ। ਤੁਹਾਨੂੰ ਸਖਤ ਬੁਖਾਰ ਹੈ। ਡਾਕਟਰ ਬੁਲਾਵਾਂ?'' ਉਹਨੇ ਨਾਂਹ ਵਿਚ ਸਿਰ ਹਿਲਾਇਆ, ''ਨਹੀਂ, ਥਰਮਾਮੀਟਰ ਮੰਗਵਾ।'' ਉਹ ਨਹਿਰੂ ਪਲੇਸ ਵਿਚ ਕੈਮਿਸਟ ਦੀ ਦੁਕਾਨ 'ਤੇ ਗਈ ਤੇ ਥਰਮਾਮੀਟਰ ਲਿਆਈ। ਇਸ ਨੂੰ ਉਹਨੇ ਟੂਟੀ ਦੇ ਪਾਣੀ ਹੇਠ ਧੋਤਾ। ਇਸ ਨੂੰ ਹਿਲਾ ਕੇ ਦੇਖਿਆ ਅਤੇ ਮੋਹਨ ਦੇ ਮੂੰਹ 'ਚ ਪਾ ਦਿੱਤਾ। ਇੰਨੇ ਸਮੇਂ ਤੱਕ ਉਹ ਘੜੀ ਵੱਲ ਦੇਖਦੀ ਰਹੀ ਅਤੇ ਦੋ ਮਿੰਟਾਂ ਬਾਅਦ ਥਰਮਾਮੀਟਰ ਨੂੰ ਮੋਹਨ ਦੇ ਮੂੰਹ 'ਚੋਂ ਕੱਢ ਲਿਆ। ਫੇਰ ਉਹ ਚਿੰਤਾ ਭਰੇ ਲਹਿਜ਼ੇ ਵਿਚ ਬੋਲੀ, ''ਇਕ ਸੌ ਦੋ ਪੁਆਇੰਟ ਪੰਜ। ਤੁਹਾਨੂੰ ਦਫਤਰ ਵਿਚ ਨਹੀਂ ਸਗੋਂ ਬਿਸਤਰੇ ਵਿਚ ਹੋਣਾ ਚਾਹੀਦਾ ਹੈ। ਇਕਦਮ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।''

ਉਹਨੇ ਬਿਮਲਾ ਸ਼ਰਮਾ ਦੀ ਸਲਾਹ ਮੰਨੀ ਅਤੇ ਘਰ ਚਲਾ ਗਿਆ। ਘਰ ਜਾ ਕੇ ਉਹਨੇ ਐਸਪ੍ਰੀਨ ਦੀਆਂ ਦੋ ਗੋਲੀਆਂ ਲਈਆਂ ਜਿਹੜੀਆਂ ਉਹ ਸ਼ਰਾਬ ਦਾ ਨਸ਼ਾ ਲਾਹੁਣ ਲਈ ਵਰਤਿਆ ਕਰਦਾ ਸੀ। ਫਿਰ ਉਹਨੇ ਗਰਮ ਚਾਹ ਦੇ ਦੋ ਕੱਪ ਪੀਤੇ ਅਤੇ ਬਿਸਤਰੇ ਵਿਚ ਲੰਮਾ ਪੈ ਗਿਆ। ਉਸਨੂੰ ਜ਼ੋਰਦਾਰ ਪਸੀਨਾ ਆਇਆ। ਬੁਖਾਰ ਉਤਰ ਗਿਆ ਸੀ। ਉਸ ਨੇ ਰੋਜ਼ ਵਾਂਗ ਸ਼ਰਾਬ ਪੀਤੀ ਪਰ ਉਸ ਨੂੰ ਇਹਦਾ ਸੁਆਦ ਪਸੰਦ ਨਾ ਆਇਆ। ਫਿਰ ਉਹਨੇ ਟਮਾਟਰ ਦਾ ਸੂਪ ਅਤੇ ਟੋਸਟ ਲਏ। ਖਾਣਾ ਵੀ ਸੁਆਦ ਨਹੀਂ ਸੀ ਲੱਗ ਰਿਹਾ। ਉਹਦੇ ਨੌਕਰ ਚਿੰਤਤ ਸਨ। ਰਸੋਈਆ ਕਹਿਣ ਲੱਗਾ, ''ਸਾਹਬ, ਤੁਹਾਡੀ ਸਿਹਤ ਠੀਕ ਨਹੀਂ ਹੈ। ਸਾਡੇ ਵਿਚੋਂ ਇਕ ਜਣਾ ਬੰਗਲੇ ਵਿਚ ਰਹਿ ਪਵੇਗਾ ਤਾਂ ਕਿ ਰਾਤ ਨੂੰ ਲੋੜ ਪੈਣ 'ਤੇ ਤੁਹਾਡੇ ਕੋਲ ਰਹੇ। ਐਸੀ ਹਾਲਤ ਵਿਚ ਅਸੀਂ ਤੁਹਾਨੂੰ ਇਕੱਲਿਆਂ ਨਹੀਂ ਛੱਡ ਸਕਦੇ।'' ਮੋਹਨ ਨੇ ਸਿਰ ਹਿਲਾ ਦਿੱਤਾ।

ਸੌਣ ਤੋਂ ਪਹਿਲਾਂ ਉਸ ਨੇ ਐਸਪ੍ਰੀਨ ਦੀਆਂ ਦੋ ਹੋਰ ਗੋਲੀਆਂ ਲਈਆਂ। ਉਹਨੇ ਸੋਚਿਆ ਕਿ ਇਨ੍ਹਾਂ ਨਾਲ ਉਸ ਨੂੰ ਨੀਂਦ ਆ ਜਾਵੇਗੀ ਅਤੇ ਬੁਖਾਰ ਲਹਿ ਜਾਵੇਗਾ। ਬੁਖਾਰ ਤਾਂ ਲਹਿ ਗਿਆ ਪਰ ਖਾਂਸੀ ਹੋ ਗਈ। ਐਸੀ ਸੁੱਕੀ ਖਾਂਸੀ ਜਿਸ ਨਾਲ ਉਹਦੇ ਢਿੱਡ ਵਿਚ ਦਰਦ ਹੁੰਦੀ ਸੀ। ਸਵੇਰੇ ਵੇਲੇ ਬੁਖਾਰ ਫਿਰ ਹੋ ਗਿਆ। ਉਹਨੇ ਆਪਣਾ ਤਾਪ ਦੇਖਿਆ। ਇਹ ਸੌ ਡਿਗਰੀ ਸੀ। ਉਹਨੇ ਸੋਚਿਆ ਕਿ ਦਿਨੇਂ ਇਹ ਖਤਮ ਹੋ ਜਾਵੇਗਾ। ਇਸੇ ਤਰ੍ਹਾਂ ਹੀ ਹੋਇਆ।

ਸਦਾ ਧਿਆਨ ਰੱਖਣ ਵਾਲੀ, ਮਾਤਰੀ ਭਾਵ ਵਾਲੀ ਬਿਮਲਾ ਸ਼ਰਮਾ ਗਿਆਰਾਂ ਵਜੇ ਉਹਦਾ ਪਤਾ ਕਰਨ ਆਈ। ਉਹਨੇ ਮੱਥੇ 'ਤੇ ਹੱਥ ਰੱਖਿਆ ਅਤੇ ਕਹਿਣ ਲੱਗੀ, ''ਤੁਹਾਨੂੰ ਹਾਲੇ ਵੀ ਤੇਜ਼ ਬੁਖਾਰ ਹੈ। ਇਕ ਸੌ ਦੋ ਪੁਆਇੰਟ ਪੰਜ, ਕੱਲ੍ਹ ਜਿੰਨਾ ਹੀ। ਮਿਸਟਰ ਕੁਮਾਰ ਜੇ

ਤੁਸਾਂ ਡਾਕਟਰ ਨਹੀਂ ਸੱਦਣਾ ਤਾਂ ਮੈਂ ਸੱਦਾਂਗੀ।'' ਉਹਨੇ ਇਹ ਗੱਲ ਪੂਰੇ ਅਧਿਕਾਰ ਨਾਲ ਕਹੀ।

''ਮੈਂ ਕਿਸੇ ਡਾਕਟਰ ਨੂੰ ਨਹੀਂ ਜਾਣਦਾ। ਮੈਨੂੰ ਕਿਸੇ ਦੀ ਲੋੜ ਹੀ ਨਹੀਂ ਪਈ। ਦਫਤਰ ਵਿਚ ਕੰਮ ਕਿਵੇਂ ਚੱਲ ਰਿਹਾ ਹੈ?''

''ਮਿਸਟਰ ਕੁਮਾਰ ਦਫਤਰ ਦਾ ਖਿਆਲ ਆਪਣੇ ਮਨ ਵਿਚੋਂ ਕੱਢ ਦਿਓ। ਮੈਂ ਦਫਤਰ ਦੀ ਦੇਖ ਭਾਲ ਕਰ ਸਕਦੀ ਹਾਂ। ਮੈਨੂੰ ਚਿੱਠੀਆਂ ਅਤੇ ਚੈੱਕਾਂ 'ਤੇ ਤੁਹਾਡੇ ਦਸਤਖਤ ਚਾਹੀਦੇ ਹਨ। ਜੇ ਤੁਹਾਨੂੰ ਕਿਸੇ ਡਾਕਟਰ ਦਾ ਨਹੀਂ ਪਤਾ ਤਾਂ ਮੇਰੀ ਇਕ ਸਲਾਹ ਹੈ ਕਿ ਡਾ. ਮਲਹੋਤਰਾ ਨੂੰ ਸੱਦੋ, ਉਹ ਨੌਜਵਾਨ ਡਾਕਟਰ ਹੈ ਅਤੇ ਵਾਸ਼ਿੰਗਟਨ ਵਿਚ ਉਹਦੀ ਪ੍ਰੈਕਟਿਸ ਚੰਗੀ ਚੱਲਦੀ ਰਹੀ ਹੈ। ਉਹ ਦਿੱਲੀ ਆ ਗਿਆ ਹੈ ਅਤੇ ਇੱਥੇ ਉਸ ਨੇ ਇਕ ਬੜਾ ਚੰਗਾ ਹਸਪਤਾਲ ਖੋਲ੍ਹਿਆ ਹੈ। ਇਸ ਵਿਚ ਨਵੀਆਂ ਨਵੀਆਂ ਮਸ਼ੀਨਾਂ ਵੀ ਹਨ ਅਤੇ ਨਾਲ ਨਾਲ ਬਹੁਤ ਯੋਗ ਡਾਕਟਰ ਵੀ ਹਨ। ਉਸ ਦੀ ਸਲਾਹ ਲਵੋ। ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।''

''ਉਸ ਨੂੰ ਟੈਲੀਫੋਨ ਕਰੋ।''

ਬਿਮਲਾ ਨੇ ਟੈਲੀਫੋਨ ਡਾਇਰੈਕਟਰੀ ਦੇਖੀ ਅਤੇ ਕੁਝ ਦੇਰ ਬਾਅਦ ਮਲਹੋਤਰਾ ਨੂੰ ਟੈਲੀਫੋਨ ਮਿਲਾਇਆ। ਕੁਮਾਰ ਨੇ ਉਹਨੂੰ ਪੁੱਛਿਆ ਕਿ ਕੀ ਉਹ ਮਰੀਜ਼ਾਂ ਨੂੰ ਘਰ ਦੇਖਣ ਜਾਂਦਾ ਹੈ? ਡਾਕਟਰ ਕਹਿਣ ਲੱਗਾ, ''ਆਮ ਤੌਰ 'ਤੇ ਨਹੀਂ। ਮੈਂ ਮਰੀਜ਼ਾਂ ਨੂੰ ਆਪਣੇ ਕਲੀਨਿਕ ਵਿਚ ਦੇਖਣਾ ਪਸੰਦ ਕਰਦਾ ਹਾਂ ਜਿੱਥੇ ਅਸੀਂ ਉਨ੍ਹਾਂ ਦੇ ਟੈਸਟ ਕਰ ਸਕਦੇ ਹਾਂ। ਪਰ ਜੇ ਤੁਸੀਂ ਇੰਨੇ ਬੀਮਾਰ ਹੋ ਕਿ ਆ ਨਹੀਂ ਸਕਦੇ ਤਾਂ ਮੈਂ ਤੁਹਾਨੂੰ ਦੇਖਣ ਆ ਜਾਵਾਂਗਾ। ਗੋਲਫ ਖੇਡਣ ਤੋਂ ਬਾਅਦ ਸ਼ਾਮ ਛੇ ਵਜੇਂ ਤੋਂ ਬਾਅਦ ਮੈਂ ਕਦੇ ਵੀ ਆ ਸਕਦਾ ਹਾਂ।''

''ਅੱਛਾ ਤਾਂ ਤੁਸੀਂ ਵੀ ਗੋਲਫ ਕਲੱਬ ਦੀ ਮੈਂਬਰ ਹੋ? ਮੈਂ ਵੀ ਮੈਂਬਰ ਹਾਂ। ਮੈਂ ਬਹੁਤਾ ਨਹੀਂ ਖੇਡਦਾ ਪਰ ਹੋ ਸਕਦਾ ਹੈ ਅਸੀਂ ਕਲੱਬ ਦੀ ਬਾਰ ਵਿਚ ਇਕ ਦੂਜੇ ਨੂੰ ਮਿਲੇ ਹੋਈਏ।'' ਮੋਹਨ ਨੇ ਸੋਚਿਆ ਕਿ ਇਸ ਨਾਲ ਡਾਕਟਰ ਨੂੰ ਲੱਗੇਗਾ ਕਿ ਉਹ ਕੋਈ ਐਰਾ ਗੈਰਾ ਨਹੀਂ ਹੈ, ਸਗੋਂ ਦਿੱਲੀ ਦਾ ਮਸ਼ਹੂਰ ਵਿਅਕਤੀ ਹੈ। ਡਾਕਟਰ ਮਲਹੋਤਰਾ ਨੇ ਸਾਢੇ ਛੇ ਵਜੇ ਆਉਣਾ ਪ੍ਰਵਾਨ ਕਰ ਲਿਆ। ਬਿਮਲਾ ਨੇ ਪੁੱਛਿਆ ਕਿ ਕੀ ਉਹ ਉਸ ਮੌਕੇ ਹਾਜ਼ਰ ਰਹੇ? ਉਸ ਜਵਾਬ ਦਿੱਤਾ, ''ਬਿਲਕੁਲ। ਜੇ ਤੂੰ ਜਾਨਣਾ ਚਾਹੁੰਦੀ ਹੈਂ ਕਿ ਮੇਰੇ ਅੰਦਰ ਕੀ ਕੁਝ ਭਰਿਆ ਪਿਆ ਹੈ ਤਾਂ ਜ਼ਰੂਰ ਹਾਜ਼ਰ ਰਹੀਂ।''

ਬਿਮਲਾ ਛੇ ਵਜੇ ਵਾਪਸ ਆ ਗਈ। ਡਾਕਟਰ ਮਲਹੋਤਰਾ ਅੱਧੇ ਘੰਟੇ ਬਾਅਦ ਆਇਆ ਅਤੇ ਬਿਮਲਾ ਉਸ ਨੂੰ ਲੈ ਕੇ ਅੰਦਰ ਆਈ। ਉਸ ਡਾਕਟਰ ਨੂੰ ਕਿਹਾ, ''ਮੈਂ ਮਿਸਟਰ ਕੁਮਾਰ ਦੀ ਸੈਕਟਰੀ ਹਾਂ। ਸ੍ਰੀਮਤੀ ਕੁਮਾਰ ਆਪਣੇ ਮਾਪਿਆਂ ਕੋਲ ਰਹਿੰਦੀ ਹੈ ਅਤੇ ਮਿਸਟਰ ਕੁਮਾਰ ਦੀ ਦੇਖ ਭਾਲ ਲਈ ਸਿਰਫ ਦੋ ਨੌਕਰ ਅਤੇ ਉਨ੍ਹਾਂ ਦਾ ਡਰਾਈਵਰ ਹੀ ਹਨ।''

ਡਾਕਟਰ ਚੁਸਤ ਨੌਜਵਾਨ ਆਦਮੀ ਸੀ, ਜਿਹੜਾ ਅਮਰੀਕੀ ਤਰਜ਼ ਦੀ ਅੰਗਰੇਜ਼ੀ ਬੋਲਦਾ ਸੀ। ਉਹਨੂੰ ਪ੍ਰਭਾਵਿਤ ਕਰਨ ਲਈ ਕੁਮਾਰ ਨੇ ਉਹਨੂੰ ਦੱਸਿਆ ਕਿ ਉਹ ਨਾ ਸਿਰਫ਼ ਪ੍ਰਿੰਸਟਨ ਯੂਨੀਵਰਸਿਟੀ ਤੋਂ ਪੜ੍ਹਿਆ ਸੀ, ਸਗੋਂ ਜਾਰਜਟਾਊਨ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਵੀ ਰਿਹਾ ਸੀ। ਡਾਕਟਰ ਦੀ ਜਵਾਨੀ ਦੀ ਪ੍ਰਸ਼ੰਸਾ ਕਰਦੇ ਹੋਏ ਉਸ ਨਾਲ ਹੀ ਇਹ ਵੀ ਕਿਹਾ, ''ਤੁਸੀਂ ਤਾਂ ਉਸ ਵੇਲੇ ਹਾਲੇ ਬਚਪਨ ਵਿਚ ਹੀ ਹੋਵੋਗੇ।''

ਡਾਕਟਰ ਨੇ ਮੋਹਨ ਦੇ ਬਿਸਤਰੇ ਕੋਲ ਕੁਰਸੀ ਖਿੱਚਦੇ ਹੋਏ ਜਵਾਬ ਦਿੱਤਾ, ''ਤੁਸੀਂ ਆਪਣੀ ਉਮਰ ਨਾਲੋਂ ਕਿਤੇ ਨੌਜਵਾਨ ਦਿਖਾਈ ਦਿੰਦੇ ਹੋ। ਲਿਆਓ ਆਪਣੀ ਮੈਡੀਕਲ ਹਿਸਟਰੀ ਦੱਸੋ।''

ਮੋਹਨ ਦਾ ਜਵਾਬ ਸੀ, ''ਬਿਲਕੁਲ ਖਾਲੀ। ਇਸ ਤੋਂ ਪਹਿਲਾਂ ਜ਼ਿੰਦਗੀ 'ਚ ਮੈਂ ਕਦੇ ਬੀਮਾਰ ਨਹੀਂ ਹੋਇਆ। ਪਿਛਲੇ ਮਹੀਨੇ ਹੀ ਮੈਨੂੰ ਦਸਤ ਲੱਗੇ ਸਨ। ਫਿਰ ਬੁਖਾਰ ਹੋਇਆ ਅਤੇ ਹੁਣ ਸੁੱਕੀ ਖਾਂਸੀ।''

ਡਾਕਟਰ ਨੇ ਕੁਮਾਰ ਦਾ ਤਾਪ ਦੇਖਿਆ, ਫਿਰ ਉਹਦੀ ਨਬਜ਼ ਦੇਖੀ ਅਤੇ ਛਾਤੀ ਦੀ ਜਾਂਚ ਕੀਤੀ। ਉਸ ਉਹਦੇ ਪੇਟ ਅਤੇ ਨਲਾਂ 'ਤੇ ਹੱਥ ਮਾਰਿਆ ਅਤੇ ਉਸ ਦੀ ਜੀਭ ਅਤੇ ਅੱਖਾਂ ਦੇਖੀਆਂ। ਫਿਰ ਉਹ ਕਹਿਣ ਲੱਗਿਆ, ''ਮਿਸਟਰ ਕੁਮਾਰ, ਮੇਰਾ ਵਿਚਾਰ ਹੈ ਕਿ ਤੁਹਾਡੀ ਆਪਣੇ ਕਲੀਨਿਕ ਵਿਚ ਪੂਰੀ ਜਾਂਚ ਪੜਤਾਲ ਕਰਾਂ। ਸਾਰੀ ਸਵੇਰ ਇਸ ਵਿਚ ਲੱਗ ਜਾਵੇਗੀ। ਇਸ ਨਾਲ ਸਾਨੂੰ ਪਤਾ ਲੱਗ ਜਾਵੇਗਾ ਕਿ ਤੁਹਾਡੇ ਅੰਦਰ ਕੀ ਨੁਕਸ ਹੈ। ਤੁਸੀਂ ਕਦੋਂ ਆ ਸਕਦੇ ਹੋ? ਜੇ ਤੁਸੀਂ ਚਾਹੋ ਤਾਂ ਮੈਂ ਤੁਹਾਨੂੰ ਲੈਣ ਲਈ ਐਂਬੂਲੈਂਸ ਭੇਜ ਸਕਦਾ ਹਾਂ।''

ਮੋਹਨ ਨੇ ਮੁਸਕਰਾਉਂਦੇ ਹੋਏ ਕਿਹਾ, ''ਮੈਂ ਹਾਲੇ ਵੀ ਸਿੱਧਾ ਤੁਰ ਸਕਦਾ ਹਾਂ। ਮੈਂ ਆਪਣੀ ਕਾਰ ਵਿਚ ਆਵਾਂਗਾ। ਕੱਲ੍ਹ ਸਵੇਰੇ ਨੌਂ ਵਜੇ।''

''ਨੌਂ ਵਜੇ ਠੀਕ ਰਹੇਗਾ। ਮੈਂ ਤੁਹਾਡੀ ਉਡੀਕ ਕਰਾਂਗਾ।''

ਜਦੋਂ ਡਾਕਟਰ ਨੇ ਰਵਾਨਾ ਹੋਣ ਲਈ ਹੱਥ ਮਿਲਾਉਣਾ ਚਾਹਿਆ ਤਾਂ ਮੋਹਨ ਨੇ ਪੁੱਛਿਆ, ''ਡਾਕਟਰ ਤੁਹਾਡੀ ਫੀਸ?''

''ਉਹਦੇ ਬਾਰੇ ਚਿੰਤਾ ਨਾ ਕਰੋ। ਸਾਰੇ ਟੈਸਟ ਕਰਨ ਤੋਂ ਬਾਅਦ ਮੈਂ ਤੁਹਾਨੂੰ ਇਕੱਠਾ ਹੀ ਬਿੱਲ ਭੇਜ ਦਿਆਂਗਾ। ਕੱਲ੍ਹ ਮਿਲਦੇ ਹਾਂ। ਖੁਸ਼ ਰਹੋ।''

ਬਿਮਲਾ ਸ਼ਰਮਾ ਡਾਕਟਰ ਨੂੰ ਉਹਦੀ ਕਾਰ ਤੱਕ ਛੱਡਣ ਗਈ। ਉਹ ਸ਼ੁੱਭ ਰਾਤਰੀ ਕਹਿਣ ਲਈ ਵਾਪਸ ਆਈ। ਇਕ ਵਾਰ ਫਿਰ ਉਹਨੇ ਉਹਦੇ ਮੱਥੇ 'ਤੇ ਆਪਣਾ ਹੱਥ ਰੱਖਿਆ, ਫਿਰ ਮੱਥੇ ਨੂੰ ਚੁੰਮਿਆ ਅਤੇ ਕਹਿਣ ਲੱਗੀ, ''ਛੇਤੀ ਠੀਕ ਹੋਵੋ।'' ਫਿਰ ਉਹ ਉਸ ਦੇ ਦੋ ਨੌਕਰਾਂ ਅਤੇ ਜੀਵਨ ਰਾਮ ਵੱਲ ਮੁੜ ਕੇ ਕਹਿਣ ਲੱਗੀ, ''ਸਾਹਬ ਦਾ ਧਿਆਨ ਰੱਖੋ। ਇਹ ਬੜੇ ਕੀਮਤੀ ਹਨ।''

ਜੀਵਨ ਰਾਮ ਨੇ ਤਿੰਨਾਂ ਦੀ ਤਰਫੋਂ ਜਵਾਬ ਦਿੱਤਾ, ''ਉਹ ਸਾਡੇ ਮਾਈ ਬਾਪ ਹਨ, ਮੇਮ ਸਾਹਬ, ਸਾਡੇ ਅੰਨਦਾਤਾ। ਸਾਡੀਆਂ ਉਮਰਾਂ ਵੀ ਪ੍ਰਮਾਤਮਾ ਇਨ੍ਹਾਂ ਨੂੰ ਦੇਵੇ।''

ਕੁਮਾਰ ਇਸ ਗੱਲ 'ਤੇ ਭਾਵੁਕ ਹੋ ਗਿਆ।

ਅਗਲੀ ਸਵੇਰ ਤਿੰਨੇ ਨੌਕਰ ਉਸ ਦੇ ਨਾਲ ਹੀ ਡਾਕਟਰ ਮਲਹੋਤਰਾ ਦੇ ਹਸਪਤਾਲ ਗਏ। ਉਨ੍ਹਾਂ ਨੂੰ ਬਾਹਰ ਹੀ ਰਹਿਣ ਲਈ ਕਿਹਾ ਗਿਆ। ਕੁਮਾਰ ਨੂੰ ਡਾਕਟਰਾਂ ਤੇ ਨਰਸਾਂ ਅੰਦਰ ਲੈ ਗਈਆਂ। ਸਭ ਤੋਂ ਪਹਿਲਾਂ ਉਹਦੀ ਉਮਰ, ਮਾਪਿਆਂ, ਸ਼ਾਦੀ, ਬੱਚਿਆਂ ਅਤੇ ਬੀਮਾਰੀਆਂ ਬਾਰੇ ਇਕ ਲੰਮਾ ਫਾਰਮ ਭਰਿਆ ਗਿਆ। ਬੀਮਾਰੀਆਂ ਬਾਰੇ ਆਖਰੀ ਕਾਲਮ ਵਿਚ ਉਸ ਨੇ ਲਿਖਿਆ ਕਿ ਦੋ ਮਹੀਨੇ ਤੋਂ ਪਹਿਲਾਂ ਤੱਕ ਉਹ ਨੂੰ ਕੋਈ ਬੀਮਾਰੀ ਨਹੀਂ ਸੀ। ਉਸ ਤੋਂ ਬਾਅਦ ਉਹਦੇ ਕਈ ਟੈਸਟ ਕੀਤੇ ਗਏ। ਅੱਖਾਂ, ਕੰਨ, ਨੱਕ ਅਤੇ ਮੂੰਹ ਦੀ ਜਾਂਚ ਕੀਤੀ ਗਈ। ਉਹਦੇ ਪੱਠਿਆਂ ਦੀ ਜਾਂਚ ਕੀਤੀ ਗਈ। ਫਿਰ ਉਹਦੇ ਸਿਰ ਦਾ ਕੈਟ ਸਕੈਨ ਕੀਤਾ ਗਿਆ ਅਤੇ ਖੂਨ ਤੇ ਪੇਸ਼ਾਬ ਟੈਸਟ ਕੀਤੇ ਗਏ। ਫਿਰ ਉਹਦੀ ਈ ਸੀ ਜੀ ਹੋਈ ਤੇ ਹੋਰ ਟੈਸਟ ਕੀਤੇ। ਇਸ ਸਾਰੇ ਕੰਮ ਵਿਚ ਦੋ ਘੰਟੇ ਲੱਗ ਗਏ। ਆਖਰਕਾਰ ਉਹ ਡਾਕਟਰ ਮਲਹੋਤਰਾ ਨਾਲ ਬੈਠ ਕੇ ਕੌਫੀ ਦਾ ਕੱਪ ਪੀ ਰਿਹਾ ਸੀ ਤਾਂ ਡਾਕਟਰ ਨੇ ਕਿਹਾ, ''ਅਜੇ ਤੱਕ ਸਾਨੂੰ ਤੁਹਾਡੇ ਅੰਦਰ ਕੋਈ ਨੁਕਸ ਨਹੀਂ ਲੱਭਿਆ। ਪਰ ਖੂਨ ਅਤੇ ਪੇਸ਼ਾਬ ਦੇ ਟੈਸਟਾਂ ਦੇ ਨਤੀਜੇ ਆਉਣ ਤੋਂ ਬਾਅਦ ਹੀ ਪੱਕੀ ਤਰ੍ਹਾਂ ਕੁਝ ਕਿਹਾ ਜਾ ਸਕਦਾ ਹੈ। ਇਸ ਵਿਚ ਦੋ ਜਾਂ ਤਿੰਨ ਦਿਨ ਲੱਗ ਸਕਦੇ ਹਨ। ਉਨੀ ਦੇਰ ਤੱਕ ਆਪਣੇ ਬੁਖਾਰ ਨੂੰ ਕੰਟਰੋਲ ਹੇਠ ਰੱਖੋ। ਐਸਪ੍ਰੀਨ ਲੈਂਦੇ ਰਹੋ ਅਤੇ ਠੰਡੇ ਪਾਣੀ ਦੀਆਂ ਪੱਟੀਆਂ ਕਰਦੇ ਰਹੋ।

ਡਾਕਟਰ ਉਹਨੂੰ ਉਹਦੀ ਕਾਰ ਤੱਕ ਛੱਡਣ ਆਇਆ ਅਤੇ ਕਹਿਣ ਲੱਗਾ, ''ਮੈਂ ਇਕ ਦੋ ਦਿਨਾਂ ਤੱਕ ਤੁਹਾਡੇ ਨਾਲ ਸੰਪਰਕ ਕਰਾਂਗਾ। ਬਹੁਤੀ ਚਿੰਤਾ ਨਹੀਂ ਕਰਨੀ।''

ਤਿੰਨ ਦਿਨ ਮਗਰੋਂ ਡਾਕਟਰ ਨੇ ਟੈਲੀਫੋਨ ਕੀਤਾ ਅਤੇ ਕਿਹਾ, ''ਮੈਂ ਸ਼ਾਮ ਨੂੰ ਤੁਹਾਨੂੰ ਦੇਖਣ ਆਵਾਂਗਾ। ਖਬਰੇ ਪੈੱਗ ਸ਼ੈੱਗ ਵੀ ਲਈਏ। ਮੈਂ ਤੁਹਾਡੇ ਨਾਲ ਇਕੱਲਿਆਂ ਗੱਲ ਕਰਨੀ ਚਾਹਾਂਗਾ।''

ਉਹ ਸ਼ਾਮ ਨੂੰ ਗੋਲਫ ਖੇਡਣ ਤੋਂ ਬਾਅਦ ਆਇਆ। ਉਹਦੇ ਹੱਥ ਵਿਚ ਕਾਫੀ ਵੱਡੀ ਫਾਈਲ ਸੀ। ਉਹ ਕੁਰਸੀ 'ਤੇ ਬੈਠ ਗਿਆ। ਮੋਹਨ ਨੇ ਗਾਊਨ ਪਾਇਆ ਹੋਇਆ ਸੀ। ਉਹਦਾ ਬੁਖਾਰ ਹਟਿਆ ਨਹੀਂ ਸੀ, ਨਾ ਹੀ ਖਾਂਸੀ ਗਈ ਸੀ। ਸਗੋਂ ਉਹਦੇ ਸਾਰੇ ਸਰੀਰ 'ਤੇ ਲਗਾਤਾਰ ਖੁਜਲੀ ਹੋਣ ਲੱਗ ਪਈ ਸੀ ਅਤੇ ਉਹ ਖੁਜਲੀ ਕਰਦਾ ਰਿਹਾ ਸੀ। ਡਾਕਟਰ ਨੇ ਆਪਣੇ ਲਈ ਸ਼ਰਾਬ ਪਾਈ ਅਤੇ ਇਕ ਗਿਲਾਸ ਉਹਨੇ ਆਪਣੇ ਮਰੀਜ਼ ਨੂੰ ਦਿੱਤਾ। ਉਹ ਸਿੱਧਾ ਹੀ ਅਸਲੀ ਗੱਲ 'ਤੇ ਆ ਗਿਆ, ''ਮਿਸਟਰ ਕੁਮਾਰ ਖੂਨ ਤੋਂ ਬਿਨਾਂ ਬਾਕੀ ਦੇ ਸਾਰੇ ਟੈਸਟ ਠੀਕ ਆਏ ਹਨ। ਖੂਨ ਦਾ ਇਕ ਟੈਸਟ ਮੈਨੂੰ ਹੋਰ ਕਰਨਾ ਪਏਗਾ। ਮੈਨੂੰ ਲੱਗਦਾ ਹੈ ਕਿ ਸੈਕਸ ਦੇ ਮਾਮਲੇ ਵਿਚ ਤੁਸੀਂ ਕਾਫੀ ਸਰਗਰਮ ਰਹੇ ਹੋ। ਠੀਕ ਹੈ ਕਿ ਨਹੀਂ?''

ਮੋਹਨ ਨੇ ਜਵਾਬ ਦਿੱਤਾ, ''ਮੈਨੂੰ ਕੋਈ ਸ਼ਿਕਾਇਤ ਨਹੀਂ। ਪ੍ਰਿੰਸਟਨ ਵਿਚ ਬਹੁਤ ਸਾਰੀਆਂ ਵਿਆਹੀਆਂ ਅਤੇ ਕੁਆਰੀਆਂ ਕੁੜੀਆਂ ਮੇਰੀਆਂ ਮਿੱਤਰ ਸਨ। ਕੁਝ ਕੁ ਇੱਥੇ ਵੀ ਸਨ।''

''ਕੀ ਤੁਸੀਂ ਸਦਾ ਹੀ ਨਿਰੋਧ ਦੀ ਵਰਤੋਂ ਕਰਦੇ ਰਹੇ ਹੋ?''

''ਨਹੀਂ। ਉਨ੍ਹਾਂ 'ਚੋਂ ਬਹੁਤੀਆਂ ਗੋਲੀ ਖਾਂਦੀਆਂ ਸਨ। ਸ਼ਾਦੀ ਤੋਂ ਬਾਅਦ ਮੈਂ ਇਹਦੀ ਵਰਤੋਂ ਕਰਦਾ ਰਿਹਾ ਅਤੇ ਪੁੱਤਰ ਦੇ ਜਨਮ ਤੋਂ ਬਾਅਦ ਵੀ। ਮੈਂ ਉਨੀ ਦੇਰ ਇਹਦੀ ਵਰਤੋਂ ਕਰਦਾ ਰਿਹਾ ਜਦੋਂ ਤੱਕ ਸਾਨੂੰ ਦੂਜੇ ਬੱਚੇ ਦੀ ਲੋੜ ਨਾ ਪਈ।''

''ਮੈਨੂੰ ਪਤਾ ਲੱਗਾ ਹੈ ਕਿ ਤੁਹਾਡੀ ਸ਼ਾਦੀ ਕੁਝ ਸਾਲ ਪਹਿਲਾਂ ਟੁੱਟ ਗਈ ਸੀ। ਕੀ ਤੁਹਾਡੇ ਹੋਰ ਔਰਤਾਂ ਨਾਲ ਵੀ ਸਬੰਧ ਰਹੇ ਹਨ?''

ਮੋਹਨ ਨੇ ਇਮਾਨਦਾਰੀ ਨਾਲ ਜਵਾਬ ਦਿੱਤਾ, ''ਹਾਂ ਕੁਝ ਔਰਤਾਂ ਨਾਲ ਰਹੇ ਹਨ। ਕੁਝ ਔਰਤਾਂ ਨਾਲ ਤਾਂ ਕਾਫੀ ਲੰਮੇ ਸਮੇਂ ਤੱਕ ਵੀ ਰਹੇ। ਜੇ ਉਹ ਗੋਲੀ ਨਹੀਂ ਸਨ ਤਾਂ ਖਾਂਦੀਆਂ ਤਾਂ ਮੈਂ ਨਿਰੋਧ ਵਰਤ ਲੈਂਦਾ ਸਾਂ। ਇਕ ਨੇ ਨਸਬੰਦੀ ਕਰਵਾਈ ਹੋਈ ਸੀ ਜਿਸ ਕਰਕੇ ਮੈਨੂੰ ਕੁਝ ਵੀ ਵਰਤਣ ਦੀ ਲੋੜ ਨਹੀਂ ਸੀ ਪਈ।''

''ਕੀ ਤੁਸੀਂ ਉਨ੍ਹਾਂ ਵਿਚੋਂ ਕਿਸੇ ਨਾਲ ਗੈਰ-ਕੁਦਰਤੀ ਸੈਕਸ ਵੀ ਕੀਤਾ ਹੈ?''

''ਕਦੇ ਨਹੀਂ। ਮੈਂ ਸਿੱਧਾ ਸੈਕਸ ਹੀ ਕਰਦਾ ਰਿਹਾ ਹਾਂ। ਮੁੰਡੇਬਾਜ਼ੀ ਮੈਨੂੰ ਪਸੰਦ ਨਹੀਂ।''

''ਅਤੇ ਮੂੰਹ ਨਾਲ?''

''ਸਿਰਫ ਉਦੋਂ ਹੀ ਜਦੋਂ ਮੇਰੇ ਅੰਗਾਂ ਵਿਚ ਤਣਾਅ ਨਾ ਆਉਂਦਾ ਹੋਵੇ ਅਤੇ ਔਰਤ ਨੂੰ ਦੂਜੀ ਵਾਰੀ ਸੈਕਸ ਚਾਹੀਦਾ ਹੋਵੇ। ਉਦੋਂ ਮੈਂ ਔਰਤ ਨੂੰ ਮਿੰਟ ਜਾਂ ਦੋ ਮਿੰਟ ਲਈ ਮੂੰਹ ਦੀ ਵਰਤੋਂ ਕਰਨ ਦਿੰਦਾ ਹਾਂ। ਇਸ ਤਰ੍ਹਾਂ ਦੇ ਸੈਕਸ ਨਾਲ ਮੈਨੂੰ ਕੋਫਤ ਹੁੰਦੀ ਹੈ। ਪਰ ਤੁਸੀਂ ਇਹ ਸਾਰੀਆਂ ਗੱਲਾਂ ਕਿਉਂ ਪੁੱਛ ਰਹੇ ਹੋ, ਹਾਲਾਂਕਿ ਮੈਨੂੰ ਇਸ ਮਸਲੇ ਬਾਰੇ ਗੱਲ ਕਰਨੀ ਬੁਰੀ ਨਹੀਂ ਲੱਗਦੀ?''

''ਮਿਸਟਰ ਕੁਮਾਰ ਇਹ ਬਹੁਤ ਜ਼ਰੂਰੀ ਹੈ ਕਿ ਮੈਨੂੰ ਇਸ ਸਭ ਕਾਸੇ ਦਾ ਪਤਾ ਹੋਵੇ। ਤੁਸਾਂ ਆਖਰੀ ਵਾਰ ਸੈਕਸ ਕਦੋਂ ਕੀਤਾ ਸੀ?''

''ਛੇ ਮਹੀਨੇ ਪਹਿਲਾਂ ਬੰਬਈ ਦੇ ਇਕ ਹੋਟਲ ਵਿਚ।''

''ਕੀ ਤੁਸੀਂ ਉਸ ਔਰਤ ਨੂੰ ਜਾਣਦੇ ਸੀ? ਕੀ ਤੁਸਾਂ ਨਿਰੋਧ ਦੀ ਵਰਤੋਂ ਕੀਤੀ?''

''ਮੈਂ ਉਸ ਔਰਤ ਨੂੰ ਨਹੀਂ ਸਾਂ ਜਾਣਦਾ, ਉਹਨੇ ਤਾਂ ਆਪਣਾ ਨਾਂ ਦੱਸਣ ਤੋਂ ਵੀ ਇਨਕਾਰ ਕਰ ਦਿੱਤਾ ਸੀ। ਬਹਿਰਾ ਉਹਨੂੰ ਲੈ ਕੇ ਆਇਆ ਸੀ। ਲੱਗਦਾ ਹੈ ਉਹਨੇ ਕਿਸੇ ਦਲਾਲ ਰਾਹੀਂ ਉਹਨੂੰ ਸੱਦਿਆ ਸੀ। ਮੈਂ ਉਹਨੂੰ ਕਾਫੀ ਪੈਸੇ ਦਿੱਤੇ ਸਨ। ਮੇਰੇ ਕੋਲ ਨਿਰੋਧ ਨਹੀਂ ਸਨ ਕਿਉਂਕਿ ਮੈਨੂੰ ਆਸ ਨਹੀਂ ਸੀ ਕਿ ਉੱਥੇ ਸੈਕਸ ਦੀ ਲੋੜ ਪਏਗੀ। ਫਿਰ ਵੀ ਉਹ

ਬੜੀ ਸਾਫ਼ ਸੁਥਰੀ ਤੇ ਸਿਹਤਮੰਦ ਲੱਗਦੀ ਸੀ। ਡਾਕਟਰ, ਤੁਸੀਂ ਕਹਿਣਾ ਕੀ ਚਾਹੁੰਦੇ ਹੋ? ਮੈਨੂੰ ਕਿਤੇ ਕੋਈ ਗੁਪਤ ਬੀਮਾਰੀ ਤਾਂ ਨਹੀਂ ਹੋ ਗਈ, ਜਿਵੇਂ ਸਿਫਲਿਸ ਜਾਂ ਗਲੋਰੀਆ?''

''ਅੱਜ ਕੱਲ੍ਹ ਦੋਵਾਂ ਦੇ ਹੀ ਇਲਾਜ ਹੋ ਜਾਂਦੇ ਹਨ। ਮੈਂ ਤੁਹਾਨੂੰ ਸਾਫ਼ ਸਾਫ਼ ਦੱਸਾਂਗਾ ਮਿਸਟਰ ਕੁਮਾਰ ਕਿ ਤੁਹਾਡੇ ਖ਼ੂਨ ਦੇ ਟੈਸਟ ਦੱਸਦੇ ਹਨ ਕਿ ਤੁਹਾਡਾ ਐਚ ਆਈ ਵੀ ਪੌਜ਼ੇਟਿਵ ਹੈ। ਜਿਵੇਂ ਮੈਂ ਪਹਿਲਾਂ ਹੀ ਕਿਹਾ, ਇਹਦੇ ਬਾਰੇ ਸ਼ੱਕ ਦੂਰ ਕਰਨ ਲਈ ਮੈਂ ਇਕ ਹੋਰ ਸੈਂਪਲ ਲਵਾਂਗਾ।''

ਮੋਹਨ ਦਾ ਦਿਲ ਬੈਠ ਗਿਆ, ''ਮੈਨੂੰ ਦੱਸਿਆ ਗਿਆ ਹੈ ਕਿ ਐਚ ਆਈ ਵੀ ਦਾ ਕੋਈ ਇਲਾਜ ਨਹੀਂ। ਮੈਨੂੰ ਕਿੰਨੇ ਦੇਰ ਤੋਂ ਹੈ ਇਹ?''

ਡਾਕਟਰ ਨੇ ਉਹਨੂੰ ਭਰੋਸਾ ਦਿਵਾਉਣ ਲਈ ਉਹਦੇ ਹੱਥ 'ਤੇ ਹੱਥ ਮਾਰਿਆ ਅਤੇ ਕਹਿਣ ਲੱਗਿਆ, ''ਅਸੀਂ ਐਚ ਆਈ ਵੀ ਨੂੰ ਕੰਟਰੋਲ ਕਰ ਸਕਦੇ ਹਾਂ ਅਤੇ ਕਈ ਸਾਲਾਂ ਤੱਕ ਇਸ ਨੂੰ ਏਡਜ਼ ਬਣਨ ਤੋਂ ਰੋਕ ਸਕਦੇ ਹਾਂ। ਤੁਹਾਨੂੰ ਇਹਦੇ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ। ਤੁਹਾਡੀ ਜ਼ਿੰਦਗੀ ਲੰਮੀ ਹੋਏਗੀ-ਘੱਟੋ ਘਟ ਦਸ ਜਾਂ ਵੀਹ ਸਾਲ ਹੋਰ। ਪਰ ਅੱਜ ਤੋਂ ਬਾਅਦ ਸੈਕਸ ਨਹੀਂ ਕਰਨਾ ਹੋਏਗਾ। ਇਸ ਨਾਲ ਤੁਸੀਂ ਹੋਰਾਂ ਨੂੰ ਬੀਮਾਰੀ ਲਾਵੋਗੇ। ਜੇ ਤੁਸਾਂ ਕਰਨਾ ਹੀ ਹੋਵੇ ਤਾਂ ਤੁਹਾਨੂੰ ਸਦਾ ਨਿਰੋਧ ਵਰਤਣਾ ਪਵੇਗਾ। ਸਭ ਤੋਂ ਵੱਡੀ ਗੱਲ ਹੈ ਕਿ ਇਹਦੇ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ। ਤੁਹਾਡਾ ਬੁਖਾਰ ਜਾਂਦਾ ਰਹੇਗਾ ਅਤੇ ਖੁਜਲੀ ਵੀ ਖਤਮ ਹੋ ਜਾਵੇਗੀ। ਜੇ ਵਾਇਰਸ ਕੰਟਰੋਲ ਹੇਠ ਰਹੇ ਤਾਂ ਤੁਹਾਡੀ ਸਿਹਤ ਮੁੜ ਠੀਕ ਹੋ ਜਾਵੇਗੀ। ਮੈਂ ਤੁਹਾਡੀ ਮਦਦ ਕਰਾਂਗਾ।''

''ਡਾਕਟਰ, ਸਭ ਲੋਕਾਂ ਨੂੰ ਪਤਾ ਲੱਗ ਜਾਵੇਗਾ ਕਿ ਮੈਨੂੰ ਏਡਜ਼ ਹੈ। ਲੋਕ ਮੈਥੋਂ ਦੂਰ ਦੂਰ ਰਹਿਣਗੇ। ਮੈਂ ਸੰਸਾਰ ਦਾ ਸਾਹਮਣਾ ਕਿਵੇਂ ਕਰਾਂਗਾ? ਮੇਰੇ ਬੱਚੇ ਮੇਰੇ ਬਾਰੇ ਕੀ ਸੋਚਣਗੇ।''

''ਕਿਸੇ ਨੂੰ ਵੀ ਦੱਸਣ ਦੀ ਲੋੜ ਨਹੀਂ। ਹੁਣ ਤੱਕ ਸਿਰਫ ਮੈਨੂੰ ਪਤਾ ਹੈ ਕਿ ਤੁਸੀਂ ਐਚ ਆਈ ਵੀ ਕੇਸ ਹੋ। ਇੱਥੋਂ ਤੱਕ ਕਿ ਮੇਰੇ ਲੈਬਾਰਟਰੀ ਸਟਾਫ ਨੂੰ ਵੀ ਇਹ ਨਹੀਂ ਪਤਾ ਕਿ ਇਹ ਖ਼ੂਨ ਕਿਸ ਦਾ ਸੀ ਜਿਸ ਵਿਚ ਇਹ ਵਾਇਰਸ ਪਾਇਆ ਗਿਆ। ਮੈਂ ਆਪਣੇ ਮਰੀਜ਼ਾਂ ਦੀਆਂ ਬੀਮਾਰੀਆਂ ਬਾਰੇ ਕਿਸੇ ਨੂੰ ਨਹੀਂ ਦੱਸਦਾ। ਜਿੰਨੀ ਦੇਰ ਤੱਕ ਤੁਸੀਂ ਆਪਣਾ ਮੂੰਹ ਨਹੀਂ ਖੋਲ੍ਹੋਗੇ, ਇਹ ਭੇਦ ਸਾਡੇ ਦੋਹਾਂ ਵਿਚ ਹੀ ਰਹੇਗਾ। ਜਿਵੇਂ ਮੈਂ ਪਹਿਲਾਂ ਹੀ ਕਿਹਾ ਹੈ ਕਿ ਇਹਦੇ ਬਾਰੇ ਬਹੁਤੀ ਚਿੰਤਾ ਕਰਨ ਦੀ ਲੋੜ ਨਹੀਂ। ਤੁਹਾਨੂੰ ਇਹਦਾ ਮੁਕਾਬਲਾ ਖੁਸ਼ਦਿਲੀ ਨਾਲ ਅਤੇ ਹੌਂਸਲੇ ਨਾਲ ਕਰਨਾ ਚਾਹੀਦਾ ਹੈ।''

ਡਾਕਟਰ ਚਲਾ ਗਿਆ। ਮੋਹਨ 'ਤੇ ਉਦਾਸੀ ਛਾਅ ਗਈ। ਕੋਈ ਵੀ ਤਾਂ ਨਹੀਂ ਸੀ ਜਿਸ ਦੇ ਨਾਲ ਉਹ ਗੱਲ ਕਰ ਸਕਦਾ। ਇਹ ਸਭ ਕਾਸੇ ਲਈ ਉਹ ਆਪਣੇ ਆਪ ਨੂੰ ਹੀ ਦੋਸ਼ੀ ਸਮਝਦਾ ਸੀ। ਪਰ ਆਪਣੇ ਆਪ ਨੂੰ ਵੀ ਦੋਸ਼ ਦੇਣ ਨਾਲ ਵੀ ਕੋਈ ਲਾਭ ਨਹੀਂ ਸੀ

ਹੁੰਦਾ। ਇਸ ਤੋਂ ਬਿਨਾ ਮੋਹਨ ਨੂੰ ਸਵੈ ਤਰਸ ਦੀ ਭਾਵਨਾ ਤੋਂ ਵੀ ਨਫਰਤ ਸੀ। ਜਿਸ ਕਾਰਨ ਉਹ ਦੀ ਹਾਲਤ ਹੋਰ ਵੀ ਤਰਸਯੋਗ ਹੋ ਗਈ ਸੀ ਪਰ ਇਸ ਖ਼ਬਰ ਦਾ ਸਦਮਾ ਬਹੁਤ ਵੱਡਾ ਸੀ। ਉਹਨੇ ਕਮਰੇ ਦਾ ਦਰਵਾਜ਼ਾ ਬੰਦ ਕੀਤਾ, ਆਪਣੇ ਲਈ ਸਕਾਚ ਪਾਈ ਅਤੇ ਆਰਾਮ ਕੁਰਸੀ 'ਤੇ ਬੈਠ ਗਿਆ। ਉਹਨੇ ਆਪਣੀ ਪਤਲੂਨ ਦੀ ਜਿੱਪ ਖੋਲ੍ਹੀ ਅਤੇ ਆਪਣਾ ਅੰਗ ਬਾਹਰ ਕੱਢਿਆ। ਇਸ ਵਿਚ ਕੋਈ ਹਰਕਤ ਨਹੀਂ ਸੀ। ਨਾ ਹੀ ਇਸ 'ਤੇ ਕੋਈ ਬੀਮਾਰੀ ਦੇ ਚਿੰਨ੍ਹ ਹੀ ਸਨ। ਅਚਨਚੇਤ ਹੀ ਉਹਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ-''ਹਰਾਮਜ਼ਾਦੇ, ਮਾਂ ਚੋ.....ਭੈਣ ਚੋ.....ਸਾਲੇ ਰੰਡੀ ਦੇ ਤੂੰ ਮੈਨੂੰ ਕੀ ਕਰ ਦਿੱਤਾ?'' ਸੁਸਤ ਅੰਗ 'ਤੇ ਕੋਈ ਅਸਰ ਨਾ ਹੋਇਆ। ਮੋਹਨ ਕੁਝ ਦੇਰ ਉਹਨੂੰ ਦੇਖਦਾ ਰਿਹਾ। ਉਹਨੇ ਜ਼ਿੰਦਗੀ ਵਿਚ ਹਾਸਲ ਕੀਤੇ ਆਨੰਦ ਨੂੰ ਮੁੜ ਚੇਤੇ ਕੀਤਾ ਅਤੇ ਇਹ ਵੀ ਮਹਿਸੂਸ ਕੀਤਾ ਇਹ ਸਾਰੇ ਆਨੰਦ ਲਈ ਉਹਦਾ ਇਹੀ ਅੰਗ ਜ਼ਿੰਮੇਵਾਰ ਸੀ। ਉਹਨੂੰ ਆਪਣਾ ਆਪ ਬੜਾ ਬੇਵਕੂਫਾਨਾ ਲੱਗਿਆ। ਉਹਨੇ ਜਿੱਪ ਬੰਦ ਕਰ ਲਈ, ਸ਼ਰਾਬ ਦਾ ਹੋਰ ਪੈੱਗ ਬਣਾਇਆ ਅਤੇ ਆਪਣੇ ਆਪ ਨੂੰ ਸਮਝਾਇਆ ਕਿ ਸ਼ਾਂਤ ਰਹੇ। ਉਸ ਸ਼ਾਮ ਉਹਨੇ ਤਿੰਨ ਨਾਲੋਂ ਵੱਧ ਪੈੱਗ ਪੀਤੇ, ਥੋੜ੍ਹਾ ਜਿਹਾ ਖਾਣਾ ਖਾਧਾ ਅਤੇ ਫਿਰ ਸ਼ਰਾਬੀ ਹੋ ਕੇ ਸੌਂ ਗਿਆ।

ਜਿਵੇਂ ਕਿ ਡਾਕਟਰ ਨੇ ਕਿਹਾ ਸੀ ਬੁਖਾਰ ਜਾਂਦਾ ਰਿਹਾ। ਖਾਂਸੀ ਅਤੇ ਖੁਜਲੀ ਵੀ ਬੰਦ ਹੋ ਗਈ। ਖੂਨ ਦੇ ਦੂਜੇ ਟੈਸਟ ਤੋਂ ਇਹ ਪੁਸ਼ਟੀ ਹੋ ਗਈ ਕਿ ਉਸ ਨੂੰ ਐਚ ਆਈ ਵੀ ਹੈ। ਇਹਨੂੰ ਕੰਟਰੋਲ ਹੇਠ ਰੱਖਣ ਲਈ ਇਹਦਾ ਬਕਾਇਦਾ ਇਲਾਜ ਕਰਨਾ ਜ਼ਰੂਰੀ ਸੀ। ਬਾਹਰੋਂ ਤਾਂ ਉਹ ਬਿਲਕੁਲ ਠੀਕ ਠਾਕ ਲੱਗਦਾ ਸੀ ਪਰ ਅੰਦਰੋਂ ਉਹਨੂੰ ਮਹਿਸੂਸ ਹੁੰਦਾ ਸੀ ਕਿ ਉਹ ਖੁਰ ਰਿਹਾ ਹੈ। ਸਿਹਤ ਠੀਕ ਹੋਣ 'ਤੇ ਉਸ ਦੇ ਨੌਕਰਾਂ, ਸਟਾਫ ਅਤੇ ਮਿੱਤਰਾਂ ਨੇ ਉਹਨੂੰ ਵਧਾਈਆਂ ਦਿੱਤੀਆਂ। ਜਦੋਂ ਉਨ੍ਹਾਂ ਪੁੱਛਿਆ ਕਿ ਉਹਨੂੰ ਕੀ ਖਰਾਬੀ ਸੀ ਤਾਂ ਉਹ ਗੋਲਮੋਲ ਗੱਲ ਕਰ ਗਿਆ, ''ਕਿਸੇ ਕਿਸਮ ਦਾ ਵਾਇਰਲ ਬੁਖਾਰ ਸੀ। ਡਾਕਟਰਾਂ ਨੂੰ ਵੀ ਇਨ੍ਹਾਂ ਬੁਖਾਰਾਂ ਬਾਰੇ ਬਹੁਤਾ ਕੁਝ ਨਹੀਂ ਪਤਾ। ਇਹ ਆਪਣੇ ਆਪ ਹੁੰਦੇ ਹਨ ਅਤੇ ਫਿਰ ਹਟ ਜਾਂਦੇ ਹਨ।''

ਦਿਨ ਰਾਤ ਉਹਨੂੰ ਇਹ ਡਰ ਖਾਈ ਜਾਂਦਾ ਰਹਿੰਦਾ ਕਿ ਉਹ ਬਹੁਤ ਡਰਾਉਣੀ ਮੌਤ ਮਰੇਗਾ। ਇਸ ਬਾਰੇ ਸੋਚਦਾ ਹੋਇਆ ਉਹ ਰਾਤ ਰਾਤ ਭਰ ਜਾਗਦਾ ਰਹਿੰਦਾ। ਉਹਨੇ ਡਾਕਟਰ ਮਲਹੋਤਰਾ ਨੂੰ ਇਹ ਗੱਲ ਦੱਸੀ। ਡਾਕਟਰ ਨੇ ਉਹ ਨੂੰ ਕਿਹਾ, ''ਮਿਸਟਰ ਕੁਮਾਰ ਤੁਸੀਂ ਸਿਆਣੇ ਬਿਆਣੇ ਬੰਦੇ ਹੋ। ਤੁਹਾਨੂੰ ਪਤਾ ਹੈ ਕਿ ਮੌਤ ਸਭ ਨੂੰ ਆਉਣੀ ਹੈ। ਅਸੀਂ ਡਾਕਟਰ ਤਾਂ ਇਸ ਲਈ ਹੁੰਦੇ ਹਾਂ ਤਾਂ ਕਿ ਮੌਤ ਨੂੰ ਤਕਲੀਫਦੇਹ ਨਾ ਬਣਨ ਦੇਈਏ। ਜੇ ਤੁਹਾਨੂੰ ਨੀਂਦ ਨਹੀਂ ਆਉਂਦੀ ਤਾਂ ਨੀਂਦ ਵਾਲੀ ਗੋਲੀ ਲੈ ਲਿਆ ਕਰੋ। ਰਾਤ ਨੂੰ ਸੋਣ ਵੇਲੇ ਕਮਪੋਜ਼ ਦੀ ਇਕ ਗੋਲੀ। ਜੇ ਰਾਤ ਨੂੰ ਜਾਗ ਆਉਂਦੀ ਹੈ ਤਾਂ ਇਕ ਗੋਲੀ ਹੋਰ ਲੈ ਲਵੋ। ਪਰ ਦੋ ਤੋਂ ਵੱਧ ਨਹੀਂ।''

ਮੋਹਨ ਨੂੰ ਕਦੇ ਵੀ ਉਨੀਂਦਰੇ ਦੀ ਬੀਮਾਰੀ ਨਹੀਂ ਸੀ। ਹੁਣ ਹਾਲਤ ਇਹ ਸੀ ਕਿ ਸੌਣ ਵਾਲੀ ਗੋਲੀ ਤੋਂ ਬਿਨਾਂ ਉਹ ਸੌਂ ਨਹੀਂ ਸੀ ਸਕਦਾ। ਕਈ ਵਾਰ ਤਾਂ ਅੱਧੀ ਰਾਤ ਨੂੰ ਵੀ ਉਹਨੂੰ ਹੋਰ ਗੋਲੀ ਲੈਣੀ ਪੈਂਦੀ ਸੀ ਅਤੇ ਫਿਰ ਅੱਧੇ ਦਿਨ ਤੱਕ ਉਸ ਦਾ ਅਸਰ ਰਹਿੰਦਾ ਸੀ। ਉਹਨੇ ਡਾਕਟਰ ਨੂੰ ਪੁੱਛਿਆ ਕਿ ਕੀ ਉਹਨੂੰ ਆਪਣੀ ਵਸੀਅਤ ਬਣਾ ਲੈਣੀ ਚਾਹੀਦੀ ਹੈ? ਹੁਣ ਤੱਕ ਡਾਕਟਰ ਉਹਦੇ ਬਹੁਤ ਨੇੜੇ ਹੋ ਚੁੱਕਾ ਸੀ ਕਿਉਂਕਿ ਸਿਰਫ ਉਸੇ ਨੂੰ ਹੀ ਪਤਾ ਸੀ ਕਿ ਮੋਹਨ ਕੁਮਾਰ ਦੇ ਅੰਦਰ ਇਕ ਟਾਈਮ ਬੰਬ ਚੱਲ ਰਿਹਾ ਹੈ। ਡਾਕਟਰ ਨੇ ਉਹਨੂੰ ਫੇਰ ਉਹੀ ਸਿਆਣਪ ਵਾਲੀ ਸਲਾਹ ਦਿੱਤੀ : ''ਮੇਰਾ ਖਿਆਲ ਹੈ ਕਿ ਪੰਜਾਹ ਸਾਲ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਨੂੰ ਵਸੀਅਤ ਤਿਆਰ ਕਰ ਲੈਣੀ ਚਾਹੀਦੀ ਹੈ, ਖਾਸਕਰ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਕੋਲ ਇੰਨੀ ਜਾਇਦਾਦ ਹੈ ਕਿ ਉਸ 'ਤੇ ਝਗੜੇ ਪੈ ਸਕਦੇ ਹਨ। ਇਸ ਲਈ ਵੀ ਕਿ ਉਹ ਉਨ੍ਹਾਂ ਲੋਕਾਂ ਲਈ ਕੁਝ ਛੱਡ ਜਾਣ ਜਿਨ੍ਹਾਂ ਨੂੰ ਉਹ ਪਸੰਦ ਕਰਦੇ ਹਨ।''

ਮੋਹਨ ਨੇ ਆਪਣੀ ਵਸੀਅਤ ਬਣਾਈ ਅਤੇ ਇਹ ਕੰਮ ਆਪਣੇ ਵਕੀਲ ਦੀ ਸਲਾਹ ਨਾਲ ਕੀਤਾ। ਸਭ ਤੋਂ ਪਹਿਲੀ ਗੱਲ ਉਹਨੇ ਇਹ ਕੀਤੀ ਕਿ ਪੰਜਾਹ ਪੰਜਾਹ ਹਜ਼ਾਰ ਰੁਪਏ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਣ ਜਿਨ੍ਹਾਂ ਉਸ ਦੀ ਇੰਨੀ ਸੇਵਾ ਕੀਤੀ ਸੀ। ਇਨ੍ਹਾਂ ਵਿਚ ਉਸ ਦਾ ਰਸੋਈਆ, ਬੇਅਰਾ, ਡਰਾਈਵਰ ਜੀਵਨ ਰਾਮ ਅਤੇ ਬਿਮਲਾ ਸ਼ਰਮਾ ਸ਼ਾਮਲ ਸਨ। ਇਸ ਤੋਂ ਬਾਅਦ ਰਣਜੀਤ ਵਿਲਾ ਦਾ ਮਾਮਲਾ ਆਇਆ ਜਿਹੜਾ ਉਹਨੇ ਆਪਣੇ ਪੁੱਤਰ ਨੂੰ ਦੇਣ ਦਾ ਵਾਅਦਾ ਕੀਤਾ ਸੀ ਪਰ ਹੁਣ ਉਹਨੇ ਫੈਸਲਾ ਕੀਤਾ ਕਿ ਇਹ ਮਕਾਨ ਉਹਦੇ ਪੁੱਤਰ ਅਤੇ ਧੀ ਨੂੰ ਬਰੋ-ਬਰਾਬਰ ਜਾਏਗਾ। ਉਹ ਖੁਦ ਫੈਸਲਾ ਕਰਨਗੇ ਕਿ ਕਿਸ ਨੂੰ ਕਿਹੜਾ ਹਿੱਸਾ ਚਾਹੀਦਾ ਹੈ। ਜਾਂ ਫਿਰ ਉਹ ਕਰੀਬ ਦੋ ਕਰੋੜ ਰੁਪਏ ਦੇ ਇਸ ਮਕਾਨ ਨੂੰ ਵੇਚ ਕੇ ਨਕਦੀ ਵੰਡ ਸਕਦੇ ਹਨ। ਇਸੇ ਤਰ੍ਹਾਂ ਉਹਨੇ ਤੇ ਆਪਣੀ ਕੰਪਨੀ ਵੀ ਆਪਣੇ ਦੋਵਾਂ ਬੱਚਿਆਂ ਦੇ ਨਾਂ ਕਰ ਦਿੱਤੀ। ਜਿਹੜੇ ਗਹਿਣੇ ਉਹਦੇ ਪਿਤਾ ਨੇ ਸੋਨੂੰ ਨੂੰ ਦਿੱਤੇ ਸਨ ਉਹ ਮੋਹਣੀ ਕੋਲ ਜਾਣਗੇ। ਉਹਨੇ ਆਪਣੀ ਕਾਰ ਜੀਵਨ ਰਾਮ ਨੂੰ ਦੇ ਦਿੱਤੀ ਜਿਹੜਾ ਉਹ ਦਾ ਸਭ ਤੋਂ ਪੁਰਾਣਾ ਡਰਾਈਵਰ ਸੀ। ਉਹਦਾ ਵਕੀਲ ਉਹ ਨੂੰ ਰਜਿਸਟਰਾਰ ਦੀ ਅਦਾਲਤ ਵਿਚ ਲੈ ਗਿਆ, ਜਿੱਥੇ ਇਹ ਵਸੀਅਤ ਰਜਿਸਟਰਡ ਕਰਵਾਈ ਗਈ। ਇਹਦੀ ਇਕ ਨਕਲ ਡਾਕਟਰ ਮਲਹੋਤਰਾ ਨੂੰ ਸੰਭਾਲ ਕੇ ਰੱਖਣ ਲਈ ਦੇ ਦਿੱਤੀ ਗਈ।

ਮੋਹਨ ਨੇ ਕੁਝ ਹਲਕਾ ਹਲਕਾ ਮਹਿਸੂਸ ਕੀਤਾ। ਉਹਨੇ ਉਨ੍ਹਾਂ ਸਾਰੇ ਲੋਕਾਂ ਦਾ ਧਿਆਨ ਰੱਖਿਆ ਸੀ ਜਿਨ੍ਹਾਂ ਨੂੰ ਕੁਝ ਨਾ ਕੁਝ ਦੇਣਾ ਬਣਦਾ ਸੀ। ਜੇ ਕਿਤੇ ਡਾਕਟਰ ਮਲਹੋਤਰਾ ਉਸ ਨੂੰ ਇਸ ਖਤਰਨਾਕ ਬੀਮਾਰੀ ਤੋਂ ਬਚਾ ਸਕੇ ਤਾਂ ਉਹ ਸਤਿਕਾਰਯੋਗ ਮੌਤ ਮਰ ਸਕੇਗਾ ਅਤੇ ਉਹ ਦੇ ਬੱਚਿਆਂ ਨੂੰ ਇਹ �ੱਲ ਨਹੀਂ ਸੁਣਨੀ ਪਏਗੀ ਕਿ ਉਨ੍ਹਾਂ ਦਾ ਪਿਓ ਇਸ ਤਰ੍ਹਾਂ ਦੀ ਸ਼ਰਮਨਾਕ ਬੀਮਾਰੀ ਨਾਲ ਮਰਿਆ ਹੈ।

# ਮੋਹਨ ਕੁਮਾਰ ਦੀ ਮੌਤ

ਡਾਕਟਰ ਮਲਹੋਤਰਾ ਵੱਲੋਂ ਬੀਮਾਰੀ ਬਾਰੇ ਉਸਨੂੰ ਦੱਸਣ ਦੇ ਦੋ ਮਹੀਨੇ ਬਾਅਦ ਤੱਕ ਮੋਹਨ ਦੀ ਸਿਹਤ ਕਾਫੀ ਠੀਕ ਠਾਕ ਰਹੀ ਅਤੇ ਬਾਹਰੀ ਤੌਰ 'ਤੇ ਉਹ ਸਾਧਾਰਨ ਜ਼ਿੰਦਗੀ ਜਿਉਂਦਾ ਰਿਹਾ। ਉਸ ਨੇ ਸੈਕਸ ਤੋਂ ਕਿਨਾਰਾ ਕਰ ਲਿਆ। ਪਹਿਲਾਂ ਪਹਿਲ ਤਾਂ ਕਾਫੀ ਔਖਾ ਲੱਗਾ ਪਰ ਹੌਲੀ ਹੌਲੀ ਉਹਨੇ ਇਹ ਸਿੱਖ ਲਿਆ ਕਿ ਇਸ ਨੂੰ ਮਨ ਵਿਚੋਂ ਕਿਵੇਂ ਕੱਢਣਾ ਹੈ। ਕੰਮ ਦੇ ਸਮੇਂ ਉਹ ਸਖਤ ਕੰਮ ਕਰਦਾ। ਫਿਰ ਉਹ ਪੁਰਾਣੇ ਦੋਸਤਾਂ ਨਾਲ ਮਿਲ ਬੈਠਦਾ ਅਤੇ ਰਾਤ ਨੂੰ ਸੌਣ ਦੀ ਗੋਲੀ ਲੈ ਕੇ ਗਹਿਰੀ ਨੀਂਦ ਲੈਂਦਾ। ਉਹ ਏਡਜ਼ ਦਾ ਇਲਾਜ ਲੱਭਣ ਵਿਚ ਲੱਗੇ ਹੋਏ ਡਾਕਟਰਾਂ ਦੀਆਂ ਖ਼ਬਰਾਂ ਵਿਚ ਭਾਰੀ ਦਿਲਚਸਪੀ ਲੈਂਦਾ। ਆਪਣੀ ਖੁਰਾਕ ਬਾਰੇ ਉਹ ਕਾਫੀ ਚੌਕਸ ਰਹਿੰਦਾ। ਉਹ ਲਗਾਤਾਰ ਕਸਰਤ ਕਰਦਾ ਅਤੇ ਦਵਾਈਆਂ ਬਾਰੇ ਡਾਕਟਰ ਮਲਹੋਤਰਾ ਨਾਲ ਸਲਾਹ ਕਰਦਾ ਰਹਿੰਦਾ।

ਉਸੇ ਸਾਲ ਅਕਤੂਬਰ ਵਿਚ ਜਦੋਂ ਮੌਸਮ ਬਦਲਿਆ ਤਾਂ ਉਹਨੂੰ ਠੰਡ ਲੱਗ ਗਈ। ਹੌਲੀ ਹੌਲੀ ਇਹ ਸਖਤ ਜ਼ੁਕਾਮ ਵਿਚ ਬਦਲ ਗਈ। ਇਹ ਖਤਮ ਨਹੀਂ ਸੀ ਹੋ ਰਹੀ। ਜਦੋਂ ਡਾਕਟਰ ਮਲਹੋਤਰਾ ਨੇ ਉਹਨੂੰ ਦੇਖਿਆ ਤਾਂ ਉਹਨੂੰ ਲੱਗਾ ਕਿ ਮੋਹਨ ਦੇ ਫੇਫੜਿਆਂ ਵਿਚ ਟੀ ਬੀ ਦੀਆਂ ਕੁਝ ਨਿਸ਼ਾਨੀਆਂ ਹਨ। ਉਹਨੇ ਬਹੁਤ ਨਿਮਰਤਾ ਨਾਲ ਮੋਹਨ ਨੂੰ ਮੌਤ ਦੀ ਸਜ਼ਾ ਸੁਣਾਈ : ''ਮੈਨੂੰ ਡਰ ਹੈ ਕਿ ਤੁਹਾਨੂੰ ਏਡਜ਼ ਹੋ ਗਈ ਹੈ। ਮੈਂ ਤੁਹਾਡੀ ਮਦਦ ਨਾਲ ਇਸ ਦੀ ਆਮਦ ਨੂੰ ਕੰਟਰੋਲ ਤਾਂ ਕਰ ਸਕਦਾ ਹਾਂ ਪਰ ਇਸ ਦਾ ਇਲਾਜ ਨਹੀਂ ਕਰ ਸਕਦਾ।''

ਮੋਹਨ ਨੇ ਇਸ ਫੈਸਲੇ ਨੂੰ ਮਰਦਾਂ ਵਾਂਗ ਲੈਣ ਦੀ ਕੋਸ਼ਿਸ਼ ਕੀਤੀ। ਅਗਲੇ ਹਫਤੇ ਤੱਕ ਉਹ ਸਵੇਰ ਤੋਂ ਲੈ ਕੇ ਸ਼ਾਮ ਤੱਕ ਗਾਇਤਰੀ ਮੰਤਰ ਪੜ੍ਹਦਾ ਰਿਹਾ। ਉਹਨੇ ਭਗਵਤ ਗੀਤਾ ਵੀ ਪੜ੍ਹਨੀ ਸ਼ੁਰੂ ਕਰ ਦਿੱਤੀ। ਉਸ ਕੋਲ ਉਹਦੇ ਪਿਤਾ ਦੇ ਸਮੇਂ ਦੀ ਗੀਤਾ ਪਈ ਸੀ ਜਿਹੜੀ ਹਰਦੁਆਰ ਦੇ ਆਸ਼ਰਮ ਵਿਚ ਉਸ ਨੂੰ ਮਿਲੀ ਸੀ। ਜੋ ਕੁਝ ਵੀ ਉਹ ਇਸ ਵਿਚੋਂ ਪੜ੍ਹਦਾ ਉਹੀ ਕੁਝ ਉਹ ਨੂੰ ਠੀਕ ਲੱਗਦਾ। ਪਰ ਮੌਤ ਬਾਰੇ ਲਿਖੇ ਪੈਰੇ ਉਸ ਨੂੰ ਭੰਬਲਭੂਸੇ 'ਚ ਪਾ ਦਿੰਦੇ। ਭਗਵਾਨ ਕ੍ਰਿਸ਼ਨ ਨੇ ਕਿਹਾ ਸੀ, ''ਮੌਤ ਨਾਂ ਦੀ ਕੋਈ ਚੀਜ਼ ਨਹੀਂ। ਮਨੁੱਖ ਦੀ ਆਤਮਾ ਮਰ ਨਹੀਂ ਸਕਦੀ। ਇਹ ਸਿਰਫ ਇਕ ਤੋਂ ਦੂਜੇ ਵਿਚ ਤਬਦੀਲ ਹੋ ਜਾਂਦੀ ਹੈ। ਜਿਵੇਂ ਕੋਈ ਵਿਅਕਤੀ ਪੁਰਾਣੇ ਕੱਪੜੇ ਲਾਹ ਕੇ ਨਵੇਂ ਕੱਪੜੇ ਪਾ ਲੈਂਦਾ ਹੈ ਉਸੇ ਤਰ੍ਹਾਂ ਹੀ ਮਨੁੱਖ ਆਪਣੇ ਸਰੀਰ ਰੂਪੀ ਚੋਲੇ ਨੂੰ ਤਿਆਗ ਕੇ ਕਿਸੇ ਹੋਰ ਰੂਪ ਵਿਚ ਪੈਦਾ ਹੁੰਦਾ ਹੈ।'' ਭਗਵਾਨ ਨੇ ਇਹ ਗੱਲ ਵੀ ਬੜੀ ਸਹੀ ਕਹੀ ਸੀ, ''ਜੋ ਪੈਦਾ ਹੋਇਆ ਹੈ, ਉਸ ਦੀ ਮੌਤ

ਨਿਸ਼ਚਿਤ ਹੈ।'' ਪਰ ਮੋਹਨ ਕੋਲ ਇਸ ਦਾ ਕੋਈ ਸਬੂਤ ਨਹੀਂ ਸੀ ਕਿ ''ਜੋ ਮਰਦਾ ਹੈ ਉਸ ਦਾ ਜਨਮ ਵੀ ਨਿਸ਼ਚਿਤ ਹੈ।'' ਮੋਹਨ ਜਾਣਦਾ ਸੀ ਕਿ ਮਰ ਰਹੇ ਵਿਅਕਤੀ ਲਈ ਇਹ ਬੜਾ ਖੁਸ਼ਗਵਾਰ ਵਿਚਾਰ ਸੀ। ਫਿਰ ਵੀ ਉਹ ਇਸ ਗੱਲ ਨੂੰ ਪ੍ਰਵਾਨ ਨਹੀਂ ਸੀ ਕਰ ਸਕਦਾ ਕਿ ਉਹ ਮੁੜ ਪੈਦਾ ਹੋਏਗਾ।

ਮੋਹਨ ਨੇ ਨੀਂਦ ਵਾਲੀਆਂ ਗੋਲੀਆਂ ਲੈਣੀਆਂ ਬੰਦ ਕਰ ਦਿੱਤੀਆਂ ਅਤੇ ਉਨ੍ਹਾਂ ਨੂੰ ਜਮ੍ਹਾਂ ਕਰਦਾ ਰਿਹਾ। ਜਦੋਂ ਉਹ ਨੂੰ ਨੀਂਦ ਨਹੀਂ ਸੀ ਆਉਂਦੀ ਤਾਂ ਉਹ ਵਾਰ ਵਾਰ ਉਦੋਂ ਤੱਕ ਗਾਇਤਰੀ ਮੰਤਰ ਪੜ੍ਹਦਾ ਰਹਿੰਦਾ ਜਦੋਂ ਤੱਕ ਉਹਨੂੰ ਝਪਕੀ ਨਾ ਆ ਜਾਂਦੀ। ਇਕ ਰਾਤ ਉਹ ਨੂੰ ਖਾਂਸੀ ਦਾ ਜ਼ੋਰਦਾਰ ਦੌਰਾ ਪਿਆ। ਬਲਗਮ ਨਾਲ ਉਹਦਾ ਗਲ਼ਾ ਰੁਕ ਰਿਹਾ ਸੀ। ਉਹ ਬਾਥਰੂਮ 'ਚ ਗਿਆ ਅਤੇ ਬਲਗਮ ਥੁੱਕ ਦਿੱਤੀ। ਇਸ ਵਿਚ ਖੂਨ ਭਰਿਆ ਪਿਆ ਸੀ। ਬਸ, ਇਹੀ ਆਖਰੀ ਗੱਲ ਸੀ ਜਿਸ ਨੇ ਉਹਦੀ ਹੋਣੀ ਦਾ ਫੈਸਲਾ ਕੀਤਾ। ਉਹ ਅੰਦਰ ਬਿਸਤਰੇ 'ਤੇ ਗਿਆ ਅਤੇ ਆਪਣੇ ਬਿਸਤਰੇ ਲਾਗਲੇ ਮੇਜ਼ 'ਤੇ ਨੀਂਦ ਦੀਆਂ ਤੀਹ ਗੋਲੀਆਂ ਰੱਖ ਲਈਆਂ। ਕੁਝ ਪਲਾਂ ਲਈ ਉਹਨੇ ਆਪਣੀ ਖ਼ੁਦਕੁਸ਼ੀ ਦੇ ਪੈਣ ਵਾਲੇ ਅਸਰ ਬਾਰੇ ਸੋਚਿਆ। ਲੋਕ ਕੀ ਸੋਚਣਗੇ? ਉਹ ਕੀ ਕਹਿਣਗੇ? ਫਿਰ ਉਸ ਨੇ ਸੋਚਿਆ ਕਿ ਜਿੰਨੀ ਦੇਰ ਤੱਕ ਲੋਕਾਂ ਨੂੰ ਇਹ ਪਤਾ ਨਾ ਲੱਗੇ ਕਿ ਉਹਦੀ ਮੌਤ ਏਡਜ਼ ਨਾਲ ਹੋਈ ਹੈ ਉਨੀ ਦੇਰ ਤੱਕ ਉਹ ਕਿਸੇ ਦੀ ਕੋਈ ਪ੍ਰਵਾਹ ਨਹੀਂ ਕਰਦਾ। ਇਸ ਦੇ ਨਾਲ ਹੀ ਨਿਸਚਾ ਸੀ ਕਿ ਲੋਕਾਂ ਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਲੱਗੇਗਾ ਕਿਉਂਕਿ ਇਸ ਦਾ ਸਿਰਫ ਡਾਕਟਰ ਮਲਹੋਤਰਾ ਨੂੰ ਪਤਾ ਸੀ। ਉਹਨੇ ਆਪਣੇ ਬੱਚਿਆਂ ਬਾਰੇ ਸੋਚਿਆ। ਉਹ ਇਹ ਸਾਰੇ ਮਾਮਲੇ ਨੂੰ ਕਿਵੇਂ ਲੈਣਗੇ? ਖਬਰੇ ਉਹਦੇ ਤੋਂ ਬਿਨਾਂ ਉਹਦੇ ਬੱਚੇ ਕਿਤੇ ਜ਼ਿਆਦਾ ਠੀਕ ਰਹਿਣਗੇ। ਇਹ ਵੀ ਕਿ ਬੱਚਿਆਂ ਲਈ ਹੁਣ ਬਾਪ ਦੀ ਕੋਈ ਮਹੱਤਤਾ ਨਹੀਂ ਹੈ। ਉਸ ਦੇ ਬਾਪ ਦਾ ਬਿੰਬ ਹੀ ਇਕੋ ਇਕ ਬਿੰਬ ਸੀ ਜਿਹੜਾ ਉਹ ਨੂੰ ਰਾਹਤ ਦੇ ਰਿਹਾ ਸੀ। ਉਸ ਦੇ ਮਨ ਵਿਚ ਹਰਦੁਆਰ ਵਿਚ ਗੰਗਾ ਕਿਨਾਰੇ ਸੰਤੁਸ਼ਟ ਬੈਠੇ ਪਿਤਾ ਦੀ ਯਾਦ ਆਈ। ਜਿਉਂ ਜਿਉਂ ਉਸ 'ਤੇ ਉਦਾਸੀ ਤਾਰੀ ਹੁੰਦੀ ਰਹੀ, ਉਹ ਆਪਣੇ ਪਿਤਾ ਨੂੰ ਯਾਦ ਕਰਦਾ ਰਿਹਾ ਅਤੇ ਉਸ ਦੇ ਚਿਹਰੇ 'ਤੇ ਹੰਝੂ ਵਹਿੰਦੇ ਰਹੇ।

ਫਿਰ ਉਹ ਨੇ ਨਿਸ਼ਚੇ ਨਾਲ ਆਪਣੇ ਆਪ ਨੂੰ ਸ਼ਾਂਤ ਕੀਤਾ ਅਤੇ ਕਮਪੋਜ਼ ਦੀ ਪਹਿਲੀ ਗੋਲੀ ਚੁੱਕੀ। ਜਿਉਂ ਹੀ ਉਸਨੇ ਪਾਣੀ ਦਾ ਘੁੱਟ ਭਰ ਕੇ ਗੋਲੀ ਖਾਧੀ, ਨਾਲ ਹੀ ਗਾਇਤਰੀ ਮੰਤਰ ਪੜ੍ਹਿਆ। ਫਿਰ ਉਹਨੇ ਦੂਜੀ, ਤੀਜੀ ਅਤੇ ਇਸ ਤਰ੍ਹਾਂ ਸਾਰੀਆਂ ਗੋਲੀਆਂ ਖਾਧੀਆਂ। ਹਰੇਕ ਗੋਲੀ ਨਾਲ ਇਕ ਗਾਇਤਰੀ ਮੰਤਰ। ਤੀਹ ਗੋਲੀਆਂ ਨਾਲ ਤੀਹ ਮੰਤਰ। ਉਹ ਨੇ ਆਪਣਾ ਸਿਰ ਸਿਰਹਾਣੇ 'ਤੇ ਰੱਖਿਆ ਅਤੇ ਅੱਖਾਂ ਬੰਦ ਕਰ ਲਈਆਂ।

ਖੁਸ਼ਵੰਤ ਸਿੰਘ ਦਾ ਜਨਮ 1915 ਵਿਚ ਹਡਾਲੀ (ਪੰਜਾਬ) ਵਿਖੇ ਹੋਇਆ। ਉਨ੍ਹਾਂ ਨੇ ਗੌਰਮਿੰਟ ਕਾਲਜ, ਲਾਹੌਰ ਅਤੇ ਲੰਦਨ ਵਿਖੇ ਕਿੰਗਜ਼ ਕਾਲਜ ਅਤੇ ਇੰਨਰ ਟੈਂਪਲ ਤੋਂ ਵਿਦਿਆ ਪ੍ਰਾਪਤ ਕੀਤੀ।1947 ਵਿਚ ਵਿਦੇਸ਼ੀ ਮਾਮਲਿਆਂ ਬਾਰੇ ਭਾਰਤੀ ਮੰਤਰਾਲੇ ਵਿਚ ਦਾਖਲੇ ਤੋਂ ਪਹਿਲਾਂ ਕਈ ਸਾਲ ਲਾਹੌਰ ਹਾਈਕੋਰਟ ਪ੍ਰੈਕਟਿਸ ਕੀਤੀ।1951 ਵਿਚ ਉਨ੍ਹਾਂ ਨੇ ਆਲ ਇੰਡੀਆ ਰੇਡੀਉ ਵਿਚ ਜਰਨਲਿਸਟ ਦੇ ਤੌਰ ਤੇ ਆਪਣਾ ਕੈਰੀਅਰ ਸ਼ੁਰੂ ਕੀਤਾ। ਉਹ 'ਯੋਜਨਾ' ਦੇ ਸੰਸਥਾਪਕ-ਸੰਪਾਦਕ (1951-53), ਇਲੱਸਟ੍ਰੇਟਿਡ ਵੀਕਲੀ ਆੱਫ ਇੰਡੀਆ ਦੇ ਸੰਪਾਦਕ (1969-79), ਨਿਊ ਦਿੱਲੀ ਦੇ ਮੁੱਖ ਸੰਪਾਦਕ (1979-80) ਅਤੇ ਹਿੰਦੋਸਤਾਨ ਟਾਈਮਜ਼ ਦੇ ਸੰਪਾਦਕ (1980-83) ਰਹੇ ਹਨ।ਅੱਜ ਉਹ ਭਾਰਤ ਦੇ ਮੰਨੇ-ਪ੍ਰਮੰਨੇ ਕਾਲਮਨਵੀਸ ਅਤੇ ਜਰਨਲਿਸਟ ਹਨ।

ਲੇਖਕ ਦੇ ਤੌਰ ਤੇ ਵੀ ਖੁਸ਼ਵੰਤ ਸਿੰਘ ਦਾ ਕੈਰੀਅਰ ਬੜਾ ਸਫਲ ਰਿਹਾ ਹੈ।ਉਨ੍ਹਾਂ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਵਿਚ ਸਿੱਖਾਂ ਦਾ ਇਤਿਹਾਸ (ਦੋ ਜਿਲਦਾਂ), ਕਈ ਨਾਵਲ (ਜਿਨ੍ਹਾਂ ਵਿਚੋਂ ਦਿੱਲੀ ਅਤੇ ਪਾਕਿਸਤਾਨ ਮੇਲ ਬੜੇ ਪ੍ਰਸਿਧ ਹਨ) ਅਤੇ ਕਈ ਅਨੁਵਾਦਿਤ ਪੁਸਤਕਾਂ ਅਤੇ ਦਿੱਲੀ, ਕੁਦਰਤ ਅਤੇ ਕਰੰਟ ਅਫੇਅਰਜ਼ ਬਾਰੇ ਨਾਨ-ਫਿਕਸ਼ਨ ਪੁਸਤਕਾਂ ਸ਼ਾਮਲ ਹਨ।

ਖੁਸ਼ਵੰਤ ਸਿੰਘ 1980-86 ਤੱਕ ਸੰਸਦ ਮੈਂਬਰ ਰਹੇ।ਹੋਰ ਸਨਮਾਨਾਂ ਦੇ ਨਾਲ-ਨਾਲ ਉਨ੍ਹਾਂ ਨੂੰ ਪਦਮ ਭੂਸ਼ਨ ਨਾਲ ਸਨਮਾਨਿਆ ਗਿਆ। ਇਹ ਸਨਮਾਨ ਉਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਫੌਜ ਭੇਜਣ ਵਿਰੁੱਧ ਪ੍ਰੋਟੈਸਟ ਕਰਦੇ ਹੋਏ 1984 ਵਿਚ ਵਾਪਸ ਕਰ ਦਿੱਤਾ ਸੀ।

Forever Learning
ISBN 978-93-5068-128-2